# ਇਹ ਸੁੰਦਰਿ ਸ੍ਯਾਮ ਕੀ ਮਾਨ ਤਮੈ

( ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਦੋ ਬਾਰਹ ਮਾਹ )



ਪ੍ਰਿੰ: ਬੇਅੰਤ ਕੌਰ

ਬੀਬੀ ਬੇਅੰਤ ਕੌਰ ਜੀ ਦਾ ਸਾਹਿਤਕ ਅਤੇ ਵਿਦਿਅਕ ਜਗਤ ਖੇਤਰ ਵਿੱਚ ਇੱਕ ਵਿਸ਼ੇਸ਼ ਸਥਾਨ ਹੈ। ਬੀਬੀ ਜੀ ਨੇ ਆਪਣੀ ਮੁੱਢਲੀ ਵਿਦਿਆ ਪ੍ਰਾਪਤ ਕਰਕੇ, ਪੰਜਾਬੀ, ਅੰਗ੍ਰੇਜ਼ੀ ਵਿਸ਼ਿਆਂ ਵਿੱਚ ਐਮ ਏ ਕੀਤੀ ਅਤੇ ਹਿੰਦੀ ਵਿੱਚ ਸਾਹਿਤ ਰਤਨ ਅਤੇ ਬੀ ਟੀ ਦੀ ਡਿਗਰੀ ਪ੍ਰਾਪਤ ਕੀਤੀ। ਆਪ ਜੀ ਨੂੰ ਟ੍ਰੇਨਿੰਗ ਕਾਲਜ ਅੰਮ੍ਰਿਤਸਰ, ਕੇਂਦਰੀ ਵਿਦਿਆਲਾ ਹਰਿਦੁਆਰ ਅਤੇ ਦਿੱਲੀ ਵਿਖੇ ਪੜ੍ਹਾਉਣ ਦਾ 23 ਸਾਲ ਦਾ ਵਿਸ਼ਾਲ ਅਨੁਭਵ ਪ੍ਰਾਪਤ ਹੈ। ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਨਵੀਂ ਦਿੱਲੀ ਦੀ ਸਥਾਪਨਾ ਤੋਂ ਪ੍ਰਿੰਸੀਪਲ ਦੇ ਪਦ ਤੇ ਪੰਦਰਾਂ ਸਾਲ ਅਣਥੱਕ ਹਿਨਤ ਅਤੇ ਸੇਵਾ ਕੀਤੀ। ਬੀਬੀ ਜੀ ਦੇ ਵਿਸ਼ਾਲ ਅਨੁਭਵ ਅਤੇ ਸੁਯੋਗ ਅਗਵਾਈ ਹੇਠ ਉਪਰੋਕਤ ਸਕੂਲ ਸੀਨੀਅਰ ਸੈਕੰਡਰੀ ਸਕੂਲ ਬਣਕੇ ਦਿੱਲੀ ਦੇ ਸਰਵ ਸ੍ਰੇਸ਼ਠ ਸਕੂਲਾਂ ਦੇ ਪੱਧਰ ਤੇ ਆਣ ਪਹੁੰਚਿਆ ਬੀਬੀ ਬੇਅੰਤ ਕੌਰ ਜੀ ਨੂੰ ਬਚਪਨ ਤੋਂ ਹੀ ਲਿਖਣ ਦਾ ਸ਼ੌਕ ਸੀ ਅਤੇ ਆਪ ਜੀ ਦੇ ਲੇਖ ਸਤਿਜੁਗ, ਵਰਿਆਮ, ਨਿਰੀਖਿਅਕ, ਅਕਸ ਅਤੇ ਪੰਜਾਬੀ ਡਾਈਜੈਸਟ ਆਦਿ ਮੈਗਜ਼ੀਨਾ ਵਿੱਚ ਸਮੇਂ ਸਮੇਂ ਸਿਰ ਛਪਦੇ ਰਹਿੰਦੇ ਹਨ।

ਖਾਲਸੇ ਦੀ ਸਾਜਨਾ ਕਰਕੇ, ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ,ਆਪਣੇ ਪਿਆਰੇਖਾਲਸਾ, ਆਪਣੇ ਆਪ ਅਤੇ ਅਕਾਲ ਪੁਰਖ ਨੂੰ ਇੱਕੋ ਹੀ ਕਤਾਰ ਵਿੱਚ ਖੜਾ ਕਰ ਦਿੱਤਾ ਅਤੇ ਇਨ੍ਹਾ ਵਿੱਚ ਪਰਸਪਰ ਰਤਾ ਭਰ ਵੀ ਭੇਦ

ਭਾਵ ਨਾ ਰਹਿਣ ਦਿੱਤਾ। ਸਤਿਗੁਰ ਜੀ ਨੇ ਆਤਮ ਰਸ ਵਿੱਚ ਗੁੱਝੇ ਹੋਏ ਖਾਲਸੇ ਨਾਲ ਰਿਸ਼ਤੇ, ਨਾਤੇ ਅਤੇ ਸਕੇ ਸੰਬੰਧ ਜੋੜ ਲਏ, ਅਤੇ ਉਹ ਸਤਿਗੁਰੂ ਜੀ ਦਾ ਪਿੰਡ ਪ੍ਰਾਣ ਸਭ ਕੁਝ ਹੀ ਬਣ ਗਿਆ, ਉਹ ਉਨ੍ਹਾਂਦੀ ਬੁਧ ਅਤੇ ਗਿਆਨ ਬਣ ਗਿਆ, ਖਾਲਸੇ ਦੀ ਪਦਵੀ ਏਨੀ ਉਚੇਰੀ ਹੋ ਗਈ, ਕਿ ਉਸਦੀ ਮਹਿਮਾ ਦਾ ਵਰਣਨ ਸ਼ਬਦਾਂ ਰਾਹੀਂ ਕਰਨਾ ਕਠਿਨ ਹੋ ਗਿਆ। ਰਸਨਾ ਉਸ ਦੇ ਗੁਣਾਂ ਦਾ ਗਾਣ ਕਰਨ ਲੱਗੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫ਼ਰਮਾਉਂਦੇ ਹਨਃ-

**ਰੋਮ ਰੋਮ - - - - - - - - ਬਰਨਤ ਸੁਖ**

*ਸਰਬ ਲੋਹ*

*ਗ੍ਰੰਥ*

ਖਾਲਸੇ ਨੇ ਇੱਕ ਪੂਰਨ ਗੁਰਸਿੱਖ ਬਣ ਕੇ ਸੱਚੇ ਪਾਤਸ਼ਾਹ ਜੀ ਦੀ ਦੱਸੀ ਮਰਯਾਦਾ ਅਨੁਸਾਰ ਆਪਣਾ ਜੀਵਨ ਢਾਲਣਾ ਹੈ, ਅਤੇ ਜੇਕਰ ਉਹ ਇਸ ਤਰ੍ਹਾਂ ਨਹੀਂ ਕਰੇਗਾ ਤਾਂ ਉਹ ਆਪਣੇ ਸਤਿਗੁਰੂ ਜੀ ਦਾ ਵਿਸ਼ਵਾਸ ਪਾਤਰ ਨਹੀਂ ਬਣੇਗਾ ਉਸਨੂੰ ਇਸ ਦੁਨੀਆਂ ਤੋਂ ਉਚੇਰੇ ਹੋ ਕੇ ਨਿਆਰੇ ਹੋ ਕੇ ਵਿਚਰਨਾ ਹੈ। ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਰ ਕਾਰਜ ਨੂੰ ਨੇਪਰੇ ਚਾੜ੍ਹਨ ਦਾ ਸਿਹਰਾ ਖਾਲਸੇ ਨੂੰ ਬਖਸ਼ਦੇ ਹਨ। ਖਾਲਸੇ ਦੀ ਮਹਿਮਾ ਅਤੇ ਸਰਾਹੁਣਾ ਕਰਦੇ ਹਨ।

ਅਜੋਕੇ ਯੁੱਗ ਵਿੱਚ, ਸਰਬ ਸਾਂਝੀਵਾਲਤਾ, ਦੇ ਸਿਧਾਂਤ ਉੱਤੇ ਬਹੁਤ ਜ਼ੋਰ ਦਿੱਤਾ ਜਾ ਰਿਹਾ ਹੈ, ਪਰ ਸਾਡੇ ਗੁਰੂ ਸਾਹਿਬਾਨ ਨੇ ਕਈ ਸਦੀਆਂ ਪਹਿਲਾਂ ਮਨੁੱਖਤਾ ਨੂੰ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦੇ ਕੇ ਮਾਨਵਤਾ ਨੂੰ ਇੱਕੋ ਸੂਤਰ ਵਿੱਚ ਬੰਨ੍ਹਣ ਦਾ ਪ੍ਰਯਾਸ ਕੀਤਾ, ਇੱਕੋ ਮਾਲਾ ਵਿੱਚ ਪਿਰੋਣ ਦਾ ਉਪਰਾਲਾ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚ ਇਸਦੀ ਵਿਆਖਿਆ ਬੜੀ ਸਪਸ਼ਟ ਅਤੇ ਸੁੰਦਰ ਸ਼ਬਦਾਵਲੀ ਵਿੱਚ ਕੀਤੀ ਹੈ। ਉਹ ਮਨੁੱਖਤਾ ਦੇ ਵੱਖ ਵੱਖ ਰੂਪਾਂ ਦਾ ਕਾਰਣ ਭੋਗੋਲਿਕ ਪਰਿਸਿਧਤਿਯਾ ਦਸਦੇ ਹਨ। ਇਸ ਪੁਸਤਕ ਵਿੱਚ ਸਾਂਝੀਵਾਲਤਾ ਦਾ ਇਸਤੋਂ ਵੱਧ ਹੋਰ ਉਦਾਹਰਣ ਕੀ ਹੋ ਸਕਦਾ ਹੈ, ਕਿ ਸੱਚੇ ਪਾਤਸ਼ਾਹ ਜੀ 24 ਅਵਤਾਰਾਂ ਦਾ ਵਰਣਨ ਕਰਦੇ ਹੋਏ, ਸ੍ਰੀ ਕ੍ਰਿਸ਼ਨ ਜੀ ਦੇ ਚਰਿਤ੍ਰ ਨੂੰ ਬੜੇ ਸੁਹਣੇ ਅਤੇ ਸੁੱਚਜੇ ਢੰਗ ਨਾਲ ਉਘਾੜਿਆ ਹੈ। ਸ੍ਰੀ ਕ੍ਰਿਸ਼ਨ ਜੀ ਦੀ ਬਹੁ-ਪੱਖੀ ਸ਼ਖਸ਼ੀਅਤ ਨੂੰ ਵਿਸਥਾਰ ਕੇ ਲਿਖਿਆ ਹੈ। ਦੋ ਬਾਰਹਮਾਹਾਂ ਵਿੱਚ ਗੋਪੀਆਂ ਦਾ ਵਿਰਹ, ਵਿਯੋਗ, ਕਸਕ, ਪੀੜਾ ਅਧਿਆਤਮਿਕਤਾ ਦੀਆਂ ਉਚਿਆਈਆਂ ਨੂੰ ਛੂਹ ਰਹੀ ਹੈ। ਪਾਠਕ ਉਹਨਾਂ ਦੇ ਵਿਰਹ, ਵੇਦਨਾ ਦੇ ਸਮੁੰਦ੍ਰ ਵਿੱਚ ਡੁੱਬ ਜਾਂਦਾ ਹੈ, ਅਤੇ ਉਸਦੇ ਨੇਤਰਾਂ ਵਿੱਚ ਅੱਥਰੂਆਂ ਦੀ ਝੜੀ

ਲੱਗ ਜਾਂਦੀ ਹੈ।ਉਸਦੇ ਹਿਰਦੇ ਅੰਦਰ ਆਪਣੇ ਪਿਆਰੇ ਇਸ਼ਟ ਲਈ ਅਥਾਹ ਪਿਆਰ ਉਮਡ ਪੈਂਦਾ ਹੈ, ਅਤੇ ਉਹ ਉਸ ਪ੍ਰਿਯਤਮ ਦੇ ਦਰਸ਼ਨਾਂ ਲਈ ਉਤਾਵਲਾ ਹੋ ਉਠਦਾ ਹੈ, ਬੇਕਰਾਰ ਹੋ ਜਾਂਦਾ ਹੈ। ਬਾਰਾਂ ਮਹੀਨਿਆਂ ਦਾ ਪ੍ਰਾਕ੍ਰਿਤਕ ਵਾਤਾਵਰਨ ਹਾਵਾਂ ਭਾਵਾਂ ਨੂੰ ਸੁਖ-ਮਈ ਨਾ ਬਣਾਕੇ ਦੁਖ-ਮਈ ਬਣਾਉਂਦਾ ਹੈ, ਪਰ ਪ੍ਰੇਮਿਕਾ ਅਤਿ ਬੇਬਸ ਹੈ, ਅਤਿ ਨਿਰਾਸ ਹੈ।

ਇਹ ਸੁੰਦਰਿ ਸਯਾਮ

ਕੀ

ਮਾਨ ਤਮੈ

## ਲੇਖਿਕਾ ਦੀਆਂ ਛਪ ਚੁੱਕੀਆਂ ਅਤੇ ਛਪ ਰਹੀਆਂ ਪੁਸਤਕਾਂ

1 ਸੂਬਾ ਗੰਡਾ ਸਿੰਘ (ਜੀਵਨੀ) – 1990 ਵਿੱਚ

2 ਸਤਿਗੁਰੂ ਪ੍ਰਤਾਪ ਸਿੰਘ ਜੀ
ਅਤੇ ਹੋਲੇ ਮਹੱਲੇ (ਘਟਨਾਵਾਂ) – 1991 ਵਿੱਚ

3 ਲਾਲ ਏਹਿ ਰਤਨ ਭਾਗ ਪਹਿਲਾ (ਉਪਦੇਸ਼) – 1995 ਵਿੱਚ

4 ਦਰਸਨੁ ਦੇਹੁ ਦਇਆਪਤਿ ਦਾਤੇ (ਬਾਰਾਮਾਂਹ) – 1996 ਵਿੱਚ

5 ਲਾਲ ਏਹਿ ਰਤਨ ਭਾਗ ਦੂਜਾ (ਉਪਦੇਸ਼) – ਪ੍ਰਕਾਸ਼ਨ ਅਧੀਨ

6 ਲਾਲ ਏਹਿ ਰਤਨ ਭਾਗ ਤੀਜਾ (ਉਪਦੇਸ਼) – ਪ੍ਰਕਾਸ਼ਨ ਅਧੀਨ

7 ਲਾਲ ਏਹਿ ਰਤਨ ਭਾਗ ਚੌਥਾ (ਉਪਦੇਸ਼) – ਪ੍ਰਕਾਸ਼ਨ ਅਧੀਨ

8 ਨਾਮਧਾਰੀ ਰਹਿਤ ਮਰਯਾਦਾ (ਰਹਿਤ ਮਰਯਾਦਾ) – ਪ੍ਰਕਾਸ਼ਨ ਅਧੀਨ

9 The Namdhari Sikhs (History) - ਪ੍ਰਕਾਸ਼ਨ ਅਧੀਨ

# ਇਹ ਸੁੰਦਰਿ ਸਯਾਮ
# ਕੀ
# ਮਾਨ ਤਮੈ

( ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਦਸਮ ਗ੍ਰੰਥ
ਸਾਹਿਬ ਵਿੱਚ ਸੰਕਲਿਤ ਦੋ ਬਾਰਹ ਮਾਹ )

ਪ੍ਰਿੰ: ਬੇਅੰਤ ਕੌਰ

ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-6

# Eh Sundar Siam Ki Maan Tamey

By


Pr. Beant Kaur

F213 A-1, Mansarover Garden,

New Delhi - 110015



© 1999



ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼,

ਚਾਂਦਨੀ ਚੌਕ, ਦਿੱਲੀ-6 ☎: 3280657

(ਨੇੜੇ ਗੌਰੀ ਸ਼ੰਕਰ ਮੰਦਰ)

ਪ੍ਰਿੰਟਰ : ਆਰਸੀ ਪ੍ਰਿੰਟਿੰਗ ਏਜੰਸੀ, ਚਾਂਦਨੀ ਚੌਕ, ਦਿੱਲੀ-6

ਸੈਟਿੰਗ : ਐਸ ਆਰ ਐਸ ਕੰਪਿਊਟਰਜ਼, ਮਾਨਸਰੋਵਰ ਗਾਰਡਨ,

ਦਿੱਲੀ-15 ☎ : 5414451, 5422956

ਮੁੱਲ : 190 ਰੁਪਏ

# ਸਮਰਪਣ

ਇਹ ਪੁਸਤਕ

ਖਾਲਸਾ ਪੰਥ ਦੀ ਸਾਜਣਾ ਦੇ

300 ਸਾਲਾ ਪੁਰਬ

ਅਤੇ

ਧਰਮ ਰੱਖਿਅਕ

ਖਾਲਸਾ ਪੰਥ ਦੇ ਸਿਰਜਨਹਾਰ,

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਰਚਯਤਾ,

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ

ਪਵਿਤਰ ਪਾਵਨ ਚਰਨ ਕੰਵਲਾਂ ਵਿੱਚ

ਸਾਦਰ ਸਮਰਪਿਤ ਹੈ।

# ਤਤਕਰਾ


| | | ਪੰਨਾ |
|---|---|---|
| i. | ਦੋ ਸ਼ਬਦ - ਲੇਖਿਕਾ | 9 |
| ii. | ਉਥਾਨਕਾ - ਡਾ ਮਹੀਪ ਸਿੰਘ | 15 |


## ਭਾਗ ਪਹਿਲਾ


| | | |
|---|---|---|
| 1 | ਪ੍ਰਸਤਾਵਣਾ | 21 |
| 2 | ਫਾਗਨ ਮੈ ਸਖੀ ਡਾਰ ਗੁਲਾਲ - **ਫਗਣ**<br>*- ਇਹ ਸੁੰਦਰਿ ਸਯਾਮ ਕੀ ਮਾਨ ਤਮੈ* | 32 |
| 3 | ਫੂਲ ਸੀ ਗ੍ਵਾਰਨ ਫੂਲ ਰਹੀ - **ਚੇਤ**<br>*- ਜਿਹ ਦੇਖਤ ਹੋਤ ਹੁਲਾਸ ਹੀਏ* | 39 |
| 4 | ਏਕ ਸਮੈ ਰਹੈ ਕਿੰਸਕ ਫੂਲਿ - **ਵਿਸਾਖ**<br>*- ਮੁਰਲੀ ਨੰਦ ਲਾਲ ਬਜਾਈ* | 43 |
| 5 | ਜੇਠ ਸਮੈ ਸਖੀ ਤੀਰ ਨਦੀ - **ਜੇਠ**<br>*- ਤਾਕੀ ਪ੍ਰਭਾ ਬਰਨੀ ਨਹੀ ਜਾਈ* | 53 |
| 6 | ਪਉਨ ਪ੍ਰਚੰਡ ਚਲੈ ਜਿਹ ਅਉਸਰ - **ਹਾੜ**<br>*- ਪਉਨ ਪ੍ਰਚੰਡ ਚਲੈ ਜਿਹ ਅਉਸਰ* | 59 |


.........*ਚਲਦਾ*

ਪੰਨਾ


7 ਜੋਰ ਘਟਾ ਘਨ ਆਏ ਜਹਾਂ - **ਸਾਵਣ** 66
*- ਕਾਨ੍ਹਰ ਕੇ ਸੰਗ ਖੇਲਤ ਥੀ*

8 ਮੇਘ ਪਰੈ ਕਬਹੂੰ ਉਘਰੈ - **ਭਾਦੋਂ** 74
*- ਇਸ ਅਉਸਰ ਕਉ ਬਰਨਯੋ ਨਹੀ ਜਾਈ*

9 ਮਾਸ ਅਸੂ ਹਮ ਕਾਨ੍ਹਰ ਕੇ ਸੰਗ - **ਅੱਸੂ** 83
*- ਤਾ ਛਬਿ ਕੋ ਬਰਨਯੋ ਨਹੀ ਜਾਈ*

10 ਕਾਤਕ ਕੀ ਸਖੀ ਰਾਸ ਬਿਖੈ - **ਕੱਤਕ** 89
*- ਹਰਿ ਸੋ ਚਿਤ ਲਾਈ*

11 ਮਘ੍ਰ ਸਮੈ ਸਭ ਸਯਾਮ ਕੇ ਸੰਗ - **ਮੱਘਰ** 95
*- ਮਨ ਆਨੰਦ ਪਾਈ*

12 ਬੀਚ ਸਰਦ ਰੁਤ ਕੇ ਸਜਨੀ - **ਪੋਹ** 101
*- ਸਯਾਮ ਸੋ ਪ੍ਰੀਤ ਲਗਾਈ*

13 ਮਾਘ ਬਿਖੈ ਮਿਲ ਕੈ - **ਮਾਘ** 107
*- ਰਸ ਰਾਸ ਕੀ ਖੇਲ ਮਚਾਈ*

14 ਸਯਾਮ ਚਿਤਾਰ ਸਭੈ ਤਹ ਗ੍ਵਾਰਨ - **ਅੰਤਿਕਾ** 117
*- ਤਯਾਗ ਦਈ ਸੁਧ ਅਉਰ ਸਭੈ*


.........ਚਲਦਾ

ਪੰਨਾ

## ਭਾਗ ਦੂਜਾ
## ਬ੍ਰਿਹ ਨਾਟਕ ਬਾਰਹ ਮਾਹ

15 ਪ੍ਰੇਮ ਛਕੀ ਆਪਨੇ ਮੁਖ ਤੇ - **ਅਰੰਭਿਕ ਸ੍ਵੈਯਾ** 124
*- ਸਯਾਮ ਗਏ ਮਥਰਾ ਤਜਿਕੈ*

16 ਸੇਜ ਬਨੀ ਸੰਗ ਫੂਲਨ ਸੁੰਦਰ - **ਅਰੰਭਿਕ ਸ੍ਵੈਯਾ** 131
*- ਸੋਊ ਲਯੋ ਕੁਬਜਾ ਬਸ ਕੈ*

17 ਰਾਤ ਬਨੀ ਘਨ ਕੀ ਅਤਿ ਸੁੰਦਰ - **ਅਰੰਭਿਕ ਸ੍ਵੈਯਾ** 137
*- ਬਿਨ ਕੋ ਨਹੀਂ ਸਯਾਮ ਸਹਾਈ*

18 ਫੂਲ ਰਹੇ ਸਿਗਰੇ ਬ੍ਰਿਜ ਕੇ - **ਚੇਤ** 144
*- ਕੰਤ ਬਿਨਾ ਨ ਸੁਹਾਈ*

19 ਬਾਸ ਸੁਬਾਸ ਅਕਾਸ ਮਿਲੀ - **ਵਿਸਾਖ** 154
*- ਬ੍ਰਿਜ ਲੋਗਨਿ ਕੀ ਦੁਖਦਾਈ*

20 ਨੀਰ ਸਮੀਰ ਹੁਤਾਸਨ ਕੇ ਸਮ - **ਜੇਠ** 159
*- ਅਤਿ ਬਿਆਕੁਲ ਜੀਯ*

21 ਪਉਨ ਪ੍ਰਚੰਡ ਬਹੈ ਅਤਿ ਤਾਪਤ - **ਹਾੜ** 168
*- ਗਾਢ ਪਰੀ ਬਿਰਹੀ ਜਨ ਕੋ*

.........ਚਲਦਾ

ਪੰਨਾ


| | | |
|---|---|---|
| 22 | ਤਾਲ ਭਰੇ ਜਲ ਪੂਰਨਿ ਸੌ - **ਸਾਵਣ**<br>- *ਭਾਵਨ ਨਾਹਿ ਹਹਾ ਘਰਿ ਮਾਈ* | 173 |
| 23 | ਭਾਦਵ ਮਾਹਿ ਚੜਯੋ ਬਿਨੁ ਨਾਹਿ - **ਭਾਦੋਂ**<br>- *ਅਵਨੀ ਸਗਰੀ ਜਲ ਪੂਰਨਿ ਛਾਈ* | 181 |
| 24 | ਮਾਸ ਕੁਆਰ ਚਢਯੋ ਬਲਧਾਰ, - **ਅੱਸੂ**<br>- *ਪੁਕਾਰ ਰਹੀ ਨਾ ਮਿਲੇ ਸੁਖਦਾਈ* | 186 |
| 25 | ਕਾਤਕਿ ਮੈ ਗਨਿ ਦੀਪ ਪ੍ਰਕਾਸਤ - **ਕੱਤਕ**<br>- *ਆਯੋ ਨਹੀ ਮਨ ਭਾਯੋ ਤਹੀ* | 192 |
| 26 | ਬਾਰਜ ਫੂਲ ਰਹੇ ਸਰ ਪੁੰਜ - **ਮੱਘਰ**<br>- *ਬਾਸੁਰ ਰੈਨ ਨ ਚੈਨ ਕਹੂੰ ਛਿਨ* | 198 |
| 27 | ਭੂਮ ਅਕਾਸ ਅਵਾਸ ਸੁ ਬਾਸੁ - **ਪੋਹ**<br>- *ਤਨ ਸੋਖਤ ਜਿਉ ਕੁਮਦੀ ਮੁਰਝਾਈ* | 204 |
| 28 | ਮਾਹਿ ਮੈ ਨਾਹਿ ਨਹੀ ਘਰਿ ਮਾਹਿ - **ਮਾਘ**<br>- *ਪ੍ਰੀਤ ਕੀ ਰੀਤ ਕਰੀ ਉਨ ਸੋ* | 212 |
| 29 | ਫਾਗੁਨ ਫਾਗ ਬਢਯੋ ਅਨੁਰਾਗ - **ਫਗਣ**<br>- *ਆਸ ਕੋ ਤਯਾਗ ਨਿਰਾਸ ਭਈ* | 217 |
| 30 | **ਅੰਤਿਕਾ** | 222 |

੧ਓਂ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਦੋ ਸ਼ਬਦ

ਬਾਰਹਮਾਹਾ ਤੋਂ ਭਾਵ ਉਹ ਕਾਵਯ ਜਿਸ ਵਿੱਚ ਬਾਰਾਂ ਮਹੀਨਿਆਂ ਦਾ ਵਰਣਨ ਹੋਵੇ। ਬਾਰਾਂ ਮਹੀਨੇ ਦੇਸੀ ਸੰਮਤ ਅਨੁਸਾਰ ਇਸ ਪ੍ਰਕਾਰ ਹਨ- ਚੇਤ੍ਰ ,ਵੈਸਾਖ, ਜੇਠ, ਹਾੜ੍ਹ, ਸਾਉਣ, ਭਾਦੋਂ, ਅੱਸੂ, ਕੱਤਕ, ਮੱਘਰ, ਪੋਹ, ਮਾਘ, ਅਤੇ ਫੱਗਣ।

ਬਾਰਹਮਾਹ ਕੋਈ ਆਧੁਨਿਕ ਕਾਵਿ ਰੂਪ ਨਹੀਂ, ਇਹ ਆਪਣੀ ਹੋਂਦ ਬਾਰ੍ਹਵੀਂ ਸਦੀ ਤੋਂ ਪਹਿਲਾਂ ਹੀ ਸਥਾਪਿਤ ਕਰ ਚੁੱਕਾ ਸੀ। ਇਹ ਰੁੱਤਾਂ ਦੇ ਵਰਣਨ ਦਾ ਹੀ ਵਿਗਸਿਆ ਹੋਇਆ ਰੂਪ ਹੈ। ਅਣਗਿਣਤ ਕਵੀਆਂ ਨੇ ਬਾਰਹਮਾਹ ਲਿਖੇ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਾਗ ਤੁਖਾਰੀ ਵਿੱਚ ਰਚਿਤ ਬਾਰਹਮਾਹ ਤੇ ਮਾਝ ਰਾਗ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਾਰਹਮਾਹ ਆਪਣੀ ਇੱਕ ਵਿਸ਼ੇਸ਼ ਹੋਂਦ ਰੱਖਦੇ ਹਨ। ਇਨ੍ਹਾਂ ਦੋਹਾਂ ਬਾਰਹਮਾਹਾਂ ਤੇ ਆਧਾਰਿਤ 'ਦਰਸਨੁ ਦੇਹੁ ਦਇਆਪਤਿ ਦਾਤੇ' ਪੁਸਤਕ ਪ੍ਰਕਾਸ਼ਿਤ ਹੋ ਚੁੱਕੀ ਹੈ, ਅਤੇ ਪਾਠਕ ਜਨ ਇਸਦਾ ਆਨੰਦ ਮਾਣ ਰਹੇ ਹਨ। ਸ੍ਰੀ ਦਸਮ ਗ੍ਰੰਥ ਵਿੱਚ ਸੰਕਲਿਤ ਕ੍ਰਿਸ਼ਨਾਵਤਾਰ ਵਿੱਚ ਆਏ ਦੋ ਬਾਰਹਮਾਹ ਵਿਯੋਗ, ਕਸਕ, ਪੀੜਾ ਦੀਆਂ ਸ਼ਿਖਰਾਂ ਨੂੰ ਛੂਹ ਰਹੇ ਹਨ। ਜੇਕਰ ਇਹ ਕਹਿ ਦਿੱਤਾ ਜਾਵੇ, ਕਿ ਇਹ ਦੋਵੇਂ ਬਾਰਹਮਾਹ ਸਾਹਿੱਤਕ ਜਗਤ ਵਿੱਚ ਇੱਕ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ, ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਅਤੇ ਸਰਵ ਸਰੇਸ਼ਟ ਰਚਨਾਵਾਂ ਵਿੱਚੋਂ ਹਨ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕ੍ਰਿਤ ਦਸਮ ਗ੍ਰੰਥ ਸਾਹਿਬ ਦੀ ਅਧਿਆਤਮਕ, ਸਾਹਿੱਤਕ ਅਤੇ ਸਿੱਖ ਜਗਤ ਵਿੱਚ ਇੱਕ ਆਪਣੀ ਹੀ ਵਿਸ਼ੇਸ਼ ਹੋਂਦ ਹੈ, ਇੱਕ ਆਪਣਾ ਹੀ ਵਿਸ਼ੇਸ਼ ਮਹੱਤਵ ਹੈ। ਸੱਚੇ ਪਾਤਸ਼ਾਹ ਜੀ ਗਾਗਰ ਵਿੱਚ ਸਾਗਰ ਭਰਕੇ, ਬੜੇ ਸੰਖੇਪ ਵਿੱਚ ਆਪਣੇ ਹਾਵਾਂ, ਭਾਵਾਂ, ਵਲਵਲਿਆਂ ਨੂੰ ਐਨੇ ਸੁੰਦਰ ਅਤੇ ਭਾਵ-ਪੂਰਵਕ ਢੰਗ ਨਾਲ ਸਪਸ਼ਟ ਕਰਦੇ ਹਨ, ਕਿ ਪਾਠਕ ਉਹਨਾਂ ਦੀ ਬਾਣੀ ਦੀ ਲੈਅ ਵਿੱਚ, ਸ਼ਬਦਾਵਲੀ ਦੀ ਮਸਤੀ ਅੰਦਰ ਝੂਮ ਉਠਦਾ ਹੈ, ਅਤੇ

ਝੂਮਦਾ-ਝੂਮਦਾ ਉਸੇ ਵਹਿਣ ਵਿੱਚ ਵਹਿੰਦਾ ਵਹਿੰਦਾ ਆਨੰਦ ਮਗਨ ਹੋ ਕੇ ਅਧਿਆਤਮਕ ਉਚਿਆਈਆਂ ਤੇ ਪਹੁੰਚ ਜਾਂਦਾ ਹੈ। ਉਹ ਆਨੰਦ ਵਿਭੋਰ ਹੋ ਕੇ ਵਿਸਮਾਦਿਤ ਹੋ ਉਠਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਮ ਗ੍ਰੰਥ ਵਿੱਚ ਚੌਬੀਸ ਅਵਤਾਰਾਂ ਦਾ ਵਰਣਨ ਕਰਦਿਆਂ ਹੋਇਆਂ, ਸ੍ਰੀ ਕ੍ਰਿਸ਼ਨ ਜੀ ਦੇ ਅਵਤਾਰ, ਅਤੇ ਉਹਨਾਂ ਦੇ ਜੀਵਨ ਤੇ ਕੁਝ ਵਿਸਥਾਰ ਨਾਲ ਚਾਨਣਾ ਪਾਉਂਦੇ ਹਨ, ਭਾਵੇਂ **ਗ੍ਰੰਥ ਬਡਨਿ ਤੇ ਅਧਿਕ ਡਰਾਊਂ** ਦਾ ਵਿਚਾਰ ਹਮੇਸ਼ਾਂ ਸੱਚੇ ਪਾਤਸ਼ਾਹ ਜੀ ਦੇ ਸਮੁੱਖ ਹੈ। ਹੋਰਨਾਂ ਕਵੀਆਂ ਨੇ ਵੀ ਜਿਵੇਂ ਸੂਰਦਾਸ, ਰਸਖਾਨ, ਬਿਹਾਰੀ ਆਦਿ ਹਿੰਦੀ ਸਾਹਿੱਤ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਹੈ, ਪਰ ਜਿਸ ਸ਼ੈਲੀ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਦੀ ਬਹੁ-ਪੱਖੀ ਸ਼ਖਸੀਅਤ ਨੂੰ ਉਘਾੜਿਆ ਹੈ, ਉਸਦਾ ਸਾਹਿੱਤ ਵਿੱਚ ਕੋਈ ਸਾਨੀ ਨਹੀਂ। ਸੂਰਦਾਸ ਜੀ ਦੀਆਂ ਰਚਨਾਵਾਂ ਵਿੱਚ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਮੈਂ ਪਹਿਲਾਂ ਵੀ ਕਰ ਚੁੱਕੀ ਹਾਂ, ਉਹਨਾਂ ਦੀਆਂ ਗੋਪੀਆਂ ਦਾ ਵਿਰਹ, ਵਿਯੋਗ, ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨਾਂ ਦੀ ਤਾਂਘ, ਆਦਿ ਬਾਰੇ ਕੁਝ ਜਾਣਕਾਰੀ ਪ੍ਰਾਪਤ ਸੀ, ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਸ੍ਰੀ ਦਸਮ ਗ੍ਰੰਥ ਸਾਹਿਬ ਵਿੱਚ ਸੰਕਲਿਤ ਕ੍ਰਿਸ਼ਨਾਵਤਾਰ ਵਿੱਚ, ਸ੍ਰੀ ਕ੍ਰਿਸ਼ਨ ਜੀ ਦੀ ਬਹੁ-ਪੱਖੀ ਪ੍ਰਤਿਭਾ ਅਤੇ ਸ਼ਖਸੀਅਤ ਦੇ ਸਾਖਿਆਤ ਦਰਸ਼ਨ ਕਰਕੇ ਮੈਂ ਕ੍ਰਿਤ ਕ੍ਰਿਤਯ ਹੋ ਗਈ। ਸੱਚੇ ਪਾਤਸ਼ਾਹ ਜੀ ਦੀ ਕਲਮ ਰਾਹੀਂ ਉਲੀਕੀ ਸ੍ਰੀ ਕ੍ਰਿਸ਼ਨ ਜੀ ਦੀ ਸੁੰਦਰਤਾ, ਉਹਨਾਂ ਦਾ ਸ਼ਿਆਮਲ, ਸਾਂਵਲੇ ਰੂਪ ਦੀ ਸੁੰਦਰਤਾ ਦੇ ਦਰਸ਼ਨ ਕਰਕੇ ਮੈਂ ਆਪਣੇ ਪੂਜਯ ਇਸ਼ਟ ਤੋਂ ਵਾਰਨੇ ਬਲਿਹਾਰਨੇ ਜਾਂਦੀ ਹਾਂ, ਜਿਸ ਸੁੰਦਰ ਸ਼ੈਲੀ ਵਿੱਚ ਗੋਪੀਆਂ ਦੀ ਵੇਦਨਾ, ਵਿਰਹ, ਹਿਰਦੇ ਦੀ ਕਸਕ ਪੀੜਾ ਦਾ ਵਰਣਨ ਕੀਤਾ ਹੈ, ਉਹ ਆਪਣੇ ਆਪ ਵਿੱਚ ਇੱਕ ਅਦੁੱਤੀ ਮਿਸਾਲ ਹੈ। ਇਹੋ ਜਿਹਾ ਰੋਚਕ ਵਰਣਨ, ਪੰਜਾਬੀ ਸਾਹਿੱਤ ਵਿੱਚ ਕਿਧਰੇ ਵੀ ਉਪਲੱਬਧ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨਾਂ ਦਾ ਸਾਖਿਆਤਕਾਰ ਕਰਾ ਦਿੱਤਾ, ਅਤੇ ਪ੍ਰੇਰਣਾਂ ਦਿੱਤੀ ਕਿ ਕ੍ਰਿਸ਼ਨਾਵਤਾਰ ਵਿੱਚ ਸੰਕਲਿਤ ਦੋ ਬਾਰਾਮਾਹਾਂ ਦਾ ਰਸਾਸਵਾਦਨ ਆਪ ਵੀ ਕੀਤਾ ਜਾਵੇ ਅਤੇ ਪਾਠਕਾਂ ਨੂੰ ਵੀ ਇਸ ਰਸ ਦਾ ਅਨੁਭਵ ਕਰਾਇਆ ਜਾਵੇ। ਇਸ ਪੁਸਤਕ ਵਿੱਚ ਸ੍ਰੀ ਕ੍ਰਿਸ਼ਨ ਜੀ ਦੇ ਪਿਆਰਿਆਂ, ਦੁਲਾਰਿਆਂ ਦੇ ਦਰਸ਼ਨ ਕਰਨ ਕਰਾਉਣ ਦਾ ਪ੍ਰਯਤਨ ਕੀਤਾ ਹੈ। ਆਸ ਹੈ, ਪਾਠਕ ਜਨ ਉਹਨਾਂ ਦੀਆਂ ਜੀਵਨੀਆਂ ਬਾਰੇ ਪੜ੍ਹਕੇ ਆਪਣੇ ਇਸ਼ਟ ਦੇ ਚਰਨ ਕੰਵਲਾਂ ਦੀ ਛੁਹ ਪ੍ਰਾਪਤ ਕਰਕੇ ਆਪਣੇ ਜੀਵਨ ਦੇ ਪਲ ਸਾਰਥਕ ਕਰਨਗੇ।

ਇਸ ਪੁਸਤਕ ਦਾ ਨਾਮ 'ਇਹ ਸੁੰਦਰ ਸਿਆਮ ਕੀ ਮਾਨ ਤਮੈ' ਫਗਣ ਦੇ ਮਹੀਨੇ ਦੀ ਅਖੀਰਲੀ ਪੰਕਤੀ ਤੇ ਆਧਾਰਿਤ ਹੈ। ਸਤਿਗੁਰੂ ਜੀ ਨੇ ਇਸ

ਪੁਸਤਕ ਦਾ ਇਹ ਢੁੱਕਵਾਂ ਨਾਮ ਰੱਖਕੇ ਅਤਿ ਬਖ਼ਸ਼ਸ਼ ਕੀਤੀ ਹੈ। ਸਿਆਮ ਸੁੰਦਰ ਜੀ ਦੇ ਹੁਕਮ ਨੂੰ ਕੌਣ ਟਾਲ ਸਕਦਾ ਸੀ ? ਸਿਆਮ ਸੁੰਦਰ ਜੀ ਕੁੰਜ ਗਲੀਆਂ ਵਿੱਚ ਹੱਥਾਂ ਵਿੱਚ ਪਿਚਕਾਰੀਆਂ ਫੜਕੇ, ਸਭ ਗੋਪ ਗੁਆਲਿਆਂ ਨਾਲ ਮਿਲ ਜੁਲਕੇ ਇੱਕ ਦੂਸਰੇ ਉੱਤੇ ਗੁਲਾਲ ਦਾ ਛਿੜਕਾਅ ਕਰਦੇ, ਅਤੇ ਉਸ ਵੇਲੇ ਉਹਨਾ ਦੇ ਸੁੰਦਰ ਮੁਖੜਿਆਂ ਤੋਂ ਉਚਾਰਣ ਕੀਤੇ ਹੋਏ ਸੁਰੀਲੇ ਗੀਤ ਵਾਤਾਵਰਨ ਨੂੰ ਹੋਰ ਸੁਹਾਵਣਾ ਬਣਾ ਦਿੰਦੇ, ਸਾਰੇ ਗਮ ਦੂਰ ਕਰਕੇ ਆਪਣੇ ਘਰਾਂ ਦੀ ਖ਼ਾਹਿਸ਼ ਛੱਡਕੇ ਇਸ ਸੁੰਦਰ ਸੁਹਣੇ ਸਿਆਮ ਜੀ ਦੀ ਰਜ਼ਾ ਅਨੁਸਾਰ ਉਹਨਾ ਦਾ ਹੁਕਮ ਮੰਨ ਕੇ ਗੋਪੀਆਂ ਗੀਤ ਗਾ ਕੇ ਅਤਿ ਆਨੰਦਿਤ ਹੁੰਦੀਆਂ।

ਇਹ ਸਿਰਫ ਇੱਥੋਂ ਤਕ ਹੀ ਸੀਮਿਤ ਨਹੀਂ ਸੀ, ਸਗੋਂ ਗੋਪੀਆਂ ਆਪਣੇ ਪਿਆਰੇ ਇਸ਼ਟ ਦਾ ਹੁਕਮ ਸਾਰਾ ਜੀਵਨ ਭਰ ਮੰਨਕੇ ਆਗਿਆਕਾਰੀ ਬਣੀਆਂ ਰਹੀਆਂ, ਉਹਨਾ ਦੇ ਵਿਯੋਗ ਵਿੱਚ ਲੁਛਦੀਆਂ ਤੜਫਦੀਆਂ ਰਹੀਆਂ, ਬਿੰਦਰਾਬਨ ਦੀਆਂ ਕੁੰਜ ਗਲੀਆਂ ਤੋਂ ਮਥਰਾ ਕਿੰਨੀ ਨੇੜੇ ਹੈ – ਪਰ ਉਹ ਤਾਂ ਸੁੰਦਰ ਸਿਆਮ ਜੀ ਦੀ ਰਜ਼ਾ ਅਨੁਸਾਰ ਰਹਿਕੇ ਉੱਥੇ ਦਰਸ਼ਨਾ ਲਈ ਨਹੀਂ ਗਈਆਂ। ਸਾਰੀ ਆਯੂ ਉਹ ਹੁਕਮ ਦੇ ਬੰਧਨਾਂ ਵਿੱਚ ਬੱਝੀਆਂ ਰਹੀਆਂ, ਅਤੇ ਉਹਨਾ ਦੇ ਹੁਕਮ ਅਨੁਸਾਰ ਜੀਊਂਦੀਆਂ ਰਹੀਆਂ।

ਸਭ ਤੋਂ ਪਹਿਲਿਆਂ ਮੈਂ ਆਪਣੇ ਪਰਮ ਪੂਜਯ ਇਸ਼ਟ ਸ੍ਰੀ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕਰਦੀ ਹਾਂ, ਜਿਨ੍ਹਾ ਦੀ ਅਪਾਰ ਕਿਰਪਾ ਅਤੇ ਬਖ਼ਸ਼ਸ਼ ਨੇ ਮੇਰੇ ਅੰਦਰ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਦਾ ਸ਼ੌਕ ਉਤਪੰਨ ਕੀਤਾ, ਅੰਗ ਸੰਗ ਹੋ ਕੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸੋਝੀ ਬਖ਼ਸ਼ੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਨਾਲ ਪ੍ਰੀਤ ਪਿਆਰ ਦੀ ਜਾਗ ਲਾਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨੂਰਾਨੀ, ਰੂਹਾਨੀ, ਰਹੋਬੀਲੀ ਸ਼ਖ਼ਸ਼ੀਅਤ ਸਮੁੱਖ ਕੋਟਾਨ ਕੋਟ ਵਾਰ ਕਰ-ਬੱਧ ਵੰਦਨਾ, ਜਿਨ੍ਹਾ ਦੀ ਵਿਦਵਤਾ ਭਰਪੂਰ ਕਲਮ ਰਾਹੀਂ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਨਾਲ ਪ੍ਰੀਤ ਜੋੜ, ਉਹਨਾ ਦਾ ਸਾਖਿਆਤਕਾਰ ਕਰਾ ਦਿੱਤਾ, ਅਤੇ ਗੋਪੀਆਂ ਦੀ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਨਾਲ ਜਨਮ ਜਨਮਾਂਤਰਾਂ ਦੀ ਡੂੰਘੀ ਪ੍ਰੀਤ ਦਾ ਵਰਣਨ ਕਰਕੇ, ਪਾਠਕਾਂ ਨੂੰ ਆਨੰਦ ਵਿਭੋਰ ਕਰ ਦਿੱਤਾ।

ਮੈਂ ਅਤਿ ਧੰਨਵਾਦੀ ਹਾਂ ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਜੀ ਦੀ, ਅਤੇ ਮਾਸਟਰ ਦਰਸ਼ਨ ਸਿੰਘ ਜੀ ਦੀ, ਜਿਹਨਾਂ ਨੇ ਇਸ ਪੁਸਤਕ ਦੇ ਖਰੜੇ ਨੂੰ ਬੜੇ ਗਹੁ ਨਾਲ ਪੜ੍ਹਿਆ ਅਤੇ ਆਪਣੀਆਂ ਵਡਮੁੱਲੀਆਂ ਰਾਵਾਂ ਦਿੱਤੀਆਂ।

ਮੈਂ ਅਤਿ ਧੰਨਵਾਦੀ ਹਾਂ ਡਾ: ਮਹੀਪ ਸਿੰਘ ਜੀ ਦੀ ਜਿਨ੍ਹਾਂ ਨੇ ਆਪਣੇ ਅਤਿ ਰੁਝੇਵਿਆਂ ਵਿੱਚੋਂ ਕੁਝ ਫੁਰਸਤ ਦੇ ਪਲ ਕੱਢ ਕੇ ਇਸ ਪੁਸਤਕ ਲਈ ਕੁਝ ਸ਼ਬਦ ਲਿਖੇ। ਉਹਨਾਂ ਨੂੰ ਦਸਮ ਗ੍ਰੰਥ ਬਾਰੇ ਬਹੁਤ ਜਾਣਕਾਰੀ ਪ੍ਰਾਪਤ

ਹੈ, ਅਤੇ ਉਹ ਸੁਲਝੇ ਹੋਏ ਹਿੰਦੀ ਦੇ ਲਿਖਾਰੀ ਹਨ, ਅਤੇ ਉਹਨਾਂ ਦਾ ਨਾਮ ਸਾਹਿਤਿਕ ਜਗਤ ਵਿੱਚ ਅਤਿ ਵਿਖਿਆਤ ਹੈ।

ਮੈਂ ਅਤਿ ਧੰਨਵਾਦੀ ਹਾਂ ਆਪਣੇ ਪਤੀ ਸ: ਸੰਤ ਸਿੰਘ ਜੀ ਦੀ, ਜਿਹੜੇ ਮੇਰੀ ਹਰ ਰਚਨਾਂ ਦੇ ਪ੍ਰੇਰਣਾਂ ਸ੍ਰੋਤ ਹਨ ਅਤੇ ਹਰ ਕਦਮ ਤੇ ਸਹਿਯੋਗ ਦੇ ਕੇ ਰਚਨਾਵਾਂ ਨੂੰ ਸੁੰਦਰਤਾ ਅਤੇ ਸੁਹਜ ਪ੍ਰਦਾਨ ਕਰਦੇ ਹਨ। ਪਰਮਵੀਰ ਸਿੰਘ ਨੇ ਇਸ ਪੁਸਤਕ ਦੀ ਟਾਈਪ ਸੈਟਿੰਗ ਕਰਨ ਵੇਲੇ, ਇਸਦੀ ਲਗ ਮਾਤਰ ਕੰਨੇ ਬਿੰਦੀਆਂ ਨੂੰ ਸੁਹਣੇ ਢੰਗ ਨਾਲ ਸੁਸਜਿਤ ਕਰਕੇ ਪੁਸਤਕ ਦੀ ਦਿੱਖ ਨੂੰ ਅਤਿ ਸੁੰਦਰ ਬਣਾਉਣ ਵਿੱਚ ਕੋਈ ਉਪਰਾਲਾ ਨਹੀਂ ਛੱਡਿਆ। ਉਸਦੀ ਮਿਹਨਤ ਅਤਿ ਸ਼ਲਾਘਾ ਯੋਗ ਹੈ। ਇੱਥੇ ਅਸਤਿੰਦਰ ਕੌਰ ਦੀ ਸਰਾਹੁਣਾ ਕਰਨੀ ਅਤਿ ਆਵਸ਼ਕ ਹੈ, ਕਿਉਂਕਿ ਉਸਨੇ ਇਸ ਪੁਸਤਕ ਦੀ ਪਰੂਫ ਰੀਡਿੰਗ ਕਰਕੇ, ਸੁਧਾਈ ਦਾ ਕੰਮ ਬੜੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਹੈ।

ਅੰਤ ਵਿੱਚ ਪੁਸਤਕ ਲਿਖਣ ਲਗਿਆਂ ਅਨੇਕਾਂ ਭੁੱਲਾਂ ਹੋ ਗਈਆਂ ਹੋਣਗੀਆਂ, ਤਰੁੱਟੀਆਂ ਰਹਿ ਗਈਆਂ ਹੋਣਗੀਆਂ, ਮੈਂ ਖਿਮਾ ਦੀ ਜਾਚਿਕਾ ਹਾਂ।

16-12-98 **ਪ੍ਰਿੰ: ਬੇਅੰਤ ਕੌਰ**

ਐਫ 213, ਏ - 1
ਮਾਨਸਰੋਵਰ ਗਾਰਡਨ,
ਨਵੀਂ ਦਿੱਲੀ - 110 015

# ਭਾਗ ਪਹਿਲਾ

# ਭਾਗ ਦੂਜਾ

## ਬ੍ਰਿਹ ਨਾਟਕ ਬਾਰਹ ਮਾਹ

# ਉਥਾਨਕਾ

ਸਨਾਤਨੀ ਹਿੰਦੂ ਪਰੰਪਰਾ ਵਿੱਚ ਸ੍ਰੀ ਕ੍ਰਿਸ਼ਨ ਨੂੰ **੧੬** ਕਲਾ ਅਵਤਾਰ ਮੰਨਿਆ ਗਿਆ ਹੈ। ਇਸ ਤਰ੍ਹਾਂ ਸ੍ਰੀ ਕ੍ਰਿਸ਼ਨ ਪੂਰਣ ਅਵਤਾਰ ਸਮਝੇ ਗਏ ਹਨ, ਜਦੋਂ ਕਿ ਬਾਕੀ ਸਾਰੇ ਅਵਤਾਰ ਅੰਸ਼-ਅਵਤਾਰ ਹਨ। ਇਹੋ ਕਾਰਨ ਹੈ ਕਿ ਸਮੁੱਚੇ ਭਾਰਤੀ ਸਾਹਿੱਤ ਵਿੱਚ ਜਿੰਨੀ ਰਚਨਾ ਸ੍ਰੀ ਕ੍ਰਿਸ਼ਨ ਜੀ ਨੂੰ ਕੇਂਦਰ ਵਿੱਚ ਰੱਖ ਕੇ ਲਿਖੀ ਗਈ, ਉਨੀ ਹੋਰ ਕਿਸੇ ਅਵਤਾਰ ਪੁਰਸ਼ ਬਾਰੇ ਨਹੀਂ। ਦਸਮ ਗ੍ਰੰਥ ਵਿੱਚ ਸਾਰੇ ਅਵਤਾਰਾਂ ਦੀ ਕਥਾ ਦਿੱਤੀ ਗਈ ਹੈ। ਇਹ ਗੱਲ ਵੀ ਧਿਆਨ ਗੋਚਰੀ ਹੈ ਕਿ ਕ੍ਰਿਸ਼ਨਾਵਤਾਰ ਦੀ ਛੰਦ ਸੰਖਿਆ **੨੪੯੨** ਹੈ ਜਦੋਂ ਕਿ ਰਾਮਾਵਤਾਰ ਦੀ ਕਥਾ ਨੂੰ ਕੁਲ **੮੬੪** ਛੰਦਾਂ ਵਿੱਚ ਲਿਖਿਆ ਗਿਆ ਹੈ।

ਦਸਮ ਗ੍ਰੰਥ ਵਿੱਚ ਸੰਗ੍ਰਹਿਤ ਕ੍ਰਿਸ਼ਨਾਵਤਾਰ ਇੱਕ ਦੀਰਘ ਪ੍ਰਬੰਧਾਤਮਕ ਰਚਨਾ ਹੈ। ਕ੍ਰਿਸ਼ਨ ਚਰਿਤ੍ਰ ਉਤੇ ਪ੍ਰਬੰਧਾਤਮਕ ਕਾਵਿ ਲਿਖਣ ਦੀ ਕੋਈ ਪੁਸ਼ਟ ਪਰੰਪਰਾ ਬ੍ਰਿਜ ਭਾਸ਼ਾ ਵਿੱਚ ਨਹੀਂ। ਵਿਦਿਆਪਤੀ, ਸੂਰਦਾਸ, ਨੰਦ ਦਾਸ, ਰਸਖਾਨ ਜਾਂ ਜਗਨਨਾਥ ਕਾਸ ਰਤਨਾਕਰ ਜਿਹੇ ਕਵੀਆਂ ਨੇ ਆਪਣੀ ਭਾਵਨਾ ਨੂੰ ਸਫੁਟ ਛੰਦਾਂ ਵਿੱਚ ਹੀ ਪ੍ਰਗਟਾਇਆ ਹੈ। ਕ੍ਰਿਸ਼ਨਾਵਤਾਰ ਦਾ ਮਹੱਤਵ ਇਸ ਗੱਲ ਵਿੱਚ ਵੀ ਹੈ ਕਿ ਇਹ ਬ੍ਰਿਜ ਭਾਸ਼ਾ ਵਿੱਚ ਉਸ ਵੇਲੇ ਲਿਖਿਆ ਗਿਆ ਆਪਣੇ ਢੰਗ ਦਾ ਨਵੇਕਲਾ ਮਹਾਕਾਵਿ ਹੈ।

ਦਸਮ ਗ੍ਰੰਥ ਵਿੱਚ ਸੰਕਲਿਤ ਜਿੰਨ੍ਹਾਂ ਕੁਝ ਰਚਨਾਵਾਂ ਨਾਲ ਉਨ੍ਹਾਂ ਦਾ ਰਚਨਾ ਕਾਲ ਦਿੱਤਾ ਗਿਆ ਹੈ, ਕ੍ਰਿਸ਼ਨਾਵਤਾਰ ਉਨ੍ਹਾਂ ਵਿੱਚੋਂ ਇੱਕ ਹੈ। **੨੪੯੦** ਤੇ **੯੧** ਛੰਦਾਂ ਵਿੱਚ ਕਵੀ ਨੇ ਦੋ ਗੱਲਾਂ ਲਿਖੀਆਂ ਹਨ- ਇੱਕ ਰਚਨਾ ਕਾਲ-

**ਸਤ੍ਰਹ ਸੈ ਪੈਤਾਲ ਮਹਿ ਸਾਵਨ ਸੁਦਿ ਥਿਤਿ ਦੀਪ।।**
**ਨਗਰ ਪਾਵਟਾ ਸੁਭ ਕਰਨ ਜਮਨਾ ਬਹੈ ਸਮੀਪ।।੨੪੯੦।।**

ਦੂਜੀ ਗੱਲ ਇਸ ਤੋਂ ਵੀ ਮਹੱਤਵਪੂਰਨ ਹੈ। ਕਵੀ ਦੱਸਦਾ ਹੈ ਕਿ ਇਹ ਰਚਨਾ ਰਚਣ ਪਿਛੇ ਮੇਰਾ ਮੰਤਵ ਕੀ ਹੈ —

**ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ।।**
**ਅਵਰ ਵਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ।।੨੪੯੧।।**

ਅਰਥਾਤ ਮੈਂ ਭਾਗਵਤ ਪੁਰਾਣ ਦੇ ਦਸਵੇਂ ਸਕੰਧ ਨੂੰ ਭਾਖਾ (ਬ੍ਰਿਜ ਭਾਸ਼ਾ) ਵਿੱਚ ਰਚ ਰਿਹਾ ਹਾਂ। ਇਸ ਪਿੱਛੇ ਮੇਰੀ ਹੋਰ ਕੋਈ ਇਛਿਆ ਨਹੀਂ। ਮੇਰੇ ਮਨ ਵਿੱਚ ਤਾਂ ਧਰਮ ਯੁੱਧ ਦਾ ਚਾਓ ਹੈ।

ਦਸਮ ਗ੍ਰੰਥ ਅਤੇ ਉਸ ਵਿੱਚ ਸ਼ਾਮਲ ਅਵਤਾਰ ਕਥਾਵਾਂ ਬਾਰੇ ਜਦੋਂ ਬੜੇ ਸਾਰੇ ਵਿਵਾਦ ਉਠਾਏ ਜਾਂਦੇ ਹਨ ਤਾਂ ਅਮੂਮਨ ਇਸ ਗੱਲ ਵੱਲ ਧਿਆਨ ਨਹੀਂ ਦਿੱਤਾ ਜਾਂਦਾ। ਕਵੀ ਸਪਸ਼ਟ ਕਰਦਾ ਹੈ ਕਿ ਲੋਕਾਂ ਵਿੱਚ ਅਜਿਹੇ ਧਰਮ ਯੁੱਧ ਲਈ ਚਾਅ ਪੈਦਾ ਕਰਨ ਲਈ ਮੈਂ ਭਾਗਵਤ ਦੇ ਦਸਵੇਂ ਸਕੰਧ ਵਿੱਚ ਲਿਖੇ ਕ੍ਰਿਸ਼ਨ ਚਰਿਤ੍ਰ ਨੂੰ ਭਾਸ਼ਾ ਵਿੱਚ ਲਿਖ ਰਿਹਾ ਹਾਂ।

ਆਪਣੇ ਦੇਸ਼ ਵਿੱਚ ਕ੍ਰਿਸ਼ਨ ਚਰਿਤ੍ਰ ਦੀ ਵਿਕਾਸ ਯਾਤਰਾ ਸੈਂਕੜੇ ਵਰ੍ਹਿਆਂ ਵਿੱਚ ਸਮਾਈ ਹੋਈ ਹੈ। ਰਿਗ ਵੇਦ ਵਿੱਚ ਕ੍ਰਿਸ਼ਨ ਦਾ ਉਲੇਖ ਜਿਸ ਢੰਗ ਨਾਲ ਹੋਇਆ ਹੈ ਅਤੇ ਪਿਛੋਂ ਰਚੇ ਗਏ ਪੁਰਾਣਾਂ ਵਿੱਚ ਜਿਸ ਢੰਗ ਨਾਲ ਕ੍ਰਿਸ਼ਨ ਚਰਿਤ੍ਰ ਨੂੰ ਚਿਤ੍ਰਿਆ ਗਿਆ ਹੈ ਉਸ ਵਿਚ ਬੜਾ ਅੰਤਰ ਹੈ। ਭਾਗਵਤ ਪੁਰਾਣ ਵਿੱਚ ਇਹ ਚਰਿਤ੍ਰ ਉਹ ਸਰੂਪ ਧਾਰਣ ਕਰ ਲੈਂਦਾ ਹੈ, ਜਿਹੜਾ ਬਾਅਦ ਵਿੱਚ ਆਏ ਕ੍ਰਿਸ਼ਨ ਭਗਤ ਕਵੀਆਂ ਨੇ ਸਵੀਕਾਰ ਕੀਤਾ। ਆਮ ਪੁਰਾਣਿਕ ਮਾਨਤਾ ਇਹ ਹੈ ਕਿ ਜਦੋਂ ਪ੍ਰਿਥਵੀ ਤੇ ਪਾਪਾਂ ਦਾ ਭਾਰ ਵਧ ਜਾਂਦਾ ਹੈ ਅਤੇ ਆਸੁਰੀ ਸ਼ਕਤੀਆਂ ਦਾ ਬੋਲਬਾਲਾ ਹੋ ਜਾਂਦਾ ਹੈ ਤਾਂ ਬ੍ਰਹਮਾ ਜੀ ਦੇਵਤਿਆਂ ਨੂੰ ਨਾਲ ਲੈ ਕੇ ਭਗਵਾਨ ਵਿਸ਼ਨੂੰ ਕੋਲ ਜਾਂਦੇ ਹਨ ਜਿਹੜੇ ਛੀਰ ਸਾਗਰ ਵਿੱਚ ਸ਼ੇਸ਼ਨਾਗ ਦੀ ਸ਼ਈਆ ਉੱਤੇ ਲੇਟੇ ਵਿਸ਼ਰਾਮ ਕਰ ਰਹੇ ਹੁੰਦੇ ਹਨ। ਦੇਵਤੇ ਉਨ੍ਹਾਂ ਨੂੰ ਬੇਨਤੀ ਕਰਦੇ ਹਨ ਕਿ ਉਹ ਸੰਸਾਰ ਵਿਚ ਆਸੁਰੀ ਸ਼ਕਤੀਆਂ ਦਾ ਵਿਨਾਸ਼ ਕਰਨ ਲਈ ਅਤੇ ਸੰਤ ਪੁਰਸ਼ਾਂ ਦੀ ਰੱਖਿਆ ਲਈ ਅਵਤਾਰ ਗ੍ਰਹਿਣ ਕਰਨ। ਦੇਵਤਿਆਂ ਦੀ ਇਸ ਬੇ ਨਤੀ ਨੂੰ ਪਰਵਾਨ ਕਰਕੇ ਵਿਸ਼ਨੂੰ ਸੰਸਾਰ ਵਿੱਚ ਅਵਤਾਰ ਧਾਰਨ ਕਰਦੇ ਹਨ।

ਕ੍ਰਿਸ਼ਨਾਵਤਾਰ ਦੇ ਰਚਇਤਾ ਨੇ ਇਸ ਮਾਨਤਾ ਨੂੰ ਆਪਣੇ ਢੰਗ ਨਾਲ ਲਿਖਿਆ ਹੈ। ਉਹ ਲਿਖਦਾ ਹੈ ਕਿ ਛੀਰ ਸਾਗਰ ਵਿੱਚ ਵਿਸ਼ਨੂੰ ਨਹੀਂ, ਆਪ ਅਕਾਲ ਪੁਰਖ ਬਿਰਾਜਮਾਨ ਸੀ। ਬ੍ਰਹਮਾ ਦੀ ਬੇਨਤੀ ਤੇ ਅਕਾਲ ਪੁਰਖ ਨੇ ਵਿਸ਼ਨੂੰ ਨੂੰ ਬੁਲਾ ਕੇ ਆਗਿਆ ਦਿੱਤੀ ਕਿ ਤੁਸੀਂ ਕ੍ਰਿਸ਼ਨ ਦੇ ਰੂਪ ਵਿੱਚ ਅਵਤਾਰ ਧਾਰਨ ਕਰੋ :

**ਬ੍ਰਹਮਾ ਗਯੋ ਛੀਰ ਨਿਧ ਜਹਾਂ।।**
**ਕਾਲਪੁਰਖ ਇਸਥਿਤ ਥੇ ਤਹਾਂ।।**
**ਕਹਯੋ ਬਿਸ਼ਨ ਕਰ ਨਿਕਟ ਬੁਲਾਈ।।**
**ਕਿਸ਼ਨ ਅਵਤਾਰ ਧਰੋ ਤੁਮ ਜਾਈ।।**
**ਕਾਲ ਪੁਰਖ ਕੇ ਬਚਨ ਤੇ ਸੰਤਨ ਹੇਤ ਸਹਾਇ।।**
**ਮਥੁਰਾ ਮੰਡਲ ਕੇ ਬਿਖੈ ਜਨਮ ਧਰਯੋ ਹਰਿ ਆਇ।।**

ਕ੍ਰਿਸ਼ਨ ਚਰਿਤ੍ਰ ਦਾ ਵਿਕਾਸ ਇਸ ਦੇਸ਼ ਵਿੱਚ ਦੋ ਰੂਪਾਂ ਵਿਚ ਹੋਇਆ- ਇੱਕ ਵਾਸੁਦੇਵ ਕ੍ਰਿਸ਼ਨ, ਜਿਹੜੇ ਸੁਦਰਸ਼ਨ ਚੱਕਰ ਧਾਰੀ ਹਨ, ਜਰਾਸੰਧ, ਕਾਲਯਵਨ, ਸਿਸ਼ੁਪਾਲ ਵਰਗੇ ਬੜੇ-ਬੜੇ ਯੋਧਿਆਂ ਨੂੰ ਪਰਾਜਿਤ ਕਰਨ ਵਾਲੇ ਹਨ, ਮਹਾਭਾਰਤ ਵਿੱਚ ਅਰਜੁਨ ਦੇ ਸਾਰਥੀ ਹਨ ਅਤੇ ਦੁਵਾਰਕਾ ਦੇ ਰਾਜਾ ਹਨ। ਦੂਜਾ ਰੂਪ ਗੋਪਾਲ ਕ੍ਰਿਸ਼ਨ ਦਾ ਹੈ, ਜੋ ਬ੍ਰਿੰਦਾਵਨ ਵਿੱਚ ਗਊਆਂ ਚਰਾਉਂਦੇ ਹਨ, ਬੰਸਰੀ ਵਜਾਉਂਦੇ ਹਨ, ਗੋਪੀਆਂ ਨਾਲ ਰਾਸ ਰਚਾਉਂਦੇ ਹਨ ਅਤੇ ਲੀਲਾ ਕਰਦੇ ਹਨ। ਭਾਗਵਤ ਪੁਰਾਨ ਵਿੱਚ ਕ੍ਰਿਸ਼ਨ ਦੇ ਇਹ ਦੋਵੇਂ ਰੂਪ ਮਿਲਦੇ ਹਨ, ਪਰ ਉਸ ਵਿੱਚ ਰਾਧਾ ਦਾ ਕੋਈ ਉਲੇਖ ਨਹੀਂ ਮਿਲਦਾ। ਕ੍ਰਿਸ਼ਨ ਦੇ ਨਾਲ ਰਾਧਾ ਦੀ ਚਰਚਾ ਭਾਗਵਤ ਪੁਰਾਣ ਦੇ ਰਚੇ ਜਾਣ ਦੇ ਪਿੱਛੋਂ ਸ਼ੁਰੂ ਹੋਈ।

ਗੁਰੂ ਗੋਬਿੰਦ ਸਿੰਘ ਨੇ ਕ੍ਰਿਸ਼ਨਾਵਤਾਰ ਲਈ ਭਾਗਵਤ ਦੇ ਦਸਵੇਂ ਅਧਿਆਇ ਨੂੰ ਆਧਾਰ ਬਣਾਇਆ ਹੈ, ਪਰ ਉਸ ਵਿੱਚ ਰਾਧਾ ਦੀ ਪੂਰੀ ਚਰਚਾ ਕੀਤੀ ਹੈ, ਕਿਉਂਕਿ ਉਸ ਵੇਲੇ ਤੀਕ ਰਾਧਾ ਕ੍ਰਿਸ਼ਨ ਨਾਲ ਪੂਰੀ ਤਰ੍ਹਾਂ ਜੁੜ ਚੁੱਕੀ ਸੀ। ਹਿੰਦੀ ਸਾਹਿਤ ਵਿੱਚ ਰੀਤਿਕਾਲ ਦਾ ਉਹ ਸਮਾਂ, (ਸਤਾਰ੍ਹਵੀ-ਅਠਾਰ੍ਹਵੀਂ ਸਦੀ) ਪੂਰੀ ਤਰ੍ਹਾਂ ਸ਼ਿੰਗਾਰ ਰਸ ਨਾਲ ਭਰਿਆ ਸਮਾਂ ਸੀ। ਇਸ ਕਾਲ ਦੇ ਬਹੁਤੇ ਕਵੀ ਕ੍ਰਿਸ਼ਨ ਚਰਿਤ੍ਰ ਨੂੰ ਆਧਾਰ ਬਣਾ ਕੇ ਕਵਿਤਾ ਲਿਖ ਰਹੇ ਸਨ, ਪਰ ਉਨ੍ਹਾਂ ਦਾ ਧਿਆਨ ਸੁਦਰਸ਼ਨ ਚੱਕਰਧਾਰੀ ਵਾਸੁਦੇਵ ਕ੍ਰਿਸ਼ਨ ਵੱਲ ਨਹੀਂ ਸੀ। ਉਨ੍ਹਾਂ ਦੀ ਰੁਚੀ ਸ਼ਿੰਗਾਰੀ ਭਾਵ ਨੂੰ ਉਜਾਗਰ ਕਰਨ ਵਾਲੇ ਗੋਪਾਲ ਕ੍ਰਿਸ਼ਨ ਵੱਲ ਹੀ ਸੀ।

ਗੁਰੂ ਗੋਬਿੰਦ ਸਿੰਘ ਨੇ ਰੀਤਿ ਕਾਲ ਦੇ ਇਸ ਚਲਨ ਵਿੱਚ ਬੜਾ ਵੱਡਾ ਪਰਿਵਰਤਨ ਕੀਤਾ। ਕੁਲ ੨੪੯੨ ਛੰਦਾਂ ਵਿੱਚੋਂ ਬਾਲ ਲੀਲਾ, ਰਾਸ ਮੰਡਲ ਅਤੇ ਮਥਰਾ ਗਮਨ-ਗੋਪੀ ਵਿਰਹ ਪ੍ਰਸੰਗਾਂ ਲਈ ੧੦੨੯ ਛੰਦ ਵਰਤੇ ਗਏ ਹਨ। ਯੁੱਧ ਪ੍ਰਬੰਧ ਲਈ ਲਗਭਗ ੧੦੦੦ ਛੰਦ ਅਤੇ ਅੰਤਲੇ ਪ੍ਰਸੰਗਾਂ ਲਈ ੫੦੦ ਛੰਦ ਵਰਤੇ ਗਏ ਹਨ। ਦਸਮ ਗ੍ਰੰਥ ਵਿੱਚ ਸੰਕਲਿਤ ਕ੍ਰਿਸ਼ਨਾਵਤਾਰ ਲਗਭਗ ੩੦੦ ਪੰਨਿਆਂ ਵਿੱਚ ਹੈ, ਉਸ ਵਿੱਚ ਯੁੱਧ ਪ੍ਰਸੰਗ ਇੱਕ ਤਿਹਾਈ ਤੋਂ ਵੱਧ ਪੰਨਿਆਂ ਵਿੱਚ ਸਮਾਇਆ ਹੋਇਆ ਹੈ। ਉਸ ਕਾਲ ਦੇ ਕਿਸੇ ਕ੍ਰਿਸ਼ਨ ਭਗਤ ਕਵੀ ਨੇ ਯੁੱਧ ਪ੍ਰਸੰਗ ਨੂੰ ਇੰਨਾ ਮਹਤੱਵ ਨਹੀਂ ਦਿੱਤਾ ਸੀ।

ਅਸਲ ਵਿੱਚ ਇਸ ਖੰਡ ਦੀ ਰਚਨਾਂ ਹੀ ਦਸਮ ਗੁਰੂ ਦਾ ਮਨੋਰਥ ਸੀ। ਧਰਮਯੁੱਧ ਕੋ ਚਾਇ ਵਾਲੀ ਗੱਲ ਇਸ ਭਾਗ ਤੋਂ ਹੀ ਸਾਰਥਕ ਹੁੰਦੀ ਨਜ਼ਰ ਆਉਂਦੀ ਹੈ।

ਸ੍ਰੀਮਤੀ ਬੇਅੰਤ ਕੌਰ ਨੇ ਆਪਣੀ ਰਚਨਾ- '***ਇਹ ਸੁੰਦਰਿ ਸਯਾਮ ਕੀ ਮਾਨ ਤਮੈ***' ਵਿੱਚ ਕ੍ਰਿਸ਼ਨਾਵਤਾਰ ਵਿੱਚ ਆਏ ਬਾਰਹਮਾਹ ਨੂੰ ਆਪਣਾ ਆਧਾਰ ਬਣਾਇਆ ਹੈ। ਬਾਰਹਮਾਹ ਭਾਰਤੀ ਲੋਕ ਕਾਵਿ ਦੀ ਪ੍ਰਾਚੀਨ ਪਰੰਪਰਾ ਵਿੱਚ ਆਉਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਵੀ ਇਸ ਦੀ ਵਰਤੋਂ ਕੀਤੀ ਗਈ ਹੈ।

ਸ੍ਰੀਮਤੀ ਬੇਅੰਤ ਕੌਰ ਨੇ ਇਸ ਰਚਨਾਂ ਵਿੱਚ ਸ੍ਰੀ ਕ੍ਰਿਸ਼ਨ ਦੀ ਅਨੁਪਮ ਸੁੰਦਰਤਾ ਦਾ ਬਹੁਪੱਖੀ ਚਿਤ੍ਰਣ ਕੀਤਾ ਹੈ। ਉਨ੍ਹਾਂ ਦਾ ਇਹ ਕਹਿਣਾ ਬੜਾ ਸਟੀਕ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਰਚਿਤ ਤੁਖ਼ਾਰੀ ਵਿੱਚ ਬਾਰ੍ਹਾਮਾਂਹ, ਸ੍ਰੀ ਗੁਰੂ ਅਰਜਨ ਦੇਵ ਜੀ ਰਾਹੀਂ ਮਾਝ ਵਿੱਚ ਰਚਿਤ ਬਾਰ੍ਹਾਮਾਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਕ੍ਰਿਸ਼ਨਾਵਤਾਰ ਵਿੱਚ ਰਚਿਤ ਦੋ ਬਾਰ੍ਹਾਮਾਹ ਸਾਹਿੱਤਕ, ਅਧਿਆਤਮਕ ਰੰਗਣ ਵਿੱਚ ਰੰਗੀਆਂ ਹੋਈਆਂ ਵਡਮੁਲੀਆਂ ਅਨਮੋਲ ਰਚਨਾਵਾਂ ਹਨ।

ਸ੍ਰੀ ਕ੍ਰਿਸ਼ਨ ਜੀ ਦਾ ਬ੍ਰਿਜ ਨੂੰ ਛੱਡ ਕੇ ਮਥਰਾ ਚਲੇ ਜਾਣ ਨਾਲ ਗੋਪੀਆਂ-ਗਵਾਲਨਾਂ ਦੀ ਕੀ ਦਸ਼ਾ ਹੋਈ ਸੀ ਇਸ ਬਾਰੇ ਰੀਤਿ ਕਾਲੀਨ ਕਵੀਆਂ ਨੇ ਬੜਾ ਕੁਝ ਲਿਖਿਆ ਸੀ। ਕ੍ਰਿਸ਼ਨਾਵਤਾਰ ਵਿੱਚ ਆਇਆ ਇਹ ਪ੍ਰਸੰਗ ਕਿਸੇ ਵੀ ਬ੍ਰਿਜ ਭਾਸ਼ਾ ਵਿੱਚ ਲਿਖੇ ਇਸ ਪ੍ਰਸੰਗ ਤੋਂ ਘੱਟ ਪ੍ਰਭਾਵਸ਼ਾਲੀ ਜਾਂ ਮਾਰਮਿਕ ਨਹੀਂ। ਸ੍ਰੀਮਤੀ ਬੇਅੰਤ ਕੌਰ ਨੇ ਇਸ ਮਾਰਮਿਕਤਾ ਨੂੰ ਬੜੀ ਡੂੰਘੀ ਭਾਵਨਾ ਤੇ ਸ਼ਰਧਾ ਨਾਲ ਦਰਸਾਇਆ ਹੈ।

ਸੰਪੂਰਣ ਦਸਮ ਗ੍ਰੰਥ ਵਿੱਚ ਸੰਕਲਿਤ ਕੀਤੀਆਂ ਗਈਆਂ ਰਚਨਾਵਾਂ **੧੪੨੮** ਛਪੇ ਹੋਏ ਪੰਨਿਆਂ ਵਿੱਚ ਪਰੋਈਆਂ ਗਈਆਂ ਹਨ। ਇਸ ਵਿੱਚ ਫਾਰਸੀ ਤੇ ਪੰਜਾਬੀ ਰਚਨਾਵਾਂ ੫੦ ਪੰਨਿਆਂ ਤੋਂ ਵੱਧ ਨਹੀਂ। ਬਾਕੀ ਦਾ ਸਾਰਾ ਹਿੱਸਾ ਬ੍ਰਿਜ ਭਾਸ਼ਾ ਵਿੱਚ ਰਚਿਤ ਹੈ। ਅੱਜ ਦਸਮ ਗ੍ਰੰਥ ਦੇ ਪਠਨ-ਪਾਠਨ ਦਾ ਰਿਵਾਜ ਆਮ ਸਿੱਖਾਂ ਵਿੱਚੋਂ ਘੱਟ ਗਿਆ ਹੈ, ਉਸਦਾ ਕਾਰਨ ਇਹ ਵੀ ਹੈ ਕਿ ਦਸਮ ਗ੍ਰੰਥ ਦੀ ਭਾਸ਼ਾ ਦੀ ਸਮਝ ਬਹੁਤਿਆਂ ਨੂੰ ਨਹੀਂ। ਸ੍ਰੀਮਤੀ ਬੇਅੰਤ ਕੌਰ ਨੇ ਕ੍ਰਿਸ਼ਨਾਵਤਾਰ ਵਿੱਚੋਂ ਜਿਹੜੇ ਛੰਦ ਗੋਪੀਆਂ ਦੀ ਮਨੋਦਸ਼ਾ ਅਤੇ ਕ੍ਰਿਸ਼ਨ ਜੀ ਦੀ ਸੁੰਦਰਤਾ ਨੂੰ ਦਰਸਾਉਣ ਲਈ ਚੁਣੇ ਹਨ ਉਨ੍ਹਾਂ ਦੀ ਬੜੀ ਸਰਲ ਵਿਆਖਿਆ ਵੀ ਨਾਲ ਹੀ ਦੇ ਦਿੱਤੀ ਹੈ। ਇਸ ਨਾਲ ਆਮ ਪਾਠਕ ਵੀ ਇਸ ਰਸ ਨੂੰ ਮਾਣਨ ਵਿੱਚ ਸਮਰੱਥ ਹੋ ਜਾਂਦਾ ਹੈ।

ਭਾਰਤੀ ਜਨ ਜੀਵਨ ਵਿੱਚ ਕ੍ਰਿਸ਼ਨ ਜੀ ਦੀ ਮਹਿਮਾ ਦੀ ਵਿਆਪਤੀ ਸਭ ਤੋਂ ਵੱਧ ਹੈ। ਉਹ ਲੋਕ ਨਾਇਕ ਵੀ ਹਨ ਅਤੇ ਲੋਕ ਰੰਜਕ ਵੀ। ਇਸ ਲੋਕ ਰੰਜਕ ਰੂਪ ਨੂੰ ਕ੍ਰਿਸ਼ਨਾਵਤਾਰ ਦੇ ਮਾਧਿਅਮ ਰਾਹੀਂ ਸ੍ਰੀਮਤੀ ਬੇਅੰਤ ਕੌਰ ਨੇ ਜਿਸ ਢੰਗ ਨਾਲ ਉਜਾਗਰ ਕੀਤਾ ਹੈ, ਉਹ ਬੜਾ ਸ਼ਲਾਘਾ ਯੋਗ ਹੈ। ਅਜਿਹੀ ਅਦੁੱਤੀ ਰਚਨਾ ਲਈ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ।

**ਡਾ ਮਹੀਪ ਸਿੰਘ**

ਐਚ-੧੦੮, ਸ਼ਿਵਾਜੀ ਪਾਰਕ
ਨਵੀ ਦਿੱਲੀ-**੧੧੦੦੨੬**

## ੨੧

**ਸਵੈਯਾ।।ਪਉਨ ਪ੍ਰਚੰਡ ਬਹੈ ਅਤਿ ਤਾਪਤ**
**ਚੰਚਲ ਚਿਤਿ ਦਸੋ ਦਿਸ ਧਾਈ।**
**ਬੈਸ ਅਵਾਸ ਰਹੈ ਨਰ ਨਾਰ**
**ਬਿਹੰਗਮ ਵਾਰ ਸੁ ਛਾਹਿ ਤਕਾਈ।**
**ਦੇਖ ਅਸਾੜ ਨਈ ਰਿਤ ਦਾਦਰ**
**ਮੋਰਨ ਹੂੰ ਘਨਘੋਰ ਲਗਾਈ।**
**ਗਾਢ ਪਰੀ ਬਿਰਹੀ ਜਨ ਕੋ**
**ਟਸਕਯੋ ਨ ਹੀਯੋ ਕਸਕਯੋ ਨ ਕਸਾਈ।੯੧੭।।**

*- ਦਸਮ ਗ੍ਰੰਥ ਪੰਨਾ ੩੭੮*

**ਸ਼ਬਦਾਰਥ :**
ਪ੍ਰਚੰਡ-ਸੜੀ ਹੋਈ ਗਰਮ ਹਵਾ। ਤਾਪਤ- (ਤਪੀ ਹੋਈ ਹਵਾ) ਤਪਾ ਰਹੀ ਹੈ। ਬੈਸ-ਬੈਸ ਰਹੇ ਹਨ। ਆਵਾਸ-ਘਰਾਂ ਅੰਦਰ, ਮਹਿਲਾਂ ਵਿੱਚ। ਬਹਿੰਗਮ-ਪੰਛੀ, ਉੱਡਣੇ ਜਾਨਵਰ। ਵਾਰਿ-ਪਾਣੀ ਤੇ ਛਾਉਂ। ਤਕਾਈ-ਤਕਾ ਕੇ, ਲੱਭ ਕੇ, ਦੇਖ ਕੇ। ਰਿਤਿ-ਨਵੀਂ ਰੁੱਤ, ਮੌਸਮ ਵੱਖਰੀ ਰੁੱਤ ਜੋ ਅੱਧ ਹਾੜ ਤੋਂ ਸ਼ੁਰੂ ਹੁੰਦੀ ਹੈ। ਦਾਦਰ-ਡੱਡੂਆਂ (ਅਤੇ ਮੋਰਾਂ ਨੇ)। ਘਨਘੋਰ-ਧੂਨਿ, ਗੂੰਜ ਲਾਈ ਹੈ। ਗਾਢ-ਭੀੜ, ਬਿਪਤਾ ਔਖਿਆਈ ਬਣੀ ਹੈ। ਬਿਰਹੀ-ਵਿੱਛੜੇ ਹੋਏ ਦੁਖੀਏ ਜਨਾਂ ਨੂੰ।

**ਵਿਆਖਿਆ :**
ਸ੍ਰੀ ਕ੍ਰਿਸ਼ਨ ਜੀ ਬ੍ਰਿਜ ਦੀਆਂ ਗੋਪੀਆਂ ਨੂੰ ਤਿਆਗ ਕੇ ਮਥਰਾ ਵਿਖੇ ਚਲੇ ਗਏ। ਗੋਪੀਆਂ ਦਾ ਹਰ ਪਲ ਸ੍ਰੀ ਕ੍ਰਿਸ਼ਨ ਜੀ ਦੀ ਯਾਦ ਵਿੱਚ ਲੰਘਦਾ, ਹਰ ਖਿਨ, ਹਰ ਪਲ ਆਪਣੇ ਪਿਆਰੇ ਪ੍ਰੀਤਮ ਨੂੰ ਯਾਦ ਕਰਦੀਆਂ। ਹੁਣ ਹਾੜ ਦਾ ਮਹੀਨਾ ਆ ਗਿਆ, ਹਾੜ ਦੇ ਮਹੀਨੇ ਵਿੱਚ ਅਤਿ ਦੀ ਗਰਮੀ ਪੈਂਦੀ ਹੈ, ਹਵਾ ਬੜੀ ਤੇਜ਼ ਚਲਦੀ ਹੈ ਅਤੇ ਤਨ ਨੂੰ ਸਾੜਦੀ ਹੈ। ਚਿਤ ਚੰਚਲ ਹੋ ਕੇ ਦਸਾਂ ਦਿਸ਼ਾਵਾਂ ਵਿੱਚ ਭੱਜਿਆ ਫਿਰਦਾ ਹੈ। ਅਤਿ ਦੀ ਤਪਸ਼ ਹੋਣ ਕਰਕੇ ਸਾਰੇ ਪੁਰਸ਼ ਇਸਤ੍ਰੀਆਂ ਆਪੋ ਆਪਣੇ ਘਰਾਂ ਦੇ ਅੰਦਰ ਬੈਠੇ ਰਹਿੰਦੇ ਹਨ ਅਤੇ ਪੰਛੀਆਂ ਦੇ ਝੁੰਡ ਗਰਮੀ ਕੋਲੋਂ ਅਤਿ ਵਿਆਕੁਲ ਹੋ ਕੇ ਪਾਣੀ ਅਤੇ ਸੁੰਦਰ ਸੰਘਣੀ ਛਾਂ ਨੂੰ

ਲੋਚਦੇ ਹਨ। ਹਾੜ ਦੇ ਮਹੀਨੇ ਵਿੱਚ ਬਰਸਾਤ ਵੇਖਕੇ ਡੱਡੂਆਂ, ਮੋਰਾਂ ਤੇ ਬੱਦਲਾਂ ਨੇ ਘਣਘੋਰ ਲਗਾ ਦਿੱਤੀ ਹੈ। ਇਸ ਰੁੱਤ ਵਿੱਚ ਆਪਣੇ ਪ੍ਰੀਤਮ ਤੋਂ ਵਿੱਛੜੇ ਹੋਏ ਪੁਰਖਾਂ ਨੂੰ ਬੜੀ ਭਾਰੀ ਬਿਪਤਾ ਪੈ ਜਾਂਦੀ ਹੈ, ਕਿਉਂਕਿ ਹਿਰਦੇ ਨੂੰ ਧੀਰਜ ਨਹੀਂ ਆਉਂਦਾ ਤੇ ਨਾ ਹੀ ਆਪਣੇ ਪ੍ਰੀਤਮ ਨਾਲ ਮੇਲ ਹੋ ਸਕਦਾ ਹੈ।

**ਭਾਵ :**

ਪ੍ਰਚੰਡ ਹਵਾਵਾਂ ਦੇ ਵੇਗ ਅਤੇ ਤਪਸ਼ ਕਰਕੇ ਪੰਛੀ ਆਪਣੇ ਸੁੰਦਰ ਛਾਂ ਵਾਲੇ ਟਿਕਾਣੇ ਭਾਲਦੇ ਹਨ, ਪਰ ਪ੍ਰੀਤਮ ਦੇ ਵਿਛੋੜੇ ਕਾਰਨ ਪਈ ਮੁਸੀਬਤ ਲਈ ਕਿੱਥੇ ਟਿਕਾਣਾ ਲੱਭਿਆ ਜਾਵੇ ?

# ਗਾਢ ਪਰੀ ਬਿਰਹੀ ਜਨ ਕੋ

ਜਦੋਂ ਸ੍ਰੀ ਕ੍ਰਿਸ਼ਨ ਜੀ ਇਸ ਸੰਸਾਰ ਨੂੰ ਤਿਆਗ ਕੇ ਆਪਣੇ ਲੋਕ ਵਿੱਚ ਚਲੇ ਗਏ ਤਾਂ ਯੁਧਿਸ਼ਟਰ ਨੂੰ ਬੁਰੇ-ਬੁਰੇ ਸੁਪਨੇ ਆਉਣ ਲੱਗ ਪਏ, ਅਜੀਬ ਤਰ੍ਹਾਂ ਦੇ ਕੁਲੱਛਣ, ਦਿੱਸਣ ਲਗ ਪਏ ਅਤੇ ਉਨ੍ਹਾਂ ਦਾ ਮਨ ਧੀਰਜ ਖੋ ਬੈਠਾ, ਉਹ ਅਤਿ ਚਿੰਤਾਤੁਰ ਤੇ ਵਿਆਕੁਲ ਹੋ ਉਠੇ ਕਿ ਸ੍ਰੀ ਕ੍ਰਿਸ਼ਨ ਜੀ ਤਾਂ ਆਨੰਦ ਮੰਗਲ ਵਿੱਚ ਹੋਣ। ਉਨ੍ਹਾਂ ਨੇ ਭੀਮ ਦੇ ਸਾਹਮਣੇ ਆਪਣੀ ਚਿੰਤਾ ਪ੍ਰਗਟ ਕੀਤੀ ਕਿ ਉਨ੍ਹਾਂ ਦੀ ਖੱਬੀ ਬਾਂਹ ਅਤੇ ਖੱਬੀ ਅੱਖ ਫਰਕਦੀ ਹੈ, ਦਿਨ ਦੇ ਸਮੇਂ ਤਾਰੇ ਟੁੱਟਦੇ ਹਨ, ਜਦ ਉਹ ਤਬੇਲੇ ਵਿੱਚ ਜਾਂਦੇ ਹਨ, ਘੋੜੇ ਹਾਥੀ ਰੋਂਦੇ ਦਿੱਸਦੇ ਹਨ, ਦਿਨ ਅਤੇ ਰਾਤ ਕੁੱਤੇ ਰੋਂਦੇ ਰਹਿੰਦੇ ਹਨ, ਚਾਰੇ ਦਿਸ਼ਾਵਾਂ ਵਿੱਚ ਹਨੇਰਾ ਦਿੱਸਦਾ ਹੈ, ਜਿਸ ਵੇਲੇ ਹਨੇਰੀ ਆਉਂਦੀ ਹੈ, ਉਸ ਵੇਲੇ ਲਹੂ ਦੀ ਵਰਖਾ ਹੁੰਦੀ ਹੈ, ਗਊਆਂ ਦਾ ਦੁੱਧ ਵੱਛੇ ਪ੍ਰਸੰਨ ਹੋ ਕੇ ਨਹੀਂ ਪੀਂਦੇ, ਗਊਆਂ ਦੀਆਂ ਅੱਖਾਂ ਵਿੱਚੋਂ ਅੱਥਰੂਆਂ ਦੀਆਂ ਧਾਰਾਂ ਵਗਦੀਆਂ ਹਨ, ਯੁਧਿਸ਼ਟਰ ਦੀ ਸਭਾ ਵਿੱਚ ਸਾਰੇ ਲੋਕੀਂ ਝੂਠ ਬੋਲਣ ਲੱਗ ਪਏ ਅਤੇ ਉਨ੍ਹਾਂ ਦੇ ਸੁਭਾਵ ਕ੍ਰੋਧੀ ਹੋ ਗਏ ਹਨ। ਅਕਾਸ਼ ਵਿੱਚ ਕੇਤੂ ਤਾਰਾ ਚੜ੍ਹਿਆ ਹੋਇਆ ਮਾਲੂਮ ਹੋ ਰਿਹਾ ਸੀ, ਸਾਧੂਆਂ, ਸੰਤਾਂ, ਮਹਾਤਮਾਵਾਂ ਦਾ ਚਿਤ ਹਰਿ ਦੇ ਸਿਮਰਨ ਵਿੱਚ ਨਹੀਂ ਲੱਗ ਰਿਹਾ ਸੀ, ਅਤੇ ਉਹ ਵਿਸ਼ਈ ਹੋ ਗਏ ਹਨ, ਸ਼ਹਿਰ ਵਿੱਚ ਕਿਸੇ ਦੇ ਘਰ ਮੰਗਲਾਚਾਰ ਨਹੀਂ ਸੀ ਹੁੰਦਾ, ਸਭ ਉਜਾੜ ਹੀ ਉਜਾੜ ਦਿੱਸਣ ਲੱਗ ਪਈ ਸੀ, ਉਨ੍ਹਾਂ ਨੂੰ ਇੰਝ ਲੱਗ ਰਿਹਾ ਸੀ ਕਿ ਉਨ੍ਹਾਂ ਦੇ ਪਿਆਰੇ ਦੇਵ ਸ੍ਰੀ ਕ੍ਰਿਸ਼ਨ ਜੀ ਬੈਕੁੰਠ ਚਲੇ ਗਏ ਹੋਣ।

ਦੁਆਰਕਾ ਪੁਰੀ ਵਿੱਚ ਸ੍ਰੀ ਕ੍ਰਿਸ਼ਨ ਜੀ ਨੇ ਸੱਚਮੁੱਚ ਬੈਕੁੰਠ ਜਾਣ ਦੀਆਂ ਤਿਆਰੀਆਂ ਕਰ ਲਈਆਂ। ਉਸ ਵੇਲੇ ਸ੍ਰੀ ਕ੍ਰਿਸ਼ਨ ਜੀ ਨੇ ਅਰਜਨ ਨੂੰ ਆਪਣੇ ਕੋਲ ਬੁਲਾਇਆ ਅਤੇ ਹੁਕਮ ਦਿੱਤਾ,''ਹੇ ਅਰਜਨ ! ਤੁਸੀਂ ਸਾਰਾ ਯਾਦਵਾਂ ਦਾ

ਸਮਾਨ ਅਤੇ ਵਿਧਵਾ ਇਸਤ੍ਰੀਆਂ ਨੂੰ ਨਾਲ ਲੈ ਕੇ ਹਸਤਨਾਪੁਰ ਚਲੇ ਜਾਵੋ ਅਤੇ ਕਿਸੇ ਕਿਸਮ ਦਾ ਸ਼ੋਕ ਨਹੀਂ ਕਰਨਾ।" ਆਪਣੇ ਸ੍ਵਾਮੀ ਦੇ ਹੁਕਮ ਅਨੁਸਾਰ ਅਰਜਨ ਸਾਰੇ ਸਮਾਨ ਅਤੇ ਇਸਤ੍ਰੀਆਂ ਸਹਿਤ ਹਸਤਨਾਪੁਰ ਵੱਲ ਚਲ ਪਏ। ਰਸਤੇ ਵਿੱਚ ਡਾਕੂ ਭੀਲਾਂ ਨੇ ਅਰਜਨ ਤੇ ਹਮਲਾ ਕਰ ਦਿੱਤਾ। ਅਰਜਨ ਨੇ ਉਨ੍ਹਾਂ ਉੱਤੇ ਖੂਬ ਬਾਣਾਂ ਦੀ ਵਰਖਾ ਕੀਤੀ ਪਰ ਸਾਰੇ ਦੇ ਸਾਰੇ ਵਾਰ ਬੇਕਾਰ ਹੋ ਰਹੇ ਸਨ। ਇੰਝ ਲੱਗ ਰਿਹਾ ਸੀ ਕਿ ਅਰਜਨ ਦਾ ਮਾਣ ਅਤੇ ਅਹੰਕਾਰ ਚਕਨਾਚੂਰ ਕਰਨ ਲਈ ਸ੍ਰੀ ਕ੍ਰਿਸ਼ਨ ਜੀ ਦਾ ਰਚਾਇਆ ਹੋਇਆ ਇਹ ਸ੍ਵਾਂਗ ਸੀ। ਜਦੋਂ ਅਰਜਨ ਦੇ ਸਾਰੇ ਬਾਣ ਨਿਸਫਲ ਹੋ ਰਹੇ ਸਨ, ਉਸ ਵੇਲੇ ਅਰਜਨ ਆਪਣੇ ਮਨ ਵਿੱਚ ਉਧੇੜ ਬੁਨ ਕਰ ਰਹੇ ਸਨ ਕਿ ਇਹੋ ਜਿਹੇ ਸ਼ਕਤੀਸ਼ਾਲੀ ਬਾਣਾਂ ਦੇ ਨਾਲ ਭੀਸ਼ਮ ਪਿਤਾਮਾ, ਕਰਨ, ਜੈਦਰਥ ਆਦਿ ਵੱਡੇ-ਵੱਡੇ ਸੂਰਬੀਰਾਂ ਨੂੰ ਮਾਰਿਆ, ਉਹੀ ਬਾਣ ਇੱਕ ਮੁੱਠੀ ਭਰ ਡਾਕੂਆਂ ਦਾ ਕੁਝ ਨਾ ਕਰ ਸਕੇ, ਉਨ੍ਹਾਂ ਦਾ ਕੁਝ ਨਾ ਵਿਗਾੜ ਸਕੇ, ਅਰਜਨ ਨੂੰ ਇਹ ਅਨੁਭਵ ਹੋ ਰਿਹਾ ਸੀ ਕਿ ਉਨ੍ਹਾਂ ਦੇ ਬਾਣਾਂ ਦੇ ਪਿੱਛੇ ਸਾਰੀ ਸ਼ਕਤੀ ਸ੍ਰੀ ਕ੍ਰਿਸ਼ਨ ਜੀ ਦੀ ਦਿੱਤੀ ਹੋਈ ਸੀ, ਉਨ੍ਹਾਂ ਦਾ ਅਹੰਕਾਰ ਕਰਨਾ ਤਾਂ ਬਿਲਕੁਲ ਅਕਾਰਥ ਸੀ। ਅਰਜਨ ਨੂੰ ਇੰਝ ਲੱਗ ਰਿਹਾ ਸੀ, ਕਿ ਜੋ ਕੁਝ ਹੁੰਦਾ ਸੀ, ਉਹ ਸਾਰਾ ਸ੍ਰੀ ਕ੍ਰਿਸ਼ਨ ਜੀ ਦੀ ਕ੍ਰਿਪਾ ਸਦਕਾ ਹੀ ਹੁੰਦਾ ਸੀ, ਉਹ ਤਾਂ ਸਿਰਫ ਅਰਜਨ ਨੂੰ ਮਾਣ ਵਡਿਆਈ ਦੇਣ ਕਰਕੇ ਹਰ ਸਫਲਤਾ ਦਾ ਸਿਹਰਾ ਅਰਜਨ ਨੂੰ ਹੀ ਬਖ਼ਸ਼ ਦਿੰਦੇ ਸਨ।

ਚਿੰਤਾਤੁਰ ਹੋ ਕੇ ਅਰਜਨ ਹਸਤਨਾਪੁਰ ਪਹੁੰਚ ਕੇ ਆਪਣੇ ਵੱਡੇ ਭਰਾ ਦੇ ਚਰਨਾਂ ਤੇ ਡਿੱਗ ਪਏ। ਉਨ੍ਹਾਂ ਨੇ ਉਸਨੂੰ ਚੁੱਕ ਕੇ ਆਪਣੇ ਗਲੇ ਨਾਲ ਲਾਇਆ ਤੇ ਉਦਾਸੀਨਤਾ ਦਾ ਕਾਰਣ ਪੁੱਛਿਆ। ਵੱਡੇ ਭਰਾ ਨੇ ਕਈ ਤਰ੍ਹਾਂ ਦੇ ਪ੍ਰਸ਼ਨ ਕਰਕੇ, ਅਰਜਨ ਦੀ ਵਿਅਯਥਾ ਦਾ ਕਾਰਨ ਜਾਣਨ ਦੇ ਪ੍ਰਯਤਨ ਕੀਤੇ-ਅਰਜਨ ਤੇਰਾ ਮੁਖ ਐਨਾ ਮਲੀਨ ਕਿਸ ਕਰਕੇ ਹੈ ? ਤੈਨੂੰ ਕੋਈ ਰੋਗ ਤਾਂ ਨਹੀਂ, ਬਹੁਤ ਦਿਨ ਦੁਆਰਕਾ ਵਿੱਚ ਰਹਿਣ ਕਰਕੇ ਕਿਸੇ ਨੇ ਤੇਰਾ ਅਨਾਦਰ ਤਾਂ ਨਹੀਂ ਕੀਤਾ ਯਾ ਕਿਸੇ ਨੂੰ ਕੋਈ ਦੇਣੀ ਕੀਤੀ ਹੋਵੇ ਪਰ ਦੇ ਨਾ ਸਕਿਆ ਹੋਵੇਂ, ਯਾ ਕਿਸੀ ਮਹਾਤਮਾ ਯਾ ਸਾਧੂ ਦਾ ਨਿਰਾਦਰ ਤਾਂ ਨਹੀਂ ਤੇਰੇ ਕੋਲੋਂ ਹੋ ਗਿਆ, ਕੋਈ ਭੁੱਖਾ ਪਿਆਸਾ ਤੇਰੇ ਘਰੋਂ ਬਿਨਾਂ ਕੁਝ ਪ੍ਰਾਪਤੀ ਤੋਂ ਵਾਪਸ ਤਾਂ ਨਹੀਂ ਹੋ ਗਿਆ। ਕੋਈ ਬ੍ਰਾਹਮਣ ਯਾ ਇਸਤ੍ਰੀ ਤੇਰੀ ਸ਼ਰਣ ਆਏ ਹੋਣ ਤੇ ਤੇਰੇ ਕੋਲੋਂ ਉਨ੍ਹਾਂ ਦੀ ਸਹਾਇਤਾ ਨਾ ਕੀਤੀ ਗਈ ਹੋਵੇਗੀ ਜਾਂ ਮੇਰੇ ਪਰਮ ਪਿਆਰੇ ਸ਼ਾਮ-ਸੁੰਦਰ ਕਿਧਰੇ ਬੈਕੁੰਠ ਤੇ ਨਹੀਂ ਚਲੇ ਗਏ ? ਤੇਰਾ ਮਨ ਕਿਸ ਕਰਕੇ ਐਨਾ ਜ਼ਿਆਦਾ ਉਦਾਸ ਹੈ ? ਆਪਣੇ ਵੱਡੇ ਭਰਾ ਦੀਆਂ ਗੱਲਾਂ ਸੁਣਕੇ ਅਰਜਨ ਨੇ ਕੁਛ ਉੱਤਰ ਨਾ ਦਿੱਤਾ ਪਰ ਸ੍ਰੀ ਕ੍ਰਿਸ਼ਨ ਜੀ ਦਾ ਨਾਮ ਸੁਣਦਿਆਂ ਸਾਰ ਹੀ ਉੱਚੀ-ਉੱਚੀ ਰੋਣਾ ਸ਼ੁਰੂ ਕਰ ਦਿੱਤਾ।

ਅਰਜਨ ਨੂੰ ਇੰਝ ਲੱਗ ਰਿਹਾ ਸੀ ਕਿ ਉਹ ਆਪਣੇ ਪਰਮ ਪਿਆਰੇ ਇਸ਼ਟ ਦੇ ਵਿਯੋਗ ਵਿੱਚ ਅਤਿ ਪੀੜਿਤ ਹੋ ਕੇ ਅਨੇਕ ਤਰ੍ਹਾਂ ਦੀਆਂ ਕਠਿਨਾਈਆਂ ਦਾ

ਸਾਹਮਣਾ ਕਰ ਰਹੇ ਹੋਣ। ਉਨ੍ਹਾਂ ਦੇ ਵਿੱਚ ਬੋਲਣ ਦੀ ਸ਼ਕਤੀ ਹੀ ਜਿਵੇਂ ਖਤਮ ਹੋ ਗਈ ਹੋਵੇ। ਉਹ ਬੱਚਿਆਂ ਵਾਂਗੂੰ ਫੁੱਟ ਕੇ ਉੱਚੀ ਉੱਚੀ ਰੋਣ ਲੱਗ ਪਏ। ਥੋੜੀ ਦੇਰ ਪਿਛੋਂ ਆਪਣੇ ਮਨ ਨੂੰ ਸਮਝਾਉਂਦਿਆਂ ਧੀਰਜ ਕੀਤਾ ਅਤੇ ਉੱਤਰ ਦਿੱਤਾ, ''ਹੇ ਪ੍ਰਿਥਵੀ ਨਾਥ ! ਮੈਂ ਕੀ ਕਹਾਂ, ਸਾਡੇ ਪਰਮ ਪਿਆਰੇ ਸ਼ਿਆਮ ਸੁੰਦਰ ਜੀ ਸਾਨੂੰ ਸਾਰਿਆਂ ਨੂੰ ਛੱਡ ਕੇ ਬੈਕੁੰਠ ਧਾਮ ਨੂੰ ਸਿਧਾਰ ਗਏ ਹਨ, ਮੈਂ ਤਾਂ ਉਨ੍ਹਾਂ ਨੂੰ ਆਪਣੇ ਮਾਮੇ ਦਾ ਸੁਪੁਤ੍ਰ ਭਰਾ ਹੀ ਸਮਝਦਾ ਰਿਹਾ ਹਾਂ, ਜੇਕਰ ਮੈਨੂੰ ਇਹ ਪਤਾ ਹੁੰਦਾ ਕਿ ਉਹ ਸਾਖਿਆਤ ਪਰਮੇਸ਼ਰ ਦਾ ਅਵਤਾਰ ਹਨ, ਤਾਂ ਮੈ ਤਨ ਮਨ ਨਾਲ ਦਿਨ ਰਾਤ ਉਨ੍ਹਾਂ ਦੀ ਸੇਵਾ ਕਰਕੇ ਆਪਣਾ ਜੀਵਨ ਸਫਲ ਕਰਦਾ ਤੇ ਇਸ ਭਵਸਾਗਰ ਤੋਂ ਪਾਰ ਹੋ ਜਾਂਦਾ। ਪਰਮੇਸ਼ਰ ਦੀ ਮਹਿਮਾ ਬੜੀ ਪ੍ਰਬਲ ਹੈ, ਜਿਸ ਕਰਕੇ ਅਸੀਂ ਉਨ੍ਹਾਂ ਦਾ ਵਾਸਤਵਿਕ ਰੂਪ ਦੀ ਪਛਾਣ ਨਹੀਂ ਕਰ ਸਕੇ। ਜਿਸ ਤਰ੍ਹਾਂ ਚੰਦ੍ਰਮਾ ਕੱਛ ਤੇ ਸਰਾਪ ਕਰਕੇ ਸਮੁੰਦਰ ਵਿੱਚ ਜਾ ਲੁਕਿਆ ਸੀ ਤੇ ਜਲ ਦੇ ਜੀਵ ਮੱਛੀ ਆਦਿਕ ਨੇ ਉਨ੍ਹਾਂ ਨੂੰ ਵੀ ਜਨ ਜੀਵ ਸਮਝਿਆ ਤੇ ਉਨ੍ਹਾਂ ਕੋਲੋਂ ਅੰਮ੍ਰਿਤ ਨਹੀਂ ਸੀ ਲਿਆ ਜਿਸਨੂੰ ਪੀ ਕੇ ਉਹ ਅਮਰ ਹੋ ਸਕਦੇ ਸਨ, ਇਸ ਤਰ੍ਹਾਂ ਅਸੀਂ ਵੀ ਸ੍ਰੀ ਕ੍ਰਿਸ਼ਨ ਜੀ ਨੂੰ ਨਹੀਂ ਪਛਾਣ ਸਕੇ। ਮੇਰਾ ਮਨ ਅਤਿ ਅਵਸੋਸ ਨਾਲ ਭਰਿਆ ਹੋਇਆ ਹੈ, ਮੈਂ ਬਹੁਤ ਪਛਾਤਾਵਾ ਕਰ ਰਿਹਾ ਹਾਂ। ਅਸੀਂ ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਦੀ ਸਹਾਇਤਾ ਕਰਕੇ ਮਹਾਂਭਾਰਤ ਵਿੱਚ ਵੱਡੇ-ਵੱਡੇ ਸੂਰਬੀਰ ਅਡੋਲ ਹੀ ਮਾਰ ਦਿੱਤੇ ਸਨ, ਉਸ ਵੇਲੇ ਮੇਰਾ ਮਨ ਇਹੀ ਸੋਚਦਾ ਸੀ ਕਿ ਇਹ ਸਾਰਾ ਕੁਝ ਮੈਂ ਆਪ ਹੀ ਕੀਤਾ ਹੈ, ਮੈਂ ਆਪਣੇ ਬਲ ਨਾਲ ਸਾਰਿਆਂ ਨੂੰ ਮਾਰ ਗਿਰਾਇਆ ਹੈ। ਇਹ ਸਭ ਕੁਝ ਝੂਠ ਸੀ। ਇਸ ਗੱਲ ਦਾ ਮੈਨੂੰ ਹੁਣ ਅਹਿਸਾਸ ਹੋ ਰਿਹਾ ਹੈ, ਉਹੀ ਬਾਣ, ਉਹੀ ਧਨੁੱਖ ਅਤੇ ਉਹੀ ਅਰਜਨ ਮੈਂ ਹਾਂ, ਜਿਸਨੇ ਭੀਸ਼ਮ ਪਿਤਾਮਾ, ਕਰਨ, ਜੈਦਰਥ, ਮਯ ਨਾਮਕ ਰਾਖਸ਼ਾਂ ਨੂੰ ਜਿੱਤਿਆ ਸੀ ਅਤੇ ਕਈ ਰਾਜੇ ਜਿੱਤ ਕੇ ਆਪਣੇ ਵਾਸਤੇ ਧਨ ਲਿਆਂਦਾ ਸੀ, ਉਨ੍ਹਾਂ ਬਾਣਾਂ ਦੇ ਹੁੰਦਿਆਂ ਹੋਇਆਂ ਭੀਲ ਲੋਕ ਮੈਨੂੰ ਰਸਤੇ ਵਿੱਚ ਇਸਤ੍ਰੀਆਂ ਸਮੇਤ ਸਭ ਕੁਝ ਲੁੱਟਕੇ ਲੈ ਗਏ। ਜਦੋਂ ਵੀ ਸਾਡੇ ਉੱਤੇ ਕੋਈ ਬਿਪਤਾ ਪੈ ਜਾਂਦੀ ਸੀ, ਸ੍ਰੀ ਕ੍ਰਿਸ਼ਨ ਜੀ ਉੱਥੇ ਸੁਦਰਸ਼ਨ ਚੱਕਰ ਭੇਜ ਕੇ ਹਰ ਤਰ੍ਹਾਂ ਨਾਲ ਸਾਡੀ ਸਹਾਇਤਾ ਕਰਦੇ ਸਨ। ਜਦੋਂ ਮਹਾਭਾਰਤ ਵਿੱਚ ਕਰਨ ਆਦਿਕ ਸੂਰਮੇ ਮੈਨੂੰ ਮਾਰਨ ਵਾਸਤੇ ਸ਼ਸਤਰ ਚਲਾਉਂਦੇ ਸਨ, ਸ੍ਰੀ ਕ੍ਰਿਸ਼ਨ ਜੀ ਉਸ ਵੇਲੇ ਮੇਰੇ ਅੱਗੇ ਖੜੇ ਹੋ ਕੇ ਮੈਨੂੰ ਬਚਾ ਲੈਂਦੇ ਸਨ ਅਤੇ ਧੀਰਜ ਦਿੰਦੇ ਸਨ। ਮੈਂ ਉਨ੍ਹਾਂ ਦੀ ਕ੍ਰਿਪਾ ਸਦਕਾ ਵੱਡੇ-ਵੱਡੇ ਪ੍ਰਤਾਪੀ ਰਾਜਿਆਂ ਦੇ ਸਾਹਮਣੇ ਦ੍ਰੋਪਦੀ ਨੂੰ ਸੁਅੰਬਰ ਵਿੱਚੋਂ ਜਿੱਤ ਕੇ ਲੈ ਆਂਦਾ, ਜਿਸ ਵੇਲੇ ਦੁਰਬਾਸ਼ਾ ਰਿਖੀ ਅੱਧੀ ਰਾਤ ਨੂੰ ਭੋਜਨ ਪਾਣ ਵਾਸਤੇ ਸਾਡੇ ਕੋਲ ਆਏ, ਉਹ ਸਾਨੂੰ ਸਾਰਿਆਂ ਨੂੰ ਸਰਾਪ ਦੇਣਾ ਚਾਹੁੰਦੇ ਸਨ, ਉਸੇ ਵੇਲੇ ਸ੍ਰੀ ਕ੍ਰਿਸ਼ਨ ਜੀ ਸਾਨੂੰ ਆਪਣਾ ਭਗਤ ਜਾਣਕੇ, ਸਾਡੇ ਕੋਲ ਬਨ ਵਿੱਚ ਆਏ ਅਤੇ ਇੱਕ ਤਿਨਕਾ ਸਾਗ ਦਾ ਆਪਣੇ ਮੂੰਹ ਵਿੱਚ ਪਾਕੇ ਸਾਰਿਆਂ ਨੂੰ ਤ੍ਰਿਪਤ ਕਰ ਦਿੱਤਾ, ਦੁਰਬਾਸ਼ਾ ਨੇ ਸਰਾਪ ਦੇਣ ਦੇ ਬਦਲੇ

ਆਸ਼ੀਰਵਾਦ ਦਿੱਤਾ। ਇਹ ਸਾਰੀਆਂ ਗੱਲਾਂ ਜਦੋਂ ਯਾਦ ਆਉਂਦੀਆਂ ਹਨ ਤਾਂ ਕਲੇਜਾ ਫਟ ਜਾਂਦਾ ਹੈ। ਹੇ ਰਾਜਨ ! ਮੈਂ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਇੱਕ ਥਾਲੀ ਵਿੱਚ ਪ੍ਰਸ਼ਾਦਾ ਛਕਦਾ ਸੀ, ਇੱਕੋ ਸੇਜਾ ਤੇ ਇਕੱਠੇ ਸੌਂਦੇ ਸਾਂ ਉਹ ਕਿੰਨਾ ਮੇਰਾ ਆਦਰ ਕਰਦੇ ਸਨ। ਹੁਣ ਸਾਡੀ ਰੱਖਿਆ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਕੌਣ ਕਰੇਗਾ, ਕਿਸ ਦੇ ਭਰੋਸੇ ਅਸੀਂ ਬਾਕੀ ਦਾ ਜੀਵਨ ਬਤੀਤ ਕਰਾਂਗੇ।

ਜਦੋਂ ਸ੍ਰੀ ਕ੍ਰਿਸ਼ਨ ਜੀ ਮਹਾਭਾਰਤ ਤੋਂ ਬਾਅਦ ਦਵਾਰਕਾ ਗਏ, ਉਨ੍ਹਾਂ ਨੇ ਵੇਖਿਆ ਕਿ ਯਾਦਵ ਬਹੁਤ ਬਲਵਾਨ ਹੋ ਗਏ ਹਨ, ਕਿਸੇ ਕੋਲੋਂ ਮਰਨ ਵਾਲੇ ਨਹੀਂ, ਸ੍ਰੀ ਕ੍ਰਿਸ਼ਨ ਜੀ ਤੋਂ ਪਿਛੋਂ ਉਪਦ੍ਰਵ ਲੜਾਈਆਂ ਕਰਨਗੇ, ਇਸ ਕਰਕੇ ਇਨ੍ਹਾਂ ਨੂੰ ਮਾਰ ਦੇਣਾ ਯੋਗ ਹੈ। ਆਪਣੇ ਹੱਥੋਂ ਮਾਰਨਾ ਅਪਰਾਧ ਸਮਝਕੇ ਦੁਰਬਾਸ਼ਾ ਰਿਖੀ ਕੋਲੋਂ ਸਰਾਪ ਦਿਵਾਇਆ, ਅਤੇ ਛਪੰਜਾ ਕਰੋੜ ਯਾਦਵ ਆਪਸ ਵਿੱਚ ਲੜਕੇ ਮਰ ਗਏ, ਜਿਸ ਤਰ੍ਹਾਂ ਸਮੁੰਦਰ ਵਿੱਚ ਵੱਡੇ ਜੀਵ ਛੋਟਿਆਂ ਨੂੰ ਖਾ ਜਾਂਦੇ ਹਨ। ਮੈਨੂੰ ਹੁਕਮ ਕਰ ਗਏ ਕਿ ਤੂੰ ਬਾਲਕ, ਇਸਤ੍ਰੀਆਂ ਆਦਿ ਲੈ ਕੇ ਹਸਤਨਾਪੁਰ ਚਲਾ ਜਾ, ਹੇ ਰਾਜਨ ! ਹੁਣ ਸਾਡੇ ਜੀਵਨ ਦਾ ਕੋਈ ਮਨੋਰਥ ਨਹੀਂ।" ਇਸ ਤਰ੍ਹਾਂ ਆਪਣੇ ਪਿਆਰੇ ਇਸ਼ਟ ਸ੍ਰੀ ਕ੍ਰਿਸ਼ਨ ਜੀ ਤੋਂ ਵਿੱਛੜਕੇ ਅਰਜਨ ਉੱਤੇ ਮੁਸੀਬਤਾਂ ਦੇ ਪਹਾੜ ਟੁੱਟ ਪਏ।

# ੨੨

**ਸਵੈਯਾ।।ਤਾਲ ਭਰੇ ਜਲ ਪੂਰਨਿ ਸੌਂ,**
**ਅਰੁ ਸਿੰਧ ਮਿਲੀ ਸਰਿਤਾ ਸਭ ਜਾਈ ।**
**ਤੈਸੇ ਘਟਾਨ ਛਟਾਨ ਮਿਲੀ,**
**ਅਤਿ ਹੀ ਪਪੀਹਾ ਪੀਯ ਟੇਰ ਲਗਾਈ।**
**ਸਾਵਨ ਮਾਹਿ ਲਗਿਓ ਬਰਸਾਵਨ**
**ਭਾਵਨ ਨਾਹਿ ਹਹਾ ਘਰਿ ਮਾਈ।**
**ਲਾਗ ਰਹਯੋ ਪੁਰ ਭਾਮਨ ਸੌ**
**ਟਸਕਯੋ ਨ ਹੀਯੋ ਕਸਕਯੋ ਨ ਕਸਾਈ।।੯੧੮।।**

*– ਦਸਮ ਗ੍ਰੰਥ ਪੰਨਾ ੩੭੬*

**ਸ਼ਬਦਾਰਥ :**

ਸਿੰਧੁ-ਸਮੁੰਦ-ਸਾਗਰ ਵਿੱਚ। ਸਰਿਤਾ-ਨਦੀਆਂ ਸੱਭੇ। ਘਟਾਨ-ਘਟਾ, ਬੱਦਲਾਂ ਨਾਲ। ਛਟਾਨ-ਬਿਜਲੀਆਂ (ਮਿਲ ਰਹੀਆਂ ਹਨ)।ਟੇਰ-ਲਗਾਤਾਰ ਬੋਲਣ ਦੀ ਧੁਨਿ ਲਾਈ ਹੋਈ ਹੈ। ਭਾਵਨ-ਮਨ ਨੂੰ ਭਾਉਣ ਵਾਲਾ-ਪਿਆਰਾ ਪਤੀ। ਹਹਾ-ਹਾਇ ਹਾਇ ਨੀ ਮਾਂ, ਬੜਾ ਦੁੱਖ ਹੈ। ਭਾਮਨ-ਸ਼ਹਿਰਨ ਮੁਟਿਆਰਾਂ ਨਾਲ ਲੱਗਾ ਹੋਇਆ ਹੈ।

**ਵਿਆਖਿਆ :**

ਸਾਵਣ ਦਾ ਮਹੀਨਾ ਆ ਗਿਆ। ਸਾਵਣ ਦੇ ਮਹੀਨੇ ਵਿੱਚ ਬੜੀ ਜ਼ੋਰ ਦੀ ਬਰਸਾਤ ਹੁੰਦੀ ਹੈ, ਹਰ ਪਾਸੇ ਵਰਖਾ ਕਰਕੇ ਥਲ, ਜਲ ਨਾਲ ਭਰਪੂਰ ਹੋ ਜਾਂਦਾ ਹੈ। ਮੌਸਮ ਅਤਿ ਸੁਹਾਵਣਾ ਅਤੇ ਰਮਣੀਕ ਬਣ ਜਾਂਦਾ ਹੈ। ਪ੍ਰਕ੍ਰਿਤੀ ਦਾ ਕਣ ਕਣ ਪਾਣੀ ਨਾਲ ਧੁਲ ਕੇ ਸਵੱਛ ਅਤੇ ਉੱਜਲ ਬਣ ਜਾਂਦਾ ਹੈ। ਸਾਰੇ ਤਲਾਵਾਂ ਵਿੱਚ ਪਾਣੀ ਦੀ ਭਰਮਾਰ ਹੋਣ ਕਰਕੇ ਉਹ ਨਕਾ-ਨਕ ਭਰ ਜਾਂਦੇ ਹਨ, ਨਦੀਆਂ ਦੇ ਵਿੱਚ ਵਰਖਾ ਹੋਣ ਕਰਕੇ ਪਾਣੀ ਕਿਨਾਰਿਆਂ ਤਕ ਆ ਜਾਂਦਾ ਹੈ, ਅਤੇ ਨਦੀਆਂ ਉੱਛਲਦੀਆਂ ਉੱਛਲਦੀਆਂ ਆਪਣੇ ਪਿਆਰੇ ਸਹੁ ਸਾਗਰ ਨੂੰ ਮਿਲਣ ਲਈ ਉਤਾਵਲੀਆਂ ਹੋਈਆਂ ਹੋਈਆਂ ਉਸਨੂੰ ਗਲਵਕੜੀ ਪਾਉਂਦੀਆਂ ਹਨ। ਉਪਰ ਅਸਮਾਨ ਵਿੱਚ ਕਾਲੀਆਂ ਘਟਾਵਾਂ ਉਮੜ ਪੈਂਦੀਆਂ ਹਨ, ਅਤੇ ਉਨ੍ਹਾਂ ਵਿੱਚ

ਬਿਜਲੀ ਮਿਲੀ ਹੋਈ ਹੈ। ਇਹੋ ਜਿਹੇ ਰਮਣੀਕ ਸੁਹਾਵਣੇ ਸੁੰਦਰ ਵਾਤਾਵਰਣ ਵਿੱਚ ਪਪੀਹਾ ਆਪਣੇ ਪ੍ਰੀਤਮ ਦੀ ਰਟ ਲਗਾਉਂਦਾ ਹੈ, ਅਤੇ ਪੀਉ-ਪੀਉ ਦੀ ਆਵਾਜ਼ ਲਗਾਉਂਦਾ ਹੈ। ਸਾਵਣ ਦੇ ਮਹੀਨੇ ਵਿੱਚ ਬੱਦਲ ਪਾਣੀ ਨਾਲ ਭਰੇ ਹੁੰਦੇ ਹਨ, ਮੀਂਹ ਬਰਸਾਉਣ ਵਾਲੇ ਹੁੰਦੇ ਹਨ, ਪਰ ਗੋਪੀਆਂ ਦੀ ਦਸ਼ਾ ਅਤਿ ਤਰਸਣੀਯ ਹੈ, ਕਿਉਂਕਿ ਇਹੋ ਜਿਹੇ ਸੁਹਾਵਣੇ ਮੌਸਮ ਵਿੱਚ, ਜਦੋਂ ਪ੍ਰਕ੍ਰਿਤੀ ਦਾ ਹਰ ਪਲ, ਹਰ ਕਣ ਪੁਲਕਿਤ ਹੋ ਉਠਿਆ ਹੈ, ਗੋਪੀਆਂ ਦੇ ਪਿਆਰੇ ਇਸ਼ਟ ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਕੋਲੋਂ ਦੂਰ ਹਨ, ਉਹ ਵਿਚਾਰੀਆਂ ਕੀ ਕਰਨ ਉਨ੍ਹਾਂ ਦਾ ਪ੍ਰੀਤਮ ਮਾਹੀ ਤਾਂ ਪਰਦੇਸ ਵਿੱਚ ਹੈ। ਉਨ੍ਹਾਂ ਦੇ ਪ੍ਰੀਤਮ ਮਾਹੀ ਨੇ ਬ੍ਰਿਜ ਦੀਆਂ ਗੋਪੀਆਂ ਨੂੰ ਵਿਸਾਰ ਦਿੱਤਾ ਹੈ, ਅਤੇ ਉਨ੍ਹਾਂ ਦਾ ਮਨ ਮਥਰਾ ਦੀਆਂ ਮੁਟਿਆਰਾਂ ਨਾਲ ਲੱਗ ਗਿਆ ਹੈ, ਉਸ ਪਰਦੇਸੀ ਪ੍ਰੀਤਮ ਦਾ ਹਿਰਦਾ ਬ੍ਰਿਜ ਦੀਆਂ ਗੋਪੀਆਂ ਵਲ ਨਹੀਂ ਝੁਕਿਆ ਅਤੇ ਨਾ ਹੀ ਪ੍ਰੇਮੀ ਨੂੰ ਉਨ੍ਹਾਂ ਗੋਪੀਆਂ ਦੀ ਕੋਈ ਖਿੱਚ ਪਈ ਹੈ।

**ਭਾਵ :**

ਧਰਤੀ ਉੱਤੇ ਮੂਸਲਾਧਰ ਮੀਂਹ ਪੈਣ ਕਰਕੇ ਸਭ ਜਲ ਥਲ ਹੋ ਗਿਆ ਹੈ, ਕਾਲੀਆਂ ਘਟਾਵਾਂ ਅਤੇ ਘੋਰ ਕਾਲੇ ਬੱਦਲ ਗੋਪੀਆਂ ਨੂੰ ਆਪਣੇ ਪਿਆਰੇ ਪ੍ਰੀਤਮ ਸ੍ਰੀ ਕ੍ਰਿਸ਼ਨ ਜੀ ਦੀ ਯਾਦ ਕਰਾਉਂਦੇ ਹਨ।

## ਭਾਵਨ ਨਾਹਿ ਹਹਾ ਘਰਿ ਮਾਈ

ਗੋਪੀਆਂ ਦਾ ਮਨ ਭਾਵਨ, ਸਾਵਣ ਦੇ ਮਹੀਨੇ ਵਿੱਚ ਉਨ੍ਹਾਂ ਦੇ ਕੋਲ ਨਹੀਂ। ਉਹ ਉਨ੍ਹਾਂ ਨੂੰ ਤਿਆਗਕੇ ਮਥਰਾਪੁਰੀ ਦੀਆਂ ਇਸਤ੍ਰੀਆਂ ਦੇ ਵੱਸ ਵਿੱਚ ਹੋ ਗਿਆ ਹੈ। ਉਸ ਪਿਆਰੇ ਪ੍ਰੀਤਮ ਦੀ ਯਾਦ ਬਾਰ-ਬਾਰ ਸਤਾਉਂਦੀ ਹੈ, ਇਸ ਲਈ ਉਨ੍ਹਾਂ ਗੋਪੀਆਂ ਨੂੰ ਆਪਣਾ ਮਨ ਭਾਵਨ ਸਵਾਸ-ਸਵਾਸ ਯਾਦ ਆਉਂਦਾ ਹੈ, ਉਹ ਉਸਦੇ ਨਾਮ ਦੀ ਮਾਲਾ ਜਪਦੀਆਂ ਹਨ, ਉਸਨੂੰ ਆਪਣੇ ਹਿਰਦੇ ਮੰਦਿਰ ਵਿੱਚ ਹਮੇਸ਼ਾਂ ਲਈ ਟਿਕਾ ਕੇ ਰਖਦੀਆਂ ਹਨ, ਜਦੋਂ ਮੌਸਮ ਅਤਿ ਸੁਹਾਵਣਾ ਹੁੰਦਾ ਹੈ, ਬਾਹਰ ਰਿਮਝਿਮ-ਰਿਮਝਿਮ ਕਰਕੇ ਵਰਖਾ ਹੁੰਦੀ ਹੈ, ਸਾਰਾ ਵਾਤਾਵਰਨ ਉੱਜਲ, ਸਵੱਛ ਅਤੇ ਸਪਸ਼ਟ ਹੁੰਦਾ ਹੈ, ਗੋਪੀਆਂ ਦੇ ਹਿਰਦੇ ਦੀ ਗਤੀ ਵੱਧ ਜਾਂਦੀ ਹੈ, ਉਹ ਵਿਆਕੁਲ ਅਤੇ ਅਧੀਰ ਹੋ ਜਾਂਦੀਆਂ ਹਨ, ਉਹ ਹਉਕੇ ਲੈ ਕੇ ਇੱਕ ਦੂਸਰੇ ਨੂੰ ਸਾਂਤਵਨਾ ਦੇਣ ਦਾ ਪ੍ਰਯਤਨ ਕਰਦੀਆਂ ਹਨ, "ਹੇ ਸਖੀ ! ਸਾਡਾ ਪਿਆਰਾ ਭਾਵਨ ਅੱਜ ਸਾਡੇ ਕੋਲ ਨਹੀਂ ਹੈ। ਉਹ ਸਾਡੇ ਮੀਤ, ਪਿਆਰੇ ਨੇ ਜਦੋਂ ਧਰਤੀ ਦੈਤਾਂ ਦੇ ਭਾਰ ਅਤੇ ਡਰ ਨਾਲ ਭਾਰੀ ਹੋ ਗਈ ਸੀ, ਜਦੋਂ ਜ਼ਬਰ ਜ਼ੁਲਮ ਤਸ਼ੱਦਦ ਅਤਿਆਚਾਰ ਦਾ ਬੋਲਬਾਲਾ ਹੋ ਗਿਆ ਸੀ, ਜਦੋਂ ਦੈਂਤ ਸੰਤਾਂ ਨੂੰ ਤੰਗ ਕਰਦੇ

ਸਨ, ਜਦੋਂ ਚਾਰੇ ਪਾਸੇ ਹਾਹਾਕਾਰ ਮਚੀ ਹੋਈ ਸੀ, ਉਸ ਵੇਲੇ ਧਰਤੀ ਗਊ ਦਾ ਰੂਪ ਧਾਰਨ ਕਰਕੇ ਬ੍ਰਹਮਾ ਜੀ ਦੇ ਕੋਲ ਗਈ ਅਤੇ ਜਾ ਕੇ ਪੁਕਾਰ ਕੀਤੀ। ਬ੍ਰਹਮਾ ਜੀ ਨੇ ਉਸਨੂੰ ਕਿਹਾ, "ਤੂੰ ਵੀ ਅਤੇ ਮੈ ਵੀ ਇਕੱਠੇ ਹੋ ਕੇ ਉੱਥੇ ਚਲੀਏ ਜਿੱਥੇ ਮਹਾਂ ਵਿਸ਼ਨੂੰ ਜੀ ਰਹਿੰਦੇ ਹਨ, ਉਨ੍ਹਾਂ ਦੇ ਕੋਲ ਜਾ ਕੇ ਅਰਜ਼ ਬੇਨਤੀਆਂ ਕਰੀਏ"। ਇਸ ਤਰ੍ਹਾਂ ਪ੍ਰੋਗਰਾਮ ਉਲੀਕ ਕੇ ਸਾਰੇ ਦੇਵਤੇ ਬ੍ਰਹਮਾ ਜੀ ਨੂੰ ਨਾਲ ਲੈ ਕੇ ਮਹਾਂ ਵਿਸ਼ਨੂੰ ਜੀ ਦੇ ਚਰਨਾਂ ਵਿੱਚ ਜ਼ੋਰ-ਜ਼ੋਰ ਦੀ ਇਸ ਤਰ੍ਹਾਂ ਰੋਣ ਲੱਗ ਪਏ ਜਿਸ ਤਰ੍ਹਾਂ ਉਨ੍ਹਾਂ ਨੂੰ ਕਿਸੇ ਨੇ ਮਾਰਿਆ ਹੁੰਦਾ ਹੈ, ਜਿਵੇਂ ਬਾਣੀਆਂ ਲੁੱਟਿਆ ਗਿਆ ਹੋਵੇ ਅਤੇ ਚੌਧਰੀ ਨੂੰ ਅੱਗੇ ਕਰਕੇ ਕੋਤਵਾਲ ਕੋਲ ਫਰਿਆਦ ਕਰਨ ਲਈ ਇਕੱਠੇ ਹੋ ਕੇ ਗਏ ਹੋਣ। ਧਰਤੀ ਰੂਪ ਗਊ ਨੇ ਪ੍ਰਣਾਮ ਕੀਤਾ ਅਤੇ ਨੇਤ੍ਰਾਂ ਤੇ ਜਲ ਨਾਲ ਉਨ੍ਹਾਂ ਦੇ ਚਰਨਾਂ ਨੂੰ ਧੋ ਦਿੱਤਾ। ਖੀਰ ਸਮੁੰਦਰ ਵਿੱਚ ਮਹਾਂ-ਵਿਸ਼ਨੂੰ ਜੀ ਦੇ ਸਿੰਘਾਸਣ ਉੱਤੇ ਮਰਯਾਦਾ ਦੇ ਧਾਰਨੀ ਮਹਾਂ ਵਿਸ਼ਨੂੰ ਜੀ ਨੂੰ ਵੇਖ ਕੇ ਬ੍ਰਹਮਾ ਜੀ ਉਨ੍ਹਾਂ ਦੇ ਚਰਨਾਂ ਉੱਤੇ ਡਿੱਗ ਪਏ। ਉਨ੍ਹਾਂ ਨੇ ਬ੍ਰਹਮਾ ਜੀ ਨੂੰ ਕਿਹਾ, "ਤੁਸੀਂ ਜਾਵੋ ਮੈਂ ਅਵਤਾਰ ਲੈ ਕੇ ਦੈਂਤਾਂ ਦੀ ਜੜ੍ਹ ਨਾਸ ਕਰ ਦੇਵਾਂਗਾ।" ਸਾਰੇ ਦੇਵਤਿਆਂ ਦੇ ਮਨ ਅਤਿ ਪ੍ਰਸੰਨ ਹੋਏ।

**ਦੋਹਰਾ।।ਫਿਰਿ ਹਰਿ ਇਹ ਆਗਿਆ ਦਈ, ਦੇਵਨ ਸਕਲ ਬੁਲਾਇ।**
**ਜਾਇ ਰੂਪ ਤੁਮ ਹੂੰ ਧਰੋ, ਹਉ ਹੂੰ ਧਰਿ ਹੌ ਆਇ।।੧੩।।**

*– ਦਸਮ ਗ੍ਰੰਥ ਪੰਨਾ ੨੫੬*

ਦੂਸਰੀ ਗੋਪੀ ਨੇ ਆਪਣੇ ਮਨ ਭਾਵਨ ਦੀ ਬਾਲ ਲੀਲਾ ਨੂੰ ਯਾਦ ਕਰਦਿਆਂ ਹੋਇਆਂ ਆਪਣੇ ਪਿਆਰੇ ਪ੍ਰੀਤਮ ਦੇ ਉਹ ਦਿਨ ਸਭ ਨੂੰ ਯਾਦ ਕਰਕੇ ਦੱਸੇ, ਜਦੋਂ ਉਨ੍ਹਾਂ ਨੇ ਹੱਥ ਵਿੱਚ ਸੰਖ, ਗਦਾ ਅਤੇ ਤ੍ਰਿਸ਼ੂਲ ਧਾਰਨ ਕੀਤਾ ਹੋਇਆ ਸੀ, ਸਰੀਰ ਉੱਤੇ ਸੰਜੋਅ ਧਾਰਨ ਕੀਤਾ ਹੋਇਆ ਸੀ, ਚੌਥੇ ਹੱਥ ਵਿੱਚ ਖੜਗ, ਪੰਜਵੇਂ ਵਿੱਚ ਕਮਲ, ਛੇਵੇਂ ਵਿੱਚ ਧਨੁੱਖ, ਸਤਵੇਂ ਵਿੱਚ ਤੀਰ ਅਤੇ ਅਠਵੇਂ ਨਾਲ ਧੀਰਜ ਦੇਣ ਦਾ ਇਸ਼ਾਰਾ ਕਰ ਰਹੇ ਸਨ, ਇਸ ਤਰ੍ਹਾਂ ਦਾ ਸਰੂਪ ਧਾਰਨ ਕੀਤੇ ਹੋਏ ਪ੍ਰੇਮ ਸਰੂਪ ਨੇ ਆਪਣੇ ਸਰੀਰ ਉੱਤੇ ਪੀਲੇ ਕਪੜੇ ਪਾਏ ਹੋਏ ਸਨ। ਜਿਸ ਵੇਲੇ ਦੇਵਕੀ ਸੁੱਤੀ ਪਈ ਸੀ, ਉਸ ਵੇਲੇ ਉਨ੍ਹਾਂ ਦੇ ਗ੍ਰਹਿ ਵਿਖੇ ਇਸ ਤਰ੍ਹਾਂ ਦੇ ਸਰੂਪ ਧਾਰਨ ਕੀਤੇ ਹੋਏ ਪੁਰਖ ਪਰਗਟ ਹੋਏ। ਉਹ ਮਨ ਵਿੱਚ ਡਰ ਗਈ, ਉਨ੍ਹਾਂ ਨੂੰ ਉਸਨੇ ਪੁਤ੍ਰ ਕਰਕੇ ਨਹੀਂ ਜਾਣਿਆਂ, ਸਗੋਂ ਹਰੀ ਸਰੂਪ ਕਰਕੇ ਜਾਣਿਆ ਅਤੇ ਪ੍ਰਣਾਮ ਕਰਕੇ ਚਰਨਾਂ ਉੱਤੇ ਡਿੱਗ ਪਈ।

**ਕ੍ਰਿਸਨ ਜਨਮ ਜਬ ਹੀ ਭਯੋ ਦੇਵਨ ਭਯੋ ਹੁਲਾਸ।**
**ਸਤ੍ਰ ਸਭੈ ਅਬ ਨਾਸ ਹੋਹਿ ਹਮ ਕੋ ਹੋਇ ਬਿਲਾਸ।।੫੬।।**

*– ਦਸਮ ਗ੍ਰੰਥ ਪੰਨਾ ੨੬੦*

ਸ੍ਰੀ ਕ੍ਰਿਸ਼ਨ ਜੀ ਨੇ ਦੇਵਕੀ ਦੇ ਘਰ ਅਵਤਾਰ ਧਾਰਨ ਕਰਕੇ ਮਾਤਾ ਯਸ਼ੋਧਾ ਅਤੇ ਬਾਬਾ ਨੰਦ ਦੇ ਗ੍ਰਹਿ ਵਿਖੇ ਆਪਣੇ ਬਚਪਨ ਦੇ ਮਨੋਹਰ ਦਿਨ ਆਪਣੇ ਬਾਲ

ਗੋਪਾਲਾਂ ਨਾਲ ਮੌਜ ਅਤੇ ਮਸਤੀ ਵਿੱਚ ਗੁਜ਼ਾਰੇ। ਉਧਰ ਕੰਸ ਨੂੰ ਬਹੁਤ ਫਿਕਰ ਲੱਗ ਗਿਆ ਅਤੇ ਉਸਨੇ ਸ੍ਰੀ ਕ੍ਰਿਸ਼ਨ ਜੀ ਨੂੰ ਜਾਨੋਂ ਮਾਰ ਦੇਣ ਦੇ ਉਪਰਾਲੇ ਸ਼ੁਰੂ ਕਰ ਦਿੱਤੇ। ਕੰਸ ਨੇ ਬਨ ਦੈਂਤ ਦੀ ਭੈਣ ਨੂੰ ਬੁਲਾ ਕੇ ਕਿਹਾ,''ਹੇ ਪੂਤਨਾ ! ਇੱਕ ਗੱਲ ਧਿਆਨ ਨਾਲ ਸੁਣ ਲੈ, ਅਤੇ ਅੱਜ ਹੀ ਮੇਰਾ ਕੰਮ ਕਰ ਦੇ। ਜਿਹੜੇ ਬਾਲਕ ਮੇਰੇ ਦੇਸ਼ ਵਿੱਚ ਜੰਮੇ ਹਨ ਉਨ੍ਹਾਂ ਨੂੰ ਜਾ ਕੇ ਛੇਤੀ ਖਤਮ ਕਰ ਦੇ, ਕਿਉਂਕਿ ਉਨ੍ਹਾਂ ਦੇ ਭੈ ਤੋਂ ਮੇਰਾ ਹਿਰਦਾ ਬਹੁਤ ਡਰ ਰਿਹਾ ਹੈ।" ਪੂਤਨਾ ਨੇ ਕੰਸ ਨਾਲ ਵਾਅਦਾ ਕੀਤਾ ਕਿ ਉਹ ਸਭ ਬਾਲਕਾਂ ਨੂੰ ਮਾਰ ਦੇਵੇਗੀ ਤੇ ਕੰਸ ਨਿਰਭੈ ਹੋ ਕੇ ਰਾਜ ਕਰੇ। ਪਾਪਣ ਪੂਤਨਾ ਨੇ ਸਾਰੇ ਜਗਤ ਦੇ ਸਵਾਮੀ ਨੂੰ ਮਾਰਨ ਦੀ ਜ਼ਿੰਮੇਵਾਰੀ ਲੈ ਲਈ। ਸੋਲ੍ਹਾਂ ਸ਼ਿੰਗਾਰ ਕਰਕੇ ਗੋਕੁਲ ਵਿੱਚ ਜਾ ਪਹੁੰਚੀ। ਛਲ ਨਾਲ ਯਸ਼ੋਧਾ ਕੋਲੋਂ ਬਾਲਕ ਸ੍ਰੀ ਕ੍ਰਿਸ਼ਨ ਜੀ ਨੂੰ ਲੈ ਲਿਆ ਅਤੇ ਜ਼ਹਿਰ ਲਗਾਇਆ ਹੋਇਆ ਅਸਥਨ ਸ੍ਰੀ ਕ੍ਰਿਸ਼ਨ ਜੀ ਦੇ ਮੁੱਖ ਵਿੱਚ ਪਾ ਦਿੱਤਾ। ਸ੍ਰੀ ਕ੍ਰਿਸ਼ਨ ਜੀ ਨੇ ਪ੍ਰਾਣ ਤੇ ਲਹੂ ਭੀ ਦੁੱਧ ਦੇ ਨਾਲ ਹੀ ਮੁੱਖ ਵਿੱਚ ਖਿੱਚ ਲਏ।

**ਦੋਹਰਾ।।ਪਾਪ ਕਰਿਓ ਬਹੁ ਪੂਤਨਾ ਜਾ ਸੋ ਨਰਕ ਡਰਾਇ।**
**ਅੰਤਿ ਕਹਿਯੋ ਹਰਿ ਛਾਡਿ ਦੈ ਬਸੀ ਬਿਕੁੰਠਹ ਜਾਇ।।੯੯।।**

*– ਦਸਮ ਗ੍ਰੰਥ ਪੰਨਾ **੨੬੩***

ਇਸ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਨੇ ਸਭ ਤੋਂ ਪਹਿਲਾਂ ਪੂਤਨਾਂ ਦੀ ਗਤੀ ਕੀਤੀ ਅਤੇ ਧਰਤੀ ਦਾ ਭਾਰ ਉਤਾਰਿਆ।

ਹੇ ਸਖੀ ! ਮੇਰੇ ਭਾਵਨ ਨੂੰ ਤ੍ਰਿਣਾਵਰਤ ਨੇ ਮਾਰਨ ਦਾ ਪ੍ਰਣ ਕੀਤਾ। ਗੋਕੁਲ ਵਿਖੇ ਪਹੁੰਚ ਕੇ ਤ੍ਰਿਣਾਵਰਤ ਨੇ ਵਾ ਵਰੋਲੇ ਦਾ ਰੂਪ ਧਾਰਨ ਕਰ ਲਿਆ ਅਤੇ ਜ਼ੋਰ ਦੀ ਹਵਾ ਚਲਾ ਦਿੱਤੀ। ਸ੍ਰੀ ਕ੍ਰਿਸ਼ਨ ਜੀ ਨੇ ਵੀ ਆਪਣੇ ਆਪ ਨੂੰ ਭਾਰੀ ਕਰ ਲਿਆ, ਅਤੇ ਉਸਨੂੰ ਧਰਤੀ ਤੇ ਸੁੱਟ ਲਿਆ। ਤ੍ਰਿਣਾਵਰਤ ਸ੍ਰੀ ਕ੍ਰਿਸ਼ਨ ਜੀ ਨੂੰ ਲੈ ਕੇ ਅਕਾਸ਼ ਵਿੱਚ ਉੱਡ ਗਿਆ, ਉੱਥੇ ਬਹੁਤ ਘਮਾਸਾਨ ਯੁੱਧ ਹੋਇਆ। ਸ੍ਰੀ ਕ੍ਰਿਸ਼ਨ ਜੀ ਨੇ ਹੇ ਸਖੀ ! ਆਪਣੇ ਵੈਰੀ ਦਾ ਸਿਰ ਕੱਟ ਦਿੱਤਾ ਤੇ ਤ੍ਰਿਣਾਵਰਤ ਦਾ ਧੜ ਧਰਤੀ ਤੇ ਇਸ ਤਰ੍ਹਾਂ ਡਿੱਗ ਪਿਆ ਜਿਵੇਂ ਕੋਈ ਵੱਡਾ ਰੁੱਖ ਧਰਤੀ ਤੇ ਡਿੱਗਾ ਹੋਵੇ ਅਤੇ ਉਸਦਾ ਸਿਰ ਇੰਝ ਆਣ ਡਿੱਗਾ ਜਿਵੇਂ ਟਾਹਣੀ ਨਾਲੋਂ ਖੱਟਾ ਟੁੱਟ ਪਿਆ ਹੋਵੇ।

**ਜਉ ਹਰਿ ਜੀ ਨਭਿ ਬੀਚ ਗਯੋ,**
**ਕਰ ਤਉ ਅਪਨੇ ਬਲ ਕੋ ਤਨ ਚੱਟਾ।**
**ਰੂਪ ਭਯਾਨਕ ਕੋ ਧਰਿਕੈ,**
**ਮਿਲਿ ਜੁੱਧ ਕਰਯੋ ਤਬ ਰਾਛਸ ਫੱਟਾ।**
**ਫੇਰਿ ਸੰਭਾਰ ਦਸੋ ਨਖ ਆਪਨੇ,**
**ਕੈ ਕੈ ਤੁਰਾ ਸਿਰ ਸਤ੍ਰ ਕੋ ਕੱਟਾ।**

**ਰੁੰਡ ਗਿਰਯੋ ਜਨ ਪੇਡਿ ਗਿਰਯੋ,**
**ਇਮ ਮੁੰਡ ਪਰਯੋ ਜਨ ਡਾਰ ਤੇ ਖੱਟਾ।।੧੦੯।।**

*- ਦਸਮ ਗ੍ਰੰਥ ਪੰਨਾ* ***੨੬੬***

ਹੇ ਸਖੀ ! ਮੇਰੇ ਪਿਆਰੇ ਪ੍ਰੀਤਮ ਨੇ ਬੱਛਾਸੁਰ ਨੂੰ ਮਾਰ ਕੇ ਧਰਤੀ ਦੇ ਭਾਰ ਨੂੰ ਹੌਲਾ ਕੀਤਾ। ਹੁਣ ਬੱਕ ਦੈਂਤ ਨੇ ਮੇਰੇ ਪਿਆਰੇ ਨੂੰ ਮਾਰਨ ਦਾ ਵਾਅਦਾ ਕੀਤਾ। ਪਰ ਸ੍ਰੀ ਕ੍ਰਿਸ਼ਨ ਜੀ ਨੇ ਖਿਨਾਂ ਪਲਾਂ ਵਿੱਚ ਪਹਿਲਾਂ ਅੱਗ ਰੂਪ ਹੋ ਕੇ ਉਸ ਦਾ ਕੰਠ ਸਾੜ ਦਿੱਤਾ, ਫਿਰ ਉਸਦੀ ਚੁੰਝ ਫੜ ਕੇ ਉਸਦੇ ਸਰੀਰ ਨੂੰ ਚੀਰ ਕੇ ਲਹੂ ਦੀ ਨਦੀ ਵਗਾ ਦਿੱਤੀ ਅਤੇ ਉਸਦੇ ਜੀਵਨ ਦਾ ਅੰਤ ਕਰ ਦਿੱਤਾ।

**ਕਬਿਤੁ।।ਜਬੈ ਦੈਤ ਆਯੋ ਮਹਾ ਮੁਖਿ ਚਵਰਾਯੋ**
**ਜਬ ਜਾਨਿ ਹਰਿ ਪਾਯੋ ਮਨ ਕੀਨੋ ਵਾਕੇ ਨਾਸ ਕੋ।**
**ਸਿੱਧ ਸੁਰ ਜਾਪ ਤਿਨੈ ਉਖਾਰ ਡਾਰੀ ਚੋਚ ਵਾਕੀ,**
**ਬਲੀ ਮਾਰ ਡਾਰਯੋ ਮਹਾਬਲੀ ਨਾਮ ਜਾਸ ਕੋ।**
**ਭੂਮਿ ਗਿਰ ਪਰਯੋ ਹ੍ਵੈ ਦੂਟੂਕ ਮਹਾ ਮੁਖਿ ਵਾ ਕੌ।**
**ਤਾ ਕੀ ਛਬਿ ਕਹਿਬੇ ਕੋ ਭਯੋ ਮਨ ਦਾਸ ਕੋ।**
**ਖੇਲਬੇ ਕੇ ਕਾਜ ਬਨ ਬੀਚ ਗਏ ਬਾਲਕ ਜਿਉਂ ,**
**ਲੈ ਕੇ ਕਰ ਮੱਧਿ ਚੀਰ ਡਾਰੈਂ ਲਾਂਬੇ ਘਾਸ ਕੋ।।੧੬੩।।**

*- ਦਸਮ ਗ੍ਰੰਥ ਪੰਨਾ ੨੭੩*

ਫਿਰ ਪੂਤਨਾ ਦੇ ਭਰਾ ਅਘਾਸੁਰ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਮਾਰਨ ਲਈ ਆਪਣੇ ਮੂੰਹ ਨੂੰ ਵੱਡਾ ਪਸਾਰ ਲਿਆ। ਸ੍ਰੀ ਕ੍ਰਿਸ਼ਨ ਜੀ ਦੇ ਸਾਰੇ ਬਾਲਕ ਸਖਾ ਉਸਦੇ ਅੱਡੇ ਹੋਏ ਮੂੰਹ ਵਿੱਚ ਵੜੇ ਅਤੇ ਫਿਰ ਸ੍ਰੀ ਕ੍ਰਿਸ਼ਨ ਜੀ ਵੀ ਵੜ ਗਏ। ਉਸ ਨੇ ਲੇਟ ਕੇ ਆਪਣਾ ਮੂੰਹ ਮੀਟ ਲਿਆ। ਸ੍ਰੀ ਕ੍ਰਿਸ਼ਨ ਜੀ ਨੇ ਆਪਣੀ ਦੇਹ ਨੂੰ ਵਧਾ ਕੇ ਉਸ ਰਾਖਸ਼ ਦੇ ਮੂੰਹ ਨੂੰ ਰੋਕ ਕੇ ਉਸਦੇ ਸਵਾਸ ਰੋਕ ਲਏ। ਸ੍ਰੀ ਕ੍ਰਿਸ਼ਨ ਜੀ ਨੇ ਉਸਦਾ ਸਿਰ ਪਾੜ ਦਿੱਤਾ ਤੇ ਇੰਝ ਅਘਾਸੁਰ ਨੂੰ ਆਪਣੇ ਪ੍ਰਾਣਾਂ ਤੋਂ ਹੱਥ ਧੋਣੇ ਪਏ। ਫਿਰ ਮੇਰੇ ਪਿਆਰੇ ਪ੍ਰੀਤਮ ਨੇ ਬ੍ਰਿਖਭਾਸੁਰ ਦੈਂਤ, ਜਿਸਦੇ ਸਿੰਗ ਅਕਾਸ਼ ਨੂੰ ਛੂਹ ਰਹੇ ਸਨ, ਬੜੇ ਗੁੱਸੇ ਨਾਲ ਆਪਣੇ ਦੋਹਾਂ ਹੱਥਾਂ ਦੀ ਤਾਕਤ ਨਾਲ ਫੜ ਲਿਆ। ਸਿੰਗਾਂ ਤੋ ਫੜ੍ਹਕੇ ਉਸ ਨੂੰ ਅਠਾਰ੍ਹਾਂ ਕਦਮਾਂ ਤੇ ਜਾ ਸੁੱਟਿਆ। ਜਦੋਂ ਉਸਨੇ ਲੜਨ ਦਾ ਉਪਰਾਲਾ ਕੀਤਾ ਤਾਂ ਸ੍ਰੀ ਕ੍ਰਿਸ਼ਨ ਜੀ ਨੇ ਉਸਨੂੰ ਚੁੱਕ ਕੇ ਦੂਰ ਵਗਾਹ ਮਾਰਿਆ, ਜਿਸ ਨਾਲ ਉਸਦੀ ਮੌਤ ਹੋ ਗਈ। ਅਸਲ ਵਿੱਚ ਉਹ ਲੜਿਆ ਜਾਂ ਮਰਿਆ ਨਹੀਂ, ਮੇਰੇ ਪਿਆਰੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਹੱਥ ਲਗਦਿਆਂ ਹੀ ਉਸਦੀ ਮੁਕਤੀ ਹੋ ਗਈ ਸੀ। ਇਸੇ ਤਰ੍ਹਾਂ ਹੀ ਹੇ ਸਖੀ ! ਕੇਸੀ ਦੈਂਤ ਨੂੰ ਵੀ ਖਿਨਾਂ ਪਲਾਂ ਵਿੱਚ ਮਾਰ ਮੁਕਾਇਆ। ਬਿਸ੍ਰਾਸੁਰ ਦੈਂਤ ਚੋਰ ਬਣਕੇ ਜਦੋਂ ਗੁਆਲ ਬਾਲਾਂ ਨੂੰ ਖਾਣ ਲਈ ਆਇਆ, ਉਸ ਵੇਲੇ ਸ੍ਰੀ ਕ੍ਰਿਸ਼ਨ ਜੀ ਨੇ ਉਸਦੀ ਧੌਣ ਫੜ ਲਈ ਅਤੇ ਜ਼ੋਰ ਨਾਲ ਧਰਤੀ ਉੱਤੇ ਪਟਕਾ ਕੇ ਮਾਰ ਦਿੱਤਾ। ਉਸਦਾ ਦਾ ਸੰਘਾਰ

ਕਰਕੇ ਸਾਧਾਂ ਸੰਤਾਂ ਦੀ ਰੱਖਿਆ ਕੀਤੀ। ਕੁਵੱਲੀਆ ਪੀੜ ਹਾਥੀ ਨੂੰ ਖਿਨਾਂ ਪਲਾਂ ਵਿੱਚ ਮੂਰਛਤ ਕਰਕੇ ਮਾਰ ਦਿੱਤਾ ਤੇ ਫਿਰ ਚੰਡੂਰ ਪਹਿਲਵਾਨ ਨੂੰ ਘੜੀਆਂ ਪਲਾਂ ਵਿੱਚ ਮਾਰ ਮੁਕਾਇਆ।

ਹੇ ਸਖੀ ! ਮੈਨੂੰ ਅੱਜ ਆਪਣੇ ਪਿਆਰੇ ਦੀ ਯਾਦ ਬਹੁਤ ਸਤਾ ਰਹੀ ਹੈ। ਉਨ੍ਹਾਂ ਨੇ ਖਿਨਾਂ ਪਲਾਂ ਵਿੱਚ ਕੰਸ ਜਿਸਨੇ ਸ੍ਰੀ ਕ੍ਰਿਸ਼ਨ ਜੀ ਨੂੰ ਮਾਰ ਮੁਕਾਉਣ ਦੇ ਅਨੇਕਾਂ ਪ੍ਰਯਤਨ ਕੀਤੇ, ਜਲਦੀ ਹੀ ਮਾਰ ਮੁਕਾਇਆ।

**ਗਹਿ ਕੇਸਨ ਤੇ ਪਟਕਯੋ ਧਰ ਸੌਂ**
**ਗਹਿ ਗੋਡਨ ਤੇ ਤਬ ਘੀਸ ਦਯੋ।**
**ਨ੍ਰਿਪ ਮਾਰ ਹੁਲਾਸ ਬਢਯੋ ਜੀਯ ਮੈ**
**ਅਤਿ ਹੀ ਪੁਰ ਭੀਤਰ ਸੋਰ ਪਯੋ।**
**ਕਬਿ ਸਯਾਮ ਪ੍ਰਤਾਪ ਪਿਖੋ ਹਰਿ ਕੋ**
**ਜਿਨ ਸਾਧਨ ਰਾਖ ਕੈ ਸਤ੍ਰ ਛਯੋ।**
**ਕਟ ਬੰਧਨ ਤਾਤ ਦਏ ਮਨ ਕੇ**
**ਸਭ ਹੀ ਜਗ ਮੈ ਜਸ ਵਾਹਿ ਲਯੋ।।੮੫੨।।**

*- ਦਸਮ ਗ੍ਰੰਥ ਪੰਨਾ ੩੬੭*

ਪਹਿਲਾਂ ਕੇਸਾਂ ਤੋਂ ਫੜਕੇ ਧਰਤੀ ਨਾਲ ਪਟਾਕ ਮਾਰਿਆ, ਮਗਰੋਂ ਲੱਤਾਂ ਤੋਂ ਫੜਕੇ ਧਰਤੀ ਉੱਤੇ ਘਸੀਟਿਆ, ਤੇ ਇਸ ਤਰ੍ਹਾਂ ਉਸਨੂੰ ਮਾਰ ਮੁਕਾਇਆ।

ਧਨ ਸਿੰਘ ਵਰਗੇ ਸੂਰਮੇ ਨੂੰ ਮਾਰ ਮੁਕਾਇਆ ਅਤੇ ਗਜ ਸਿੰਘ, ਬਲੀ ਅਤਿ ਕ੍ਰੋਧਿਤ ਹੋ ਗਿਆ ਅਤੇ ਮੇਰੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਨੇ ਗਜ ਸਿੰਘ ਦਾ ਬੱਧ ਕਰਕੇ ਉਸਨੂੰ ਖਤਮ ਕਰ ਦਿੱਤਾ।

**ਦੋਹਰਾ।।ਅਣਗ ਸਿੰਘ ਅਉ ਅਚਲਸੀ ਅਮਿਤ ਸਿੰਘ ਨ੍ਰਿਪ ਤੀਰ ।।**
**ਅਮਰ ਸਿੰਘ ਅਰ ਅਨਘਸੀ ਮਹਾਂਰਥੀ ਰਨਧੀਰ ।।੧੧੩੬।।**

*- ਦਸਮ ਗ੍ਰੰਥ ਪੰਨਾ ੪੦੭*

ਸ੍ਰੀ ਕ੍ਰਿਸ਼ਨ ਜੀ ਨੇ ਅਨੇਕਾਂ ਮਹਾਰਥੀਆਂ ਨੂੰ ਮਾਰ ਮੁਕਾਇਆ। ਆਪਣੇ ਸੂਰਮਿਆਂ ਦਾ ਬੱਧ ਵੇਖ ਕੇ ਰਾਜਾ ਜਰਾਸਿੰਧ ਨੇ ਸਭ ਸੂਰਮਿਆਂ ਨੂੰ ਵੰਗਾਰਿਆ ਅਤੇ ਕਿਹਾ,''ਵੇਖੋ ! ਅੱਜ ਰਣਭੂਮੀ ਵਿੱਚ ਕ੍ਰਿਸ਼ਨ ਜੀ ਨੇ ਪੰਜ ਰਾਜੇ ਮਾਰ ਦਿੱਤੇ ਹਨ। ਹੁਣ ਤੁਸੀਂ ਨਿਸੰਗ ਹੋ ਕੇ ਰਣਭੂਮੀ ਵੱਲ ਟੁਰ ਪਵੋ।'' ਇਸ ਤਰ੍ਹਾਂ ਰਾਜੇ ਜਰਾਸਿੰਧ ਦੇ ਅਨਗਿਣਤ ਸੂਰਮਿਆ ਨੂੰ ਮਾਰ ਗਿਰਾਇਆ।

ਹੇ ਸਖੀ ! ਮੇਰੇ ਪ੍ਰਾਣ ਪਿਆਰੇ ਸ਼ਿਆਮ ਸੁੰਦਰ ਜੀ ਨੇ ਵੀਰ ਖੜਗ ਸਿੰਘ ਨਾਲ ਘੋਰ ਯੁੱਧ ਕੀਤਾ। ਜਰਾਸਿੰਧ ਨੂੰ ਮਾਰ ਕੇ ਧਰਤੀ ਦੇ ਭਾਰ ਨੂੰ ਹਲਕਾ ਕੀਤਾ। ਕਾਲ ਜਮਨ ਨੂੰ ਕਸ਼ਟ ਦਿੱਤਾ। ਹੇ ਮੇਰੀ ਪਿਆਰੀ ਸਖੀ ! ਮੇਰੇ ਸ੍ਰੀ ਕ੍ਰਿਸ਼ਨ ਜੀ ਪਿਆਰੇ ਨੇ ਮੁਰ ਦੈਂਤ, ਜਿਹੜਾ ਪਾਣੀ ਦੇ ਕਿਲ੍ਹੇ ਵਿੱਚ ਰਹਿੰਦਾ ਸੀ, ਕਾਲ ਯੁੱਧ ਕਰਕੇ ਮਾਰ ਸੁੱਟਿਆ।

**ਸਵੈਯਾ।।ਘਾਵ ਬਿਅਰਥ ਗਯੋ ਜਬ ਹੀ**
**ਤਬ ਗਾਜ ਕੈ ਰਾਛਸ ਕੋਪ ਬਢਾਯੋ।।**
**ਦੇਹ ਬਢਾਇ ਬਢਾਇ ਕੈ ਆਨਨ**
**ਸਯਾਮ ਜੂ ਕੇ ਬਧ ਕਾਰਨ ਧਾਯੋ ।।**
**ਨੰਦਗ ਕਾਢ ਤਬੈ ਕਟਿ ਤੇ**
**ਬ੍ਰਿਜਨਾਥ ਤਬੈ ਤਕਿ ਤਾਹਿ ਚਲਾਯੋ ।।**
**ਜੈਸੇ ਕੁਮ੍ਹਾਰ ਕਟੈ ਘਟਿ ਕੋ**
**ਅਰਿ ਕੋ ਸਿਰ ਤੈਸੇ ਹੀ ਕਾਟਿ ਗਿਰਾਯੋ।। ੨੧੨੫।**

*– ਦਸਮ ਗ੍ਰੰਥ ਪੰਨਾ* ੫੨੩

ਜਦੋਂ ਮੁਰ ਦੈਂਤ ਦੇ ਰਿਸ਼ਤੇਦਾਰਾਂ ਨੂੰ ਪਤਾ ਲਗਿਆ ਕਿ ਸ੍ਰੀ ਕ੍ਰਿਸ਼ਨ ਜੀ ਨੇ ਮੁਰ ਦੈਂਤ ਨੂੰ ਮਾਰ ਮੁਕਾਇਆ ਹੈ, ਉਸਦੇ ਸੱਤ ਪੁੱਤਰ ਬਹੁਤ ਸਾਰੀ ਫੌਜ ਲੈ ਕੇ ਸ੍ਰੀ ਕ੍ਰਿਸ਼ਨ ਜੀ ਉੱਤੇ ਚੜ੍ਹ ਪਏ। ਬੜਾ ਘਮਾਸਾਨ ਯੁੱਧ ਹੋਇਆ ਅਤੇ ਸ੍ਰੀ ਕ੍ਰਿਸ਼ਨ ਜੀ ਨੇ ਸਭ ਨੂੰ ਮਾਰ ਕੇ ਮ੍ਰਿਤ ਲੋਕ ਵਿੱਚ ਭੇਜ ਦਿੱਤਾ। ਹੇ ਸਖੀ ! ਜਦੋਂ ਭੂਮਾਸੁਰ ਦੈਂਤ ਨੂੰ ਪਤਾ ਲੱਗਾ ਕਿ ਮੁਰ ਨਾਮ ਦੇ ਯੋਧੇ ਅਤੇ ਉਸਦੇ ਸੱਤਾਂ ਪੁੱਤਰਾਂ ਸ੍ਰੀ ਕ੍ਰਿਸ਼ਨ ਜੀ ਨੇ ਨਾਸ ਕਰ ਦਿੱਤਾ ਹੈ, ਉਸਨੇ ਆਪਣੀ ਸਾਰੀ ਫੌਜ ਨੂੰ ਯੁੱਧ ਕਰਨ ਲਈ ਬੁਲਾ ਭੇਜਿਆ। ਉਸਦੀ ਫੌਜ ਨਾਲ ਸ੍ਰੀ ਕ੍ਰਿਸ਼ਨ ਜੀ ਨੇ ਡਟਕੇ ਮੁਕਾਬਲਾ ਕੀਤਾ।

**ਸਵੈਯਾ।।ਜੁੱਧ ਕੋ ਆਵਤ ਭੂਪ ਜਬੈ**
**ਬ੍ਰਿਜਨਾਇਕ ਆਪਨੇ ਨੈਨ ਨਿਹਾਰਯੋ।।**
**ਠਾਢ ਰਹਯੋ ਨਹਿ ਤਉਨ ਧਰਾ ਪਰ**
**ਆਗੇ ਹੀ ਜੁੱਧ ਕੋ ਆਪ ਸਿਧਾਰਯੋ।।**
**ਮਾਰਤ ਹਉ ਤੁਹ ਕੌ ਅਬ ਹੀ**
**ਰਹੁ ਠਾਢ ਅਰੇ ਇਹ ਭਾਂਤਿ ਉਚਾਰਯੋ।।**
**ਯੋ ਕਹਿ ਕੈ ਪੁਨ ਸਾਰੰਗ ਕੋ ਤਨ ਕੈ**
**ਸਰ ਸਤ੍ਰ ਹ੍ਰਿਦੈ ਮਹਿ ਮਾਰਯੋ।। ੨੧੩੧।।**

*– ਦਸਮ ਗ੍ਰੰਥ ਪੰਨਾ ੫੨੫*

ਜਦੋਂ ਰਾਜੇ ਨੂੰ ਜੰਗ ਕਰਨ ਲਈ ਆਉਂਦਾ ਹੋਇਆ ਸ੍ਰੀ ਕ੍ਰਿਸ਼ਨ ਜੀ ਨੇ ਆਪਣੀਆਂ ਅੱਖਾਂ ਨਾਲ ਵੇਖਿਆ ਤਾਂ ਉਸਨੂੰ ਅੱਗੋਂ ਦੀ, ਲਲਕਾਰਾਂ ਮਾਰਦੇ ਹੋਏ ਜੰਗ ਕਰਨ ਲਈ ਚਲੇ ਗਏ। ਉਨ੍ਹਾਂ ਨੇ ਉੱਚੀ ਆਵਾਜ਼ ਵਿੱਚ ਕਿਹਾ,''ਓਇ ਖੜਾ ਰਹੁ, ਤੈਨੂੰ ਹੁਣੇ ਹੀ ਮਾਰਦਾ ਹਾਂ''। ਇੰਞ ਕਹਿ ਕੇ ਸਾਰੰਗ ਧਨੁੱਖ ਨੂੰ ਖਿੱਚ ਕੇ ਵੈਰੀ ਦੀ ਛਾਤੀ ਵਿੱਚ ਤੀਰ ਮਾਰ ਦਿੱਤਾ।

**ਸ੍ਵੈਯਾ।।ਸਾਰੰਗ ਤਾਨ ਜਬੈ ਅਰਿ ਕੋ**
**ਬ੍ਰਿਜਨਾਇਕ ਤੀਛਨ ਬਾਨ ਚਲਾਯੋ।।**

**ਲਾਗਤ ਹੀ ਗਿਰ ਭੂਮ ਭੂਮਾਸੁਰ
ਝੂਮ ਪਰਯੋ ਜਮਲੋਕ ਸਿਧਾਯੋ।।
ਸ੍ਰਉਨ ਲਗਯੋ ਨਹਿ ਤਾ ਸਰ ਕੌ
ਇਹ ਭਾਂਤਿ ਚਲਾਕੀ ਸੋ ਪਾਰ ਪਰਾਯੋ।।
ਜੋਗ ਕੇ ਸਾਧਕ ਜਿਉ ਤਨ ਤਯਾਗ
ਚਲਯੋ ਨਭ ਪਾਪ ਨ ਭੇਟਨ ਪਾਯੋ।।੨੧੩੮।।**

*– ਦਸਮ ਗ੍ਰੰਥ ਪੰਨਾ ੫੨੫*

ਇਸ ਤਰ੍ਹਾਂ ਮੇਰੇ ਪ੍ਰੀਤਮ ਪਿਆਰੇ ਨੇ ਤੀਖਣ ਤੀਰ ਚਲਾ ਕੇ ਭਮਾਸੁਰ ਨੂੰ ਜੀਵਨ ਮੁਕਤ ਕਰ ਦਿੱਤਾ। ਉਸ ਤੋਂ ਉਪਰੰਤ ਬਕਤ੍ਰ ਦੈਤ ਅਤੇ ਬੈਦੂਰਥ ਦੈਂਤ ਦਾ ਬੱਧ ਕਰਕੇ ਧਰਤੀ ਦੇ ਭਾਰ ਨੂੰ ਹੌਲਾ ਕੀਤਾ। ਭਸਮਾਗਤ ਦੈਂਤ ਜਿਸਨੇ ਸ਼ਿਵਜੀ ਕੋਲੋਂ ਇਹ ਵਰ ਮੰਗਿਆ ਹੋਇਆ ਸੀ ਕਿ ਜਿਸਦੇ ਸਿਰ ਉੱਤੇ ਉਹ ਹੱਥ ਰੱਖੇ, ਉਹ ਸੜਕੇ ਸਵਾਹ ਹੋ ਜਾਵੇ।

**ਸ੍ਵੈਯਾ।।ਹਾਥ ਧਰੋ ਜਿਹ ਕੈ ਸਿਰ ਪੈ
ਤਿਹ ਛਾਰ ਉਡੈ ਜਬ ਹੀ ਬਰੁ ਪਾਯੋ।।
ਰੁਦ੍ਰ ਹੀ ਕਉ ਪ੍ਰਥਮੈ ਹਤਿ ਕੈ
ਜੜ ਚਾਹਤ ਤਉ ਤਿਹ ਤ੍ਰੀਅ ਛਿਨਾਯੋ।।
ਰੁਦ੍ਰ ਭਜਯੋ ਤਬ ਆਇ ਹੈ ਸਯਾਮ ਜੂ
ਆਇ ਕੈ ਸੋ ਛਲ ਸੋ ਜਰਵਾਯੋ।।
ਭੂਪ ਕਹੋ ਬਡੋ ਸੋ ਤੁਮ ਹੀ ਕਿ
ਬਡੋ ਹਰਿ ਹੈ ਜਿਹ ਤਾਹਿ ਬਚਾਯੋ ।।੨੪੫੮।।**

*– ਦਸਮ ਗ੍ਰੰਥ ਪੰਨਾ ੫੬੬*

ਭਸਮਾਗਤ ਦੈਂਤ ਨੂੰ ਸ੍ਰੀ ਕ੍ਰਿਸ਼ਨ ਜੀ ਨੇ ਛਲ ਕਰਕੇ ਹੀ ਸੜਵਾ ਦਿੱਤਾ ਸੀ। ਇਸ ਤਰ੍ਹਾਂ ਗੋਪੀਆਂ ਆਪਣੇ ਹਿਰਦੇ ਦੀ ਵਿਆਕੁਲਤਾ, ਬਿਹਬਲਤਾ, ਕਸਕ, ਪੀੜਾ, ਨੂੰ ਆਪਣੇ ਪਿਆਰੇ ਪ੍ਰੀਤਮ, ਸਰਬ ਪ੍ਰਤਿਪਾਲਕ, ਸਰਬ ਦੁਸ਼ਟ ਦੈਂਤਾ ਦਾ ਸੰਘਾਰ ਕਰਨ ਵਾਲੇ, ਸਰਵ ਸਰੇਸ਼ਟ ਸ਼ਿਆਮ-ਸੁੰਦਰ ਭਾਵ ਉਹਨਾਂ ਦਾ ਇਸ਼ਟ ਇਸ ਵੇਲੇ ਉਹਨਾ ਦੇ ਕੋਲ ਨਹੀਂ ਪਰ ਗੋਪੀਆਂ ਉਸ ਦੇ ਗੁਣਾਂ ਦਾ ਗਾਣ ਕਰਕੇ ਘੜੀ ਪਰ ਲਈ ਸ਼ਾਂਤੀ ਪ੍ਰਾਪਤ ਕਰ ਲੈਂਦੀਆਂ।

# ੨੩

**ਸ੍ਵੈਯਾ।।ਭਾਦਵ ਮਾਹਿ ਚੜ੍ਯੋ ਬਿਨੁ ਨਾਹਿ**
**ਦਸੋ ਦਿਸ ਮਾਹਿ ਘਟਾ ਘਹਰਾਈ।**
**ਦ੍ਯੋਸ ਨਿਸਾ ਨਹਿ ਜਾਨ ਪਰੈ ਤਮ**
**ਬਿਜੁੱ ਛਟਾ ਰਵਿ ਕੀ ਛਬਿ ਪਾਈ ।**
**ਮੂਸਲ਼ਧਾਰ ਛੁਟੈ ਨਭਿ ਤੇ**
**ਅਵਨੀ ਸਗਰੀ ਜਲ ਪੂਰਨਿ ਛਾਈ।**
**ਐਸੇ ਸਮੇ ਤਜਿ ਗਯੋ ਹਮ ਕੋ**
**ਟਸਕ੍ਯੋ ਨ ਹੀਯੋ ਕਸਕ੍ਯੋ ਨ ਕਸਾਈ।।੯੧੯।।**

*– ਦਸਮ ਗ੍ਰੰਥ ਪੰਨਾ ੩੭੭*

**ਸ਼ਬਦਾਰਥ :**

ਨਾਹਿ-ਪਤੀ, ਸੁਆਮੀ, ਕੰਤ। ਘਹਰਾਈ-ਘੋਰਦੀ ਹੈ, ਗਰਜਦੀ ਹੈ। ਦ੍ਯੋਸ–ਦਿਨ ਤੇ ਰਾਤ ਨਹੀ ਜਾਣੇ ਜਾਂਦੇ। ਨਿਸਾ–ਪਤਾ ਨਹੀਂ ਲਗਦਾ ਦਿਨ ਹੈ ਜਾਂ ਰਾਤ। ਤਮ–ਹਨੇਰੇ ਵਿੱਚ। ਬਿਜੁੱ-ਬਿਜਲੀ ਦੀ ਲਿਸ਼ਕ। ਰਵਿ-ਸੂਰਜ (ਚੜ੍ਹੇ ਦਾ) ਨਜ਼ਾਰਾ ਬੰਨ੍ਹ ਦੇਂਦੀ ਹੈ। ਮੂਸਲਧਾਰ-ਪਾਣੀ ਦੀਆਂ ਮੁਹਲੇ ਵਰਗੀਆਂ ਧਾਰਾਂ। ਨਭਿ-ਆਕਾਸ ਤੋਂ। ਅਵਨੀ–ਧਰਤੀ ਭੁਇੰ, ਜ਼ਮੀਨ। ਟਸਕ੍ਯੋ-ਪੀੜ ਪ੍ਰਤੀਤ ਨਹੀਂ ਕੀਤੀ। ਕਸਕ੍ਯੋ–ਖਿਚਿਆ ਨਹੀਂ ਗਿਆ। ਕਸਾਈ–ਬੇਦਰਦ–ਕਾਨ੍ਹ।

**ਵਿਆਖਿਆ :**

ਸਾਲ ਦੇ ਮਹੀਨੇ ਇੱਕ ਇੱਕ ਕਰਕੇ ਆ ਕੇ ਸਾਰੀਆਂ ਗੋਪੀਆਂ ਅਤੇ ਬ੍ਰਿਜਵਾਸੀਆਂ ਨੂੰ ਤੜਪਾਉਂਦੇ ਹਨ, ਸ੍ਰੀ ਕ੍ਰਿਸ਼ਨ ਜੀ ਦੀ ਯਾਦ ਨੂੰ ਹੋਰ ਵਧੇਰੇ ਵਧਾਉਂਦੇ ਹਨ, ਪਰ ਉਨ੍ਹਾਂ ਦੀ ਬੇਬਸੀ ਦਾ ਅਜੇ ਕੋਈ ਅੰਤ ਨਹੀਂ ਦਿੱਸਦਾ, ਵਿਛੋੜੇ ਦੇ ਪਲ ਹੋਰ ਲੰਮੇਰੇ ਹੋ ਜਾਂਦੇ ਹਨ, ਪੀੜਾ ਹੋਰ ਵਧ ਰਹੀ ਹੈ, ਪਰ ਉਨ੍ਹਾਂ ਵਿਚਾਰੀਆਂ ਗੋਪੀਆਂ ਦੀ ਕੋਈ ਪੇਸ਼ ਨਹੀਂ ਜਾਂਦੀ। ਉਹ ਤਾਂ ਆਪਣੇ ਪਿਆਰੇ ਇਸ਼ਟ ਦੀ ਅਰਾਧਨਾ ਹਰ ਪਲ ਕਰਦੀਆਂ ਹਨ, ਕਿ ਕਦੋਂ ਉਹ ਆ ਕੇ ਉਨ੍ਹਾਂ ਨੂੰ ਦਰਸ਼ਨਾਂ ਦੀ ਦਾਤ ਬਖਸ਼ਣਗੇ। ਭਾਦਰੋਂ ਦਾ ਮਹੀਨਾ ਆ ਪਹੁੰਚਿਆ, ਪਰ ਗੋਪੀਆਂ ਆਪਣੇ ਪਿਆਰੇ ਸੁਆਮੀ ਕੰਤ ਤੋਂ ਬਿਨਾਂ ਵਿਹੂਣੀਆਂ ਹਨ। ਦਸਾਂ ਦਿਸ਼ਾਵਾਂ ਵਿੱਚ ਘਟਾਵਾਂ ਚੜ੍ਹੀਆਂ

ਹੋਈਆਂ ਹਨ, ਕਿਉਂਕਿ ਭਾਦਰੋਂ ਦੇ ਮਹੀਨੇ ਵਿੱਚ ਹਰ ਪਾਸੇ ਬੱਦਲ ਮੰਡਰਾਉਂਦੇ ਹਨ, ਹਰ ਪਾਸੇ ਮੂਸਲਾਧਾਰ ਬਾਰਸ਼ ਧਰਤੀ ਤੇ ਆਕਾਸ਼ ਨੂੰ ਇਕ-ਮਿਕ ਕਰ ਦਿੰਦੀ ਹੈ। ਉਨ੍ਹਾਂ ਦਾ ਇਕ-ਮਿਕ ਹੋਣਾ ਵੀ ਗੋਪੀਆਂ ਲਈ ਅਤਿ ਦੁਖਦਾਇਕ ਹੈ। ਕਿਉਂਕਿ ਉਨ੍ਹਾਂ ਦਾ ਸਾਹਿਬ, ਸੁਆਮੀ ਉਨ੍ਹਾਂ ਦਾ ਵਸਲ ਤਾਂ ਉਨ੍ਹਾਂ ਨੂੰ ਪ੍ਰਾਪਤ ਨਹੀਂ। ਗਹਿਰੇ ਬੱਦਲ ਹੋਣ ਕਰਕੇ ਬਹੁਤ ਗਾੜ੍ਹਾ ਝੜ ਹੋਣ ਕਰਕੇ ਹਨੇਰਾ ਹੋ ਜਾਂਦਾ ਹੈ, ਜਿਸ ਕਰਕੇ ਦਿਨ ਅਤੇ ਰਾਤ ਦਾ ਫਰਕ ਨਹੀਂ ਮਾਲੂਮ ਹੁੰਦਾ, ਪਤਾ ਹੀ ਨਹੀਂ ਲਗਦਾ, ਦਿਨ ਹੈ ਕਿ ਰਾਤ ਹੈ, ਗਾੜੇ ਡੂੰਘੇ ਬਦੱਲਾਂ ਵਿੱਚੋਂ ਬਿਜਲੀ ਜ਼ੋਰ ਦੀ ਕੜਕਾਂ ਮਾਰਦੀ ਹੈ, ਲਿਸ਼ਕਦੀ ਹੈ, ਅਤੇ ਉਸਦੀ ਲਿਸ਼ਕ ਅਤੇ ਚਮਕ ਸੂਰਜ ਦੀ ਸ਼ੋਭਾ ਵਰਗੀ ਹੁੰਦੀ ਹੈ। ਮੋਹਲੇ ਜੇਡੀ ਧਾਰਾ ਅਕਾਸ਼ ਵਿੱਚੋਂ ਡਿੱਗਦੀ ਹੈ, ਜਿਸ ਕਰਕੇ ਸਾਰੀ ਧਰਤੀ ਪੂਰੀ ਤਰ੍ਹਾਂ ਨਾਲ ਪਾਣੀ ਕਰਕੇ ਭਰ ਜਾਂਦੀ ਹੈ। ਇਹੋ ਜਿਹੇ ਰੋਮਾਂਚਿਕ ਸੰਜੋਗ ਸਮੇਂ ਵਿੱਚ ਜਦੋਂ ਕਿ ਗੋਪੀਆਂ ਦੇ ਪ੍ਰਾਣ ਪਿਆਰੇ ਪ੍ਰੀਤਮ ਨੂੰ ਉਨ੍ਹਾਂ ਦੇ ਕੋਲ ਹੋਣਾ ਚਾਹੀਦਾ ਸੀ, ਉਹ ਉਨ੍ਹਾਂ ਨੂੰ ਛੱਡ ਕੇ ਦੂਰ ਚਲੇ ਗਏ ਹਨ, ਉਨ੍ਹਾਂ ਨੂੰ ਵਿਯੋਗ ਦੀ ਬਲਦੀ ਹੋਈ ਅੱਗ ਵਿੱਚ ਸੁੱਟ ਗਏ ਹਨ। ਉਨ੍ਹਾਂ ਨੇ ਮਥਰਾ ਵਿਖੇ ਜਾ ਕੇ ਗੋਪੀਆਂ ਦੀ ਰਤਾ ਭਰ ਵੀ ਪਰਵਾਹ ਨਹੀਂ ਕੀਤੀ ਅਤੇ ਉਨ੍ਹਾਂ ਦਾ ਹਿਰਦਾ ਰਤਾ ਭਰ ਵੀ ਗੋਪੀਆਂ ਵੱਲ ਨਹੀਂ ਝੁਕਿਆ ਅਤੇ ਨਾ ਹੀ ਗੋਪੀਆਂ ਦੀ ਕਸ਼ਿਸ਼ ਨੇ, ਗੋਪੀਆਂ ਦੇ ਖਿੱਚਵੇ ਪ੍ਰੇਮ ਪਿਆਰ ਨੇ, ਸ੍ਰੀ ਕ੍ਰਿਸ਼ਨ ਜੀ ਦੇ ਹਿਰਦੇ ਵਿੱਚ ਰਤਾ ਭਰ ਵੀ ਖਿੱਚ ਪੈਦਾ ਕੀਤੀ ਹੈ।

**ਭਾਵ :**

ਰਿਮਝਿਮ-ਰਿਮਝਿਮ ਪੈਂਦੀ ਫੁਹਾਰ, ਆਕਾਸ਼ ਉੱਤੇ ਛਾਈਆਂ ਹੋਈਆਂ ਕਾਲੀਆਂ ਘਟਾਵਾਂ, ਬਿਜਲੀ ਦੀ ਚਮਕ ਇਸ ਤਰ੍ਹਾਂ ਦਾ ਰੋਮਾਂਚ ਭਰਪੂਰ ਸਮਾਂ ਵਿਯੋਗੀਆਂ ਲਈ ਅਤਿ ਦੁਖਦਾਇਕ ਹੈ।

# ਅਵਨੀ ਸਗਰੀ ਜਲ ਪੂਰਨਿ ਛਾਈ

ਭਾਦਰੋਂ ਦਾ ਮਹੀਨਾ ਆ ਪਹੁੰਚਿਆ। ਇਸ ਮਹੀਨੇ ਦੀ ਖਾਸ ਵਿਸ਼ੇਸ਼ਤਾ ਇਹ ਹੈ ਕਿ ਧਰਤੀ ਉੱਤੇ ਖੂਬ ਪਾਣੀ ਦਿੱਸਦਾ ਹੈ ਅਤੇ ਲਗਾਤਾਰ ਵਰਖਾ ਹੋਣ ਕਰਕੇ ਸਾਰੀ ਧਰਤੀ ਪੂਰੀ ਤਰ੍ਹਾਂ ਨਾਲ ਪਾਣੀ ਕਰਕੇ ਭਰ ਜਾਂਦੀ ਹੈ। ਗਰਮੀ ਦੀ ਅਤਿ ਦੀ ਕੜਾਕੇ ਦੀ ਤਪਸ਼ ਤੋਂ ਉਪਰੰਤ ਵਰਖਾ ਰਿਤੂ ਦਾ ਸ਼ੁਭ ਆਗਮਨ ਹੁੰਦਾ ਹੈ। ਇਹੋ ਜਿਹੇ ਮੌਸਮ ਵਿੱਚ ਸਾਰੇ ਪ੍ਰਾਣੀਆਂ ਦਾ ਵਾਧਾ ਹੋ ਜਾਂਦਾ ਹੈ। ਕਿਧਰੇ ਕਾਲੀਆਂ ਘਟਾਵਾਂ ਛਾ ਜਾਂਦੀਆਂ ਹਨ, ਕਿਧਰੇ ਤੇਜ ਹਵਾ ਚਲ ਕੇ ਵਾਤਾਵਰਣ ਵਿੱਚ ਠੰਢਕ ਪ੍ਰਦਾਨ ਕਰਦੀ ਹੈ, ਕਿਧਰੇ ਬਿਜਲੀ ਦੀ ਗੜ-ਗੜਾਹਟ ਅਤੇ ਚਮਕ

ਅਕਾਸ਼ ਵਿੱਚ ਅਤੇ ਪ੍ਰਿਥਵੀ ਉੱਤੇ ਗੁੰਜਾਰ ਪੈਦਾ ਕਰਦੀ ਹੈ। ਅਕਾਸ਼ ਵਿੱਚ ਨੀਲੇ ਗੂੜੇ ਘਣੇ ਬੱਦਲਾਂ ਕਰਕੇ ਸੂਰਜ, ਚੰਦ੍ਰਮਾ ਅਤੇ ਤਾਰੇ ਸਾਰੇ ਢੱਕੇ ਰਹਿ ਜਾਂਦੇ ਹਨ। ਇਸ ਤਰ੍ਹਾਂ ਅਕਾਸ਼ ਸੁਭਾਇਮਾਨ ਹੁੰਦਾ ਹੈ, ਅਕਾਸ਼ ਤੋਂ ਜ਼ੋਰ ਦੀ ਵਰਖਾ ਪ੍ਰਿਥਵੀ ਨੂੰ ਆਕੇ ਛੁੰਹਦੀ ਹੈ, ਜਿਸ ਕਰਕੇ ਧਰਤੀ ਤੇ ਆਕਾਸ਼ ਆਪਸ ਵਿੱਚ ਮਿਲੇ ਹੋਏ ਦਿੱਸਦੇ ਹਨ। ਇੰਝ ਲਗਦਾ ਹੈ ਜਿਵੇਂ ਸੂਰਜ ਨੇ ਰਾਜੇ ਜਲ ਦਾ ਕਰ ਗ੍ਰਹਣ ਕੀਤਾ ਹੋਵੇ, ਅਤੇ ਸਮਾਂ ਆਉਣ ਤੇ ਉਹ ਆਪਣੀਆਂ ਕਿਰਨਾਂ ਦੇ ਕਰ ਰਾਹੀਂ ਫਿਰ ਉਸਨੂੰ ਵੰਡਣ ਲੱਗੇ ਹੋਣ। ਜਿਸ ਤਰ੍ਹਾਂ ਦਿਆਲੂ ਪੁਰਖ ਜਦੋਂ ਵੇਖਦੇ ਹਨ ਕਿ ਉਨ੍ਹਾਂ ਦੀ ਪਰਜਾ ਬਹੁਤ ਪੀੜਿਤ ਹੋ ਰਹੀ ਹੈ, ਉਸ ਵੇਲੇ ਉਹ ਦਇਆ ਦੇ ਅਧੀਨ ਹੋ ਕੇ ਆਪਣੇ ਜੀਵਨ ਅਤੇ ਪ੍ਰਾਣ ਤਕ ਨਿਛਾਵਰ ਕਰ ਦਿੰਦੇ ਹਨ, ਉਸੇ ਤਰ੍ਹਾਂ ਹੀ ਬਿਜਲੀ ਦੀ ਚਮਕ ਨਾਲ ਸੁਸ਼ੋਭਿਤ ਘਣਘੋਰ ਬੱਦਲ ਤੇਜ ਹਵਾ ਦੀ ਪ੍ਰੇਰਣਾ ਨਾਲ ਸਾਰੇ ਜੀਵ-ਜੰਤੂਆਂ ਦੇ ਕਲਿਆਣ ਵਾਸਤੇ ਆਪਣੇ ਜੀਵਨ-ਸਰੂਪ ਜਲ ਨੂੰ ਬਰਸਾਉਣ ਲੱਗੇ। ਜੇਠ ਅਤੇ ਹਾੜ ਦੀ ਗਰਮੀ ਤੋਂ ਧਰਤੀ ਸੁੱਕ ਜਾਂਦੀ ਹੈ। ਹੁਣ ਵਰਖਾ ਦੇ ਪਾਣੀ ਨਾਲ ਸਿੰਚ ਕੇ ਫਿਰ ਤੋਂ ਹਰੀ ਭਰੀ ਹੋ ਜਾਂਦੀ ਹੈ। ਸ਼ਾਮ ਦੇ ਸਮੇਂ ਘਣਘੋਰ ਬੱਦਲਾਂ ਕਰਕੇ ਖੂਬ ਗਾੜ੍ਹਾ ਹਨੇਰਾ ਛਾ ਜਾਂਦਾ ਹੈ ਤੇ ਇਸ ਕਰਕੇ ਤਾਰਿਆਂ ਅਤੇ ਚੰਦ੍ਰਮਾ ਆਦਿ ਦਾ ਪ੍ਰਕਾਸ਼ ਬਿਲਕੁਲ ਵੀ ਦਿਖਾਈ ਨਹੀਂ ਦਿੰਦਾ, ਪਰ ਜੁਗਨੂਆਂ ਦੀ ਭਰਮਾਰ ਹੋਣ ਕਰਕੇ ਉਨ੍ਹਾਂ ਦੀ ਖੂਬ ਚਮਕ ਹੁੰਦੀ ਹੈ।

ਡੱਡੂ ਪਹਿਲਾਂ ਬਿਲਕੁਲ ਸ਼ਾਂਤ ਅਤੇ ਮੂਕ ਰਹਿੰਦੇ ਹਨ। ਹੁਣ ਉਹ ਬੱਦਲਾਂ ਦੀ ਗਰਜ ਸੁਣ ਕੇ ਗੜੈਂ-ਗੜੈਂ ਕਰਨ ਲਗ ਪੈਂਦੇ ਹਨ। ਛੋਟੀਆਂ ਨਦੀਆਂ ਨਾਲੇ, ਜਿਹੜੇ ਜੇਠ ਅਤੇ ਹਾੜ ਦੀ ਗਰਮੀ ਕਰਕੇ ਬਿਲਕੁਲ ਸੁੱਕ ਜਾਂਦੇ ਹਨ, ਉਹ ਹੁਣ ਉਮੜ-ਉਮੜ ਆਪਣੇ ਤੋਂ ਬਾਹਰ ਹੋਣ ਲਗਦੇ ਹਨ, ਉਨ੍ਹਾਂ ਦਾ ਪਾਣੀ ਉਨ੍ਹਾਂ ਦੇ ਕਿਨਾਰਿਆਂ ਤੋਂ ਉਛਲ-ਉਛਲ ਕੇ ਬਾਹਰ ਨਿਕਲਣ ਲਈ ਦੌੜਦਾ ਹੈ। ਧਰਤੀ ਤੇ ਤਪਸ਼ ਅਤੇ ਪਾਣੀ ਦੀ ਅਣਹੋਂਦ ਕਰਕੇ ਸਾਰਾ ਘਾਹ ਸੁੱਕ ਗਿਆ ਸੀ, ਹੁਣ ਲਗਾਤਾਰ ਵਰਖਾ ਹੋਣ ਕਰਕੇ ਹਰ ਪਾਸੇ ਘਾਹ ਉੱਤੇ ਹਰਿਆਵਲ ਨਜ਼ਰ ਆਉਂਦੀ ਹੈ। ਕਿਧਰੇ-ਕਿਧਰੇ ਲਾਲ-ਲਾਲ ਰੰਗ ਦੀਆਂ ਚੀਜ਼ ਵਹੁਟੀਆਂ ਫਿਰਦੀਆਂ ਹੋਈਆਂ ਧਰਤੀ ਨੂੰ ਲਾਲ-ਲਾਲ ਕਰ ਦਿੰਦੀਆਂ ਹਨ ਉਨ੍ਹਾਂ ਨੂੰ ਵੇਖਕੇ ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਕਿਸੇ ਰਾਜੇ ਦੀ ਰੰਗ-ਬਿਰੰਗੀ ਸੈਨਾ ਪ੍ਰਿਥਵੀ ਤੇ ਘੁੰਮ ਫਿਰ ਰਹੀ ਹੋਵੇ। ਜਿਧਰ ਵੀ ਨਜ਼ਰ ਮਾਰੀ ਜਾਵੇ ਵਰਖਾ ਰਿਤੂ ਵਿੱਚ ਪਾਣੀ ਦੀ ਭਰਮਾਰ ਹੋਣ ਕਰਕੇ ਹਰ ਤਰ੍ਹਾਂ ਦੀ ਖੇਤੀ ਲਹਿਲਹਾਂਦੀ ਹੈ। ਉਨ੍ਹਾਂ ਨੂੰ ਵੇਖਕੇ ਕਿਸਾਨਾਂ ਦੀ ਖੁਸ਼ੀ ਦੀ ਹੱਦ ਨਹੀਂ ਰਹਿੰਦੀ, ਕਿਉਂਕਿ ਉਨ੍ਹਾਂ ਨੂੰ ਫਸਲ ਬਹੁਤ ਜ਼ਿਆਦਾ ਹੋਣ ਦੀ ਆਸ ਹੁੰਦੀ ਹੈ, ਜਦੋਂ ਫਸਲ ਜ਼ਿਆਦਾ ਹੋਵੇਗੀ ਤਾਂ ਚੰਗੇ ਪੈਸੇ ਮਿਲਣ ਦੀ ਸੰਭਾਵਨਾ ਬਣ ਜਾਂਦੀ ਹੈ। ਸਾਰੇ ਥਲਚਰ ਪ੍ਰਾਣੀਆਂ ਨੂੰ ਕਾਫੀ ਮਾਤਰਾ ਵਿੱਚ ਪਾਣੀ ਪੀਣ ਨੂੰ ਮਿਲ ਜਾਂਦਾ ਹੈ ਜਿਸ ਕਰਕੇ ਉਹ ਅਧਿਕ ਪ੍ਰਸੰਨ ਹੁੰਦੇ ਹਨ।

ਸਮੁੰਦਰ ਵਿੱਚ ਲਹਿਰਾਂ ਛੱਲਾਂ ਕਰਕੇ ਵੈਸੇ ਹੀ ਖੂਬ ਉਛਾਲੇ ਆਉਂਦੇ ਹਨ, ਪਰ ਵਰਖਾ ਰਾਣੀ ਦੀ ਜਦੋਂ ਕ੍ਰਿਪਾ ਹੋ ਜਾਂਦੀ ਹੈ, ਨਦੀ, ਨਾਲੇ ਸਭ ਪਾਣੀ ਨਾਲ ਕੰਢਿਆਂ ਤਕ ਭਰ ਜਾਂਦੇ ਹਨ ਅਤੇ ਉਹ ਉਛਲਦੇ-ਉਛਲਦੇ ਆਪਣੇ ਸਹੁ-ਸਾਗਰ ਵਿੱਚ ਜਾ ਕੇ ਮਿਲ ਜਾਂਦੇ ਹਨ। ਇਸ ਕਰਕੇ ਉਸ ਵਿੱਚ ਹੋਰ ਵੀ ਜ਼ਿਆਦਾ ਉਛਾਲੇ ਆਉਣੇ ਸ਼ੁਰੂ ਹੋ ਜਾਂਦੇ ਹਨ। ਪਰਬਤਾਂ ਪਹਾੜਾਂ ਉੱਤੇ ਵੀ ਲਗਾਤਾਰ ਬਾਰਿਸ਼ ਹੁੰਦੀ ਰਹਿੰਦੀ ਹੈ, ਉਸ ਜ਼ੋਰਦਾਰ ਬਾਰਸ਼ ਦੀ ਲਗਾਤਾਰ ਚੋਟ ਪੈਣ ਨਾਲ ਪਹਾੜਾਂ ਦਾ ਕੁਝ ਵੀ ਨਹੀਂ ਵਿਗੜਦਾ, ਹਾਂ ਇੱਕ ਗੱਲ ਜ਼ਰੂਰ ਹੈ, ਬਾਰਸ਼ ਹੋਣ ਨਾਲ ਪਹਾੜਾਂ ਉੱਤੇ ਉੱਗੇ ਹੋਏ ਪੇੜ ਪੌਦੇ, ਘਾਹ ਸਭ ਧੁਲ ਕੇ ਸਾਫ ਸੁਥਰੇ ਹੋ ਜਾਂਦੇ ਹਨ, ਇੰਝ ਲਗਦਾ ਹੈ ਕਿ ਪ੍ਰਕ੍ਰਿਤੀ ਨੇ ਜਿਵੇਂ ਉਨ੍ਹਾਂ ਨੂੰ ਨਵਾਂ ਨਕੋਰ ਬਣਾ ਦਿੱਤਾ ਹੋਵੇ। ਜਿਹੜਿਆਂ ਰਸਤਿਆਂ ਨੂੰ ਕਦੇ ਸਾਫ ਨਹੀਂ ਸੀ ਕੀਤਾ ਗਿਆ, ਉਹ ਘਾਹ ਦੇ ਉੱਗਣ ਨਾਲ ਪਛਾਨਣੇ ਮੁਸ਼ਕਿਲ ਹੋ ਜਾਂਦੇ ਹਨ। ਭਾਵੇਂ ਬੱਦਲ ਬੜੇ ਪਰਉਪਕਾਰੀ ਹੁੰਦੇ ਹਨ, ਫਿਰ ਵੀ ਬਿਜਲੀ ਉਨ੍ਹਾਂ ਵਿੱਚ ਸਥਿਰ ਰੂਪ ਵਿੱਚ ਨਹੀਂ ਰਹਿੰਦੀ। ਅਕਾਸ਼ ਬੱਦਲਾਂ ਦੀ ਗਰਜਨ ਨਾਲ ਭਰ ਜਾਂਦਾ ਹੈ ਜਦੋਂ, ਜ਼ਰਾ ਕੁ ਵਰਖਾ ਬੰਦ ਹੁੰਦੀ ਹੈ, ਅਕਾਸ਼ ਵਿੱਚ ਇੰਦਰ ਧਨੁੱਖ ਬਣ ਜਾਂਦਾ ਹੈ, ਜਿਸਨੂੰ ਵੇਖ ਕੇ ਸਭ ਅਤਿ ਪ੍ਰਸੰਨ ਹੁੰਦੇ ਹਨ। ਚੰਦ੍ਰਮਾ ਦੀ ਉਜੱਲ ਚਾਂਦਨੀ ਨਾਲ ਬੱਦਲਾਂ ਦਾ ਪਤਾ ਲਗਦਾ ਹੈ ਪਰ ਉਹ ਬੱਦਲ ਚੰਦ੍ਰਮਾ ਨੂੰ ਢੱਕ ਕੇ ਸ਼ੋਭਾਹੀਨ ਕਰ ਦਿੰਦੇ ਹਨ। ਅਕਾਸ਼ ਵਿੱਚ ਮੰਡਰਾਉਂਦੇ ਹੋਏ ਬੱਦਲਾਂ ਨੂੰ ਵੇਖ ਕੇ ਮੋਰ ਅਤਿਅੰਤ ਪ੍ਰਸੰਨ ਹੁੰਦੇ ਹਨ। ਉਨ੍ਹਾਂ ਦਾ ਰੋਮ-ਰੋਮ ਖਿੜ ਜਾਂਦਾ ਹੈ ਅਤੇ ਉਹ ਪ੍ਰਸੰਨ ਚਿਤ ਹੋਕੇ ਪੈਲਾਂ ਪਾਕੇ ਨਿਰਤ ਕਰਦੇ ਹੋਏ ਆਨੰਦਿਤ ਹੁੰਦੇ ਹਨ। ਠੀਕ ਉਸੇ ਤਰ੍ਹਾਂ ਹੀ ਜਿਸ ਤਰ੍ਹਾਂ ਗ੍ਰਿਹਸਤ ਦੇ ਜੰਜਾਲ ਵਿੱਚ ਫਸੇ ਹੋਏ ਲੋਕ ਤਿੰਨਾਂ ਤਾਪਾਂ ਨਾਲ ਜਲਦੇ ਅਤੇ ਘਬਰਾਏ ਹੋਏ, ਅਕਾਲ ਪੁਰਖ ਦੇ ਭਗਤਾਂ ਦਾ ਆਗਮਨ ਸੁਣ ਕੇ ਆਨੰਦ ਮਗਨ ਹੋ ਜਾਂਦੇ ਹਨ। ਜਿਹੜੇ ਰੁੱਖ ਜੇਠ ਹਾੜ ਦੀ ਗਰਮੀ ਕਰਕੇ ਸੁੱਕ ਜਾਂਦੇ ਹਨ, ਕੁਮਲਾ ਜਾਂਦੇ ਹਨ, ਉਹ ਹੁਣ ਆਪਣੀਆਂ ਜੜ੍ਹਾਂ ਰਾਹੀਂ ਜਲ ਪੀ ਕੇ, ਪੱਤੇ, ਫੁੱਲ ਤੇ ਟਹਿਣੀਆਂ ਰਾਹੀਂ ਧਰਤੀ ਤੋਂ ਜਲ ਲੈ ਕੇ ਖੂਬ ਸਜ ਧਜ ਜਾਂਦੇ ਹਨ। ਪੱਕੀ ਥਾਂ ਨਾ ਹੋਣ ਕਰਕੇ ਬਾਰਸ਼ ਕਰਕੇ ਸਭ ਪਾਸੇ ਚਿੱਕੜ ਹੀ ਚਿੱਕੜ ਹੋ ਜਾਂਦਾ ਹੈ, ਪਰ ਸਾਰਸ ਉਨ੍ਹਾਂ ਤਲਾਵਾਂ ਨੂੰ ਇੱਕ ਖਿਨ ਭਰ ਲਈ ਵੀ ਨਹੀਂ ਛੱਡਣਾ ਚਾਹੁੰਦੇ। ਵਰਖਾ ਦੀ ਰਿਤੂ ਵਿੱਚ ਮੂਸਲਾਧਾਰ ਵਰਖਾ ਹੁੰਦੀ ਹੈ, ਇਸ ਕਰਕੇ ਨਦੀਆਂ ਬੰਧ ਅਤੇ ਖੇਤਾਂ ਦੀਆਂ ਮੇੜਾਂ ਟੁੱਟ-ਟੁੱਟ ਜਾਂਦੀਆਂ ਹਨ। ਹਵਾ ਦੀ ਪ੍ਰੇਰਣਾ ਕਰਕੇ ਗੂੜੇ ਘਣੇ ਬੱਦਲ ਜੀਵਾਂ ਲਈ ਅੰਮ੍ਰਿਤਮਈ ਜਲ ਦੀ ਵਰਖਾ ਕਰਦੇ ਹਨ, ਜਿਸ ਤਰ੍ਹਾਂ ਬ੍ਰਾਹਮਣਾਂ ਦੀ ਪ੍ਰੇਰਣਾ ਲੈਕੇ ਅਧੀਰ ਤੇ ਧਨੀ ਲੋਕ ਸਮੇਂ-ਸਮੇਂ ਦਾਨ ਦੇ ਕੇ ਪਰਜਾ ਦੀਆਂ ਇੱਛਾਵਾਂ ਪੂਰਨ ਕਰਦੇ ਹਨ।

ਵਰਖਾ ਰਿਤੂ ਵਿੱਚ ਬਿੰਦਰਾਬਣ ਅਤਿ ਸ਼ੋਭਾ ਪਾ ਰਿਹਾ ਸੀ। ਹਰ ਪਾਸੇ ਲੰਬੀਆਂ ਖਜੂਰਾਂ ਦੇ ਰੁੱਖ ਅਤੇ ਜਾਮਨੂਆਂ ਦੇ ਪੇੜ, ਫਲਾਂ ਨਾਲ ਲੱਦੇ ਪਏ ਸਨ।

ਇਹੋ ਜਿਹੋ ਬਨਾਂ ਵਿੱਚ ਸ੍ਰੀ ਕ੍ਰਿਸ਼ਨ ਜੀ ਅਤੇ ਬਲਰਾਮ ਜੀ ਆਪਣੇ ਬਾਲ ਗੁਵਾਲਿਆਂ ਅਤੇ ਗਊਆਂ ਨਾਲ ਵਿਹਾਰ ਕਰਦੇ। ਗਊਆਂ ਦੇ ਥਣ ਦੁੱਧ ਨਾਲ ਭਰਪੂਰ ਸਨ ਇਸ ਕਰਕੇ ਇਹੋ ਜਿਹੇ ਬਨਾਂ ਵਿੱਚ ਉਹ ਠੁਮਕ ਠੁਮਕ ਚਲਦੀਆਂ। ਜਦੋਂ ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਦਾ ਨਾਮ ਲੈ ਲੈ ਕੇ ਪੁਕਾਰਦੇ, ਤਦੋਂ ਉਹ ਸ੍ਰੀ ਕ੍ਰਿਸ਼ਨ ਜੀ ਦੇ ਪ੍ਰੇਮ ਵੱਸ ਹੋ ਜਲਦੀ-ਜਲਦੀ ਦੌੜਨ ਲਗਦੀਆਂ। ਦੌੜਦਿਆਂ-ਦੌੜਦਿਆਂ ਉਨ੍ਹਾਂ ਦੇ ਥਨਾਂ ਵਿੱਚੋਂ ਦੁੱਧ ਦੀਆਂ ਧਾਰਾਂ ਧਰਤੀ ਤੇ ਡਿੱਗਦੀਆਂ ਜਾਂਦੀਆਂ। ਰੁੱਖਾ ਦੀਆਂ ਪੱਤੀਆਂ ਤੋਂ ਟਪ-ਟਪ ਬਾਰਸ਼ ਦੀਆਂ ਬੂੰਦਾਂ ਹੇਠਾਂ ਧਰਤੀ ਤੇ ਡਿਗਦੀਆਂ ਅਤੇ ਪਹਾੜਾਂ ਵਿੱਚੋਂ ਝਰ-ਝਰ ਕਰਦੇ ਝਰਨੇ ਝਰ ਰਹੇ ਸਨ ।

ਉਹ ਝਰ-ਝਰ ਕਰਦੀ ਪਾਣੀ ਦੀ ਧਾਰਾ ਦੀ ਆਵਾਜ਼ ਬੜੀ ਸੁਰੀਲੀ ਲਗਦੀ ਸੀ। ਜਦੋਂ ਜ਼ੋਰ-ਜ਼ੋਰ ਦੀ ਬਾਰਿਸ਼ ਹੁੰਦੀ, ਉਸ ਕੋਲੋਂ ਬਚਣ ਲਈ ਗੁਫਾਵਾਂ ਅੰਦਰ ਪ੍ਰਵੇਸ਼ ਕੀਤਾ ਜਾਂਦਾ। ਜਦੋਂ ਜ਼ੋਰ-ਜ਼ੋਰ ਦੀ ਵਰਖਾ ਹੁੰਦੀ ਸ੍ਰੀ ਕ੍ਰਿਸ਼ਨ ਜੀ ਕਦੇ ਕਿਸੇ ਰੁੱਖ ਹੇਠਾਂ ਜਾ ਖਲੋਂਦੇ ਅਤੇ ਕਦੇ ਕਿਸੇ ਹੋਰ ਰੁੱਖ ਹੇਠਾਂ। ਕਦੇ-ਕਦੇ ਜਦੋਂ ਬਾਰਸ਼ ਜ਼ੋਰ ਦੀ ਹੋ ਜਾਂਦੀ, ਆਪਣੇ ਬਾਲ ਗੁਵਾਲਿਆਂ ਨੂੰ ਨਾਲ ਲੈ ਕੇ ਗੁਫਾਵਾਂ ਅੰਦਰ ਜਾ ਵੜਦੇ। ਕਦੇ ਕੰਦ ਮੂਲ ਫਲ ਖਾ ਕੇ ਆਪਣੇ ਸਖਿਆਂ ਨਾਲ ਖੇਲ ਕ੍ਰੀੜਾਵਾਂ ਕਰਦੇ। ਸ੍ਰੀ ਕ੍ਰਿਸ਼ਨ ਜੀ ਕਦੇ ਜਲ ਦੇ ਨੇੜੇ, ਕਿਸੇ ਚਟਾਨ ਤੇ ਜਾ ਕੇ ਬੈਠਦੇ ਅਤੇ ਘਰ ਤੋਂ ਲਿਆਂਦਾ ਹੋਇਆ ਦਹੀਂ ਚਾਵਲ, ਦਾਲ, ਸਾਗ ਆਦਿ ਆਪਣੇ ਸਾਥੀਆਂ ਨਾਲ ਵੰਡਕੇ ਛਕਦੇ। ਵਰਖਾ ਰਿਤੂ ਵਿੱਚ ਬੈਲ, ਬਛੜੇ ਅਤੇ ਗਾਵਾਂ ਆਪਣੇ ਪੇਟ ਨੂੰ ਘਾਹ ਨਾਲ ਭਰ ਲੈਂਦੀਆਂ ਅਤੇ ਫਿਰ ਹਰੀ ਭਰੀ ਘਾਹ ਉੱਤੇ ਬਹਿਕੇ ਅੱਖਾਂ ਬੰਦ ਕਰਕੇ ਜੁਗਾਲੀ ਕਰਦੀਆਂ ਰਹਿੰਦੀਆਂ। ਵਰਖਾ ਰਿਤੂ ਦੀ ਸੁੰਦਰਤਾ ਅਪਾਰ ਸੀ। ਸਾਰੇ ਜੀਵ-ਜੰਤੂ, ਪ੍ਰਾਣੀ ਸੁਖ ਦਾ ਸਾਹ ਲੈ ਰਹੇ ਸਨ। ਸ੍ਰੀ ਕ੍ਰਿਸ਼ਨ ਜੀ ਬਾਰ-ਬਾਰ ਵਰਖਾ ਰਿਤੂ ਬੈਲ, ਬਛੜੇ, ਗਾਵਾਂ ਇਤਿਆਦਿ ਦੀ ਬਹੁਤ ਹੀ ਪ੍ਰਸ਼ੰਸਾ ਕਰਦੇ।

# ੨੪

**ਸਵੈਯਾ।।ਮਾਸ ਕੁਆਰ ਚਢਯੋ ਬਲਧਾਰ,**
**ਪੁਕਾਰ ਰਹੀ ਨ ਮਿਲੇ ਸੁਖਦਾਈ।**
**ਸੇਤ ਘਟਾ ਅਰੁ ਰਾਤ ਛਟਾ ਸਰ**
**ਤੁੰਗ ਅਟਾ ਸਿਮਕੈ ਦਰਸਾਈ।**
**ਨੀਰ ਬਿਹੀਨ ਫਿਰੈ ਨਭਿ ਛੀਨ ਸੁ**
**ਦੇਖ ਅਧੀਨ ਭਯੋ ਹਿਯ ਰਾਈ।**
**ਪ੍ਰੇਮ ਛਕੀ ਤਿਨ ਸੋ ਬਿਥਕਯੋ**
**ਟਸਕਯੋ ਨ ਹੀਯੋ ਕਸਕਯੋ ਨ ਕਸਾਈ।।੯੨੦।।**

*- ਦਸਮ ਗ੍ਰੰਥ ਪੰਨਾ ੩੭੭*

**ਸ਼ਬਦਾਰਥ :**

ਕੁਆਰ-ਅੱਸੂ ਦਾ ਮਹੀਨਾ। ਛਟਾ-ਬਿਜਲੀ। ਸਰ-ਸਰੋਵਰ, ਤਾਲ (ਨੀਵੇਂ) ਤੇ। ਤੁੰਗ-(ਤੇ) ਉਚੀਆਂ ਅਟਾਰੀਆਂ (ਚੁਬਾਰੇ)। ਸਿਮਕੈ-(ਬਿਜਲੀ) ਲਿਸ਼ਕਦੀ ਹੈ। ਦਰਸਾਈ-(ਤਦ)ਨਜ਼ਰ ਆਉਂਦੇ ਹਨ। ਨੀਰ-ਪਾਣੀ ਤੋਂ ਬਿਨਾਂ-ਫੋਕੇ (ਬੱਦਲ) ਛੀਨ-ਪਤਲੇ ਪਤਲੇ (ਆਕਾਸ਼ ਵਿੱਚ ਫਿਰਦੇ ਹਨ)। ਅਧੀਨ - ਤਾਬੇ, ਹੇਠਾਂ, ਭਾਵ ਦਿਲ ਮੁੱਠ ਵਿੱਚ ਆ ਜਾਂਦਾ ਹੈ, ਸਹਿਮ ਜਾਂਦਾ ਹੈ। ਹੀਯ ਰਾਈ-ਹੀਆ, ਮਨ, ਹਿਰਦਾ, ਦਿਲ ਭੀ (ਦਬ ਜਾਂਦਾ ਹੈ)। ਪ੍ਰੇਮ-ਪ੍ਰੀਤ ਨਾਲ ਸਜੀ ਹੋਈ, ਭਾਵ ਪ੍ਰੇਮਣ। ਤਿਨ-ਉਸ ਕਾਨ੍ਹ ਨਾਲ (ਪ੍ਰੇਮ ਕਰਨ ਵਾਲੀ)। ਬਿਥਕਯੋ-ਇਹ ਦਾਸੀ ਰਾਧਿਕਾ (ਬਿਰਹੋਂ ਦਾ ਦੁੱਖ ਸਹਿੰਦੀ) ਬਹੁਤ ਥੱਕ ਗਈ ਹੈ।

**ਵਿਆਖਿਆ :**

ਸ੍ਰੀ ਕ੍ਰਿਸ਼ਨ ਜੀ ਗੋਪੀਆਂ ਨੂੰ ਤਿਆਗ ਕੇ, ਬ੍ਰਿਜ ਦੀਆਂ ਕੁੰਜ ਗਲੀਆਂ ਨੂੰ ਛੱਡ ਕੇ ਰੋਂਦੇ ਕੁਰਲਾਉਂਦੇ ਮਾਤਾ ਪਿਤਾ, ਬ੍ਰਿਜ ਦੇ ਬਾਲ ਗੋਪਾਲ ਸਭ ਤਿਆਗ ਕੇ ਅਕਰੂਰ ਜੀ ਨਾਲ ਮਥਰਾ ਪੁਰੀ ਵਿਖੇ ਚਲੇ ਗਏ। ਹੁਣ ਵਿਛੋੜੇ ਵਿੱਚ ਬ੍ਰਿਜਵਾਸੀਆਂ ਕੋਲ ਰਹਿ ਗਈ ਸੀ ਉਡੀਕ, ਤੜਪ ਅਤੇ ਮਿਲਣ ਦੀ ਤਾਂਘ। ਉਹ ਤਾਂ ਹਰ ਪਲ, ਹਰ ਖਿਨ, ਅੱਡੀਆਂ ਚੁੱਕ ਕੇ ਆਪਣੇ ਪਿਆਰੇ ਸ੍ਰੀ ਕ੍ਰਿਸ਼ਨ

ਜੀ ਦੇ ਦਰਸ਼ਨਾ ਲਈ ਬਿਹਬਲ ਹੋ ਰਹੇ ਸਨ ਅਤੇ ਹੁਣ ਅੱਸੂ ਦਾ ਮਹੀਨਾ ਜ਼ੋਰ ਦੇ ਕੇ ਚੜ੍ਹਿਆ ਹੈ, ਜਿਸ ਵਿੱਚ ਉਹ ਆਪਣੇ ਪਿਆਰੇ ਨੂੰ ਦਿਨ ਰਾਤ ਪੁਕਾਰਦੀਆਂ ਹਨ, ਆਪਣੇ ਸੁਖਾਂ ਦੇ ਭੰਡਾਰ ਪ੍ਰੀਤਮ ਨੂੰ ਟੇਰਦੀਆਂ ਹਨ, ਪਰ ਸਭ ਨਿਹਫਲ। ਉਨ੍ਹਾਂ ਦੀ ਪੁਕਾਰ ਸਭ ਵਿਅਰਥ, ਉਨ੍ਹਾਂ ਦੀ ਕੋਈ ਸੁਣਵਾਈ ਨਹੀਂ, ਉਨ੍ਹਾਂ ਦੇ ਸੁਖਦਾਤਾ ਉਨ੍ਹਾਂ ਤੜਪਦੀਆਂ ਗੋਪੀਆਂ ਨੂੰ ਆ ਕੇ ਅਜੇ ਤਕ ਨਹੀਂ ਮਿਲੇ। ਚਿੱਟੇ ਕਾਲੇ ਬੱਦਲਾਂ ਦੀਆਂ ਘਟਾਵਾਂ ਅਸਮਾਨ ਵਿੱਚ ਚੜ੍ਹੀਆਂ ਹੋਈਆਂ ਹਨ ਅਤੇ ਰਾਤ ਬਿਜਲੀ ਦੀ ਚਮਕ ਸਮਾਨ ਹੈ ਅਤੇ ਉੱਚੀਆਂ ਅਟਾਰੀਆਂ ਚਾਂਦੀ ਵਾਂਗੂੰ ਦਿਸਦੀਆਂ ਹਨ। ਪਾਣੀ ਤੋ ਸੱਖਣੇ ਫਿਰਦੇ ਬੱਦਲਾਂ ਨੂੰ ਵੇਖਕੇ ਗੋਪੀਆਂ ਦਾ ਮਨ ਅਧੀਰ ਹੋ ਗਿਆ। ਬੱਦਲਾਂ ਦੇ ਵਿੱਚ ਪਾਣੀ ਹੋਣਾ, ਉਨ੍ਹਾਂ ਦੀ ਜੋਬਨ ਅਵਸਥਾ ਨੂੰ ਪ੍ਰਾਪਤ ਹੋਣਾ ਸੀ। ਜਿਸ ਤਰ੍ਹਾਂ ਬੱਦਲ ਪਾਣੀ ਤੋ ਸੱਖਣੇ ਹੋ ਕੇ ਮਾਨੋ ਆਪਣੀ ਜਵਾਨੀ ਖਤਮ ਕਰ ਚੁੱਕੇ ਹੋਣ, ਇਸ ਤਰ੍ਹਾਂ ਰਾਧਾ ਜੀ ਨੂੰ ਲਗਦਾ ਹੈ ਕਿ ਉਹ ਵੀ ਆਪਣੀ ਜੁਆਨੀ ਬੱਦਲਾਂ ਵਾਂਗ ਐਵੇਂ ਹੀ ਨਾ ਗੁਆ ਦੇਣ ਇਹ ਸੋਚ-ਸੋਚ ਕੇ ਉਨ੍ਹਾਂ ਦਾ ਮਨ ਅਧੀਰ ਹੋ ਰਿਹਾ ਹੈ, ਅਸ਼ਾਂਤ ਹੋ ਰਿਹਾ ਹੈ, ਕਿ ਆਪਣੇ ਪਿਆਰੇ ਇਸ਼ਟ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਉਨ੍ਹਾਂ ਦੀ ਜੋਬਨ ਅਵਸਥਾ ਖਤਮ ਨਾ ਹੋ ਜਾਵੇ, ਇਹ ਸੋਚ ਸੋਚ ਕੇ ਉਨ੍ਹਾਂ ਦਾ ਮਨ ਅਤਿ ਅਧੀਰ ਅਤੇ ਵਿਆਕੁਲ ਹੋ ਉਠਿਆ। ਜਿਸਦੇ ਪ੍ਰੇਮ ਵਿੱਚ ਉਹ ਰਾਤ ਦਿਨ ਮਸਤ ਰਹਿੰਦੀਆਂ ਸਨ, ਉਨ੍ਹਾਂ ਨਾਲੋਂ ਵਿੱਥ ਪੈ ਗਈ ਹੈ, ਵਿਛੋੜੇ ਨੂੰ ਪ੍ਰਾਪਤ ਕਰਕੇ ਨਾ ਤਾਂ ਉਨ੍ਹਾਂ ਦਾ ਹਿਰਦਾ ਫਟਿਆ ਹੈ ਅਤੇ ਨਾ ਹੀ ਉਨ੍ਹਾਂ ਦੇ ਪ੍ਰੇਮੀ ਨੂੰ ਕੋਈ ਖਿੱਚ ਪਈ ਹੈ।

**ਭਾਵ :**

ਬੱਦਲ ਪਾਣੀ ਤੋਂ ਸੱਖਣੇ ਹੋ ਗਏ, ਉਨ੍ਹਾਂ ਦੀ ਜੋਬਨਾਵਸਥਾ ਪੂਰਨ ਹੋ ਗਈ। ਬੱਦਲ ਵਾਂਗ ਗੋਪੀਆਂ ਦੀ ਜੁਆਨੀ ਵੀ ਕਿਧਰੇ ਸ੍ਰੀ ਕ੍ਰਿਸ਼ਨ ਜੀ ਦੇ ਵਿਯੋਗ ਵਿੱਚ ਖਤਮ ਨਾ ਹੋ ਜਾਵੇ।

## ਪੁਕਾਰ ਰਹੀ ਨਾ ਮਿਲੇ ਸੁਖਦਾਈ

ਗੋਪੀਆਂ ਆਪਣੇ ਪਿਆਰੇ ਇਸ਼ਟ ਦਾ ਆਪਣੇ ਨੇਤਰਾਂ ਨਾਲ ਦਰਸ਼ਨ ਕਰਕੇ ਨਿਹਾਲ ਹੁੰਦੀਆਂ ਸਨ, ਉਨ੍ਹਾਂ ਤੋਂ ਵਾਰਨੇ ਬਲਿਹਾਰਨੇ ਜਾਂਦੀਆਂ ਸਨ, ਉਹ ਸ੍ਰੀ ਕ੍ਰਿਸ਼ਨ ਜੀ ਤੋਂ ਵਿੱਛੜਕੇ, ਇੱਕ ਘੜੀ ਭਰ ਲਈ ਵੀ ਜੀਊਂਦੀਆਂ ਨਹੀ ਰਹਿ ਸਕਦੀਆਂ ਸਨ, ਉਨ੍ਹਾਂ ਤੋਂ ਵੱਖਰੇ ਹੋਣ ਦਾ ਤਾਂ ਉਨ੍ਹਾਂ ਦੇ ਮਨ ਵਿੱਚ ਖਿਆਲ ਹੀ ਨਹੀ ਸੀ ਆਇਆ ਪਰ ਕਦੇ-ਕਦੇ ਸੋਚ ਦੇ ਉਲਟ ਵੀ ਕੁਝ ਹੋ ਜਾਂਦਾ ਹੈ, ਬੇਬਸੀ ਹੋ ਜਾਂਦੀ ਹੈ, ਆਪਣੇ ਵੱਸ ਵਿੱਚ ਕੁਝ ਵੀ ਨਹੀ ਰਹਿ ਜਾਂਦਾ, ਵਿਧਾਤਾ ਕੁਝ ਹੋਰ ਹੀ ਕਰ ਦਿੰਦਾ ਹੈ।

ਹਾਲਤਾਂ ਦੇ ਅੱਗੇ ਮਨੁੱਖ ਨੂੰ ਘੁਟਣੇ ਟੇਕਣੇ ਪੈਂਦੇ ਹਨ, ਹਿਰਦੇ ਦੇ ਅੰਦਰ ਭਾਵੇਂ ਹਉਕੇ, ਸਿਸਕੀਆਂ, ਆਹਾਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੋਵੇ। ਸ੍ਰੀ ਕ੍ਰਿਸ਼ਨ ਜੀ ਗੋਪੀਆਂ ਨੂੰ ਬਿਰਹੋਂ ਦੀ ਬਲਦੀ ਹੋਈ ਭੱਠੀ ਵਿੱਚ ਸੁੱਟ ਕੇ ਮਥਰਾ ਚਲੇ ਗਏ। ਉਹ ਵਿਯੋਗ ਦੀ ਅੱਗ ਵਿੱਚ ਝੁਲਸਦੀਆਂ ਹਨ, ਤੜਪਦੀਆਂ ਹਨ, 'ਹਾਏ ਸ੍ਰੀ ਕ੍ਰਿਸ਼ਨ' ਜੀ ਦੀ ਰਟ ਲਗਾਉਂਦੀਆਂ ਹਨ, ਪਰ ਉਨ੍ਹਾਂ ਦੀ ਪੁਕਾਰ ਆਪਣੇ ਪਿਆਰੇ ਪ੍ਰੀਤਮ ਇਸ਼ਟ ਤਕ ਨਹੀਂ ਪਹੁੰਚਦੀ। ਉਹ ਆਪਣੇ ਪਿਆਰੇ ਸੁਖਦਾਤਾ ਨੂੰ ਯਾਦ ਕਰ ਕਰ ਕੇ ਦੁਖੀ ਹੁੰਦੀਆਂ ਹਨ। ਉਨ੍ਹਾਂ ਦੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਤਾਂ ਅਥਾਹ ਗੁਣਾਂ ਦੇ ਭੰਡਾਰ ਹਨ, ਉਹ ਉਨ੍ਹਾਂ ਦੇ ਗੁਣਾਂ ਨੂੰ ਇੱਕ-ਇੱਕ ਕਰਕੇ ਯਾਦ ਕਰਕੇ, ਉਨ੍ਹਾਂ ਦੀ ਦੂਰੀ ਨੂੰ ਸਮੀਪਤਾ ਸਮਝਕੇ ਆਪਣਾ ਸਮਾਂ ਗੁਜ਼ਾਰਨ ਦਾ ਪ੍ਰਯਤਨ ਕਰਦੀਆਂ ਹਨ। ਰਾਧਾ ਜੀ ਆਪਣੀਆਂ ਹੋਰ ਸਖੀਆਂ ਨਾਲ ਸ੍ਰੀ ਕ੍ਰਿਸ਼ਨ ਜੀ ਦੇ ਗੁਣਾਂ ਦਾ ਗਾਣ ਕਰਨ ਲਗੇ।

ਹੇ ਮੇਰੀ ਪਿਆਰੀ ਸਖੀ ! ਮੈਨੂੰ ਆਪਣੇ ਪਿਆਰੇ ਸੁਖਦਾਈ ਪ੍ਰੀਤਮ ਦੇ ਗੁਣ ਬਹੁਤ ਯਾਦ ਆਉਂਦੇ ਹਨ।

- ਸਭ ਤੋਂ ਵੱਡਾ ਗੁਣ ਕਿ ਉਹ ਕਦੇ ਵੀ ਝੂਠ ਨਹੀਂ ਬੋਲਦੇ ਸਨ, ਉਹ ਤਾਂ ਹਮੇਸ਼ਾ ਸੱਚ ਦੇ ਧਾਰਨੀ ਸਨ, ਉਹ ਆਪ ਵੀ ਸੱਚ ਬੋਲਦੇ ਸਨ ਅਤੇ ਦੂਸਰਿਆਂ ਨੂੰ ਸੱਚ ਬੋਲਣ ਦੀ ਹਮੇਸ਼ਾ ਪ੍ਰੇਰਣਾ ਦਿੰਦੇ ਸਨ। ਝੂਠ ਕੋਲੋਂ ਉਨ੍ਹਾਂ ਨੂੰ ਸਖਤ ਨਫਰਤ ਸੀ ।
- ਉਨ੍ਹਾਂ ਦਾ ਆਚਰਣ ਬਹੁਤ ਉੱਚਾ ਅਤੇ ਸੁੱਚਾ ਸੀ। ਉਹ ਆਪ ਇੱਕ ਫ਼ਆਦਰਸ਼ ਸਨ ਅਤੇ ਉਨ੍ਹਾਂ ਦੇ ਸੱਚੇ ਆਦਰਸ਼ਾਂ ਦਾ ਅਨੁਸਰਨ ਕਰਨ ਲਈ ਸਭ ਦਾ ਮਨ ਲੋਚਦਾ ਸੀ।
- ਉਨ੍ਹਾਂ ਦੇ ਹਿਰਦੇ ਵਿੱਚ ਦਇਆ ਅਤੇ ਕਰੁਣਾ ਦਾ ਸਮੁੰਦਰ ਠਾਠਾਂ ਮਾਰਦਾ ਰਹਿੰਦਾ ਸੀ। ਉਹ ਹਰ ਜੀਵ ਜੰਤੂ ਸਭ ਤੇ ਦਇਆ ਕਰਦੇ ਸਨ।
- ਉਹ ਧੀਰਜ ਦੀ ਪ੍ਰਤਿਮਾ ਸਨ। ਉਹ ਹਰ ਕੰਮ ਧੀਰਜ ਨਾਲ ਕਰਦੇ ਸਨ। ਉਹ ਕਦੇ ਵੀ ਆਪੇ ਤੋਂ ਬਾਹਰ ਨਾ ਹੋ ਕੇ ਧੀਰਜ ਨਹੀਂ ਸਨ ਗਵਾਉਂਦੇ।
- ਜੇਕਰ ਕਦੇ ਕੋਈ ਕਸੂਰ ਕਰਦਾ, ਤਾਂ ਮੇਰੇ ਪਿਆਰੇ ਸੁਖਦਾਈ ਹਮੇਸ਼ਾ ਉਸਨੂੰ ਖਿਮਾ ਕਰਦੇ, ਕਿਉਂਕਿ ਖਿਮਾ ਕਰਨਾ ਤਾਂ ਉਨ੍ਹਾਂ ਦਾ ਸੁਭਾਅ ਸੀ। ਉਹ ਉਸਦੇ ਦੋਸ਼ਾਂ ਨੂੰ ਕਦੇ ਵੀ ਨਾ ਚਿਤਾਰਦੇ ਤੇ ਮੁਸਕਰਾਉਂਦੇ ਹੋਏ ਖਿਮਾ ਪ੍ਰਦਾਨ ਕਰਦੇ।
- ਮੇਰੇ ਸੁਖਦੇਵ ਸ੍ਰੀ ਕ੍ਰਿਸ਼ਨ ਜੀ ਹਮੇਸ਼ਾ ਸੰਸਾਰੀ ਮਾਇਆ ਤੋਂ ਮੁਕਤ ਰਹਿੰਦੇ ਸਨ। ਉਹ ਸੰਸਾਰ ਵਿੱਚ ਵਿਚਰਦੇ ਹੋਏ ਸੰਸਾਰਿਕ ਮਾਇਆ ਤੋਂ ਆਪਣੇ ਆਪ ਨੂੰ ਉੱਚਾ ਰੱਖਦੇ ਸਨ, ਉਸ ਵਿੱਚ ਕਦੇ ਵੀ ਲਿਪਤ ਨਹੀਂ ਸਨ ਹੁੰਦੇ।

- ਉਹ ਸੰਤੋਖ ਦੀ ਮੂਰਤ ਸਨ, ਜੋ ਕੁਝ ਵੀ ਅਕਾਲ ਪੁਰਖ ਦਾ ਦਿੱਤਾ ਹੋਇਆ ਸੀ, ਉਸ ਉੱਤੇ ਹੀ ਉਹ ਸੰਤੁਸ਼ਟ ਸਨ। ਅਸੰਤੁਸ਼ਟਤਾ ਉਨ੍ਹਾਂ ਤੋਂ ਕੋਹਾਂ ਦੂਰ ਸੀ।
- ਮੇਰੇ ਸੁਖਦਾਈ ਪ੍ਰੀਤਮ ਹਰ ਕਿਸੇ ਨਾਲ ਮਿੱਠੀ ਬੋਲੀ ਬੋਲਦੇ ਸਨ। ਉਨ੍ਹਾਂ ਦੇ ਬਚਨ ਮਿਠਾਸ ਭਰਪੂਰ ਸਨ। ਉਹ ਮੇਰਾ ਮਿੱਠ ਬੋਲੜਾ ਸੁਆਮੀ ਹਰੇਕ ਨੂੰ ਆਪਣੇ ਮਿੱਠੇ ਮਿੱਠੇ ਬੋਲਾਂ ਨਾਲ ਮੋਹਿਤ ਕਰ ਲੈਂਦਾ ਸੀ। ਕੌੜੇ, ਫਿੱਕੇ, ਕੁਸੈਲੇ, ਬੋਲ ਤਾਂ ਉਹ ਬੋਲ ਹੀ ਨਹੀਂ ਸਨ ਸਕਦੇ।
- ਉਹ ਮੇਰੇ ਸੁਖਕੰਦ ਨੇ ਪੂਰਨ ਰੂਪ ਵਿੱਚ ਆਪਣੀਆਂ ਸਾਰੀਆਂ ਇੰਦ੍ਰੀਆਂ ਨੂੰ ਵੱਸ ਵਿੱਚ ਕੀਤਾ ਹੋਇਆ ਸੀ। ਉਹ ਉਨ੍ਹਾਂ ਦੇ ਪੂਰਨ ਰੂਪ ਵਿੱਚ ਕਾਬੂ ਸਨ।
- ਮੇਰੇ ਉਸ ਰਸੀਆ ਪ੍ਰੀਤਮ ਦੀ ਦਿੱਬ ਦ੍ਰਿਸ਼ਟੀ ਵਿੱਚ ਕੋਈ ਵੱਡਾ ਤੇ ਕੋਈ ਛੋਟਾ ਨਹੀਂ ਸੀ। ਸਾਰੇ ਜੀਵ ਇੱਕ ਅਕਾਲ ਪੁਰਖ ਦੇ ਬਣਾਏ ਹੋਏ ਹਨ, ਇਸ ਲਈ ਸਭ ਇੱਕ ਸਾਰ ਹਨ, ਕੋਈ ਵੱਡਾ ਅਤੇ ਛੋਟਾ ਨਹੀਂ। ਕਿਸੇ ਨੂੰ ਵੱਡਾ ਅਤੇ ਛੋਟਾ ਜਾਣ ਕੇ ਉਹ ਕਦੇ ਵੀ ਕਿਸੇ ਦਾ ਨਿਰਾਦਰ ਨਹੀਂ ਸਨ ਕਰਦੇ।
- ਮੇਰੇ ਸੁਖਕੰਦ ਇਸ਼ਟ ਦੇ ਨਾਲ ਜੇਕਰ ਕੋਈ ਦੁਰਬਚਨ ਬੋਲ ਜਾਂਦਾ ਤਾਂ ਉਹ ਚੁਪ-ਚਾਪ ਉਸਨੂੰ ਸੁਣ ਲੈਂਦੇ ਅਤੇ ਉਸ ਤੇ ਕਦੇ ਵੀ ਗੁੱਸਾ ਨਾ ਕਰਦੇ।
- ਉਹ ਕਦੇ ਵੀ ਕੋਈ ਕੰਮ ਹਫੜਾ ਦਫੜੀ ਵਿੱਚ ਨਹੀਂ ਕਰਦੇ, ਕਾਹਲੀ ਜਲਦੀ ਤਾਂ ਕੰਮ ਨੂੰ ਵਿਗਾੜ ਦਿੰਦੀ ਹੈ, ਇਸ ਲਈ ਉਹ ਬੜੇ ਸੁਘੜ ਅਤੇ ਸੁਚੱਜੇ ਢੰਗ ਨਾਲ ਕੰਮ ਨੂੰ ਸਿਰੇ ਚੜ੍ਹਾਉਂਦੇ।
- ਉਨ੍ਹਾਂ ਦਾ ਇੱਕ ਹੋਰ ਬਹੁਤ ਵਧੀਆ ਗੁਣ ਹੈ, ਜਿਹੜੀ ਗੱਲ ਉਹ ਇੱਕ ਵਾਰੀ ਸੁਣ ਲੈਂਦੇ ਹਨ, ਉਹ ਉਨ੍ਹਾਂ ਨੂੰ ਕਦੇ ਵੀ ਨਹੀਂ ਭੁੱਲਦੀ, ਉਸਨੂੰ ਹਮੇਸ਼ਾ ਯਾਦ ਰੱਖਦੇ ਹਨ।
- ਮੇਰੇ ਪ੍ਰੀਤਮ ਜਿਹੜਾ ਬਚਨ ਆਪਣੇ ਪਵਿਤਰ ਮੁਖਾਰਬਿੰਦ ਤੋਂ ਕਰਦੇ ਹਨ, ਉਨ੍ਹਾਂ ਨੂੰ ਪੂਰਾ ਕਰਨ ਦਾ ਪ੍ਰਯਤਨ ਕਰਦੇ ਹਨ। ਉਨ੍ਹਾਂ ਬਚਨਾਂ ਦੀ ਪੂਰਤੀ ਵਿੱਚ ਰਤੀ ਭਰ ਵੀ ਕਸਰ ਨਹੀਂ ਛੱਡਦੇ।
- ਉਹ ਆਪਣੇ ਗਿਆਨ ਨੂੰ ਹਮੇਸ਼ਾ ਸਥਿਰ ਰਖਦੇ ਹਨ।
- ਉਹ ਆਪਣੇ ਮਨ ਵਿੱਚ ਵੈਰਾਗ ਕਰਦੇ ਹਨ।
- ਉਨ੍ਹਾਂ ਦੀ ਇਹ ਸਿਖਿਆ ਹੈ ਕਿ ਇਸਤ੍ਰੀ ਅਤੇ ਪੁੱਤ੍ਰ ਨਾਲ ਜ਼ਿਆਦਾ ਮੋਹ ਨਹੀਂ ਕਰਨਾ ਚਾਹੀਦਾ। ਉਹ ਉਨ੍ਹਾਂ ਨੂੰ ਬਾਕੀ ਹੋਰ ਸੰਸਾਰਿਕ ਰਿਸ਼ਤਿਆਂ ਵਾਂਗ ਹੀ ਜਾਣਦੇ ਹਨ।

- ਜੇਕਰ ਕਿਸੇ ਕੋਲ ਅਧਿਕ ਧਨ ਹੈ, ਉਹ ਅਧਿਕ ਮਾਇਆ ਧਾਰੀ ਹੋ ਗਿਆ ਹੈ, ਉਸ ਨੂੰ ਅਭਿਮਾਨੀ ਨਹੀਂ ਹੋਣਾ ਚਾਹੀਦਾ, ਕਿਉਂਕਿ ਧਨ ਤੇ ਦੌਲਤ ਤਾਂ ਅਸਥਿਰ ਹਨ, ਉਹ ਤਾਂ ਇੱਕ ਆਉਣੀ ਜਾਣੀ ਚੀਜ਼ ਹੈ, ਇਸ ਲਈ ਮਾਇਆ ਦਾ ਘਮੰਡ ਕਰਨਾ ਅਤੇ ਅਹੰਕਾਰ ਕਰਨਾ ਵਿਅਰਥ ਹੈ।
- ਜੇਕਰ ਕਿਸੇ ਪੁਰਖ ਕੋਲ ਬਹੁਤ ਬਲ ਹੈ, ਉਸਨੂੰ ਉਸ ਬਲ ਦਾ ਘੁਮੰਡ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਬਲ ਵੀ ਤਾਂ ਸਥਿਰ ਨਹੀਂ ਰਹਿੰਦਾ, ਜਿਉਂ-ਜਿਉਂ ਉਮਰ ਵੱਧਦੀ ਹੈ, ਮਨੁੱਖ ਦਾ ਬਲ ਵੀ ਨਾਲੋ ਨਾਲ ਘਟਦਾਜਾਂਦਾ ਹੈ। ਇਸ ਲਈ ਬਲਸ਼ਾਲੀ ਹੋਣ ਦਾ ਘਮੰਡ ਕਰਨਾ ਵਿਅਰਥ ਹੈ।
- ਹਰੇਕ ਨੂੰ ਇਹ ਪ੍ਰਯਤਨ ਕਰਨਾ ਚਾਹੀਦਾ ਹੈ, ਕਿ ਉਹ ਵਧੀਆ ਕਰਮ ਕਰਕੇ ਸਭ ਤੋਂ ਸਰੇਸ਼ਟ ਅਤੇ ਉੱਤਮ ਬਣੇ ।
- ਵਿੱਦਿਆ ਅਨੇਕਾਂ ਤਰ੍ਹਾਂ ਦੀ ਹੈ। ਹਰੇਕ ਪ੍ਰਾਣੀ ਦਾ ਪ੍ਰਯਤਨ ਇਹ ਹੋਣਾ ਚਾਹੀਦਾ ਹੈ ਕਿ ਸਭ ਤਰ੍ਹਾਂ ਦੀਆਂ ਵਿੱਦਿਆਵਾਂ ਦਾ ਗਿਆਨ ਪ੍ਰਾਪਤ ਕਰੇ।
- ਦੂਸਰਿਆਂ ਦਾ ਦੁੱਖ ਦੇਖਕੇ ਅੱਖਾਂ ਬੰਦ ਨਹੀਂ ਕਰਨੀਆਂ ਚਾਹੀਦੀਆਂ। ਜਦੋਂ ਕੋਈ ਵੀ ਦੁੱਖ ਯਾ ਪੀੜਾ ਨਾਲ ਗ੍ਰਸਤ ਹੋਵੇ, ਮੇਰਾ ਪਿਆਰਾ ਪ੍ਰੀਤਮ ਉਸਦੇ ਦੁੱਖਾਂ ਦਾ ਕਸ਼ਟ ਨਿਵਾਰਣ ਕਰਨ ਦਾ ਪ੍ਰਯਤਨ ਕਰਦੇ ਹਨ, ਉਸਨੂੰ ਸਾਂਤਵਨਾ ਦੇ ਕੇ ਦੁੱਖ ਦੂਰ ਕਰਕੇ ਖੁਸ਼ੀਆਂ ਪ੍ਰਦਾਨ ਕਰਦੇ ਹਨ।
- ਮੇਰੇ ਸੁਖਦਾਈ ਤਾਂ ਨਿਰਭੈ ਹਨ, ਉਹ ਨਾ ਤਾਂ ਆਪ ਡਰਦੇ ਹਨ, ਨਾ ਹੀ ਕਿਸੇ ਨੂੰ ਭੈ ਦਿੰਦੇ ਹਨ।
- ਜੇਕਰ ਕੋਈ ਪੁਰਖ ਕਿਸੇ ਦੁੱਖ ਯਾ ਪੀੜਾ ਦਾ ਸ਼ਿਕਾਰ ਹੁੰਦਾ ਹੈ, ਉਹ ਮੇਰੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਨੂੰ ਆ ਕੇ ਸਾਰੇ ਦੁਖ ਪੀੜਾ ਦਾ ਹਾਲ ਸੁਣਾਉਂਦੇ ਹਨ, ਉਹ ਬੜੇ ਪਿਆਰ ਨਾਲ ਉਸਨੂੰ ਸੁਣਦੇ ਹਨ।
- ਮੇਰੇ ਪਰਮ ਪੁਰਖ ਪਰਮੇਸ਼ਰ ਸ੍ਰੀ ਕ੍ਰਿਸ਼ਨ ਜੀ ਤਿੰਨਾਂ ਕਾਲਾਂ ਦੇ ਗਿਆਤਾ ਹਨ। ਉਹ ਪੂਰਨ ਰੂਪ ਵਿੱਚ ਅੰਤਰਜਾਮੀ ਹਨ ਅਤੇ ਇਸ ਲਈ, ਉਨ੍ਹਾਂ ਨੂੰ ਭੂਤ, ਭਵਿੱਖ ਅਤੇ ਵਰਤਮਾਨ ਸਭ ਦਾ ਗਿਆਨ ਹੈ।
- ਸ੍ਰੀ ਕ੍ਰਿਸ਼ਨ ਜੀ ਸਮੁੰਦਰ ਦੇ ਸਮਾਨ ਗੰਭੀਰ ਹਨ, ਸਜੀਵ ਹਨ, ਉਹ ਆਪਣੇ ਮਨ ਦਾ ਹਾਲ ਕਦੇ ਵੀ ਕਿਸੇ ਨੂੰ ਨਹੀਂ ਕਹਿੰਦੇ, ਆਪਣੇ ਅੰਦਰ ਹੀ ਰੱਖਦੇ ਹਨ।
- ਉਹ ਪੂਰਨ ਰੂਪ ਵਿੱਚ ਧਰਮਾਤਮਾ ਹਨ, ਧਰਮ ਦੀ ਮੂਰਤ ਹਨ ਧਰਮ

ਵੱਲੋਂ ਆਪਣਾ ਮਨ ਕਦੇ ਵੀ ਨਹੀਂ ਫੇਰਦੇ। ਉਹ ਆਪ ਤਾਂ ਧਰਮ ਦੇ ਰਾਹਾਂ ਤੇ ਚਲਦੇ ਹੀ ਹਨ, ਹੋਰਨਾਂ ਨੂੰ ਵੀ ਧਰਮ ਦੇ ਰਾਹ ਤੇ ਚਲਣ ਦੀ ਪ੍ਰੇਰਣਾ ਦਿੰਦੇ ਹਨ।

- ਮੇਰੇ ਪ੍ਰੀਤਮ ਧਰਮ ਅਤੇ ਵੇਦਾਂ ਦੇ ਰੱਖਿਅਕ ਹਨ।
- ਉਹ ਕਦੇ ਵੀ ਬੁਰੇ ਕਰਮ ਨਹੀਂ ਕਰਦੇ, ਹਮੇਸ਼ਾ ਸ਼ੁਭ ਕਰਮਾਂ ਦੇ ਕਰਨਹਾਰ ਹਨ। ਉਨ੍ਹਾਂ ਦੇ ਸ਼ੁਭ ਕਰਮਾਂ ਨੂੰ ਵੇਖਕੇ ਸੰਸਾਰੀ ਜੀਵ ਉਨ੍ਹਾਂ ਨੂੰ ਭਲਾ ਭਲਾ ਕਹਿੰਦੇ ਹਨ।
- ਉਨ੍ਹਾਂ ਦੇ ਸ਼ੁਭ ਉਪਦੇਸ਼ਾਂ ਵਿੱਚੋਂ ਇੱਕ ਇਹ ਵੀ ਹੈ ਕਿ ਅੱਖਾਂ ਵਿੱਚ ਸ਼ਰਮ ਹਮੇਸ਼ਾ ਰੱਖਣੀ।
- ਉਨ੍ਹਾਂ ਦੇ ਜੀਵਨ ਦਾ ਇਹ ਉਦੇਸ਼ ਕਿ ਕਿਸੇ ਵੀ ਜੀਵ ਜੰਤੂ ਨੂੰ ਦੁੱਖ ਨਹੀਂ ਦੇਣਾ ਚਾਹੀਦਾ।
- ਜੇਕਰ ਕੋਈ ਦੀਨ ਅਧੀਨ ਹੋ ਕੇ ਆਪਣਾ ਮਨੋਰਥ ਕਹੇ, ਉਸਦੇ ਮਨੋਰਥ ਨੂੰ ਜ਼ਰੂਰ ਪੂਰਾ ਕਰਨਾ ਚਾਹੀਦਾ ਹੈ।
- ਉਹ ਹਮੇਸ਼ਾ ਆਪ ਵੀ ਅਕਾਲ ਪੁਰਖ ਦੇ ਚਰਨਾਂ ਦਾ ਧਿਆਨ ਕਰਕੇ ਜਪ ਤਪ ਕਰਦੇ ਹਨ ਅਤੇ ਦੂਸਰਿਆਂ ਨੂੰ ਵੀ ਪ੍ਰਭੂ ਦੀ ਮਹਿਮਾ ਅਤੇ ਗੁਣ-ਗਾਣ ਕਰਨ ਦੀ ਸਿੱਖਿਆ ਦਿੰਦੇ ਹਨ।
- ਉਹ ਤਾਂ ਸਰਵ ਸ੍ਰੇਸ਼ਟ ਹਨ ਅਤੇ ਸਭ ਤੋਂ ਜ਼ਿਆਦਾ ਗੁਣਵਾਨ ਹਨ, ਇੰਨਾਂ ਸਭ ਕੁਝ ਕਰਕੇ ਵੀ ਉਨ੍ਹਾਂ ਵਿੱਚ ਹਮੇਸ਼ਾ ਨਿਮ੍ਰਤਾ ਰਹਿੰਦੀ ਹੈ।
- ਮੇਰੇ ਸੁਖਕੰਦ ਆਪਣੇ ਮਨ ਵਿੱਚ ਕਿਸੇ ਗੱਲ ਦਾ ਲੋਭ ਨਹੀਂ ਰੱਖਦੇ।
- ਉਹ ਮੇਰੇ ਪਿਆਰੇ ਪ੍ਰੀਤਮ ਸਾਧੂ, ਬ੍ਰਾਹਮਣ ਅਤੇ ਮਹਾਤਮਾਵਾਂ ਦਾ ਆਦਰ ਸਤਿਕਾਰ ਕਰਦੇ ਹਨ, ਅਤੇ ਹਮੇਸ਼ਾਂ ਉਨ੍ਹਾਂ ਦੇ ਪਰਉਪਕਾਰ ਵਿੱਚ ਲੱਗ ਜਾਂਦੇ ਹਨ।

ਅਣਗਿਣਤ ਗੁਣਾਂ ਦੇ ਅਥਾਹ ਭੰਡਾਰ ਸੁਖਾਂ ਦੀ ਖਾਣ, ਜੀਵ-ਜੰਤੂ ਦੇ ਰੱਖਿਅਕ, ਸਬਰ, ਸੱਚ, ਸੰਤੋਖ ਦੀ ਪ੍ਰਤਿਮਾ, ਦਇਆ, ਖਿਮਾ, ਪਿਆਰ ਦੀ ਮੂਰਤ ਮਿੱਠ ਬੋਲੜੇ ਪ੍ਰੀਤਮ, ਵੈਰਾਗੀ ਤਿਆਗੀ, ਭੂਤ ਵਰਤਮਾਨ ਅਤੇ ਭਵਿੱਖ ਦੇ ਗਿਆਤਾ, ਅੰਤਰਜਾਮੀ, ਵੀਰ, ਗੰਭੀਰ, ਧੀਰ, ਦੀਨ ਦਿਆਲ, ਵੈਰੀਸਾਲ, ਗੋਪੀਆਂ ਦੇ ਹਿਰਦੇ ਦੇ ਸਮਰਾਟ, ਤੇ ਇਹੋ ਜਿਹੇ ਸਭ ਤੋਂ ਵਡੇ ਸਮਰਾਟ ਲਈ ਗੋਪੀਆਂ ਆਪਣੇ ਪਿਆਰੇ ਇਸ਼ਟ ਦੇ ਗੁਣਾਂ ਦਾ ਗਾਣ ਕਰਕੇ ਦਰਸ਼ਨਾਂ ਲਈ ਬਾਰ-ਬਾਰ ਪੁਕਾਰਦੀਆਂ ਪਰ ਉਨ੍ਹਾਂ ਦੀ ਪੁਕਾਰ ਦੀ ਕੋਈ ਸੁਣਵਾਈ ਨਹੀਂ ।

ਗੋਪੀਆਂ ਦੇ ਪਿਆਰੇ ਸੁਖਦਾਈ ਇਸ਼ਟ ਨੇ ਉਨ੍ਹਾਂ ਦੀ ਪੁਕਾਰ ਨੂੰ ਨਹੀਂ ਸੁਣਿਆ ਅਤੇ ਨਾ ਹੀ ਆ ਕੇ ਦਰਸ਼ਨਾ ਦੀ ਦਾਤ ਬਖਸ਼ਕੇ ਨਿਹਾਲ ਕੀਤਾ।

# ੨੫

**ਕਾਤਕਿ ਮੈ ਗਨਿ ਦੀਪ ਪ੍ਰਕਾਸਤ**
**ਤੈਸੇ ਅਕਾਸ ਮੈ ਉਜਲ ਤਾਈ।**
**ਜੂਪ ਜਹਾਂ ਤਹ ਫੈਲ ਰਹਯੋ**
**ਸਿਗਰੇ ਨਰ ਨਾਰਨ ਖੇਲ ਮਚਾਈ।**
**ਚਿਤ੍ਰ ਭਏ ਘਰ ਆਂਙਨ ਦੇਖ**
**ਗਚੇ ਤਹ ਕੇ ਅਰੁ ਚਿਤ੍ਰ ਭ੍ਰਮਾਈ।**
**ਆਯੋ ਨਹੀ ਮਨ ਭਾਯੋ ਤਹੀ**
**ਟਸਕਯੋ ਨ ਹੀਯੋ ਕਸਕਯੋ ਨ ਕਸਾਈ।।੯੨੧।।**

*– ਦਸਮ ਗ੍ਰੰਥ ਪੰਨਾ ੩੭੭*

**ਸ਼ਬਦਾਰਥ :**

ਗਨਿ–ਰੱਸੀ ਵੱਟੀ ਹੋਈ। ਦੀਪ-ਦੀਵਾ ( ਵੱਟੀ ਅਤੇ ਦੀਵਾ ਮਿਲ ਕੇ ਜਿਵੇਂ ਚਾਨਣ ਕਰਦੇ ਹਨ)। ਉਜਲਤਾਈ–ਚਿਟਿਆਈ, ਚਾਨਣ, ਉਜਾਲਾ। ਜੂਪ–ਜੂਏ ਦੀ ਖੇਡ। ਤਹ–ਜਿੱਥੇ, ਤਿੱਥੇ, ਥਾਂ ਪੁਰ ਥਾਂ, ਹਰ ਜਗ੍ਹਾ। ਚਿਤ੍ਰ–ਚਿਤਰੇ ਹੋਏ, ਫੁੱਲ ਬੂਟੇ, ਮੂਰਤਾਂ ਬਣਾ ਕੇ ਸਜਾਏ ਹੋਏ ਘਰ, ਮਕਾਨ। ਆਂਙਨ–ਵਿਹੜਾ। ਗਚੇ-ਖੂਬ ਪੱਕੇ ਕੀਤੇ ਹੋਏ, ਗੂੜ੍ਹੇ ਕੀਤੇ ਹੋਏ। ਤਹ ਕੇ-ਤਿਨ੍ਹਾਂ ਮੂਰਤਾਂ ਆਦਿ ਨਾਲ। ਭਾਯੋ–ਉਥੇ ਹੀ ਮਨ ਭਾ ਗਿਆ, ਭਾਵ ਕਾਨ੍ਹ ਮਥਰਾ ਵਿੱਚ ਹੀ ਪਰਚ ਕੇ ਰਹਿ ਗਿਆ। ਟਸਕਯੋ–ਧੀਰਜ। ਕਸਕਯੋ-ਖਿੱਚ। ਕਸਾਈ-ਪ੍ਰੀਤਮ।

**ਵਿਆਖਿਆ :**

ਕੱਤਕ ਦੇ ਮਹੀਨੇ ਵਿੱਚ ਗੋਪੀਆਂ ਆਪਣੇ ਚਾਰ ਚੁਫੇਰੇ ਮੌਸਮ ਦੇ ਸੁਹਾਵਣੇ ਪਨ ਦਾ ਦ੍ਰਿਸ਼ ਵੇਖਦੀਆਂ ਹਨ। ਇਸ ਮਹੀਨੇ ਵਿੱਚ ਜਿਸ ਤਰ੍ਹਾਂ ਦੀਵੇ ਵਿੱਚ ਬੱਤੀ ਕਰਕੇ ਪ੍ਰਕਾਸ਼ ਹੁੰਦਾ ਹੈ, ਉਸ ਤਰ੍ਹਾਂ ਹੀ ਅਕਾਸ਼ ਵੀ ਬੜਾ ਨਿਰਮਲ, ਉਜੱਲ, ਸ੍ਵੱਛ ਨਜ਼ਰ ਆਉਂਦਾ ਹੈ। ਸਾਰੇ ਪਾਸੇ ਹਰ ਥਾਂ ਤੇ ਜੂਆ ਬਹੁਤ ਮਸ਼ਹੂਰ ਹੋ ਰਿਹਾ ਹੈ, ਅਤੇ ਸਾਰੇ ਪੁਰਖ ਇਸਤ੍ਰੀਆਂ ਜੂਏ ਦੀ ਖੇਡ ਖੇਡਕੇ ਆਪਣਾ ਮਨ ਪਰਚਾਵਾ ਕਰ ਰਹੇ ਹਨ। ਚੂਨੇ ਨਾਲ ਗੱਚ ਕੀਤੇ ਹੋਏ ਘਰਾਂ ਉੱਤੇ ਭਾਂਤ-ਭਾਂਤ ਦੇ ਚਿਤ੍ਰ ਬਣੇ ਹੋਏ ਹਨ ਅਤੇ ਵਿਹੜਿਆਂ ਨੂੰ ਬੜੇ ਸੁਹਣੇ ਢੰਗ ਨਾਲ ਸਜਾਇਆ ਹੋਇਆ ਹੈ,

ਬੜੇ ਸੁੰਦਰ ਢੰਗ ਨਾਲ ਸੁਸਜਿਤ ਕੀਤਾ ਹੋਇਆ ਹੈ, ਜਿੰਨ੍ਹਾਂ ਨੂੰ ਵੇਖਕੇ ਚਿਤ ਵਿੱਚ ਭ੍ਰਮ ਪੈਦਾ ਹੋ ਜਾਂਦਾ ਹੈ। ਵਿਹੜੇ ਵਿੱਚ ਕੀਤੀ ਹੋਈ ਫੁਲਵਾੜੀ ਤੇ ਕੰਧਾਂ ਉੱਤੇ ਬਣੀਆਂ ਹੋਈਆਂ ਸੁੰਦਰ ਸ਼ੇਰਾਂ ਦੀਆਂ ਤਸਵੀਰਾਂ ਨੂੰ ਵੇਖਕੇ ਮਨ ਵਿੱਚ ਇਹ ਭਰਮ ਪੈਦਾ ਹੋ ਜਾਂਦਾ ਹੈ ਕਿ ਕਿਧਰੇ ਇਹ ਬਨ ਤਾਂ ਨਹੀਂ। ਤਸਵੀਰਾਂ ਮੂੰਹੋਂ ਬੋਲਦੀਆਂ ਹਨ, ਇਸ ਕਰਕੇ ਮਨ ਵਿੱਚ ਭਰਮ ਪੈਦਾ ਹੋ ਜਾਂਦਾ ਹੈ, ਕਿ ਇਹ ਤਸਵੀਰਾਂ ਹਨ, ਕਿ ਸੱਚੀ-ਮੁੱਚੀ ਜੰਗਲ ਵਿੱਚ ਸ਼ੇਰ ਘੁੰਮ ਫਿਰ ਰਹੇ ਹਨ। ਇਹ ਸਾਰੇ ਦ੍ਰਿਸ਼ ਦੀ ਰੋਸ਼ਨੀ, ਆਕਾਸ਼ ਦੀ ਉੱਜਲਤਾਈ, ਘਰ -ਆਂਗਨ ਦਾ ਹਾਰ ਸ਼ਿੰਗਾਰ ਉਨ੍ਹਾਂ ਉੱਤੇ ਬਣੇ ਹੋਏ ਫੁੱਲਾਂ ਦੇ ਬੂਟੇ ਗੋਪੀਆਂ ਦੇ ਦਿਲ ਨੂੰ ਖੁਸ਼ੀ ਪ੍ਰਦਾਨ ਨਹੀਂ ਕਰਦੇ, ਇਹ ਸਾਰੇ ਦ੍ਰਿਸ਼ ਵੇਖ ਕੇ ਉਹ ਅਤਿ ਉਦਾਸੀਨ ਹੋ ਜਾਂਦੀਆਂ ਹਨ, ਕਿਉਂਕਿ ਉਨ੍ਹਾਂ ਦਾ ਪਿਆਰਾ ਪ੍ਰੀਤਮ, ਬ੍ਰਿਜਨਾਥ ਮਥਰਾ ਵਿਖੇ ਜਾ ਕੇ ਬੈਠ ਰਿਹਾ ਹੈ, ਅਤੇ ਵਾਪਸ ਬ੍ਰਿਜ ਵਿਖੇ ਆ ਕੇ ਉਨ੍ਹਾਂ ਨੂੰ ਦਰਸ਼ਨ ਦੀ ਖੈਰ ਉਨ੍ਹਾਂ ਦੀ ਝੋਲੀ ਵਿੱਚ ਨਹੀਂ ਪਾ ਰਿਹਾ, ਇਸ ਕਰਕੇ ਉਨ੍ਹਾਂ ਦੇ ਦਿਲ ਨੂੰ ਰਤੀ ਭਰ ਵੀ ਧੀਰਜ ਨਹੀਂ ਆਉਂਦਾ ਅਤੇ ਨਾ ਹੀ ਉਨ੍ਹਾਂ ਦੇ ਡੂੰਘੇ, ਗੂੜੇ ਪਿਆਰ ਨੇ ਸ੍ਰੀ ਕ੍ਰਿਸ਼ਨ ਜੀ ਦੇ ਦਿਲ ਵਿੱਚ ਕੋਈ ਖਿੱਚ ਪਾਈ ਹੈ।

**ਭਾਵ :**

ਵਾਤਾਵਰਨ ਉੱਜਲ ਅਤੇ ਸਾਫ ਸੁਥਰਾ ਹੋ ਗਿਆ; ਆਕਾਸ਼ ਵੀ ਬਿਲਕੁਲ ਨਿਰਮਲ ਹੈ। ਘਰ, ਆਂਗਣ ਦੀ ਸਜਾਵਟ ਵੇਖਕੇ ਗੋਪੀਆਂ ਦੇ ਮਨਾਂ ਨੂੰ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਧੀਰਜ ਨਹੀਂ ਆਉਂਦਾ।

## ਆਯੋ ਨਹੀ ਮਨ ਭਾਯੋ ਤਹੀਂ

ਅਕਰੂਰ ਜੀ ਸ੍ਰੀ ਕ੍ਰਿਸ਼ਨ ਜੀ ਨੂੰ ਲੈ ਕੇ ਮਥਰਾ ਚਲੇ ਜਾਂਦੇ ਹਨ। ਬ੍ਰਿਜਵਾਸੀਆਂ ਦੀ ਤੜਪ ਉਨ੍ਹਾਂ ਦੇ ਵਿਯੋਗ ਵਿੱਚ ਬਣੀ ਰਹਿੰਦੀ ਹੈ, ਉਹ ਅਤਿਅੰਤ ਬੇਬਸ ਹਨ, ਉਨ੍ਹਾਂ ਦੇ ਵੱਸ ਵਿੱਚ ਤਾਂ ਕੁਝ ਵੀ ਨਹੀਂ। ਉਹ ਆਪਣੇ ਆਪ ਭੱਜ ਕੇ ਆਪਣੇ ਪਿਆਰੇ ਦੇ ਦਰਸ਼ਨ ਨਹੀਂ ਕਰ ਸਕਦੇ, ਉਹ ਆਪਣੀ ਇੱਛਾਨੁਸਾਰ ਮਥਰਾ ਨਹੀਂ ਜਾ ਸਕਦੇ, ਕਿਉਂਕਿ ਉਨ੍ਹਾਂ ਦੇ ਪ੍ਰੀਤਮ ਦਾ ਹੁਕਮ ਨਹੀਂ। ਇਸ ਕਰਕੇ ਉਹ ਅਧੀਰ ਹੋ ਕੇ ਆਪਣੇ ਪ੍ਰੀਤਮ ਦੇ ਰਾਹ ਵਿੱਚ ਨੈਣ ਵਿਛਾ ਕੇ ਦਿਨ ਰਾਤ ਟਕ-ਟਕੀ ਲਾਈ ਹੋਈ ਹੈ। ਮਥਰਾ ਜਾਣ ਲੱਗਿਆਂ ਸ੍ਰੀ ਕ੍ਰਿਸ਼ਨ ਜੀ ਆਪਣੇ ਨਾਲ ਬਲਰਾਮ ਜੀ, ਬਾਬਾ ਨੰਦ ਅਤੇ ਕੁਝ ਗਵਾਲਿਆਂ ਨੂੰ ਲੈ ਕੇ ਜਾਂਦੇ ਹਨ। ਕੰਸ ਨੂੰ ਮਾਰਨ ਤੋਂ ਉਪਰੰਤ ਸ੍ਰੀ ਕ੍ਰਿਸ਼ਨ ਜੀ ਆਪਣੇ ਮਾਤਾ ਪਿਤਾ ਦੇ ਦਰਸ਼ਨ ਕਰਨ ਵਾਸਤੇ ਗਏ। ਮਾਤਾ ਪਿਤਾ ਆਪਣੇ ਸੁਪੁਤ੍ਰ ਦੇ ਦਰਸ਼ਨ

ਕਰਕੇ ਵਾਰੇ ਬਲਿਹਾਰਨੇ ਜਾਣ ਲੱਗੇ ਅਤੇ ਉਨ੍ਹਾਂ ਦੇ ਚਰਨਾਂ ਵਿੱਚ ਨਮਸਕਾਰ ਕੀਤੀ। ਮਾਤਾ ਪਿਤਾ ਨੇ ਉਨ੍ਹਾਂ ਨੂੰ ਬ੍ਰਹਮਾ ਕਰਕੇ ਜਾਣਿਆ ਪਰ ਸ੍ਰੀ ਕ੍ਰਿਸ਼ਨ ਜੀ ਨੇ ਉਨ੍ਹਾਂ ਦੇ ਮਨਾਂ ਉੱਤੇ ਮੋਹ ਮਾਇਆ ਦਾ ਪਰਦਾ ਪਾ ਦਿੱਤਾ ਤੇ ਫਿਰ ਆਪਣੇ ਮਾਤਾ ਪਿਤਾ ਨੂੰ ਕਾਰਾਗਾਰ ਦੇ ਬੰਧਨਾਂ ਤੋਂ ਮੁਕਤ ਕਰ ਦਿੱਤਾ।

ਉੱਥੋਂ ਚਲ ਕੇ ਫਿਰ ਸ੍ਰੀ ਕ੍ਰਿਸ਼ਨ ਜੀ ਨੇ ਜਿਹੜੇ ਗੋਪ ਗੁਆਲ ਨਾਲ ਆਏ ਹੋਏ ਸਨ ਉਨ੍ਹਾਂ ਸਾਰਿਆਂ ਨੂੰ ਵਾਪਸ ਜਾਣ ਦੀ ਆਗਿਆ ਦਿੱਤੀ। ਬਾਬਾ ਨੰਦ ਗੋਪ ਗੁਵਾਲਿਆਂ ਨਾਲ ਮਥਰਾ ਵਿਖੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਉੱਤੇ ਨਮਸਕਾਰ ਕਰਕੇ ਵਾਪਸ ਪਰਤ ਆਏ।

**ਸਵੈਯਾ।।ਸੀਸ ਝੁਕਾਇ ਗਯੋ ਬ੍ਰਿਜ ਕੋ**
**ਅਤਿ ਹੀ ਮਨ ਭੀਤਰ ਸੋਕ ਭਯੋ ਹੈ।।**
**ਜਿਉ ਕੋਊ ਤਾਤ ਮਰੇ ਪਛੁਤਾਤ ਹੈ**
**ਪਯਾਰੇ ਕੋਊ ਮਨੋ ਭ੍ਰਾਤ ਛਯੋ ਹੈ।।**
**ਪੈ ਜਿਮ ਰਾਜ ਬਡੇ ਰਿਪ ਰਾਜ ਕੀ**
**ਪੈਰਨ ਮੈ ਪਤਿ ਖੋਇ ਗਯੋ ਹੈ ।।**
**ਯੌ ਉਪਜੀ ਉਪਮਾ ਬਸੁਦੇ ਠਗ**
**ਸਯਾਮ ਮਨੋ ਧਨ ਲੂਟ ਲਯੋ ਹੈ।।੮੫੮।।**

*– ਦਸਮ ਗ੍ਰੰਥ ਪੰਨਾ* **੩੬੮**

ਬਾਬਾ ਨੰਦ ਨੇ ਸਿਰ ਝੁਕਾ ਕੇ ਆਗਿਆ ਦਾ ਪਾਲਨ ਕੀਤਾ। ਪਰ ਉਨ੍ਹਾਂ ਦਾ ਮਨ ਬਹੁਤ ਹੀ ਦੁਖੀ ਹੋ ਰਿਹਾ ਸੀ, ਕਿਉਂਕਿ ਉਹ ਆਪਣੇ ਪਿਆਰੇ ਪੁੱਤਰ ਤੋਂ ਵਿੱਛੜ ਰਹੇ ਸਨ। ਉਧਰ ਉਨ੍ਹਾਂ ਦੇ ਨਾਲ ਗਏ ਬਾਲ ਗੁਪਾਲ ਵੀ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਅਤਿਅੰਤ ਦੁਖੀ ਹੋ ਰਹੇ ਸਨ, ਉਨ੍ਹਾਂ ਨੂੰ ਇੰਝ ਲੱਗ ਰਿਹਾ ਸੀ, ਜਿਵੇਂ ਉਹ ਆਪਣੇ ਸਕੇ ਸੰਬੰਧੀ ਤੋਂ ਵਿੱਛੜ ਰਹੇ ਹੋਣ। ਬਾਬਾ ਨੰਦ ਨੂੰ ਇੰਜ ਅਨੁਭਵ ਹੋਇਆ ਕਿ ਸ੍ਰੀ ਕ੍ਰਿਸ਼ਨ ਜੀ ਦੇ ਪਿਤਾ ਵਾਸੁਦੇਵ ਨੇ ਠੱਗ ਬਣ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਉਨ੍ਹਾਂ ਕੋਲੋਂ ਖੋਹ ਲਿਆ ਹੋਵੇ। ਬਾਬਾ ਨੰਦ ਨੇ ਬ੍ਰਿਜ ਪੁਰ ਵਿਖੇ ਆ ਕੇ ਸ੍ਰੀ ਕ੍ਰਿਸ਼ਨ ਜੀ ਦੀ ਮਥਰਾ ਵਿਖੇ ਰਹਿ ਜਾਣ ਦੀ ਖਬਰ ਸਾਰਿਆਂ ਨੂੰ ਸੁਣਾ ਦਿੱਤੀ। ਸ੍ਰੀ ਕ੍ਰਿਸ਼ਨ ਜੀ ਦੀ ਮਾਤਾ ਯਸੋਧਾ ਆਪਣੇ ਪੁੱਤਰ ਤੋਂ ਬਿਨਾਂ ਆਕੁਲ ਵਿਆਕੁਲ ਹੋ ਉੱਠੀ। ਉਸਦੇ ਹਿਰਦੇ ਮੰਦਰ ਅੰਦਰ ਵਾਤਸਲਯ ਦਾ ਸਮੁੰਦ੍ਰ ਠਾਠਾਂ ਮਾਰ ਉਠਿਆ, ਕਿਉਂਕਿ ਉਸਦਾ ਪਿਆਰਾ ਕਨ੍ਹਈਆ ਆਪਣੀ ਮਾਤਾ ਕੋਲੋਂ ਦੂਰ ਚਲਾ ਗਿਆ ਹੈ ਅਤੇ ਵਾਪਸ ਨਹੀਂ ਪਰਤਿਆ।

**ਸਵੈਯਾ।।ਬਚਯੋ ਜਿਨ ਤਾਤ ਬਡੇ ਅਹਿ ਤੇ**
**ਜਿਨ ਹੂ ਬਕ ਬੀਰ ਬਲੀ ਹਨਿ ਦੱਈਯਾ।।**
**ਜਾਹਿ ਮਰਯੋ ਅਘ ਨਾਮ ਮਹਾਂ ਰਿਪੁ**

**ਪੈ ਪਿਅਰਵਾ ਮੁਸਲੀਧਰ ਭੱਈਯਾ।।**
**ਜੋ ਤਪਸਯਾ ਕਰਿ ਕੈ ਪ੍ਰਭ ਤੇ**
**ਕਬਿ ਸਯਾਮ ਕਹੈ ਪਰ ਪਾਇਨ ਲੱਈਯਾ ।।**
**ਸੋ ਪੁਰ ਬਾਸਨ ਛੀਨ ਲਯੋ**
**ਹਮ ਤੇ ਸੁਨੀਯੇ ਸਖੀ ਪੂਤ ਕਨ੍ਹਈਆ।।੮੯੦।।**

*- ਦਸਮ ਗ੍ਰੰਥ ਪੰਨਾ ੩੬੮*

ਮਾਤਾ ਯਸ਼ੋਦਾ ਜੀ ਨੂੰ ਉਹ ਦਿਨ ਯਾਦ ਆ ਜਾਂਦੇ ਹਨ, ਜਦੋਂ ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਪਿਤਾ ਦੀ ਬੜੇ ਵੱਡੇ ਸੱਪ ਤੋਂ ਰੱਖਿਆ ਕੀਤੀ ਸੀ ਅਤੇ ਬਹੁਤ ਵੱਡੇ ਸੂਰਮੇ ਬਕਾਸੁਰ ਦਾ ਨਾਸ ਕੀਤਾ ਸੀ। ਅਘਾਸੁਰ ਨਾਮ ਦੇ ਰਾਖਸ਼ ਦਾ ਸੰਹਾਰ ਕੀਤਾ ਸੀ, ਬਲਰਾਮ ਜਿਸਦਾ ਵੱਡਾ ਭਰਾ ਹੈ, ਉਸ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨਾਂ ਲਈ ਅਨੇਕਾਂ ਲੋਕ ਭਾਰੀ ਤਪੱਸਿਆ ਕਰਦੇ ਹਨ, ਪਰ ਫਿਰ ਉਨ੍ਹਾਂ ਦਾ ਅੰਤ ਪਾਉਣ ਤੋਂ ਅਸਮਰਥ ਰਹਿੰਦੇ ਹਨ, ਇਹੋ ਜਿਹੇ ਗੁਣਾਂ ਦੇ ਧਾਰਨੀ ਸ੍ਰੀ ਕ੍ਰਿਸ਼ਨ ਜੀ ਨੂੰ ਜੋ ਮਾਤਾ ਯਸ਼ੋਦਾ ਦਾ ਪੁੱਤਰ ਹੈ, ਮਥਰਾ ਸ਼ਹਿਰ ਵਾਲਿਆਂ ਨੇ ਖੋਹ ਲਿਆ ਹੈ।

ਮਾਤਾ ਯਸ਼ੋਧਾ ਤਾਂ ਵਿਰਲਾਪ ਕਰਦੀ ਹੀ ਸੀ, ਪਰ ਸਾਰੀਆਂ ਗੋਪੀਆਂ ਵੀ ਇਕੱਠੀਆਂ ਹੋ ਕੇ, ਯਸ਼ੋਧਾ ਨਾਲ ਰਲਕੇ ਬੜਾ ਭਾਰੀ ਸੋਗ ਮਨਾ ਰਹੀਆਂ ਸਨ। ਉਨ੍ਹਾਂ ਦੇ ਮਨਾਂ ਵਿੱਚੋਂ ਸਾਰਾ ਉਤਸ਼ਾਹ ਮੁੱਕ ਗਿਆ ਅਤੇ ਉਨ੍ਹਾਂ ਨੇ ਆਪਣੇ ਮਨਾਂ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਨਾਲ ਜੋੜ ਦਿੱਤਾ। ਧਿਆਨ ਵਿੱਚ ਲਿਵ-ਲੀਨ ਹੋ ਕੇ, ਉਨ੍ਹਾਂ ਦੀ ਯਾਦ ਅਤੇ ਤੜਪ ਹੋਰ ਵੱਧ ਗਈ ਅਤੇ ਕਈ ਵਾਰ ਉਹ ਬੇਸੁੱਧ ਹੋ ਕੇ ਧਰਤੀ ਉੱਤੇ ਡਿੱਗ ਪਈਆਂ। ਉਹ ਸਾਰੀਆਂ ਹਉਕੇ, ਸਿਸਕੀਆਂ ਲੈ ਲੈ ਕੇ ਤੜਪ ਰਹੀਆਂ ਸਨ, ਉਨ੍ਹਾਂ ਦੇ ਮਨਾਂ ਦਾ ਚੈਨ ਸ਼ਾਂਤੀ, ਸੁਖ, ਸਭ ਵਿਯੋਗ ਵਿੱਚ ਖਤਮ ਹੋ ਗਿਆ ਸੀ। ਸ੍ਰੀ ਕ੍ਰਿਸ਼ਨ ਜੀ ਤਾਂ ਮਥਰਾ ਵਿਖੇ ਬੜੇ ਸੁਖ ਨਾਲ ਆਪਣਾ ਸਮਾਂ ਬਿਤਾ ਰਹੇ ਸਨ, ਤੇ ਇਧਰ ਗੋਪੀਆਂ ਉਨ੍ਹਾਂ ਤੋਂ ਬਿਨਾਂ ਅਤਿ ਵਿਆਕੁਲ ਸਨ। ਇੱਕ ਤਾਂ ਉਨ੍ਹਾਂ ਦੀ ਸ੍ਰੀ ਕ੍ਰਿਸ਼ਨ ਜੀ ਨਾਲ ਪ੍ਰੀਤਿ ਅਤਿਅੰਤ ਸੀ, ਪ੍ਰੀਤ ਵਿਯੋਗ ਨਾਲ ਉਹ ਬਹੁਤ ਦੁਖੀ ਹੋ ਰਹੀਆਂ ਸਨ, ਤੇ ਆਪਣੇ ਹਿਰਦਿਆਂ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਕਈ ਤਰ੍ਹਾਂ ਦੇ ਰਾਗ ਗਾਉਂਦੀਆਂ ਅਤੇ ਵੱਖ-ਵੱਖ ਤਾਨਾਂ ਦਾ ਅਲਾਪ ਕਰਦੀਆਂ। ਅਲਾਪ ਕਰਕੇ ਉਹ ਤਾਂ ਆਪਣਾ ਧਿਆਨ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਜੋੜਨਾ ਚਾਹੁੰਦੀਆਂ ਸਨ, ਪਰ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਨੂੰ ਕੋਈ ਸੁਖ ਪ੍ਰਾਪਤ ਨਾ ਹੁੰਦਾ ਸਗੋਂ ਧਿਆਨ-ਮਗਨ ਹੋ ਕੇ ਉਹ ਹੋਰ ਵੀ ਦੁਖੀ ਹੁੰਦੀਆਂ। ਧਿਆਨ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਮੂਰਤ ਨੂੰ ਵਸਾ ਕੇ ਮੁਰਝਾ ਜਾਂਦੀਆਂ ਜਿਸ ਤਰ੍ਹਾਂ ਚੰਦ੍ਰਮਾ ਦੇ ਮੁੱਖ ਨੂੰ ਵੇਖਕੇ ਕਮਲ ਫੁੱਲ ਮੁਰਝਾ ਜਾਂਦਾ ਹੈ।

ਸ੍ਰੀ ਕ੍ਰਿਸ਼ਨ ਜੀ ਸ਼ਹਿਰ ਵਾਲੀਆਂ ਗੋਪੀਆਂ ਨਾਲ ਜਾ ਕੇ ਰਚਮਿਚ ਗਏ ਹਨ ਅਤੇ ਸ੍ਰੀ ਕ੍ਰਿਸ਼ਨ ਜੀ ਨੇ ਉਨ੍ਹਾ ਨੂੰ ਆਪਣੇ ਮਨ ਤੋਂ ਵਿਸਾਰ ਦਿੱਤਾ ਹੈ। ਸ੍ਰੀ ਕ੍ਰਿਸ਼ਨ ਜੀ ਗੋਪੀਆਂ ਨੂੰ ਨਾਲ ਲੈ ਕੇ ਮਥਰਾ ਨਹੀਂ ਗਏ ਉਨ੍ਹਾਂ ਨੂੰ ਉਥੇ ਹੀ ਬ੍ਰਿਜ ਵਿਖੇ ਛੱਡ ਗਏ ਹਨ ਅਤੇ ਗੋਪੀਆਂ ਨੂੰ ਲਗਦਾ ਹੈ ਕਿ ਉਨ੍ਹਾਂ ਨੇ ਗੋਪੀਆਂ ਤੋਂ ਪ੍ਰੀਤ ਵੀ ਹਟਾ ਲਈ ਹੈ। ਉਹ ਗਿਰਧਰ ਜਿਸਨੇ ਗੋਵਰਧਨ ਪਹਾੜ ਨੂੰ ਚੁੱਕ ਲਿਆ ਸੀ, ਉਨ੍ਹਾਂ ਨੇ ਗੋਪੀਆਂ ਨੂੰ ਨਾ ਤੇ ਕੋਈ ਸੰਦੇਸਾ ਹੀ ਭੇਜਿਆ ਹੈ ਅਤੇ ਨਾ ਹੀ ਉਹ ਆਪ ਆਏ ਹਨ, ਕਿਉਂਕਿ ਉਹ ਤਾਂ ਸ਼ਹਿਰ ਵਾਲੀਆਂ ਦੇ ਵੱਸ ਵਿੱਚ ਹੋ ਗਏ ਹਨ। ਸ੍ਰੀ ਕ੍ਰਿਸ਼ਨ ਜੀ ਦੇ ਨਾ ਆਉਣ ਤੇ ਗੋਪੀਆਂ ਮੁਰਝਾ ਕੇ ਪ੍ਰਿਥਵੀ ਤੇ ਡਿਗਦੀਆਂ ਹਨ, ਅਤੇ ਉਨ੍ਹਾਂ ਦੇ ਮੂੰਹ ਵਿੱਚੋਂ ਹਉਕੇ ਸਿਸਕੀਆਂ ਦੀਆਂ ਆਵਾਜ਼ਾਂ ਆਉਂਦੀਆਂ ਹਨ। ਗੋਪੀਆਂ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਅਤਿ ਉਦਾਸ ਅਤੇ ਗਮਗੀਨ ਹਨ ਉਨ੍ਹਾਂ ਦੇ ਮਨ ਵਿੱਚ ਬੜਾ ਸ਼ੋਕ ਛਾਇਆ ਹੋਇਆ ਹੈ, ਕਿਉਂਕਿ ਸ੍ਰੀ ਕ੍ਰਿਸ਼ਨ ਜੀ ਆਪਣੇ ਪ੍ਰੇਮ ਦੀ ਫਾਹੀ ਉਨ੍ਹਾਂ ਦੇ ਗਲਾਂ ਵਿੱਚ ਪਾ ਗਏ ਹਨ। ਕਦੇ ਤਾਂ ਉਹ ਰੋਂਦੀਆਂ ਕੁਰਲਾਉਂਦੀਆਂ ਹਨ ਤੇ ਕਦੇ ਕ੍ਰੋਧਵਾਨ ਹੋ ਕੇ ਆਪਣੇ ਮੂੰਹੋ ਕਹਿੰਦੀਆਂ ਹਨ, ਕਿ ਸ੍ਰੀ ਕ੍ਰਿਸ਼ਨ ਜੀ ਨੂੰ ਤਾਂ ਲੋਕਾਂ ਦੇ ਹਾਸ ਉਪਹਾਸ ਦੀ ਰਤਾ ਭਰ ਵੀ ਪ੍ਰਵਾਹ ਨਹੀਂ, ਇਸ ਲਈ ਉਹ ਉਨ੍ਹਾਂ ਨੂੰ ਬ੍ਰਿਜ ਵਿਖੇ ਛੱਡ ਗਏ ਹਨ ਅਤੇ ਬ੍ਰਿਜ ਦੇ ਵੱਸਣ ਵਾਲਾ ਕ੍ਰਿਸ਼ਨ ਆਪ ਸ਼ਹਿਰ ਦੀ ਵਾਸ਼ਨਾ ਵਿੱਚ ਫਸ ਗਿਆ ਹੈ। ਉਨ੍ਹਾਂ ਨੂੰ ਤਾਂ ਬ੍ਰਿਜ ਯਾਦ ਹੀ ਨਹੀਂ ਆਉਂਦਾ ਤੇ ਨਾ ਹੀ ਉਹ ਮਥਰਾ ਛੱਡ ਕੇ ਬ੍ਰਿਜ ਵਾਪਸ ਆਉਣ ਦੀ ਕੋਈ ਵਿਉਂਤ ਹੀ ਬਣਾ ਰਹੇ ਹਨ।

**ਸਵੈਯਾ।।ਇਹ ਭਾਂਤ ਸੋ ਗ੍ਵਾਰਨਿ ਬੋਲਤ ਹੈ**
**ਅਪਨੇ ਜੀਯ ਮੈ ਅਤਿ ਮਾਨ ਉਦਾਸੀ।।**
**ਸੋਕ ਬਢਯੋ ਤਿਨਕੇ ਜੀਯ ਮੈ ਹਰਿ**
**ਡਾਰ ਗਏ ਹਿਤ ਕੀ ਤਿਨ ਫਾਸੀ।।**
**ਅਉ ਰਿਸ ਮਾਨ ਕਹੈ ਮੁਖ ਤੇ**
**ਜਦੁਰਾਇ ਨ ਮਾਨਤ ਲੋਗਨ ਹਾਸੀ।।**
**ਤਯਾਗ ਹਮੈ ਸੁ ਗਏ ਬ੍ਰਿਜ ਮੈ**
**ਪੁਰ ਬਾਸਨ ਸੰਗ ਫਸੇ ਬ੍ਰਿਜ ਬਾਸੀ।।੮੬੪।।**

*– ਦਸਮ ਗ੍ਰੰਥ ਪੰਨਾ **੩੬੮***

ਗੋਪੀਆਂ ਦੇ ਮਨਾਂ ਨੂੰ ਬਿਲਕੁਲ ਚੈਨ ਨਹੀਂ, ਸਾਂਤਵਨਾ ਨਹੀਂ ਇਸ ਕਰਕੇ ਉਹ ਸ੍ਰੀ ਕ੍ਰਿਸ਼ਨ ਜੀ ਨੂੰ ਨਿਰਮੋਹੀ ਕਹਿ ਕੇ ਯਾਦ ਕਰਦੀਆਂ ਹਨ ਕਿ ਉਹ ਨਿਰਮੋਹੀ ਮਥਰਾ ਜਾ ਕੇ, ਸ਼ਹਿਰ ਦੀਆਂ ਨਾਰੀਆਂ ਨਾਲ ਰਚਮਿਚ ਗਿਆ ਹੈ, ਅਤੇ ਬ੍ਰਿਜ ਦੀਆਂ ਗੋਪੀਆਂ ਦੇ ਮੋਹ ਨੂੰ ਬਿਲਕੁਲ ਵਿਸਾਰ ਹੀ ਦਿੱਤਾ ਹੈ। ਇੰਞ ਸੋਚਦਿਆਂ ਹੀ ਉਹ ਪ੍ਰਿਥਵੀ ਤੇ ਲੋਟ ਪੋਟ ਹੋ ਜਾਂਦੀਆਂ ਹਨ ਅਤੇ ਉੱਚੀ-ਉੱਚੀ

ਹਉਕੇ ਲੈ ਲੈ ਕੇ ਕਹਿੰਦੀਆਂ ਹਨ ਕਿ ਬ੍ਰਿਜਨਾਥ ਨੇ ਬ੍ਰਿਜ ਦੀਆਂ ਸਾਰੀਆਂ ਗੋਪੀਆਂ ਨੂੰ ਬਿਲਕੁਲ ਹੀ ਵਿਸਾਰ ਦਿੱਤਾ ਹੈ। ਕਈਆਂ ਨੂੰ ਇੰਝ ਭੁਲੇਖਾ ਪੈਂਦਾ ਹੈ ਕਿ ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਖਲੋਤੇ ਹਨ ਪਰ ਇਹ ਸੋਚਦੀਆਂ ਹਨ, ਕਿ ਉਨ੍ਹਾਂ ਨੂੰ ਉਹ ਵਿਖਾਈ ਕਿਉਂ ਨਹੀਂ ਦਿੰਦੇ। ਗੋਪੀਆਂ ਤਾਂ ਸ੍ਰੀ ਕ੍ਰਿਸ਼ਨ ਜੀ ਨਾਲ ਰਾਸ ਲੀਲਾਵਾਂ ਰਚਾਉਂਦੀਆਂ ਸਨ, ਬਨ ਵਿੱਚ ਕ੍ਰੀੜਾਵਾਂ ਕਰਦੀਆਂ ਸਨ, ਲੁਕਣ ਮੀਚੀ ਖੇਡਦੀਆਂ ਸਨ, ਉਨ੍ਹਾਂ ਨੂੰ ਸਮਝ ਨਹੀਂ ਆਉਂਦਾ ਕਿ ਗਿਰਧਰ ਗੋਪਾਲ ਨੇ ਉਨ੍ਹਾਂ ਨੂੰ ਕਿਉਂ ਭੁਲਾ ਦਿੱਤਾ ਹੈ ? ਇਥੇ ਤੱਕ ਕਿ ਕੋਈ ਸੁਨੇਹਾ ਵੀ ਉਨ੍ਹਾਂ ਨੂੰ ਨਹੀਂ ਭੇਜਿਆ, ਸ੍ਰੀ ਕ੍ਰਿਸ਼ਨ ਜੀ ਕਿੰਨੇ ਸੰਗਦਿਲ ਬਣ ਗਏ ਹਨ। ਸਯਾਮ ਸੁੰਦਰ ਨਾ ਤੇ ਵਾਪਸ ਹੀ ਆਏ ਤੇ ਨਾ ਹੀ ਗੋਪੀਆਂ ਨੂੰ ਉੱਥੇ ਮਥਰਾ ਵਿਖੇ ਬੁਲਾਇਆ ਅਤੇ ਨਾ ਹੀ ਕਿਸੇ ਦੂਤ ਦੇ ਹੱਥ ਕੋਈ ਸੰਦੇਸ ਪੱਤਰ ਭੇਜਿਆ ਹੈ। ਇਹ ਅਤਿ ਦੁਖਦਾਈ ਗੱਲ ਹੈ, ਅਤਿ ਚਿੰਤਾਜਨਕ ਹੈ।

# ੨੬

**ਸਵੈਯਾ।।ਬਾਰਜ ਫੂਲ ਰਹੇ ਸਰ ਪੁੰਜ**
**ਸੁਗੰਧ ਸਨੇ ਸਰਿ ਤਾਨ ਘਟਾਈ।**
**ਕੁੰਜਤ ਕੰਤ ਬਿਨਾ ਕੁਲ ਹੰਸ**
**ਕਲੇਸ ਬਢੇ ਸੁਨਿ ਕੈ ਤਿਹ ਮਾਈ।**
**ਬਾਸੁਰ ਰੈਨ ਨ ਚੈਨ ਕਹੂੰ ਛਿਨ**
**ਮੰਘਰ ਮਾਸ ਅਯੋ ਨ ਕਨ੍ਹਾਈ।**
**ਜਾਤ ਨਹੀ ਤਿਨ ਸੌ ਮਸਕਯੋ**
**ਟਸਕਯੋ ਨ ਹੀਯੋ ਕਸਕਯੋ ਨ ਕਸਾਈ।।੯੨੨।।**

*– ਦਸਮ ਗ੍ਰੰਥ ਪੰਨਾ ੩੭੭*

**ਸ਼ਬਦਾਰਥ :**

ਬਾਰਜ-ਪਾਣੀ ਦੇ ਜਾਏ ਕਮਲਫੁਲ। ਸਰ-ਸਰੋਵਰਾਂ, ਤਾਲਾਂ ਵਿੱਚ। ਪੁੰਜ-ਬਹੁਤ ਸਾਰੇ। ਸਨੇ-ਸੁਗੰਧੀ ਨਾਲ। ਸ਼ਰਸਾਰ-ਬਹੁਤ ਸੁਗੰਧਿਤ, ਖੂਬ ਖੁਸ਼ਬੂਦਾਰ। ਸਰਿਤਾਨ-ਨਦੀਆਂ ਘਟ ਗਈਆਂ ਹਨ, ਦਰਿਆਵਾਂ ਵਿੱਚ ਪਾਣੀ ਦਾ, ਵਰਖਾ ਰੁਤਿ ਵਾਲਾ ਜ਼ੋਰ ਨਹੀਂ ਰਿਹਾ। ਕੁੰਜਤ-ਕੁਰਲਾਉਂਦੀਆਂ ਹਨ। ਕੁਲਹੰਸ-ਕੂੰਜਾਂ, ਯਾ ਰਾਜ ਹੰਸਣੀਆਂ। ਕਲੇਸ-ਦੁੱਖ, ਕਲਪਣਾ, ਝੋਰਾ। ਬਾਸੁਰ-ਦਿਨ। ਆਯੋ-ਆਇਆ ਨਹੀਂ ਕਨ੍ਹਈਆਂ। ਇਨ-ਉਨਾਂ, ਕਾਨ੍ਹ ਨਾਲੋਂ। ਮਸਕਯੋ-ਪਾਇਆ, ਟੁੱਟਿਆ ਨਹੀਂ ਜਾਂਦਾ, ਪ੍ਰੀਤ ਟੁੱਟਦੀ ਨਹੀਂ। ਟਸਕਯੋ-ਖਿੱਚ। ਕਸਾਈ-ਪ੍ਰੀਤਮ।

**ਵਿਆਖਿਆ :**

ਹਰ ਮਹੀਨਾ ਗੋਪੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਵਿਯੋਗ ਕਰਕੇ ਤੜਪਾਉਂਦਾ ਹੈ, ਸਤਾਉਂਦਾ ਹੈ। ਮੱਘਰ ਦਾ ਮਹੀਨਾ ਆ ਪਹੁੰਚਿਆ ਅਤੇ ਇਸ ਮਹੀਨੇ ਵਿੱਚ ਸਾਰੇ ਤਲਾਵਾਂ ਵਿੱਚ ਕਮਲ ਫੁੱਲ ਖਿੜੇ ਹੋਏ ਹਨ, ਅਤੇ ਉਨ੍ਹਾਂ ਵਿੱਚ ਅਤਿਅੰਤ ਮਹਿਕ, ਸੁਗੰਧੀ ਚਾਰੇ ਪਾਸੇ ਖਿਲਰ ਰਹੀ ਹੈ। ਉਹ ਸੁਗੰਧੀ ਨਾਲ ਭਰਪੂਰ ਹਨ। ਦੂਸਰੇ ਪਾਸੇ ਨਦੀਆਂ ਨਾਲਿਆਂ ਵਿੱਚ ਪਾਣੀ ਘਟ ਗਿਆ। ਹੰਸਾਂ ਦੀ ਕੁਲ, ਕੂਅ ਕੂਅ ਕਰਕੇ ਸਾਰੇ ਵਾਤਾਵਰਨ ਵਿੱਚ ਗੂੰਜਾਰ ਪੈਦਾ ਕਰਦੀ ਹੈ। ਜਿਵੇਂ ਦੁੱਖ ਦੇ ਸਮੇਂ ਅਕਸਰ ਸਾਰਿਆਂ ਦੇ ਮੂੰਹ ਵਿੱਚੋਂ – ਹਾਏ ਮਾਂ ਹੀ ਨਿਕਲਦਾ ਹੈ, ਇਸ ਤਰ੍ਹਾਂ ਹੰਸਾ

ਦੀ ਕੂਅ-ਕੂਅ ਦੀ ਆਵਾਜ਼ ਸੁਣਕੇ ਹੰਸਨੀਆ ਜਿੰਨ੍ਹਾਂ ਦੇ ਹੰਸ ਕੋਲ ਨਹੀਂ, ਜਿਹੜੀਆਂ ਵਿਯੋਗ ਦੀ ਪੀੜਾ ਵਿੱਚ ਸੜ ਰਹੀਆਂ ਹਨ, ਉਨ੍ਹਾਂ ਦੇ ਹਿਰਦੇ ਦਾ ਕਲੇਸ਼ ਹੋਰ ਵੱਧ ਜਾਂਦਾ ਹੈ। ਬ੍ਰਿਜ ਦੀਆਂ ਗੋਪੀਆਂ ਦੀ ਹਾਲਤ ਭੀ ਇਹਨਾਂ ਹੰਸਨੀਆਂ ਵਰਗੀ ਹੋ ਗਈ ਹੈ, ਦਿਨ ਰਾਤ ਚੌਵੀ ਘੰਟਿਆਂ ਅੰਦਰ ਉਨ੍ਹਾਂ ਨੂੰ ਕਿਸੇ ਪਲ ਵਿੱਚ ਵੀ ਕਿਸੇ ਛਿਨ ਵਿੱਚ ਵੀ ਆਰਾਮ ਨਹੀਂ ਮਿਲਦਾ, ਸੁਖ ਦੀ ਪ੍ਰਾਪਤੀ ਨਹੀਂ ਹੁੰਦੀ, ਕਿਉਂਕਿ ਮੱਘਰ ਦਾ ਮਹੀਨਾ ਆ ਗਿਆ, ਪਰ ਗੋਪੀਆਂ ਨੂੰ ਸ੍ਰੀ ਕਿਸ਼ਨ ਜੀ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ, ਮੱਘਰ ਦੀ ਠੰਢ ਸਹਾਰੀ ਨਹੀਂ ਜਾਂਦੀ ਪਰ ਉਸ ਠੰਢ ਦੇ ਨਾਲ ਗੋਪੀਆਂ ਦਾ ਦਿਲ ਰਤਾ ਭਰ ਵੀ ਠੰਢਾ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਦੇ ਪਿਆਰੇ ਪ੍ਰੀਤਮ ਸ੍ਰੀ ਕ੍ਰਿਸ਼ਨ ਜੀ ਦੇ ਹਿਰਦੇ ਅੰਦਰ ਕੋਈ ਖਿੱਚ ਪਈ।

**ਭਾਵ :**

ਕਮਲ ਫੁੱਲ ਖਿਲੇ ਹੋਏ ਵੇਖ ਕੇ, ਹੰਸਾਂ ਦੀ ਕੂਅ-ਕੂਅ ਸੁਣ ਕੇ, ਪਤੀ ਤੋਂ ਹੀਣੀਆਂ ਦਾ ਕਲੇਸ਼ ਬਹੁਤ ਵੱਧ ਜਾਂਦਾ ਹੈ। ਬਾਹਰ ਵਾਤਾਵਰਨ ਵਿੱਚ ਭਾਵੇਂ ਠੰਡਕ ਹੈ, ਪਰ ਗੋਪੀਆਂ ਦੇ ਹਿਰਦੇ ਅੰਦਰ ਵਿਯੋਗ ਦੀ ਅਗਨੀ ਦੇ ਭਾਂਬੜ ਬਲ ਰਹੇ ਹਨ।

## ਬਾਸੁਰ ਰੈਨ ਨ ਚੈਨ ਕਹੂੰ ਛਿਨ

ਜਦੋਂ ਪ੍ਰੇਮਿਕਾ ਦਾ ਪਿਆਰਾ ਪ੍ਰੀਤਮ ਉਸ ਤੋਂ ਵਿੱਛੜ ਜਾਵੇ, ਉਸਦੀਆਂ ਅੱਖਾਂ ਤੋਂ ਦੂਰ ਹੋ ਜਾਵੇ ਫਿਰ ਭਲਾ ਉਸ ਪ੍ਰੇਮਿਕਾ ਦੇ ਮਨ ਨੂੰ ਚੈਨ ਕਿਸ ਤਰ੍ਹਾਂ ਆ ਸਕਦਾ ਹੈ, ਉਹ ਤਾਂ ਦਿਨ ਰਾਤ ਆਪਣੇ ਪਿਆਰੇ ਦੀ ਯਾਦ ਵਿੱਚ ਬਿਹਬਲ ਹੋ ਜਾਂਦੀ ਹੈ, ਉਸ ਦੀਆਂ ਅੱਖਾਂ ਵਿੱਚੋਂ ਨੀਂਦ ਉੱਡ ਜਾਂਦੀ ਹੈ, ਉਹ ਦਿਨ ਰਾਤ ਟਕ-ਟਕੀ ਲਗਾ ਕੇ ਆਪਣੇ ਪਿਆਰੇ ਦੇ ਰਾਹਾਂ ਨੂੰ ਵੇਖਦੀ ਹੈ, ਕਿ ਹੁਣ ਵੀ ਉਸਦਾ ਪਿਆਰਾ ਪ੍ਰੀਤਮ ਆਇਆ ਕਿ ਆਇਆ। ਇਹ ਗੱਲ ਇੱਕ ਪ੍ਰੇਮਿਕਾ ਦੀ ਨਹੀਂ, ਸਗੋਂ ਅਣਗਿਣਤ ਪ੍ਰੇਮਕਾਵਾਂ ਆਪਣੇ ਆਰਾਧਯ ਇਸ਼ਟ-ਦੇਵ ਦੇ ਵਿਯੋਗ ਵਿੱਚ ਹਉਕੇ ਲੈ ਕੇ ਤੜਪ ਰਹੀਆਂ ਸਨ, ਕਿਉਂਕਿ ਉਨ੍ਹਾਂ ਗੋਪੀਆਂ ਦੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਸਾਰੀਆਂ ਨੂੰ ਰੋਂਦੀਆਂ, ਕੁਰਲਾਉਂਦੀਆਂ, ਲੁੱਛਦੀਆਂ ਨੂੰ ਤਿਆਗ ਕੇ ਮਥਰਾਪੁਰੀ ਚਲੇ ਗਏ ਸਨ। ਉੱਥੇ ਦੁਸ਼ਟ ਕੰਸ ਦਾ ਸੰਹਾਰ ਕਰਨ ਵਿੱਚ ਲੱਗ ਗਏ, ਕੁਬਜਾ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ, ਅਤੇ ਉੱਥੋਂ ਦੇ ਨਰ ਨਾਰੀਆਂ ਨੂੰ ਦਰਸ਼ਨਾਂ ਦੀ ਦਾਤ ਬਖਸ਼ ਕੇ ਕ੍ਰਿਤਾਰਥ ਕਰਦੇ। ਗੋਪੀਆਂ ਦਾ ਅਸੀਮ ਪਿਆਰ ਦਾ ਵੇਗ ਜਦੋਂ ਬਹੁਤ ਵਧ ਗਿਆ, ਤਾਂ ਉਸਨੇ ਸ੍ਰੀ ਕ੍ਰਿਸ਼ਨ ਜੀ ਦੇ ਹਿਰਦੇ ਅੰਦਰ ਗੋਪੀਆਂ ਦੇ ਪਿਆਰ ਦੀ ਖਿੱਚ ਪਾਈ, ਇਸ ਲਈ ਉਨ੍ਹਾਂ ਨੇ ਊਧੋ, ਜੋ ਕਿ

ਗਿਆਨ ਦੀ ਮੂਰਤ ਸਨ, ਨੂੰ ਬ੍ਰਿਜ ਵਿਖੇ ਤੜਪਦੀਆਂ ਰੋਂਦੀਆਂ ਗੋਪੀਆਂ ਨੂੰ ਸਾਂਤਵਨਾ ਲਈ ਬ੍ਰਿਜ ਭੇਜਿਆਂ ਉਨ੍ਹਾਂ ਨੇ ਪਹਿਲਾਂ ਯਸ਼ੋਧਾ ਜੀ ਨੂੰ ਸ੍ਰੀ ਕ੍ਰਿਸ਼ਨ ਜੀ ਦਾ ਸੁਨੇਹਾ ਦੇ ਕੇ ਤ੍ਰਿਪਤ ਕੀਤਾ ਅਤੇ ਫਿਰ ਗੋਪੀਆਂ ਜਿਹੜੀਆਂ ਸ੍ਰੀ ਕ੍ਰਿਸ਼ਨ ਜੀ ਦੀ ਯਾਦ ਵਿੱਚ ਦਿਨ ਰਾਤ ਵਿਆਕੁਲ ਅਤੇ ਵੈਰਾਗਮਈ ਹੋ ਰਹੀਆਂ ਸਨ, ਨੂੰ ਮਿਲਕੇ ਗਿਆਨ ਦੇਣ ਦਾ ਯਤਨ ਕੀਤਾ। ਭਾਵੇਂ ਉਹ ਨਿਸ਼ਕਾਮ ਸਨ, ਉਨ੍ਹਾਂ ਦਾ ਗਿਆਨ ਗੋਪੀਆਂ ਦੇ ਪ੍ਰੇਮ ਦੇ ਸਾਹਮਣੇ ਹਾਰ ਗਿਆ। ਊਧੋ ਨੂੰ ਵੇਖਦਿਆਂ ਸਾਰ ਹੀ ਗੋਪੀਆਂ ਦੇ ਪ੍ਰੇਮ ਦੇ ਸਮੁੰਦਰ ਵਿੱਚ ਹੜ੍ਹ ਆ ਗਿਆ, ਅਤੇ ਉਸ ਹੜ੍ਹ ਵਿੱਚ ਊਧੋ ਦਾ ਗਿਆਨ ਰੁੜ੍ਹ ਗਿਆ।

ਗੋਪੀਆਂ ਊਧੋ ਵੱਲ ਧਿਆਨ ਨਾ ਦੇ ਕੇ ਆਪਸ ਵਿੱਚ ਸ੍ਰੀ ਕ੍ਰਿਸ਼ਨ ਜੀ ਨਾਲ ਗੁਜ਼ਾਰੇ ਹੋਏ ਪਲਾਂ ਦੀ ਯਾਦ ਕਰਨ ਲੱਗ ਪਈਆਂ। ਗੋਪੀਆਂ ਨੇ ਇੱਕ ਦੂਸਰੇ ਨੂੰ ਕਿਹਾ,''ਹੇ ਸਖੀ ਸੁਣ ! ਅਸੀਂ ਸਾਰੀਆਂ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਮਿਲ ਕੇ ਕੁੰਜ ਗਲੀਆਂ ਵਿੱਚ ਖੇਡਾਂ ਖੇਡਦੀਆਂ ਸਾਂ। ਉਹ ਸਾਡੇ ਨਾਲ ਮਿਲ-ਜੁਲਕੇ ਗਾਉਂਦੇ ਸਨ ਅਤੇ ਅਸੀਂ ਸਾਰੀਆਂ ਮਿਲ ਕੇ ਇਕੱਠੀਆਂ ਹੋ ਕੇ ਮੰਗਲਮਈ ਗੀਤ ਗਾਉਂਦੀਆਂ ਸਾਂ ਅਤੇ ਹੁਣ ਉਹੋ ਹੀ ਸ੍ਰੀ ਕ੍ਰਿਸ਼ਨ ਜੀ, ਸਾਡੇ ਪਿਆਰੇ, ਸਾਨੂੰ ਸਾਰੀਆਂ ਨੂੰ ਤਿਆਗਕੇ ਮਥਰਾ ਚਲੇ ਗਏ ਹਨ। ਅਤੇ ਸਾਡੇ ਸਾਰੀਆਂ ਵੱਲੋਂ ਉਨ੍ਹਾਂ ਨੇ ਆਪਣਾ ਸੁੰਦਰ ਮੁਖੜਾ ਮੋੜ ਲਿਆ ਹੈ, ਅਜਿਹਾ ਮੁੱਖ ਮੋੜਿਆ ਹੈ ਕਿ ਹੁਣ ਉਥੋਂ ਵਾਪਸ ਆਉਣ ਦਾ ਨਾਮ ਹੀ ਨਹੀਂ ਲੈਂਦੇ।''ਆਪਸ ਵਿੱਚ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਬਿਤਾਏ ਹੋਏ ਪ੍ਰੇਮ-ਭਰੇ ਦਿਨਾਂ ਦੀ ਯਾਦ ਆਉਂਦੀ ਹੈ ਤੇ ਫਿਰ ਆਪਣੇ ਹਾਵਾਂ ਭਾਵਾਂ ਦਾ ਪ੍ਰਗਟਾਵਾ ਊਧੋ ਨਾਲ ਕਰਦੀਆਂ ਹਨ। ਗੋਪੀਆਂ ਊਧੋ ਨੂੰ ਕਹਿੰਦੀਆਂ ਹਨ,''ਹੇ ਊਧੋ ਸੁਣ, ਇੱਕ ਉਹ ਸੁਹਾਵਣਾ ਸਮਾਂ ਸੀ ਜਦੋਂ ਸ੍ਰੀ ਕ੍ਰਿਸ਼ਨ ਜੀ ਸਾਨੂੰ ਨਾਲ ਲੈ ਕੇ ਕੁੰਜ ਗਲੀਆਂ ਵਿੱਚ ਫਿਰਦੇ ਹੁੰਦੇ ਸਨ, ਉਨ੍ਹਾਂ ਨਾਲ ਸਾਡਾ ਮੋਹ ਬਹੁਤ ਹੀ ਵਧ ਗਿਆ ਤੇ ਇਸ ਲਈ ਸ੍ਰੀ ਕ੍ਰਿਸ਼ਨ ਜੀ ਸਾਡੇ ਨਾਲ ਪ੍ਰੇਮ ਭਰਪੂਰ ਗੱਲਾਂ ਕਰਦੇ ਹੁੰਦੇ ਸਨ। ਉਨ੍ਹਾਂ ਦੀਆਂ ਪਿਆਰ ਭਰੀਆਂ ਗੱਲਾਂ ਦੇ ਨਾਲ ਸਾਡਾ ਮਨ ਉਨ੍ਹਾਂ ਦੇ ਵੱਸ ਵਿੱਚ ਹੋ ਗਿਆ ਅਤੇ ਮਨ ਨੇ ਅਤਿਅੰਤ ਸੁਖ ਦਾ ਅਨੁਭਵ ਕੀਤਾ। ਉਹ ਹੁਣ ਸਾਨੂੰ ਛੱਡ ਕੇ ਮਥਰਾ ਵਿਖੇ ਚਲੇ ਗਏ ਹਨ, ਇਸ ਲਈ ਹੁਣ ਸਾਡੇ ਜੀਊਣ ਦਾ ਕੋਈ ਲਾਭ ਨਹੀਂ। ਅਸੀਂ ਤਾਂ ਸਿਰਫ ਸ੍ਵਾਸ ਹੀ ਲੈ ਰਹੀਆਂ ਹਾਂ, ਜੀਊ ਨਹੀਂ ਰਹੀਆਂ।''

**ਸਵੈਯਾ।।ਏਕ ਸਮੈ ਹਮਕੋ ਸੁਨਿ ਊਧਵ,**
**ਕੁੰਜਨ ਮੈ ਫਿਰੈ ਸੰਗ ਲੀਯੇ।**
**ਹਰਿ ਜੂ ਅਤਿ ਹੀ ਤਿਹ ਸਾਥ ਘਨੇ**
**ਹਮ ਪੈ ਅਤਿ ਹੀ ਕਹਯੋ ਪ੍ਰੇਮ ਕੀਯੇ।**
**ਤਿਨ ਕੇ ਬਸਿ ਗਯੋ ਹਮਰੋ ਮਨ ਹ੍ਵੈ**

**ਅਤਿ ਹੀ ਸੁਖੁ ਭਯੋ ਬ੍ਰਿਜ ਨਾਰ ਹੀਯੇ।**
**ਅਬ ਸੋ ਤਜਿ ਕੈ ਮਥੁਰਾ ਕੋ ਗਯੋ**
**ਹਿਤ ਕੇ ਬਿਛੁਰੇ ਫਲ ਕਉਨ ਜੀਯੇ।।੯੨੭।।**

*– ਦਸਮ ਗ੍ਰੰਥ ਪੰਨਾ ੩੭੮*

ਊਧਵ ਨੇ ਉਨ੍ਹਾਂ ਗੋਪੀਆਂ ਨੂੰ ਕਈ ਤਰ੍ਹਾਂ ਨਾਲ ਸ੍ਰੀ ਕ੍ਰਿਸ਼ਨ ਜੀ ਬਾਰੇ ਗੱਲਾਂ ਕਹੀਆਂ, ਪਰ ਉਨ੍ਹਾਂ ਤੇ ਕੋਈ ਪ੍ਰਭਾਵ ਨਹੀਂ ਪਿਆ। ਊਧੋ ਦੀਆਂ ਕਹੀਆਂ ਹੋਈਆਂ ਗੱਲਾਂ ਨੂੰ ਗੋਪੀਆਂ ਨੇ ਰਤਾ ਭਰ ਵੀ ਨਾ ਮੰਨਿਆ। ਉਹ ਤਾਂ ਸ੍ਰੀ ਕ੍ਰਿਸ਼ਨ ਜੀ ਨਾਲ ਅਥਾਹ ਪਿਆਰ ਕਰਦੀਆਂ ਸਨ, ਇਸੇ ਕਰਕੇ ਸ੍ਰੀ ਕ੍ਰਿਸ਼ਨ ਜੀ ਦੇ ਪਹਿਲਾਂ ਦਰਸ਼ਨ ਕਰਦੀਆਂ ਸਨ ਅਤੇ ਫਿਰ ਭੋਜਨ ਕਰਦੀਆਂ ਸਨ। ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਤਾਂ ਉਹ ਪਾਣੀ ਦਾ ਘੁੱਟ ਵੀ ਨਹੀਂ ਸਨ ਪੀਂਦੀਆਂ। ਸਾਰੀਆਂ ਗੋਪੀਆਂ ਨੇ ਇਕੱਠੀਆਂ ਹੋ ਕੇ ਊਧੋ ਨੂੰ ਘੇਰ ਲਿਆ ਤੇ ਕਿਹਾ,''ਹੇ ਊਧੋ ਸੁਣ, ਸਾਡੇ ਪਿਆਰੇ ਹਰਿ ਜੂ ਨੂੰ ਜਾ ਕੇ ਕਹਿਣਾ ਕਿ ਜੋ ਗਿਆਨ ਆਪਨੇ ਭੇਜਿਆ ਹੈ, ਉਹ ਅਸੀਂ ਸਾਰਾ ਗ੍ਰਹਿਣ ਕਰ ਲਿਆ ਹੈ। ਤੁਸੀਂ ਸਾਰੀਆਂ ਹੀ ਗੋਪੀਆਂ ਦਾ ਹਿੱਤ ਸ਼ਿਆਮ ਜੀ ਦੇ ਕੋਲ ਜਾ ਕੇ ਆਖ ਦੇਣਾ। ਸਾਨੂੰ ਸਾਰੀਆਂ ਨੂੰ ਤਿਆਗ ਕੇ ਤੁਸੀਂ ਮਥਰਾ ਚਲੇ ਗਏ ਹੋ, ਪਰ ਸਾਡੀ ਸਾਰਿਆਂ ਦੀ ਸੁੱਧ ਹਮੇਸ਼ਾ ਲਈ ਲੈਂਦੇ ਰਹਿਣਾ।'' ਊਧੋ ਗੋਪੀਆਂ ਦੇ ਅਥਾਹ, ਅਸੀਮ ਪਿਆਰ ਦੇ ਸਾਹਮਣੇ ਚੁੱਪ ਹੋ ਗਏ, ਉਨ੍ਹਾਂ ਦਾ ਤਨ ਮਨ ਵੀ ਗੂੜੇ ਪ੍ਰੇਮ ਦੇ ਰੰਗ ਵਿੱਚ ਰੰਗਿਆ ਗਿਆ। ਮਨ ਤੋਂ ਹੋਰ ਸੁੱਧ ਬੁੱਧ ਭੁੱਲ ਗਈ ਅਤੇ ਜਿੰਨਾਂ ਵੀ ਗਿਆਨ ਸੀ, ਉਹ ਸਾਰੇ ਦਾ ਸਾਰਾ ਹੀ ਦੂਰ ਹੋ ਗਿਆ। ਗੋਪੀਆਂ ਦੇ ਨਾਲ ਸ੍ਰੀ ਕ੍ਰਿਸ਼ਨ ਜੀ ਦੇ ਪ੍ਰੇਮ ਦੀਆਂ ਗੱਲਾਂ ਕਰਕੇ ਉਨ੍ਹਾਂ ਦਾ ਮਨ ਵੀ ਉਸੇ ਪ੍ਰੇਮ ਦੇ ਰੰਗ ਵਿੱਚ ਰੰਗ ਗਿਆ। ਊਧੋ ਆਪਣੇ ਗਿਆਨ ਦੇ ਕਪੜੇ ਉਤਾਰ ਕੇ, ਪ੍ਰੇਮ ਦੀ ਡੂੰਘੀ ਨਦੀ ਵਿੱਚ ਕੁੱਦ ਪਏ। ਊਧੋ ਨੇ ਗੋਪੀਆਂ ਦੇ ਪ੍ਰੇਮ ਨੂੰ ਜਾਣ ਲਿਆ। ਉਨ੍ਹਾਂ ਨੂੰ ਗੋਪੀਆਂ ਦੇ ਨਾਲ ਹਿੱਤ ਹੋ ਗਿਆ ਅਤੇ ਉਨ੍ਹਾਂ ਨੇ ਗੋਪੀਆਂ ਦੇ ਸੱਚੇ ਪਿਆਰ ਦੇ ਅੱਗੇ ਗੋਡੇ ਟੇਕਦਿਆਂ ਹੋਇਆਂ ਕਿਹਾ ਕਿ ਸ੍ਰੀ ਕ੍ਰਿਸ਼ਨ ਜੀ ਨੇ ਬ੍ਰਿਜ ਨੂੰ ਸੁੰਞਾ ਕਰ ਦਿੱਤਾ ਹੈ ਜਿਹੜਾ ਸ੍ਰੀ ਕ੍ਰਿਸ਼ਨ ਜੀ ਬ੍ਰਿਜ ਨੂੰ ਤਿਆਗ ਕੇ ਮਥਰਾ ਚਲੇ ਗਏ, ਉਨ੍ਹਾਂ ਨੇ ਇਹ ਕੰਮ ਬੁਰਾ ਕੀਤਾ ਹੈ।

ਉਨ੍ਹਾਂ ਨੇ ਸੁੱਧ ਵਿਸਾਰੀਆਂ ਗੋਪੀਆਂ ਨੂੰ ਸਾਂਤਵਨਾ ਅਤੇ ਧੀਰਜ ਦਿੰਦੇ ਹੋਏ ਕਿਹਾ,''ਹੇ ਸਖੀ ! ਮੈਂ ਮਥਰਾ ਵਿਖੇ ਜਾ ਕੇ ਸ੍ਰੀ ਕ੍ਰਿਸ਼ਨ ਜੀ ਦੇ ਚਰਨ-ਕਮਲਾਂ ਵਿੱਚ ਬੇਨਤੀ ਕਰਾਂਗਾ ਕਿ ਤੁਹਾਨੂੰ ਸਾਰੀਆਂ ਨੂੰ ਬ੍ਰਿਜ ਤੋਂ ਮਥਰਾ ਵਿਖੇ ਲਿਜਾਉਣ ਲਈ ਦੂਤ ਨੂੰ ਭਿਜਵਾਉਣ। ਤੁਹਾਡੇ ਉੱਤੇ ਜਿਹੜੀ ਦੁਖਾਵਸਥਾ ਗੁਜ਼ਰਦੀ ਹੈ, ਉਹ ਸਾਰੀ ਦੀ ਸਾਰੀ ਮੈਂ ਸ੍ਰੀ ਕ੍ਰਿਸ਼ਨ ਜੀ ਨੂੰ ਜਾ ਕੇ ਸੁਣਾਵਾਂਗਾ। ਤੁਹਾਡੀਆਂ ਅਰਜ਼ੋਈਆਂ ਬੇਨਤੀਆਂ ਸ੍ਰੀ ਕ੍ਰਿਸ਼ਨ ਜੀ ਨੂੰ ਸੁਣਾ-ਸੁਣਾ ਕੇ ਮੈਂ ਉਨ੍ਹਾਂ ਨੂੰ ਪ੍ਰਸੰਨ

ਕਰਾਂਗਾ। ਮੈਂ ਹਰੀ ਦੇ ਚਰਨਾਂ ਉੱਤੇ ਪੈ ਕੇ ਬੇਨਤੀ ਕਰਾਂਗਾ ਅਤੇ ਉਨ੍ਹਾਂ ਨੂੰ ਫਿਰ ਮੋੜ ਕੇ ਬ੍ਰਿਜ ਲੈ ਆਵਾਂਗਾ।" ਜਦੋਂ ਊਧਵ ਨੇ ਗੋਪੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਨੂੰ ਵਾਪਸ ਲਿਆਉਣ ਬਾਰੇ ਵਾਅਦੇ ਕੀਤੇ ਤਾਂ ਉਹ ਸਾਰੀਆਂ ਗੋਪੀਆਂ ਉੱਠ ਕੇ ਊਧੋ ਦੇ ਚਰਨਾਂ ਤੇ ਡਿੱਗੀਆਂ। ਉਨ੍ਹਾਂ ਦੇ ਮਨਾਂ ਦਾ ਦੁੱਖ ਦਰਦ ਘਟ ਗਿਆ, ਅਤੇ ਮਨ ਵਿੱਚ ਬੜਾ ਭਾਰੀ ਆਨੰਦ ਕੀਤਾ। ਉਨ੍ਹਾਂ ਨੇ ਊਧੋ ਨੂੰ ਕਿਹਾ ਕਿ ਉਹ ਸ੍ਰੀ ਕ੍ਰਿਸ਼ਨ ਜੀ ਅਗੇ ਬੇਨਤੀ ਕਰਨ,"ਪ੍ਰੀਤ ਕਰਕੇ ਤਿਆਗਣਾ ਕੋਈ ਚੰਗੀ ਗੱਲ ਨਹੀਂ। ਜਦੋਂ ਉਹ ਸਾਡੇ ਨਾਲ ਬ੍ਰਿਜ ਦੀਆਂ ਗਲੀਆਂ ਵਿੱਚ ਖੇਡਦੇ ਸਨ ਉਨ੍ਹਾਂ ਨੇ ਸਾਡਾ ਸਾਰੀਆਂ ਦਾ ਮਨ ਚੁਰਾ ਲਿਆ ਸੀ। ਸ੍ਰੀ ਕ੍ਰਿਸ਼ਨ ਜੀ ਦੇ ਪ੍ਰੇਮ ਕਰਕੇ ਅਸਾਂ ਲੋਕਾਂ ਦੇ ਹਾਸ ਉਪਹਾਸ ਸਹਾਰੇ, ਸਾਡੇ ਪ੍ਰੇਮ ਕਰਕੇ ਉਨ੍ਹਾਂ ਨੇ ਸਾਡੇ ਲਈ ਕਈ ਲੜਾਈਆਂ ਸਹੇੜੀਆਂ ਸਨ। ਸਾਡੇ ਵਲੋਂ ਦੋਵੇਂ ਹੱਥ ਜੋੜ ਕੇ ਬੇਨਤੀ ਕਰਨੀ, ਤੁਸੀਂ ਸਾਨੂੰ ਬ੍ਰਿਜ ਛੱਡ ਕੇ ਆਪ ਮਥਰਾ ਸ਼ਹਿਰ ਵਿੱਚ ਗਏ ਹੋ, ਇਹ ਤੁਸੀਂ ਬੁਰਾ ਕੰਮ ਕੀਤਾ ਹੈ। ਬ੍ਰਿਜ ਦੇ ਵੱਸਣ ਵਾਲੀਆਂ ਨੂੰ ਤਿਆਗ ਕੇ ਮਥਰਾ ਚਲੇ ਗਏ ਹੋ, ਅਤੇ ਉਥੋਂ ਦੇ ਸ਼ਹਿਰ ਦੀਆਂ ਵੱਸਣ ਵਾਲੀਆਂ ਦੇ ਪ੍ਰੇਮ ਦੇ ਰਸ ਵਿੱਚ ਭਿੱਜ ਗਏ ਹੋ। ਹੇ ਹਰਿ ਜੂ ! ਤੁਸੀਂ ਸਾਡੇ ਪ੍ਰੇਮ ਨੂੰ ਕਿਉਂ ਤਿਆਗ ਦਿੱਤਾ ਹੈ ? ਹੇ ਉਧੋ ਜੀ ! ਜਦੋਂ ਤੁਸੀ ਬ੍ਰਿਜ ਭੂਮੀ ਨੂੰ ਛੱਡ ਕੇ ਮਥਰਾ ਪੁਰੀ ਵਿੱਚ ਚਲੇ ਜਾਵੋਗੇ, ਆਪਣੇ ਮਨ ਵਿੱਚ ਪ੍ਰੇਮ ਕਰਕੇ ਸਾਡੇ ਸਾਰਿਆਂ ਵੱਲੋਂ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਉੱਤੇ ਲੰਮੇ ਪੈ ਕੇ ਮੱਥਾ ਟੇਕਣਾ ਅਤੇ ਸਾਡੇ ਵੱਲੋਂ ਅਰਜ਼ੋਈਆਂ ਬੇਨਤੀਆਂ ਕਰਨੀਆਂ ਕਿ ਪ੍ਰੀਤ ਨੂੰ ਜੇਕਰ ਨਿਭਾਹ ਨਾ ਸਕਦੇ ਹੋਈਏ ਤਾਂ ਐਵੇਂ ਕਿਸੇ ਨਾਲ ਕਦੇ ਵੀ ਪ੍ਰੀਤ ਨਹੀਂ ਕਰਨੀ ਚਾਹੀਦੀ।

**ਸਵੈਯਾ।।ਊਧਵ ਮੋ ਸੁਨ ਲੈ ਬਤੀਯਾ**
**ਜਦੁਬੀਰ ਕੋ ਧਯਾਨ ਜਬੈ ਕਰਿ ਹੌਂ।**
**ਬਿਰਹਾ ਤਬ ਆਇ ਕੈ ਮੋਹਿ ਗ੍ਰਸੈ**
**ਤਿਹ ਕੇ ਗ੍ਰਸਏ ਨਾ ਜੀਯੋ ਮਰਿ ਹੌਂ।**
**ਨ ਕਛੂ ਸੁਧਿ ਮੋ ਤਨ ਮੈ ਰਹਿ ਹੈ**
**ਧਰਨੀ ਪਰ ਹ੍ਵੈ ਬਿਸੁਧੀ ਝਰਿ ਹੌਂ।**
**ਤਿਹ ਤੇ ਹਮ ਕੋ ਬਿਰਥਾ ਕਹੀਯੈ**
**ਕਿਹ ਭਾਂਤ ਸੋ ਧੀਰਜ ਹਉ ਧਰਿਹੌਂ।।੯੩੭।।**

*- ਦਸਮ ਗ੍ਰੰਥ ਪੰਨਾ ੩੭੯*

ਇੱਕ ਗੋਪੀ ਨੇ ਕਿਹਾ,"ਹੇ ਊਧਵ ! ਮੇਰੀ ਗੱਲ ਸੁਣ ਲਵੋ, ਜਿਸ ਵੇਲੇ ਮੈਂ ਸ੍ਰੀ ਕ੍ਰਿਸ਼ਨ ਜੀ ਦਾ ਧਿਆਨ ਕਰਦੀ ਹਾਂ, ਉਸ ਵੇਲੇ ਹੀ ਮੈਨੂੰ ਵਿਛੋੜਾ ਆ ਕੇ ਫੜ ਲੈਂਦਾ ਹੈ, ਉਸ ਵਿਛੋੜੇ ਦੇ ਕਾਰਨ ਨਾ ਤਾਂ ਮੈਂ ਜੀਊ ਸਕਦੀ ਹਾਂ ਅਤੇ ਨਾ ਹੀ ਮਰਦੀ ਹਾਂ। ਮੇਰੇ ਤਨ ਵਿੱਚ ਕੁਝ ਹੋਸ਼ ਨਹੀਂ ਰਹਿੰਦੀ ਅਤੇ ਬੇਹੋਸ਼ ਹੋ ਕੇ

ਧਰਤੀ ਉੱਤੇ ਡਿੱਗ ਪੈਂਦੀ ਹਾਂ। ਇਸ ਤਰ੍ਹਾਂ ਮੇਰੀ ਹਾਲਤ ਉਨ੍ਹਾਂ ਨੂੰ ਕਹਿ ਦੇਣਾ ਕਿ ਮੈਂ ਕਿਸ ਤਰ੍ਹਾਂ ਨਾਲ ਹੌਸਲਾ ਕਰ ਸਕਦੀ ਹਾਂ ?"

ਗ੍ਵਾਲਨੀਆਂ ਜਿਨ੍ਹਾ ਨੂੰ ਕਦੇ ਆਪਣੇ ਪਿਆਰ ਦਾ ਮਾਣ ਅਤੇ ਅਹੰਕਾਰ ਸੀ, ਹੁਣ ਸਨਿਮਰ ਹੋ ਕੇ ਕਹਿ ਰਹੀਆਂ ਸਨ। ਉਨ੍ਹਾਂ ਗੋਪੀਆਂ ਦੇ ਸਰੀਰ ਸੋਨੇ ਵਰਗੇ ਅਤੇ ਮੂੰਹ ਕਮਲ ਜਿਹੇ ਸਨ ਅਤੇ ਰੂਪ ਵਿੱਚ ਉਹ ਰੱਤੀ ਦੇ ਬਰਾਬਰ ਸਨ। ਇਸ ਤਰ੍ਹਾਂ ਗੱਲਾਂ ਕਰਦੀਆਂ-ਕਰਦੀਆਂ ਅਤਿ ਵਿਆਕੁਲ ਹੋ ਜਾਂਦੀਆਂ। ਉਨ੍ਹਾਂ ਦਾ ਵਿਰਹ ਵਿਰਲਾਪ ਵੇਖ ਕੇ ਊਧੋ ਨੂੰ ਇਹ ਭਰੋਸਾ ਹੋ ਗਿਆ ਕਿ ਸਾਰੀਆਂ ਗ੍ਵਾਲਨੀਆਂ ਮੱਛੀ ਹਨ ਅਤੇ ਸ੍ਰੀ ਕ੍ਰਿਸ਼ਨ ਜੀ ਦਾ ਨਾਮ ਪਾਣੀ ਹੈ ਜਿਸ ਨੂੰ ਲੈ ਲੈ ਕੇ ਉਹ ਜੀਊਂਦੀਆਂ ਸਨ।

**ਸ੍ਵੈਯਾ।।ਦੀਨ ਹ੍ਵੈ ਗ੍ਵਾਰਨਿ ਸੋਊ ਕਹੈ**
**ਕਬਿ ਸਯਾਮ ਜੁ ਥੀ ਅਤਿ ਹੀ ਅਭਿਮਾਨੀ।**
**ਕੰਚਨ ਸੇ ਤਨ ਕੰਜ ਮੁਖੀ ਜੋਊ**
**ਰੂਪ ਬਿਖੈ ਰਤਿ ਕੀ ਫੁਨ ਸਾਨੀ।**
**ਯੌਂ ਕਹੈ ਬਯਾਕੁਲ ਹ੍ਵੈ ਬਤੀਯਾ**
**ਕਬਿ ਨੇ ਤਿਹ ਕੀ ਉਪਮਾ ਪਹਿਚਾਨੀ।**
**ਊਧਵ ਗ੍ਵਾਰਨੀਯਾ ਸਫਰੀ ਸਭ**
**ਨਾਮ ਲੈ ਸਯਾਮ ਕੋ ਜੀਵਤ ਪਾਨੀ।।੯੩੮।।**

*– ਦਸਮ ਗ੍ਰੰਥ ਪੰਨਾ* **੩੭੯**

ਏਹੋ ਜਿਹੇ ਅਨੰਤ ਗੁਣਾਂ ਦੇ ਧਾਰਨੀ, ਸਰਬ ਪ੍ਰਤਿਪਾਲਕ, ਦੁਸ਼ਟ ਸੰਹਾਰਕ, ਗਊ ਗਰੀਬ ਦੇ ਰੱਖਿਅਕ, ਗੋਪੀਆਂ ਦੇ ਹਿਰਦਿਆਂ ਦੇ ਸਮਰਾਟ, ਉੱਚ ਅਧਿਆਤਮਕ ਸ਼ਿਖਰਾਂ ਦੇ ਪ੍ਰਾਪਤ ਕਰਤਾ, ਸ੍ਰੀ ਕ੍ਰਿਸ਼ਨ ਜੀ ਦੇ ਕਾਰਨਾਮੇ ਯਾਦ ਕਰ ਕਰ ਕੇ ਗੋਪੀਆਂ ਆਪਣੇ ਸੁੰਦਰ ਨੇਤਰਾਂ ਰਾਹੀ ਸਾਵਣ ਦੇ ਮਹੀਨੇ ਵਿੱਚ ਝੜੀ ਲਗਾ ਕੇ ਆਪਣੇ ਦਿਲ ਦੀ ਕਸਕ, ਪੀੜਾ ਦਾ ਵਰਣਨ ਕਰ ਕੇ ਸਾਂਤਵਨਾ ਗ੍ਰਹਿਣ ਕਰਦੀਆਂ।

## ੨੧

**ਸ੍ਵੈਯਾ।।ਭੂਮ ਅਕਾਸ ਅਵਾਸ ਸੁ ਬਾਸੁ**
**ਉਦਾਸ ਬਢੀ ਅਤਿ ਸੀਤਲਤਾਈ।**
**ਕੂਲ ਦੁਕੂਲ ਤੇ ਸੂਲ ਉਠੈ ਸਭ**
**ਤੇਲ ਤਮੋਲ ਲਗੈ ਦੁਖਦਾਈ।**
**ਪੋਖ ਸੰਤੋਖ ਨ ਹੋਤ ਕਛੂ ਤਨ**
**ਸੋਖਤ ਜਿਉ ਕੁਮਦੀ ਮੁਰਝਾਈ।**
**ਲੋਭ ਰਹਯੋ ਉਨ ਪ੍ਰੇਮ ਗਹਯੋ**
**ਟਸਕਯੋ ਨ ਹੀਯੋ ਕਸਕਯੋ ਨ ਕਸਾਈ।।੯੨੩।।**

*– ਦਸਮ ਗ੍ਰੰਥ ਪੰਨਾ ੩੭੭*

**ਸ਼ਬਦਾਰਥ :**

ਅਵਾਸ-ਮਹਲ, ਘਰ-ਮਕਾਨ। ਸੁਬਾਸੁ-ਚੰਗੇ ਵਸੇਬੇ, ਵੱਸਣ ਦੇ ਉਤਮ ਟਿਕਾਣੇ। ਕੂਲ-ਕੂਲੇ, ਕੋਮਲ(ਬਸਤ੍ਰ)। ਦੁਕੂਲ-ਬਸਤ੍ਰ, ਪਹਿਨੇ ਹੋਏ ਕਪੜੇ। ਸੂਲ-(ਮੁਲਾਇਮ, ਹੁੰਦਿਆਂ ਭੀ) ਸੂਲ, ਪੀੜ ਉਠਦੀ ਹੈ। ਭਾਵ ਕੂਲੇ ਕਪੜੇ ਭੀ ਚੁਭਦੇ ਹਨ। ਤਮੋਲ-ਪਾਨਾਂ ਦੇ ਪੱਤੇ, ਪਾਨਾਂ ਦੇ ਬੀੜੇ। ਪੋਖ-ਪੋਹ ਮਹੀਨੇ ਵਿੱਚ। ਕੁਸਦੀ-ਕੰਮੀਆਂ। ਭੰਬੂਲ-ਜੋ ਰਾਤੀਂ ਖਿੜਦੇ ਤੇ ਦਿਨ ਚੜ੍ਹੇ ਕੁਮਲਾ ਜਾਂਦੇ ਹਨ। ਲੋਭਿ-ਲੁਭਾਇਮਾਨ ਮੋਹਿਤ ਹੋ ਕੇ। ਉਨ-ਉਨ੍ਹਾਂ ਕੁਬਿਜਾ ਹੋਰਾਂ ਨਾਲ ਹੀ ਕਾਨ੍ਹ ਪ੍ਰੇਮ ਪਾ ਬੈਠਾ ਹੈ।

**ਵਿਆਖਿਆ :**

ਪੋਹ ਦਾ ਮਹੀਨਾ ਚੜ੍ਹ ਗਿਆ, ਪੋਹ ਆਪਣੀ ਠੰਢ ਕਰਕੇ ਅਤਿ ਪ੍ਰਸਿੱਧ ਹੈ, ਪੋਹ ਦੇ ਮਹੀਨੇ ਵਿੱਚ ਹਰ ਪਾਸੇ ਪਾਲਾ, ਕੱਕਰ, ਬਰਫ ਅਤੇ ਠੰਢ ਦਾ ਜ਼ੋਰ ਹੁੰਦਾ ਹੈ। ਧਰਤੀ ਉੱਤੇ ਵੱਸਣ ਵਾਲੇ ਮਨੁੱਖ ਅਤੇ ਪੰਛੀ ਆਦਿਕ ਬਾਹਰ ਨਹੀਂ ਨਿਕਲ ਸਕਦੇ। ਸਭਨਾਂ ਦੇ ਮਨ ਉਦਾਸ ਰਹਿੰਦੇ ਹਨ, ਕਿਉਂਕਿ ਇਸ ਮਹੀਨੇ ਵਿੱਚ ਅਤਿ ਦੀ ਸਰਦੀ ਪੈਂਦੀ ਹੈ। ਨਦੀ ਦੇ ਵਿੱਚ ਜਲ ਠੰਢਾ ਹੁੰਦਾ ਹੈ; ਠੰਢੇ ਜਲ ਕਰਕੇ ਹਵਾ ਪਾਣੀ ਨੂੰ ਛੂਹ ਕੇ ਹੋਰ ਵੀ ਠੰਢੀ ਹੋ ਜਾਂਦੀ ਹੈ, ਅਤੇ ਨਦੀ ਦੇ ਕਿਨਾਰੇ ਤੇ ਹੋਰ ਸਭ ਥਾਵਾਂ ਤੇ ਸੂਲਾਂ ਦੇ ਸਮਾਨ ਦੁੱਖ ਦੇਣ ਵਾਲੀ ਪੀੜਾ ਉਠਦੀ ਹੈ।

ਇਸ ਦੇ ਨਾਲ ਹੀ ਤੇਲ, ਤੰਬੋਲ ਆਦਿਕ ਵੀ ਬਹੁਤ ਦੁਖਦਾਈ ਲਗਦੇ ਹਨ। ਪੋਹ ਦੇ ਮਹੀਨੇ ਵਿੱਚ ਮਨ ਨੂੰ ਰਤਾ ਭੀ ਧੀਰਜ ਨਹੀਂ ਹੁੰਦਾ। ਜਿਸ ਤਰ੍ਹਾਂ ਪੋਹ ਦੀ ਠੰਢ ਕਰਕੇ ਕੱਮੀ ਦੇ ਫੁੱਲ ਕੁਮਲਾ ਜਾਂਦੇ ਹਨ। ਉਸੇ ਤਰ੍ਹਾਂ ਹੀ ਸ੍ਰੀ ਕ੍ਰਿਸ਼ਨ ਜੀ ਦੇ ਵਿਯੋਗ ਵਿੱਚ ਤੜਪ-ਤੜਪ ਕੇ ਗੋਪੀਆਂ ਦੇ ਸਰੀਰ ਮੁਰਝਾ ਗਏ ਹਨ, ਉਹ ਸੁੱਕ ਕੇ ਤੀਲੇ ਵਰਗੀਆਂ ਹੋ ਗਈਆਂ ਹਨ। ਇਨ੍ਹਾਂ ਦੁੱਖਾਂ ਦਾ ਕਾਰਣ ਇਹ ਹੈ ਕਿ ਗੋਪੀਆਂ ਦੇ ਹਿਰਦੇ ਵਿੱਚ ਸ੍ਰੀ ਕ੍ਰਿਸ਼ਨ ਜੀ ਨਾਲ ਅਤਿ ਦਾ ਪ੍ਰੇਮ ਵੱਸ ਗਿਆ ਹੈ, ਉਸਨੇ, ਉਨ੍ਹਾਂ ਨੂੰ ਫੜ ਲਿਆ ਹੈ, ਉਸ ਜ਼ਾਲਮ ਦਾ ਹਿਰਦਾ ਗੋਪੀਆਂ ਵੱਲ ਰਤਾ ਭਰ ਵੀ ਨਹੀਂ ਝੁਕਿਆ ਤੇ ਨਾ ਹੀ ਉਸਨੂੰ ਰਤੀ ਭਰ ਵੀ ਖਿੱਚ ਪਈ ਹੈ। ਇੱਕ ਤਾਂ ਪੋਹ ਦੇ ਮਹੀਨੇ ਵਿੱਚ ਅਤਿ ਦੀ ਠੰਢ, ਦੂਸਰਾ ਠੰਢ ਹੋਣ ਕਰਕੇ ਸਭ ਨੂੰ ਘਰਾਂ ਦੇ ਅੰਦਰ ਹੀ ਉਦਾਸੀਨ ਹੋ ਕੇ ਰਹਿਣਾ ਪੈਂਦਾ ਹੈ, ਤੀਸਰਾ ਗੋਪੀਆਂ ਦੇ ਪਿਆਰੇ ਪ੍ਰੀਤਮ ਉਨ੍ਹਾਂ ਤੋਂ ਦੂਰ ਮਥਰਾ ਚਲੇ ਗਏ ਹਨ, ਅਤੇ ਉਨ੍ਹਾਂ ਦੀ ਕੋਈ ਖਬਰ ਸਾਰ ਹੀ ਨਹੀਂ ਲਈ, ਜਦੋਂ ਕਿ ਉਨ੍ਹਾਂ ਗੋਪੀਆਂ ਦੇ ਹਿਰਦਿਆਂ ਅੰਦਰ ਪਿਆਰ ਦਾ ਸਮੁੰਦਰ ਠਾਠਾਂ ਮਾਰਦਾ ਹੈ, ਇਹ ਸਾਰਾ ਕੁਝ ਹੋਣ ਤੇ ਵੀ ਸ੍ਰੀ ਕ੍ਰਿਸ਼ਨ ਜੀ ਦੇ ਹਿਰਦੇ ਅੰਦਰ ਗੋਪੀਆਂ ਲਈ ਰਤੀ ਭਰ ਵੀ ਖਿੱਚ ਨਹੀਂ ਪੈਦਾ ਹੁੰਦੀ, ਇਹ ਉਨ੍ਹਾਂ ਦਾ ਦੁਰਭਾਗ ਹੈ, ਬਦਕਿਸਮਤੀ ਹੈ।

**ਭਾਵ :**

ਬਹੁਤ ਅਧਿਕ ਠੰਢ ਹੋਣ ਕਰਕੇ, ਸਭ ਫੁੱਲ ਪੱਤੀਆਂ ਆਦਿਕ ਕੁਮਲਾ ਜਾਂਦੇ ਹਨ, ਹਾਰ ਸ਼ਿੰਗਾਰ ਸਭ ਦੁਖਦਾਈ ਬਣ ਜਾਂਦਾ ਹੈ, ਆਪਣੇ ਪਿਆਰੇ ਇਸ਼ਟ ਤੋਂ ਬਿਨਾਂ ਗੋਪੀਆਂ ਦੇ ਤਨ ਬਦਨ ਸੁੱਕ ਕੇ ਕੁਮਲਾ ਗਏ, ਖੀਣ ਹੋ ਗਏ।

# ਤਨ ਸੋਖਤ ਜਿਉ ਕੁਮਦੀ ਮੁਰਝਾਈ

ਸ੍ਰੀ ਕ੍ਰਿਸ਼ਨ ਜੀ ਮਥਰਾ ਜਾ ਕੇ ਆਪਣੇ ਰੁਝੇਵਿਆਂ ਵਿੱਚ ਲੱਗ ਗਏ, ਕੁਝ ਚਿਰ ਲਈ ਗੋਪੀਆਂ ਅਤੇ ਉਨ੍ਹਾਂ ਦਾ ਪਿਆਰ ਵਿਸਰ ਗਿਆ, ਪਰ ਇਧਰ ਬ੍ਰਿਜ ਵਿਖੇ ਗੋਪੀਆਂ ਦੀ ਤੜਪ ਦਿਨ ਪ੍ਰਤੀ ਦਿਨ ਵਧਦੀ ਗਈ। ਉਹ ਅਤਿ ਵਿਆਕੁਲ ਹੋ ਗਈਆਂ, ਉਨ੍ਹਾਂ ਦਾ ਸੁਖ-ਚੈਨ ਖਤਮ ਹੋ ਗਿਆ, ਉਹ ਹਰ ਵੇਲੇ ਚਿੰਤਾਤੁਰ ਰਹਿੰਦੀਆਂ, ਇਸ ਕਰਕੇ ਉਨ੍ਹਾਂ ਦੇ ਮਨ ਅਤੇ ਤਨ ਦੋਵੇਂ ਪੀੜਿਤ ਹੋ ਗਏ, ਉਨ੍ਹਾਂ ਦੇ ਤਨ ਕੁਮਦਨੀ ਵਾਂਗ ਮੁਰਝਾ ਗਏ, ਬਹਾਰ, ਖੇੜਾ ਖਤਮ ਹੋ ਗਏ, ਉਦਾਸੀ ਗਮੀ ਕਰਕੇ ਗੋਪੀਆਂ ਦੇ ਤਨ ਖੀਨ ਹੋ ਗਏ। ਸ੍ਰੀ ਕ੍ਰਿਸ਼ਨ ਜੀ ਨੇ ਇੱਕ ਦਿਨ ਉਨ੍ਹਾਂ ਦਾ ਹਾਲ ਪਤਾ ਪੁੱਛਣ ਲਈ ਅਤੇ ਸਾਂਤਵਨਾ ਦੇਣ ਲਈ ਊਧੋ ਨੂੰ ਭੇਜਿਆ, ਕਿ ਉਹ ਬ੍ਰਿਜ ਵਿਖੇ ਜਾ ਕੇ ਗੋਪੀਆਂ ਨੂੰ ਗਿਆਨ ਦੇ ਕੇ ਸ਼ਾਂਤ ਕਰ ਆਉਣ।

ਪਰ ਉਨ੍ਹਾਂ ਦਾ ਗਿਆਨ ਗੋਪੀਆਂ ਦੇ ਅਥਾਹ ਪਿਆਰ, ਡੂੰਘੇ ਪ੍ਰੇਮ ਦੇ ਸਾਹਮਣੇ, ਝੁਕ ਗਿਆ ਅਤੇ ਊਧੋ ਨੇ ਗੋਪੀਆਂ ਦੇ ਪਿਆਰ ਦੇ ਸਾਹਮਣੇ ਆਪਣੇ ਗੋਡੇ ਟੇਕ ਦਿੱਤੇ। ਉਹ ਗੋਪੀਆਂ ਦੇ ਢੇਰ ਸਾਰੇ ਸੁਨੇਹੇ ਲੈ ਕੇ ਵਾਪਸ ਮਥਰਾ ਪੁਰੀ ਗਏ ਅਤੇ ਗੋਪੀਆਂ ਦੀ ਸਾਰੀ ਵਿਅਯਥਾ ਸ੍ਰੀ ਕ੍ਰਿਸ਼ਨ ਜੀ ਨੂੰ ਜਾ ਕੇ ਸੁਣਾਈ। ਸਭ ਤੋਂ ਪਹਿਲਾਂ ਊਧੋ ਨੇ ਸ੍ਰੀ ਕ੍ਰਿਸ਼ਨ ਜੀ ਅਤੇ ਬਲਰਾਮ ਦੇ ਚਰਨਾਂ ਉੱਤੇ ਡਿੱਗਕੇ ਬੇਨਤੀਆਂ ਸ਼ੁਰੂ ਕੀਤੀਆ,''ਹੇ ਮੇਰੇ ਪਿਆਰੇ ਸੁਆਮੀ ਜਿਸ ਤਰ੍ਹਾਂ ਤੁਸੀਂ ਮੈਨੂੰ ਕਹਿਕੇ ਭੇਜਿਆ ਸੀ, ਮੈਂ ਉਸ ਤਰ੍ਹਾਂ ਹੀ ਕੀਤਾ ਹੈ। ਬਾਬਾ ਨੰਦ ਅਤੇ ਗੋਪੀਆਂ ਦੇ ਨਾਲ ਗਿਆਨ ਦੀ ਖੂਬ ਚਰਚਾ ਕਰਕੇ ਵਾਪਸ ਪਰਤ ਆਇਆ ਹਾਂ। ਮੇਰੇ ਮਨ ਦਾ ਦੁੱਖ ਰੂਪ ਹਨੇਰਾ ਤੁਹਾਡੇ ਸੂਰਜ ਜਿਹੇ ਮੁਖੜੇ ਨੂੰ ਵੇਖਕੇ ਦੂਰ ਹੋ ਗਿਆ ਹੈ।'' ਫਿਰ ਮੁਰਝਾਈਆਂ ਹੋਈਆਂ ਬਿਰਹਨੀਆਂ ਨੇ ਜਿਹੜੇ ਸੁਨੇਹੇ ਸ੍ਰੀ ਕ੍ਰਿਸ਼ਨ ਜੀ ਨੂੰ ਭੇਜੇ ਸਨ ਇੱਕ-ਇੱਕ ਕਰਕੇ ਦੇਣੇ ਸ਼ੁਰੂ ਕਰ ਦਿੱਤੇ। ਊਧੋ ਨੇ ਕਿਹਾ,''ਸਾਰੀਆਂ ਗੋਪੀਆਂ ਆਪ ਜੀ ਦੇ ਚਰਨਾਂ ਵਿੱਚ ਬੇਨਤੀਆਂ ਕਰਦੀਆਂ ਹਨ, ਸ਼ਹਿਰ ਵਾਸਨੀਆਂ ਨੂੰ ਛੱਡਕੇ ਹੇ ਸਾਡੇ ਪ੍ਰੀਤਮ ਜੀ, ਬ੍ਰਿਜ ਵਾਸਨੀਆਂ ਨੂੰ ਆ ਕੇ ਦਰਸ਼ਨ ਦੇ ਕੇ ਕ੍ਰਿਤਾਰਥ ਕਰਨ ਦੀ ਕ੍ਰਿਪਾ ਕਰੋ। ਉਦਾਸੀਨ ਅਤੇ ਵਾਤਸਲਯ ਪਿਆਰ ਨਾਲ ਪੀੜਿਤ ਯਸ਼ੋਧਾ ਨੇ ਕਿਹਾ ਹੈ, ਕਿ ਉਨ੍ਹਾਂ ਦਾ ਪਿਆਰਾ ਸਪੁਤਰ ਜਲਦੀ ਹੀ ਬ੍ਰਿਜ ਵਿਖੇ ਆ ਕੇ ਆਪਣੀ ਮਾਤਾ ਨੂੰ ਮਿਲਕੇ ਠੰਢ ਪਾਵੇ ਅਤੇ ਫਿਰ ਉਸੇ ਤਰ੍ਹਾਂ ਹੀ ਮੱਖਣ ਤੇ ਦਹੀਂ ਖਾਣ, ਪਤਾ ਨਹੀਂ ਸ੍ਰੀ ਕ੍ਰਿਸ਼ਨ ਜੀ ਆਪਣੀ ਮਾਤਾ ਦੇ ਪਿਆਰ ਨੂੰ ਕਿਉਂ ਭੁੱਲ ਗਏ ਹਨ। ਉਹ ਜਲਦੀ ਹੀ ਮਥਰਾ ਨੂੰ ਛੱਡਕੇ ਬ੍ਰਿਜ ਵਾਪਸ ਆ ਜਾਣ।

**ਸ੍ਵੈਯਾ।।ਮਾਤ ਕਰੀ ਬਿਨਤੀ ਤੁਮ ਪੈ**
**ਕਬਿ ਸ੍ਯਾਮ ਕਹੈ ਜੋਊ ਹੈ ਬ੍ਰਿਜ ਰਾਨੀ।।**
**ਤਾ ਹੀ ਕੋ ਪ੍ਰੇਮ ਘਨੋ ਤੁਮ ਸੌਂ**
**ਹਮ ਆਪਨੇ ਜੀ ਮਹਿ ਪ੍ਰੀਤਿ ਪਛਾਨੀ।।**
**ਤਾ ਤੇ ਕਹਿਓ ਤਜਿ ਕੈ ਮਥੁਰਾ**
**ਬ੍ਰਿਜ ਆਵਹੁ ਯਾ ਬਿਧਿ ਬਾਤ ਬਖਾਨੀ।।**
**ਇਯਾਨੇ ਹੁਤੇ ਤਬ ਮਾਨਤ ਥੇ ਅਬ**
**ਸਯਾਨੇ ਭਏ ਤਬ ਏਕ ਨ ਮਾਨੀ।।੯੬੧।।**

*- ਦਸਮ ਗ੍ਰੰਥ ਪੰਨਾ ੩੮੩*

ਬ੍ਰਿਜ ਦੀ ਰਾਣੀ ਮੁਰਝਾਈ ਹੋਈ ਮਾਤਾ ਯਸ਼ੋਧਾ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਊਧੋ ਰਾਹੀਂ ਸੁਨੇਹਾ ਭੇਜਿਆ ਕਿ ਉਨ੍ਹਾਂ ਦਾ ਪਿਆਰ ਸ੍ਰੀ ਕ੍ਰਿਸ਼ਨ ਜੀ ਨਾਲ ਅਧਿਕ ਹੈ, ਉਨ੍ਹਾਂ ਨੇ ਆਪਣੇ ਜੀਅ ਵਿੱਚ ਬੇਨਤੀ ਕੀਤੀ ਹੈ ਕਿ ਮਥਰਾ ਨੂੰ ਛੱਡ ਕੇ ਬ੍ਰਿਜ ਵਿਖੇ ਆਪਣੀ ਮਾਤਾ ਕੋਲ ਪਹੁੰਚ ਜਾਵੋ ਜਦੋਂ ਇਵਾਂਣੇ ਬਾਲਕ ਹੁੰਦੇ ਸਨ, ਉਸ

ਵੇਲੇ ਮਾਤਾ ਯਸ਼ੋਧਾ ਜੀ ਦੀਆਂ ਸਾਰੀਆਂ ਗੱਲਾਂ ਮੰਨਦੇ ਸਨ, ਪਰ ਹੁਣ ਉਹ ਬਹੁਤ ਸਿਆਣੇ ਹੋ ਗਏ ਹਨ, ਇਸ ਲਈ ਹੁਣ ਉਹ ਉਨ੍ਹਾਂ ਦੀ ਇੱਕ ਗੱਲ ਭੀ ਨਹੀਂ ਮੰਨਦੇ।

ਊਧੋ ਗੋਪੀਆਂ ਦਾ ਸੁਨੇਹਾ ਦਿੰਦੇ ਹਨ ਕਿ ਉਹ ਉਸ ਵੇਲੇ ਨੂੰ ਜ਼ਰੂਰ ਚੇਤੇ ਕਰਨ ਜਦੋਂ ਉਹ ਉਨ੍ਹਾਂ ਨਾਲ ਰੁੱਸ ਜਾਂਦੀਆਂ ਸਨ, ਅਤੇ ਉਨ੍ਹਾਂ ਨੂੰ ਮਨਾਉਣ ਲਈ ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਦੇ ਪੈਰੀਂ ਪੈ ਪੈ ਕੇ ਉਨ੍ਹਾਂ ਨੂੰ ਰਾਜ਼ੀ ਕਰਦੇ ਸਨ। ਉਹ ਵੇਲਾ ਯਾਦ ਕਰਕੇ ਇੱਕ ਪਲ ਭਰ ਲਈ ਵੀ ਮਥਰਾ ਵਿਖੇ ਨਾ ਰਹਿਣ ਅਤੇ ਜਲਦੀ ਹੀ ਬ੍ਰਿਜ ਵਿਖੇ ਪਹੁੰਚਕੇ ਤੜਪਦੀਆਂ, ਲੁੱਛਦੀਆਂ, ਗੋਪੀਆਂ ਨੂੰ ਦਰਸ਼ਨ ਦੀ ਦਾਤ ਬਖਸ਼ ਕੇ ਤ੍ਰਿਪਤ ਕਰਨ। ਗੋਪੀਆਂ ਨੇ ਊਧੋ ਨੂੰ ਸਮਝਾਇਆ ਕਿ ਉਹ ਸ੍ਰੀ ਕ੍ਰਿਸ਼ਨ ਜੀ ਦੇ ਚਰਨ ਘੁੱਟ ਕੇ ਫੜ ਕੇ ਅਰਜ਼ੋਈਆਂ ਕਰਨ। ਉਹ ਗੋਪੀਆਂ ਦੀ ਪ੍ਰੀਤ ਨੂੰ ਪਛਾਣਨ ਅਤੇ ਜਲਦੀ ਹੀ ਬ੍ਰਿਜ ਵਿਖੇ ਪਹੁੰਚ ਕੇ ਗੋਪੀਆਂ ਨੂੰ ਸੁਖ ਦੇਣ ਅਤੇ ਆਪ ਵੀ ਸੁਖ ਦੀ ਪ੍ਰਾਪਤੀ ਕਰਨ। ਬ੍ਰਿਜ ਵਿੱਚ ਵਾਪਸ ਪਰਤਣ ਨਾਲ ਸ੍ਰੀ ਕ੍ਰਿਸ਼ਨ ਜੀ ਦਾ ਤਾਂ ਰਤੀ ਭਰ ਵੀ ਨੁਕਸਾਨ ਨਹੀਂ ਹੁੰਦਾ। ਸਗੋਂ ਗੋਪੀਆਂ ਸ੍ਰੀ ਕ੍ਰਿਸ਼ਨ ਜੀ ਦੇ ਸੁੰਦਰ ਮੁਖੜੇ ਨੂੰ ਵੇਖਕੇ ਅਤਿ ਪ੍ਰਸੰਨ ਹੋਣਗੀਆਂ। ਸ੍ਰੀ ਕ੍ਰਿਸ਼ਨ ਜੀ ਦੀ ਉਡੀਕ ਵਿੱਚ ਉਹਨਾਂ ਦਾ ਰਾਹ ਵੇਖਦੀਆਂ ਵੇਖਦੀਆਂ ਗੋਪੀਆਂ ਦੀਆਂ ਅੱਖਾਂ ਦੀਆਂ ਦੋਵੇਂ ਪੁਤਲੀਆਂ ਪੂਰਨ ਰੂਪ ਵਿੱਚ ਥੱਕ ਗਈਆਂ ਹਨ। ਊਧੋ ਸ੍ਰੀ ਕ੍ਰਿਸ਼ਨ ਜੀ ਦੀ ਸਭ ਤੋਂ ਪਿਆਰੀ ਪ੍ਰੇਮਿਕਾ ਦਾ ਸੁਨੇਹਾ ਦਿੰਦੇ ਹਨ,''ਹੇ ਹਰਿ ਜੂ ! ਤੁਸੀਂ ਮਥਰਾ ਨੂੰ ਤਿਆਗ ਕੇ ਬ੍ਰਿਜ ਦੀਆਂ ਗਲੀਆਂ ਨੂੰ ਆਕੇ ਭਾਗ ਲਗਾਵੋ। ਜਿਸ ਤਰ੍ਹਾਂ ਤੁਸੀਂ ਸਾਡੇ ਨਾਲ ਕੁੰਜ ਗਲੀਆਂ ਵਿੱਚ ਭਾਂਤ-ਭਾਂਤ ਦੀਆਂ ਖੇਡਾਂ ਖੇਡਦੇ ਸੀ, ਉਸੇ ਤਰ੍ਹਾਂ ਹੀ ਆ ਕੇ ਫਿਰ ਖੇਡਾਂ ਦਾ ਸਿਲਸਿਲਾ ਅਰੰਭ ਕਰੋ। ਤੁਹਾਡੇ ਬਿਨਾਂ ਮੇਰਾ ਜੀਅ ਕਿਸੇ ਕੰਮ ਵਿੱਚ ਨਹੀਂ ਲਗਦਾ ਆਪ ਜੀ ਦੇ ਵਿਰਹ ਵਿੱਚ ਮੇਰਾ ਤਨ ਖੀਨ ਹੋ ਗਿਆ ਹੈ, ਨਾ ਕੁਝ ਖਾਣ ਦੇ ਵਿੱਚ ਰੁਚੀ ਲੱਗਦੀ ਹੈ ਅਤੇ ਨਾ ਹੀ ਕੁਝ ਪੀਣ ਨੂੰ ਜੀਅ ਕਰਦਾ ਹੈ। ਆਪ ਜੀ ਦਾ ਸੁੰਦਰ ਮੁਖੜਾ ਚੰਦ੍ਰਮਾ ਦੇ ਸਮਾਨ ਹੈ, ਸਾਰੀਆਂ ਗੋਪੀਆਂ ਚਕੋਰ ਹਨ, ਉਨ੍ਹਾਂ ਦੇ ਸੁੰਦਰ ਚੰਦ ਵਰਗੇ ਮੁਖੜੇ ਦੇ ਦਰਸ਼ਨ ਕਰਕੇ ਹੀ ਤ੍ਰਿਪਤ ਹੋ ਸਕਦੀਆਂ ਹਨ।''

ਮੁਰਝਾਈ ਹੋਈ ਰਾਧਾ ਜੀ ਦਾ ਸੰਦੇਸ਼ ਸ੍ਰੀ ਕ੍ਰਿਸ਼ਨ ਜੀ ਨੂੰ ਦੇਣ ਤੋਂ ਉਪਰੰਤ ਹੁਣ ਊਧੋ ਨੇ ਬਾਕੀ ਦੀਆਂ ਤੜਪਦੀਆਂ, ਮੁਰਝਾਈਆਂ ਹੋਈਆਂ ਗੋਪੀਆਂ ਦੇ ਸੰਦੇਸ਼ ਵਾਰੀ ਵਾਰੀ ਦਿੱਤੇ। ਊਧੋ ਸ੍ਰੀ ਕ੍ਰਿਸ਼ਨ ਜੀ ਨੂੰ ਚੰਦ੍ਰਭਗਾ ਦਾ ਸੁਨੇਹਾ ਦਿੰਦੇ ਹੋਏ ਕਹਿੰਦੇ ਹਨ,''ਹੇ ਮੇਰੇ ਪਿਆਰੇ ਹਰਿ ਜੀ ! ਆਪਣੇ ਸੁੰਦਰ ਮੁਖੜੇ ਦੇ ਦੀਦਾਰ ਸਾਨੂੰ ਜਲਦੀ ਦਿਉ। ਤੁਹਾਡੇ ਬਿਨਾਂ ਮੈਂ ਅਤਿ ਵਿਆਕੁਲ ਹੋ ਰਹੀ ਹਾਂ, ਅਤੇ ਬਲਭੱਦ੍ਰ ਭਾਈ ਜੀ ਮੈਨੂੰ ਅਤਿ ਯਾਦ ਆਉਂਦੇ ਹਨ। ਮੇਰੇ ਮਨ ਦੀ ਪੁਕਾਰ ਨੂੰ ਸੁਣ ਲਵੋ, ਮੈ ਆਪਣੇ ਦੋਵੇ ਹੱਥ ਜੋੜ ਕੇ ਆਪ ਜੀ ਦੇ ਚਰਨਾਂ ਵਿੱਚ ਬੇਨਤੀ

ਕਰਦੀ ਹਾਂ ਕਿ ਤੁਸੀਂ ਜਲਦੀ ਹੀ ਮੈਨੂੰ ਦਰਸ਼ਨ ਦਿਉ ਰਤੀ ਭਰ ਵੀ ਦੇਰ ਨਾ ਕਰੋ। ਹੇ ਬ੍ਰਿਜ ਨਾਥ ! ਹੇ ਗੋਪਾਲ ! ਗੋਪੀਆਂ ਚਕੋਰੀਆਂ ਹਨ ਅਤੇ ਆਪਣੇ ਚੰਦ ਵਰਗੇ ਮੁਖੜੇ ਨੂੰ ਵਿਖਾ ਕੇ ਸੁਖ ਅਤੇ ਸਾਂਤਵਨਾ ਦਿਉ। ਹੇ ਬ੍ਰਿਜਨਾਥ ਯਾਦਵਪਤੀ ! ਹੇ ਯਸੋਦਾ ਦੇ ਜੇਠੇ ਪੁੱਤਰ ! ਹੇ ਗਊਆਂ ਦੇ ਰਖਵਾਲੇ ! ਸਾਡੀ ਬੇਨਤੀ ਪ੍ਰਵਾਨ ਕਰੋ। ਹੇ ਕਾਲੀ ਸੱਪ ਨੂੰ ਨਥੱਣ ਵਾਲੇ। ਹੇ ਦੈਂਤਾਂ ਦਾ ਬੱਧ ਕਰਨ ਵਾਲੇ। ਹੇ ਗੋਕਲ ਦੇ ਸਵਾਮੀ ! ਏਥੇ ਆਉਣ ਨਾਲ ਤੁਹਾਡਾ ਕੁਝ ਨੁਕਸਾਨ ਤਾਂ ਨਹੀਂ ਹੋਣ ਲੱਗਾ। ਹੇ ਕੰਸ ਦਾ ਨਾਸ ਕਰਨ ਵਾਲੇ ! ਹੁਣੇ ਹੀ ਆਪਣਾ ਚੰਦ ਮੁਖੜਾ ਦਿਖਾ ਕੇ ਚਕੋਰੀਆਂ ਰੂਪੀ ਗੋਪੀਆਂ ਨੂੰ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ।"

ਉਦਾਸੀਨ ਚੰਦ੍ਰਭਗਾ ਇੱਕ ਤੋਂ ਬਾਅਦ ਇੱਕ ਸੁਨੇਹਾ ਸ੍ਰੀ ਕ੍ਰਿਸ਼ਨ ਜੀ ਨੂੰ ਊਧੋ ਰਾਹੀਂ ਭੇਜਦੀ ਹੈ।

**ਸਵੈਯਾ।।ਹੇ ਨੰਦ ਨੰਦ ਕਹਯੋ ਸੁਖ ਕੰਦ**
**ਮੁਕੰਦ ਸੁਨੋ ਬਤੀਯਾ ਗਿਰਧਾਰੀ।**
**ਗੋਕਲ ਨਾਥ ਕਹੋ ਬਕ ਕੇ ਰਿਪ**
**ਰੂਪ ਦਿਖਾਵਹੁ ਮੋਹਿ ਮੁਰਾਰੀ।**
**ਸ੍ਰੀ ਬ੍ਰਿਜਨਾਥ ਸੁਨੋ ਜਸੁਧਾ ਸੁਤ**
**ਭੀ ਬਿਨ ਤ੍ਵੈ ਬ੍ਰਿਜਨਾਰ ਬਚਾਰੀ।**
**ਜਾਨਤ ਹੈ ਹਰਿ ਜੂ ਅਪਨੇ ਮਨ**
**ਤੇ ਸਭ ਹੀ ਇਹ ਤ੍ਰੀਯ ਬਿਸਾਰੀ।।੯੭੩।।**

*– ਦਸਮ ਗ੍ਰੰਥ ਪੰਨਾ* ***੩੮੪***

ਚੰਦ੍ਰਭਗਾ ਨੇ ਆਪਣੇ ਪਿਆਰੇ ਪ੍ਰੀਤਮ ਇਸ਼ਟ ਨੂੰ ਸੁਨੇਹਾ ਭੇਜਿਆ, "ਹੇ ਨੰਦ ਪੁੱਤਰ ! ਹੇ ਸੁਖ ਨੰਦ ! ਹੇ ਮੁਕਤੀ ਦੇ ਦਾਤੇ ! ਹੇ ਗਿਰਧਾਰੀ ! ਮੇਰੀ ਬੇਨਤੀ ਸੁਣੋ ! ਹੇ ਗੋਕੁਲ ਦੇ ਮਾਲਿਕ ! ਹੇ ਬਕਾਸੁਰ ਰਿਪੁ ! ਮੈਂ ਆਪਜੀ ਦੇ ਚਰਨਾਂ ਵਿੱਚ ਬੇਨਤੀ ਕਰਦੀ ਹਾਂ ਮੈਨੂੰ ਮੁਰ ਦੈਂਤ ਦੇ ਮਾਰਨ ਵਾਲਾ ਰੂਪ ਵਿਖਾਉ। ਹੇ ਸ੍ਰੀ ਕ੍ਰਿਸ਼ਨ ਜੀ ਬ੍ਰਿਜ ਦੇ ਸੁਆਮੀ ! ਹੇ ਯਸ਼ੋਦਾ ਪੁੱਤਰ ! ਮੇਰੀ ਬੇਨਤੀ ਸੁਣੋ ਆਪ ਜੀ ਤੋਂ ਬਿਨਾਂ ਬ੍ਰਿਜ ਦੀਆਂ ਇਸਤ੍ਰੀਆਂ ਦਇਆ ਅਤੇ ਕਰੁਣਾ ਦੀਆਂ ਪਾਤਰ ਹੋ ਗਈਆਂ ਹਨ। ਹੇ ਕੰਸ ਦੇ ਮਾਰਨ ਵਾਲੇ ! ਹੇ ਕਰਤਾਰ ਦੇ ਰੂਪ ! ਹੇ ਬਕਾਸੁਰ ਦਾ ਮੂੰਹ ਫਾੜਨ ਵਾਲੇ ! ਮੈਂ ਆਪ ਜੀ ਦੇ ਚਰਨਾਂ ਵਿੱਚ ਬੇਨਤੀ ਕਰਦੀ ਹਾਂ ਆਪ ਜੀ ਪ੍ਰਵਾਨ ਕਰੋ। ਬ੍ਰਿਜ ਦੇ ਨਾਥ ! ਇਨ੍ਹਾਂ ਗੋਪੀਆਂ ਦੇ ਸਾਰੇ ਦੁੱਖਾਂ ਨੂੰ ਦੂਰ ਕਰਕੇ ਹੁਣੇ ਹੀ ਆ ਕੇ, ਇਨ੍ਹਾਂ ਨੂੰ ਆਪਣਾ ਮੋਹਨੀ ਰੂਪ ਵਿਖਾ ਦਿਓ। ਆਪ ਜੀ ਦੀ ਸੁੰਦਰ ਮੂਰਤ ਵੇਖੇ ਤੋਂ ਬਿਨਾਂ ਮਨ ਨੂੰ ਕੁਝ ਚੰਗਾ ਹੀ ਨਹੀਂ ਲੱਗਦਾ। ਇਸੇ ਕਰਕੇ ਹੇ ਮੇਰੇ ਪਿਆਰੇ ਹਰਿ ਜੁ ! ਮਥਰਾ ਨੂੰ ਛੱਡ ਕੇ ਆਪ ਜੀ ਜਲਦੀ ਬ੍ਰਿਜ ਵਿਖੇ

ਆ ਕੇ ਦਰਸ਼ਨ ਦਿਓ ਅਤੇ ਸਾਡੇ ਸਾਰਿਆਂ ਦੇ ਗਮਾਂ ਨੂੰ ਦੂਰ ਕਰਨ ਦੀ ਕ੍ਰਿਪਾਲਤਾ ਕਰੋ। ਸ੍ਰੀ ਕ੍ਰਿਸ਼ਨ ਜੀ ਦੀਆਂ ਹੋਰ ਪਿਆਰੀਆਂ ਉਦਾਸੀਨ ਗੋਪੀਆਂ ਬ੍ਰਿੱਜਛਟਾ ਅਤੇ ਮੈਨਪ੍ਰਭਾ ਨੇ ਵੀ ਊਧੋ ਰਾਹੀਂ ਆਪਣੇ-ਆਪਣੇ ਸੰਦੇਸ਼ ਭੇਜੇ। ਉਨ੍ਹਾਂ ਨੇ ਕਿਹਾ,''ਹੇ ਸਾਡੇ ਪਿਆਰੇ ਪ੍ਰੀਤਮ ! ਸਾਡੇ ਨਾਲ ਐਨੀ ਪ੍ਰੀਤ ਵਧਾ ਕੇ ਚਲੇ ਜਾਣ ਦਾ ਕੀ ਕਾਰਣ ਹੈ ? ਹੇ ਸ੍ਰੀ ਕ੍ਰਿਸ਼ਨ ਜੀ ! ਤੁਸੀਂ ਜਲਦੀ ਆਵੋ, ਰਤੀ ਭਰ ਵੀ ਢਿੱਲ ਨਾ ਕਰੋ, ਅਤੇ ਫਿਰ ਉਸੇ ਤਰ੍ਹਾਂ ਦੀਆਂ ਖੇਡਾਂ ਸਾਡੇ ਨਾਲ ਆ ਕੇ ਕਰੋ। ਰਾਧਾ ਜੀ ਨੇ ਮਾਣ ਕੀਤਾ ਸੀ, ਉਹ ਤੁਹਾਡੇ ਨਾਲ ਰੁੱਸ ਗਏ ਸਨ, ਉਨ੍ਹਾਂ ਦੇ ਮਨਾਉਣ ਲਈ ਤੁਸੀਂ ਜਿਸ ਤਰ੍ਹਾਂ ਸਾਨੂੰ ਭੇਜਿਆ ਸੀ, ਫਿਰ ਆ ਕੇ ਸਾਡੇ ਨਾਲ ਉਸੇ ਤਰ੍ਹਾਂ ਦੀਆਂ ਖੇਡਾਂ ਕਰੋ। ਅਸੀਂ, ਹੇ ਸਾਡੇ ਪਿਆਰੇ ਪ੍ਰੀਤਮ ! ਤੇਰੀ ਯਾਦ ਵਿੱਚ ਜੋਗਨਾਂ ਵਾਲੇ ਵਸਤਰ ਪਾ ਲਵਾਂਗੀਆਂ ਜਾਂ ਜ਼ਹਿਰ ਖਾ ਕੇ ਆਪਣੇ ਸਰੀਰ ਨੂੰ ਤਿਆਗ ਦੇਵਾਂਗੀਆਂ ਹੇ ਹਰਿ ਜੂ, ਤੁਹਾਡੇ ਨਾਲ ਫਿਰ ਰਾਧਾ ਜੀ ਮਾਣ ਕਰ ਸਕਣਗੇ, ਇਸ ਕਰਕੇ ਆਪ ਜੀ ਬ੍ਰਿਜ ਵਿਖੇ ਆ ਕੇ ਸਾਨੂੰ ਆਪਣੇ ਦਰਸ਼ਨਾਂ ਦਾ ਸੁਭਾਗ ਬਖਸ਼ੋ। ਇੱਕ ਹੋਰ ਕ੍ਰਿਪਾ ਕਰ ਦਿਉ ਕਿ ਸਾਨੂੰ ਬੁਲਾਉਣ ਦੇ ਵਾਸਤੇ ਕੋਈ ਦੂਤ ਹੀ ਭੇਜ ਦੇਣਾ, ਜੇਕਰ ਕੋਈ ਦੂਤ ਨਹੀਂ ਭੇਜਣਾ, ਤਾਂ ਆਪ ਜੀ ਆਪ ਹੀ ਇਥੇ ਚਲੇ ਆਉਣਾ।''

ਊਧੋ ਨੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਗੋਪੀਆਂ ਵਲੋਂ ਬੇਨਤੀ ਕੀਤੀ, ''ਹੇ ਮੇਰੇ ਪਿਆਰੇ ਸੁਆਮੀ ! ਗੋਪੀਆਂ ਨੂੰ ਧੀਰਜ ਦਾ ਦਾਨ ਹੁਣੇ ਹੀ ਬਖਸ਼ਣ ਦੀ ਕ੍ਰਿਪਾਲਤਾ ਕਰੋ। ਉਨ੍ਹਾਂ ਨੂੰ ਸਾਂਤਵਨਾ ਪ੍ਰਦਾਨ ਕਰੋ। ਊਧਵ ਨੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ:-

**ਤੇਰੋ ਹੀ ਧਯਾਨ ਧਰੈ ਹਰਿ ਜੂ ਅਰੁ**
**ਤੇਰੋ ਹੀ ਲੈ ਕਰ ਨਾਮੁ ਪੁਕਾਰੈ।।**
**ਮਾਤ ਪਿਤਾ ਕੀ ਨ ਲਾਜ ਕਰੈ ਹਰਿ**
**ਸਾਇਤ ਸਯਾਮ ਹੀ ਸਯਾਮ ਚਿਤਾਰੈ।।**
**ਨਾਮ ਅਧਾਰ ਤੇ ਜੀਵਤ ਹੈ ਬਿਨ**
**ਨਾਮ ਕਹਯੋ ਛਿਨ ਮੈ ਕਸ ਟਾਰੈ।।**
**ਯਾ ਬਿਧਿ ਦੇਖ ਸਦਾ ਉਨ ਕੀ ਅਤਿ**
**ਬੀਚ ਬਢਯੋ ਜੀਯ ਸੋਕ ਹਮਾਰੈ।।੯੭੯।।**

*- ਦਸਮ ਗ੍ਰੰਥ ਪੰਨਾ ੩੮੫*

ਊਧੋ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਦੱਸਿਆ ਕਿ ਸਾਰੀਆਂ ਗੋਪੀਆਂ ਹਰ ਵੇਲੇ ਸ੍ਰੀ ਕ੍ਰਿਸ਼ਨ ਜੀ ਦਾ ਧਿਆਨ ਕਰਦੀਆਂ ਹਨ, ਉਨ੍ਹਾਂ ਦਾ ਨਾਮ ਲੈ ਲੈ ਕੇ ਆਵਾਜ਼ਾਂ ਮਾਰਦੀਆਂ ਹਨ। ਉਨ੍ਹਾਂ ਨੂੰ ਆਪਣੇ ਮਾਤਾ ਪਿਤਾ ਦੀ ਰਤਾ ਭਰ ਵੀ ਪਰਵਾਹ ਨਹੀਂ, ਸ਼ਰਮ ਨਹੀ, ਅਤੇ ਹਰ ਘੜੀ, ਹਰ ਪਲ ਉਨ੍ਹਾਂ ਦੇ ਬੁੱਲਾਂ ਤੇ ਸ੍ਰੀ ਕ੍ਰਿਸ਼ਨ

ਜੀ ਦਾ ਨਾਮ ਹੈ, ਉਹ ਸ੍ਰੀ ਕ੍ਰਿਸ਼ਨ ਜੀ ਦੇ ਨਾਮ ਦੇ ਆਧਾਰ ਤੇ ਹੀ ਜੀਉਂਦੀਆਂ ਹਨ। ਜੇਕਰ ਉਹ ਇੱਕ ਛਿਨ ਵੀ ਉਨ੍ਹਾਂ ਦਾ ਨਾਮ ਨਹੀਂ ਲੈਂਦੀਆਂ ਤਾਂ ਉਹ ਅਤਿਅੰਤ ਦੁਖੀ ਹੋ ਜਾਂਦੀਆਂ ਹਨ। ਊਧੋ ਕੋਲੋਂ ਗੋਪੀਆਂ ਦੀ ਇਹੋ ਜਿਹੀ ਹਾਲਤ ਵੇਖੀ ਨਹੀਂ ਜਾਂਦੀ। ਉਨ੍ਹਾਂ ਦੀ ਕਰੁਣਾ ਭਰੀ ਦਸ਼ਾ, ਉਨ੍ਹਾਂ ਦੇ ਕੁਮਲਾਏ ਹੋਏ ਉਦਾਸੀਨ ਤਨ ਬਦਨ ਊਧੋ ਨੂੰ ਬਹੁਤ ਚਿੰਤਿਤ ਕਰਦੇ ਹਨ, ਦੁਖੀ ਕਰਦੇ ਹਨ। ਗੋਪੀਆਂ ਦੀ ਰਸਨਾ ਤੇ ਹਰ ਵੇਲੇ ਸ੍ਰੀ ਕ੍ਰਿਸ਼ਨ ਜੀ ਦਾ ਨਾਮ ਵੱਸਦਾ ਹੈ, ਉਸ ਨਾਮ ਦੀ ਰਟ ਦਿਨ ਰਾਤ ਲਗਾ ਰਹੀਆਂ ਹਨ, ਹੇ ਕ੍ਰਿਸ਼ਨ ! ਹੇ ਕ੍ਰਿਸ਼ਨ ! ਪੁਕਾਰਦੀਆਂ ਹੋਈਆਂ ਉਹ ਧਰਤੀ ਤੇ ਇਸ ਤਰ੍ਹਾਂ ਡਿੱਗ ਪੈਂਦੀਆਂ ਹਨ ਜਿਸ ਤਰ੍ਹਾਂ ਕੋਈ ਸ਼ਰਾਬੀ ਸ਼ਰਾਬ ਪੀ ਕੇ ਡਿੱਗ ਪੈਂਦਾ ਹੈ। ਗੋਪੀਆਂ ਦੀ ਇਹ ਦਸ਼ਾ ਊਧੋ ਕੋਲੋਂ ਸਹਾਰੀ ਨਹੀਂ ਗਈ, ਇਸ ਲਈ ਉਹ ਬਾਰ-ਬਾਰ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਆਪਣੇ ਵਲੋਂ ਬੇਨਤੀਆਂ ਕਰਦੇ ਹਨ ਕਿ ਉਹ ਉਨ੍ਹਾਂ ਨੂੰ ਜਲਦੀ ਦਰਸ਼ਨ ਦੇ ਕੇ ਉਨ੍ਹਾਂ ਦੇ ਸਾਰੇ ਦੁੱਖਾਂ ਦਾ ਨਿਵਾਰਨ ਕਰਨ। ਗੋਪੀਆਂ ਦੀ ਦਸ਼ਾ ਮਛਲੀ ਵਾਂਗ ਹੋ ਰਹੀ ਹੈ, ਜੋ ਦਰਸ਼ਨ ਰੂਪੀ ਜਲ ਬਿਨਾਂ ਤੜਪ ਕੇ ਮਰ ਜਾਣਗੀਆਂ ਇਸ ਲਈ ਸ੍ਰੀ ਕ੍ਰਿਸ਼ਨ ਜੀ ਜਾਂ ਤਾਂ ਉਨ੍ਹਾਂ ਨੂੰ ਲਿਆਉਣ ਲਈ ਦੂਤ ਭੇਜ ਦੇਣ, ਜਾਂ ਫਿਰ ਆਪ ਬ੍ਰਿਜ ਵਿਖੇ ਪਹੁੰਚਕੇ ਦਰਸ਼ਨ ਦੇਣ, ਨਹੀਂ ਤੇ ਉਨ੍ਹਾਂ ਨੂੰ ਧੀਰਜ ਦਾ ਵਰਦਾਨ ਦੇਣ।

**ਸਵੈਯਾ।।ਬ੍ਰਿਜ ਬਾਸਨ ਹਾਲ ਕਿਧੌ ਹਰਿ ਜੂ,**
**ਫੁਨ ਊਧਵ ਤੇ ਸਭ ਹੀ ਸੁਨ ਲੀਨੋ।**
**ਜਾ ਕੀ ਕਥਾ ਸੁਨ ਕੈ ਚਿਤ ਤੇ ਸੁ**
**ਹੁਲਾਸ ਘਟੈ ਦੁਖ ਹੋਵਤ ਜੀ ਨੋ।**
**ਸਯਾਮ ਕਹਯੋ ਮੁਖ ਤੇ ਇਹ ਭਾਂਤ**
**ਕਿਧੌਂ ਕਬਿ ਨੈ ਸੁ ਸੋਊ ਲਖਿ ਲੀਨੋ।**
**ਊਧਵ ਮੈ ਉਨ ਗ੍ਵਾਰਨਿ ਕੌਂ ਸੁ**
**ਕਯੋ ਦ੍ਰਿੜਤਾ ਕੋ ਅਬੈ ਬਰ ਦੀਨੋ।।੯੮੨।।**

*- ਦਸਮ ਗ੍ਰੰਥ ਪੰਨਾ* **੩੮੯**

ਤੇ ਇਸ ਤਰ੍ਹਾਂ ਵਿਛੋੜੇ ਵਿੱਚ ਤੜਪ ਰਹੀਆਂ ਅਤਿ ਉਦਾਸੀਨ, ਗਮਗੀਨ ਮੁਰਝਾਈਆਂ ਹੋਈਆਂ ਗੋਪੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਨੇ ਮਥਰਾ ਵਿਖੇ ਬੈਠਿਆਂ ਦ੍ਰਿੜਤਾ ਦਾ ਵਰਦਾਨ ਦਿੱਤਾ।

# ੨੮

**ਮਾਹਿ ਮੈ ਨਾਹਿ ਨਹੀ ਘਰਿ ਮਾਹਿ ਸੁ**
**ਦਾਹ ਕਰੈ ਰਵਿ ਜੋਤਿ ਦਿਖਾਈ।**
**ਜਾਨੀ ਨ ਜਾਤ ਬਿਲਾਤਤ ਦਯੋਸਨ**
**ਰੈਨਿ ਕੀ ਬਿਰਧ ਭਈ ਅਧਿਕਾਈ।**
**ਕੋਕਿਲ ਦੇਖਿ ਕਪੋਤ ਮਿਲੀ ਮੁਖ**
**ਕੂੰਜਤ ਏ ਸੁਨਿ ਕੈ ਡਰ ਪਾਈ।**
**ਪ੍ਰੀਤ ਕੀ ਰੀਤ ਕਰੀ ਉਨ ਸੋ**
**ਟਸਕਯੋ ਨ ਹੀਯੋ ਕਸਕਯੋ ਨ ਕਸਾਈ।।੯੨੪।।**

*– ਦਸਮ ਗ੍ਰੰਥ ਪੰਨਾ ੩੭੭*

**ਸ਼ਬਦਾਰਥ :**

ਮਾਹਿ-ਮਾਘ ਦੇ ਮਹੀਨੇ। ਨਾਹਿ-ਪਤੀ, ਸੁਆਮੀ। ਦਾਹ-ਸਾੜਾ ਕਰਦਾ ਹੈ, ਦੁਖਾਉਂਦਾ ਹੈ। ਰਵਿ-ਸੂਰਜ (ਰੋਸ਼ਨੀ ਵਿਖਾ ਕੇ)। ਬਿਲਾਤਤ-ਬੀਤਦਾ (ਨਹੀਂ ਦਿਨ)। ਦਯੋਸਨ-ਦਿਨਾਂ ਦੇ। ਬ੍ਰਿਧ-ਲੰਬੀ ਹੋ ਗਈ। ਅਧਿਕਾਈ-(ਰਾਤਿ ਦੀ) ਲੰਬਾਈ। ਕਪੋਤਿ-(ਕੋਇਲਾਂ ਤੇ) ਕਬੂਤਰੀਆਂ (ਆਪਣੇ ਪਿਆਰਿਆਂ ਨੂੰ) ਮਿਲਦੀਆਂ ਵੇਖ ਕੇ। ਮੁਖ -ਭੋਗ ਮਿਲੀ। ਕੂੰਜਤ-ਬੋਲਦੇ। ਟਸਕਯੋ-ਝੁਕਿਆ। ਕਸਕਯੋ-ਖਿੱਚ। ਕਸਾਈ-ਜ਼ਾਲਮ।

**ਵਿਆਖਿਆ :**

ਮਾਘ ਦਾ ਮਹੀਨਾ ਆ ਗਿਆ, ਸ੍ਰੀ ਕ੍ਰਿਸ਼ਨ ਜੀ ਬ੍ਰਿਜਵਾਸੀਆਂ ਨੂੰ ਤਿਆਗ ਕੇ ਮਥਰਾ ਚਲੇ ਗਏ। ਗੋਪੀਆਂ ਰੋਂਦੀਆਂ, ਕੁਰਲਾਉਂਦੀਆਂ, ਤੜਪਦੀਆਂ ਨੂੰ ਪਿੱਛੇ ਛੱਡ ਕੇ ਮਥਰਾ ਦੇ ਭਾਗ ਜਗਾਉਣ ਵਾਸਤੇ, ਉੱਥੋਂ ਦੇ ਲੋਕਾਂ ਦਾ ਉੱਧਾਰ ਕਰਨ ਵਾਸਤੇ ਉੱਥੋਂ ਦੀ ਭੂਮੀ ਨੂੰ ਭਾਗ ਲਾਇਆ, ਪਰ ਇੱਥੇ ਬ੍ਰਿਜ ਵਿਖੇ ਗੋਪੀਆਂ ਇਕੱਲੀਆਂ ਰਹਿ ਗਈਆਂ, ਉਨ੍ਹਾਂ ਦਾ ਪਿਆਰਾ ਉਨ੍ਹਾਂ ਕੋਲੋਂ ਦੂਰ ਹੈ, ਇਸ ਲਈ ਜਦੋਂ ਸੂਰਜ ਅਤੇ ਉਸਦਾ ਤੇਜ ਉਨ੍ਹਾਂ ਨੂੰ ਦਿਖਾਈ ਦਿੰਦਾ ਹੈ, ਤਾਂ ਕਲੇਜੇ ਦੇ ਵਿੱਚ ਜਲਨ ਸ਼ੁਰੂ ਹੋ ਜਾਂਦੀ ਹੈ। ਆਪਣੇ ਪ੍ਰੀਤਮ ਤੋਂ ਬਿਨਾਂ ਗੋਪੀਆਂ ਨੂੰ ਰਾਤ ਬਹੁਤ ਲੰਬੀ ਲੱਗਦੀ ਹੈ, ਉਹ ਮੁੱਕਣ ਵਿੱਚ ਨਹੀਂ ਆਉਂਦੀ। ਇੱਕ ਪਾਸੇ ਕੋਇਲਾਂ ਬੋਲ ਰਹੀਆਂ ਹਨ, ਦੂਜੇ ਪਾਸੇ ਕਬੂਤਰ ਅਤੇ ਭੌਰੇ ਬੋਲਦੇ ਹਨ, ਉਨ੍ਹਾਂ ਸਾਰਿਆਂ ਦੀਆਂ

ਆਵਾਜ਼ਾਂ ਸੁਣ ਕੇ ਗੋਪੀਆਂ ਦੇ ਮਨਾਂ ਵਿੱਚ ਅਤਿ ਡਰ ਲਗਦਾ ਹੈ। ਗੋਪੀਆਂ ਦੇ ਮਨਾਂ ਵਿੱਚ ਬਾਰ-ਬਾਰ ਆਉਂਦਾ ਹੈ, ਕਿ ਉਹਨਾਂ ਨੇ ਤਾਂ ਸ੍ਰੀ ਕ੍ਰਿਸ਼ਨ ਜੀ ਨਾਲ ਪ੍ਰੀਤ ਦੀ ਰੀਤਿ ਕੀਤੀ ਹੈ, ਪਰ ਉਸ ਜ਼ਾਲਮ ਨੂੰ ਤੇ ਰਤਾ ਭਰ ਵੀ ਉਨ੍ਹਾਂ ਦੀ ਖਿੱਚ ਨਹੀਂ ਪਈ ਅਤੇ ਨਾ ਹੀ ਉਨ੍ਹਾਂ ਦਾ ਹਿਰਦਾ ਗੋਪੀਆਂ ਵੱਲ ਝੁਕਿਆ ਹੈ। ਮਥਰਾ ਪਹੁੰਚਕੇ, ਸ੍ਰੀ ਕ੍ਰਿਸ਼ਨ ਜੀ ਨੇ ਪੂਰਨ ਰੂਪ ਵਿੱਚ ਉਨ੍ਹਾਂ ਨੂੰ ਵਿਸਾਰ ਦਿੱਤਾ ਹੈ। ਗੋਪੀਆਂ ਕਿਵੇਂ ਆਪਣਾ ਖਿਨ-ਖਿਨ, ਪਲ-ਪਲ, ਬਿਰਹ ਦੀ ਅਗਨੀ ਵਿੱਚ ਸੜਕੇ ਗੁਜ਼ਾਰਦੀਆਂ ਹਨ, ਉਨ੍ਹਾਂ ਦੇ ਪਿਆਰੇ ਇਸ਼ਟ ਨੂੰ ਪਤਾ ਹੀ ਨਹੀਂ। ਸ੍ਰੀ ਕ੍ਰਿਸ਼ਨ ਜੀ ਦੀਆਂ ਪ੍ਰੇਮਿਕਾਵਾਂ ਦੀ ਰਾਤ ਨਹੀਂ ਲੰਘਦੀ, ਉਨ੍ਹਾਂ ਦੇ ਨੈਣਾਂ ਵਿੱਚ ਨੀਂਦ ਨਹੀਂ, ਤੇ ਉਸ ਦੇ ਨਾਲ ਪੰਛੀ ਆਪਣੀਆਂ ਵੱਖ-ਵੱਖ ਆਵਾਜ਼ਾਂ ਕੱਢ ਕੇ ਉਨ੍ਹਾਂ ਨੂੰ ਡਰਾਉਂਦੇ ਹਨ। ਪਰ ਸ੍ਰੀ ਕ੍ਰਿਸ਼ਨ ਜੀ ਨੂੰ ਕੀ ਪਰਵਾਹ, ਉਨ੍ਹਾਂ ਨੇ ਤੇ ਗੋਪੀਆਂ ਨੂੰ ਵਿਸਾਰ ਹੀ ਦਿੱਤਾ ਹੈ, ਪਰ ਗੋਪੀਆਂ ਨੇ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਪ੍ਰੀਤ ਦੀ ਰੀਤਿ ਨਿਭਾਉਣ ਦਾ ਫੈਸਲਾ ਕੀਤਾ ਹੋਇਆ ਹੈ।

**ਭਾਵ :**

ਰਾਤਾਂ ਬਹੁਤ ਲੰਬੀਆਂ ਹੋਣ ਕਰਕੇ ਮੁੱਕਣ ਵਿੱਚ ਨਹੀਂ ਆਉਂਦੀਆਂ। ਵੱਖ-ਵੱਖ ਤਰ੍ਹਾਂ ਦੇ ਜਾਨਵਰਾਂ ਦੀਆਂ ਬੋਲੀਆਂ ਸੁਣਕੇ ਗੋਪੀਆਂ ਅਤਿ ਅਧੀਰ ਹੋ ਕੇ ਡਰਦੀਆਂ ਹਨ, ਉਨ੍ਹਾਂ ਨੂੰ ਆਪਣੇ ਪਿਆਰੇ ਪ੍ਰੀਤਮ ਦੀ ਯਾਦ ਤੜਪਾਉਂਦੀ ਹੈ।

# ਪ੍ਰੀਤ ਕੀ ਰੀਤ ਕਰੀ ਉਨ ਸੋ

ਪ੍ਰੀਤ, ਪ੍ਰੇਮ, ਪਿਆਰ ਤੇ ਉਹ ਵੀ ਸੱਚਾ ਇਸ਼ਕ ਹਰ ਕਿਸੇ ਨੂੰ ਨਹੀ ਹੁੰਦਾ ਅਤੇ ਹਰ ਕਿਸੇ ਨਾਲ ਨਹੀਂ ਹੁੰਦਾ ਅਤੇ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਸੱਚੀ ਆਸ਼ਕੀ ਤਾਂ ਕਿਸਮਤ ਵਾਲਿਆਂ ਨੂੰ ਹੀ ਪ੍ਰਾਪਤ ਹੁੰਦੀ ਹੈ, ਵਡਭਾਗੀਆਂ ਦੇ ਹਿੱਸੇ ਹੀ ਆਉਂਦੀ ਹੈ, ਤੇ ਉਹ ਵਡਭਾਗੀ ਪ੍ਰੀਤ ਕਰਨ ਵਾਲੇ ਆਪਣੇ ਪ੍ਰੀਤਮ ਦੇ ਨਾਲ ਹਮੇਸ਼ਾ-ਹਮੇਸ਼ਾ ਲਈ ਜੁੜ ਜਾਂਦੇ ਹਨ। ਉਹ ਉਸ ਦੀ ਸੇਵਾ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ; ਉਹ ਆਪਣਾ ਸਰਬੰਸ ਆਪਣੇ ਪਿਆਰੇ ਦੇ ਚਰਨਾਂ ਤੋਂ ਹਮੇਸ਼ਾਂ-ਹਮੇਸ਼ਾਂ ਲਈ ਨਿਛਾਵਰ ਕਰਨ ਲਈ ਬੇਕਰਾਰ ਰਹਿੰਦੇ ਹਨ; ਜੋ ਕੁਝ ਉਨ੍ਹਾਂ ਦਾ ਹੁੰਦਾ ਹੈ, ਉਨ੍ਹਾਂ ਦਾ ਮਾਲਕ ਉਨ੍ਹਾਂ ਦਾ ਪਿਆਰਾ ਹੁੰਦਾ ਹੈ, ਉਹ ਆਪਣੇ ਪ੍ਰੀਤਮ ਦੇ ਪਿਆਰ ਦਾ ਰਸਾਸਵਾਦਨ ਕਰਨ ਲਈ ਹਮੇਸ਼ਾ-ਹਮੇਸ਼ਾ ਲਈ ਉਤਾਵਲੇ ਰਹਿੰਦੇ ਹਨ, ਉਨ੍ਹਾਂ ਨੂੰ ਤਾਂ ਉਸਦਾ ਸੰਜੋਗ ਹੀ ਸੋਭਦਾ ਹੈ, ਉਹ ਹਮੇਸ਼ਾ ਉਸਦੇ ਅੰਗ ਸੰਗ ਰਹਿਣਾ ਚਾਹੁੰਦੇ ਹਨ। ਉਹ ਹਮੇਸ਼ਾ-ਹਮੇਸ਼ਾ ਲਈ ਪ੍ਰੇਮੀਆਂ ਦੇ ਹਿਰਦਿਆਂ ਦੇ ਮੰਦਰਾਂ ਅੰਦਰ ਵਾਸਾ ਕਰਦਾ ਹੈ, ਉਨ੍ਹਾਂ ਨੂੰ ਦੀਨ ਦੁਨੀਆਂ ਦੀ ਕੋਈ ਪਰਵਾਹ ਨਹੀਂ ਹੁੰਦੀ, ਉਹ ਤਾਂ ਘੜੀ ਭਰ ਲਈ ਵੀ ਆਪਣੇ

ਪ੍ਰੇਮੀ ਤੋਂ ਦੂਰ ਨਹੀ ਰਹਿ ਸਕਦੇ। ਜੇਕਰ ਉਹ ਉਨ੍ਹਾਂ ਕੋਲੋਂ ਵਿੱਛੜਕੇ ਦੂਰ ਚਲਾ ਜਾਂਦਾ ਹੈ, ਉਹ ਜਲ ਰੂਪ ਹੋ ਕੇ ਮਛਲੀ ਵਾਂਗ ਤੜਪੜਾਉਂਦੇ ਹਨ, ਚਾਤ੍ਰਿਕ ਰੂਪ ਬਣਕੇ ਸਵਾਂਤੀ ਬੂੰਦ ਲਈ ਛਟਪਟਾਉਂਦੇ ਹਨ, ਉਹ ਕਮਲੇ ਜਿਹੇ ਹੋ ਕੇ, ਬਾਵਰੇ ਜਿਹੇ ਹੋ ਕੇ, ਤੜਫਦੇ, ਲੁੱਛਦੇ, ਸਹਿਕਦੇ, ਰਹਿੰਦੇ ਹਨ। ਉਨ੍ਹਾਂ ਦੇ ਨੇਤਰ ਆਪਣੇ ਪ੍ਰੀਤਮ ਦੀ ਭਾਲ ਵਿੱਚ ਟਕ-ਟਕੀ ਲਗਾਏ ਰਹਿੰਦੇ ਹਨ। ਇਹੋ ਜਿਹੀ ਹਾਲਤ ਹੋ ਗਈ ਉਨ੍ਹਾਂ ਗੋਪੀਆਂ ਦੀ, ਜਦੋਂ ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਨੂੰ ਛੱਡਕੇ ਮਥਰਾ ਚਲੇ ਗਏ ਸਨ। ਉਨ੍ਹਾਂ ਨੂੰ ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਦੀ ਯਾਦ ਆਉਂਦੀ ਹੈ, ਤੇ ਉਨ੍ਹਾਂ ਦੇ ਦਿਲ ਵਿੱਚ ਗੋਪੀਆਂ ਵਾਸਤੇ ਰਤੀ ਭਰ ਵੀ ਖਿੱਚ ਨਹੀਂ, ਉਨ੍ਹਾਂ ਨੂੰ ਆਪਣੇ ਪਿਆਰੇ ਦਾ ਬਾਂਕਪਣ ਪਿਆਰੇ ਦੇ ਗੁਣਾਂ ਦੀ ਯਾਦ ਆਉਂਦੀ ਹੈ, ਕਿ ਉਨ੍ਹਾਂ ਨੇ ਕਿਸ ਤਰ੍ਹਾਂ ਪ੍ਰੀਤਮ ਦੇ ਨਾਲ ਪਿਆਰ ਦੀ ਰੀਤ ਨਿਭਾਈ ਹੈ। ਉਹ ਪ੍ਰੀਤਮ ਜਿਸਨੇ ਪੂਤਨਾ ਮਾਰੀ ਸੀ, ਜਿਸਨੇ ਤ੍ਰਿਣਾਵਰਤ ਨਾਮ ਵਾਲੇ ਦੈਂਤ ਦੀ ਦੇਹ ਨਾਸ ਕੀਤੀ ਸੀ, ਜਿਸਨੇ ਅਘਾਸੁਰ ਨਾਮ ਵਾਲੇ ਦੈਂਤ ਦੀ ਸਿਰੀ ਭੰਨ ਦਿੱਤੀ ਸੀ, ਜਿਸਨੇ ਪੱਥਰ ਹੋ ਚੁੱਕੀ ਅਹੱਲਿਆ ਤਾਰੀ ਸੀ, ਜਿਸਨੇ ਬਗਲਾ ਸ਼ਕਲ ਵਾਲੇ ਦੈਂਤ ਦੀ ਚੁੰਝ ਚੀਰ ਸੁੱਟੀ ਸੀ, ਫਿਰ ਜਿਸਨੇ ਭੂਮਾਸੁਰ ਨੂੰ ਇਸ ਤਰ੍ਹਾਂ ਪਾੜ ਸੁੱਟਿਆ ਸੀ, ਜਿਸ ਤਰ੍ਹਾਂ ਆਰੀ ਲੱਕੜ ਨੂੰ ਚੀਰ ਸੁੱਟਦੀ ਹੈ, ਜਿਸਨੇ ਰਾਮ ਰੂਪ ਹੋ ਕੇ ਦੈਂਤਾਂ ਦੀ ਸੈਨਾ ਮਾਰ ਸੁੱਟੀ ਸੀ ਅਤੇ ਆਪਣੇ ਸੇਵਕ ਵਿਭੀਸ਼ਨ ਨੂੰ ਸਾਰੀ ਲੰਕਾ ਬਖਸ਼ ਦਿੱਤੀ ਸੀ। ਉਸੇ ਨੇ ਹੀ ਸ੍ਰੀ ਕ੍ਰਿਸ਼ਨ ਜੀ ਦਾ ਅਵਤਾਰ ਧਾਰ ਕੇ ਬ੍ਰਾਹਮਣਾਂ ਦੀਆਂ ਇਸਤ੍ਰੀਆਂ ਦਾ ਇਸ ਤਰ੍ਹਾਂ ਉੱਧਾਰ ਕੀਤਾ ਜਿਸ ਤਰ੍ਹਾਂ ਪ੍ਰਭੂ ਨੇ ਸਾਧ ਰੂਪ ਹੋ ਕੇ ਸਾਰੀ ਧਰਤੀ ਦਾ ਉੱਧਾਰ ਕੀਤਾ ਸੀ।

ਗੋਪੀਆਂ ਨੇ ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਨਾਲ, ਕਾਲੀ ਨਾਗ ਨੂੰ ਨੱਥ ਪਾਉਣ ਵਾਲੇ, ਕੰਸ ਨੂੰ ਮਾਰਨ ਵਾਲੇ, ਕਮਲ ਜਿਹੀਆਂ ਅੱਖਾਂ ਵਾਲੇ, ਕੌਲ ਨਾਭ, ਲਛਮੀ ਦੇ ਪਤੀ ਵਰਗੇ ਰੂਪ ਵਾਲੇ, ਕੰਸ ਦੇ ਨਾਸ ਕਰਨ ਵਾਲੇ, ਕਾਰਜਾਂ ਨੂੰ ਸਿੱਧ ਕਰਨ ਵਾਲੇ, ਕਾਮਨੀ ਦੇ ਕਾਮ ਨੂੰ ਨਵਿਰਤ ਕਰਨ ਵਾਲੇ, ਕਮਲਾਪਤਿ, ਕਾਲ ਕੇਸੀ ਦੇ ਖਤਮ ਕਰਨ ਵਾਲੇ, ਕਲੰਕ ਰੂਪ ਕਾਲਖ ਨੂੰ ਦੂਰ ਕਰਨ ਵਾਲੇ, ਸਾਧੂਆਂ ਦੇ ਕਾਰਜਾਂ ਨੂੰ ਸਿੱਧ ਕਰਨ ਵਾਲੇ, ਕਿਰਪਾ ਦੇ ਖਜਾਨੇ ਨਾਲ ਪ੍ਰੀਤ ਕੀਤੀ, ਤੇ ਉਹ ਉਹਨਾਂ ਲਈ ਆਪਣੀ ਜਾਨ, ਤਨ, ਮਨ, ਧਨ, ਪ੍ਰਾਣ ਸਭ ਕੁਛ ਨਿਛਾਵਰ ਕਰਨ ਲਈ ਤੱਤਪਰ ਸਨ।

ਰਾਧਾ ਜੀ ਨੇ ਉਸ ਕ੍ਰਿਸ਼ਨ ਜੀ ਨੂੰ ਆਪਾ ਅਰਪਨ ਕੀਤਾ ਜੋ ਸਾਰੇ ਲੋਕਾਂ ਨੂੰ ਇਸ ਭਵ ਸਾਗਰ ਤੋਂ ਪਾਰ ਕਰਦੇ ਹਨ, ਉਹੋ ਹੀ ਕ੍ਰਿਸ਼ਨ ਜੀ ਰੂਪ ਹੋ ਕੇ ਬ੍ਰਿਜ ਵਿੱਚ ਸਾਰੀਆਂ ਲੀਲਾ ਕਰਦੇ ਸਨ, ਉਹੋ ਹੀ ਸਾਧਾਂ ਦੇ ਤਨ ਤੇ ਦੁੱਖਾਂ ਦਾ ਨਾਸ ਕਰਨ ਵਾਲੇ ਹਨ, ਅਤੇ ਉਨ੍ਹਾਂ ਨੇ ਹੀ ਸੀਤਾ ਦੀ ਇੱਜ਼ਤ ਰਖ ਲਈ ਸੀ ਅਤੇ ਉਨ੍ਹਾਂ ਨੇ ਹੀ ਸੰਕਟ ਵੇਲੇ ਦਰੋਪਤੀ ਦੀ ਰੱਖਿਆ ਕੀਤੀ ਸੀ, ਅਤੇ ਉਹ ਜੋ ਬੜੇ ਬਲਵਾਨ ਅਤੇ ਹਠੀਲੇ ਸੂਰਮੇ ਸਨ ਉਹਨਾਂ ਨੂੰ ਸਾਰੀਆਂ ਗੋਪੀਆਂ ਨੇ ਆਪਣਾ

ਦਿਲ ਦਿੱਤਾ ਹੋਇਆ ਸੀ, ਉਹਨਾਂ ਨਾਲ ਆਪਣੀ ਪ੍ਰੀਤ ਦੀ ਡੋਰ ਬੰਨੀ ਸੀ।

ਸ੍ਰੀ ਕ੍ਰਿਸ਼ਨ ਜੀ ਬੜੇ ਵੱਡੇ ਬ੍ਰਤਧਾਰੀ, ਬਲਬੀਰ ਹਨ, ਉਨ੍ਹਾਂ ਨੇ ਪ੍ਰੇਮ ਕਰਕੇ ਇੰਦ੍ਰ ਦੀ ਫੌਜ ਨੂੰ ਮਾਰ ਦਿੱਤਾ। ਜਿਸ ਤਰ੍ਹਾਂ ਭਗਵਤੀ ਨੇ ਚੰਡ ਚਮੁੰਡ ਦੀ ਸੈਨਾ ਦਾ ਨਾਸ ਕਰ ਦਿੱਤਾ ਸੀ, ਪਸ਼ਚਾਤਾਪ ਕਰਦਾ ਹੋਇਆ ਇੰਦ੍ਰ ਆਪਣੇ ਘਰ ਨੂੰ ਚਲਾ ਗਿਆ ਸੀ, ਉਸਦੀ ਰਤੀ ਭਰ ਵੀ ਇਜ਼ਤ ਨਹੀਂ ਸੀ ਰਹਿ ਗਈ, ਠੀਕ ਉਸੇ ਤਰ੍ਹਾਂ ਹੀ ਸ੍ਰੀ ਕ੍ਰਿਸ਼ਨ ਜੀ ਨੇ ਬੱਦਲ ਇਸ ਤਰ੍ਹਾਂ ਦੂਰ ਕਰ ਦਿੱਤੇ, ਜਿਵੇ ਜਤੀ ਪੁਰਖ ਕ੍ਰੋਧ ਵਿੱਚ ਮੋਹ ਨੂੰ ਦੂਰ ਕਰ ਦਿੰਦਾ ਹੈ। ਜਿਸਨੇ ਪਾਣੀ ਵਿੱਚ ਫਸੇ ਹੋਏ ਹਾਥੀ ਨੂੰ ਰੱਖ ਲਿਆ ਸੀ, ਇਹੋ ਜਿਹੇ ਸ੍ਰੀ ਕ੍ਰਿਸ਼ਨ ਜੀ ਨੇ ਗੋਪੀਆਂ ਦੇ ਚਿਤ ਨੂੰ ਚੁਰਾ ਲਿਆ ਸੀ, ਅਤੇ ਉਹ ਸ੍ਰੀ ਕ੍ਰਿਸ਼ਨ ਜੀ ਦੇ ਮੋਹ ਜਾਲ ਵਿੱਚ ਬੁਰੀ ਤਰ੍ਹਾਂ ਫਸੀਆਂ ਪਈਆਂ ਸਨ।

**ਸ੍ਵੈਯਾ।।ਜਾਹਿ ਨ ਜਾਨਤ ਭੇਦ ਮੁਨੀ ਮਨਿ**
**ਭਾ ਇਹ ਜਾਪਨ ਕੋ ਇਹ ਜਾਪੀ।**
**ਰਾਜ ਦਯੋ ਇਨ ਹੀ ਬਲਿ ਕੋ**
**ਇਨ ਹੀ ਕਬਿ ਸਯਾਮ ਧਰਾ ਸਭ ਥਾਪੀ।**
**ਮਾਰਤ ਹੈ ਦਿਨ ਥੋਰਨ ਮੈ ਰਿਪ**
**ਗੋਪ ਕਹੈ ਇਹ ਕਾਨ੍ਹ ਪ੍ਰਤਾਪੀ।**
**ਕਾਰਨ ਯਾਹ ਧਰੀ ਇਹ ਮੂਰਤ**
**ਮਾਰਨ ਕੋ ਜਗ ਕੇ ਸਭ ਪਾਪੀ।।੩੮੯।।**

*– ਦਸਮ ਗ੍ਰੰਥ ਪੰਨਾ ੩੦੪*

ਜਿਸ ਦੇ ਭੇਦ ਨੂੰ ਮੁਨੀ ਜਨਾਂ ਨੇ ਨਹੀਂ ਜਾਣਿਆ, ਸਾਰੇ ਜਿਸ ਦਾ ਜਾਪ ਕਰਦੇ ਹਨ, ਜਿਸਨੇ ਬਾਵਨ ਰੂਪ ਹੋ ਕੇ ਬਲੀ ਰਾਜੇ ਨੂੰ ਪਾਤਾਲ ਦਾ ਰਾਜ ਦਿੱਤਾ ਸੀ, ਜਿਸਨੇ ਸਾਰੀ ਧਰਤੀ ਥੰਮ ਕੇ ਰੱਖੀ ਹੋਈ ਹੈ, ਜਿਹੜਾ ਵੱਡ ਪ੍ਰਤਾਪੀ ਹੈ ਅਤੇ ਸਾਰੇ ਵੈਰੀਆਂ ਨੂੰ ਨਾਸ ਕਰ ਦਿੰਦਾ ਹੈ, ਜਿਸਨੇ ਜਗਤ ਦੇ ਸਾਰੇ ਪਾਪੀਆਂ ਵਾਸਤੇ ਅਵਤਾਰ ਧਾਰਨ ਕੀਤਾ, ਇਹੋ ਜਿਹੇ ਸ੍ਰੀ ਕ੍ਰਿਸ਼ਨ ਜੀ ਤੋਂ ਵਿੱਛੜਕੇ ਰਾਧਾ ਜੀ ਆਪਣੀਆਂ ਸਖੀਆਂ ਸਮੇਤ ਅਤਿਅੰਤ ਦੁਖੀ ਹੋ ਕੇ ਵਿਰਹ ਦੀ ਅੱਗ ਵਿੱਚ ਸੜ ਰਹੇ ਸਨ। ਜਿਸਨੇ ਹਜ਼ਾਰ ਮੂੰਹ ਵਾਲੇ ਸ਼ੇਸ਼ਨਾਗ ਦੇ ਸਰੀਰ ਉੱਤੇ ਸੌਂ ਕੇ ਜਲ ਦੇ ਵਿੱਚ ਖੇਡਾਂ ਕੀਤੀਆਂ, ਜਿਸਨੇ ਪ੍ਰਸੰਨ ਹੋ ਕੇ ਬਿਭੀਸ਼ਨ ਨੂੰ ਲੰਕਾ ਦਾ ਰਾਜ ਦੇ ਦਿੱਤਾ ਸੀ, ਅਤੇ ਕ੍ਰੋਧਿਤ ਹੋ ਕੇ ਰਾਵਣ ਨੂੰ ਮਾਰ ਦਿੱਤਾ ਸੀ, ਜਿਸਨੇ ਜਗਤ ਦੇ ਵਿੱਚ ਹਾਥੀ ਤੋਂ ਲੈ ਕੇ ਕੀੜੀ ਤੱਕ ਦੇ ਜੜ੍ਹ ਤੇ ਚੇਤਨ ਨੂੰ ਪੈਦਾ ਕਰਕੇ ਸਭ ਨੂੰ ਖਾਣ ਪੀਣ ਤੇ ਪਹਿਨਣ ਨੂੰ ਦਿੱਤਾ ਹੋਇਆ ਹੈ, ਜਿਸਨੇ ਦੈਂਤਾ ਅਤੇ ਦੇਵਤਿਆਂ ਵਿੱਚ ਝਗੜਾ ਪੈਦਾ ਕਰ ਦਿੱਤਾ, ਜਿਸਨੇ ਕ੍ਰਿਸ਼ਨ ਜੀ ਦਾ ਰੂਪ ਧਾਰ ਕੇ ਬ੍ਰਿਜ ਭੂਮੀ ਵਿਖੇ ਗੋਪ ਅਤੇ ਗੋਪੀਆਂ ਨਾਲ ਅਨੇਕ ਭਾਂਤ ਦੀਆਂ ਕ੍ਰੀੜਾਵਾਂ ਕੀਤੀਆਂ

ਸਨ, ਉਸ ਪਿਆਰੇ ਮਨ-ਮੋਹਨ ਸ੍ਰੀ ਕ੍ਰਿਸ਼ਨ ਜੀ ਦੀ ਯਾਦ ਵਿੱਚ ਬ੍ਰਿਹਨੀ ਰਾਧਾ ਜੀ ਸੋਚਦੇ ਹਨ, ਕਿ ਉਹਨਾਂ ਨਾਲ ਪਿਆਰ ਕਰਨ ਵਿੱਚ ਰਤੀ ਭਰ ਵੀ ਕਸਰ ਨਹੀਂ ਛੱਡੀ, ਫਿਰ ਪਤਾ ਨਹੀਂ ਇਹ ਵਿਛੋੜਾ ਕਿਉਂ ? ਇਹ ਸਜ਼ਾ ਕਿਉਂ ?

ਜਿਸ ਪ੍ਰਭੂ ਨੂੰ ਬ੍ਰਹਮਾ, ਇੰਦ੍ਰ, ਲੱਛਮੀ ਅਤੇ ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ ਵਰਗੇ ਸਦਾ ਹੀ ਜਪਦੇ ਹਨ, ਸੂਰਜ ਚੰਦ੍ਰਮਾ ਦੇਵਤੇ, ਨਾਰਦ ਤੇ ਸਾਰਦਾ ਨੇ ਉਸਦੇ ਧਿਆਨ ਵਿੱਚ ਮਨ ਨੂੰ ਜੋੜਿਆ ਹੋਇਆ ਹੈ, ਸਿੱਧ ਅਤੇ ਮਹਾਂ ਮੁਨੀ ਜਿਸਨੂੰ ਖੋਜ ਰਹੇ ਹਨ, ਬਿਆਸ ਅਤੇ ਪਰਾਸਰ ਜਿਸਦੇ ਭੇਦ ਨੂੰ ਨਹੀਂ ਪਾ ਸਕੇ, ਇਹੋ ਜਿਹੇ ਗੁਣਾਂ ਦੇ ਧਾਰਨੀ ਸ੍ਰੀ ਕ੍ਰਿਸ਼ਨ ਜੀ ਗੋਪੀਆਂ ਦੇ ਮਨ-ਮੰਦਿਰ ਅੰਦਰ ਹਮੇਸ਼ਾ-ਹਮੇਸ਼ਾ ਲਈ ਬਿਰਾਜੇ ਹੋਏ ਹਨ ਕਿਉਂਕਿ ਇਹੋ ਜਿਹੇ ਹਰਿ ਜੂ ਨਾਲ ਉਨ੍ਹਾਂ ਦੀ ਪ੍ਰੀਤ ਘਨੇਰੀ ਹੈ। ਚਾਰੇ ਜੁਗਾਂ ਵਿੱਚ ਜਿਸਦਾ ਜਾਪ ਲੋਕ ਕਰਦੇ ਹਨ, ਜਿਸਨੂੰ ਸਨਕ, ਸਨਾਤਨ, ਸਨੰਦਨ, ਅਤੇ ਸਨਤ ਕੁਮਾਰ ਵਰਗੇ ਤੇ ਸ਼ੇਸ਼ਨਾਗ ਵਰਗੇ ਖੋਜ ਰਹੇ ਹਨ, ਪਰ ਉਨ੍ਹਾਂ ਦਾ ਅੰਤ ਨਹੀਂ ਪਾ ਸਕੇ, ਜਿਸਦੇ ਨਾਮ ਦੇ ਪ੍ਰਤਾਪ ਕਰਕੇ ਧਰੂਅ ਅਤੇ ਪ੍ਰਹਿਲਾਦ ਵਰਗਿਆਂ ਨੇ ਅਬਿਨਾਸੀ ਪਦਵੀ ਨੂੰ ਪ੍ਰਾਪਤ ਕੀਤਾ ਹੈ। ਜੋ ਚੌਦਾਂ ਲੋਕਾਂ ਦੀ ਪਾਲਣਾ ਕਰਨ ਵਾਲਾ ਹੈ, ਜਿਸਦੇ ਨਾਮ ਦੇ ਪ੍ਰਤਾਪ ਕਰਕੇ ਪਾਪ ਮਿਟ ਜਾਂਦੇ ਹਨ, ਜੋ ਸਾਰੀ ਦੁਨੀਆਂ ਦੇ ਰੱਖਿਅਕ ਹਨ, ਜਿਸ ਦਾ ਇੱਕ ਘੜੀ ਨਾਮ ਸਿਮਰਨ ਕਰਕੇ ਮਨੁੱਖ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ ਹੈ, ਜਿਸ ਪਾਸੋਂ ਚੌਦਾਂ ਲੋਕ ਡਰਦੇ ਹਨ, ਜਿਸ ਕੋਲੋਂ ਬ੍ਰਾਹਮਣ ਮੰਗ ਕੇ ਖਾਂਦੇ ਹਨ, ਜਿਸਨੇ ਅਨਾਥ ਹੋਈ-ਹੋਈ ਦ੍ਰੋਪਦੀ ਦੀ ਲਾਜ ਰੱਖੀ, ਗੋਪੀਆਂ ਇਹੋ ਜਿਹੇ ਕਾਨ੍ਹ ਦੇ ਚਰਨ ਕੰਵਲਾਂ ਦੀਆਂ ਭੌਰੀਆਂ ਹਨ, ਅਤੇ ਉਨ੍ਹਾਂ ਦਾ ਜੀਅ ਬਾਰ-ਬਾਰ ਉਨ੍ਹਾਂ ਦੇ ਚਰਨਾਂ ਦਾ ਰਸ ਚੂਸਨ ਤੇ ਕਰਦਾ ਹੈ।

ਸੂਰਜ, ਚੰਦ੍ਰਮਾ, ਗਣੇਸ਼ ਅਤੇ ਸ਼ਿਵਜੀ ਜਿਸਦਾ ਸਵੇਰੇ ਉੱਠ ਕੇ ਧਿਆਨ ਧਰਦੇ ਹਨ, ਨਾਰਦ ਅਤੇ ਬਿਆਸ ਵਰਗੇ ਬ੍ਰਾਹਮਣ ਜਿਸਦਾ ਜਾਪ ਕਰਦੇ ਹਨ, ਜਿਸਨੇ ਸ਼ਿਸ਼ੂਪਾਲ ਜੈਸੇ ਯੋਧੇ ਨੂੰ ਮਾਰ ਸੁੱਟਿਆ, ਜਿਸਦੇ ਬਲ ਤੋਂ ਸਾਰੇ ਡਰ ਨਾਲ ਕੰਬਦੇ ਹਨ। ਜੋ ਸ੍ਰੀ ਕ੍ਰਿਸ਼ਨ ਜੀ ਦੀ ਸੇਵਾ ਕਰਦਾ ਹੈ, ਉਹ ਸਾਰਾ ਧਨ ਪਾਉਂਦਾ ਹੈ। ਜਿਸਦਾ ਭੇਦ ਲੋਕ ਨਹੀਂ ਪਾ ਸਕਦੇ; ਜਿਹੜਾ ਆਪਣੀ ਗਤੀ ਆਪ ਹੀ ਜਾਣਦਾ ਹੈ; ਜਿਹੜਾ ਸਾਧਾਂ ਨੂੰ ਵਰ ਦੇਣ ਵਾਲਾ ਹੈ, ਦੁੱਖਾਂ ਦਾ ਨਾਸ ਕਰਨ ਵਾਲਾ ਹੈ, ਉਸ ਸਰਬ ਪ੍ਰਤਿਪਾਲਕ, ਦੀਨ-ਦਿਆਲ, ਵੈਰੀਸਾਲ, ਸਦਾ ਪ੍ਰਤਿਪਾਲ ਦੇ ਨਾਲ ਬ੍ਰਿਜ ਦੀਆਂ ਗੋਪੀਆਂ ਨੇ ਰੱਜ ਰੱਜ ਕੇ ਪਿਆਰ ਕੀਤਾ, ਆਨੰਦ ਕ੍ਰੀੜਾਵਾਂ ਕੀਤੀਆਂ, ਰਾਸ ਲੀਲਾਵਾਂ ਰਚਾਈਆਂ। ਹੁਣ ਜਦੋਂ ਉਹ ਮਥਰਾ ਚਲੇ ਗਏ ਹਨ, ਉਨ੍ਹਾਂ ਦਾ ਪਿਆਰ ਬਾਰ-ਬਾਰ ਆ ਕੇ ਗੋਪੀਆਂ ਦੇ ਹਿਰਦੇ ਨੂੰ ਸਾੜ ਰਿਹਾ ਹੈ, ਉਨ੍ਹਾਂ ਦੇ ਨੇਤਰ ਆਪਣੇ ਪਿਆਰੇ ਦੇ ਰੰਗ ਵਿੱਚ ਰੰਗੇ ਹੋਏ ਹਨ, ਉਨ੍ਹਾਂ ਨੂੰ ਇੱਕ ਖਿਨ ਭਰ ਵੀ ਧੀਰਜ ਨਹੀਂ ਆ ਰਿਹਾ, ਉਹ ਅਤਿਅੰਤ ਬਿਹਬਲ, ਪੀੜਾਗ੍ਰਸਤ ਹੋ ਕੇ ਤੜਪ ਰਹੀਆਂ ਹਨ।

# ੨੯

**ਫਾਗੁਨ ਫਾਗ ਬਢਯੋ ਅਨੁਰਾਗ**
**ਸੁਹਾਗਨ ਭਾਗ ਸੁਹਾਗ ਸੁਹਾਈ।**
**ਕੇਸਰ ਚੀਰ ਬਨਾਇ ਸਰੀਰ**
**ਗੁਲਾਬ ਅਬੀਰ ਗੁਲਾਲ ਉਡਾਈ।**
**ਸੋ ਛਬਿ ਮੈ ਨ ਲਖੀ ਜਨ ਦ੍ਵਾਦਸ**
**ਮਾਸ ਕੀ ਸੋਭਤ ਆਗ ਜਗਾਈ।**
**ਆਸ ਕੋ ਤਯਾਗ ਨਿਰਾਸ ਭਈ**
**ਟਸਕਯੋ ਨ ਹੀਯੋ ਕਸਕਯੋ ਨ ਕਸਾਈ।।੯੨੫।।**

*– ਦਸਮ ਗ੍ਰੰਥ ਪੰਨਾ ੩੭੭*

**ਸ਼ਬਦਾਰਥ :**

ਫਾਗ–ਹੋਲੀਆਂ ਦੀਆਂ ਰੰਗ–ਰਲੀਆਂ। ਅਨੁਰਾਗ–ਪ੍ਰੇਮ, ਮੋਹ, ਪਿਆਰ। ਸੁਹਾਗਣੀਆਂ– ਪਤੀਆਂ ਨਾਲ ਮਿਲੀਆਂ ਹੋਈਆਂ। ਚੀਰ–ਕਪੜੇ। ਗੁਲਾਬ–ਗੁਲਾਬ ਦਾ ਅਰਕ। ਅਬੀਰ–ਅਲਤਾ। ਛਬਿ–ਉਪਮਾ। ਮੈਨ–ਕਾਮਦੇਵ। ਲਖੀ–ਹੋਲੀਆਂ ਦੀ ਸੋਭਾ ਕਰ ਕੇ ਮੈਂ ਨਹੀਂ ਵੇਖੀਆਂ। ਜਨ–ਮਾਨੋ। ਦ੍ਵਾਦਸ–(ਸਗੋਂ ਇਸ) ਬਾਰ੍ਹਵੇ ਮਹੀਨੇ ਵਿੱਚ ਜਾਣੋ ਕਾਮ (ਮਦਨ) ਦੀ ਅੱਗ ਬਾਲੀ ਹੋਈ ਸੋਭ ਰਹੀ ਹੈ।

**ਵਿਆਖਿਆ :**

ਫੱਗਣ ਦਾ ਮਹੀਨਾ ਆ ਪਹੁੰਚਿਆ। ਇਸ ਮਹੀਨੇ ਵਿੱਚ ਸੁਹਾਗ ਭਾਗ ਵਾਲੀਆਂ ਸੁਹਾਗਣਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਹੀ ਨਹੀਂ ਰਹਿੰਦਾ। ਜਿਨ੍ਹਾਂ ਦੇ ਪ੍ਰੇਮੀ ਪ੍ਰੇਮਿਕਾਵਾਂ ਦੇ ਕੋਲ ਹੁੰਦੇ ਹਨ, ਉਹ ਅਤਿਅੰਤ ਪ੍ਰਸੰਨਚਿੱਤ ਰਹਿੰਦੀਆਂ ਹਨ। ਇਸ ਮਹੀਨੇ ਵਿੱਚ ਜਿਹੜੇ ਕਪੜੇ ਉਹ ਆਪਣੇ ਤਨ ਤੇ ਸਜਾਉਂਦੀਆਂ ਹਨ, ਉਨ੍ਹਾਂ ਨੂੰ ਕੇਸਰੀ ਰੰਗ ਵਿੱਚ ਰੰਗਿਆ ਹੁੰਦਾ ਹੈ, ਉਹ ਅਰਕ ਗੁਲਾਬ ਅਤੇ ਅਲਤਾ ਉਡਾਉਂਦੀਆਂ ਹਨ ਅਤੇ ਗੁਲਾਬ ਮੂੰਹਾਂ ਤੇ ਮਲਦੀਆਂ ਹਨ। ਇੰਝ ਲਗਦਾ ਹੈ ਕਿ ਬਾਰ੍ਹਾਂ ਮਹੀਨਿਆਂ ਦੀ ਸੁੱਤੀ ਹੋਈ ਕਾਮ ਅਗਨੀ ਅੱਜ ਜਾਗਦੀ ਹੈ। ਗੋਪੀਆਂ ਸ੍ਰੀ ਕ੍ਰਿਸ਼ਨ ਜੀ ਦੀ ਆਸ ਛੱਡ ਕੇ ਨਿਰਾਸ ਹੋ ਗਈਆਂ ਕਿਉਂਕਿ ਉਨ੍ਹਾਂ ਦੇ

ਪ੍ਰੇਮੀ ਦਾ ਜ਼ਾਲਮ ਹਿਰਦਾ ਉਨ੍ਹਾਂ ਵੱਲ ਝੁਕਿਆ ਨਹੀਂ ਅਤੇ ਨਾ ਹੀ ਉਨ੍ਹਾਂ ਨੂੰ ਗੋਪੀਆਂ ਲਈ ਕੋਈ ਖਿੱਚ ਪਈ ਹੈ। ਇਹੀ ਗੋਪੀਆਂ ਦੀ ਵਿਅਯਥਾ ਹੈ।

**ਭਾਵ :**

ਸੁਹਾਗਣਾਂ ਆਪਣੇ ਸਰੀਰ ਨੂੰ ਹਰ ਤਰ੍ਹਾਂ ਨਾਲ ਸੁਸਜਿਤ ਕਰਦੀਆਂ ਹਨ, ਪਰ ਗੋਪੀਆਂ ਦੇ ਚਿਤ ਅਤਿ ਉਦਾਸ ਹਨ ਕਿਉਂਕਿ ਉਹ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨਾਂ ਦੀ ਆਸ ਛੱਡ ਕੇ ਨਿਰਾਸ ਹੋ ਗਈਆਂ ਹਨ।

## ਆਸ ਕੋ ਤਯਾਗ ਨਿਰਾਸ ਭਈ

ਊਧੋ ਅਤੇ ਸ੍ਰੀ ਕ੍ਰਿਸ਼ਨ ਜੀ ਦਾ ਆਪਸ ਵਿਚ ਬਹੁਤ ਅਧਿਕ ਸਨੇਹ ਸੀ। ਊਧੋ ਆਪਣੇ ਨੇਤਰਾਂ ਨਾਲ ਆਪਣੇ ਪਿਆਰੇ ਸ਼ਿਆਮ-ਸੁੰਦਰ ਜੀ ਦੇ ਦਰਸ਼ਨ ਕਰਕੇ ਨਿਹਾਲ ਹੁੰਦੇ ਰਹਿੰਦੇ, ਸ੍ਰੀ ਕ੍ਰਿਸ਼ਨ ਜੀ ਊਧੋ ਦੀਆਂ ਅੱਖੀਆਂ ਦੇ ਤਾਰੇ ਸਨ, ਤੇ ਊਧੋ ਨੇ ਆਪਣੇ ਜੀਵਨ ਦੀ ਵਾਗਡੋਰ ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਪੂਰਨ ਰੂਪ ਵਿੱਚ ਅਰਪਿਤ ਕੀਤੀ ਹੋਈ ਸੀ ਅਤੇ ਉਹੀ ਉਨ੍ਹਾਂ ਦੇ ਜੀਵਨ ਦੀ ਆਸ ਸਨ। ਊਧੋ ਨੂੰ ਲਗਦਾ ਹੈ ਕਿ ਉਨ੍ਹਾਂ ਦਾ ਪਿਆਰ ਸ੍ਰੀ ਕ੍ਰਿਸ਼ਨ ਜੀ ਨਾਲ ਅਟੁੱਟ ਅਤੇ ਅਸੀਮ ਹੈ। ਉਸ ਨੂੰ ਇਸ ਗੱਲ ਦਾ ਮਾਣ ਹੋ ਗਿਆ ਸੀ ਕਿ ਉਹ ਸਭ ਤੋਂ ਅਧਿਕ ਸ੍ਰੀ ਕ੍ਰਿਸ਼ਨ ਜੀ ਨੂੰ ਪਿਆਰ ਕਰਦੇ ਹਨ। ਉਸ ਦਾ ਅਹੰ ਭਾਵ ਦੂਰ ਕਰਨ ਲਈ ਸ੍ਰੀ ਕ੍ਰਿਸ਼ਨ ਜੀ ਨੇ ਉਸ ਨੂੰ ਮਥਰਾ ਤੋਂ ਬ੍ਰਿਜ ਵਿਖੇ ਭੇਜਿਆ ਤਾਂ ਕਿ ਊਧੋ ਨੂੰ ਇਹ ਪਤਾ ਲੱਗ ਸਕੇ ਕਿ ਉਸ ਤੋਂ ਵੱਧ ਸ੍ਰੀ ਕ੍ਰਿਸ਼ਨ ਜੀ ਨੂੰ ਪਿਆਰ ਕਰਨ ਵਾਲੇ ਹੋਰ ਪਰਵਾਨੇ ਵੀ ਹਨ, ਜਿਨ੍ਹਾਂ ਦੀ ਜੀਵਨ ਜੋਤ ਹਰ ਪਲ, ਹਰ ਖਿਨ, ਲਟ-ਲਟ ਕਰਦੀ ਆਪਣੇ ਪਿਆਰੇ ਦੇ ਦਰਸ਼ਨਾਂ ਦੀ ਲਾਲਸਾ ਲਈ ਮਘਦੀ ਰਹਿੰਦੀ ਹੈ। ਊਧੋ ਨੂੰ ਆਪਣੇ ਗਿਆਨ ਤੇ ਬਹੁਤ ਅਧਿਕ ਭਰੋਸਾ ਸੀ, ਇਸ ਲਈ ਉਨ੍ਹਾਂ ਨੇ ਆਪਣੇ ਗਿਆਨ ਅਨੁਸਾਰ ਗੋਪੀਆਂ ਨੂੰ ਸੰਤੁਸ਼ਟ ਕਰਨ ਦਾ ਉਪਰਾਲਾ ਕੀਤਾ। ਗੋਪੀਆਂ ਨੂੰ ਹਰ ਤਰ੍ਹਾਂ ਦੇ ਉਪਦੇਸ਼ ਦੇ ਕੇ ਸਮਝਾਉਂਣ ਦੀ ਕੋਸ਼ਿਸ਼ ਕੀਤੀ, ਪਰ ਗੋਪੀਆਂ ਦੇ ਡੂੰਘੇ ਪ੍ਰੇਮ ਪਿਆਰ ਅੱਗੇ ਊਧੋ ਦਾ ਗਿਆਨ ਹਾਰ ਗਿਆ।

ਉਨ੍ਹਾਂ ਦੇ ਅਸੀਮ ਪਿਆਰ ਦੇ ਸਾਹਮਣੇ ਊਧੋ ਦੇ ਗਿਆਨ ਨੇ ਗੋਡੇ ਟੇਕ ਦਿੱਤੇ ਤੇ ਉਹ ਇੱਥੋਂ ਤਕ ਪਸੀਜ ਗਏ ਕਿ ਉਨ੍ਹਾਂ ਦੀਆਂ ਅੱਖਾਂ ਵਿੱਚ ਹੰਝੂਆਂ ਦੀ ਝੜੀ ਲੱਗ ਗਈ। ਊਧੋ ਨੇ ਗੋਪੀਆਂ ਦੇ ਹਰ ਪ੍ਰਕਾਰ ਦੇ ਸੁਨੇਹੇ ਲਿਆ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਦਿੱਤੇ।

ਇੱਕ ਦਿਨ ਬਿਦਰ ਨੇ ਊਧੋ ਨੂੰ ਪੁੱਛਿਆ,''ਹੇ ਊਧੋ ਜੀ, ਤੁਸੀਂ ਤਾਂ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਇੱਕ ਪਲ ਲਈ ਵੀ ਵੱਖਰੇ ਨਹੀਂ ਸੀ ਹੁੰਦੇ, ਅੱਜ ਕੀ ਕਾਰਣ ਹੈ ਕਿ ਤੁਸੀਂ ਮੈਨੂੰ ਇਕੱਲੇ ਹੀ ਦਿੱਸ ਰਹੇ ਹੋ। ਮੇਰੇ ਪ੍ਰਾਣ ਪਿਆਰੇ ਸ਼ਿਆਮ ਸੁੰਦਰ ਜੀ ਤੇ ਹੋਰ ਬਾਕੀ ਸਾਰੇ ਲੋਕ ਠੀਕ-ਠਾਕ ਤਾਂ ਹਨ। ਇਹ ਸੁਣਦਿਆਂ ਸਾਰ ਹੀ ਊਧੋ ਦੀਆਂ ਅੱਖਾਂ ਵਿੱਚ ਹੰਝੂ ਵਗਣ ਲੱਗ ਪਏ। ਅਤੇ ਉਨ੍ਹਾਂ ਨੇ ਬਿਦਰ ਜੀ ਨੂੰ ਕੋਈ ਉੱਤਰ ਨਾ ਦਿੱਤਾ। ਜਦੋਂ ਬਿਦਰ ਜੀ ਨੇ ਊਧੋ ਨੂੰ ਜ਼ਾਰ-ਜ਼ਾਰ ਰੋਂਦਿਆਂ ਹੋਇਆਂ ਵੇਖਿਆ ਤਾਂ ਉਨ੍ਹਾਂ ਨੇ ਜਾਣ ਲਿਆ ਕਿ ਸ੍ਰੀ ਕ੍ਰਿਸ਼ਨ ਜੀ ਅੰਤਰ ਧਿਆਨ ਹੋ ਗਏ ਲਗਦੇ ਹਨ, ਇਸ ਕਰਕੇ ਉਨ੍ਹਾਂ ਦੀ ਯਾਦ ਵਿੱਚ ਊਧੋ ਰੋ ਰਹੇ ਹਨ। ਥੋੜੀ ਦੇਰ ਪਿੱਛੋਂ ਊਧੋ ਨੇ ਆਪਣੇ ਆਪ ਨੂੰ ਸੰਭਾਲਦਿਆਂ ਹੋਇਆ ਬਿਦਰ ਜੀ ਨੂੰ ਦੱਸਿਆ ਕਿ ਸ੍ਰੀ ਕ੍ਰਿਸ਼ਨ ਰੂਪੀ ਸੂਰਜ ਅਸਤ ਹੋ ਗਿਆ ਹੈ। ਉਨ੍ਹਾਂ ਕਿਹਾ, ''ਹੇ ਬਿਦਰ ਜੀ ਤੁਸੀਂ ਨਿਸਚੇ ਕਰਕੇ ਜਾਣੋ ਜਦੋਂ ਤੋਂ ਮੇਰੇ ਪਿਆਰੇ ਸ਼ਿਆਮ ਸੁੰਦਰ ਜੀ ਯਦੁਵੰਸ਼ੀਆਂ ਦਾ ਨਾਸ ਕਰਕੇ ਬੈਕੁੰਠ ਪਧਾਰੇ ਹਨ, ਉਦੋਂ ਤੋਂ ਹੀ ਸੱਚਾਈ ਅਤੇ ਧਰਮ ਸੰਸਾਰ ਤੋਂ ਉੱਠ ਗਿਆ ਹੈ। ਮੈਂ ਆਪਣੇ ਪਿਆਰੇ ਦੇ ਚਰਨਾਂ ਵਿੱਚ ਬਹੁਤ ਬੇਨਤੀਆਂ ਕੀਤੀਆਂ, ਹੇ ਮੇਰੇ ਪ੍ਰਾਣ ਪਿਆਰੇ ਪ੍ਰੀਤਮ ! ਮੈਂ ਜਨਮ ਭਰ ਆਪ ਜੀ ਦੀ ਟਹਿਲ ਸੇਵਾ ਕੀਤੀ ਹੈ, ਮੈਨੂੰ ਵੀ ਆਪਣੇ ਨਾਲ ਲੈ ਚਲੋ।" ਉੱਤਰ ਵਿੱਚ ਮੇਰੇ ਪਿਆਰੇ ਸ਼ਿਆਮ ਸੁੰਦਰ ਜੀ ਨੇ ਮੈਨੂੰ ਹੁਕਮ ਕੀਤਾ,''ਬਦਰੀ ਕਿਦਾਰ ਜਾ ਕੇ ਸ੍ਰੀ ਕ੍ਰਿਸ਼ਨ ਜੀ ਦਾ ਧਿਆਨ ਕਰਕੇ ਮੁਕਤ ਹੋ ਜਾਵੋ। ਇਹ ਸੰਸਾਰ ਤਾਂ ਨਾਸਵਾਨ ਹੈ ਪਰ ਜੀਵ ਆਤਮਾ ਕਦੇ ਵੀ ਨਹੀਂ ਮਰਦੀ। ਇਸ ਲਈ ਮੇਰਾ ਵਿਯੋਗ ਬਿਲਕੁਲ ਨਹੀਂ ਕਰਨਾ, ਜਿਸ ਤਰ੍ਹਾਂ ਜੀਵ ਇੱਕ ਕਪੜਾ ਉਤਾਰ ਕੇ ਦੂਸਰਾ ਪਹਿਨ ਲੈਂਦਾ ਹੈ, ਉਸੇ ਤਰ੍ਹਾਂ ਇਹ ਜੀਵ ਇਸ ਚੋਲੇ ਨੂੰ ਛੱਡਕੇ ਦੂਸਰੇ ਤਨ ਵਿੱਚ ਪ੍ਰਵੇਸ਼ ਕਰ ਜਾਂਦਾ ਹੈ, ਹੇ ਬਿਦਰ ਜੀ ! ਹੁਣ ਤਾਂ ਉਨ੍ਹਾਂ ਦੇ ਦਰਸ਼ਨਾਂ ਦੀ ਆਸ ਹਮੇਸ਼ਾਂ-ਹਮੇਸ਼ਾਂ ਲਈ ਮੁੱਕ ਗਈ ਹੈ। ਮੈਂ ਨਿਰਾਸਤਾ ਦੀ ਡੂੰਘੀ ਖਾਈ ਵਿੱਚ ਜਾ ਪਿਆ ਹਾਂ ਅਤੇ ਹੁਣ ਮੈਂ ਆਪਣੇ ਪਿਆਰੇ ਸ਼ਿਆਮ ਸੁੰਦਰ ਜੀ ਨੂੰ ਇਸ ਜਨਮ ਵਿੱਚ ਕਦੇ ਵੀ ਨਹੀਂ ਮਿਲ ਸਕਾਂਗਾ।''

ਇਸ ਤਰ੍ਹਾਂ ਨਿਰਾਸ ਮਈ ਹੋ ਕੇ ਊਧੋ ਬਿਰਹਾ ਦੇ ਸਮੁੰਦ੍ਰ ਵਿੱਚ ਡੁੱਬ ਗਏ ਅਤੇ ਵਿਰਲਾਪ ਕਰਨ ਲੱਗ ਪਏ। ਊਧੋ ਨੇ ਕਿਹਾ,''ਹੇ ਬਿਦਰ ਜੀ ! ਸ਼ਿਆਮ ਸੁੰਦਰ ਜੀ ਦੇ ਗਿਆਨ ਦੀ ਸਿੱਖਿਆ ਕਰਕੇ, ਇਹ ਮਨ ਸੰਸਾਰੀ ਮੋਹ ਮਾਇਆ ਤੋਂ ਵਿਰਕਤ ਹੋ ਗਿਆ ਹੈ, ਪਰ ਮੈਨੂੰ ਮੁਰਲੀ ਮਨੋਹਰ ਦੇ ਵਿਯੋਗ ਦਾ ਜਿੰਨਾ ਦੁੱਖ ਹੈ, ਉਸਦਾ ਵਰਣਨ ਨਹੀਂ ਕੀਤਾ ਜਾ ਸਕਦਾ। ਜਿਸ ਵੇਲੇ ਮੇਰੇ ਮੁਰਲੀ ਮਨੋਹਰ ਅੰਤਰ ਧਿਆਨ ਹੋਣਾ ਚਾਹੁੰਦੇ ਸਨ, ਉਸ ਵੇਲੇ ਮੈਤਰੇ ਜੀ ਨੇ ਪਰਭਾਸ ਖੇਤਰ ਵਿੱਚ ਜਾ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਡੰਡਉਤ ਕੀਤੀ, ਉਸ ਵੇਲੇ ਸ੍ਰੀ ਕ੍ਰਿਸ਼ਨ

ਜੀ ਨੇ ਕਿਹਾ,''ਮੈਤਰੇ ਜੀ ! ਮੈਂ ਤੁਹਾਡੇ ਮਨ ਦਾ ਸਾਰਾ ਹਾਲ ਜਾਣਦਾ ਹਾਂ। ਤੁਸੀਂ ਧੀਰਜ ਰਖੋ, ਮੇਰੀ ਮਾਇਆ ਤੁਹਾਨੂੰ ਨਹੀਂ ਵਿਆਪੇਗੀ, ਕਿ ਤੁਸੀਂ ਮੇਰੇ ਭਗਤ ਹੋ। ਪਿਛਲੇ ਜਨਮ ਵਿੱਚ ਵਸੂ ਦੇਵਤਾ ਅਤੇ ਇਸ ਜਨਮ ਵਿੱਚ ਵੇਦ ਵਿਆਸ ਜੀ ਦੇ ਭਰਾ ਅਤੇ ਪਰਾਸਰ ਮੁਨੀਵਰ ਜੀ ਦੇ ਪੁੱਤਰ ਹੋ। ਤੁਹਾਨੂੰ ਮੇਰੀ ਲੀਲਾ ਪ੍ਰਗਟ ਅਤੇ ਗੁਪਤ ਸਾਰੀ ਮਾਲੂਮ ਰਹੇਗੀ। ਜਿਹੜਾ ਧਰਮ ਤੁਹਾਨੂੰ ਵਾਸਯਾਇਨ ਰਿਖੀ ਨੇ ਕਿਹਾ, ਉਸ ਧਰਮ ਨੂੰ ਯਾਦ ਰੱਖਣਾ ਤੁਸੀਂ ਇਸ ਭਵਸਾਗਰ ਤੋਂ ਪਾਰ ਉਤਾਰਾ ਕਰ ਜਾਵੋਗੇ।''

ਸ੍ਰੀ ਕ੍ਰਿਸ਼ਨ ਜੀ ਦੇ ਪਵਿਤਰ ਬਚਨ ਸੁਣ ਕੇ ਮੈਤਰੇ ਜੀ ਨੇ ਕਿਹਾ,''ਹੇ ਬੈਕੁੰਠ ਨਾਥ, ਤੁਹਾਡੀ ਲੀਲਾ ਯਾਦ ਕਰਕੇ ਮੈਂ ਬੜਾ ਚਕਰਿਤ ਹੋ ਰਿਹਾ ਹਾਂ, ਕਿਉਂਕਿ ਬ੍ਰਹਮਾ, ਮਹਾਂਦੇਵ ਅਤੇ ਕਾਲ ਦੀ ਸਮਰੱਥਾ ਨਹੀਂ ਜੋ ਤੁਹਾਡੇ ਸਨਮੁਖ ਅੱਖ ਚੁੱਕ ਕੇ ਵੇਖ ਸਕਣ। ਤੁਸੀਂ ਜਰਾਸਿੰਧ ਅਤੇ ਕਾਲਯਮਨ ਦੇ ਸਾਹਮਣੇ ਪੈਦਲ ਦੌੜੇ ਸੀ। ਤੁਹਾਡੇ ਭੇਦ ਨੂੰ ਕੋਈ ਨਹੀਂ ਜਾਣ ਸਕਦਾ।''

ਇਸ ਤਰ੍ਹਾਂ ਮੈਤਰੇ ਜੀ ਦਾ ਵਰਣਨ ਕਰਕੇ ਊਧੋ ਨੇ ਬਿਦਰ ਨੂੰ ਦੱਸਿਆ ਕਿ ਉਹ ਸ੍ਰੀ ਕ੍ਰਿਸ਼ਨ ਜੀ ਦੇ ਹੁਕਮ ਅਨੁਸਾਰ ਬਦਰੀ ਕੇਦਾਰ ਜਾ ਕੇ ਆਪਣਾ ਸਰੀਰ ਤਿਆਗਣ ਬਾਰੇ ਸੋਚ ਰਹੇ ਹਨ। ਉਨ੍ਹਾਂ ਨੇ ਬਿਦਰ ਜੀ ਨੂੰ ਆਖਿਆ ਕਿ ਉਹ ਕਿਧਰੇ ਇਹ ਨਾ ਸੋਚ ਲੈਣ ਕਿ ਐਨਾ ਗਿਆਨ ਹੋਣ ਦੇ ਬਾਵਜੂਦ ਵੀ ਊਧੋ ਜੀ ਦੀਆਂ ਅੱਖਾਂ ਵਿੱਚ ਅਥੱਰੂ ਅਤੇ ਸ਼ੋਕ ਕਰਨ ਦਾ ਕੀ ਕਾਰਨ ਹੈ ? ਊਧੋ ਨੂੰ ਸ੍ਰੀ ਕ੍ਰਿਸ਼ਨ ਜੀ ਦੀ ਦਇਆ ਅਤੇ ਪ੍ਰੀਤ ਪਿਆਰ ਯਾਦ ਕਰਕੇ, ਉਨ੍ਹਾਂ ਦੇ ਵਿਯੋਗ ਵਿੱਚ ਇੱਕ ਦਿਨ ਵੀ ਉਨ੍ਹਾਂ ਨੂੰ ਨਹੀਂ ਭੁਲਾ ਸਕੇ। ਉਨ੍ਹਾਂ ਦੇ ਬਖਸ਼ੇ ਹੋਏ ਗਿਆਨ ਦੇ ਪ੍ਰਤਾਪ ਨਾਲ ਊਧੋ ਉਦੋਂ ਤਕ ਜੀਵਤ ਰਹਿ ਸਕੇ ਸਨ, ਨਹੀਂ ਤੇ ਸ੍ਰੀ ਕ੍ਰਿਸ਼ਨ ਜੀ ਦੇ ਸਰੀਰ ਤਿਆਗਣ ਦੇ ਨਾਲ ਹੀ ਊਧੋ ਦੇ ਪ੍ਰਾਣ ਵੀ ਨਿਕਲ ਜਾਣੇ ਸਨ। ਸ਼ਿਆਮ ਸੁੰਦਰ ਜੀ ਨੇ ਧਰਤੀ ਦਾ ਭਾਰ ਉਤਾਰਨ ਵਾਸਤੇ ਅਵਤਾਰ ਧਾਰਨ ਕੀਤਾ ਸੀ।

ਸ੍ਰੀ ਕ੍ਰਿਸ਼ਨ ਜੀ ਨੇ ਵੱਡੇ-ਵੱਡੇ ਅਧਰਮੀ ਰਾਜਿਆਂ ਅਤੇ ਦੈਂਤਾ ਨੂੰ ਮਾਰ ਕੇ ਕੌਰਵਾਂ ਅਤੇ ਪਾਂਡਵਾਂ ਨਾਲ ਮਹਾਭਾਰਤ ਕਰਾਇਆ ਅਤੇ ਭੀਸ਼ਮ ਪਿਤਾਮਹ ਅਤੇ ਦ੍ਰੋਣਾਚਾਰਯ ਅਤੇ ਕ੍ਰਿਪਾਚਾਰਯ ਆਦਿ ਵੱਡੇ-ਵੱਡੇ ਯੋਧੇ, ਬੁੱਧੀਵਾਨ, ਗਿਆਨੀ ਅਤੇ ਹਰਿ ਭਗਤਾਂ ਦੇ ਕਹਿਣ ਤੇ ਵੀ ਉਸ ਸੈਨਾ ਵਿੱਚ ਅਠਾਰਾਂ ਖੂਹਣੀ ਦਲ ਨਾਮ ਕਰਾ ਕੇ ਪ੍ਰਿਥਵੀ ਦਾ ਭਾਰ ਉਤਾਰਿਆ ਸੀ। ਪਰਮੇਸ਼ਰ ਦੀ ਇੱਛਾ ਬੜੀ ਬਲਵਾਨ ਹੈ। ਸ੍ਰੀ ਕ੍ਰਿਸ਼ਨ ਜੀ ਨੂੰ ਯਾਦ ਕਰਕੇ ਊਧੋ ਬੜੇ ਨਿਰਾਸਮਈ ਹੋ ਰਹੇ ਸਨ, ਇਸ ਲਈ ਉਨ੍ਹਾਂ ਨੇ ਬਿਦਰ ਕੋਲੋਂ ਬਦਰੀ ਨਾਥ ਜਾਣ ਦੀ ਆਗਿਆ ਮੰਗੀ। ਊਧੋ ਕੋਲੋਂ ਸ੍ਰੀ ਕ੍ਰਿਸ਼ਨ ਜੀ ਬਾਰੇ ਪਿਆਰ ਭਰੀਆਂ ਗੱਲਾਂ ਸੁਣ ਕੇ, ਬਿਦਰ ਜੀ ਦੇ ਨੇਤਰਾਂ ਵਿੱਚ ਅੱਥਰੂ ਆ ਗਏ ਅਤੇ ਉਹ ਵੀ ਆਪਣੇ ਪਿਆਰੇ ਸ਼ਿਆਮ ਸੁੰਦਰ ਜੀ ਦੀ

ਉਸਤਤ ਕਰਨ ਤੋਂ ਨਾ ਰਹਿ ਸਕੇ। ਬਿਦਰ ਜੀ ਨੇ ਕਿਹਾ,''ਹੇ ਊਧੋ ! ਸ਼ਿਆਮ ਸੁੰਦਰ ਜੀ ਨੇ ਚੰਦ੍ਰਮਾ ਸਮਾਨ ਸੰਸਾਰ ਵਿੱਚ ਪ੍ਰਕਾਸ਼ ਪ੍ਰਗਟ ਕਰਕੇਪ੍ਰਿਥਵੀ ਦਾ ਭਾਰ ਉਤਾਰਿਆ ਸੀ। ਧਰਮ, ਗਊ ਅਤੇ ਬ੍ਰਾਹਮਣ ਦੀ ਰੱਖਿਆ ਕਰਕੇ ਉਹ ਪ੍ਰਲੋਕ ਚਲੇ ਗਏ ਹਨ। ਅਸੀਂ ਅਗਿਆਨੀ ਲੋਕਾਂ ਨੇ ਉਹਨਾਂ ਦੀ ਮਹਿਮਾ ਅਤੇ ਜੱਸ ਨੂੰ ਨਹੀਂ ਜਾਣਿਆ। ਹੇ ਊਧੋ ! ਤੁਸੀਂ ਅੱਠੇ ਪਹਿਰ ਉਨ੍ਹਾਂ ਦੇ ਕੋਲ ਰਹਿੰਦੇ ਸੀ। ਉਨ੍ਹਾਂ ਦੀ ਮਹਿਮਾ ਐਡੀ ਬਲਵਾਨ ਹੈ ਕਿ ਤੁਸੀਂ ਵੀ ਉਨ੍ਹਾਂ ਨੂੰ ਨਹੀਂ ਪਛਾਣਿਆ। ਇਸ ਲਈ ਇੱਕ ਗੱਲ ਤਾਂ ਬਿਲਕੁਲ ਸਪਸ਼ਟ ਹੈ ਕਿ ਬਿਨਾਂ ਪਰਮੇਸ਼ਰ ਦੀ ਕ੍ਰਿਪਾ ਤੋਂ ਉਸਨੂੰ ਕੋਈ ਵੀ ਨਹੀਂ ਜਾਣ ਸਕਦਾ।''

ਊਧੋ ਨੇ ਆਪਣੇ ਪਿਆਰੇ ਪ੍ਰੀਤਮ ਦੀ ਯਾਦ ਵਿੱਚ ਨਿਰਾਸਮਈ ਹੋ ਕੇ, ਆਸ਼ਾ ਰਹਿਤ ਹੋ ਕੇ, ਬਦਰੀ ਨਾਥ ਵਿਖੇ ਜਾ ਕੇ ਆਪਣਾ ਸਰੀਰ ਤਿਆਗ ਦਿੱਤਾ।

# ਅੰਤਿਕਾ

ਗੋਪੀਆਂ ਸ੍ਰੀ ਕ੍ਰਿਸ਼ਨ ਜੀ ਦੇ ਅਸੀਮ ਅਥਾਹ ਪਿਆਰ ਲਈ, ਕ੍ਰਿਸ਼ਨ ਰੂਪੀ ਜਲ ਵਾਸਤੇ ਮੱਛੀ ਵਾਂਗ ਤੜਫਦੀਆਂ ਰਹੀਆਂ, ਕ੍ਰਿਸ਼ਨ ਰੂਪੀ ਸਵਾਂਤਿ ਬੂੰਦ ਨੂੰ ਪ੍ਰਾਪਤ ਕਰਨ ਵਾਸਤੇ ਆਪਣੇ ਮੂੰਹ ਖੋਲ੍ਹ ਕੇ, ਉਸ ਬੂੰਦ ਲਈ ਪਪੀਹਾ ਬਣ ਕੇ ਲਾਲਾਯਿਤ ਹੁੰਦੀਆਂ ਰਹੀਆਂ। ਕ੍ਰਿਸ਼ਨ ਰੂਪ ਚਾਤ੍ਰਿਕ ਲਈ ਚਕਵੀ ਬਣੀਆਂ ਰਹੀਆਂ। ਹਰ ਇੱਕ ਗੋਪੀ ਨੇ ਊਧੋ ਦੇ ਹੱਥੀਂ ਆਪਣੇ ਦਿਲ ਦੇ ਦੁੱਖ, ਕਸਕ, ਪੀੜਾ, ਹਾਵ ਭਾਵ ਦਾ ਪੂਰਾ ਚਿਤ੍ਰ ਉਲੀਕ ਕੇ, ਭਿਜਵਾ ਦਿੱਤਾ। ਮਥਰਾ ਵਿਖੇ ਬੈਠੇ ਸ੍ਰੀ ਕ੍ਰਿਸ਼ਨ ਜੀ ਨੇ ਸਾਰਾ ਕੁਝ ਸੁਣਨ ਦੇ ਬਾਵਜੂਦ ਵੀ ਗੋਪੀਆਂ ਨੂੰ ਦਰਸ਼ਨਾਂ ਦੀ ਦਾਤ ਨਹੀਂ ਬਖਸ਼ੀ, ਉਹਨਾ ਦੀ ਬਿਰਹੋਂ ਦੀ ਅਗਨੀ ਉੱਤੇ ਜਲ ਦਾ ਛੱਟਾ ਨਹੀਂ ਮਾਰਿਆ, ਸਗੋਂ ਉਥੇ ਬੈਠੇ ਬੈਠੇ ਹੀ ਦ੍ਰਿੜਤਾ ਦਾ ਵਰ ਦਿੱਤਾ, ਅਤੇ ਗੋਪੀਆਂ ਦੇ ਬਿਰਹੋਂ ਦੇ ਅਧਿਆਇ ਨੂੰ ਖਤਮ ਕਰ ਦਿੱਤਾ।

**ਸਵੈਯਾ।।ਬ੍ਰਿਜ ਬਾਸਨ ਹਾਲ ਕਿਧੌ ਹਰਿਜੂ**
**ਫੁਨ ਊਧਵ ਤੇ ਸਭ ਹੀ ਸੁਨ ਲੀਨੋ।।**
**ਜਾਕੀ ਕਥਾ ਸੁਨਕੈ ਚਿਤ ਤੇ**
**ਸੁ ਹੁਲਾਸ ਘਟੈ ਦੁਖ ਹੋਵਤ ਜੀਨੋ।।**
**ਸਯਾਮ ਕਹਯੋ ਮੁਖ ਤੇ ਇਹ ਭਾਂਤ**
**ਕਿਧੋਂ ਕਬਿ ਨੈ ਸੁ ਸੋਊ ਲਖਿ ਲੀਨੋ।।**
**ਊਧਵ ਮੈ ਉਨ ਗ੍ਵਾਰਨਿ ਕੌਂ ਸੁ**
**ਕਯੋ ਦ੍ਰਿੜਤਾ ਕੋ ਅਬੈ ਬਰ ਦੀਨੋ।।੯੮੨।।**

*– ਦਸਮ ਗ੍ਰੰਥ ਪੰਨਾ* **੩੮੬**

ਆਮ ਤੌਰ ਤੇ ਬਾਰਹਮਾਹ ਵਿੱਚ ਵਿਰਹਣੀ ਪਹਿਲਿਆਂ ਮਹੀਨਿਆਂ ਵਿੱਚ ਆਪਣੇ ਪ੍ਰੀਯਤਮ ਦੇ ਦਰਸ਼ਨਾ ਲਈ ਤੜਫਦੀ ਹੈ, ਲੁੱਛਦੀ ਹੈ, ਪਰ ਅਖੀਰਲੇ ਮਹੀਨੇ ਵਿੱਚ ਉਸਨੂੰ ਆਪਣੇ ਇਸ਼ਟ ਦਾ ਵਸਲ ਪ੍ਰਾਪਤ ਹੋ ਜਾਂਦਾ ਹੈ, ਸੰਯੋਗ ਦੇ ਖੁਸ਼ੀਆਂ, ਖੇੜਿਆਂ ਦੇ ਭਰਪੂਰ ਪਲ ਉਪਲੱਬਧ ਹੋ ਜਾਂਦੇ ਹਨ। ਜਿਵੇਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਬਾਰਹਮਾਹ ਰਾਗ ਤੁਖਾਰੀ ਵਿੱਚ ਫ਼ਰਮਾਉਂਦੇ ਹਨ ਕਿ ਉਹ ਜੀਵ ਰੂਪੀ ਇਸਤਰੀਆਂ ਵਡਭਾਗੀ ਬਣ ਜਾਂਦੀਆਂ ਹਨ, ਜਿਨਾਂ ਨੂੰ ਆਪਣੇ

ਪਿਆਰੇ ਦਾ ਦੀਦਾਰ ਹੋ ਜਾਂਦਾ ਹੈ, ਅਤੇ ਉਹ ਰਾਤ ਦਿਨ ਆਪਣੇ ਪਿਆਰੇ ਦੇ ਮੇਲ ਮਿਲਾਪ ਮਣਾਉਂਦੀਆਂ ਹੋਈਆਂ, ਆਪਣੇ ਸੁਹਾਗ ਨੂੰ ਅਮਰ ਅਤੇ ਸਥਿਰ ਕਰ ਲੈਂਦੀਆਂ ਹਨ।

**ਨਾਨਕ ਅਹਿਨਿਸ ਰਾਵੈ ਪ੍ਰੀਤਮੁ, ਹਰਿ ਵਰੁ ਥਿਰੁ ਸੋਹਾਗੋ।।**

*– ਆਦਿ ਗ੍ਰੰਥ ਸਾਹਿਬ ਪੰਨਾ ੧੧੧੦*

ਸ੍ਰੀ ਗੁਰੂ ਅਰਜਨ ਦੇਵ ਰਾਗ ਮਾਝ ਵਿੱਚ ਰਚਿਤ ਬਾਰਹਮਾਹ ਦੇ ਅੰਤ ਵਿੱਚ ਜੀਵ ਰੂਪੀ ਇਸਤ੍ਰੀ ਦਾ ਆਪਣੇ ਪ੍ਰਭੂ ਦੇ ਨਾਲ ਮਿਲਾਪ ਕਰਾ ਦਿੰਦੇ ਹਨ, ਉਸ ਦੀਆਂ ਸਾਰੀਆਂ ਇੱਛਾਵਾਂ ਦੀ ਪੂਰਤੀ ਹੋ ਜਾਂਦੀ ਹੈ, ਉਹ ਖੁਸ਼ੀ ਨਾਲ ਝੂਮ ਉਠਦੀ ਹੈ, ਉਸ ਨੂੰ ਆਪਣੇ ਪਿਆਰੇ ਵਰਗਾ ਕੋਈ ਹੋਰ ਦਿੱਸਦਾ ਹੀ ਨਹੀਂ। ਇੱਕ ਜੀਭ ਨਾਲ ਪਿਆਰੇ ਦੇ ਗੁਣਾਂ ਦਾ ਗਾਣ ਕਿਵੇਂ ਕੀਤਾ ਜਾ ਸਕਦਾ ਹੈ, ਅਤੇ ਇਸ ਲਈ ਸਾਧਕ ਦੀ ਇਹ ਲੋਚਾ ਹੈ ਕਿ ਉਸਨੂੰ ਦਰਸ਼ਨਾਂ ਦਾ ਸੁਭਾਗ ਹਮੇਸ਼ਾਂ ਪ੍ਰਾਪਤ ਰਹੇ ਅਤੇ ਮੰਗੇ

**ਨਾਨਕ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ।**

ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬ੍ਰਿਹ ਨਾਟਕ ਬਾਰਹਮਾਹ ਵਿੱਚ ਗੋਪੀਆਂ ਨੂੰ ਸੰਜੋਗ ਅਤੇ ਵਸਲ ਪ੍ਰਾਪਤ ਨਹੀਂ, ਉਹ ਤਾਂ ਆਸ਼ਾਵਾਂ ਦੇ ਵੱਡੇ ਵੱਡੇ ਮਹਿਲ ਉਸਾਰਦੀਆਂ ਹਨ, ਪਰ ਉਨ੍ਹਾ ਨੂੰ ਆਸ ਦੀ ਕੋਈ ਕਿਰਨ ਨਜ਼ਰ ਨਹੀਂ ਆਉਂਦੀ ਅਤੇ ਉਹ ਆਸ ਨੂੰ ਤਿਆਗ ਕੇ ਨਿਰਾਸ ਹੋ ਜਾਂਦੀਆਂ ਹਨ। ਉਨ੍ਹਾ ਨੂੰ ਮੰਡਰਾਉਂਦੇ ਹੋਏ ਕਾਲੇ ਬੱਦਲਾਂ ਵਿੱਚ ਕੋਈ ਵੀ ਖੁਸ਼ੀ ਦੀ ਲਹਿਰ, ਮਿਲਾਪ ਦੀ ਰੌਸ਼ਨੀ ਨਜ਼ਰ ਨਹੀਂ ਆਉਂਦੀ, ਤਾਂ ਉਹ ਕਹਿੰਦੀਆਂ ਹਨ।

**ਆਸ ਕੋ ਤਿਆਗ ਨਿਰਾਸ ਭਈ।**

ਪਰ ਉਨ੍ਹਾ ਦੀ ਨਿਰਾਸਤਾ ਹਮੇਸ਼ਾਂ ਲਈ ਨਹੀਂ ਸੀ। ਨਿਰਾਸ਼ਾ ਆਸ਼ਾ ਵਿੱਚ ਬਦਲ ਗਈ, ਜਦੋਂ ਗੋਪੀਆਂ ਸੂਰਜ ਗਹ੍ਰਿਣ ਦੇ ਅਵਸਰ ਤੇ ਨੰਦ ਬਾਬਾ ਅਤੇ ਯਸ਼ੋਧਾ ਨਾਲ ਕੁਰੂਕੁਸ਼ੇਤਰ ਪਹੁੰਚ ਗਈਆਂ। ਸੂਰਜ ਗਹ੍ਰਿਣ ਦੇ ਸਮੇਂ ਕੁਰੂਕੁਸ਼ੇਤਰ ਸਰੋਵਰ ਵਿਖੇ ਇਸ਼ਨਾਨ ਕਰਨ ਦੀ ਆਪਣੀ ਵਿਸ਼ੇਸ਼ ਮਹੱਤਤਾ ਹੈ। ਲੋਕ ਦੂਰ ਦੂਰੇ ਡਿਉਂ ਵਹੀਰਾਂ ਘੱਤ ਕੇ, ਬੜੀ ਭੀੜ ਵਿੱਚ ਇਸ ਸਰੋਵਰ ਵਿੱਚ ਇਸ਼ਨਾਨ ਕਰਕੇ ਆਪਣੇ ਆਪ ਨੂੰ ਸਵੱਛ ਅਤੇ ਉੱਜਲ ਬਣਾਉਂਦੇ ਹਨ। ਦੂਸਰੇ ਪਾਸੇ ਸ੍ਰੀ ਕ੍ਰਿਸ਼ਨ ਜੀ ਵੀ ਆਪਣੇ ਸੇਵਕਾਂ ਸਹਿਤ ਕੁਰੂਕੁਸ਼ੇਤਰ ਆਣ ਪਹੁੰਚੇ।

**ਇਤ ਤੇ ਬ੍ਰਿਜ ਨਾਇਕ ਆਵਤ ਭੇ**
**ਉਤ ਨੰਦ ਤੇ ਆਦਿ ਸਭੈ ਤਿਹ ਆਏ।।**
**ਚੰਦ੍ਰਭਗਾ ਬ੍ਰਿਖਭਾਨ ਸੁਤਾ ਸਭ**
**ਗੁਆਰਨਿ ਸਯਾਮ ਜਬੈ ਦਰਸਾਏ।।**
**ਰੂਪ ਨਿਹਾਰ ਰਹੀ ਚਕਿਕੈ**

**ਜਕਿਗੀ ਕਛੁ ਬੈਨ ਕਹਿਓ ਨਹੀ ਜਾਏ।।**
**ਨੰਦ ਜਸੋਮਤ ਮੋਹ ਬਢਾਇਕੈ**
**ਕਾਨ੍ਹਜੂ ਕੇ ਉਰ ਮੈ ਲਪਟਾਏ।।੨੪੧੬।।**

*– ਦਸਮ ਗ੍ਰੰਥ ਪੰਨਾ ੫੬੧*

ਜਦੋਂ ਗੋਪੀਆਂ ਨੂੰ ਇਹ ਪਤਾ ਲਗਾ ਕਿ ਕੁਰੂਕਸ਼ੇਤਰ ਵਿਖੇ ਸ੍ਰੀ ਕ੍ਰਿਸ਼ਨ ਜੀ ਵੀ ਆਏ ਹਨ, ਤਾਂ ਰਾਧਾ, ਚੰਦ੍ਰਭਗਾ ਆਦਿ ਗੋਪੀਆਂ ਦਾ ਕੋਈ ਠਿਕਾਣਾ ਹੀ ਨਾ ਰਿਹਾ। ਉਨ੍ਹਾ ਦੀਆਂ ਭਾਵਨਾਵਾਂ ਦੇ ਪ੍ਰਗਟਾਵੇ ਲਈ ਸ਼ਬਦਾਂ ਦੀ ਤੋਟ ਆ ਗਈ। ਆਪਣੇ ਇਸ਼ਟ ਦੇ ਦਰਸ਼ਨਾ ਦਾ ਸੁਭਾਗ ਪ੍ਰਾਪਤ ਕਰਨ ਲਈ ਉਨ੍ਹਾ ਦਾ ਹਿਰਦਾ ਬੇਕਰਾਰ ਹੋ ਉਠਿਆ। ਨੰਦ ਬਾਬਾ ਅਤੇ ਯਸ਼ੋਧਾ ਨੇ ਆਪਣੇ ਪੁੱਤਰ ਨੂੰ ਜਦੋਂ ਆਪਣੇ ਹਿਰਦੇ ਨਾਲ ਲਗਾਇਆ, ਤਾਂ ਮਮਤਾ ਅਤੇ ਵਾਤਸਲਯ ਦੇ ਸਮੁੰਦ੍ਰ ਵਿੱਚ ਜਵ੍ਹਾਰਭਾਟੇ ਆ ਗਏ। ਮਾਤਾ ਅਤੇ ਪਿਤਾ ਦੇ ਨੇਤ੍ਰ ਅੱਥਰੂਆਂ ਨਾਲ ਸਜਲ ਹੋ ਉਠੇ, ਕਿਉਂਕਿ ਨਿਰਮੋਹੀ ਕ੍ਰਿਸ਼ਨ ਜੀ ਦੇ ਹਿਰਦੇ ਅੰਦਰ ਆਪਣੇ ਮਾਤਾ ਪਿਤਾ ਦਾ ਮੋਹ ਵੀ ਨਹੀਂ ਸੀ। ਮਾਤਾ ਆਪਣੇ ਹਿਰਦੇ ਦੇ ਉਦਗਾਰਾਂ ਨੂੰ ਸਪਸ਼ਟ ਕਰਦੀ ਹੈ, ਅਤੇ ਆਪਣੇ ਪਿਆਰੇ ਪੁੱਤਰ ਤੋਂ ਵਾਰਨੇ ਬਲਿਹਾਰਨੇ ਜਾਂਦੀ ਹੈ।

ਆਪਣੇ ਮਾਤਾ ਪਿਤਾ ਨੂੰ ਮਿਲਕੇ, ਸ੍ਰੀ ਕ੍ਰਿਸ਼ਨ ਜੀ ਗੋਪੀਆਂ ਨੂੰ ਦਰਸ਼ਨ ਦੇਣ ਗਏ ਤਾਂ ਗੋਪੀਆਂ ਦੀ ਖੁਸ਼ੀ ਦਾ ਕੋਈ ਥਾਹ ਨਹੀਂ ਸੀ। ਗੋਪਿਆਂ ਉਨ੍ਹਾ ਦਾ ਸੁਆਗਤ ਕਰਨ ਲਈ ਭੱਜ ਕੇ ਬਾਹਰ ਆਈਆਂ, ਉਸ ਵੇਲੇ ਇਸ ਤਰ੍ਹਾ ਲੱਗ ਰਿਹਾ ਸੀ, ਜਿਵੇਂ ਮੁਰਦਾ ਹੋਏ ਸਰੀਰਾਂ ਵਿੱਚ ਫਿਰ ਜਾਨ ਪੈ ਗਈ ਹੋਵੇ, ਭੁੱਖੇ ਨੂੰ ਅੰਨ ਮਿਲ ਗਿਆ ਹੋਵੇ, ਪਿਆਸੇ ਨੂੰ ਸੜਦੇ ਹੋਏ ਰੇਗਿਸਤਾਨ ਵਿੱਚ ਠੰਢੇ ਜਲ ਦਾ ਫੁਹਾਰਾ ਮਿਲ ਗਿਆ ਹੋਵੇ, ਅਤੇ ਉਸਨੂੰ ਪੀ ਕੇ ਗੋਪੀਆਂ ਨੇ ਆਪਣੀ ਪਿਆਸ ਬੁਝਾ ਕੇ ਆਪਣੇ ਆਪ ਨੂੰ ਤ੍ਰਿਪਤ ਕਰ ਲਿਆ ਹੋਵੇ। ਚਾਤ੍ਰਿਕ ਨੂੰ ਸਵਾਂਤਿ ਬੂੰਦ ਮਿਲ ਗਈ, ਭ੍ਰਮਰ ਨੂੰ ਫੁੱਲਾਂ ਦਾ ਰਸ, ਪਰਵਾਨੇ ਨੂੰ ਸ਼ਮ੍ਹਾ ਮਿਲ ਗਈ। ਉਹ ਸ੍ਰੀ ਕ੍ਰਿਸ਼ਨ ਜੀ ਦਾ ਦਰਸ਼ਨ ਕਰਦਿਆਂ ਹੀ ਸੁੱਧ ਭੁੱਲ ਗਈਆਂ। ਇਹ ਸਾਰਾ ਕੁਝ ਵੇਖਕੇ ਸ੍ਰੀ ਕ੍ਰਿਸ਼ਨ ਜੀ ਨੇ ਸਾਰੀਆਂ ਗੋਪੀਆਂ ਗਿਆਨ ਸਰੂਪ ਕਰ ਦਿੱਤੀਆਂ।

**ਬਿਸਨਪਦ।।ਧਨਾਸਰੀ।।**
**ਸੁਨ ਪਾਈ ਬ੍ਰਿਜ ਬਾਲਾ ਮੋਹਨ ਆਏ ਹੈ ਕੁਰਖੇਤ।।**
**ਦਰਸਨ ਦੇਖ ਸਭੈ ਦੁਖ ਬਿਸਰੇ**
**ਬੇਦ ਕਹਤ ਜਿਹ ਨੇਤ।।**
**ਤਨ ਮਨ ਅਟਿਕਯੋ ਚਰਨ ਕਵਲ ਸੌ**
**ਧਨ ਨਿਵਛਾਵਰ ਦੇਤ।।**

**ਕ੍ਰਿਸਨ ਇਕਾਂਤ ਕੀਯੋ ਤਿਹ ਹੀ**
**ਛਿਨ ਕਹਯੋ ਗਿਆਨ ਸਿਖ ਲੇਹੁ।।**
**ਮਿਲ ਬਿਛੁਰਨ ਦੋਊ ਇਹ ਜਗ ਮੈ**
**ਮਿੱਥਿਆ ਤਨੁ ਅਸਨੇਹੁ।।੨੪੨੬।।**

*– ਦਸਮ ਗ੍ਰੰਥ ਪੰਨਾ ੫੬੨*

ਸ੍ਰੀ ਕ੍ਰਿਸ਼ਨ ਜੀ ਨੇ ਗੋਪੀਆਂ ਦੇ ਮਨ ਨੂੰ ਉਸੇ ਵੇਲੇ ਇਕਾਂਤ ਕਰਕੇ ਕਿਹਾ, ਕਿ ਉਹ ਗਿਆਨ ਦੀ ਪ੍ਰਾਪਤੀ ਕਰ ਲੈਣ। ਸੰਜੋਗ ਅਤੇ ਵਿਯੋਗ, ਮਿਲਣਾ ਅਤੇ ਵਿਛੜਨਾ ਇਹ ਸੰਸਾਰ ਦੀ ਰੀਤ ਹੈ, ਅਤੇ ਇਹ ਸਰੀਰ ਬਿਲਕੁਲ ਮਿਥਿਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੋਪੀਆਂ ਦੀ ਵਿਆਕੁਲਤਾ, ਬਿਰਹੋਂ, ਅਤੇ ਤੜਪ ਲਈ ਬੜੀ ਹੀ ਸੁੰਦਰ ਅਤੇ ਢੁੱਕਵੀਂ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਉਹਨਾ ਦੀ ਮਨੋ ਦਸ਼ਾ ਨੂੰ ਬੜੇ ਸੰਖੇਪ ਵਿੱਚ ਵਰਣਨ ਕੀਤਾ ਹੈ। ਗਾਗਰ ਵਿੱਚ ਸਾਗਰ ਭਰਨਾ ਉਹਨਾ ਦੀ ਸ਼ੈਲੀ ਦੀ ਇੱਕ ਖ਼ਾਸ ਵਿਸ਼ੇਸ਼ਤਾ ਹੈ। ਉਹ ਬਹੁਤ ਵੱਡੀ ਗੱਲ ਨੂੰ ਬੜੇ ਘੱਟ ਸ਼ਬਦਾਂ ਵਿੱਚ ਕਹਿਣ ਦੀ ਸਮਰੱਥਾ ਰੱਖਦੇ ਹਨ। ਗੋਪੀਆਂ ਦੀ ਵਿਅਯਥਾ ਸੁਣਨਾ ਕੋਈ ਸਰਲ ਕੰਮ ਨਹੀਂ। ਗੋਪੀਆਂ ਦੇ ਅੱਥਰੂਆਂ ਦੀ ਝੜੀ ਦੇ ਨਾਲ ਹੀ ਪਾਠਕ ਦੀਆਂ ਅੱਖਾਂ ਵਿੱਚ ਵੀ ਬਰਸਾਤ ਉਮਡ ਪੈਂਦੀ ਹੈ, ਅਤੇ ਚਾਰੇ ਪਾਸੇ ਬੱਦਲ ਘਣਘੋਰ ਹਨ, ਕਿ ਉਸ ਬਰਸਾਤ ਦਾ ਕੋਈ ਅੰਤ ਹੀ ਨਜ਼ਰ ਨਹੀਂ ਆਉਂਦਾ। ਵਿਰਹ ਵਿਯੋਗ ਦਾ ਅਥਾਹ ਸਮੁੰਦਰ ਠਾਠਾਂ ਮਾਰਦਾ ਰਹਿੰਦਾ ਹੈ, ਅਤੇ ਗੋਪੀਆਂ ਦੇ ਨਾਲ ਨਾਲ ਪਾਠਕ ਵੀ ਉਸ ਸਮੁੰਦਰ ਵਿੱਚ ਗੋਤੇ ਲਗਾਉਂਦਾ ਸਿਸਕਦਾ ਹੈ। ਇਸ ਬ੍ਰਿਹ ਨਾਟਕ ਬਾਰਹਮਾਹ ਦਾ ਇੱਕ ਇੱਕ ਸ਼ਬਦ ਪਾਠਕ ਦੇ ਹਿਰਦੇ ਅੰਦਰ ਧੱਸ ਜਾਂਦਾ ਹੈ, ਅਤੇ ਉਹ ਉਨ੍ਹਾ ਦਾ ਹੀ ਇੱਕ ਮਹੱਤਵ ਪੂਰਨ ਅੰਗ ਬਣ ਜਾਂਦਾ ਹੈ।

# ਪ੍ਰਸਤਾਵਨਾ

**ਕਾਗਜ ਦੀਪ ਸਭੈ ਕਰਿ ਹੌਂ ਅਰੁ ਸਾਤ ਮਹਾਰਵਣ ਕੀ ਮਸੁ ਕੈ ਹੌਂ।।**
**ਕਾਟ ਬਨਾਸਪਤੀ ਸਿਗਰੀ ਲਿਖਬੇ ਹੂੰ ਕੇ ਲੇਖਨ ਕਾਜ ਬਨੈ ਹੌਂ।।**
**ਸਾਰਸ੍ਵਤੀ ਬਕਤਾ ਕਰਕੈ ਜੁਗ ਚਾਰਿ ਗਨੇਸ ਕੇ ਹਾਥ ਲਿਖੈ ਹੌਂ।।**
**ਕੋਟ ਕਬਿਤਨ ਜੋ ਕਰਿ ਹੌਂ ਤੁਮ ਕੌਂ ਨ ਤਊ ਪ੍ਰਭ ਨੈਕ ਰਿਝੈ ਹੌਂ।।**

*- ਦਸਮ ਗ੍ਰੰਥ ਅਸਫੋਟਕ ਕਬਿਤ ਪੰਨਾ - ਗ*

ਸੱਚੇ ਪਾਤਸ਼ਾਹ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਬਹੁ-ਪੱਖੀ ਸ਼ਖਸ਼ੀਅਤ ਨੂੰ ਸ਼ਬਦਾਂ ਵਿੱਚ ਵਰਣਨ ਕਰਨਾ ਅਤਿ ਕਠਿਨ ਹੈ। ਉਹ ਤਾਂ ਸਰਬ ਗੁਣ ਸੰਪੰਨ ਮਹਾਂਪੁਰਖ ਸਨ। ਉਨ੍ਹਾਂ ਦੇ ਗੁਣਾਂ ਦਾ ਗਾਣ ਕਰਨਾ ਮਨੁੱਖ ਦੀ ਸਮਰੱਥਾ ਤੋਂ ਬਾਹਰ ਹੈ। ਅਕਾਲ ਪੁਰਖ ਪ੍ਰਭੂ ਨੇ ਆਪ ਜੀ ਨੂੰ ਆਪਣਾ ਸਪੁੱਤ੍ਰ ਬਣਾ ਕੇ ਇਸ ਸ੍ਰਿਸ਼ਟੀ ਵਿੱਚ ਕਿਸੇ ਵਿਸ਼ੇਸ਼ ਮੰਤਵ ਦੀ ਪੂਰਤੀ ਲਈ ਭੇਜਿਆ। ਜੇਕਰ ਇੱਕ ਪਾਸੇ ਧਰਮ ਦਾ ਪ੍ਰਚਾਰ ਅਤੇ ਖਾਲਸਾ ਪੰਥ ਦੀ ਸਾਜਨਾ ਕਰਨ ਲਈ, ਆਪ ਜੀ ਨੇ ਅਵਤਾਰ ਧਾਰਨ ਕੀਤਾ, ਤੇ ਦੂਸਰੇ ਪਾਸੇ ਦੁਸ਼ਟਾਂ ਦਾ ਸੰਹਾਰ ਕਰਨ ਦਾ ਇੱਕ ਵਿਸ਼ੇਸ਼ ਪ੍ਰੋਗ੍ਰਾਮ ਬਣਾਇਆ ਹੋਇਆ ਸੀ; ਜੇਕਰ ਇੱਕ ਪਾਸੇ ਆਪ ਜੀ ਦੀ ਮਨਮੋਹਕ ਸ਼ਖਸ਼ੀਅਤ ਵਿੱਚੋਂ ਰੂਹਾਨੀਅਤ ਡੁੱਲ ਡੁੱਲ ਪੈਂਦੀ ਸੀ, ਤੇ ਦੂਸਰੇ ਪਾਸੇ ਆਪ ਜੀ ਦੀ ਰੋਹਬੀਲੀ ਸ਼ਖਸ਼ੀਅਤ ਵੈਰੀਆਂ ਨੂੰ ਥਰ ਥਰ ਕੰਬਾ ਦਿੰਦੀ ਸੀ; ਜੇਕਰ ਇੱਕ ਪਾਸੇ ਬਚਪਨ ਵਿੱਚ ਆਪ ਆਪਣੇ ਪਿਆਰੇ ਪਿਤਾ ਤਿਲਕ-ਜੰਜੂ ਦੇ ਰਾਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਧਰਮ ਦੀ ਰੱਖਿਆ ਕਰਨ ਵਾਸਤੇ ਜ਼ਾਲਮ ਹਕੂਮਤ ਨਾਲ ਟੱਕਰ ਲੈਣ ਲਈ ਸਰਾਹੁਣਾ ਕਰਦੇ ਤੇ ਦੂਸਰੇ ਪਾਸੇ ਨੌਂ ਸਾਲ ਦੀ ਛੋਟੀ ਜਿਹੀ ਆਯੂ ਵਿੱਚ ਗੁਰਗੱਦੀ ਤੇ ਸੁਸ਼ੋਭਿਤ ਹੋ ਕੇ ਦੁਸ਼ਟਾਂ ਦਾ ਸੰਹਾਰ ਕਰਨ ਦਾ ਬੀੜਾ ਚੁੱਕ ਲਿਆ।

ਆਪ ਜੀ ਨੇ ਆਪਣੇ ਸਮੁੱਖ ਇਹ ਵਿਸ਼ੇਸ਼ ਉਦੇਸ਼ ਰਖਿਆ ਹੋਇਆ ਸੀ ਕਿ ਆਪ ਜੀ ਕੋਈ ਵੀ ਕੰਮ ਕਰਨਗੇ, ਉਸ ਵਿੱਚ ਵਿਜਯ ਨਿਸ਼ਚੈ ਹੋਵੇਗੀ। ਆਪ ਜੀ ਤਾਂ ਰਾਜਿਆਂ ਵਿੱਚ ਮਹਾਰਾਜਾ ਸਨ, ਲਿਖਾਰੀਆਂ ਵਿੱਚ ਮਹਾਂ ਲਿਖਾਰੀ ਸਨ, ਕਵੀਆਂ ਵਿੱਚ ਮਹਾਂ ਕਵੀ ਬਣਕੇ ਸੁਸ਼ੋਭਿਤ ਹੁੰਦੇ ਸਨ, ਯੋਧਿਆਂ ਵਿੱਚ ਪਰਮ

ਯੋਧਾ ਸਨ।

ਆਪ ਜੀ ਦੀਆਂ ਅਨਗਿਣਤ ਰਚਨਾਵਾਂ ਵਿੱਚੋਂ ਦਸਮ ਗ੍ਰੰਥ ਵਿੱਚ ਸੰਕਲਿਤ ਬਾਣੀ ਆਪਣੀ ਇੱਕ ਵਿਸ਼ੇਸ਼ ਮਹਤੱਤਾ ਰਖਦੀ ਹੈ। ਅਨੇਕ ਹਸਤ ਲਿਖਿਤ ਬੀੜਾਂ ਤੋਂ ਇਲਾਵਾ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਕਈ ਪ੍ਰਕਾਸ਼ਿਤ ਸੰਸਕਰਣ ਉਪਲਬੱਧ ਹਨ। ਆਮ ਪ੍ਰਚਲਿਤ ਪ੍ਰਕਾਸ਼ਿਤ ਸੰਸਕਰਣ ਭਾਈ ਜਵਾਹਰ ਸਿੰਘ, ਕ੍ਰਿਪਾਲ ਸਿੰਘ ਅੰਮ੍ਰਿਤਸਰ ਵਾਲਿਆਂ ਦਾ ਹੈ ਜਿਸਦੇ ਕੁਲ ਪੰਨੇ **੧੪੨੮** ਹਨ ਅਤੇ ਅੰਤ ਵਿੱਚ **੮** (ਅੱਠ) ਪੰਨੇ ਅਸਫੋਟਕ ਕਬਿਤਾਂ ਦੇ ਹਨ। ਉਸ ਵਿੱਚ ਸਮਿੱਲਤ ਬਾਣੀਆਂ ਦਾ ਵੇਰਵਾ ਇਸ ਪ੍ਰਕਾਰ ਹੈਃ-

(1) ਜਾਪੁ ਸਾਹਿਬ
(2) ਅਕਾਲ ਉਸਤਤ
(3) ਬਚਿਤ੍ਰ ਨਾਟਕ (ਆਪਣੀ ਕਥਾ)
(4) ਚੰਡੀ ਚਰਿਤ੍ਰ ਉਕਤਿ ਬਿਲਾਸ
(5) ਚੰਡੀ ਚਰਿਤ੍ਰ-**੨**
(6) ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ)
(7) ਗਿਆਨ ਪ੍ਰਬੋਧ
(8) ਚੌਬੀਸ ਅਉਤਾਰ
(9) ਰਾਮਕਲੀ ਪਾਤਿਸ਼ਾਹੀ **੧੦** (ਸ਼ਬਦ ਹਜਾਰੇ)
(10) ਸਵੈਯੇ (**੩੩**)
(11) ਖਾਲਸਾ ਮਹਿਮਾ
(12) ਸ਼ਸਤ੍ਰ ਨਾਮ ਮਾਲਾ
(13) ਪਖਿਆਨ ਚਰਿਤ੍ਰ
(14) ਜ਼ਫਰਨਾਮਾ
(15) ਅਸਫੋਟਕ ਕਬਿਤ ਪੰਨਾ 'ੳ' ਤੋ 'ਗ' ਤਕ

ਇਸ ਤੋਂ ਇਲਾਵਾ ਸਰਬ ਲੋਹ ਗ੍ਰੰਥ, ਗੁਰਿੰਡ ਨਾਮਾ, ਬੇਅੰਤ ਸਾਖੀਆਂ ਵਿੱਚ ਭਵਿਖਤ ਵਾਕ ਅਤੇ ਹੋਰ ਅਨਮੋਲ ਵਡਮੁੱਲੀਆਂ ਸਾਹਿੱਤਕ ਰਚਨਾਵਾਂ ਉਪਲੱਬਧ ਹਨ।

ਸ੍ਰੀ ਦਸਮ ਗ੍ਰੰਥ ਸਾਹਿਬ ਦਾ ਅਰੰਭ ਜਾਪੁ ਸਾਹਿਬ ਦੀ ਬਾਣੀ ਨਾਲ ਹੁੰਦਾ ਹੈ। ਅਕਾਲ ਉਸਤਤਿ ਵਿੱਚ ਇਸ ਤਰ੍ਹਾਂ ਭਾਸਦਾ ਹੈ, ਜਿਵੇਂ ਸੱਚੇ ਪਾਤਸ਼ਾਹ ਜੀ ਨੇ ਅਕਾਲ ਪੁਰਖ ਨੂੰ ਆਪਣੇ ਸਾਹਮਣੇ ਬਿਠਾਇਆ ਹੋਵੇ ਤੇ ਅਣਗਿਣਤ ਵਿਸ਼ੇਸ਼ਣਾਂ ਦੀ ਭਰਮਾਰ ਰਾਹੀਂ ਉਸਦੀ ਮਹਿਮਾ ਦਾ ਵਰਣਨ ਕਰ ਰਹੇ ਹੋਣ। ਬਚਿਤ੍ਰ ਨਾਟਕ ਵਿੱਚ ਸਤਿਗੁਰੂ ਗੋਬਿੰਦ ਸਿੰਘ ਜੀ ਆਪਣੇ ਪੂਰਬਲੇ ਜਨਮ ਦਾ

ਵਰਣਨ ਕਰਦੇ ਹਨ ਅਤੇ ਚੰਡੀ ਚਰਿਤ੍ਰਾਂ, ਦੁਰਗਾ ਦੀ ਵਾਰ ਵਿੱਚ ਭਗਵਤੀ ਮਾਂ ਦਾ ਗੁਣ-ਗਾਣ ਕੀਤਾ ਹੈ। ਗਿਆਨ ਪ੍ਰਬੋਧ ਵਿੱਚ ਅਕਾਲ ਪੁਰਖ ਦੇ ਸਰਗੁਣ ਅਤੇ ਨਿਰਗੁਣ ਸਰੂਪ ਦੀ ਉਪਮਾ ਹੈ। ਇਸਦੇ **੩੩੬** ਛੰਦ ਪਾਠਕਾਂ ਦੇ ਮਨਾਂ ਨੂੰ ਮੋਹ ਲੈਂਦੇ ਹਨ। ਚਉਬੀਸ ਅਵਤਾਰਾਂ ਵਿੱਚ ਚੌਵੀ ਅਵਤਾਰਾਂ ਦਾ ਵਰਣਨ ਵੱਖ-ਵੱਖ ਛੰਦਾਂ ਵਿੱਚ ਕੀਤਾ ਗਿਆ ਹੈ। ਬ੍ਰਹਮਾ ਜੀ ਦੇ ਸੱਤ ਉਪਅਵਤਾਰਾਂ ਦਾ, ਤੇ ਦੋ ਰੁਦ੍ਰ ਜੀ ਦੇ ਉਪ ਅਵਤਾਰਾਂ ਦਾ ਵਰਣਨ ਹੈ। ਸ਼ਬਦ ਹਜਾਰੇ, ਸਵੈਯੇ, ਅਕਾਲ ਪੁਰਖ ਦੀ ਮਹਿਮਾ ਅਤੇ ਖਾਲਸਾ ਮਹਿਮਾ ਵਿੱਚ ਖਾਲਸੇ ਦੀ ਮਹਿਮਾ ਦਾ ਵਰਣਨ ਹੈ। ਸ਼ਸਤ੍ਰ ਨਾਮ ਮਾਲਾ ਵਿੱਚ ਅਨੇਕ ਪ੍ਰਕਾਰ ਦੇ ਸ਼ਸਤਰਾਂ ਦਾ ਵਿਸਥਾਰ ਹੈ ਅਤੇ ਪਖਿਆਨ ਚਰਿਤ੍ਰਾਂ ਵਿੱਚ **੭੫੩੯** ਛੰਦਾਂ ਰਾਹੀਂ ਤ੍ਰਿਆ ਚਰਿਤ੍ਰਾਂ ਦਾ ਵਰਣਨ ਕੀਤਾ ਹੈ। ਜ਼ਫਰਨਾਮਾ ਅਤੇ ਹਕਾਇਤਾਂ ਰਾਹੀਂ ਸੱਚੇ ਪਾਤਸ਼ਾਹ ਜੀ ਨੇ ਔਰੰਗਜ਼ੇਬ ਨੂੰ ਉਸਦੀ ਆਪਣੀ ਸ਼ਖਸੀਅਤ ਬਾਰੇ ਗਿਆਨ ਕਰਵਾਇਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਚੌਬੀਸ ਅਵਤਾਰਾ ਵਿੱਚੋਂ ਸ੍ਰੀ ਕ੍ਰਿਸ਼ਨਾਵਤਾਰ ਨੂੰ ਵਿਸਥਾਰ ਕੇ ਲਿਖਿਆ ਹੈ। ਸੱਚੇ ਪਾਤਸ਼ਾਹ ਜੀ ਕੋਲ ਗਿਆਨ ਦਾ ਅਥਾਹ-ਭੰਡਾਰ ਸੀ, ਉਹ ਸਾਗਰ ਨੂੰ ਗਾਗਰ ਵਿੱਚ ਬੰਦ ਕਰਦੇ ਸਨ, ਫਿਰ ਵੀ ਉਨ੍ਹਾਂ ਨੇ ਬਾਰ-ਬਾਰ ਇਹ ਦੁਹਰਾਇਆ ਹੈ – '**ਗ੍ਰੰਥਿ ਬਡਨ ਤੇ ਅਧਿਕ ਡਰਾਉ**'। ਕ੍ਰਿਸ਼ਨਾਵਤਾਰ ਵਿੱਚ ਸ੍ਰੀ ਕ੍ਰਿਸ਼ਨ ਜੀ ਨੂੰ ਵਿਸ਼ਨੂੰ ਜੀ ਦਾ ਅਠਵਾਂ ਅਵਤਾਰ ਮੰਨਿਆ ਹੈ। ਸ੍ਰੀ ਕ੍ਰਿਸ਼ਨ ਜੀ ਦੇ ਪਿਤਾ ਵਾਸੁਦੇਵ ਅਤੇ ਮਾਤਾ ਦੇਵਕੀ ਸਨ। ਉਨ੍ਹਾਂ ਦਾ ਜਨਮ ਮਥਰਾ ਦੇ ਜੇਲ੍ਹਖਾਨੇ ਵਿੱਚ ਹੋਇਆ ਅਤੇ ਗੋਕਲ ਵਿਖੇ ਬਾਬਾ ਨੰਦ ਗੋਪ ਅਤੇ ਯਸ਼ੋਧਾ ਦੀ ਦੇਖ ਰੇਖ ਵਿੱਚ ਪਾਲਣ ਪੋਸਣ ਹੋਇਆ। ਸ੍ਰੀ ਕ੍ਰਿਸ਼ਨ ਜੀ ਬੜੇ ਵੱਡੇ ਨੀਤੀਵਾਨ ਅਤੇ ਮਹਾਨ ਯੋਧਾ ਸਨ। ਉਨ੍ਹਾਂ ਨੇ ਕੰਸ ਦਾ ਸੰਹਾਰ ਕਰਕੇ ਉਗ੍ਰਸੈਨ ਨੂੰ ਰਾਜ ਸਿੰਘਾਸਨ ਤੇ ਬਿਰਾਜਮਾਨ ਕੀਤਾ ਸੀ। ਮਹਾਭਾਰਤ ਦੇ ਮੁੱਖ ਨਾਇਕ ਸ੍ਰੀ ਕ੍ਰਿਸ਼ਨ ਜੀ ਹੀ ਸਨ, ਉਹ ਅਰਜਨ ਦੇ ਰਥਵਾਹੀ ਬਣੇ ਅਤੇ ਪਾਂਡਵਾਂ ਨੂੰ ਯੁੱਧ ਵਿੱਚ ਵਿਜੈ ਪ੍ਰਾਪਤ ਕਰਵਾਉਣ ਦਾ ਸਿਹਰਾ ਇਨ੍ਹਾਂ ਦੇ ਸਿਰ ਉੱਤੇ ਹੀ ਸੀ। ਹੋਰ ਵੀ ਅਣਗਿਣਤ ਦੁਸ਼ਟਾਂ ਦਾ ਸੰਹਾਰ ਕਰਕੇ ਮਾਨਵਤਾ ਨੂੰ ਸੁੱਖ ਦਾ ਸਾਹ ਪ੍ਰਦਾਨ ਕੀਤਾ। ਆਪ ਜੀ ਦੀਆਂ ਅੱਠ ਪਟਰਾਣੀਆਂ ਸਨ-ਰੁਕਮਣੀ, ਕਾਲਿੰਦੀ, ਮਿਤ੍ਰਵਿਦਾ, ਸਤਯਾ, ਨਗਕਿਲਿਤੀ, ਜਸਵਤੀ, ਸੁਸ਼ੀਲਾ, ਸਤਯਭਾਮਾ, ਤੇ **੧੬੧੦੦** ਰਾਣੀਆਂ ਸਨ। ਪਰ ਰਾਧਾ ਨੂੰ ਸਭ ਤੋਂ ਵੱਧ ਸਨੇਹ ਪ੍ਰਾਪਤ ਸੀ। ਆਪ ਜੀ ਨੇ ਜਰ ਫੰਧਕ ਦੇ ਹੱਥੋਂ ਤੀਰ ਲਗਣ ਨਾਲ ਸੋਮ ਤੀਰਥ ਤੇ ਆਪਣਾ ਸਰੀਰ ਤਿਆਗ ਦਿੱਤਾ। ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਿਸ਼ਨਾਵਤਾਰ ਲਿਖਣ ਦਾ ਸਮਾਂ, ਅਤੇ ਸਥਾਨ ਲਿਖਿਆ ਹੈ।

**ਚਉਪਈ।।ਜੇ ਜੇ ਕਿਸਨ ਚਰਿਤ੍ਰ ਦਿਖਾਏ।**
**ਦਸਮ ਬੀਚ ਸਭ ਭਾਖ ਸੁਨਾਏ।**

**ਗਯਾਰਾ ਸਹਸ ਬਾਨਵੇ ਛੰਦਾ।**
**ਕਹੇ ਦਸਮ ਪੁਰ ਬੈਠ ਅਨੰਦਾ।**

*– ਦਸਮ ਗ੍ਰੰਥ ਪੰਨਾ ੨੫੪*

**ਦੋਹਰਾ।।ਸਤ੍ਰਹ ਸੈ ਚਵਤਾਲ ਮੈ ਸਾਵਨ ਸੁਦਿ ਬੁਧਵਾਰ।।**
**ਨਗਰ ਪਾਵਟਾ ਮੋ ਤੁਮੋ ਰਚਿਯੋ ਗ੍ਰੰਥ ਸੁਧਾਰ।।੯੮੩।।**

*– ਦਸਮ ਗ੍ਰੰਥ ਪੰਨਾ ੩੮੬*

ਇਸ ਦੇ ਕੁਲ ੨੪੯੨ ਛੰਦ ਹਨ ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ – ਅਵਤਾਰ ੧, ਸਵੈਯਾ ੧੭੮੭, ਝੂਲਨਾ ੪, ਅੜਿੱਲ ੧੩, ਛੱਪਾ ੫, ਬਿਸ਼ਨਪਦਾ ੩, ਭੁਜੰਗ ਪ੍ਰਯਾਤ ੧੨, ਚਉਪਈ ੧੭੦, ਦੋਹਰਾ ੩੯੧, ਕਬਿਤ ੬੦, ਤੋਮਰ ੧, ਸੋਰਠਾ ੩੬, ਤੋਟਕ ੯।

ਕ੍ਰਿਸ਼ਨਾਵਤਾਰ ਵਿੱਚ ਸ੍ਰੀ ਕ੍ਰਿਸ਼ਨ ਜੀ ਦੀਆਂ ਪਿਆਰੀਆਂ ਗੋਪੀਆਂ ਦਾ ਆਪਣਾ ਹੀ ਇੱਕ ਵਿਸ਼ੇਸ਼ ਮਹਤੱਵ ਹੈ। ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਦੇ ਪਿਆਰੇ ਇਸ਼ਟ ਹਨ, ਉਨ੍ਹਾਂ ਦਾ ਜੀਵਨ ਹੀ ਆਪਣੇ ਪਿਆਰੇ ਪ੍ਰੀਤਮ ਪ੍ਰਭੂ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਨਾਲ ਜੁੜਿਆ ਹੋਇਆ ਹੈ। ਉਹ ਤਾਂ ਇੱਕ ਖਿਣ, ਇੱਕ ਪਲ ਲਈ ਵੀ ਉਨ੍ਹਾਂ ਤੋਂ ਦੂਰ ਨਹੀਂ ਰਹਿ ਸਕਦੀਆਂ ਸਨ। ਸ੍ਰੀ ਕ੍ਰਿਸ਼ਨ ਜੀ ਗੋਪੀਆਂ ਨਾਲ ਕ੍ਰੀੜਾਵਾਂ ਕਰਦੇ ਸਨ, ਰਸ-ਰਾਸ ਦੀਆਂ ਖੇਡਾਂ ਰਚਾਉਂਦੇ ਸਨ ਅਤੇ ਬ੍ਰਿਜ ਵਾਸੀਆਂ ਦੇ ਹਿਰਦੇ ਸਮਰਾਟ ਸਨ। ਉਹ ਉਨ੍ਹਾਂ ਦੇ ਸ੍ਵਾਸਾਂ ਦੀ ਧੜਕਣ ਸਨ, ਪਰ ਉਨ੍ਹਾਂ ਪਿਆਰਿਆਂ ਨੂੰ ਇਹ ਨਹੀਂ ਸੀ ਪਤਾ ਕਿ ਉਨ੍ਹਾਂ ਦਾ ਪ੍ਰੀਤਮ ਉਨ੍ਹਾਂ ਨੂੰ ਰੋਂਦਿਆਂ ਕੁਰਲਾਉਂਦਿਆਂ ਛੱਡ ਕੇ ਬ੍ਰਿਜ ਵਾਸੀਆਂ ਨੂੰ ਤਿਆਗ ਕੇ ਅਕਰੂਰ ਨਾਲ ਮਥਰਾ ਚਲੇ ਜਾਣਗੇ। ਸ੍ਰੀ ਕ੍ਰਿਸ਼ਨ ਜੀ ਦੇ ਸਮੁੱਖ ਤਾਂ ਦੁਸ਼ਟ ਕੰਸ ਦਾ ਸੰਹਾਰ ਕਰਨਾ ਸੀ, ਪਾਪੀਆਂ ਨੂੰ ਨਾਸ ਕਰਕੇ ਸੰਤਾਂ ਭਗਤਾਂ ਦਾ ਉੱਧਾਰ ਕਰਨਾ ਸੀ। ਗੋਪੀਆਂ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਇਕੱਲੀਆਂ ਬ੍ਰਿਜ ਵਿਖੇ ਰਹਿ ਗਈਆਂ। ਉਨ੍ਹਾਂ ਦੇ ਸਾਹਮਣੇ ਸਨ-ਵਿਛੋੜੇ ਦੇ ਨਾ ਮੁੱਕਣ ਵਾਲੇ ਪਲ, ਆਪਣੇ ਪ੍ਰੀਤਮ ਦੀ ਮਧੁਰ ਯਾਦ ਵਿੱਚ ਹਉਕੇ, ਸਿਸਕੀਆਂ ਅਤੇ ਅੱਥਰੂਆਂ ਦਾ ਹੜ੍ਹ। ਗੋਪੀਆਂ ਦੀ ਇਸ ਵਿਅਯਥਾ ਨੂੰ ਸੂਰਦਾਸ, ਰਸਖਾਨ, ਕੇਸ਼ਵ ਜੀ ਅਤੇ ਹੋਰ ਅਨਗਿਣਤ ਕਵੀਆਂ ਨੇ ਉਲੀਕਣ ਦਾ ਪ੍ਰਯਤਨ ਕੀਤਾ ਹੈ, ਪਰ ਜਿਹੜੀ ਕਸਕ, ਵੇਦਨਾ, ਪੀੜਾ ਦਾ ਵਰਣਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਵਿੱਚ ਸੰਕਲਿਤ ਕ੍ਰਿਸ਼ਨਾਵਤਾਰ ਦੇ ਦੋ ਬਾਰਾਮਾਹ ਵਿੱਚ ਕੀਤਾ ਹੈ, ਉਹ ਆਪਣੇ ਆਪ ਵਿੱਚ ਇੱਕ ਅਦੁੱਤੀ ਰਚਨਾ ਹੈ। ਸਾਰੇ ਵਿਸ਼ਵ ਇਤਿਹਾਸ ਵਿੱਚ ਉਹੋ ਜਿਹਾ ਵਰਣਨ ਨਹੀਂ ਮਿਲਦਾ। ਪਾਠਕ ਗੋਪੀਆਂ ਦੀ ਵੇਦਨਾ, ਦੁੱਖ ਭਰੇ ਪਲਾਂ ਵਿੱਚ ਉਨ੍ਹਾਂ ਦੇ ਨਾਲ ਹੀ ਗੁਆਚ ਜਾਂਦਾ ਹੈ, ਅਤੇ ਗੋਪੀਆਂ ਦੇ ਅਥਾਹ, ਡੂੰਘੇ ਅਥੱਰੂਆਂ ਦੇ ਸਮੁੰਦ੍ਰ

ਵਿੱਚ ਗੋਤੇ ਮਾਰਨ ਲਗ ਪੈਂਦਾ ਹੈ। ਸੱਚੇ ਪਾਤਸ਼ਾਹ ਜੀ ਨੇ ਇਸ ਵਿਰਹ ਦਾ ਐਨੀ ਪ੍ਰਭਾਵਸ਼ਾਲੀ ਸ਼ੈਲੀ ਵਿੱਚ ਚਿਤ੍ਰਣ ਕੀਤਾ ਹੈ, ਕਿ ਉਹ ਪਾਠਕਾਂ ਦੇ ਮਨਾਂ ਉੱਤੇ ਅਮਿੱਟ ਪ੍ਰਭਾਵ ਪਾਉਂਦਾ ਹੈ। ਉਨ੍ਹਾਂ ਦਾ ਵਿਰਲਾਪ, ਹਾਉਕੇ, ਸਿਸਕਣਾ, ਰੋਣਾ, ਚਿੱਲਾਉਣਾ ਉਨ੍ਹਾਂ ਦੀ ਬੇਬਸੀ ਅੱਗੇ ਸਾਰੇ ਅਸਹਾਯ ਹੋ ਜਾਂਦੇ ਹਨ।

ਸ੍ਰੀ ਕ੍ਰਿਸ਼ਨ ਜੀ ਦੇ ਕੰਸ ਨੂੰ ਮਾਰਨ ਤੋਂ ਉਪਰੰਤ ਨੰਦ ਬਾਬਾ ਗੋਪ ਗੁਵਾਲਿਆਂ ਦੇ ਸਮੇਤ ਬ੍ਰਿਜ ਵਾਪਿਸ ਆ ਗਏ। ਬ੍ਰਿਜ ਵਾਸੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਦੀਦਾਰ ਨਹੀਂ ਹੋਏ। ਨੰਦ ਬਾਬਾ ਨੇ ਉਹਨਾਂ ਸਾਰਿਆਂ ਨੂੰ ਦੱਸਿਆ ਕਿ ਉਹ ਮਥਰਾ ਵਿਖੇ ਆਪਣੇ ਮਾਤਾ ਪਿਤਾ ਕੋਲ ਰਹਿ ਪਏ ਹਨ। ਇਹ ਗੱਲ ਸੁਣ ਕੇ ਸਾਰੇ ਬ੍ਰਿਜ ਵਾਸੀ ਸ਼ੋਕ ਸਾਗਰ ਵਿੱਚ ਡੁੱਬ ਗਏ। ਗੋਪੀਆਂ ਨੂੰ ਜਦੋਂ ਸ੍ਰੀ ਕ੍ਰਿਸ਼ਨ ਜੀ ਦੇ ਨਾ ਆਉਣ ਬਾਰੇ ਪਤਾ ਲੱਗਾ ਤਾਂ ਉਹ ਅਤਿ ਵਿਰਲਾਪ ਕਰਕੇ ਉੱਚੀ-ਉੱਚੀ ਰੋਣ ਲੱਗ ਪਈਆਂ, ਅਤੇ ਮੁਰਝਾ ਕੇ ਧਰਤੀ ਉੱਤੇ ਡਿੱਗ ਪਈਆਂ। ਉਹਨਾ ਨੂੰ ਇਸ ਗੱਲ ਦਾ ਅਤਿ ਦੁੱਖ ਹੈ ਕਿ ਸ੍ਰੀ ਕ੍ਰਿਸ਼ਨ ਜੀ ਨੇ ਉਨ੍ਹਾ ਨੂੰ ਬਿਲਕੁਲ ਹੀ ਵਿਸਾਰ ਦਿੱਤਾ ਹੈ, ਅਤੇ ਉਹ ਮਥਰਾ ਦੇ ਹੀ ਹੋ ਕੇ ਰਹਿ ਗਏ ਹਨ।

**ਰੀ ਸਜਨੀ ਸੁਨੀਯੈ ਬਤੀਯਾਂ**
**ਬ੍ਰਿਜ ਨਾਰ ਸਭੈ ਬ੍ਰਿਜ ਨਾਥ ਬਿਸਾਰੀ।**

*– ਦਸਮ ਗ੍ਰੰਥ ਪੰਨਾ* **੩੬੯**

ਉਨ੍ਹਾ ਨੂੰ ਆਪਣੇ ਪਿਆਰੇ ਸਿਆਮ ਸੁੰਦਰ ਜੀ ਦੇ ਦਰਸ਼ਨ ਨਾ ਹੋਣ ਦਾ ਬਹੁਤ ਵੱਡਾ ਦੁੱਖ ਹੈ, ਅਤੇ ਇਸ ਦੁੱਖ, ਪੀੜ, ਕਸਕ, ਦਾ ਵਰਣਨ ਕੀਤਾ ਹੈ। ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੇ ਬਾਰਾਮਾਹ ਦੀ **੮੬੭** ਤੋ **੮੭੯** ਕ੍ਰਮ ਵਿੱਚ ਤੇ ਦੂਸਰੇ ਦੀ **੯੧੧** ਤੋਂ **੯੨੫** ਕ੍ਰਮ ਵਿੱਚ ਰਚਨਾ ਕੀਤੀ ਹੈ। ਬ੍ਰਿਹਨਾਟਕ ਬਾਰਾਮਾਂਹ ਸੰਪੂਰਣ ਕਰਕੇ ਹਰ ਮਹੀਨੇ ਵਿੱਚ ਗੋਪੀਆਂ ਦੀ ਵਿਰਹ ਵਿਅਯਥਾ ਦਾ ਵਰਣਨ ਬੜੀ ਦਿਲ ਖਿੱਚਵੀਂ ਸ਼ੈਲੀ ਵਿੱਚ **੯੧੧** ਤੋਂ **੯੨੫** ਕ੍ਰਮ ਤਕ ਕੀਤਾ ਹੈ। ਪਹਿਲੇ ਬਾਰਾਮਾਹ ਦਾ ਆਰੰਭ ਫਗਣ ਦੇ ਮਹੀਨੇ ਤੋਂ ਸ਼ੁਰੂ ਹੁੰਦਾ ਹੈ। ਉਨ੍ਹਾਂ ਨੂੰ ਆਪਣੇ ਪਿਆਰੇ ਸਾਂਵਲੇ ਸ੍ਰੀ ਕ੍ਰਿਸ਼ਨ ਜੀ ਦੀ ਯਾਦ ਤੜਪਾਉਂਦੀ ਹੈ, ਜਦੋਂ ਉਹ ਸੁੰਦਰ ਕੁੰਜ ਗਲੀਆਂ ਵਿੱਚ ਪਿਚਕਾਰੀਆਂ ਦੇ ਨਾਲ ਇੱਕ ਦੂਸਰੇ ਉੱਤੇ ਗੁਲਾਲ ਦਾ ਛਿੜਕਾਅ ਕਰਦੀਆਂ ਸਨ। ਚੇਤਰ ਦੇ ਮਹੀਨੇ ਵਿੱਚ ਗੋਪੀਆਂ ਆਪਣੇ ਤਨਾਂ ਨੂੰ ਖੂਬ ਹਾਰ ਸ਼ਿੰਗਾਰ ਕਰਕੇ ਸੁਹਣਾ ਬਣਾਉਂਦੀਆਂ ਹਨ। ਵੈਸਾਖ ਦੇ ਮਹੀਨੇ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਮੁਰਲੀ ਦੀ ਯਾਦ ਗੋਪੀਆਂ ਨੂੰ ਤੜਪਾ ਦਿੰਦੀ ਹੈ। ਜੇਠ ਦੇ ਮਹੀਨੇ ਵਿੱਚ ਗੋਪੀਆਂ ਆਪਣੇ ਸਰੀਰਾਂ ਨੂੰ ਸੁਗੰਧੀ ਨਾਲ ਸੁਸ਼ੋਭਿਤ ਕਰਕੇ ਨਦੀ ਦੇ ਕੰਢੇ ਉੱਤੇ ਖੇਡਦੀਆਂ ਸਨ। ਹਾੜ ਦੇ ਵਿੱਚ ਹਨੇਰੀਆਂ ਧੁੱਪਾਂ ਤੋਂ ਬਚਣ ਲਈ ਸ੍ਰੀ ਕ੍ਰਿਸ਼ਨ ਜੀ ਨਾਲ ਠੰਢੇ ਚਸ਼ਮਿਆਂ ਵਿੱਚ ਖੇਡਦੀਆਂ

ਸਨ, ਸਾਉਣ ਦੇ ਮਹੀਨੇ ਵਿੱਚ ਘਨਘੋਰ ਬੱਦਲਾਂ ਹੇਠਾਂ ਗੋਪੀਆਂ ਆਪਣੇ ਕਾਨ੍ਹਰ ਨਾਲ ਖੇਡਦੀਆਂ ਸਨ; ਭਾਦਰੋਂ ਮਹੀਨੇ ਵਿੱਚ ਰੁੱਖਾਂ ਹੇਠਾਂ ਸ੍ਰੀ ਕ੍ਰਿਸ਼ਨ ਜੀ ਨਾਲ ਗੋਪੀਆਂ ਕੇਲ ਕ੍ਰੀੜਾਵਾਂ ਕਰਕੇ ਆਨੰਦ ਮਗਨ ਹੁੰਦੀਆਂ; ਅੱਸੂ ਦੇ ਮਹੀਨੇ ਵਿੱਚ ਰਸ ਭਰੇ ਗੀਤ ਸਾਰੇ ਮਿਲ ਜੁਲਕੇ ਗਾਉਂਦੇ। ਮੱਘਰ ਦੇ ਮਹੀਨੇ ਵਿੱਚ ਸਾਰੇ ਮਿਲ ਜੁਲਕੇ ਖੇਡ ਖੇਡਕੇ ਆਨੰਦਿਤ ਹੁੰਦੇ। ਪੋਹ ਦੇ ਮਹੀਨੇ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਪ੍ਰੀਤਿ ਸਭ ਤੋਂ ਅਧਿਕ ਸੀ। ਮਾਘ ਦੇ ਮਹੀਨੇ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਮੁਰਲੀ ਦੇ ਨਾਲ ਰਾਸ ਲੀਲਾ ਰਚਾਈ ਜਾਂਦੀ। ਗੋਪੀਆਂ ਸ੍ਰੀ ਕ੍ਰਿਸ਼ਨ ਜੀ ਨੂੰ ਯਾਦ ਕਰਕੇ ਬੇਸੁਧ ਬੇਹੋਸ਼ ਹੋ ਕੇ ਧਰਤੀ ਉੱਤੇ ਡਿੱਗ ਪੈਂਦੀਆਂ ਅਤੇ ਸਾਰੀਆਂ ਦੇ ਨੇਤਰ ਅੱਥਰੂਆਂ ਨਾਲ ਸਜਲ ਹੋ ਜਾਂਦੇ।

ਇਸ ਬਾਰਾਮਾਂਹ ਦੇ ਭਾਵ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੋਪੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਆਪਣੇ ਬੀਤੇ ਹੋਏ ਪਲਾਂ ਦੀ ਯਾਦ ਸਤਾਉਂਦੀ ਹੈ ਤੇ ਹੁਣ ਵਿਰਹ, ਵਿਯੋਗ ਦੀ ਭੱਠੀ 'ਚ ਪੈ ਕੇ ਸੜ ਰਹੀਆਂ ਹਨ, ਭੁੱਜ ਰਹੀਆਂ ਹਨ, ਤੜਪ ਰਹੀਆਂ ਹਨ। ਉਹ ਵਰਤਮਾਨ ਬਾਰਾਂ ਮਹੀਨਿਆਂ ਦੀ ਵਿਅਯਥਾ ਦੀ ਤੁਲਨਾਂ ਨੂੰ ਬੀਤੇ ਹੋਏ ਸਮੇਂ ਨਾਲ ਮਿਲਾਉਂਦੀਆਂ ਹਨ ਤੇ ਵਿਚਾਰ ਕਰਦੀਆਂ ਹਨ ਕਿ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਬੀਤੇ ਹੋਏ ਪਲ ਕਿੰਨੇ ਸੁਖਦਾਈ ਸਨ, ਆਨੰਦ ਦਾਇਕ ਸਨ ਤੇ ਹੁਣ ਸ੍ਰੀ ਕ੍ਰਿਸ਼ਨ ਜੀ ਤੋਂ ਬਗੈਰ ਹਰ ਪਲ ਦੁਖਦਾਈ ਅਤੇ ਚੁਭਵਾਂ ਲਗਦਾ ਹੈ। ਬਾਰਾਮਾਂਹ ਵਿੱਚ ਵਰਤਮਾਨ ਦੀ ਤੁਲਨਾ ਅਤੀਤ ਨਾਲ ਕੀਤੀ ਗਈ ਹੈ। ਅਤੀਤ ਅਤਿਅੰਤ ਸੁਹਾਵਨਾ ਸੀ ਅਤੇ ਵਰਤਮਾਨ ਅਤਿਅੰਤ ਕਸ਼ਟਾਂ ਭਰਪੂਰ, ਵੇਦਨਾ ਭਰਪੂਰ। ਸੱਚੇ ਪਾਤਸ਼ਾਹ ਜੀ ਭਾਵਾਂ ਦੀ ਅਭਿਵਿਅਕਤੀ ਬੜੇ ਸੁੰਦਰ ਸ਼ਬਦਾਂ ਰਾਹੀ ਕਰਦੇ ਹਨ, ਉਨ੍ਹਾਂ ਦਾ ਹਰੇਕ ਸ਼ਬਦ ਚੁਣਵਾਂ ਅਤੇ ਢੁਕਵਾਂ ਹੈ। ਹਰੇਕ ਮਹੀਨੇ ਦਾ ਆਪਣਾ ਹੀ ਇੱਕ ਵਿਸ਼ੇਸ਼ ਦ੍ਰਿਸ਼ ਦਰਸਾਇਆ ਗਿਆ ਹੈ, ਤੇ ਉਹ ਮਹੀਨੇ ਦਾ ਵਰਣਨ ਰਿਤੂ ਦੇ ਅਨੁਕੂਲ ਹੈ। ਫਗਣ ਦੇ ਮਹੀਨੇ ਵਿੱਚ ਤੁਕਾਂ ਰਮੈ, ਸਮੈ, ਗਮੈ, ਤਮੈ, ਦਾ ਪ੍ਰਗਟਾਵਾ ਹੈ, ਚੇਤ੍ਰ ਦੇ ਮਹੀਨੇ ਦੀ ਤੁਕਾਂਤ ਦੀ ਲੈਅ- ਲੀਏ, ਜੀਏ, ਟੀਏ, ਹੀਏ ਹੈ ਅਤੇ ਬਾਕੀ ਹੋਰ ਮਹੀਨਿਆਂ ਵਿੱਚ ਸੁਖਦਾਈ, ਬਜਾਈ, ਜਾਈ ਭਾਵ ੮੬੭ ਤੋਂ ੮੭੯ ਤਕ ਦੇ ਮਹੀਨਿਆਂ ਵਿੱਚ ਹਈ ਦੀ ਯੋਜਨਾ ਨੂੰ ਲਾਗੂ ਕੀਤਾ ਗਿਆ ਹੈ ਅਤੇ ਅੰਤ ਵਿੱਚ ਬਡਭਾਗੀ, ਪਾਗੀ, ਅਨੁਰਾਗੀ, ਲਾਗੀ ਦੀ ਯੋਜਨਾ ਨੂੰ ਅਪਣਾ ਕੇ ਸ਼ਬਦਾਂ ਰਾਹੀਂ ਆਪਣਾ ਇੱਕ ਵਿਸ਼ੇਸ਼ ਪ੍ਰਭਾਵ ਉਤਪੰਨ ਕੀਤਾ ਹੈ।

ਇਨ੍ਹਾਂ ਬਾਰਾਮਾਹਾਂ ਵਿੱਚ ਵੀ ਸ੍ਰੀ ਗੁਰ ਨਾਨਕ ਦੇਵ ਜੀ ਦੇ ਰਚਿਤ ਰਾਗ ਤੁਖਾਰੀ ਵਿੱਚ ਅਤੇ ਗੁਰੂ ਅਰਜਨ ਦੇਵ ਜੀ ਦੇ ਰਾਗ ਮਾਝ ਵਿੱਚ ਰਚਿਤ ਬਾਰਾਮਾਹ ਵਾਂਗ ਕੁਦਰਤ ਅਤੇ ਪ੍ਰਕ੍ਰਿਤੀ ਦਾ ਆਪਣਾ ਇੱਕ ਵਿਸ਼ੇਸ਼ ਮਹਤੱਵ ਪੂਰਨ ਸਥਾਨ ਹੈ। ਕੁਦਰਤ ਗੋਪੀਆਂ ਦੀ ਵਿਅਯਥਾ, ਪੀੜਾ ਪ੍ਰਗਟ ਕਰਨ ਲਈ

ਇੱਕ ਵਿਸ਼ੇਸ਼ ਮਹਤੱਵ ਰਖਦੀ ਹੈ ਅਤੇ ਪ੍ਰਕ੍ਰਿਤ ਭਾਵਾਂ ਦੀ ਅਭਿਵਿਅਕਤੀ ਨੂੰ ਹੋਰ ਵੀ ਸਪਸ਼ਟ ਕਰਦੀ ਹੈ। ਹਰੇਕ ਮਹੀਨੇ ਵਿੱਚ ਭਾਵਾਂ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਕ੍ਰਿਤੀ ਦੀ ਵਰਤੋਂ ਕਰਦੇ ਹਨ, ਜਿਸ ਤਰ੍ਹਾਂ ਕਿ :-

- ਹਰਿ ਸਿਉ ਬਨ ਬੀਚ ਰਮੈ।
- ਫੂਲ ਸੀ ਗ੍ਵਾਰਨ ਫੂਲ ਰਹੀ ਪਟਿ ਰੰਗਨ ਕੇ ਫੁਨ ਫੂਲ ਲੀਏ।
- ਪੁਨ ਕੋਕਲ ਕਾ ਸਮ ਹੋਤ ਜੀਏ।
- ਏਕ ਸਮੈ ਰਹੈ ਕਿੰਸਕ ਫੂਲਿ ਸਖੀ ਤਹ ਪਉਨ ਬਹੈ ਸੁਖਦਾਈ।
- ਭਉਰ ਗੁੰਜਾਰਤ ਹੈ।
- ਸਖੀ ਤੀਰ ਨਦੀ ਹਮ ਖੇਲਤ।
- ਪਉਨ ਪ੍ਰਚੰਡ ਚਲੈ।
- ਬਘੂਲਨ ਧੂਰ ਉਡਾਈ।
- ਧੂਪ ਲਗੈ ਜਿਹ ਮਾਸ ਬੁਰੀ।
- ਸੀਤਲ ਪਾਟਕਕਾ ਬਿ ਛਟਾਈ।
- ਜੋਰ ਘਟਾ ਘਨ ਆਏ ਜਹਾਂ ਸਖੀ।
- ਬੂੰਦਨ ਮੇਘ ਭਲੀ ਛਬਿ ਪਾਈ।
- ਬੋਲਤ ਚਾਤ੍ਰਿਕ ਦਾਦਰ ਅਉ ਘਨ
- ਮੋਰਨ ਪੈ ਘਨਘੋਰ ਲਗਾਈ।
- ਮੇਘ ਪਰੈ ਕਬਹੂੰ ਉਘਰੈ ਸਖੀ
  ਛਾਇ ਲਗੈ ਦ੍ਰੁਮ ਕੀ ਸੁਖਦਾਈ।
- ਸੇਤ ਨਦੀ ਤਹ ਧਾਰ ਬਹਾਈ।
- ਫੂਲ ਚੰਬੇਲੀ ਕੇ ਫੂਲ ਰਹੇ ਜਿਹ
  ਨੀਰ ਘਟਿਯੋ ਜਮੁਨਾ ਜੀਅ ਆਈ।
- ਫੂਲ ਰਹੇ ਤਿਹ ਫੂਲ ਭਲੇ।

ਇਸ ਤਰ੍ਹਾਂ ਬਾਰਾਮਾਂਹ ਵਿੱਚ ਬਨ, ਫੁੱਲ, ਕੋਇਲਾਂ, ਹਵਾ, ਭੌਰੇ ਨਦੀਆਂ ਦਾ ਜਲ, ਪ੍ਰਚੰਡ ਪਉਣ, ਧੁੱਪ, ਠੰਡਕ, ਪਾਣੀ ਦੇ ਫੁਹਾਰੇ, ਕਾਲੀਆਂ ਘਟਾਵਾਂ ਅਤੇ ਆਕਾਸ਼ ਵਿੱਚ ਮੰਡਰਾਉਂਦੇ ਬੱਦਲ, ਚਾਤ੍ਰਿਕ, ਦਾਦਰਾਂ ਦਾ ਬੋਲਣਾ, ਮੋਰ, ਰੁੱਖ ਬ੍ਰਿਖ ਅਤੇ ਭਾਂਤ-ਭਾਂਤ ਦੇ ਫੁੱਲਾਂ ਦੇ ਵਰਣਨ ਗੋਪੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਹੋਰ ਉਦਾਸੀਨ ਕਰਦੇ ਹਨ।

ਗੋਪੀਆਂ ਨੂੰ ਸਾਂਤਵਨਾ ਦੇਣ ਲਈ ਸ੍ਰੀ ਕ੍ਰਿਸ਼ਨ ਜੀ ਊਧੋ ਨੂੰ ਭੇਜਦੇ ਹਨ, ਕਿ ਗੋਪੀਆਂ ਨੂੰ ਜਾ ਕੇ ਸਮਝਾ ਬੁਝਾ ਕੇ ਵਿਯੋਗ ਦੀ ਪੀੜਾ ਨੂੰ ਖਤਮ ਕਰਨ। ਊਧਵ ਨੂੰ ਵੀ ਪੂਰਨ ਵਿਸ਼ਵਾਸ ਸੀ ਕਿ ਉਹ ਗੋਪੀਆਂ ਨਾਲ ਵਾਰਤਾਲਾਪ ਕਰਕ,

ਉਨ੍ਹਾਂ ਦੀ ਵਿਛੋੜੇ ਤੇ ਵਿਰਹ ਦੀ ਪਿਆਸ ਨੂੰ ਆਪਣੇ ਗਿਆਨ ਦਾ ਛਿੜਕਾਅ ਕਰਕੇ ਸ਼ਾਂਤ ਕਰ ਸਕਣਗੇ, ਪਰ ਅੰਤ ਵਿੱਚ ਊਧਵ ਨੇ ਗੋਪੀਆਂ ਦੇ ਅਸੀਮ ਪਿਆਰ ਦੇ ਸਾਹਮਣੇ ਆਪਣੀ ਹਾਰ ਮੰਨ ਲਈ। ਗੋਪੀਆਂ ਦੇ ਅਥਾਹ ਡੂੰਘੇ ਪਿਆਰ ਦੇ ਸਾਹਮਣੇ ਗਿਆਨ ਕੁਝ ਨਾ ਕਰ ਸਕਿਆ। ਬ੍ਰਿਖਭਾਨ ਦੀ ਸਪੁੱਤ੍ਰੀ ਰਾਧਿਕਾ ਨੇ, ਸ੍ਰੀ ਕ੍ਰਿਸ਼ਨ ਜੀ ਦੇ ਪਿਆਰ ਵੱਸ ਹੋ ਕੇ ਊਧੋ ਨੂੰ ਇਹ ਉਲਾਹਮਾ ਦਿੱਤਾ ਕਿ ਉਨ੍ਹਾਂ ਦਾ ਪ੍ਰੀਤਮ ਪਿਆਰਾ ਕੁਬਜਾ ਦੇ ਵੱਸ ਹੋ ਗਿਆ ਹੈ। ਉਹ ਆਪਣੇ ਪਿਆਰੇ ਦੇ ਦਰਸ਼ਨਾਂ ਲਈ ਤੜਫ ਰਹੀਆਂ ਹਨ, ਪ੍ਰਕ੍ਰਿਤੀ ਉਨ੍ਹਾਂ ਦੀ ਵਿਯੋਗ ਦੀ ਪੀੜਾ ਨੂੰ ਹੋਰ ਵੀ ਉਤੇਜਿਤ ਕਰ ਰਹੀ ਹੈ। ਕੁਬਜਾ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਉਨ੍ਹਾਂ ਕੋਲੋਂ ਖੋਹ ਲਿਆ ਹੈ। ਚੇਤਰ ਦਾ ਮਹੀਨਾ ਆਪਣੇ ਪ੍ਰੀਤਮ ਤੋਂ ਬਿਨਾਂ ਬਿਲਕੁਲ ਸੁਹਾਵਣਾ ਨਹੀਂ ਲਗਦਾ। ਵੈਸਾਖ ਦੇ ਵਿੱਚ ਸੁਗੰਧ ਬਿਖੇਰ ਰਹੀ ਪ੍ਰਕ੍ਰਿਤੀ ਅੱਗ ਉੱਤੇ ਤੇਲ ਦਾ ਕੰਮ ਕਰਕੇ ਹੋਰ ਦੁਖਦਾਈ ਬਣਾ ਰਹੀ ਹੈ। ਜੇਠ ਦੇ ਮਹੀਨੇ ਵਿੱਚ ਹਿਰਦਾ ਬਿਰਹੋਂ ਕਰਕੇ ਹੋਰ ਵਿਆਕੁਲ ਹੋ ਉਠਦਾ ਹੈ। ਹਾੜ ਦੇ ਮਹੀਨੇ ਵਿੱਚ ਪ੍ਰੀਤਮ ਤੋਂ ਵਿੱਛੜੀਆਂ ਹੋਈਆਂ ਗੋਪੀਆਂ ਨੂੰ ਹੋਰ ਅਨੇਕਾਂ ਮੁਸੀਬਤਾਂ ਦਾ ਸਾਹਮਣਾਂ ਕਰਨਾ ਪੈਂਦਾ ਹੈ। ਹਿਰਦੇ ਨੂੰ ਬਿਲਕੁਲ ਧੀਰਜ ਅਤੇ ਸਾਂਤਵਨਾ ਨਹੀਂ ਆਉਂਦੀ। ਆਪਣੇ ਪਿਆਰੇ ਇਸ਼ਟ ਤੋਂ ਬਿਨਾਂ ਸਾਉਣ ਦਾ ਮਹੀਨਾ ਖਾਣ ਨੂੰ ਦੌੜਦਾ ਹੈ, ਪਪੀਹੇ ਦੀ ਟੇਰ, ਪ੍ਰੀਤਮ ਦੀ ਹੋਰ ਅਧਿਕ ਯਾਦ ਦਿਵਾਉਂਦੀ ਹੈ। ਭਾਦਰੋਂ ਦੇ ਸੰਜੋਗ ਭਾਵਕ ਸਮੇਂ ਵਿੱਚ ਸ੍ਰੀ ਕ੍ਰਿਸ਼ਨ ਜੀ ਤੋਂ ਬਗੈਰ ਸਾਰੀਆਂ ਗੋਪੀਆਂ ਸੁੰਨੀਆਂ ਤੇ ਇਕੱਲੀਆਂ ਹੋ ਗਈਆਂ। ਸੰਜੋਗ ਦੇ ਸੁਖ ਦੀ ਜਗ੍ਹਾ ਵਿਜੋਗ ਅਤੇ ਪੀੜਾ ਨੇ ਸੰਭਾਲ ਲਈ। ਅੱਸੂ ਦੇ ਮਹੀਨੇ ਵਿੱਚ ਗੋਪੀਆਂ ਨੇ ਆਪਣੇ ਪਿਆਰੇ ਪ੍ਰੀਤਮ ਲਈ ਪੁਕਾਰ ਕੀਤੀ, ਪਰ ਅਸਫਲ, ਦ੍ਰਸ਼ਨਾਂ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ, ਨਾ ਤੇ ਉਨ੍ਹਾਂ ਗੋਪੀਆਂ ਦਾ ਹਿਰਦਾ ਹੀ ਭਰਿਆ ਅਤੇ ਨਾ ਹੀ ਸ੍ਰੀ ਕ੍ਰਿਸ਼ਨ ਜੀ ਦੇ ਹਿਰਦੇ ਅੰਦਰ ਉਨ੍ਹਾਂ ਲਈ ਕੋਈ ਖਿੱਚ ਪਈ।

ਕੱਤਕ ਦੇ ਮਹੀਨੇ ਵਿੱਚ ਘਰ, ਆਂਗਨਾਂ ਨੂੰ ਸੁਸੱਜਿਤ ਕੀਤਾ ਗਿਆ, ਪਰ ਮਨ ਭਾਉਂਦਾ ਪ੍ਰੀਤਮ ਉਨ੍ਹਾਂ ਦੇ ਆਂਗਨ ਦੀ ਸੋਭਾ ਨਹੀਂ ਬਣਿਆ, ਇਸ ਕਰਕੇ ਗੋਪੀਆਂ ਦੇ ਹਿਰਦੇ ਅਤਿ ਅਧੀਰ ਹੁੰਦੇ ਹਨ। ਮੱਘਰ ਦੇ ਮਹੀਨੇ ਵਿੱਚ ਆਪਣੇ ਪਿਆਰੇ ਤੋਂ ਹੀਣੀਆਂ ਗੋਪੀਆਂ ਨੂੰ ਹੰਸਾਂ ਦੀ ਕੂਅ ਕੂਅ ਹੋਰ ਵਿਆਕੁਲ ਕਰ ਦਿੰਦੀ ਹੈ। ਪੋਹ ਦੇ ਮਹੀਨੇ ਵਿੱਚ ਗੋਪੀਆਂ ਦੇ ਤਨ, ਵਿਜੋਗ ਦੀ ਪੀੜਾ ਵਿੱਚ ਸੁੱਕ ਗਏ, ਜਿਸ ਤਰ੍ਹਾਂ ਠੰਡੀ ਹਵਾ ਨਾਲ ਕੰਮੀਆਂ ਕੁਮਲਾ ਜਾਂਦੀਆਂ ਹਨ। ਫਗਣ ਦੇ ਮਹੀਨੇ ਵਿੱਚ ਵੀ ਗੋਪੀਆਂ ਨੂੰ ਆਪਣੇ ਪਿਆਰੇ ਦਾ ਮਿਲਾਪ ਨਹੀਂ ਹੁੰਦਾ ਇਸ ਲਈ ਉਹ ਅਤਿ ਨਿਰਾਸ ਹੋ ਜਾਂਦੀਆਂ ਹਨ, ਉਦਾਸੀਨ ਹੋ ਜਾਂਦੀਆਂ ਹਨ ਅਤੇ ਗਮਗੀਨ ਹੋ ਜਾਂਦੀਆਂ ਹਨ ਅਤੇ ਉਨ੍ਹਾਂ ਦੀ ਨਿਰਾਸਾ ਦੇ ਨਾਲ ਹੀ ਬ੍ਰਿਹ ਨਾਟਕ ਬਾਰਾਮਾਹ ਸੰਪੂਰਨ ਹੋ ਜਾਂਦਾ ਹੈ।

ਇਸ ਬ੍ਰਿਹਨਾਟਕ ਬਾਰਾਮਾਹ ਵਿੱਚ ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ **੯੧੧** ਤੋਂ ਲੈਕੇ **੯੨**੫ ਤਕ ਇੱਕੋ ਜਿਹੇ ਤੁਕਾਂਤ ਸ਼ਬਦਾਂ ਦੀ ਵਰਤੋਂ ਕੀਤੀ ਹੈ। ਉਦਾਹਰਣ ਵਜੋਂ ਜਾਈ-ਪਾਈ-ਲਪਟਈ-ਮਿਲਾਈ-ਤਪਤਾਈ-ਪਾਈ-ਮਾਈ-ਛਾਈ-ਮਚਾਈ-ਘਟਾਈ-ਸੀਤਲਾਈ-ਦਿਖਾਈ-ਸੁਹਾਈ-ਇਤਿਆਦਿ। ਗੋਪੀਆਂ ਦੀ ਵਿਰਹ ਵਿਅਯਥਾ ਪ੍ਰਗਟ ਕਰਨ ਲਈ ਸੱਚੇ ਪਾਤਸ਼ਾਹ ਜੀ ਨੇ ਬੜੀ ਢੁਕਵੀਂ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਹੈ। ਸ਼ਬਦਾਂ ਦੀ ਸਹੀ ਚੋਣ ਪਾਠਕਾਂ ਦੇ ਹਿਰਦੇ ਉੱਤੇ ਅਮਿੱਟ ਛਾਪ ਛਡਦੀ ਹੈ। ਪਹਿਲੇ ਬਾਰਾਮਾਂਹ ਦੀ ਤਰ੍ਹਾਂ ਇਸ ਬ੍ਰਿਹ ਨਾਟਕ ਬਾਰਾਮਾਂਹ ਵਿੱਚ ਪ੍ਰਕ੍ਰਿਤੀ ਭਾਵਾਂ ਨੂੰ ਹੋਰ ਉਤੇਜਿਤ ਕਰਦੀ ਹੈ, ਉਹ ਸੁਖਦਾਈ ਨਾ ਹੋ ਕੇ ਗੋਪੀਆਂ ਲਈ ਅਤਿ ਦੁਖਦਾਈ ਬਣ ਜਾਂਦੀ ਹੈ। ਇਹ ਗੱਲ ਹੇਠ ਲਿਖਿਤ ਉਦਾਹਰਣਾਂ ਤੋਂ ਸਪਸ਼ਟ ਹੋ ਜਾਂਦੀ ਹੈ।

- ਸੇਜ ਬਨੀ ਸੰਗ ਫੂਲਨ ਸੁੰਦਰ ਚਾਂਦਨੀ ਰਾਤ ਭਲੀ ਛਬਿ ਪਾਈ।
- ਸੇਤ ਬਹੇ ਜਮੁਨਾ ਪਟ ਹੈ।
- ਰਾਤ ਬਨੀ ਘਨ ਕੀ ਅਤਿ ਸੁੰਦਰ।
- ਫੂਲ ਰਹੇ ਸਿਗਰੇ ਬ੍ਰਿਜ ਕੇ ਤਰ ਫੂਲਿ ਲਤਾ ਤਿਨ ਸੋ ਲਪਟਾਈ।
- ਫੂਲਿ ਰਹੇ ਸਰ ਸਾਰਸ ਸੁੰਦਰ।
- ਸੁਕ ਸੁੰਦਰ ਕੋਕਿਲ ਕਾ।
- ਬਾਸ ਸੁਬਾਸ ਅਕਾਸ ਮਿਲੀ।
- ਸੀਤਲ ਮੰਦ ਸੁਗੰਧ ਸਮੀਰ ਬਹੈ ਮਕਰੰਦ ਨਿਸੰਕ ਮਿਲਾਈ।
- ਪੈਰ ਪਰਾਗ ਰਹੀ ਹੈ ਬੈਸਾਖ।
- ਨੀਰ ਸਮੀਰ ਹੁਤਾਸਨ ਕੇ ਸਮ ਅਉਰ ਅਕਾਸ ਧਰਾ ਤਪਤਾਈ।
- ਪਉਨ ਪ੍ਰਚੰਡ ਬਹੈ ਅਤਿ ਤਾਪਤ।
- ਦਾਦਰ ਮੋਰਨ ਹੂੰ ਘਨ ਘੋਰ ਲਗਾਈ।
- ਤਾਲ ਭਰੇ ਜਲ ਪੂਰਨਿ ਸੌ ਅਰੁ ਸਿੰਧ ਮਿਲੀ ਸਰਤਾ ਸਭ ਜਾਈ।
- ਘਟਾਨ ਛਟਾਨ ਮਿਲੀ ਅਤਿ ਹੀ ਪਪੀਹਾ ਪੀਯ ਟੇਰ ਲਗਾਈ।
- ਸਾਵਨ ਮਾਹਿ ਲਗਿਓ ਬਰਸਾਵਨ।
- ਦਸੋ ਦਿਸ ਮਾਹਿ ਘਟਾ ਘਹਰਾਈ।
- ਦਯੋਸ ਨਿਸਾ ਨਹਿ ਜਾਨ ਪਰੈ ਤਮ
  ਬਿੱਜੁ ਛਟਾ ਰਵਿ ਕੀ ਛਬਿ ਪਾਈ।
- ਮੁਸਲਧਾਰ ਛੁਟੈ ਨਭਿ ਤੇ ਅਵਨੀ ਸਗਰੀ ਜਲ ਪੂਰਨਿ ਛਾਈ।
- ਸੇਤ ਘਟਾ ਅਰੁ ਰਾਤ ਛਟਾ।
- ਨੀਰ ਬਿਹੀਨ ਫਿਰੈ ਨਭਿ ਛੀਨ।

- ਅਕਾਸ ਮੈ ਉਜਲ ਤਾਈ।
- ਬਾਰਜ ਫੂਲ ਰਹੇ ਸਰ ਪੁੰਜ ਸੁਗੰਧ ਸਨੇ ਸਰਿਤਾ ਨ ਘਟਾਈ।
- ਕੁੰਜਤ ਕੰਤ ਬਿਨਾ ਕੁਲ ਹੰਸ।
- ਬਾਸੁਰ ਰੈਨ ਨ ਚੈਨ ਕਹੂੰ ਛਿਨ।
- ਭੂਮ ਅਕਾਸ ਅਵਾਸ ਸੁ ਬਾਸੁ ਉਦਾਸ ਬਢੀ ਅਤਿ ਸੀਤਲ ਤਾਈ।
- ਕੂਲ ਦੁਕੂਲ ਤੇ ਸੂਲ ਉਠੈ।
- ਤਨ ਸੋਖਤ ਜਿਉ ਕੁਮਦੀ ਮੁਰਝਾਈ।
- ਸੁ ਦਾਹ ਕਰੈ ਰਵਿ ਜੋਤਿ ਦਿਖਾਈ।
- ਰੈਨ ਕੀ ਬਿਰਧ ਭਈ ਅਧਿਕਾਈ।
- ਕੋਕਿਲ ਦੇਖਿ ਕਪੋਤ ਮਿਲੀ ਮੁਖ ਕੂੰਜਤ।

ਇਸ ਤਰ੍ਹਾਂ ਚਾਂਦਨੀ ਰਾਤ, ਫੁੱਲ, ਜਮਨਾ ਜੀ ਦਾ ਜਲ, ਕਾਲੀ ਹਨੇਰੀ ਰਾਤ, ਉਨ੍ਹਾਂ ਨਾਲ ਲਿਪਟੀਆਂ ਵੇਲਾਂ, ਸੀਤਲ ਮੰਦ ਸੁਗੰਧ ਭਰਪੂਰ ਸਮੀਰ, ਤਪਦੇ ਹੋਏ ਧਰਤੀ ਅਤੇ ਅਕਾਸ਼, ਪ੍ਰਚੰਡ ਪਉਣ, ਘੋਰ ਘਟਾਵਾਂ, ਦਾਦਰ, ਮੋਰ, ਪਾਣੀ ਨਾਲ ਭਰੇ ਸਰੋਵਰ, ਪਪੀਹੇ ਦੀ ਟੇਰ, ਮੂਸਲਾਧਾਰ ਵਰਖਾ, ਕੋਮਦੀ, ਕੋਇਲ, ਕਪੋਤ, ਕੂੰਜਾਂ ਦੀ ਕੁਰਲਾਹਟ, ਸਾਰੇ ਮਿਲਕੇ ਗੋਪੀਆਂ ਨੂੰ ਅਤਿ ਉਦਾਸੀਨ, ਗਮਗੀਨ ਅਤੇ ਵਿਆਕੁਲ ਕਰਦੇ ਹਨ, ਪ੍ਰਕ੍ਰਿਤੀ ਸੁੱਖ ਦੀ ਥਾਂ ਦੁੱਖ ਪ੍ਰਦਾਨ ਕਰਦੀ ਹੈ। ਪ੍ਰਕ੍ਰਿਤੀ ਗੋਪੀਆਂ ਦੀ ਵਿਰਹ-ਅਗਨੀ ਦੀਆਂ ਲਪਟਾਂ ਨੂੰ ਹੋਰ ਪ੍ਰਜਵਲਿਤ ਕਰਦੀ ਹੈ।

ਸੱਚੇ ਪਾਤਸ਼ਾਹ ਜੀ ਵੱਖ-ਵੱਖ ਛੰਦਾਂ ਅਤੇ ਅਲੰਕਾਰਾਂ ਦੀ ਵਰਤੋਂ ਕਰਕੇ ਵਿਸ਼ੇ ਵਸਤੂ ਨੂੰ ਹੋਰ ਵੀ ਸੁੰਦਰ ਬਣਾਉਂਦੇ ਹਨ। ਕ੍ਰਿਸ਼ਨਾਵਤਾਰ ਦੇ **੨੪੯੨** ਛੰਦਾਂ ਦੀ ਰਚਨਾ ਵਿੱਚ ਸਿਰਫ **੧੨** ਤਰ੍ਹਾਂ ਦੇ ਛੰਦਾਂ ਦੀ ਵਰਤੋਂ ਕੀਤੀ ਗਈ ਹੈ।

ਸਾਰੇ ਕ੍ਰਿਸ਼ਨਾਵਤਾਰ ਦੀ ਰਚਨਾ ਬ੍ਰਿਜ ਭਾਸ਼ਾ ਵਿੱਚ ਹੈ ਸਿਰਫ ਇੱਕ ਸਵੈਯਾ - **ਜੰਗ ਦਰਾਇਦ ਕਾਲ ਜਮੰਨ ਬਗੋਇਦ ਕੀ ਮਨ ਫੌਜ ਕੋ ਸਾਹਮ** - ਫਾਰਸੀ ਭਾਸ਼ਾ ਵਿੱਚ ਹੈ। ਇਥੇ ਬ੍ਰਿਜ ਭਾਸ਼ਾ ਨੂੰ ਫਾਰਸੀ ਛੰਦਾਂ ਦੀ ਸ਼ਕਲ ਵਿੱਚ ਲਿਆਉਣਾ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਹੀ ਕਮਾਲ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਬ੍ਰਿਹਨਾਟਕ ਬਾਰਾਮਾਂਹ ਅਤੇ ਬਾਰਾਮਾਂਹ ਸਿਰਫ ਗੋਪੀਆਂ ਦਾ ਸ੍ਰੀ ਕ੍ਰਿਸ਼ਨ ਜੀ ਲਈ ਹੀ ਵਿਰਹ, ਵਿਯੋਗ, ਕਸਕ, ਪੀੜਾ, ਵੇਦਨਾ, ਦਰਸ਼ਨਾਂ ਦੀ ਤਾਂਘ, ਪਿਆਸ, ਲੋਚਾ ਦੀ ਅਭਿਵਿਅਕਤੀ ਨਹੀਂ ਸਗੋਂ ਇਹ ਤਾਂ ਹਰ ਆਪਣੇ ਪਿਆਰੇ ਪ੍ਰਭੂ ਤੋਂ ਵਿੱਛੜੀਆਂ ਹੋਈਆਂ ਜੀਵ ਰੂਪੀ ਇਸਤ੍ਰੀਆਂ ਦੇ ਵਲਵਲਿਆਂ ਤੇ ਤੜਪ ਦਾ ਸੁੰਦਰ ਸ਼ਬਦਾਂ ਵਿੱਚ ਪ੍ਰਗਟਾਵਾ ਹੈ। ਇਨ੍ਹਾਂ ਦੋਹਾਂ ਬਾਰਾਮਾਂਹਾਂ ਨੂੰ ਪੜ੍ਹਕੇ ਪਾਠਕਾਂ ਦੀਆਂ ਅੱਖਾਂ ਅੱਥਰੂਆਂ ਵਿੱਚ ਭਿੱਜ ਜਾਂਦੀਆਂ ਹਨ, ਦਿਲ ਦੇ ਅੰਦਰ ਭਾਵਨਾਵਾਂ ਦਾ ਸਮੁੰਦ੍ਰ ਠਾਠਾਂ ਮਾਰ ਉਠਦਾ ਹੈ,

ਅਪਣੇ ਪਿਆਰੇ ਦੀ ਪ੍ਰੀਤ ਦੇ ਵਿਯੋਗ ਰੂਪੀ ਅਗਨੀ ਲਟ ਲਟ ਕਰਕੇ ਬਲ ਉਠਦੀ ਹੈ, ਤੇ ਬੇਨਤੀਆਂ ਤਰਲੇ, ਮਿੰਨਤਾਂ ਅਰਜੋਈਆਂ। ਇਹੋ ਜਿਹੇ ਤਰਲੇ ਮਿੰਨਤਾਂ ਅਰਜੋਈਆਂ ਕੀਤੀਆਂ ਨਾਮਧਾਰੀ ਸਾਧ-ਸੰਗਤ ਰੂਪੀ ਗੋਪੀਆਂ ਨੇ ਜਦੋਂ ਉਨ੍ਹਾਂ ਦਾ ਪਿਆਰੇ ਕਾਹਨ, ਇਸ਼ਟ, ਪ੍ਰੀਤਮ ੧੮ ਜਨਵਰੀ ੧੮੭੨ ਨੂੰ ਰੋਂਦੇ ਕੁਰਲਾਉਂਦਿਆਂ ਹੋਇਆਂ ਨੂੰ ਤਿਆਗਕੇ ਅਲਵਿਦਾ ਕਹਿ ਗਏ।

ਜੇਕਰ ਇਹ ਕਹਿ ਦਿੱਤਾ ਜਾਵੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਰਾਗ ਤੁਖਾਰੀ'ਚ ਬਾਰਾਮਾਂਹ, ਸ੍ਰੀ ਗੁਰੂ ਅਰਜਨ ਦੇਵ ਜੀ ਰਾਹੀਂ ਰਾਗ ਮਾਝ ਵਿੱਚ ਰਚਿਤ ਬਾਰਾਮਾਂਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਕ੍ਰਿਸ਼ਨਾਵਤਾਰ ਵਿੱਚ ਰਚਿਤ ਦੋ ਬਾਰਾਮਾਂਹ ਅਦੁਤੀ ਸਾਹਿੱਤਿਕ, ਅਧਿਆਤਮਕ ਰੰਗਣ ਵਿੱਚ ਰੰਗੀਆਂ ਹੋਈਆਂ ਵਡਮੁੱਲੀਆਂ ਅਨਮੋਲ ਰਚਨਾਵਾਂ ਹਨ, ਤਾਂ ਕੋਈ ਅਤਿਕਥਨੀ ਨਹੀਂ। ਇਨ੍ਹਾਂ ਦਾ ਪਾਠ ਕਰਕੇ ਜੀਵਨ ਸਾਰਥਕ ਅਤੇ ਸਰਲ ਹੋ ਜਾਂਦਾ ਹੈ, ਜੀਵਨ ਦੇ ਟੇਢੇ ਮੇਢੇ ਮਾਰਗਾਂ ਤੇ ਚਲਣਾ ਸੁਗਮ ਹੋ ਜਾਂਦਾ ਹੈ, ਅਉਖੇ ਪਲ ਸੌਖੇ ਹੋ ਜਾਂਦੇ ਹਨ।

# ੨

## ਬਾਰਹਮਾਹ।।

**ਸਵੈਯਾ।।ਫਾਗਨ ਮੈ ਸਖੀ ਡਾਰ ਗੁਲਾਲ**
**ਸਭੈ ਹਰਿ ਸਿਉ ਬਨ ਬੀਚ ਰਮੈ।।**
**ਪਿਚਕਾਰਨ ਲੈ ਕਰਿ ਗਾਵਤਿ ਗੀਤ**
**ਸਭੈ ਮਿਲਿ ਗ੍ਵਾਰਨ ਤਉਨ ਸਮੈ।।**
**ਅਤਿ ਸੁੰਦਰ ਕੁੰਜ ਗਲੀਨ ਕੇ ਬੀਚ**
**ਕਿਧੌ ਮਨ ਕੇ ਕਰਿ ਦੂਰ ਗਮੈ।।**
**ਅਰੁ ਤਯਾਗ ਤਮੈ ਸਭ ਧਾਮਨ ਕੀ**
**ਇਹ ਸੁੰਦਰਿ ਸਯਾਮ ਕੀ ਮਾਨ ਤਮੈ।।੮੬੭।।**

*- ਦਸਮ ਗ੍ਰੰਥ ਪੰਨਾ ੩੬੯*

**ਸ਼ਬਦਾਰਥ :**

ਰਮੈ-ਜੰਗਲ ਵਿੱਚ ਜਾਂਦੀਆਂ ਸਾਂ। ਤਉਨ-ਉਸ ਵੇਲੇ। ਗਮੈ-ਗਮ, ਸੋਗ ਉਦਾਸੀਆਂ ਨੂੰ ਦੂਰ ਕਰਕੇ। ਤਮੈ-ਲਾਲਚ, ਲੋਭ, ਮੋਹ। ਤਮੈ-ਖਾਹਿਸ਼, ਇੱਛਾ।

**ਵਿਆਖਿਆ :**

ਸ੍ਰੀ ਕ੍ਰਿਸ਼ਨ ਜੀ ਬ੍ਰਿਜ ਨੂੰ ਛਡਕੇ ਮਥਰਾ ਚਲੇ ਗਏ। ਸਾਰੀਆਂ ਗੋਪੀਆਂ ਗੁਆਲਨੀਆਂ ਸ੍ਰੀ ਕ੍ਰਿਸ਼ਨ ਜੀ ਨੂੰ ਯਾਦ ਕਰਦੀਆਂ ਰੋਂਦੀਆਂ ਅਤੇ ਵਿਰਲਾਪ ਕਰਦੀਆਂ ਸਨ। ਉਨ੍ਹਾਂ ਨੂੰ ਲਗਦਾ ਕਿ ਸ੍ਰੀ ਕ੍ਰਿਸ਼ਨ ਜੀ ਨੇ ਉੱਥੇ ਪਹੁੰਚਕੇ ਗੋਪੀਆਂ ਨੂੰ ਬਿਲਕੁਲ ਵਿਸਾਰ ਦਿੱਤਾ ਹੈ। ਸ੍ਰੀ ਕ੍ਰਿਸ਼ਨ ਜੀ ਨੇ ਨਾ ਤਾਂ ਉਨ੍ਹਾਂ ਨੂੰ ਕੋਈ ਸੁਨੇਹਾ ਭੇਜਿਆ ਅਤੇ ਨਾ ਆਪ ਹੀ ਵਾਪਸ ਆਏ। ਇਸ ਲਈ ਉਨ੍ਹਾਂ ਨੂੰ ਸ੍ਰੀ ਕ੍ਰਿਸ਼ਨ ਜੀ ਦੀ ਯਾਦ ਵਿੱਚ ਪੀੜਾ, ਕਸਕ, ਦੁੱਖ ਦਾ ਗਹਿਰਾ ਅਨੁਭਵ ਹੁੰਦਾ। ਉਨ੍ਹਾਂ ਨੂੰ ਬੀਤੇ ਹੋਏ ਸੁਖਮਈ ਪਲਾਂ ਦੀ ਯਾਦ ਬਾਰ-ਬਾਰ ਆ ਕੇ ਸਤਾਉਂਦੀ। ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਇੱਕ ਦ੍ਰਿਸ਼ ਤੋਂ ਬਾਅਦ ਦੂਸਰਾ ਦ੍ਰਿਸ਼ ਆ ਕੇ ਉਨ੍ਹਾਂ ਦੇ ਹਿਰਦਿਆਂ ਨੂੰ ਝੰਜੋੜ ਦਿੰਦਾ। ਉਨ੍ਹਾਂ ਨੂੰ ਯਾਦ ਆ ਗਿਆ

ਕਿ ਪਿਛਲੇ ਫਗਣ ਦੇ ਵਿੱਚ ਉਹ ਸਾਰੀਆਂ ਆਪਸ ਵਿੱਚ ਮਿਲ ਜੁਲਕੇ ਇੱਕ ਦੂਜੇ ਉੱਤੇ ਗੁਲਾਲ ਦਾ ਛਿੜਕਾਅ ਕਰਦੀਆਂ ਸਨ ਅਤੇ ਸ੍ਰੀ ਕ੍ਰਿਸ਼ਨ ਜੀ ਨਾਲ ਬਨਾਂ ਉਪਬਨਾਂ ਵਿੱਚ ਫਿਰਦੀਆਂ ਰਹਿੰਦੀਆਂ ਸਨ। ਉਸ ਵੇਲੇ ਸਾਰੀਆਂ ਗੋਪੀਆਂ, ਗੁਆਲਨੀਆਂ ਹੱਥਾਂ ਵਿੱਚ ਪਿਚਕਾਰੀਆਂ ਲੈ ਕੇ ਇੱਕ ਦੂਸਰੇ ਉੱਤੇ ਵੱਖ-ਵੱਖ ਰੰਗਾਂ ਦਾ ਛਿੜਕਾਅ ਕਰਕੇ ਆਮੋਦ ਪ੍ਰਮੋਦ ਕਰਦੀਆਂ ਸਨ। ਇਸ ਦੇ ਨਾਲ-ਨਾਲ ਆਪਣੇ ਹਿਰਦੇ ਦੇ ਉਦਗਾਰਾਂ ਨੂੰ ਅਭਿਵਿਅਕਤ ਕਰਨ ਲਈ ਸੁਰੀਲੀਆਂ ਮਧੁਰ ਸੁਰਾਂ ਰਾਹੀਂ ਗੀਤ ਗਾਉਂਦੀਆਂ ਸਨ। ਕੁੰਜ ਗਲੀਆਂ ਵਿੱਚ ਸ੍ਰੀ ਕ੍ਰਿਸ਼ਨ ਜੀ ਅਤੇ ਗੋਪੀਆਂ ਮਿਲਕੇ ਗੀਤ ਗਾਉਂਦੇ, ਗੁਲਾਲ ਛਿੜਕਾਉਂਦੇ ਹਾਸ-ਪਰਿਹਾਸ ਕਰਦੇ, ਅਤੇ ਰੰਗਾਂ ਦੀ ਮਹਿਕ ਨਾਲ ਸਾਰਾ ਵਾਤਾਵਰਨ ਖੁਸ਼ੀਆਂ ਖੇੜੇ ਅਤੇ ਆਨੰਦ ਭਰਪੂਰ ਹੁੰਦਾ ਸੀ, ਗਮਗੀਨ ਹੋਣ ਦਾ ਤਾਂ ਸਵਾਲ ਹੀ ਨਹੀਂ ਸੀ ਉਠਦਾ। ਉਸ ਵੇਲੇ ਗੋਪੀਆਂ ਨੇ ਆਪਣੇ ਘਰਾਂ ਦੇ ਕੰਮਾਂ ਨੂੰ ਭੁਲਾ ਦਿੱਤਾ ਹੋਇਆ ਸੀ, ਉਨ੍ਹਾਂ ਨੇ ਆਪਣੇ ਮਨ ਦੀਆਂ ਸਾਰੀਆਂ ਇੱਛਾਵਾਂ ਦਾ ਤਿਆਗ ਕਰ ਦਿੱਤਾ ਹੋਇਆ ਸੀ, ਉਨ੍ਹਾਂ ਦੇ ਮਨਾਂ ਵਿੱਚ ਸਿਰਫ ਇੱਕੋ ਹੀ ਇੱਛਾ ਹੁੰਦੀ ਅਤੇ ਉਹ ਸੀ-ਸ੍ਰੀ ਸਿਆਮ ਸੁੰਦਰ ਜੀ ਦੇ ਦਰਸ਼ਨਾਂ ਦੀ ਤਾਂਘ, ਦਰਸ਼ਨਾਂ ਦੀ ਅਭਿਲਾਸ਼ਾ। ਇਸ ਕਰਕੇ ਇਸ ਸੁਹਣੇ ਸਿਆਮ ਜੀ ਦੀ ਖ਼ਾਹਿਸ਼ ਮੰਨਕੇ ਸਾਰੀਆਂ ਗੋਪੀਆਂ ਗੀਤ ਗਾਉਂਦੀਆਂ ਸਨ।

**ਭਾਵ :**

ਗੋਪੀਆਂ ਆਪਣੇ ਸਾਰੇ ਗਮਾਂ ਨੂੰ ਭੁਲਾ ਕੇ, ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਦੇ ਪ੍ਰੇਮ ਵਿੱਚ ਮਸਤ ਹੋ ਕੇ ਕੁੰਜ ਗਲੀਆਂ ਵਿੱਚ ਰੰਗ ਰਲੀਆਂ ਮਨਾਉਂਦੀਆਂ ਸਨ। ਉਨ੍ਹਾਂ ਨੂੰ ਆਪਣੇ ਪਿਆਰੇ ਸਿਆਮ ਸੁੰਦਰ ਤੋਂ ਸਿਵਾ ਕੁਝ ਹੋਰ ਸੁਝਦਾ ਹੀ ਨਹੀਂ ਸੀ।

# ਇਹ ਸੁੰਦਰਿ ਸ੍ਯਾਮ ਕੀ ਮਾਨ ਤਮੈ

ਸਰੀਰ ਦੀ ਚਮੜੀ ਸੁੰਦਰ ਹੋਣ ਨਾਲ ਮਨੁੱਖ ਸੁੰਦਰ ਨਹੀਂ ਬਣਦਾ। ਕਈ ਵਾਰੀ ਸਿਆਮ ਰੰਗ ਵੀ ਸੁੰਦਰਤਾ ਦੇ ਝਲਕਾਰੇ ਮਾਰਦਾ ਹੈ। ਸ੍ਰੀ ਕ੍ਰਿਸ਼ਨ ਜੀ ਸਿਆਮ ਰੰਗ ਦੇ ਹੁੰਦੇ ਹੋਏ ਵੀ ਅਤਿ ਸੁੰਦਰ ਸਨ। ਸ੍ਰੀ ਕ੍ਰਿਸ਼ਨ ਜੀ ਦਾ ਮੁਖ-ਮੰਡਲ ਅਤਿ ਸੁੰਦਰ ਸੀ; ਲੋਚਨ ਬੜੇ ਵਿਸ਼ਾਲ ਸਨ; ਉਹ ਤਾਂ ਕਾਨ੍ਹਰ ਕਾਲਾ ਸੀ, ਪਰ ਸੀ ਅਤਿ ਸੁੰਦਰ, ਬਹੁਤ ਸੁੰਦਰ।

ਵਿਸ਼ਾਲ ਨੇਤਰਾਂ ਵਾਲੇ ਸ੍ਰੀ ਕ੍ਰਿਸ਼ਨ ਜੀ ਦੇ ਸੁੰਦਰ ਮੁਖੜੇ ਦੇ ਜਿਹੜਾ ਵੀ ਦਰਸ਼ਨ ਕਰਦਾ, ਆਪਣੇ ਆਪ ਉਨ੍ਹਾਂ ਵਲ ਖਿੱਚਿਆ ਟੁਰਿਆ ਜਾਂਦਾ। ਉਹ

ਚੁੰਬਕ ਵਾਂਗ ਸਨ, ਜੋ ਵੀ ਉਨ੍ਹਾਂ ਦੇ ਨੇੜੇ ਜਾਂਦਾ, ਉਸਨੂੰ ਆਪਣੇ ਵਲ ਆਕਰਸ਼ਿਤ ਕਰ ਲੈਂਦੇ। ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੜੀ ਅਨੂਠੀ ਸ਼ੈਲੀ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਸੁੰਦਰਤਾ ਦਾ ਵਰਣਨ ਕਰਦੇ ਹਨ–

**ਕਬਿੱਤੁ।।ਕਮਲ ਸੋ ਆਨਨ ਕੁਰੰਗ ਤਾ ਕੇ ਬਾਕੇ ਨੈਨ**
**ਕਟ ਸਮ ਕੇਹਰਿ ਮ੍ਰਿਨਾਲ ਬਾਹੈ ਐਨ ਹੈ।।**
**ਕੋਕਲ ਸੋ ਕੰਠ ਕੀਰ ਨਾਸਕਾ ਧਨੁਖੁ ਭਉਹੈ**
**ਬਾਨੀ ਸੁਰ ਸਰ ਜਾਹਿ ਲਾਗੈ ਨਹਿ ਚੈਨ ਹੈ।।**
**ਤ੍ਰਿਅਨਿ ਕੋ ਮੋਹਤਿ ਫਿਰਤਿ ਗ੍ਰਾਮ ਆਸ ਪਾਸ**
**ਬਿਰਹਨ ਕੇ ਦਾਹਬੇ ਕੋ ਜੈਸੇ ਪਤ ਰੈਨ ਹੈ।।**
**ਪੁਨ ਮੰਦਿ ਮਤਿ ਲੋਕ ਕਛੁ ਜਾਨਤ ਨ ਭੇਦ ਯਾ ਕੋ**
**ਏਤੇ ਪਰ ਕਹੈ ਚਰਵਾਰੋ ਸਯਾਮ ਧੇਨ ਹੈ।।੧੯੦।।**

*– ਦਸਮ ਗ੍ਰੰਥ ਪੰਨਾ ੨੭੭*

ਸ੍ਰੀ ਕ੍ਰਿਸ਼ਨ ਜੀ ਦਾ ਮੁਖੜਾ ਕਮਲ ਵਰਗਾ ਸੁੰਦਰ ਸੀ। ਉਨ੍ਹਾਂ ਦੇ ਵਿਸ਼ਾਲ ਨੇਤ੍ਰ ਹਿਰਨ ਦੇ ਨੇਤ੍ਰਾਂ ਵਾਂਗ ਸੁੰਦਰ ਸਨ। ਸ਼ੇਰ ਵਰਗਾ ਪਤਲਾ ਲੱਕ ਸੀ, ਅਤੇ ਕਮਲ ਫੁੱਲ ਦੀ ਡੰਡੀ ਵਰਗੀਆਂ ਸੁਡੌਲ–ਲੰਬੀਆਂ ਬਾਹਵਾਂ ਸਨ। ਦੋਵੇਂ ਪੱਟ ਕੇਲੇ ਦੇ ਬੂਟੇ ਦੇ ਸਮਾਨ ਸੋਭਦੇ ਸਨ ਅਤੇ ਦੋਹਾਂ ਲੱਤਾਂ ਦੀ ਸੁੰਦਰਤਾ ਤੀਰ ਦੇ ਸਮਾਨ ਸੀ ਭਾਵ ਦੋਵੇਂ ਲੱਤਾਂ ਤੀਰ ਵਾਂਗੂੰ ਇਕਸਾਰ ਸਿੱਧੀਆਂ ਸਨ। ਕੋਇਲ ਵਰਗਾ ਗਲਾ ਸੀ ਅਤੇ ਤੋਤੇ ਜਿਹਾ ਸੁੰਦਰ ਨੱਕ। ਧਨੁੱਖ ਵਰਗੀਆਂ ਟੇਢੀਆਂ ਭੌਹਾਂ ਸਨ, ਬੋਲੀ ਦੀ ਸੁਰ ਤੀਰ ਦੇ ਸਮਾਨ ਸੀ, ਜਿਸਨੂੰ ਲੱਗ ਜਾਂਦੀ, ਉਹ ਬੇਚੈਨ ਹੋ ਕੇ ਤੜਪ ਉਠਦਾ। ਪਿੰਡ ਦੇ ਆਸ ਪਾਸ ਦੀਆਂ ਇਸਤ੍ਰੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਆਪਣੇ ਸੁੰਦਰ ਰੂਪ ਨਾਲ ਮੋਹਿਤ ਕਰਦੇ ਸਨ, ਅਤੇ ਵਿਯੋਗੀ, ਬਿਰਹਨੀ ਨੂੰ ਸਾੜਨ ਦੇ ਵਾਸਤੇ ਉਹ ਚੰਦ੍ਰਮਾਂ ਦੇ ਸਮਾਨ ਸਨ। ਬ੍ਰਿਜ ਦੀਆਂ ਗੋਪੀਆਂ ਸਾਰੀਆਂ ਇਕੱਠੀਆਂ ਹੋ ਕੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਬੇਨਤੀਆਂ ਕਰਦੀਆਂ ਹੋਈਆਂ ਉਨ੍ਹਾਂ ਦੇ ਮੁਖ-ਮੰਡਲ ਦੀ ਪ੍ਰਸੰਸਾ ਕਰਦੀਆਂ ਕਿ ਉਨ੍ਹਾਂ ਦਾ ਸੁੰਦਰ ਮੁਖੜਾ ਚੰਦ੍ਰਮਾ ਦੇ ਸਮਾਨ ਸੀ, ਹਿਰਨ ਜਿਹੀਆਂ ਮਦਮਸਤ ਅੱਖਾਂ ਅਤੇ ਉਨ੍ਹਾਂ ਦਾ ਸੁੰਦਰ ਸਰੂਪ ਰਾਤ ਦਿਨ ਗੋਪੀਆਂ ਦੇ ਹਿਰਦੇ ਅੰਦਰ ਵੱਸਿਆ ਹੋਇਆ ਸੀ।

ਸ੍ਰੀ ਕ੍ਰਿਸ਼ਨ ਜੀ ਦੇ ਸੁੰਦਰ ਮੁਖੜੇ ਦੇ ਦਰਸ਼ਨ ਕਰਕੇ ਧਰਤੀ ਨੇ ਵੀ ਰੰਗ ਬਿਰੰਗੇ ਕਪੜੇ ਪਾ ਕੇ, ਅਨੇਕ ਤਰ੍ਹਾਂ ਦੇ (ਫੁੱਲ) ਪੱਤ੍ਰਾਂ ਨਾਲ ਆਪਣਾ ਹਾਰ ਸ਼ਿੰਗਾਰ ਕੀਤਾ। ਉਸਦਾ ਜੀਅ ਕੀਤਾ ਕਿ ਉਹ ਵੀ ਸ੍ਰੀ ਕ੍ਰਿਸ਼ਨ ਜੀ ਦੇ ਰੂਪ ਵਾਂਗ ਸੁੰਦਰ ਬਣ ਜਾਵੇ ਅਤੇ ਸ੍ਰੀ ਕ੍ਰਿਸ਼ਨ ਜੀ ਦੇ ਕੌਤਕਾਂ ਅਤੇ ਸੁੰਦਰ ਸਰੂਪ ਦਾ ਰੱਜਕੇ ਆਨੰਦ ਮਾਣ ਸਕੇ।

ਜੰਗਲ ਦੇ ਸਾਰੇ ਪੰਛੀਆਂ ਨੂੰ ਲਾਜ ਆ ਰਹੀ ਸੀ, ਉਹ ਸਾਰੇ ਰੋਹ ਕਰ ਰਹੇ ਸਨ, ਕਿ ਸ੍ਰੀ ਕ੍ਰਿਸ਼ਨ ਜੀ ਨੇ ਉਨ੍ਹਾਂ ਦੇ ਸਾਰੇ ਅੰਗ ਚੁਰਾ ਲਏ ਹਨ, ਕਿਤੇ ਉਨ੍ਹਾਂ ਦੀ ਸ਼ਕਲ ਭੀ ਨਾ ਲੈ ਲੈਣ, ਕਿਉਂਕਿ ਉਨ੍ਹਾਂ ਦੀ ਸੁੰਦਰ ਮੂਰਤ ਵਿੱਚ ਹਿਰਨ ਦੀਆਂ ਅੱਖਾਂ, ਤੋਤੇ ਜਿਹਾ ਨੱਕ, ਕਬੂਤਰ ਜਿਹੀ ਗਰਦਨ, ਸ਼ੇਰ ਜਿਹਾ ਲੱਕ ਤੇ ਕੋਇਲ ਤੇ ਸਾਰਸ ਵਰਗੇ ਮਿੱਠੇ ਬਚਨ ਸਨ।

ਗੁਲਾਬ ਦੇ ਫੁੱਲ ਸ੍ਰੀ ਕ੍ਰਿਸ਼ਨ ਜੀ ਦੀ ਸੁੰਦਰਤਾ ਦੇ ਸਾਹਮਣੇ ਤੁੱਛ ਲਗਦੇ ਸਨ ਅਤੇ ਮਹਿਤਾਬ ਦੀ ਆਬ ਭੀ ਉਨ੍ਹਾਂ ਨੂੰ ਵੇਖਕੇ ਸ਼ਰਮਿੰਦੀ ਹੁੰਦੀ। ਕਮਲ ਦੇ ਪੱਤੇ ਤੇ ਨਰਗਿਸ ਦੇ ਫੁੱਲ ਵੀ ਸ੍ਰੀ ਕਿਸ਼ਨ ਜੀ ਨੂੰ ਵੇਖਦਿਆਂ ਸਾਰ ਹੀ ਅਤਿ ਲੱਜਿਤ ਹੁੰਦੇ। ਸ੍ਰੀ ਕ੍ਰਿਸ਼ਨ ਜੀ ਦੀ ਸੁੰਦਰਤਾ ਦਾ ਸਾਨੀ ਪੂਰਬ ਤੋਂ ਲੈਕੇ ਪੱਛਮ ਤਕ ਕੋਈ ਨਹੀਂ। ਗੋਪੀਆਂ ਤਾਂ ਸ੍ਰੀ ਕ੍ਰਿਸ਼ਨ ਜੀ ਦੇ ਰੂਪ ਤੇ ਅਤਿ ਮੋਹਿਤ ਸਨ।

**ਕੋਊ ਕਹੈ ਹਰਿ ਕੋ ਮੁਖ ਸੁੰਦਰ**
**ਕੋਊ ਕਹੈ ਸੁਭ ਨਾਕ ਬਨਯੋ ਹੈ।।**
**ਕੋਊ ਕਹੈ ਕਟ ਕੇਹਰਿ ਸੀ**
**ਤਨ ਕੰਚਨ ਸੋ ਰਿਝ ਕਾਹੂ ਗਨਯੋ ਹੈ।।**
**ਨੈਨ ਕੁਰੰਗ ਸੇ ਕੋਊ ਗਨੈ ਜਸ**
**ਤਾ ਛਬਿ ਕੋ ਕਬਿ ਸਯਾਮ ਭਨਯੋ ਹੈ।।**
**ਲੋਗਨ ਮੈ ਜਿਮੁ ਜੀਵ ਬਨਯੋ**
**ਤਿਨ ਕੇ ਤਨ ਮੈ ਤਿਮ ਕਾਨ੍ਹ ਮਨਯੋ ਹੈ।।੨੬੨।।**

*– ਦਸਮ ਗ੍ਰੰਥ ਪੰਨਾ ੨੬੧*

ਕੋਈ ਕਹਿੰਦੀ – ਸ੍ਰੀ ਕ੍ਰਿਸ਼ਨ ਜੀ ਦਾ ਮੁਖੜਾ ਅਤਿ ਸੁੰਦਰ ਹੈ, ਕੋਈ ਕਹਿੰਦੀ ਨੱਕ ਬਹੁਤ ਹੀ ਸੁਹਣਾ ਬਣਿਆ ਹੈ, ਕੋਈ ਕਹਿੰਦੀ ਸ੍ਰੀ ਕ੍ਰਿਸ਼ਨ ਜੀ ਦਾ ਲੱਕ ਸ਼ੇਰ ਵਰਗਾ ਪਤਲਾ ਹੈ ਅਤੇ ਕਈਆਂ ਨੇ ਅਤਿਅੰਤ ਪ੍ਰਸੰਨ ਹੋ ਕੇ ਸ੍ਰੀ ਕ੍ਰਿਸ਼ਨ ਜੀ ਦੇ ਸਰੀਰ ਨੂੰ ਸੋਨੇ ਵਰਗਾ ਮੰਨਿਆ। ਕੋਈ ਕਹਿੰਦੀ ਹੈ ਉਨ੍ਹਾਂ ਦੇ ਨੇਤ੍ਰ ਹਿਰਨ ਵਰਗੇ ਹਨ। ਉਨ੍ਹਾਂ ਦੇ ਸੁੰਦਰ ਮੁਖੜੇ ਨੂੰ ਵੇਖਕੇ, ਬ੍ਰਿਜ ਦੀਆਂ ਸਾਰੀਆਂ ਇਸਤ੍ਰੀਆਂ ਚਕੋਰ ਵਾਂਗ ਰੀਝ ਰਹੀਆਂ ਸਨ। ਗੋਪੀਆਂ ਸ੍ਰੀ ਕ੍ਰਿਸ਼ਨ ਜੀ ਦੇ ਸੁੰਦਰ ਸਲੋਨੇ ਸਰੀਰ ਉੱਤੇ ਐਨੀਆਂ ਮੋਹਿਤ, ਮਸਤ ਹੋਈਆਂ ਸਨ, ਕਿ ਉਨ੍ਹਾਂ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨਾਂ ਤੋਂ ਬਿਨਾਂ ਮਨ ਨੂੰ ਚੈਨ ਤੇ ਸ਼ਾਂਤੀ ਹੀ ਨਹੀਂ ਆਉਂਦੀ ਸੀ। ਸ੍ਰੀ ਕ੍ਰਿਸ਼ਨ ਜੀ ਦੇ ਨੇਤਰ ਬੜੇ ਸੁੰਦਰ ਸਨ, ਅਤੇ ਆਪਣੇ ਸੁੰਦਰ ਨੇਤਰਾਂ ਨਾਲ ਗੋਪੀਆਂ ਦੇ ਦਿਲਾਂ ਨੂੰ ਮੋਹਿਤ ਕਰ ਲੈਂਦੇ ਸਨ। ਮੋਹਿਤ ਹੋਈਆਂ ਗੋਪੀਆਂ ਸ੍ਰੀ ਕ੍ਰਿਸ਼ਨ ਜੀ ਦੇ ਮੁਖੜੇ ਦਾ ਦਰਸ਼ਨ ਕਰਕੇ ਹੀ ਸ਼ਾਂਤੀ ਦਾ ਅਨੁਭਵ ਕਰਦੀਆਂ।

**ਸ੍ਵੈਯਾ।।ਕੋਮਲ ਕੰਜ ਸੇ ਫੂਲ ਰਹੇ ਦ੍ਰਿਗ**
**ਮੋਰ ਕੋ ਪੰਖ ਸਿਰ ਊਪਰ ਸੋਹੈ।।**
**ਹੈ ਬਰਨੀ ਸਰ ਸੀ ਭਰੁਟੇ ਧਨ**
**ਆਨਨ ਪੈ ਸਸਿ ਕੋਟਕ ਕੋ ਹੈ।।**
**ਮਿਤ੍ਰ ਕੀ ਬਾਤ ਕਹਾ ਕਹੀਯੇ**
**ਜਿਹ ਕੋ ਪਿਖ ਕੈ ਰਿਪ ਕੋ ਮਨ ਮੋਹੈ।।**
**ਮਾਨਹੁ ਲੈ ਸਿਵ ਕੇ ਰਿਪ ਆਪ**
**ਦਯੋ ਬਿਧਨਾ ਰਸ ਯਾਹਿ ਨਿਚੋ ਹੈ।।੩੧੭।।**

*– ਦਸਮ ਗ੍ਰੰਥ ਪੰਨਾ ੨੯੪*

ਸ੍ਰੀ ਕ੍ਰਿਸ਼ਨ ਜੀ ਦੇ ਨੇਤ੍ਰ ਕੌਲ ਫੁੱਲ ਵਰਗੇ ਕੋਮਲ ਅਤੇ ਖਿੜੇ ਰਹਿੰਦੇ ਸਨ। ਸਿਰ ਉੱਤੇ ਮੋਰ ਦੇ ਖੰਭਾਂ ਦਾ ਮੁਕਟ ਸੋਭ ਰਿਹਾ ਸੀ, ਤੀਰ ਵਰਗੀ ਤਿੱਖੀ ਨਿਗਾਹ ਸੀ, ਭਰਵੱਟੇ ਧਨੁੱਖ ਵਾਂਗੂੰ ਗੋਲ ਸਨ, ਮੂੰਹ ਦੀ ਸੁੰਦਰਤਾ ਦੇ ਸਾਹਮਣੇ ਕ੍ਰੋੜਾਂ ਚੰਦ੍ਰਮਾਂ ਭੀ ਕੋਈ ਚੀਜ਼ ਨਹੀਂ ਸਨ। ਸ੍ਰੀ ਕ੍ਰਿਸ਼ਨ ਜੀ ਦੇ ਸੁੰਦਰ ਸਰੂਪ ਉੱਤੇ ਵੈਰੀ ਭੀ ਮੋਹਿਤ ਹੋ ਜਾਂਦੇ ਸਨ, ਉਨ੍ਹਾਂ ਦੀ ਸੁੰਦਰਤਾ ਨੂੰ ਵੇਖਕੇ ਇੰਝ ਲਗਦਾ ਜਿਵੇਂ ਕਾਮਦੇਵ ਨੇ ਆਪ ਸੁੰਦਰਤਾ ਨੂੰ ਲੈਕੇ, ਉਸਦਾ ਰਸ ਨਿਚੋੜ ਕੇ ਬ੍ਰਹਮਾ ਨੂੰ ਦੇ ਦਿੱਤਾ ਹੋਵੇ ਅਤੇ ਬ੍ਰਹਮਾ ਨੇ ਉਸ ਰਸ ਤੋਂ ਸ੍ਰੀ ਕ੍ਰਿਸ਼ਨ ਜੀ ਦਾ ਸਰੀਰ ਬਣਾਇਆ ਹੋਵੇ।

ਸ੍ਰੀ ਕਿਸ਼ਨ ਜੀ ਦੇ ਪੀਲੇ ਰੰਗ ਦੇ ਪਾਏ ਹੋਏ ਬਸਤ੍ਰ ਇੰਝ ਲਗਦੇ, ਜਿਵੇਂ ਸਾਵਣ ਦੇ ਮਹੀਨੇ ਵਿੱਚ ਉੱਡਦੀਆਂ ਹੋਈਆਂ ਕਾਲੀਆਂ ਘਟਾਵਾਂ ਵਿੱਚੋਂ ਬਿਜਲੀ ਚਮਕਦੀ ਹੋਵੇ। ਸ੍ਰੀ ਕ੍ਰਿਸ਼ਨ ਜੀ ਦਾ ਸਿਆਮ ਵਰਨ, ਸਾਵਣ ਦੀ ਕਾਲੀ ਘਟਾ ਅਤੇ ਪੀਲੇ ਰੰਗ ਦੇ ਬਸਤ੍ਰ ਬਿਜਲੀ ਦੀ ਚਮਕ ਦੇ ਸਮਾਨ ਸੋਭਾ ਪਾਉਂਦੇ ਸਨ। ਸ੍ਰੀ ਕ੍ਰਿਸ਼ਨ ਜੀ ਦੇ ਨੇਤ੍ਰਾਂ ਦੇ ਦਰਸ਼ਨ ਕਰਕੇ ਬ੍ਰਾਹਮਣ ਇਸਤ੍ਰੀਆਂ ਮਦਮਸਤ ਹੋ ਰਹੀਆਂ ਸਨ। ਉਨ੍ਹਾਂ ਨੂੰ ਆਪਣੇ ਤਨ ਮਨ ਦੀ ਸੁਧ ਨਾ ਰਹਿੰਦੀ। ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਕਰਨ ਨਾਲ ਬ੍ਰਾਹਮਣ ਇਸਤ੍ਰੀਆਂ ਦੇ ਦੁੱਖ ਇੰਝ ਦੂਰ ਹੋ ਜਾਂਦੇ, ਜਿਵੇ ਗੰਗਾ ਜੀ ਨੂੰ ਛੁੰਹਦਿਆਂ ਸਾਰੇ ਪਾਪ ਦੂਰ ਹੋ ਜਾਂਦੇ ਹਨ। ਸ੍ਰੀ ਕ੍ਰਿਸ਼ਨ ਜੀ ਦੇ ਸੁੰਦਰ ਰੂਪ ਨੂੰ ਵੇਖਕੇ, ਉਹ ਆਪਣੀਆਂ ਅੱਖਾਂ ਵਿੱਚ ਉਸ ਸੁੰਦਰ ਮੂਰਤ ਨੂੰ ਇਸ ਤਰ੍ਹਾਂ ਬੰਦ ਕਰ ਲੈਂਦੀਆਂ, ਜਿਵੇਂ ਕੋਈ ਧਨਵਾਨ ਆਦਮੀ ਧਨ ਨੂੰ ਪ੍ਰਾਪਤ ਕਰਕੇ, ਆਪਣੇ ਅੰਦਰ ਰੱਖਕੇ ਘਰ ਦੇ ਦਰਵਾਜ਼ੇ ਬੰਦ ਕਰ ਲਵੇ, ਮਤੇ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਅੱਖਾਂ ਰਾਹੀਂ ਕਿਧਰੇ ਬਾਹਰ ਨਾ ਨਿਕਲ ਜਾਣ।

ਸ੍ਰੀ ਕ੍ਰਿਸ਼ਨ ਜੀ ਸਬਰ, ਸੰਤੋਖ ਦੇ ਸਮੁੰਦਰ ਤੇ ਗੁਣਾਂ ਦੇ ਅਥਾਹ, ਭੰਡਾਰ ਸਨ। ਆਪਣੀਆਂ ਚੰਚਲ ਅੱਖਾਂ ਦੇ ਨਾਲ ਇੱਕ ਛਿਨ ਵਿੱਚ ਦੁਸ਼ਟਾਂ ਦਾ ਸੰਘਾਰ

ਕਰ ਦਿੰਦੇ, ਵੈਰੀਆਂ ਦਾ ਨਾਸ ਕਰਦੇ। ਸ੍ਰੀ ਕ੍ਰਿਸ਼ਨ ਜੀ ਅਵਤਾਰੀ ਪੁਰਖ ਸਨ ਜੋ ਸਾਧੂਆਂ ਸੰਤਾਂ ਦੇ ਦੁੱਖਾਂ ਨੂੰ ਹਮੇਸ਼ਾਂ ਦੂਰ ਕਰਦੇ ਸਨ, ਮਿਤ੍ਰ ਜਨਾ ਦੀ ਪਾਲਣਾ ਕਰਦੇ ਸਨ, ਸੰਸਾਰ ਦੇ ਜੀਵਾਂ ਦਾ ਉੱਧਾਰ ਕਰਦੇ ਸਨ। ਉਨ੍ਹਾਂ ਦੀ ਇਸ ਕੀਰਤੀ ਨੂੰ ਵੇਖਕੇ ਦੁਸ਼ਟ ਲੋਕ ਆਪਣੇ ਆਪ ਅੰਦਰ-ਅੰਦਰ ਸੜਦੇ ਰਹਿੰਦੇ ਸਨ।

ਸ੍ਰੀ ਕ੍ਰਿਸ਼ਨ ਜੀ ਦਾ ਮੁੱਖ ਚੰਦ੍ਰਮਾਂ ਦੇ ਸਮਾਨ ਸੀ ਅਤੇ ਕਮਲ ਪਤ੍ਰ ਦੇ ਸਮਾਨ ਕੋਮਲ ਅੱਖਾਂ ਸਨ। ਭਰਵੱਟੇ ਧਨੁਖ ਦੇ ਸਮਾਨ ਇਕਸਾਰ ਗੋਲ ਸਨ ਅਤੇ ਅੱਖਾਂ ਦੀ ਨਜ਼ਰ ਤੀਰ ਵਾਂਗੂ ਮਨ ਨੂੰ ਘਾਇਲ ਕਰਦੀ ਜਾਂਦੀ। ਉਨ੍ਹਾਂ ਦੀ ਚਿਤਵਨੀ ਤਨ ਅਤੇ ਮਨ ਦੇ ਦੁੱਖ ਦੂਰ ਕਰਨ ਵਾਲੀ ਸੀ। ਉਨ੍ਹਾਂ ਦੇ ਨੇਤਰ ਸਾਧਾਂ ਅਤੇ ਸੰਤਾਂ ਦੇ ਦੁੱਖ ਦੂਰ ਕਰਨ ਵਾਲੇ ਸਨ।

ਸ੍ਰੀ ਕ੍ਰਿਸ਼ਨ ਜੀ ਪੀਤਾਂਬਰ ਧਾਰੀ ਸਨ। ਆਪਣੇ ਸਰੀਰ ਨੂੰ ਪੀਲੇ ਬਸਤ੍ਰਾਂ ਨਾਲ ਸੁਸੱਜਿਤ ਕਰਦੇ ਸਨ। ਆਪਣੇ ਸੁੰਦਰ ਮੱਥੇ ਉੱਤੇ ਚੰਦਨ ਦਾ ਟਿੱਕਾ ਲਗਾਉਂਦੇ ਸਨ। ਸ੍ਰੀ ਕ੍ਰਿਸ਼ਨ ਜੀ ਦੇ ਸਰੀਰ ਦੇ ਸਾਰੇ ਅੰਗ ਐਸੇ ਸੁੰਦਰ ਸਨ, ਕਿ ਉਨ੍ਹਾਂ ਦੀ ਸ਼ੋਭਾ ਸ਼ਬਦਾਂ ਰਾਹੀਂ ਵਰਣਨ ਕਰਨੀ ਅਸੰਭਵ ਹੈ। ਸ੍ਰੀ ਕ੍ਰਿਸ਼ਨ ਜੀ ਅਤਿ ਸੁੰਦਰ ਸਨ, ਉਨ੍ਹਾਂ ਦੀ ਅਪਾਰ ਸੁੰਦਰਤਾ ਦੇ ਦਰਸ਼ਨ ਕਰਕੇ ਗੋਪੀਆਂ ਆਪਣੀ ਹੋਸ਼ ਗਵਾ ਬੈਠਦੀਆਂ ਅਤੇ ਬੇਸੁੱਧ ਹੋ ਕੇ ਧਰਤੀ ਉੱਤੇ ਡਿੱਗ ਪੈਂਦੀਆਂ।

ਸ੍ਰੀ ਕ੍ਰਿਸ਼ਨ ਜੀ ਦੇ ਗਲੇ ਵਿੱਚ ਉਹ ਮਣੀ ਸ਼ੋਭਾ ਪਾ ਰਹੀ ਹੈ, ਜੋ ਸਮੁੰਦ੍ਰ ਦੇ ਕੋਲੋਂ ਉਨ੍ਹਾਂ ਨੇ ਭੇਟ ਵਿੱਚ ਲਈ ਸੀ। ਸ੍ਰੀ ਕ੍ਰਿਸ਼ਨ ਜੀ ਦੇ ਸਿਰ ਉੱਤੇ ਮੋਰ ਦੇ ਖੰਭਾਂ ਦਾ ਮੁਕਟ ਬਿਰਾਜਦਾ ਹੈ। ਦੋਹਾਂ ਕੰਨਾਂ ਵਿੱਚ ਕੁੰਡਲ ਸੋਭਾ ਪਾਉਂਦੇ। ਗਲੇ ਵਿੱਚ ਲਾਲਾਂ ਦੀ ਮਾਲਾ ਸੁਸ਼ੋਭਿਤ ਹੈ। ਰਾਹ ਜਾਂਦੇ ਲੋਕ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਕਰਨ ਲਈ ਰੁਕ ਜਾਂਦੇ ਅਤੇ ਇੱਥੋਂ ਤਕ ਕਿ ਦੇਵਤੇ ਭੀ ਦਰਸ਼ਨ ਕਰਨ ਲਈ ਸੂਰਗ ਲੋਕ ਛੱਡਕੇ ਧਰਤੀ ਤੇ ਆ ਜਾਂਦੇ।

**ਬ੍ਰਿਖਭਾਨ ਸੁਤਾ ਪਿਖਿ ਰੀਝ ਰਹੀ**
**ਅਤ ਸੁੰਦਰ ਸੁੰਦਰ ਕਾਨ੍ਹ ਕੋ ਆਨਨ।।੫੬੭।।**

*– ਦਸਮ ਗ੍ਰੰਥ ਪੰਨਾ ੩੨੭*

ਸ੍ਰੀ ਕ੍ਰਿਸ਼ਨ ਜੀ ਦੇ ਅਤਿ ਸੁੰਦਰ ਮੁਖੜੇ ਨੂੰ ਵੇਖਕੇ ਸ੍ਰੀ ਰਾਧਾ ਜੀ ਅਤਿਅੰਤ ਪ੍ਰਸੰਨ ਹੁੰਦੇ। ਬਾਕੀ ਦੀਆਂ ਸਾਰੀਆਂ ਗੋਪੀਆਂ ਸ੍ਰੀ ਕ੍ਰਿਸ਼ਨ ਜੀ ਦੇ ਸੁੰਦਰ ਸਰੂਪ ਨੂੰ ਵੇਖਕੇ ਆਪਣੇ ਸਰੀਰ ਵਿੱਚ ਕ੍ਰਿਸ਼ਨ ਰੂਪ ਹੀ ਹੋ ਗਈਆਂ। ਸ੍ਰੀ ਕ੍ਰਿਸ਼ਨ ਜੀ ਦੇ ਸੁੰਦਰ ਮੁਖ ਤੋਂ ਸਾਰੇ ਰਾਗਾਂ ਦੀ ਸੁਰ ਸਭ ਤਰ੍ਹਾਂ ਨਾਲ ਨਿਕਲ ਰਹੀ ਸੀ, ਸ੍ਰੀ ਕ੍ਰਿਸ਼ਨ ਜੀ ਦਾ ਬੋਲਣਾ ਹੀ ਮਾਨੋ ਰਾਗ ਦਾ ਅਲਾਪ ਸੀ। ਜਿਸ ਤਰ੍ਹਾਂ ਮਧੂ ਵਿੱਚ ਮੱਖੀਆਂ ਹਨ, ਇਸੇ ਤਰ੍ਹਾਂ ਹੀ ਲੋਕਾਂ ਦੀ ਮੱਤ ਇਨ੍ਹਾਂ ਦੇ ਸੁੰਦਰ ਰੂਪ ਵਿੱਚ ਫਸੀ ਹੋਈ ਸੀ। ਆਪਣੇ ਸੁੰਦਰ ਮੁੱਖ ਤੋਂ ਸ੍ਰੀ ਕ੍ਰਿਸ਼ਨ ਜੀ ਬੜੇ ਹੀ ਵਧੀਆ ਤਰੀਕੇ ਨਾਲ ਰਾਗ ਅਲਾਪਦੇ।

ਸ੍ਰੀ ਕ੍ਰਿਸ਼ਨ ਜੀ ਦੀਆਂ ਲੰਬੀਆਂ ਜ਼ੁਲਫਾਂ ਇਸ ਤਰ੍ਹਾਂ ਸ਼ੋਭਾ ਪਾ ਰਹੀਆਂ ਹਨ, ਜਿਵੇਂ ਚੰਦਨ ਦੇ ਬ੍ਰਿਛ ਨਾਲ ਕਾਲੇ ਸੱਪਾਂ ਦੇ ਬੱਚੇ ਲਟਕ ਰਹੇ ਹੋਣ। ਸ੍ਰੀ ਕ੍ਰਿਸ਼ਨ ਜੀ ਦੀ ਸੁੰਦਰਤਾ ਬੜੀ ਹੀ ਅਨੂਠੀ ਸੀ, ਸਮਾਧੀ ਲਾਉਣ ਵਾਲਿਆਂ ਨੂੰ ਸਮਾਧੀ ਲਾਉਣੀ ਭੁਲ ਜਾਂਦੀ, ਕਿਉਂਕਿ ਉਹ ਹਰ ਵੇਲੇ ਹੀ ਦਰਸ਼ਨਾਂ ਦੇ ਅਭਿਲਾਸ਼ੀ ਰਹਿੰਦੇ। ਇਹੋ ਜਿਹੇ ਅਤਿ ਸੁੰਦਰ, ਮਨਮੋਹਕ, ਸ੍ਰੀ ਕ੍ਰਿਸ਼ਨ ਜੀ ਦੀਆਂ ਸਾਰੀਆਂ ਇੱਛਾਵਾਂ ਨੂੰ ਮੰਨ ਕੇ ਬ੍ਰਿਜ ਦੀਆਂ ਗੋਪੀਆਂ, ਆਪਣੇ ਘਰਾਂ ਪਰਿਵਾਰਾਂ ਦੀ ਪਰਵਾਹ ਨਾ ਕਰਦਿਆਂ ਹੋਇਆਂ, ਆਪਾ ਨਿਛਾਵਰ ਕਰਨ ਲਈ ਹਮੇਸ਼ਾਂ ਬੇਕਰਾਰ ਸਨ। ਉਹ ਉਹਨਾਂ ਦੀ ਰਜ਼ਾ ਵਿੱਚ ਰਹਿ ਕੇ, ਉਹਨਾਂ ਤੋਂ ਵਾਰਨੇ ਬਲਿਹਾਰਨੇ ਜਾਂਦੀਆਂ ਸਨ, ਅਤੇ ਹਮੇਸ਼ਾਂ ਆਨੰਦ ਮਗਨ ਰਹਿੰਦੀਆਂ।

# ੩

**ਸ੍ਵੈਯਾ।।ਫੂਲ ਸੀ ਗ੍ਵਾਰਨ ਫੂਲ ਰਹੀ**
**ਪਟਿ ਰੰਗਨ ਕੇ ਫੁਨ ਫੂਲ ਲੀਏ।।**
**ਇਕ ਸਯਾਮ ਸੀਗਾਰ ਸੁ ਗਾਵਤ ਹੈ**
**ਪੁਨ ਕੋਕਲਕਾ ਸਮ ਹੋਤ ਜੀਏ।।**
**ਰਿਤ ਨਾਮਹਿ ਸਯਾਮ ਭਯੋ ਸਜਨੀ**
**ਤਿਹ ਤੇ ਸਭ ਛਾਡ ਸੁ ਸਾਜ ਦੀਏ।।**
**ਪਿਖਿ ਜਾ ਚਤੁਰਾਨਨ ਚਉਕ ਰਹੈ**
**ਜਿਹ ਦੇਖਤ ਹੋਤ ਹੁਲਾਸ ਹੀਏ।।੮੬੮।।**

*- ਦਸਮ ਗ੍ਰੰਥ ਪੰਨਾ ੩੬੯*

**ਸ਼ਬਦਾਰਥ :**
ਪਟ-ਪਹਿਨੇ ਹੋਏ ਬਸਤਰਾਂ ਦੇ ਰੰਗਾਂ ਨਾਲ ਮਿਲਦੇ ਜੁਲਦੇ (ਫੁੱਲ ਲੈ ਕੇ)। ਕੋਕਲਕਾ-ਕੋਇਲ ਸਮਾਨ ਮਿੱਠੀ ਸੁਰ ਵਿੱਚ ਗਾ ਕੇ। ਜੀਏ-ਦਿਲ ਵਿੱਚ ਖੁਸ਼ ਹੁੰਦੀਆਂ। ਰਿਤੁ-ਰੁਤਿ, ਮੌਸਮ। ਸਯਾਮ-ਮਾਧਵ। ਛਾਜ-ਫਬਾਉ, ਸਜਾਵਟ, ਸ਼ਿੰਗਾਰ। ਸਾਜ-ਬਣਾ ਦਿੱਤੇ ਹਨ। ਜਾਂ-ਜਿਸ ਨੂੰ ਵੇਖਕੇ। ਚਤੁਰਾਨਨ-ਬ੍ਰਹਮਾ ਚਾਰ ਮੂੰਹ ਵਾਲਾ। ਚਉਕਿ-ਹੈਰਾਨ, ਆਚੰਭਿਤ।

**ਵਿਆਖਿਆ :**
ਸਾਰੀਆਂ ਗੋਪੀਆਂ ਦੇ ਦਿਲ ਖੁਸ਼ੀ ਖੇੜੇ ਅਤੇ ਅਥਾਹ ਪ੍ਰੇਮ ਨਾਲ ਭਰਪੂਰ ਸਨ। ਉਹ ਅਤਿਅੰਤ ਪ੍ਰਸੰਨ ਹੋ ਰਹੀਆਂ ਸਨ, ਜਿਸ ਤਰ੍ਹਾਂ ਫੁੱਲ ਖਿੜੇ ਹੋਏ ਹੁੰਦੇ ਹਨ, ਉਸੇ ਤਰ੍ਹਾਂ ਹੀ ਫੁੱਲਾਂ ਵਾਂਗ ਉਹ ਖਿੜੀਆਂ ਪਈਆਂ ਸਨ ਜਿਹੜੇ ਕਪੜੇ ਉਹਨਾਂ ਨੇ ਪਾਏ ਹੋਏ ਸਨ ਉਹ ਵੀ ਫੁੱਲਾਂ ਦੇ ਵੱਖ-ਵੱਖ ਰੰਗਾਂ ਵਰਗੇ ਸਨ। ਇੱਕ ਗੋਪੀ ਸ੍ਰੀ ਕ੍ਰਿਸ਼ਨ ਜੀ ਦੇ ਸ਼ਿੰਗਾਰ ਨੂੰ ਸਰਾਹੁੰਦੀ ਹੈ, ਉਨ੍ਹਾਂ ਦੇ ਹਾਰ ਸ਼ਿੰਗਾਰ ਦੇ ਗੀਤ ਗਾਉਂਦੀ ਹੈ, ਅਤੇ ਕੋਇਲ ਵਾਂਗ ਮਨ ਵਿੱਚ ਪ੍ਰਸੰਨ ਹੁੰਦੀ ਹੈ। ਸ੍ਰੀ ਕ੍ਰਿਸ਼ਨ ਜੀ ਦਾ ਨਾਮ ਹੀ ਚੇਤ੍ਰ ਜਾਂ ਮੌਸਮ ਬਹਾਰ ਬਣਿਆ ਹੋਇਆ ਹੈ, ਉਸੇ ਕਰਕੇ ਹੀ ਸਾਰੀਆਂ ਸਖੀਆਂ ਨੇ ਆਪਣੇ ਸਰੀਰਾਂ ਉੱਤੇ ਸੁੰਦਰ ਸ਼ਿੰਗਾਰ ਦਾ ਸਾਜ ਕੀਤਾ ਹੋਇਆ ਹੈ। ਉਹਨਾਂ ਦੇ ਸੁੰਦਰ ਸ਼ਿੰਗਾਰ ਨੂੰ ਵੇਖ ਕੇ ਸ੍ਰੀ ਬ੍ਰਹਮਾ ਜੀ ਵੀ ਚਕਿਤ

ਹੋ ਰਹੇ ਸਨ ਅਤੇ ਉਸਨੂੰ ਵੇਖਦਿਆਂ ਸਾਰ ਹੀ ਹਿਰਦੇ ਵਿੱਚ ਹੁਲਾਸ ਅਤੇ ਖੇੜਾ ਪੈਦਾ ਹੋ ਜਾਂਦਾ ਸੀ।

**ਭਾਵ :**

ਸਾਰੀਆਂ ਗੋਪੀਆਂ ਫੁੱਲਾਂ ਵਾਲੇ ਰੰਗ ਦੇ ਕਪੜੇ ਪਾ ਕੇ ਫੁੱਲਾਂ ਵਾਂਗ ਫੁੱਲ ਰਹੀਆਂ ਸਨ। ਉਨ੍ਹਾਂ ਨੇ ਆਪਣੇ ਤਨ ਨੂੰ ਹਾਰ ਸ਼ਿੰਗਾਰ ਕਰਕੇ ਇਸ ਤਰ੍ਹਾਂ ਸੁਸੱਜਿਤ ਕੀਤਾ ਹੋਇਆ ਸੀ, ਜਿਸਨੂੰ ਵੇਖਦਿਆਂ ਸਾਰ ਹੀ ਹਰੇਕ ਦਾ ਹਿਰਦਾ ਪੁਲਕਿਤ ਹੋ ਉਠਦਾ ਸੀ।

# ਜਿਹ ਦੇਖਤ ਹੋਤ ਹੁਲਾਸ ਹੀਏ।

ਅਰਜਨ ਸ੍ਰੀ ਕ੍ਰਿਸ਼ਨ ਜੀ ਦੇ ਪਰਮ ਭਗਤ, ਸਖਾ, ਬੰਧਪ, ਪ੍ਰੇਮੀ, ਸਨੇਹੀ ਸਨ। ਸ੍ਰੀ ਕ੍ਰਿਸ਼ਨ ਜੀ ਨੇ ਇਨ੍ਹਾਂ ਨੂੰ ਆਪਣਾ ਨਮਿੱਤ ਬਣਾ ਕੇ ਮਹਾਭਾਰਤ ਦੀ ਲੜਾਈ ਵਿੱਚ ਵੱਡੇ-ਵੱਡੇ ਯੋਧਿਆਂ ਦਾ ਨਾਸ ਕਰਕੇ, ਪ੍ਰਿਥਵੀ ਰਾਖਸ਼ਾਂ ਤੋਂ ਮੁਕਤ ਕਰਕੇ ਆਪਣਾ ਇਸ ਲੋਕ ਵਿੱਚ ਆਉਣ ਦਾ ਮੰਤਵ ਸਾਰਥਕ ਕੀਤਾ। ਇਸ ਗੱਲ ਨੂੰ ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਦੇ ਵਿਸ਼ਵਰੂਪ ਦਰਸ਼ਨ ਦੇ ਪ੍ਰਸੰਗ ਵਿੱਚ ਇਹ ਕਹਿਕੇ ਮੰਨਿਆ, ''ਇਹ ਸਾਰੇ ਤੇਰੇ ਦੁਸ਼ਮਣ ਮੇਰੇ ਰਾਹੀਂ ਪਹਿਲਾਂ ਹੀ ਮਾਰੇ ਜਾ ਚੁੱਕੇ ਹਨ, ਤੈਨੂੰ ਇਨ੍ਹਾਂ ਦਾ ਸੰਹਾਰ ਕਰਨ ਵਾਸਤੇ ਸਿਰਫ ਨਮਿੱਤ ਬਣਨਾ ਹੋਵੇਗਾ''।

**ਸ੍ਵੈਯਾ।।ਰਾਤ ਬਿਤੀਤ ਭਈ ਅਰ ਪ੍ਰਾਤ ਭਈ**
**ਫਿਰ ਰਾਤ ਤਬੈ ਚੜ ਆਏ।।**
**ਛਾਡ ਦਏ ਹਥਿ ਫੂਲ ਹਜਾਰ**
**ਦੋਊ ਭੁਚ ਪਯੋਧਰ ਐਸ ਫਿਰਾਏ।।**
**ਅਉਰ ਹਵਾਇ ਚਲੀ ਨਭ ਕੋ**
**ਉਪਮਾ ਤਿਹ ਕੀ ਕਬਿ ਸਯਾਮ ਸੁਨਾਏ।।**
**ਦੇਖਹਿ ਕਉਤਕ ਦੇਵ ਸਭੈ**
**ਤਿਹਤੇ ਮਨੋ ਕਾਗਦ ਕੋਟ ਪਠਾਏ।।੩੩।।**

*- ਦਸਮ ਗ੍ਰੰਥ ਪੰਨਾ ੨੫੭*

ਅਰਜਨ, ਸ੍ਰੀ ਕ੍ਰਿਸ਼ਨ ਜੀ ਦੇ ਅਤਿ ਹਰਮਨ ਪਿਆਰੇ ਭਗਤਾਂ ਵਿੱਚੋਂ ਇੱਕ ਸਨ। ਇਹ ਸ੍ਰੀ ਕ੍ਰਿਸ਼ਨ ਜੀ ਨੂੰ ਆਪਣਾ ਰਿਸ਼ਤੇਦਾਰ ਵੀ ਮੰਨਦੇ ਸਨ। ਅਰਜਨ, ਸ੍ਰੀ ਕ੍ਰਿਸ਼ਨ ਜੀ ਦੇ ਨਾਲ ਕਈ ਵਾਰੀ ਵੱਖ-ਵੱਖ ਥਾਵਾਂ ਤੇ ਕਈ ਕਈ ਮਹੀਨੇ ਇਕੱਠੇ ਰਹਿੰਦੇ। ਇਹੋ ਜਿਹੇ ਅਵਸਰਾਂ ਤੇ ਇਹ ਸੁਭਾਵਿਕ ਹੀ ਸੀ ਕਿ ਉਨ੍ਹਾਂ

ਦਾ ਉੱਠਣਾ-ਬੈਠਣਾ, ਖਾਣਾ-ਪੀਣਾ, ਘੁੰਮਣਾ-ਫਿਰਨਾ, ਸੌਣਾ-ਲੇਟਣਾ, ਨਾਲ-ਨਾਲ ਹੀ ਹੁੰਦਾ ਸੀ ਅਤੇ ਇਹੋ ਜਿਹੇ ਹਾਲਾਤਾਂ ਵਿੱਚ ਉਨ੍ਹਾਂ ਦੋਵਾਂ ਵਿੱਚ ਕਿਸੇ ਪ੍ਰਕਾਰ ਦਾ ਸੰਕੋਚ ਨਹੀਂ ਸੀ ਰਹਿ ਜਾਂਦਾ। ਇਹ ਆਪਸ ਵਿੱਚ ਇੱਕ ਦੂਸਰੇ ਦੇ ਬਹੁਤ ਹੀ ਨੇੜੇ ਸਨ। ਇਨ੍ਹਾਂ ਦੇ ਪਿਆਰ ਦਾ ਚਾਨਣਾ ਸੰਜਯ ਦੇ ਧ੍ਰਿਤਰਾਸ਼ਟਰ ਨੂੰ ਕਹੇ ਹੋਏ ਸ਼ਬਦਾਂ ਤੋਂ ਸਪਸ਼ਟ ਹੁੰਦਾ ਹੈ।

ਸੰਜਯ ਨੇ ਕਿਹਾ,''ਮਹਾਰਾਜ ! ਮੈਂ ਤੁਹਾਡਾ ਸੁਨੇਹਾ ਦੇਣ ਲਈ ਅਰਜਨ ਦੇ ਅੰਤਹ-ਪੁਰ ਵਿੱਚ ਗਿਆ। ਉਸ ਜਗ੍ਹਾ ਤੇ ਅਭਿਮਨਯੂ, ਨਕੁਲ, ਸਹਦੇਵ ਨਹੀਂ ਜਾ ਸਕਦੇ ਸਨ। ਉੱਥੇ ਪਹੁੰਚ ਕੇ ਮੈਂ ਵੇਖਿਆ ਕਿ ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਦੋਨੋਂ ਚਰਨ ਅਰਜਨ ਦੀ ਗੋਦ ਵਿੱਚ ਰੱਖੇ ਹੋਏ ਹਨ ਅਤੇ ਅਰਜਨ ਦੇ ਚਰਨ ਦ੍ਰੋਪਦੀ ਅਤੇ ਸਤਯਭਾਮਾ ਦੀ ਗੋਦ ਵਿੱਚ ਹਨ।'' ਜਦੋਂ ਪਾਂਡਵ ਜੂਏ ਦੀ ਸ਼ਰਤ ਹਾਰ ਕੇ ਚਲੇ ਜਾਂਦੇ ਹਨ, ਉਸ ਵੇਲੇ ਸ੍ਰੀ ਕ੍ਰਿਸ਼ਨ ਉਨ੍ਹਾਂ ਨੂੰ ਮਿਲਣ ਲਈ ਜਾਂਦੇ ਹਨ। ਉਸ ਵੇਲੇ ਸ੍ਰੀ ਕ੍ਰਿਸ਼ਨ ਜੀ ਦਾ ਅਰਜਨ ਨਾਲ ਇਕ ਮਿਕ ਹੋਣ ਦਾ ਪ੍ਰਮਾਣ ਮਿਲਦਾ ਹੈ। ਸ੍ਰੀ ਕ੍ਰਿਸ਼ਨ ਜੀ ਨੇ ਫਰਮਾਇਆ,''ਅਰਜਨ ! ਤੂੰ ਸਿਰਫ ਮੇਰੇ ਲਈ ਹੈਂ ਅਤੇ ਮੈਂ ਸਿਰਫ ਤੇਰੇ ਲਈ ਹਾਂ ਜਿਹੜੇ ਮੇਰੇ ਹਨ, ਉਹ ਤੇਰੇ ਹਨ, ਅਤੇ ਜਿਹੜੇ ਤੇਰੇ ਹਨ, ਉਹ ਮੇਰੇ ਹਨ। ਜਿਹੜਾ ਤੇਰੇ ਨਾਲ ਦ੍ਵੈਸ਼ ਕਰਦਾ ਹੈ, ਉਹ ਮੇਰੇ ਨਾਲ ਦ੍ਵੈਸ਼ ਕਰਦਾ ਹੈ, ਜਿਹੜਾ ਤੇਰਾ ਪ੍ਰੇਮੀ ਹੈ, ਉਹ ਮੇਰਾ ਪ੍ਰੇਮੀ ਹੈ, ਤੂੰ ਨਰ ਹੈਂ ਅਤੇ ਮੈਂ ਨਰਾਇਣ ਹਾਂ। ਤੂੰ ਮੇਰੇ ਨਾਲੋਂ ਅਲੱਗ ਨਹੀਂ ਅਤੇ ਮੈਂ ਤੇਰੇ ਨਾਲੋਂ ਵੱਖਰਾ ਨਹੀਂ। ਸਾਡੇ ਦੋਹਾਂ ਵਿੱਚ ਕੋਈ ਅੰਤਰ ਨਹੀਂ ਅਤੇ ਅਸੀਂ ਦੋਵੇਂ ਇੱਕ ਹਾਂ।''

ਸ੍ਰੀ ਕ੍ਰਿਸ਼ਨ ਜੀ ਤੇ ਅਰਜਨ ਦਾ ਰਿਸ਼ਤਾ ਚੰਦ ਚਕੋਰ, ਜਲ ਮਛਲੀ ਵਰਗਾ ਸੀ। ਦ੍ਵਾਰਕਾ ਵਿੱਚ ਵੀ ਸ੍ਰੀ ਕ੍ਰਿਸ਼ਨ ਅਤੇ ਅਰਜਨ ਦੋਵੇਂ ਕਈ ਕਈ ਦਿਨ ਇਕੱਠੇ ਹੀ ਰਹਿੰਦੇ ਸਨ ਅਤੇ ਇੱਥੋਂ ਤੱਕ ਕਿ ਰਾਤ ਨੂੰ ਦੋਵੇਂ ਇੱਕਠੇ ਸੌਂਦੇ ਸਨ। ਸ੍ਰੀ ਕ੍ਰਿਸ਼ਨ ਜੀ ਅਰਜਨ ਨੂੰ ਸੁਭੱਦਰਾ ਦੇ ਵਿਆਹ ਦੀ ਆਗਿਆ ਦਿੰਦੇ ਹਨ ਅਤੇ ਉਸਨੂੰ ਰਥ, ਹਥਿਆਰ ਆਦਿ ਸੁਭੱਦਰਾ ਨੂੰ ਭਜਾ ਕੇ ਲਿਆਉਣ ਲਈ ਸਹਾਇਤਾ ਕਰਦੇ ਹਨ। ਖਾਂਡਵਦਾਹ ਦੇ ਪ੍ਰਸੰਗ ਵਿੱਚ ਅਰਜਨ ਇੰਦਰ ਕੋਲੋਂ ਇਹ ਵਰਦਾਨ ਮੰਗਦਾ ਹੈ ਕਿ ਉਨ੍ਹਾਂ ਦੀ ਸ੍ਰੀ ਕਿਸ਼ਨ ਜੀ ਦੇ ਨਾਲ ਮਿੱਤਰਤਾ ਦਿਨ ਰਾਤ ਵੱਧਦੀ ਹੀ ਜਾਵੇ। ਸ੍ਰੀ ਕ੍ਰਿਸ਼ਨ ਜੀ ਦੇ ਨਾਲ ਅਰਜਨ ਦੇ ਪਿਆਰ ਦੀ ਕੋਈ ਸੀਮਾ ਨਹੀਂ ਸੀ। ਇਹੀ ਕਾਰਨ ਸੀ ਕਿ ਅਰਜਨ ਨੇ ਸ੍ਰੀ ਕ੍ਰਿਸ਼ਨ ਜੀ ਦੀ ਇੱਕ ਅਰਬ ਨਰਾਯਣੀ ਸੈਨਾ ਨਾ ਲੈ ਕੇ, ਇਕੱਲੇ, ਨਿਹੱਥੇ ਸ੍ਰੀ ਕ੍ਰਿਸ਼ਨ ਜੀ ਨੂੰ ਹੀ ਲਿਆ। ਉਨ੍ਹਾਂ ਨੇ ਐਸ਼ਵਰਯ ਤਿਆਗ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਅਪਣਾਇਆ। ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਪਿਆਰੇ ਦੇ ਵੱਸ ਵਿੱਚ ਹੋ ਕੇ ਉਸਦਾ ਸਾਰਥੀ ਬਣਨਾ ਪ੍ਰਵਾਨ ਕੀਤਾ। ਅਰਜਨ ਆਪਣੇ ਜੀਵਨ ਦੀ ਵਾਗ-ਡੋਰ ਸ੍ਰੀ ਕ੍ਰਿਸ਼ਨ ਜੀ ਦੇ ਹੱਥੀਂ ਸੌਂਪ

ਕੇ ਨਿਸ਼ਚਿੰਤ ਹੋ ਗਏ।

ਸ੍ਰੀ ਕ੍ਰਿਸ਼ਨ ਜੀ ਦਾ ਅਰਜਨ ਨਾਲ ਬੜਾ ਅਨੋਖਾ ਪਿਆਰ ਸੀ। ਅਰਜਨ ਪੂਰਨ ਰੂਪ ਵਿੱਚ ਸ੍ਰੀ ਕ੍ਰਿਸ਼ਨ ਦੇ ਪ੍ਰਿਯ ਵਿਸ਼ਵਾਸ ਪਾਤਰ ਬਣ ਚੁੱਕੇ ਸਨ। ਅਰਜਨ ਦੇ ਗੁਣ-ਗਾਣ ਕਰਦਿਆਂ ਹੋਇਆ ਸ੍ਰੀ ਕ੍ਰਿਸ਼ਨ ਜੀ ਨੇ ਫਰਮਾਇਆ, ''ਅਰਜਨ ਮੇਰਾ ਸਖਾ, ਸੰਬੰਧੀ ਅਤੇ ਸ਼ਿਸ਼ ਹੈ। ਲੋੜ ਪਈ ਤਾਂ ਮੈਂ ਅਰਜਨ ਦੇ ਲਈ ਆਪਣੇ ਸਰੀਰ ਦਾ ਮਾਸ ਵੀ ਕੱਟਕੇ ਦੇ ਸਕਦਾ ਹਾਂ। ਅਰਜਨ ਵੀ ਮੇਰੇ ਲਈ ਪ੍ਰਾਣ ਤਿਆਗ ਸਕਦਾ ਹੈ।'' ਅਰਜਨ ਨੇ ਜਯਦਰਥ ਨੂੰ ਮਾਰਨ ਦਾ ਵਾਅਦਾ ਕੀਤਾ। ਸ੍ਰੀ ਕ੍ਰਿਸ਼ਨ ਜੀ ਅੱਧੀ ਰਾਤ ਨੂੰ ਜਾਗ ਪਏ ਅਤੇ ਆਪਣੇ ਸਾਰਥੀ ਨੂੰ ਬੁਲਾ ਕੇ ਮਨ ਦੀ ਵਿਅਯਥਾ ਬਾਰੇ ਕਹਿਣ ਲੱਗੇ ''ਦਾਰੁਕ ! ਮੇਰੇ ਲਈ ਇਸਤ੍ਰੀ, ਮਿਤ੍ਰ ਅਥਵਾ ਭਾਈ, ਬੰਧੂ ਕੋਈ ਵੀ ਅਰਜਨ ਤੋਂ ਵਧਕੇ ਪਿਆਰਾ ਨਹੀਂ। ਇਸ ਸੰਸਾਰ ਨੂੰ ਅਰਜਨ ਤੋਂ ਬਿਨਾਂ ਮੈਂ ਇੱਕ ਖਿਨ ਭਰ ਲਈ ਵੀ ਨਹੀਂ ਵੇਖ ਸਕਦਾ, ਮੈਂ ਅਰਜਨ ਦਾ ਪਿਆਰਾ ਮਿੱਤਰ ਹਾਂ। ਅਰਜਨ ਮੇਰਾ ਅੱਧਾ ਸਰੀਰ ਹੈ।'' ਅਗਲੇ ਦਿਨ ਸ੍ਰੀ ਕ੍ਰਿਸ਼ਨ ਜੀ ਦੀ ਦੱਸੀ ਹੋਈ ਯੁਕਤੀ ਅਨੁਸਾਰ ਅਰਜਨ ਨੇ ਜਯਦਰਥ ਨੂੰ ਮਾਰਕੇ ਆਪਣੀ ਕਸਮ ਪੂਰੀ ਕੀਤੀ, ਅਤੇ ਆਪਣੇ ਪਿਆਰੇ ਮਿੱਤਰ ਦੀ ਕ੍ਰਿਪਾ ਕਰਕੇ ਅਰਜਨ ਨੂੰ ਰਤਾ ਭਰ ਵੀ ਕਸ਼ਟ ਨਾ ਹੋਇਆ। ਅਰਜਨ ਬੜੇ ਵੀਰ, ਧੀਰ ਦਿਆਲੂ, ਕੋਮਲ ਸੁਭਾਵ ਵਾਲੇ, ਸਤਯਵਾਦੀ ਦੈਵੀ ਗੁਣਾਂ ਦੇ ਧਾਰਨੀ ਅਤੇ ਅਤਿਅੰਤ ਮਹਾਕੁਸ਼ਲ ਧਨੁਰਧਾਰੀ ਅਤੇ ਸਦਾਚਾਰੀ ਸਨ।

ਇਸ ਤਰ੍ਹਾਂ ਆਸ਼ਕ ਅਤੇ ਇਸ਼ਟ ਇੱਕ ਦੂਸਰੇ ਬਿਨਾਂ ਨਹੀਂ ਰਹਿ ਸਕਦੇ ਸਨ। ਸ੍ਰੀ ਕ੍ਰਿਸ਼ਨ ਜੀ ਆਪਣੇ ਪਿਆਰੇ ਭਗਤ ਨੂੰ ਮਿਲਕੇ ਪੁਲਕਿਤ ਅਤੇ ਪ੍ਰਸੰਨ ਹੁੰਦੇ। ਇਸੇ ਤਰ੍ਹਾਂ ਦੂਸਰੇ ਪਾਸੇ ਅਰਜਨ ਵੀ ਆਪਣੇ ਪ੍ਰਭੂ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਕਰਕੇ ਹਮੇਸ਼ਾਂ ਹੁਲਾਸ ਭਰਪੂਰ ਰਹਿੰਦੇ, ਅਤਿ ਪ੍ਰਸੰਨ ਚਿਤ ਰਹਿੰਦੇ, ਅਤੇ ਸ੍ਰੀ ਕ੍ਰਿਸ਼ਨ ਜੀ ਵਰਗੇ ਇਸ਼ਟ ਦੀ ਪ੍ਰਾਪਤੀ ਕਰਕੇ ਆਪਣੇ ਭਾਗਾਂ ਦੀ ਅਤਿ ਸਰਾਹੁਣਾਂ ਕਰਦੇ।

# ੪

**ਏਕ ਸਮੈ ਰਹੈ ਕਿੰਸਕ ਫੂਲਿ**
**ਸਖੀ ਤਹ ਪਉਨ ਬਹੈ ਸੁਖਦਾਈ।।**
**ਭਉਰ ਗੁੰਜਾਰਤ ਹੈ ਇਤ ਤੇ**
**ਉਤ ਤੇ ਮੁਰਲੀ ਨੰਦ ਨਾਲ ਬਜਾਈ।।**
**ਰੀਝ ਰਹਿਯੋ ਸੁਨਿਕੈ ਸੁਰ ਮੰਡਲ**
**ਤਾ ਛਬਿ ਕੋ ਬਰਨਯੋ ਨਹੀਂ ਜਾਈ।।**
**ਤਉਨ ਸਮੈ ਸੁਖਦਾਇਕ ਥੀ ਰਿਤ**
**ਅਉਸਰ ਯਾਹਿ ਭਈ ਦੁਖਦਾਈ।।੮੬੯।।**

*- ਦਸਮ ਗ੍ਰੰਥ ਪੰਨਾ* ***੩੬੯***

**ਸ਼ਬਦਾਰਥ :**

ਕਿੰਸੁਕ-ਕੇਸੂ ਦੇ ਫੁੱਲ। ਸੁਰ ਮੰਡਲ-ਦੇਵਤਿਆਂ ਦਾ ਦੇਸ। ਅਉਸਰ- ਇਸ ਮੌਕੇ ਤੇ।

**ਵਿਆਖਿਆ :**

ਗੋਪੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਗੁਜ਼ਾਰੇ ਹੋਏ ਪਲਾਂ ਦੀ ਯਾਦ ਸਤਾਉਂਦੀ ਹੈ। ਗੋਪੀਆਂ ਉਨ੍ਹਾਂ ਪਲਾਂ ਦੀ ਯਾਦ ਵਿੱਚ ਉਨ੍ਹਾਂ ਘੜੀਆਂ ਨੂੰ ਇੱਕ ਖਿਨ ਭਰ ਲਈ ਵੀ ਵਿਸਾਰ ਨਹੀਂ ਸਕਦੀਆਂ। ਇੱਕ ਉਹ ਸਮਾਂ ਸੀ ਜਦੋਂ ਕੇਸੂ ਦੇ ਫੁੱਲ ਚਾਰੇ ਪਾਸੇ ਖਿੜ ਕੇ, ਵਾਤਾਵਰਨ ਨੂੰ ਸੁਹਾਵਣਾ ਅਤੇ ਸੁਗੰਧਮਈ ਬਣਾਉਂਦੇ ਸਨ। ਉੱਥੇ ਉਹ ਹਵਾ ਉਨ੍ਹਾਂ ਫੁੱਲਾਂ ਉੱਤੋਂ ਦੀ ਹੋ ਕੇ, ਉਨ੍ਹਾਂ ਨਾਲ ਛੂਹ ਕੇ ਲੰਘਦੀ ਅਤੇ ਉਹ ਗੋਪੀਆਂ ਨੂੰ ਅਤਿ ਸੁਖਦਾਇਕ ਲਗਦੀ ਸੀ। ਇੱਕ ਪਾਸੇ ਫੁੱਲਾਂ ਦਾ ਖੇੜਾ ਤੇ ਦੂਜੇ ਪਾਸੇ ਉਨ੍ਹਾਂ ਦਾ ਰਸ ਚੂਸਣ ਲਈ ਭੌਰੇ ਬੇਕਰਾਰ। ਭੌਰੇ ਗੁੰਜਾਰ ਕਰਦੇ ਹੋਏ ਇਧਰ ਤੋਂ ਉਧਰ ਤੇ ਉਧਰ ਤੋਂ ਇਧਰ ਆਉਂਦੇ ਜਾਂਦੇ ਭੀਂ-ਭੀਂ ਕਰਕੇ ਆਵਾਜ਼ਾਂ ਕਰਦੇ। ਫੁੱਲ, ਫੁੱਲਾਂ ਉੱਤੇ ਗੁੰਜਾਰ ਕਰਦੇ ਭੌਰੇ ਤੇ ਇਹੋ ਜਿਹੇ ਸੁਹਾਵਣੇ ਸਮੇ ਵਿੱਚ ਕ੍ਰਿਸ਼ਨ ਜੀ ਨੇ, ਆਪਣੇ ਹਸਤ-ਕੰਵਲਾਂ ਨਾਲ ਮੁਰਲੀ, ਆਪਣੇ ਮਧੁਰ ਬੁੱਲ੍ਹਾਂ ਨਾਲ ਲਗਾਉਂਦੇ ਅਤੇ ਉਸ ਵਿੱਚੋਂ ਵੱਖ-ਵੱਖ ਧੁਨਾਂ ਛੇੜ ਕੇ, ਉਸ ਵਿੱਚੋਂ ਵੱਖ-ਵੱਖ ਤਾਨਾਂ ਵਜਾ ਕੇ, ਸ੍ਰੀ ਕ੍ਰਿਸ਼ਨ ਜੀ ਗੋਪੀਆਂ ਦੇ ਹਿਰਦਿਆਂ ਨੂੰ ਝੰਜੋੜਕੇ

ਰੱਖ ਦਿੰਦੇ। ਸੁਰਗਾਂ ਵਿੱਚ ਵਿਚਰ ਰਹੇ ਦੇਵਤੇ ਵੀ, ਸ੍ਰੀ ਕ੍ਰਿਸ਼ਨ ਜੀ ਦੀ ਮੁਰਲੀ ਵਿੱਚੋਂ ਨਿਕਲੀਆਂ ਧੁਨਾਂ ਨੂੰ ਸੁਣ - ਸੁਣ ਕੇ ਅਤਿ ਪ੍ਰਸੰਨ ਹੋ ਰਹੇ ਸਨ। ਉਸ ਮੌਕੇ ਦੀ ਸੋਭਾ ਦਾ ਵਰਣਨ ਕਰਨਾ ਅਸੰਭਵ ਹੈ, ਉਸ ਸ਼ੋਭਾ ਨੂੰ ਸ਼ਬਦਾਂ ਰਾਹੀਂ ਬਿਆਨ ਕਰਨਾ ਅਤਿ ਕਠਿਨ ਹੈ। ਉਸ ਵੇਲੇ ਇੱਕ ਪਾਸੇ ਬਸੰਤ ਦੀ ਰਿਤੂ, ਦੂਸਰੇ ਪਾਸੇ ਫੁੱਲਾਂ ਦਾ ਖਿੜਨਾ, ਖਿੜੇ ਹੋਏ ਫੁੱਲਾਂ ਉੱਤੇ ਭੌਰਿਆਂ ਦੀ ਗੁੰਜਾਰ ਤੇ ਸ੍ਰੀ ਕ੍ਰਿਸ਼ਨ ਜੀ ਦਾ ਸੰਗ, ਫਿਰ ਭਲਾ ਗੋਪੀਆਂ ਨੂੰ ਇਹ ਸਭ ਕੁਝ ਕਿਵੇਂ ਚੰਗਾ ਨਾ ਲਗਦਾ। ਉਸ ਵੇਲੇ ਗੋਪੀਆਂ ਰਸ ਵਿਭੋਰ ਹੋ ਕੇ, ਆਨੰਦਿਤ ਹੋ ਕੇ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਸਨ ਪਰ ਹੁਣ ਜਦੋਂ ਸ੍ਰੀ ਕ੍ਰਿਸ਼ਨ ਜੀ ਗੋਪੀਆਂ ਕੋਲੋਂ ਦੂਰ ਹਨ, ਗੋਪੀਆਂ ਲਈ ਸਾਰਾ ਕੁਝ ਅਤਿ ਦੁਖਦਾਈ ਸੀ, ਉਨ੍ਹਾਂ ਲਈ ਕ੍ਰਿਸ਼ਨ ਜੀ ਤੋਂ ਬਿਨਾ ਸਭ ਸੁੰਨਾ-ਸੁੰਨਾ ਅਤੇ ਨੀਰਸ ਸੀ। ਉਹ ਵਿਛੋੜੇ ਵਿੱਚ ਤੜਪ ਰਹੀਆਂ ਸਨ, ਉਨ੍ਹਾਂ ਦੀ ਬੇਵੱਸੀ, ਵਿਵਸ਼ਤਾ ਉਨ੍ਹਾਂ ਨੂੰ ਦੁੱਖ ਦੇਕੇ ਸਤਾ ਰਹੀ ਸੀ।

**ਭਾਵ :**

ਪ੍ਰਕ੍ਰਿਤੀ ਦੀ ਸੁੰਦਰਤਾ ਆਪਣੇ ਜੋਬਨ ਤੇ ਸੀ। ਭੌਰੇ ਗੁੰਜਾਰ ਕਰ ਰਹੇ ਸਨ। ਸ੍ਰੀ ਕ੍ਰਿਸ਼ਨ ਜੀ ਨੇ ਮੁਰਲੀ ਵਜਾ ਕੇ ਵਾਤਾਵਰਣ ਹੋਰ ਸੁਹਾਵਣਾ ਬਣਾ ਦਿੱਤਾ ਸੀ। ਇਸ ਦ੍ਰਿਸ਼ ਨੂੰ ਵੇਖਕੇ ਦੇਵ ਮੰਡਲ ਵੀ ਅਤਿ ਪ੍ਰਸੰਨ ਚਿਤ ਹੋ ਰਿਹਾ ਸੀ। ਉਹ ਸਮਾਂ ਸਭ ਲਈ ਅਤਿ ਸੁਖ ਮਈ ਬਣਿਆ ਹੋਇਆ ਸੀ।

# ਮੁਰਲੀ ਨੰਦ ਲਾਲ ਬਜਾਈ

ਮੁਰਲੀ ਤੋਂ ਭਾਵ ਹੈ ਬੰਸਰੀ। ਬਾਂਸ ਦੀ ਨਲਕੀ ਵਿੱਚ ਅੱਠ ਛੇਕ ਕਰ ਕੇ ਬਣਾਇਆ ਇੱਕ ਵਾਜਾ। ਮੁਰਲੀ ਦਾ ਨਾਮ ਆਉਂਦਿਆਂ ਹੀ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਸਾਖਿਆਤਕਾਰ ਹੋ ਜਾਂਦੇ ਹਨ। ਮੁਰਲੀ ਸ੍ਰੀ ਕ੍ਰਿਸ਼ਨ ਜੀ ਦੇ ਬੁਲ੍ਹਾਂ ਦੀ ਸ਼ਾਨ ਸੀ। ਮੁਰਲੀ ਸ੍ਰੀ ਕ੍ਰਿਸ਼ਨ ਜੀ ਦੇ ਅਧਰਾਂ ਦੀ ਮਿਠਾਸ ਸੀ। ਜਦੋਂ ਕਦੇ ਵੀ ਸ੍ਰੀ ਕ੍ਰਿਸ਼ਨ ਜੀ ਵਲਵਲਿਆਂ, ਤੀਵ੍ਰ ਭਾਵਨਾਵਾਂ ਦੇ ਨਾਲ ਓਤਪ੍ਰੋਤ ਹੁੰਦੇ ਤਾਂ ਉਹ ਮੁਰਲੀ ਤੇ ਕਰੋੜਾਂ ਰਾਗ ਅਲਾਪਦੇ ਸਨ, ਉਹ ਉਨ੍ਹਾਂ ਦੀ ਸ਼ਖਸੀਅਤ ਨੂੰ ਚਾਰ ਚੰਨ ਲਗਾ ਦਿੰਦੀ। ਗੁਰੂ ਗੋਬਿੰਦ ਸਿੰਘ ਜੀ ਉਸਦਾ ਵਰਣਨ ਇੰਝ ਕਰਦੇ ਹਨ।

**ਸੋਰਠ ਸਾਰੰਗ ਅਉ ਗੁਜਰੀ**
**ਲਲਤਾ ਅਰੁ ਭੈਰਵ ਦੀਪਕ ਗਾਵੈ।।**
**ਟੋਡੀ ਅਉ ਮੇਘ ਮਲ੍ਹਾਰ ਅਲਾਪਤ**
**ਗੌਂਡ ਅਉ ਸੁੱਧ ਮਲ੍ਹਾਰ ਸੁਨਾਵੈ।।**
**ਜੈਤਸਿਰੀ ਅਰੁ ਮਾਲਸਿਰੀ**

**ਅਉ ਪਰਜ ਸੁ ਰਾਗ ਸਿਰੀ ਠਟ ਪਾਵੈ।।**
**ਸਯਾਮ ਕਹੈ ਹਰਿ ਜੀ ਰਿਝ ਕੈ**
**ਮੁਰਲੀ ਸੰਗ ਕੋਟਕ ਰਾਗ ਬਜਾਵੈ।।੨੩੧।।**

*– ਦਸਮ ਗ੍ਰੰਥ ਪੰਨਾ ੨੮੨*

ਸ੍ਰੀ ਕ੍ਰਿਸ਼ਨ ਜੀ ਆਪਣੇ ਗੋਪ ਗਵਾਲਿਆਂ ਦੇ ਨਾਲ ਕ੍ਰੀੜਾਵਾਂ ਕਰਦੇ ਸਮੇਂ ਬੰਸਰੀ ਵਜਾਉਂਦੇ ਸਨ। ਗਰਮੀਆਂ ਦੀ ਰੁੱਤ ਖਤਮ ਹੋ ਗਈ ਤੇ ਬਰਖਾ ਰੁੱਤ ਆ ਗਈ। ਸ੍ਰੀ ਕ੍ਰਿਸ਼ਨ ਜੀ ਆਪਣੇ ਗਵਾਲ ਬਾਲਾਂ ਤੇ ਬਛਰਿਆਂ ਸਮੇਤ ਬਨ ਵਿੱਚ ਘੁੰਮਦੇ ਫਿਰਦੇ ਅਤੇ ਜਦੋਂ ਮੀਂਹ ਪੈਂਦਾ ਤਾਂ ਗੁਫਾ ਵਿੱਚ ਬੈਠ ਕੇ ਉਨ੍ਹਾਂ ਨਾਲ ਆਮੋਦ ਪ੍ਰਮੋਦ ਕਰਨ ਲਈ ਮੁਰਲੀ ਤੇ ਸਾਰਿਆਂ ਦੇ ਮਨ ਭਾਉਂਦੇ ਗੀਤ ਵਜਾਉਂਦੇ।

**ਕਬਿੱਤੁ।। ਲਲਤ ਧਨਾਸਰੀ ਬਜਾਵੈ ਸੰਗਿ ਬਾਸੁਰੀ**
**ਕਿਦਾਰਾ ਔਰ ਮਾਲਵਾ ਬਿਹਾਗੜਾ ਅਉ ਗੂਜਰੀ।।**
**ਮਾਰੂ ਅਉ ਪਰਜ ਔਰ ਕਾਨੜਾ ਕਲਿਆਨਿ ਸੁਭ**
**ਕੁੰਭਕ ਬਿਲਾਵਲੁ ਸੁਨੇ ਤੇ ਆਵੈ ਮੂਜਰੀ।।**
**ਭੈਰਵ ਪਲਾਸੀ ਭੀਮ ਦੀਪਕ ਸੁ ਗਉਰੀ ਨਟ**
**ਠਾਢੋ ਦ੍ਰੁਮ ਛਾਇ ਮੈ ਸੁ ਗਾਵੈ ਕਾਨ੍ਹ ਪੂਜਰੀ।।**
**ਤਾਤੇ ਗ੍ਰਿਹ ਤਿਆਗਿ ਤਾ ਕੀ ਸੁਨਿ ਧੁਨਿ ਸ੍ਰੋਨਨ ਮੈ**
**ਮ੍ਰਿਗ ਨੈਨੀ ਫਿਰਤ ਸੁ ਬਨ ਬਨ ਊਜਰੀ।।੨੩੨।।**

*– ਦਸਮ ਗ੍ਰੰਥ ਪੰਨਾ ੨੮੨*

ਸ੍ਰੀ ਕ੍ਰਿਸ਼ਨ ਜੀ ਆਪਣੇ ਬਾਲ ਗਵਾਲਿਆਂ ਨਾਲ ਸੁਹਣੇ-ਸੁਹਣੇ ਰੁੱਖਾਂ ਦੇ ਹੇਠਾਂ ਫਿਰ ਰਹੇ ਸਨ। ਸਾਥੀਆਂ ਨੂੰ ਜਦੋਂ ਬਹੁਤ ਭੁੱਖ ਲੱਗੀ ਤਾਂ ਉਹ ਘਰ ਜਾਣ ਲਈ ਬੇਕਰਾਰ ਹੋ ਉੱਠੇ। ਸ੍ਰੀ ਕ੍ਰਿਸ਼ਨ ਜੀ ਨੇ ਉਨ੍ਹਾਂ ਰੁੱਖਾਂ ਦੇ ਥੱਲੇ ਬੰਸਰੀ ਵਜਾਉਣੀ ਸ਼ੁਰੂ ਕਰ ਦਿੱਤੀ ਤੇ ਉਨ੍ਹਾਂ ਦੀ ਭੁੱਖ ਦੂਰ ਹੋ ਗਈ।

**ਸਵੈਯਾ।।ਕਾਨ ਬਜਾਵਤ ਹੈ ਮੁਰਲੀ**
**ਅਤਿ ਆਨੰਦ ਕੈ ਮਨ ਡੇਰਨ ਆਏ।।**
**ਤਾਲ ਬਜਾਵਤ ਕੂਦਤ ਆਵਤ**
**ਗੋਪ ਸਭੋ ਮਿਲ ਮੰਗਲ ਗਾਏ।।**
**ਆਪਨ ਹ੍ਵੈ ਧਨਠੀ ਭਗਵਾਨ**
**ਤਿਨੋ ਪਹਿ ਤੇ ਬਹੁ ਨਾਚ ਨਚਾਏ।।**
**ਰੈਨ ਪਰੀ ਤਬ ਆਪਨ ਆਪਨ**
**ਸੋਇ ਰਹੈ ਗ੍ਰਿਹ ਆਨੰਦ ਪਾਏ।।੩੩੪।।**

*– ਦਸਮ ਗ੍ਰੰਥ ਪੰਨਾ ੨੯੬*

ਜਦੋਂ ਸ੍ਰੀ ਕ੍ਰਿਸ਼ਨ ਜੀ ਮੁਰਲੀ ਵਜਾਉਂਦੇ ਸਨ, ਸਾਰੇ ਲੋਕ ਬਹੁਤ ਹੀ ਪ੍ਰਸੰਨ ਚਿਤ ਹੋ ਜਾਂਦੇ ਅਤੇ ਸਾਰੇ ਗਵਾਲੇ ਬਾਲ ਆਪਸ ਵਿੱਚ ਮਿਲ ਕੇ ਤਾਲੀਆਂ ਵਜਾਉਂਦੇ ਸਨ। ਮੰਗਲ ਦੇ ਗੀਤ ਗਾ-ਗਾ ਕੇ ਨੱਚਦੇ ਅਤੇ ਟੱਪਦੇ ਸਨ। ਸ੍ਰੀ ਕ੍ਰਿਸ਼ਨ ਜੀ ਆਪਣੇ ਬਾਲ ਗਵਾਲਿਆਂ ਨੂੰ ਪ੍ਰੇਰਨਾ ਦੇ ਕੇ ਆਪਣੀ ਰੁਚੀ ਅਨੁਸਾਰ ਬਹੁਤ ਤਰ੍ਹਾਂ ਦੇ ਨਾਚ ਨਚਾਉਂਦੇ ਸਨ। ਸਾਰੇ ਦੇ ਸਾਰੇ ਹੀ ਆਪੋ ਆਪਣੇ ਘਰਾਂ ਵਿੱਚ ਜਾ ਕੇ ਆਨੰਦਿਤ ਹੋ ਕੇ ਪ੍ਰਸੰਨ ਚਿਤ ਹੋ ਕੇ ਸੌਂਦੇ ਸਨ।

ਸ੍ਰੀ ਕ੍ਰਿਸ਼ਨ ਜੀ ਦੀ ਮੁਰਲੀ ਦੀ ਮਧੁਰ ਆਵਾਜ਼ ਸੁਣ-ਸੁਣ ਕੇ ਹਰ ਕੋਈ ਮੋਹਿਤ ਅਤੇ ਪ੍ਰਸੰਨ ਹੁੰਦਾ। ਗੋਪੀਆਂ ਅਤੇ ਸ੍ਰੀ ਕ੍ਰਿਸ਼ਨ ਜੀ ਦੀ ਮੁਰਲੀ ਦਾ ਅਟੁੱਟ ਗਹਿਰਾ ਸੰਬੰਧ ਸੀ। ਮੁਰਲੀ ਦੀ ਧੁਨ ਨਾਲ ਗੋਪੀਆਂ ਦੇ ਦਿਲਾਂ ਦੀ ਧੜਕਣ ਤੇਜ਼ ਹੋ ਜਾਂਦੀ।

ਜਦੋਂ ਗੋਪੀਆਂ ਨੇ ਰਸ ਦੀਆਂ ਗੱਲਾਂ ਕੀਤੀਆਂ ਤਾਂ ਸ੍ਰੀ ਕ੍ਰਿਸ਼ਨ ਜੀ ਚੁੱਪ ਰਹੇ ਤੇ ਮੁਰਲੀ ਤੇ ਕਾਫੀ ਰਾਗ ਵਜਾਉਂਣਾ ਸ਼ੁਰੂ ਕਰ ਦਿੱਤਾ। ਸ੍ਰੀ ਕ੍ਰਿਸ਼ਨ ਜੀ ਦੇ ਕਹਿਣ ਤੇ ਵੀ ਗੋਪੀਆਂ ਆਪਣੇ ਘਰਾਂ ਨੂੰ ਜਾਣ ਲਈ ਤਿਆਰ ਨਹੀਂ ਹੋਈਆਂ, ਉਸ ਵੇਲੇ ਸ੍ਰੀ ਕ੍ਰਿਸ਼ਨ ਜੀ ਆਪਣੇ ਹੱਥ ਵਿੱਚ ਮੁਰਲੀ ਲੈ ਕੇ ਸੁਰ ਤਾਲ ਨਾਲ ਵਜਾਉਣ ਲਗ ਪਏ। ਉਸ ਦੀ ਸੁਰ ਨੇ ਗੋਪੀਆਂ ਦੀ ਅਜਿਹੀ ਹਾਲਤ ਕਰ ਦਿੱਤੀ, ਮਾਨੋ ਗੋਪੀਆਂ ਦੇ ਘਾਇਲ ਹੋਏ ਦਿਲਾਂ ਉੱਤੇ ਲੂਣ ਦਾ ਛਿੜਕਾਅ ਕਰ ਦਿੱਤਾ ਹੋਵੇ।

**ਸ੍ਵੈਯਾ।। ਮੁਰਲੀ ਮੁਖ ਕਾਨ੍ਹਰ ਕੇ ਤਰੂਏ**
**ਤਰ ਸਯਾਮ ਕਹੈ ਬਿਧਿ ਖੂਬ ਫਕੀ।।**
**ਬ੍ਰਿਜ ਭਾਮਨ ਆ ਪਹੁਚੀ ਦਵਰੀ**
**ਸੁਧ ਹਿਯਾ ਜੁ ਰਹੀ ਨ ਕਛੂ ਮੁਖ ਕੀ।।**
**ਮੁਖ ਕੋ ਪਿਖ ਰੂਪ ਕੇ ਬਸਯ ਭਈ**
**ਮਤ ਹ੍ਵੈ ਅਤਿ ਹੀ ਕਹਿ ਕਾਨ੍ਹਬ ਕੀ।।**
**ਇਕ ਝੂਮ ਪਰੀ ਇਕ ਗਾਇ ਉਠੀ**
**ਤਨ ਮੈ ਇਕ ਹ੍ਵੈ ਰਹਿਗੀ ਸੁ ਜਕੀ ।।੪੪੭।।**

*- ਦਸਮ ਗ੍ਰੰਥ ਪੰਨਾ ੩੧੧*

ਸ੍ਰੀ ਕ੍ਰਿਸ਼ਨ ਜੀ ਨੇ ਰਾਸ ਲੀਲਾ ਕਰਨ ਵੇਲੇ ਰਾਧਾ ਜੀ ਨੂੰ ਨੱਚਦਿਆਂ ਹੋਇਆ ਵੇਖ ਕੇ ਮਨ ਵਿੱਚ ਅਤਿ ਸੁਖ ਪਾਇਆ ਅਤੇ ਫਿਰ ਪ੍ਰੇਮ ਤੇ ਉਤਸ਼ਾਹ ਨਾਲ ਮਸਤ ਹੋ ਕੇ ਬੰਸਰੀ ਵਜਾਉਣ ਲੱਗ ਪਏ। ਗੋਪੀਆਂ ਨੂੰ ਵੀ ਰਾਗ ਦਾ ਬਹੁਤ ਗਿਆਨ ਸੀ। ਇਸ ਲਈ ਸ੍ਰੀ ਕ੍ਰਿਸ਼ਨ ਜੀ ਦੀ ਮੁਰਲੀ ਦੇ ਨਾਲ ਨਾਲ ਉਹ ਬਹੁਤ ਸੁੰਦਰ ਧੁਨਾਂ ਵਿੱਚ ਗਾਉਂਦੀਆਂ ਸਨ। ਸ੍ਰੀ ਕ੍ਰਿਸ਼ਨ ਜੀ ਦੇ ਗਾਇਣ ਤੇ ਗੋਪੀਆਂ ਹਰਨੀਆਂ ਵਾਂਗ ਮੋਹਿਤ ਹੋ ਰਹੀਆਂ ਸਨ। ਸ੍ਰੀ ਕ੍ਰਿਸ਼ਨ ਜੀ ਬੰਸਰੀ

ਵਜਾ ਕੇ ਉਨ੍ਹਾਂ ਨੂੰ ਬੁਲਾਉਂਦੇ। ਜਦੋਂ ਸ੍ਰੀ ਕ੍ਰਿਸ਼ਨ ਜੀ ਨੇ ਬੰਸਰੀ ਵਜਾਈ, ਉਸ ਦੀ ਮਿੱਠੀ-ਮਿੱਠੀ ਆਵਾਜ਼ ਸੁਣ ਕੇ ਗੋਪੀਆਂ ਮਨ ਵਿੱਚ ਅਤਿ ਪ੍ਰਸੰਨ ਹੋਈਆਂ।

**ਦੋਹਰਾ।।ਕ੍ਰਿਸਨ ਮਨੈ ਅਤਿ ਰੀਝ ਕੈ ਮੁਰਲੀ ਉਠਯੋ ਬਜਾਇ।।**
**ਰੀਝ ਰਹੀ ਸਭ ਗੋਪੀਯਾ ਮਹਾ ਪ੍ਰਮੁਦ ਮਨ ਪਾਇ।।੬੩੭।।**

*- ਦਸਮ ਗ੍ਰੰਥ ਪੰਨਾ ੩੩੭*

ਬੰਸਰੀ ਨੂੰ ਸੁਣ ਕੇ ਬ੍ਰਿਜ ਦੀਆਂ ਗੋਪੀਆਂ ਮੋਹਿਤ ਹੋ ਰਹੀਆਂ ਸਨ। ਜਿਹੜੀ ਵੀ ਬ੍ਰਿਜ ਦੀ ਇਸਤਰੀ ਉੱਥੇ ਖਲੋਤੀ ਹੁੰਦੀ, ਬੰਸਰੀ ਦੀ ਆਵਾਜ਼ ਸੁਣਦਿਆਂ ਹੀ ਉਸ ਦਾ ਦਿਲ ਧੜਕਣ ਲਗ ਪੈਂਦਾ ਅਤੇ ਸਰੀਰ ਵਿੱਚ ਝੁਣਝੁਣੀ ਸ਼ੁਰੂ ਹੋ ਜਾਂਦੀ। ਬੰਸਰੀ ਦੀ ਆਵਾਜ਼ ਸੁਣ ਕੇ, ਉਸਦੇ ਸਰੀਰ ਵਿੱਚ ਕੋਈ ਸੁੱਧ ਬੁੱਧ ਨਾ ਰਹਿੰਦੀ। ਸੁਰ ਦੇ ਸੁਣਦਿਆਂ ਹੀ ਉਹ ਬੇਸੁੱਧ ਹੋ ਜਾਂਦੀ ਅਤੇ ਇੰਝ ਲਗਦਾ ਜਿਵੇਂ ਪਿਛੇ ਉਸਦੀ ਤਸਵੀਰ ਦਾ ਨਮੂਨਾ ਮਾਤ੍ਰ ਹੀ ਰਹਿ ਗਿਆ ਹੋਵੇ।

ਗੋਪੀਆਂ ਨੇ ਆਪਣੇ ਮਨ ਵਿੱਚ ਕੋਈ ਸ਼ੰਕਾ ਨਾ ਕੀਤੀ ਤੇ ਉਹ ਬੜੇ ਪ੍ਰੇਮ ਨਾਲ ਸ੍ਰੀ ਕ੍ਰਿਸ਼ਨ ਜੀ ਨੂੰ ਨਿਹਾਰ ਰਹੀਆਂ ਸਨ। ਸ੍ਰੀ ਕ੍ਰਿਸ਼ਨ ਜੀ ਦੇ ਸਰੀਰ ਦੀ ਚਮਕ ਸੋਨੇ ਦੇ ਸਮਾਨ ਅਤੇ ਮੁੱਖ ਦੀ ਆਭਾ ਚੰਦਰਮਾ ਤੁੱਲ ਸੀ। ਉਨ੍ਹਾਂ ਦੀ ਬੰਸਰੀ ਦੀ ਧੁਨ ਸੁਣ ਕੇ ਗੋਪੀਆਂ ਦੀ ਅਕਲ ਉਸਦੇ ਹੀ ਵਿੱਚ ਫਸ ਗਈ।

ਬੰਸਰੀ ਦੀ ਧੁਨ ਸੁਣ ਕੇ ਦੇਵਤੇ, ਮਨੁੱਖ ਅਤੇ ਗੋਪੀਆਂ ਅਤਿ ਪ੍ਰਸੰਨ ਹੋ ਰਹੇ ਸਨ। ਉਹ ਜਾਦੂ ਭਰੀ ਸੁਰ ਇਸ ਤਰ੍ਹਾਂ ਪੈਦਾ ਹੋਈ, ਜਿਵੇਂ ਭਗਵਾਨ ਨੇ ਇਸਦੇ ਵਿੱਚ ਫਾਸ ਧਰਕੇ ਚਲਾਈ ਹੋਵੇ। ਜਿਵੇਂ ਪੁਰਾਣੇ ਸਮਿਆਂ ਵਿੱਚ ਫਾਸ ਧਰਕੇ ਤੀਰ ਨੂੰ ਚਲਾਉਂਦੇ ਸਨ, ਸ੍ਰੀ ਕ੍ਰਿਸ਼ਨ ਭਗਵਾਨ ਨੇ 'ਸੁਰਾਂ' ਵਿੱਚ ਫਾਸ ਰੱਖ ਕੇ ਵਜਾਉਣਾ ਸ਼ੁਰੂ ਕੀਤਾ, ਜਿਹੜਾ-ਜਿਹੜਾ ਵੀ ਉਸਨੂੰ ਸੁਣਦਾ, ਉਹ ਉਸ ਵਿੱਚ ਹੀ ਫਸਦਾ ਜਾਂਦਾ। ਜਦੋਂ ਰਾਧਾ ਜੀ ਸ੍ਰੀ ਕ੍ਰਿਸ਼ਨ ਜੀ ਨਾਲ ਰੁੱਸ ਜਾਂਦੇ ਉਸ ਵਕਤ ਸਖੀ ਬ੍ਰਿਜਬਾਲਾ ਸ੍ਰੀ ਰਾਧਾ ਜੀ ਕੋਲ ਆ ਕੇ ਪ੍ਰੇਰਨਾ ਦਿੰਦੀ ਕਿ ਉਹ ਜਲਦੀ ਸ੍ਰੀ ਕ੍ਰਿਸ਼ਨ ਜੀ ਕੋਲ ਮਾਨ, ਅਪਮਾਨ ਤਿਆਗ ਕੇ ਪਹੁੰਚ ਜਾਣ। ਜਿੱਥੇ ਵੀ ਕ੍ਰਿਸ਼ਨ ਜੀ ਬੈਠ ਕੇ ਬੰਸਰੀ ਵਜਾਉਂਦੇ ਸਨ, ਉੱਥੇ ਗੋਪੀਆਂ ਇਕੱਤ੍ਰ ਹੋ ਕੇ ਗਾਉਂਦੀਆਂ ਸਨ। ਬ੍ਰਿਜਬਾਲਾ ਨੇ ਸ੍ਰੀ ਰਾਧਾ ਜੀ ਅੱਗੇ ਬੇਨਤੀ ਕੀਤੀ, ਸ੍ਰੀ ਕ੍ਰਿਸ਼ਨ ਜੀ ਬਹੁਤ ਸੁੰਦਰ ਜਗ੍ਹਾ, ਬੈਠ ਕੇ ਬੰਸਰੀ ਵਜਾ ਰਹੇ ਸਨ। ਚੰਦਰ ਪ੍ਰਭਾ ਬੰਸਰੀ ਨਾਲ ਨਾਚ ਨੱਚਦੀ ਅਤੇ ਰਾਧਾ ਤੋਂ ਬਿਨਾਂ ਹੋਰ ਸਾਰੀਆਂ ਗੋਪੀਆਂ ਸ੍ਰੀ ਕ੍ਰਿਸ਼ਨ ਜੀ ਨਾਲ ਆਨੰਦ ਲੁੱਟਦੀਆਂ।

**ਤਾਹੀ ਤੇ ਬਾਲ ਬਲਾਇ ਲਿਉ**
**ਤੇਰੀ ਮੈਂ ਬੇਗ ਚਲੋ ਨੰਦ ਲਾਲ ਬੁਲਾਵੈ।।**
**ਸਯਾਮ ਬਜਾਵਤ ਹੈ ਮੁਰਲੀ ਜਹ**
**ਗੂਰਨੀਯਾ ਮਿਲਿ ਮੰਗਲ ਗਾਵੈ।।**

**ਸੋਰਠ ਸੁੱਧ ਮਲਾਰ ਬਿਲਾਵਲ**
**ਸਯਾਮ ਕਹੈ ਨੰਦ ਲਾਲ ਰਿਝਾਵੈ।।**
**ਅਉਰ ਕੀ ਬਾਤ ਕਹਾ ਕਹੀਯੇ**
**ਸੁਰ ਤਯਾਗ ਸਭੈ ਸੁਰ ਮੰਡਲ ਆਵੈ।।੬੮੬।।**

*– ਦਸਮ ਗ੍ਰੰਥ ਪੰਨਾ* **੩੪੪**

ਬ੍ਰਿਜਬਾਲਾ ਉਸ ਤੋਂ ਵਾਰਨੇ ਬਲਿਹਾਰਨੇ ਜਾਂਦੀ ਹੈ ਤੇ ਉਸ ਨੂੰ ਸ੍ਰੀ ਕ੍ਰਿਸ਼ਨ ਜੀ ਕੋਲ ਪਹੁੰਚਣ ਲਈ ਅਰਜ਼ੋਈ ਕਰਦੀ ਹੈ, ਜਿੱਥੇ ਵੀ ਕ੍ਰਿਸ਼ਨ ਜੀ ਮੁਰਲੀ ਵਜਾਉਂਦੇ ਸਨ ਉੱਥੇ ਸਾਰੀਆਂ ਗੋਪੀਆਂ ਮਿਲ ਕੇ ਖੁਸ਼ ਹੁੰਦੀਆਂ ਸਨ, ਗੀਤ ਗਾਉਂਦੀਆਂ ਸਨ।

ਸਖੀ ਦੀ ਗੱਲਾਂ ਦਾ ਰਾਧਾ ਉੱਤੇ ਕੋਈ ਅਸਰ ਨਾ ਹੋਇਆ। ਰਾਧਾ ਨੇ ਉੱਤਰ ਦਿੱਤਾ ਭਾਵੇਂ ਕ੍ਰਿਸ਼ਨ ਜੀ ਉਸ ਵਰਗੀਆਂ ਕ੍ਰੋੜਾਂ ਗੋਪੀਆਂ ਭੇਜ ਦੇਣ, ਉਹ ਉੱਥੇ ਨਹੀਂ ਜਾਵੇਗੀ। ਜੇ ਸ੍ਰੀ ਕ੍ਰਿਸ਼ਨ ਜੀ ਬੰਸਰੀ ਵਜਾਉਂਦੇ ਹਨ ਤਾਂ ਫਿਰ ਕੀ ਹੋ ਗਿਆ, ਅਤੇ ਜੇ ਉਹ ਆਪ ਗੀਤ ਗਾਉਂਦੇ ਹਨ ਤਾਂ ਫਿਰ ਕੀ ਹੋਇਆ, ਭਾਵੇਂ ਬ੍ਰਹਮਾ ਜੀ ਵੀ ਆ ਕੇ ਸ੍ਰੀ ਕ੍ਰਿਸ਼ਨ ਜੀ ਦਾ ਸੁਨੇਹਾ ਦੇਣ, ਭਾਵੇਂ ਸ੍ਰੀ ਕ੍ਰਿਸ਼ਨ ਜੀ ਆਪ ਵੀ ਉਸ ਨੂੰ ਬੁਲਾਉਣ ਵਾਸਤੇ ਆਉਣ, ਉਹ ਨਹੀਂ ਜਾਵੇਗੀ। ਇੱਕ ਵਾਰੀ ਫਿਰ ਸਖੀ ਨੇ ਰਾਧਾ ਨੂੰ ਕਿਹਾ ਜਿੱਥੇ ਕਾਲੀਆਂ ਘਟਾਵਾਂ ਦੇ ਰੂਪ ਵਿੱਚ ਬੱਦਲ ਆਉਂਦੇ ਹਨ, ਜਿੱਥੇ ਚਾਰੇ ਪਾਸੇ ਮੋਰ ਬੋਲਦੇ ਹਨ, ਜਿੱਥੇ ਗੋਪੀਆਂ ਨਾਚ ਨੱਚ ਰਹੀਆਂ ਹਨ, ਉੱਥੇ ਸ੍ਰੀ ਕ੍ਰਿਸ਼ਨ ਜੀ ਮੁਰਲੀ ਵਜਾਉਂਦੇ ਹਨ ਅਤੇ ਰਾਧਾ ਜੀ ਨੂੰ ਯਾਦ ਕਰਦੇ ਹਨ। ਇਸ ਲਈ ਉੱਥੇ ਛੇਤੀ ਚਲਣਾ ਚਾਹੀਦਾ ਹੈ। ਪਰ ਇਨ੍ਹਾਂ ਸਾਰੀਆਂ ਗੱਲਾਂ ਦਾ ਰਾਧਾ ਉੱਤੇ ਕੋਈ ਪ੍ਰਭਾਵ ਨਾ ਪਿਆ।

ਗੋਪੀਆਂ ਆਪਣੇ ਪਤੀਆਂ ਨੂੰ ਛੱਡ ਕੇ ਵੈਰਾਗਮਈ ਅਵਸਥਾ ਵਿੱਚ ਵੀ ਸ੍ਰੀ ਕ੍ਰਿਸ਼ਨ ਜੀ ਵੱਲ ਇਸ ਤਰ੍ਹਾਂ ਤੁਰ ਪਈਆਂ ਜਿਵੇਂ ਕੋਈ ਪੁਰਖ ਵੈਰਾਗੀ ਹੋ ਕੇ ਲੱਖਾਂ ਰੁਪਏ ਸੁੱਟ ਕੇ ਤੁਰ ਜਾਂਦਾ ਹੈ। ਸ੍ਰੀ ਕ੍ਰਿਸ਼ਨ ਜੀ ਦੀ ਮੁਰਲੀ ਦੀ ਮਧੁਰ ਆਵਾਜ਼ ਸੁਣ ਕੇ ਹਰ ਕੋਈ ਮੋਹਿਤ ਹੁੰਦਾ ਅਤੇ ਪ੍ਰਸੰਨ ਹੁੰਦਾ। ਗੋਪੀਆਂ ਵੀ ਮੁਰਲੀ ਤੇ ਅਤਿ ਮੋਹਿਤ ਹੋ-ਹੋ ਕਹਿੰਦੀਆਂ ਕਿ – ਕ੍ਰਿਸ਼ਨ ਮਹਾਰਾਜ ਜੀ ਦਾ ਮੂੰਹ ਤਾਂ ਗੁਲਾਬ ਦਾ ਫੁੱਲ ਹੈ ਅਤੇ ਮੁਰਲੀ ਉਸ ਨਾਲ ਲਗੀ ਹੋਈ ਹੈ ਜਿਸ ਵਿੱਚੋਂ ਰਾਗ ਰੂਪੀ ਅਰਕ ਚੋਂਦਾ ਹੈ।

ਬੰਸਰੀ ਬਾਲ ਗਵਾਲ ਅਤੇ ਗੋਪੀਆਂ ਨੂੰ ਮੋਹਿਤ ਤਾਂ ਕਰਦੀ ਹੀ ਸੀ, ਪਰ ਜਮੁਨਾ ਵੀ ਉਸਦੀ ਮਧੁਰ ਧੁਨ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਸੀ ਰਹਿ ਸਕਦੀ।

ਜਮਨਾ ਦਰਿਆ ਦਾ ਬਹਾ ਵੀ ਮੁਰਲੀ ਤੇ ਮੋਹਿਤ ਹੋ ਕੇ ਆਪਣੀ ਸਿੱਧੀ ਚਾਲ ਨੂੰ ਛੱਡ ਕੇ ਉਲਟਾ ਵਗ ਤੁਰਿਆ। ਜਮਨਾ ਨਦੀ ਦੇ ਕਿਨਾਰੇ ਗੋਪੀਆਂ

ਦੇ ਇਕੱਠ ਵਿੱਚ ਪ੍ਰਸੰਨ ਹੋ ਕੇ ਸ੍ਰੀ ਕ੍ਰਿਸ਼ਨ ਜੀ ਮੁਰਲੀ ਵਜਾ ਰਹੇ ਸਨ। ਜਮਨਾ ਦਾ ਪਾਣੀ ਵਗਣੋਂ ਬੰਦ ਹੋ ਗਿਆ। ਹਵਾ ਵੀ ਇੱਕ ਜਗ੍ਹਾ ਤੇ ਰੁਕ ਗਈ।

**ਕਾਨ੍ਹ ਤਬੈ ਹਸਿ ਕੈ ਮੁਰਲੀ ਸੁ**
**ਬਜਾਇ ਉਠਯੋ ਅਪਨੇ ਕਰ ਲੈ ਕੈ।।**
**ਠਾਢ ਭਈ ਜਮਨਾ ਸੁਨਿ ਕੈ ਧੁਨਿ**
**ਪਉਨ ਰਹਯੋ ਸੁਨਿ ਕੈ ਉਰਝੈ ਕੈ।।੩੩੦।।**

*– ਦਸਮ ਗ੍ਰੰਥ ਪੰਨਾ* ***੨੯੬***

ਸ੍ਰੀ ਕ੍ਰਿਸ਼ਨ ਜੀ ਦੀ ਵਜਾਈ ਹੋਈ ਬੰਸਰੀ ਸੁਣ ਕੇ ਸਾਰੀਆਂ ਗੋਪੀਆਂ ਉੱਥੇ ਦੀਆਂ ਉੱਥੇ ਹੀ ਮਸਤ ਹੋ ਕੇ ਖਲੋ ਜਾਂਦੀਆਂ। ਬੰਸਰੀ ਦੀ ਧੁਨ ਸੁਣ ਕੇ ਜਮਨਾ ਵੀ ਇੱਕ ਘੜੀ ਭਰ ਲਈ ਚਲਣਾ ਭੁੱਲ ਜਾਂਦੀ ਅਤੇ ਨਦੀ ਦਾ ਪਾਣੀ ਵੀ ਰੁਕ ਜਾਂਦਾ ਤੇ ਪੌਣ ਖੜੀ ਹੋ ਜਾਂਦੀ।

**ਮਾਲਸਿਰੀ ਅਰੁ ਜੈਤਸਿਰੀ**
**ਸੁਭ ਸਾਰੰਗ ਬਾਜਤ ਹੈ ਅਰੁ ਗਉਰੀ।।**
**ਸੋਰਠਿ ਸੁਧ ਮਲਾਰ ਬਿਲਾਵਲ**
**ਮੀਠੀ ਹੈ ਅੰਮ੍ਰਿਤ ਤੇ ਨਹ ਕਉਰੀ।।**
**ਕਾਨ੍ਹ ਬਜਾਵਤ ਹੈ ਮੁਰਲੀ**
**ਸੁਨ ਹੋਤ ਸੁਰੀ ਅਸੁਰੀ ਸਭ ਬਉਰੀ।।**
**ਆਇ ਗਈ ਬ੍ਰਿਖਭਾਨ ਸੁਤਾ ਸੁਨ**
**ਪੈ ਤਰਨੀ ਹਰਨੀ ਜਿਮੁ ਦਉਰੀ।।੩੦੨।।**

*– ਦਸਮ ਗ੍ਰੰਥ ਪੰਨਾ* ***੨੯੨***

ਜਦੋਂ ਸ੍ਰੀ ਕ੍ਰਿਸ਼ਨ ਜੀ ਨੇ ਮੁਰਲੀ ਉੱਤੇ ਵੱਖ-ਵੱਖ ਰਾਗ ਵਜਾਏ ਤਾਂ ਉਸਨੂੰ ਸੁਣ ਕੇ ਦੇਵ ਇਸਤਰੀਆਂ ਆਪਣਾ ਆਪ ਭੁੱਲ ਕੇ ਕਮਲੀਆਂ ਹੋ ਗਈਆਂ ਅਤੇ ਉਸਦੀ ਮਧੁਰ ਅਵਾਜ਼ ਨੂੰ ਸੁਣ ਕੇ ਬ੍ਰਿਖਭਾਨ ਦੀ ਲੜਕੀ ਰਾਧਾ ਦੌੜਦੀ ਹੋਈ ਉੱਥੇ ਆ ਪਹੁੰਚੀ। ਇਸ ਮਧੁਰ ਸੰਗੀਤ ਦੀ ਅਵਾਜ਼ ਨੂੰ ਸੁਣ ਕੇ ਬ੍ਰਿਜ ਦੀਆਂ ਇਸਤਰੀਆਂ ਘਰਾਂ ਦੇ ਕੰਮਾਂ-ਕਾਰਾਂ ਨੂੰ ਛੱਡ ਕੇ ਬਾਹਰ ਇਸ ਤਰ੍ਹਾਂ ਭੱਜੀਆਂ ਆਉਂਦੀਆਂ ਜਿਵੇਂ ਘੰਡੇਹੜੇ ਦੀ ਆਵਾਜ਼ ਸੁਣ ਕੇ ਹਰਨੀ ਦੌੜੀ ਆਉਂਦੀ ਹੈ।

**ਸਵੈਯਾ।। ਰਾਮਕਲੀ ਅਰੁ ਸੋਰਠਿ ਸਾਰੰਗ**
**ਮਾਲਸਿਰ ਅਰੁ ਬਾਜਤ ਗਉਰੀ।।**
**ਜੈਤਸਿਰੀ ਅਰੁ ਗੌਂਡ ਮਲ੍ਹਾਰ**
**ਬਿਲਾਵਲ ਰਾਗ ਬਸੈ ਸੁਭ ਠਉਰੀ।।**

**ਮਾਨਸ ਕੀ ਕਹ ਹੈ ਗਨਤੀ**
**ਸੁਨ ਹੋਤ ਸੁਰੀ ਅਸੁਰੀ ਧੁਨ ਬਉਰੀ।।**
**ਸੋ ਸੁਨਿ ਕੈ ਧੁਨਿ ਸ੍ਰਉਨਨ ਮੈ**
**ਤਰਨੀ ਹਰਨੀ ਜਿਮ ਆਵਤ ਦਉਰੀ।। ੩੩੧।।**

*- ਦਸਮ ਗ੍ਰੰਥ ਪੰਨਾ ੨੯੬*

ਸ੍ਰੀ ਕ੍ਰਿਸ਼ਨ ਜੀ ਦੀ ਬੰਸਰੀ ਤੇ ਵੱਖ ਵੱਖ ਰਾਗਾਂ ਦੀ ਸੁਰੀਲੀ ਧੁਨ ਸੁਣ ਕੇ ਦੇਵ ਇਸਤਰੀਆਂ, ਦੈਂਤ ਇਸਤਰੀਆਂ ਅਤੇ ਨਾਗਣੀਆਂ ਨੂੰ ਆਪਨੇ ਤਨ ਬਦਨ ਦੀ ਸੂਝ ਨਾ ਰਹਿੰਦੀ। ਉਹਨਾ ਨੂੰ ਬੰਸਰੀ ਦੀ ਆਵਾਜ਼ ਸੁਣ ਕੇ ਉਸ ਵਿੱਚ ਸਾਰੇ ਹੀ ਰਾਗਾਂ ਦਾ ਮਿਸ਼ਰਣ ਲਗਦਾ।

**ਕਬਿਤ।। ਬਾਜਤ ਬਸੰਤ ਅਰੁ ਭੈਰਵ ਹਿੰਡੋਲ ਰਾਗ**
**ਬਾਜਤ ਹੈ ਲਲਤਾ ਕੇ ਸਾਥ ਹ੍ਵੈ ਧਨਾਸਰੀ।।**
**ਮਾਲਵਾ ਕਲਯਾਨ ਅਰੁ ਮਾਲਕਉਸ ਮਾਰੂ ਰਾਗ**
**ਬਨ ਮੈ ਬਜਾਵੈ ਕਾਨ ਮੰਗਲ ਨਿਭਾਸਰੀ ।**
**ਸੁਰੀ ਅਰੁ ਆਸੁਰੀ ਅਉ ਪੰਨਗੀ ਜੇ ਹੁਤੀ ਤਹਾਂ**
**ਧੁਨ ਕੇ ਸੁਨਤ ਪੈ ਨ ਰਹੀ ਸੁਧ ਜਾਸਰੀ।।**
**ਕਹੈ ਇਉ ਦਾਸਰੀ ਸੁ ਐਸੀ ਬਾਜੀ ਬਾਸੁਰੀ ਸੁ**
**ਮੇਰੇ ਜਾਨੇ ਯਾ ਮੈ ਸਭ ਰਾਗ ਕੋ ਨਿਵਾਸਰੀ।।੩੩੨।।**

*- ਦਸਮ ਗ੍ਰੰਥ ਪੰਨਾ ੨੯੬*

ਦੇਵਤਿਆਂ ਦੀਆਂ ਸਪੁੱਤਰੀਆਂ ਮੁਰਲੀ ਦੀ ਮਨੋਹਰ ਧੁਨ ਆਪਣੇ ਕੰਨਾਂ ਵਿੱਚ ਸੁਣ ਕੇ ਸੁਰਗਾਂ ਦਾ ਵੱਸਣਾ ਛੱਡਕੇ ਭੱਜਦੀਆਂ ਹੋਈਆਂ ਬ੍ਰਿਜ ਵੱਲ ਨੂੰ ਆਉਂਦੀਆਂ। ਰੂਪ ਅਤੇ ਰਾਗ ਨੂੰ ਵੇਖ ਕੇ ਉਹ ਸਭ ਪ੍ਰਸੰਨ ਚਿਤ ਹੋ ਕੇ ਕਹਿ ਰਹੀਆਂ ਸਨ ਕਿ ਵਿਧਾਤਾ ਨੇ ਇਸ ਜਗ੍ਹਾ ਨੂੰ ਰਾਗਾਂ ਦਾ ਘਰ ਰਚਿਆ ਹੈ।

**ਕਬਿਤ।। ਕਰੁਨਾ ਨਿਧਾਨ ਬੇਦ ਕਹਤ ਬਖਾਨ ਯਾ ਕੀ**
**ਬੀਚ ਤੀਨ ਲੋਕ ਫੈਲ ਰਹੀ ਹੈ ਸੁ ਬਾਸੁਰੀ।**
**ਦੇਵਨ ਕੀ ਕੰਨਿਆ ਤਾ ਕੀ ਸੁਨਿ ਧੁਨਿ ਸ੍ਰਉਨਨ ਮੈ**
**ਧਾਈ ਧਾਈ ਆਵੈ ਤਜਿ ਕੈ ਸੁਰਗ ਬਾਸੁਰੀ।।**
**ਹ੍ਵੈ ਕਰਿ ਪ੍ਰਸਿੰਨਯ ਰੂਪ ਰਾਗ ਕੌ ਨਿਹਾਰ ਕਹਯੋ**
**ਰਚਿਯੋ ਹੈ ਬਿਧਾਤਾ ਇਹ ਰਾਗਨ ਕੋ ਬਾਸੁਰੀ।।**
**ਰੀਝੇ ਸਭ ਗਨ ਉਡਗਨ ਭੇ ਮਗਨ ਜਬ**
**ਬਨ ਉਪਬਨ ਮੈ ਬਜਾਈ ਕਾਨ ਬਾਸੁਰੀ।।੩੩੩।।**

*- ਦਸਮ ਗ੍ਰੰਥ ਪੰਨਾ ੨੯੬*

ਮੁਰਲੀ ਦੀ ਧੁਨ ਤੇ ਵੱਖ ਵੱਖ ਰਾਗਾਂ ਨੂੰ ਸੁਣ ਕੇ ਬ੍ਰਿਜ ਦੀਆਂ ਨਾਰੀਆਂ ਤਾਂ ਰੀਝ ਹੀ ਰਹੀਆਂ ਸਨ, ਉਸਦੇ ਨਾਲ-ਨਾਲ ਦੇਵਤੇ ਵੀ ਪ੍ਰਸੰਨਚਿਤ ਹੋ ਰਹੇ ਸਨ। ਹੋਰ ਕਿਸੇ ਦਾ ਤਾਂ ਕੀ ਕਹਿਣਾ, ਸਾਰੀ ਇੰਦਰ ਸਭਾ ਆਪਣੇ ਇੰਦਰ ਲੋਕ ਨੂੰ ਛੱਡ ਕੇ ਬ੍ਰਿਜ ਦੀ ਭੂਮੀ ਤੇ ਮੁਰਲੀ ਦਾ ਆਨੰਦ ਮਾਣਨ ਲਈ ਪਹੁੰਚ ਗਈ।

ਸ੍ਰੀ ਕ੍ਰਿਸ਼ਨ ਜੀ ਰਾਗ ਕਰਨ ਵੇਲੇ ਬਾਂਸੁਰੀ ਦੀਆਂ ਮਧੁਰ ਧੁਨਾਂ ਵਜਾ ਕੇ ਉਸ ਨੂੰ ਹੋਰ ਰੰਗਮਈ ਬਣਾ ਲੈਂਦੇ। ਵੱਖ-ਵੱਖ ਰਾਗਾਂ ਵਿੱਚ ਸੁਹਣੇ ਢੰਗ ਨਾਲ ਵਜਾਈ ਬੰਸੁਰੀ ਦੀ ਆਵਾਜ਼ ਸੁਣ ਕੇ ਧਰਤੀ ਤੇ ਵੱਸਣ ਵਾਲੇ ਸਾਰੇ ਲੋਕ ਪ੍ਰਸੰਨ ਹੋ ਰਹੇ ਸਨ ਅਤੇ ਦੇਵਤਿਆਂ ਦਾ ਰਾਜਾ ਵੀ ਸੁਣ-ਸੁਣ ਕੇ ਮਸਤ ਹੋ ਰਿਹਾ ਸੀ।

ਸਾਰੇ ਦੇਵੀ ਦੇਵਤੇ ਬੰਸਰੀ ਤੇ ਵੱਜ ਰਹੇ ਮਧੁਰ ਰਾਗਾਂ ਨੂੰ ਸੁਣਨ ਲਈ ਇਕੱਠੇ ਹੋ ਗਏ। ਬੰਸਰੀ ਦੀ ਆਵਾਜ਼ ਸੁਣ ਦੇਵ ਲੋਕ ਦੇ ਵਾਸੀ ਵੀ ਪੁਰੀ ਨੂੰ ਛੱਡ ਕੇ ਸਾਰੇ ਸੁਰ ਦੇ ਧਿਆਨ ਵਿੱਚ ਫਸੇ ਹੋਏ ਬ੍ਰਿਜ ਭੂਮੀ ਤੇ ਚਲੇ ਆਏ। ਹੋਰ ਤਾਂ ਕਿਸੇ ਦਾ ਕੀ ਕਹਿਣਾ, ਸਾਰੇ ਦੇਵਤੇ ਬੰਸਰੀ ਸੁਣਨ ਵਾਸਤੇ ਬ੍ਰਿਜਭੂਮੀ ਦੇ ਬਨਮੰਡਲ ਵਿੱਚ ਪਹੁੰਚ ਗਏ।

ਸ੍ਰੀ ਕ੍ਰਿਸ਼ਨ ਤੇ ਬਲਰਾਮ ਜੀ ਜਖੱਡ ਨੂੰ ਮਾਰਨ ਤੋਂ ਉਪਰੰਤ ਬਹੁਤ ਪ੍ਰਸੰਨ ਹੋਏ। ਸ੍ਰੀ ਕ੍ਰਿਸ਼ਨ ਜੀ ਨੇ ਆਪਣੀ ਸਫਲਤਾ ਦੀ ਪ੍ਰਸੰਨਤਾ ਨੂੰ ਬੰਸਰੀ ਰਾਹੀਂ ਵਿਅਕਤ ਕੀਤਾ ਅਤੇ ਕਿਸੇ ਪ੍ਰਕਾਰ ਦੀ ਵੀ ਸ਼ੰਕਾ ਨਾ ਕੀਤੀ। ਇੰਞ ਲਗ ਰਿਹਾ ਸੀ ਜਿਵੇਂ ਸ੍ਰੀ ਕਿਸ਼ਨ ਜੀ ਨੇ ਰਣਭੂਮੀ ਵਿੱਚ ਰਾਖਸ਼ਾਂ ਨੂੰ ਜਿੱਤਣ ਦਾ ਡੰਕਾ ਵਜਾਇਆ ਹੋਵੇ।

**ਰੂਖਨ ਤੇ ਰਸ ਚੂਵਨ ਲਾਗ**
**ਝਰੈ ਝਰਨਾ ਗਿਰ ਤੇ ਸੁਖਦਾਈ।।**
**ਘਾਸ ਚੁਗੈ ਨ ਮ੍ਰਿਗਾ ਬਨ ਕੇ**
**ਖਗ ਰੀਝ ਰਹੇ ਧੁਨ ਜਾ ਸੁਨ ਪਾਈ।।**
**ਦੇਵਗੰਧਾਰ ਬਿਲਾਵਲ ਸਾਰੰਗ**
**ਕੀ ਰਿਝ ਕੈ ਜਿਹ ਤਾਨ ਬਸਾਈ।।**
**ਦੇਵ ਸਭੈ ਮਿਲਿ ਦੇਖਤ ਕਉਤਕ**
**ਜਉ ਮੁਰਲੀ ਨੰਦ ਲਾਲ ਬਜਾਈ।। ੬੫੦।।**

*- ਦਸਮ ਗ੍ਰੰਥ ਪੰਨਾ ੩੩੯*

ਬੰਸਰੀ ਦੀ ਸੁਰੀਲੀ ਧੁਨ ਜੰਗਲ ਵਿੱਚ ਵਿਚਰ ਰਹੇ ਪਸ਼ੂ ਅਤੇ ਪੰਛੀਆਂ ਨੂੰ ਵੀ ਅਤਿ ਪ੍ਰਭਾਵਿਤ ਕਰਦੀ। ਬੰਸਰੀ ਦੀ ਆਵਾਜ਼ ਸੁਣ ਕੇ ਮ੍ਰਿਗ ਮੋਹਿਤ ਹੋ ਜਾਂਦੇ ਅਤੇ ਪੰਛੀ ਭੀ ਮੋਹਿਤ ਹੋ ਕੇ ਖੰਭ ਖਿਲਾਰਦੇ।

ਇੱਲ, ਤੋਤਾ, ਹਿਰਨ, ਸੂਰ ਤੇ ਕਾਮਦੇਵ ਵੀ ਕ੍ਰਿਸ਼ਨ ਜੀ ਦੇ ਸਰੂਪ ਨੂੰ ਵੇਖਕੇ ਮਤਵਾਲੇ ਹੋ ਕੇ ਖੜੇ ਹੋ ਜਾਂਦੇ। ਜੰਗਲ ਦੇ ਪੰਛੀ ਅਤੇ ਹਿਰਨ ਵੀ ਮੁਰਲੀ

ਦੀ ਸੁਰੀਲੀ ਆਵਾਜ਼ ਸੁਣ ਕੇ ਸਾਰੇ ਦੇ ਸਾਰੇ ਮੋਹਿਤ ਹੋ ਗਏ, ਸਾਰੇ ਪੱਥਰ ਦੀ ਮੂਰਤ ਵਾਂਗ ਹੋ ਗਏ, ਅਤੇ ਸ੍ਰੀ ਕ੍ਰਿਸ਼ਨ ਜੀ ਦੀ ਬੰਸਰੀ ਦੀ ਧੁਨ ਵਿੱਚ ਸਾਰਿਆਂ ਦੀ ਲਿਵ ਲਗ ਗਈ।

ਸ੍ਰੀ ਕ੍ਰਿਸ਼ਨ ਜੀ ਜਦੋਂ ਮੁਰਲੀ ਵਜਾਉਂਦੇ ਸਨ, ਉਸਦੀ ਆਵਾਜ਼ ਸੁਣ ਕੇ ਜੰਗਲ ਦੇ ਪੰਛੀ ਜੰਗਲ ਨੂੰ ਸੁੰਨਾ ਕਰਕੇ ਕ੍ਰਿਸ਼ਨ ਜੀ ਕੋਲ ਚਲੇ ਜਾਂਦੇ। ਉਸ ਦੀ ਆਵਾਜ਼ ਸੁਣ ਕੇ ਬਨ ਦੇ ਪੰਛੀ ਆਪਣੇ ਸਰੀਰ ਦੀ ਸੁੱਧ ਬੁੱਧ ਭੁਲਾ ਕੇ ਦਰਖਤਾਂ ਉੱਤੇ ਹੀ ਖੰਭ ਖਿਲਾਰਦੇ।

ਮੁਰਲੀ ਦੀ ਮਧੁਰ ਧੁਨ ਸੁਣ ਕੇ ਵੱਛੇ ਭੀ ਮੋਹਿਤ ਹੋ ਜਾਂਦੇ ਹਨੇ। ਸ੍ਰੀ ਕ੍ਰਿਸ਼ਨ ਜੀ ਜਦੋਂ ਵੀ ਬੰਸਰੀ ਵਜਾਉਂਦੇ, ਉਸ ਤੋਂ ਸਾਰੇ ਕੁਰਬਾਨ ਹੁੰਦੇ। ਸ੍ਰੀ ਕ੍ਰਿਸ਼ਨ ਜੀ ਦੀ ਮੁਰਲੀ ਦੀ ਮਧੁਰ ਆਵਾਜ਼ ਸੁਣਕੇ ਨਾਰਦ ਜੀ ਵੀ ਅਤਿ ਪ੍ਰਸੰਨ ਹੁੰਦੇ ਸਨ।

ਸਾਰੇ ਖੁਸ਼ ਹੋ ਰਹੇ ਸਨ, ਸਾਰੇ ਤਾਰੇ ਮਸਤ ਹੋ ਰਹੇ ਸਨ, ਬਨਾਂ ਤੇ ਬਾਗਾਂ ਵਿੱਚ ਖਿੜਾਉ ਆ ਗਿਆ, ਜਦੋਂ ਵੀ ਕ੍ਰਿਸ਼ਨ ਜੀ ਨੇ ਬੰਸਰੀ ਵਜਾਈ। ਬੰਸਰੀ ਦੀ ਆਵਾਜ਼ ਸੁਣ ਕੇ ਬਨ ਦੇ ਪੰਛੀ ਤੇ ਹਿਰਨ ਮਸਤ ਹੋ ਕੇ ਖੜੇ ਹੋ ਗਏ ਅਤੇ ਘਾਹ ਖਾਣਾ ਬੰਦ ਕਰ ਦਿੱਤਾ।

ਮੁਰਲੀ ਦੀ ਆਪਣੀ ਤਪੱਸਿਆ ਵੀ ਕੋਈ ਘੱਟ ਨਹੀਂ। ਸਭ ਤੋਂ ਪਹਿਲਾਂ ਇਸਨੇ ਬਾਂਸ ਵੰਸ ਵਿੱਚ ਉਤਪੰਨ ਹੋ ਕੇ ਹਰੀ ਦਾ ਸਿਮਰਨ ਕੀਤਾ। ਫਿਰ ਧੁੱਪ, ਜਲ, ਸੀਤ ਕਾਲ ਨੂੰ ਸਹਾਰਿਆ। ਫਿਰ ਟੁਕੜੇ ਹੋ ਕੇ, ਸੜਕੇ ਧੂੰਆਂ ਸਹਾਰਿਆ। ਉਸ ਤੋਂ ਉਪਰੰਤ ਆਪਣੇ ਸਰੀਰ ਵਿੱਚ ਛੇਕ ਕਰਵਾਏ ਤੇ ਫਿਰ ਸ੍ਰੀ ਭਗਵਾਨ ਕ੍ਰਿਸ਼ਨ ਜੀ ਦੇ ਮਧੁਰ ਬੁੱਲ੍ਹਾਂ ਦੇ ਨਾਲ ਲੱਗੀ। ਮੁਰਲੀ ਵੀ ਧੰਨ ਧੰਨਯ ਹੈ ਕਿਉਂਕਿ ਉਹ ਸ੍ਰੀ ਕ੍ਰਿਸ਼ਨ ਜੀ ਦੇ ਬੁੱਲ੍ਹਾਂ ਨਾਲ ਹਮੇਸ਼ਾਂ ਲੱਗੀ ਰਹਿੰਦੀ ਸੀ। ਇੰਞ ਬੰਸਰੀ ਦੀ ਮਧੁਰ ਧੁਨ ਨੇ ਬਿੰਦਰਾਬਨ ਦੀਆਂ ਗਲੀਆਂ ਵਿੱਚ ਵਿਚਰ ਰਹੇ ਪ੍ਰਾਣੀ, ਜੀਵ, ਬਨ, ਉਪਵਨ, ਜੀਵ, ਜੰਤੂ, ਪਸ਼ੂ-ਪੰਛੀ, ਬਾਲ-ਗੋਪਾਲ, ਦੇਵੀ-ਦੇਵਤੇ, ਜੱਛ, ਕਿੰਨਰ, ਗੰਧ੍ਰਬ, ਅਪਛੱਰਾਂ, ਸੁਰੀ-ਅਸੁਰੀ, ਗੋਪੀਆਂ, ਮੁਨੀ ਇਤਿਆਦਿ ਸਭ ਨੂੰ ਮਸਤ ਕੀਤਾ ਅਤੇ ਉਨ੍ਹਾਂ ਸਾਰਿਆਂ ਨੇ ਆਪਣੇ ਜੀਵਨ ਦੇ ਪਲਾਂ ਨੂੰ ਸਾਰਥਕ ਕੀਤਾ।

# ੫

**ਜੇਠ ਸਮੈ ਸਖੀ ਤੀਰ ਨਦੀ**
**ਹਮ ਖੇਲਤ ਚਿਤ ਹੁਲਾਸ ਬਢਾਈ।।**
**ਚੰਦਨ ਸੋ ਤਨ ਲੀਪ ਸਭੈ ਸੁ**
**ਗੁਲਾਬਹਿ ਸੋ ਧਰਨੀ ਛਿਰਕਾਈ।।**
**ਲਾਇ ਸੁਗੰਧ ਭਲੀ ਕਪਰਯੋ**
**ਪਰ ਤਾਕੀ ਪ੍ਰਭਾ ਬਰਨੀ ਨਹੀ ਜਾਈ।।**
**ਤੌਨ ਸਮੈ ਸੁਖਦਾਇਕ ਥੀ**
**ਇਹ ਅਉਸਰ ਸਯਾਮ ਬਿਨਾ ਦੁਖ ਦਾਈ।।੮੭੦।।**

*– ਦਸਮ ਗ੍ਰੰਥ ਪੰਨਾ ੩੬੯*

**ਸ਼ਬਦਾਰਥ :**

ਤੀਰ–ਨਦੀ (ਜਮਨਾ) ਕਿਨਾਰੇ। ਲੀਪ–ਸਾਰੀਆਂ ਹੀ ਸਰੀਰਾਂ ਤੇ ਚੰਨਣ ਦਾ ਲੇਪ ਕਰਕੇ। ਗੁਲਾਬੇ–ਗੁਲਾਬ ਦੇ ਅਰਕ, ਇਤਰ ਨਾਲ। ਛਿਰਕਾਈ–ਧਰਤੀ ਉੱਤੇ ਛਿੜਕੇ, ਛਿੜਕਾਉ ਕਰਕੇ। ਕਪਰਯੋ–ਕਪੜਿਆਂ, ਬਸਤਰਾਂ ਉੱਤੇ। ਪ੍ਰਭਾ–ਸੋਭਾ, ਛਬਿ, ਖੂਬਸੂਰਤੀ ਤੇ ਸਜਾਵਟ।

**ਵਿਆਖਿਆ :**

ਗੋਪੀਆਂ ਨੂੰ ਉਹ ਦਿਨ ਚੇਤੇ ਆਉਂਦੇ ਹਨ, ਜਦੋਂ ਉਹ ਜੇਠ ਦੇ ਮਹੀਨੇ ਵਿੱਚ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਜਮਨਾ ਨਦੀ ਦੇ ਕੰਢੇ ਆਪਣਿਆਂ ਹਿਰਦਿਆਂ ਵਿੱਚ ਅਤਿ ਆਨੰਦਿਤ ਹੋ ਕੇ ਖੇਡਦੀਆਂ ਸਨ ਉਸ ਵੇਲੇ ਸ੍ਰੀ ਕ੍ਰਿਸ਼ਨ ਜੀ ਦਾ ਸੰਗ ਪ੍ਰਾਪਤ ਹੋਣ ਤੇ ਉਨ੍ਹਾਂ ਦੇ ਦਿਲ ਕਮਲ ਵਾਂਗ ਖਿੜੇ ਰਹਿੰਦੇ ਸਨ, ਚਿਤ ਆਨੰਦ ਭਰਪੂਰ ਰਹਿੰਦਾ ਅਤੇ ਅਥਾਹ ਖੁਸ਼ੀਆਂ ਦੇ ਭੰਡਾਰੇ ਉਨ੍ਹਾਂ ਨੂੰ ਪ੍ਰਾਪਤ ਹੁੰਦੇ। ਉਸ ਵੇਲੇ ਸਾਰੀਆਂ ਗੋਪੀਆਂ ਨੇ ਆਪਣੇ ਸਰੀਰਾਂ ਨੂੰ ਚੰਦਨ ਦਾ ਲੇਪ ਕਰਕੇ ਅਤਿ ਸੁੰਦਰ ਬਣਾਇਆ ਹੋਇਆ ਸੀ। ਉਨ੍ਹਾਂ ਨੇ ਆਪਣੇ ਸਰੀਰ ਤਾਂ ਸੁੰਦਰ ਬਣਾਏ ਹੀ ਹੋਏ ਸਨ, ਪਰ ਚੰਦਨ ਦੀ ਸੁਗੰਧੀ ਦੂਰ–ਦੂਰ ਤਕ ਫੈਲੀ ਹੋਈ ਸੀ ਤੇ ਉਸ ਸੁਗੰਧੀ ਦੇ ਨਾਲ–ਨਾਲ ਸਾਰੀ ਧਰਤੀ ਉੱਤੇ ਦੂਰ ਦੂਰ ਤਕ ਸੁਗੰਧੀ ਫੈਲ ਗਈ।

ਗੋਪੀਆਂ ਨੇ ਜਿਹੜੇ ਬਸਤ੍ਰ ਪਾਏ ਸਨ, ਉਨ੍ਹਾਂ ਉੱਤੇ ਵੀ ਬਹੁਤ ਵਧੀਆ ਸੁਗੰਧੀ ਲਗਾਈ ਹੋਈ ਸੀ, ਇਸ ਕਰਕੇ ਸਾਰੇ ਦਾ ਸਾਰਾ ਵਾਤਾਵਰਨ ਮਹਿਕ ਉਠਿਆ। ਗੋਪੀਆਂ ਦੇ ਸਰੀਰਾਂ ਉੱਤੇ ਚੰਦਨ ਦੀ ਸੁਗੰਧੀ, ਧਰਤੀ ਉਤੇ ਗੁਲਾਬ ਦਾ ਛਿੜਕਾਉ ਅਤੇ ਕਪੜਿਆਂ ਉੱਤੇ ਲਗਾਈ ਹੋਈ ਬਹੁਤ ਸਰੇਸ਼ਟ ਸੁਗੰਧ ਦਾ ਵਰਣਨ ਸ਼ਬਦਾਂ ਰਾਹੀਂ ਕਰਨਾ ਅਤਿ ਕਠਿਨ ਹੈ। ਉਹ ਸੁੰਦਰਤਾ ਅਵਰਣਨੀਯ ਹੈ। ਗੋਪੀਆਂ ਚੇਤੇ ਕਰ ਕਰਕੇ ਵਿਰਲਾਪ ਕਰਦੀਆਂ ਹਨ, ਉਦਾਸੀਨ ਹੁੰਦੀਆਂ ਹਨ ਕਿ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਮਹਿਕ ਭਰਪੂਰ ਬਿਤਾਏ ਹੋਏ ਪਲ ਕਿੰਨੇ ਮਨਮੋਹਕ ਸਨ ਅਤੇ ਹੁਣ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਸਭ-ਕੁਛ ਦੁਖਦਾਈ ਲਗ ਰਿਹਾ ਹੈ, ਮਨਾਂ ਨੂੰ ਦੁਖਿਤ ਕਰ ਰਿਹਾ ਹੈ।

**ਭਾਵ :**

ਸਾਰੀਆਂ ਗੋਪੀਆਂ ਆਪਣੇ ਸਰੀਰਾਂ ਉੱਤੇ ਅਨੇਕ ਭਾਂਤਿ ਦੀ ਸੁਗੰਧੀ ਲਗਾਕੇ, ਚੰਦਨ ਦਾ ਲੇਪ ਕਰਕੇ, ਧਰਤੀ ਉੱਤੇ ਗੁਲਾਬ ਜਲ ਦਾ ਛਿੜਕਾਅ ਕਰਕੇ, ਨਦੀ ਦੇ ਕੰਢੇ ਉੱਤੇ ਕ੍ਰੀੜਾਵਾਂ ਕਰਕੇ, ਪ੍ਰਸੰਨਚਿਤ ਹੋ ਕੇ, ਸੁਖ ਦਾ ਅਨੁਭਵ ਕਰ ਰਹੀਆਂ ਸਨ।

# ਤਾਕੀ ਪ੍ਰਭਾ ਬਰਨੀ ਨਹੀ ਜਾਈ

ਸ੍ਰੀ ਕ੍ਰਿਸ਼ਨ ਜੀ ਅਤੇ ਗੋਪੀਆਂ ਦਾ ਨਾਮ ਪੂਰਨ ਰੂਪ ਵਿੱਚ ਪਰਸਪਰ ਜੁੜਿਆ ਹੋਇਆ ਹੈ। ਇਹ ਆਪਸ ਵਿੱਚ ਇੱਕ ਦੂਜੇ ਨਾਲ ਅਨਿੱਖੜਵੇਂ ਅਤੇ ਅਟੁੱਟਵੇਂ ਰੂਪ ਵਿੱਚ ਜੁੜੇ ਹੋਏ ਹਨ। ਉਨ੍ਹਾਂ ਦਾ ਪ੍ਰਸਪਰ ਪਿਆਰ ਸੰਪੂਰਨ ਸੀ। ਭਗਤ ਪਰਮਾਨੰਦ ਨੇ ਤਾਂ ਸਪਸ਼ਟ ਸ਼ਬਦਾਂ ਵਿੱਚ ਇਹ ਕਹਿ ਦਿੱਤਾ ਕਿ ਜੇਕਰ ਭਾਰਤੀ ਸੰਸਕ੍ਰਿਤੀ ਵਿੱਚੋਂ ਗੋਪੀ-ਪ੍ਰੇਮ ਅਤੇ ਸ੍ਰੀ ਮਦ ਭਗਵਤ ਨੂੰ ਕੱਢ ਦਿੱਤਾ ਜਾਵੇ ਇਸਦੀ ਅਧਿਆਤਮਕ ਸੱਤਾ ਵਿੱਚ ਬਿਲਕੁਲ ਸੁੰਨਾਪਨ ਆ ਜਾਵੇਗਾ।

ਅਸਲ ਵਿੱਚ ਭਾਰਤੀਯ ਅਧਿਆਤਮਕ ਜੀਵਨ ਵਿੱਚ ਜਿੰਨੀ ਵਿਆਪਕਤਾ ਸ੍ਰੀ ਕ੍ਰਿਸ਼ਨ ਜੀ ਦੀ ਹੈ, ਉਨੀ ਹੀ ਗੋਪੀਆਂ ਦੀ ਹੈ, ਪ੍ਰੇਮ ਸਾਧਨਾ ਵਿੱਚ ਤਾਂ ਗੋਪੀਆਂ ਨੇ ਉੱਚ ਸਰੇਸ਼ਟ ਸਥਾਨ ਪ੍ਰਾਪਤ ਕੀਤਾ ਹੋਇਆ ਹੈ। ਉਹ ਤਾਂ ਆਦਰਸ਼ ਪ੍ਰੇਮ ਦਾ ਇੱਕ ਅਨੂਠਾ ਉਦਾਹਰਣ ਹਨ, ਪ੍ਰੇਮ ਦੇ ਜਿੰਨੇ ਵੀ ਰੂਪਾਂ ਦੀ ਕਲਪਨਾ ਕੀਤੀ ਜਾ ਸਕਦੀ ਹੈ, ਉਨ੍ਹਾਂ ਸਾਰਿਆਂ ਦਾ ਅਧਾਰ ਇਨ੍ਹਾਂ ਗੋਪੀਆਂ ਦਾ ਸੱਚਾ ਪ੍ਰੇਮ ਪਿਆਰ ਹੈ। ਇਹ ਤਾਂ ਪ੍ਰੇਮ ਅਤੇ ਭਗਤੀ ਦੀ ਸਾਕਾਰ ਪ੍ਰਤਿਮਾ ਹਨ। ਪੁਰਾਣ ਸਾਹਿਤਯ ਵਿੱਚ ਵੀ ਗੋਪੀਆਂ ਦਾ ਵਰਣਨ ਮਿਲਦਾ ਹੈ। ਪੁਰਾਣਾਂ ਦੇ ਵਿੱਚ ਇਨ੍ਹਾਂ ਦਾ ਵਰਣਨ ਪ੍ਰਤੀਕਾਤਮਕ ਰੂਪ ਵਿੱਚ ਹੀ ਹੋਇਆ ਹੈ।

ਪੁਰਾਣ ਸਾਹਿਤਯ ਵਿੱਚ ਗੋਪੀਆਂ ਦੇ ਸਰੂਪ ਦੀ ਵਿਆਖਿਆ ਕਰਦਿਆਂ ਹੋਇਆ ਉਨ੍ਹਾਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਨਿੱਤਯ-ਸਿੱਧਾ ਗੋਪੀਆਂ ਅਤੇ ਸਾਧਨ-ਸਿੱਧਾ ਗੋਪੀਆਂ। ਜਿਹੜੀਆਂ ਗੋਪੀਆਂ ਅਕਾਲ ਪੁਰਖ ਦੇ ਨਿੱਤ ਪਰਮ ਧਾਮ ਵਿੱਚ ਅਭਿੰਨ ਰੂਪ ਨਾਲ ਲੀਲਾ ਵਿੱਚ ਹਿੱਸਾ ਲੈਂਦੀਆਂ ਹਨ ਉਹ ਨਿੱਤਯ-ਸਿੱਧਾ ਗੋਪੀਆਂ ਹਨ ਅਤੇ ਜਿਨ੍ਹਾਂ ਨੇ ਸ੍ਰੀ ਕ੍ਰਿਸ਼ਨਾਵਤਾਰ ਦੇ ਸਮੇਂ ਬ੍ਰਿਜ ਵਿਖੇ ਅਵਤਾਰ ਲੈ ਕੇ ਸ੍ਰੀ ਕ੍ਰਿਸ਼ਨ ਜੀ ਦੀ ਲੀਲਾਵਾਂ ਵਿੱਚ ਹਿੱਸਾ ਲਿਆ, ਉਹ ਸਾਧਨ-ਸਿੱਧਾ ਹਨ। ਸਾਧਨ-ਸਿੱਧਾ ਗੋਪੀਆਂ ਦਾ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਭਿੰਨ ਸੰਬੰਧ ਮੰਨਿਆ ਗਿਆ ਹੈ। ਇਸ ਸੰਬੰਧ ਨਾਲ ਜੁੜੀਆਂ ਅਨੇਕਾਂ ਕਥਾਵਾਂ ਪੁਰਾਨਾਂ ਵਿੱਚ ਮਿਲਦੀਆਂ ਹਨ, ਜਿਨ੍ਹਾਂ ਵਿੱਚੋਂ ਕੁਝ ਦੇਵਤਿਆਂ ਦੀਆਂ ਸਪੁੱਤ੍ਰੀਆਂ, ਕੁਝ ਕੁ ਰਿਖੀ ਮੁਨੀਆਂ ਦੀਆਂ, ਕੁਝ ਕੁ ਭਗਤ ਅਤੇ ਕੁਝ ਕੁ ਨੂੰ ਸ਼ਰੂਤੀਆਂ ਕਿਹਾ ਗਿਆ ਹੈ। ਜੋ ਸ਼ਰੂਤੀਆਂ ਗੋਪੀ-ਰੂਪ ਵਿੱਚ ਬ੍ਰਿਜ ਵਿੱਚ ਜਨਮੀਆਂ, ਉਨ੍ਹਾਂ ਵਿੱਚ ਉਦਗੀਤਾ, ਸੁਗੀਤਾ, ਕਲਗੀਤਾ, ਕਲਕੰਨਿਕਾ ਅਤੇ ਵਿਪੰਚੀ ਪ੍ਰਮੁੱਖ ਹਨ। ਸਿਰੀ ਕ੍ਰਿਸ਼ਨੋ ਉਪਨਿਸ਼ਦ ਵਿੱਚ ਵਰਣਨ ਆਉਂਦਾ ਹੈ ਕਿ ਸ੍ਰੀ ਰਾਮ ਚੰਦ੍ਰ ਜੀ ਦੇ ਵੇਲੇ ਦੰਡਕਾਰਣਯ ਵਿੱਚ ਰਹਿਣ ਵਾਲੇ ਰਿਸ਼ੀ ਜਦੋਂ ਸ੍ਰੀ ਰਾਮਚੰਦ੍ਰ ਜੀ ਦੀ ਸੁੰਦਰਤਾ ਤੇ ਮੁਗਧ ਹੋ ਗਏ ਤਾਂ ਰਾਮਚੰਦ੍ਰ ਜੀ ਨੇ ਉਨ੍ਹਾਂ ਨੂੰ ਗੋਪੀਆਂ ਦਾ ਰੂਪ ਧਾਰਕੇ ਜਨਮ ਲੈਣ ਦਾ ਵਰ ਦਿੱਤਾ ਸੀ। ਪਦਮ ਪੁਰਾਣ ਵਿੱਚ ਵੀ ਉਗਰਤਮਾ, ਸਦਯਤਮਾ, ਹਰਿਧਾਮਾ, ਸਵਰਣ ਆਦਿ ਅਨੇਕਾਂ ਹੀ ਰਿਖੀਆਂ ਦਾ ਵਰਣਨ ਹੈ, ਜਿੰਨ੍ਹਾਂ ਨੇ ਆਪਣੀ ਤਪੱਸਿਆ ਦੇ ਬਲ ਤੇ ਬ੍ਰਿਜ ਵਿਖੇ ਗੋਪੀਆਂ ਦਾ ਰੂਪ ਧਾਰਨ ਕਰਕੇ ਸ੍ਰੀ ਕ੍ਰਿਸ਼ਨ ਲੀਲਾਵਾਂ ਵਿੱਚ ਹਿੱਸਾ ਲਿਆ। ਹੋਰਨਾਂ ਪੁਰਾਣਾਂ ਦੀ ਤੁਲਨਾ ਵਿੱਚ ਸ੍ਰੀ ਮਦਭਾਗਵਤ ਪੁਰਾਣ ਵਿੱਚ ਗੋਪੀਆਂ ਦੇ ਸਰੂਪ ਦੀ ਅਧਿਕ ਵਿਸਤਾਰ ਵਿੱਚ ਵਿਆਖਿਆ ਕੀਤੀ ਗਈ ਹੈ। ਕਥਾ ਨੂੰ ਵਿਸਤਾਰ ਦੇਣ ਵਿੱਚ ਅਤੇ ਗੋਪੀ ਪ੍ਰੇਮ-ਲੀਲਾ ਨੂੰ ਵਿਸਤ੍ਰਤ ਰੂਪ ਦੇਣ ਵਿੱਚ ਸ੍ਰੀ ਮਦਭਾਗਵਤ ਪੁਰਾਣ ਅਦ੍ਵਿਤੀਯ ਹੈ। ਇਸ ਪੁਰਾਣ ਵਿੱਚ ਵੀ ਗੋਪੀਆਂ ਨੂੰ ਦੇਵਤਿਆਂ ਦਾ ਅਵਤਾਰ ਦੱਸਿਆ ਗਿਆ ਹੈ, ਜਿਹੜੀਆਂ ਸ੍ਰੀ ਕ੍ਰਿਸ਼ਨ ਜੀ ਦੇ ਮਨ ਭਾਉਂਦੇ ਕੰਮਾਂ ਨੂੰ ਪੂਰਾ ਕਰਨ ਲਈ ਪੈਦਾ ਹੋਈਆਂ ਸਨ। ਇਸ ਗੱਲ ਦਾ ਨਿਰਣਾ ਸ੍ਰੀ ਨਾਰਦ ਜੀ ਦੇ ਕੰਸ ਨੂੰ ਦਿੱਤੇ ਹੋਏ ਸੰਕੇਤ ਤੋਂ ਪਤਾ ਲੱਗਦਾ ਹੈ। ''ਹੇ ! ਕੰਸ ਬ੍ਰਿਜ ਵਿੱਚ ਰਹਿਣ ਵਾਲੇ ਨੰਦ ਆਦਿ ਗੋਪ, ਉਨ੍ਹਾਂ ਦੀਆਂ ਇਸਤ੍ਰੀਆਂ, ਵਾਸੁਦੇਵ, ਦੇਵਕੀ ਆਦਿ ਯਦੁਵੰਸ਼ ਦੀਆਂ ਇਸਤ੍ਰੀਆਂ, ਨੰਦ, ਵਾਸੁਦੇਵ ਅਤੇ ਉਨ੍ਹਾਂ ਦੇ ਸੰਬੰਧੀ ਜੋ ਵੀ ਇਸ ਸਮੇਂ ਤੇਰੀ ਸੇਵਾ ਕਰ ਰਹੇ ਹਨ, ਉਹ ਵੀ ਸਾਰੇ ਦੇਵਤੇ ਹੀ ਹਨ।''

ਭਾਵੇਂ ਪੁਰਾਣਾਂ ਵਿੱਚ ਗੋਪੀਆਂ ਦੇ ਅਲੌਕਿਕ ਯਾ ਪ੍ਰਤੀਕਾਤਮਕ ਰੂਪ ਦੀ ਪ੍ਰਮੁੱਖਤਾ ਹੈ, ਫਿਰ ਵੀ ਇਨ੍ਹਾਂ ਦੇ ਲੌਕਿਕ ਰੂਪ ਦਾ ਵੀ ਕਾਫੀ ਵਿਸਤਾਰ ਵਿੱਚ ਵਰਣਨ ਕੀਤਾ ਗਿਆ ਹੈ। ਸ੍ਰੀ ਮਦਭਾਗਵਤ ਪੁਰਾਣ ਵਿੱਚ ਗੋਪੀਆਂ ਦੇ

ਵਾਤਸਲਯ ਭਾਵ ਦਾ ਵੀ ਕਾਫੀ ਨਿਰੂਪਣ ਕੀਤਾ ਗਿਆ ਹੈ। ਜਦੋਂ ਰਾਖਸ਼ਣੀ ਪੂਤਨਾ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਮਾਰਨ ਦਾ ਪ੍ਰਯਾਸ ਕੀਤਾ ਸੀ, ਉਸ ਵੇਲੇ ਉਨ੍ਹਾਂ ਦੀ ਰੱਖਿਆ ਕਰਨ ਲਈ ਸਭ ਤੋਂ ਪਹਿਲਾਂ ਗੋਪੀਆਂ ਨੇ ਹੀ ਸ੍ਰੀ ਕ੍ਰਿਸ਼ਨ ਜੀ ਨੂੰ ਉਥੋਂ ਚੁੱਕਿਆ ਸੀ। ਉਸ ਵੇਲੇ ਸ੍ਰੀ ਕ੍ਰਿਸ਼ਨ ਜੀ ਦੀ ਉਮਰ ਸਿਰਫ ਇੱਕ ਸਾਲ ਦੀ ਹੀ ਸੀ।

ਸ੍ਰੀ ਸੁਕਦੇਵ ਜੀ ਸ੍ਰੀ ਮਦਭਾਗਵਤ ਪੁਰਾਣ ਵਿੱਚ ਗੋਪ, ਗੋਪੀਆਂ ਆਦਿ ਨੂੰ ਦੇਵਤਿਆਂ ਦਾ ਰੂਪ ਦਸਦੇ ਹੋਏ ਰਾਜਾ ਪਰੀਖਅਤ ਨੂੰ ਕਹਿੰਦੇ ਹਨ, ''ਹੇ ਰਾਜਾ ! ਜਿਸ ਤਰ੍ਹਾਂ ਨਟ ਆਪਣੇ ਨਾਇਕ ਦੀ ਪ੍ਰਸੰਸਾ ਕਰਦੇ ਹਨ, ਉਸ ਤਰ੍ਹਾਂ ਦੇਵਤਾ ਗੁਆਲ ਬਾਲਕਾਂ ਦਾ ਰੂਪ ਧਾਰਨ ਕਰਕੇ ਉੱਥੇ ਆਉਂਦੇ ਹਨ ਅਤੇ ਗੋਪ ਜਾਤਿ ਵਿੱਚ ਜਨਮ ਲੈ ਕੇ ਛਿਪੇ ਹੋਏ ਬਲਰਾਮ ਅਤੇ ਸ੍ਰੀ ਕ੍ਰਿਸ਼ਨ ਜੀ ਦੀ ਸਰਾਹੁਣਾ ਅਤੇ ਪ੍ਰਸੰਸਾ ਕਰਨ ਲਗੇ।''

ਇਨ੍ਹਾਂ ਗੋਪੀਆਂ ਤੋਂ ਇਲਾਵਾ ਕੁਝ ਗੋਪੀਆਂ ਇਸ ਤਰ੍ਹਾਂ ਦੀਆਂ ਵੀ ਸਨ ਜਿਹੜੀਆਂ ਆਪਣੇ ਪਹਿਲੇ ਜਨਮ ਵਿੱਚ ਦੇਵ ਕੰਨਿਆਵਾਂ, ਰਿਖੀਆਂ ਅਤੇ ਭਗਤਾਂ ਦੇ ਰੂਪ ਵਿੱਚ ਸਨ, ਪਰ ਉਨ੍ਹਾਂ ਨੇ ਸ੍ਰੀ ਕ੍ਰਿਸ਼ਨ ਜੀ ਦੀਆਂ ਲੀਲਾਵਾਂ ਦਾ ਆਨੰਦ ਭੋਗਣ ਲਈ ਉਨ੍ਹਾਂ ਦੇ ਨਾਲ ਹੀ ਜਨਮ ਲੈਣ ਦਾ ਵਰ ਲੈ ਲਿਆ ਸੀ। ਪਦਮ ਪੁਰਾਣ ਵਿੱਚ ਇਸ ਤਰ੍ਹਾਂ ਦੀਆਂ ਗੋਪੀਆਂ ਦਾ ਹਵਾਲਾ ਦਿੱਤਾ ਗਿਆ ਹੈ, ਕਿ ਪੰਚ ਦਸ਼ਾਖਰ ਮੰਤ੍ਰ ਦਾ ਜਾਪ ਕਰਨੇ ਵਾਲੇ ਉਗਰਤਪਾ ਰਿਖੀ ਸੁਨੰਦ ਨਾਮਕ ਗੋਪ ਦੀ ਲੜਕੀ ਸੁਕੰਦਾ ਦੇ ਰੂਪ ਵਿੱਚ ਪ੍ਰਗਟ ਹੋਏ। ਦਸ਼ਾਖਰ ਮੰਤਰ ਦਾ ਜਪ ਕਰਨ ਵਾਲੇ ਸਤਯਤਮਾ ਰਿਖੀ ਸੁਭਦਰਾ ਗੋਪੀ ਦੇ ਰੂਪ ਵਿੱਚ ਰੰਗ ਵੇਣੀ ਨਾਮ ਨਾਲ ਉਤਪੰਨ ਹੋਏ। ਇਸ ਤਰ੍ਹਾਂ ਜਾਬਾਲ ਨੇ ਚਿਤਰਗੰਧਾ ਅਤੇ ਕੁਸ਼ਧਵਜ ਹੋਰ ਵੀ ਅਨੇਕਾਂ ਰਿਖੀਆਂ ਤਪੱਸਵੀਆਂ ਨੇ ਬ੍ਰਿਜ ਦੀ ਭੂਮੀ ਵਿਖੇ ਜਨਮ ਧਾਰਨ ਕੀਤਾ। ਪੁਰਾਣਾਂ ਵਿੱਚ ਗੋਪੀਆਂ ਨੂੰ ਸ਼ਰੂਤੀ ਰੂਪ ਮੰਨਿਆ ਗਿਆ ਹੈ। ਉਦਗੀਤਾ, ਸੁਗੀਤਾ ਕਲਗੀਤਾ, ਕਲਸੁਰਾ, ਕਲਕੰਨਿਕਾ ਆਦਿ ਗੋਪੀ ਰੂਪਾਂ ਵਿੱਚ ਸ਼ਰੂਤੀਆਂ ਦਾ ਅਵਿਰਭੂਤ ਹੋਇਆ। ਇਸ ਤੋਂ ਇਲਾਵਾ ਵਿਪੰਚੀ ਕਰਮਪਦਾ, ਬਹੁਸਰੂਤਾ, ਬਹੁਕਲਾ, ਹੁਪ੍ਰਯੋਗਾ, ਕਲਾਵਤੀ ਅਤੇ ਕਿਰਿਆਵਤੀ ਅਦਿ ਗੋਪੀਆਂ ਦਾ ਵੀ ਵਰਣਨ ਹੈ।

ਇੱਕ ਵਾਰੀ ਸ਼ਰੂਤੀਆਂ ਨੇ ਹੱਥ ਜੋੜਕੇ ਵਿਸ਼ਨੂੰ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ,''ਹੇ ਪ੍ਰਭੂ ! ਤੁਸੀਂ ਸਚਿਦਾਨੰਦ ਹੋ। ਤੁਹਾਡੇ ਨਾਰਾਯਣ ਰੂਪ ਨੂੰ ਤੇ ਅਸੀ ਵੇਖ ਲਿਆ ਹੈ, ਪਰ ਅਜੇ ਤਕ ਉਸ ਨਿਰਗੁਣ ਰੂਪ ਦੇ ਦਰਸ਼ਨ ਨਹੀਂ ਹੋਏ ਜੋ ਮਨ, ਵਾਣੀ ਤੋਂ ਅਗਮ ਅਗੋਚਰ ਹੈ''। ਉਸ ਵੇਲੇ ਉਨ੍ਹਾਂ ਤੇ ਕ੍ਰਿਪਾ ਕਰਕੇ ਸ੍ਰੀ ਵਿਸ਼ਨੂੰ ਜੀ ਨੇ ਆਪਣਾ ਉਹ ਰੂਪ ਬਿੰਦਰਾਬਣ ਵਿੱਚ ਵਿਖਾਇਆ। ਜਦੋਂ ਗੋਪੀਆਂ ਨਾਲ ਵਿਹਾਰ ਕਰਦਿਆਂ ਹੋਇਆਂ ਸ੍ਰੀ ਵਿਸ਼ਨੂੰ ਦੇ ਇਸ ਰੂਪ ਨੂੰ ਵੇਖਦਿਆਂ–

ਵੇਖਦਿਆਂ ਸ਼ਰੁਤੀਆਂ ਥੱਕ ਗਈਆਂ, ਉਸ ਵੇਲੇ ਸ੍ਰੀ ਵਿਸ਼ਨੂੰ ਜੀ ਨੇ ਉਨ੍ਹਾਂ ਕੋਲੋਂ ਪੁੱਛਿਆ,''ਜੇਕਰ ਤੁਹਾਡੀ ਵੀ ਮੇਰੇ ਨਾਲ ਵਿਚਰਨ ਦੀ ਇੱਛਾ ਹੋਵੇ, ਤਾਂ ਦੱਸੋ। ਮੈਂ ਤੁਹਾਨੂੰ ਵਰ ਦੇ ਦੇਵਾਂਗਾ।''ਉਸ ਵੇਲੇ ਸ਼ਰੁਤੀਆਂ ਨੇ ਇਹ ਵਰ ਮੰਗਿਆ ਕਿ ਉਹ ਗੋਪੀਆਂ ਦਾ ਰੂਪ ਧਾਰਨ ਕਰਕੇ ਉਨ੍ਹਾਂ ਨਾਲ ਕੇਲ ਕ੍ਰੀੜਾਵਾਂ ਕਰਨਾ ਚਾਹੁੰਦੀਆਂ ਸਨ। ਪੂਰਨ ਪਰਮਾਨੰਦ ਨੇ ਗੋਪੀਆਂ ਦੀ ਅਰਜ਼ ਬੇਨਤੀ ਝਟ ਪ੍ਰਵਾਨ ਕਰ ਲਈ। ਪੁਰਾਣਾਂ ਵਿੱਚ ਇਹੋ ਜਿਹੀਆਂ ਗੋਪੀਆਂ ਦੀ ਸੰਖਿਆ ਹਜ਼ਾਰਾਂ ਵਿੱਚ ਦੱਸੀ ਗਈ ਹੈ। ਇਨ੍ਹਾਂ ਗੋਪੀਆਂ ਵਿੱਚ ਲਲਿਤਾ, ਧੰਨਯਾ, ਵਿਸ਼ਾਖਾ, ਪਦਮਾ, ਹਰਿਪ੍ਰਿਯ, ਜੁਯਾਮਲਾ, ਚੰਦ੍ਰਾਵਤੀ, ਚੰ ਮੰਜਰੀ, ਪ੍ਰਿਯਾ, ਮਧੁਮਤੀ, ਅਤੇ ਪ੍ਰਧਾਨ ਗੋਪੀਆਂ ਸ੍ਰੀ ਕ੍ਰਿਸ਼ਨ ਜੀ ਦੀਆਂ ਹਰਮਨ ਪਿਆਰੀਆਂ ਕਹੀਆਂ ਗਈਆਂ ਹਨ। ਇਨ੍ਹਾਂ ਸਾਰੀਆਂ ਵਿੱਚ ਰਾਧਾ ਜੀ ਦਾ ਸਰਵੋਤਮ ਸਥਾਨ ਹੈ। ਵੈਸ਼ਨਵ ਆਚਾਰੀਆ ਨੇ ਇਨ੍ਹਾਂ ਗੋਪੀਆਂ ਦਾ ਵਿਵੇਚਨ ਬ੍ਰਹਮ ਦੀ ਸ਼ਕਤੀ ਦੇ ਰੂਪ ਵਿੱਚ ਕੀਤਾ ਹੈ। ਉਨ੍ਹਾਂ ਨੇ ਬ੍ਰਹਮ ਦੀਆਂ ਸ਼ਕਤੀਆਂ ਦੇ ਦੋ ਭੇਦ ਮੰਨੇ ਹਨ। ਬਾਹਰਲੀ ਬਹਿਰੰਗ ਸ਼ਕਤੀ ਅਤੇ ਅੰਦਰਲੀ ਸ਼ਕਤੀ। ਮਾਇਆ ਬ੍ਰਹਮਾ ਦੀ ਬਾਹਰਲੀ ਸ਼ਕਤੀ ਹੈ। ਅੰਦਰਲੀ ਸ਼ਕਤੀ ਦੇ ਤਿੰਨ ਰੂਪ ਹਨ ਅਹਲਾਦਿਨੀ ਸ਼ਕਤੀ, ਮੰਤਵ ਸ਼ਕਤੀ ਅਤੇ ਸੰਧਿਨੀ ਸ਼ਕਤੀ। ਰਾਧਾ, ਕ੍ਰਿਸ਼ਨ ਜੀ ਦੀ ਅਹਲਾਦਿਨੀ ਸ਼ਕਤੀ ਹੈ ਜੋ ਸਭ ਤੋਂ ਵਧੀਆ ਹੈ, ਬਾਕੀ ਦੀਆਂ ਗੋਪੀਆਂ ਰਾਧਾ ਦੇ ਹੀ ਅੰਗ ਰੂਪ ਹਨ। ਸੂਰਦਾਸ ਨੇ ਸਾਰੀਆਂ ਗੋਪੀਆਂ ਦੀ ਗਿਣਤੀ ਸੋਲਾਂ ਹਜ਼ਾਰ ਦੱਸੀ ਹੈ। ਵਾਯੂਪੁਰਾਣ ਵਿੱਚ ਵੀ ਗੋਪੀਆਂ ਦੀ ਗਿਣਤੀ ਸੋਲਾਂ ਹਜ਼ਾਰ ਲਿਖੀ ਹੋਈ ਹੈ।

ਗੋਪੀਆਂ ਆਤਮਾਵਾਂ ਹਨ, ਜਿਨ੍ਹਾਂ ਉੱਤੇ ਮਾਇਆ ਦਾ ਪਰਦਾ ਪਿਆ ਹੋਇਆ ਹੈ। ਜਦੋਂ ਤਕ ਉਨ੍ਹਾਂ ਉੱਤੇ ਮਾਇਆ ਦਾ ਪਰਦਾ ਪਿਆ ਰਹਿੰਦਾ ਹੈ, ਉਨਾਂ ਚਿਰ ਅਕਾਲ ਪੁਰਖ ਨਾਲ ਮੇਲ ਨਹੀਂ ਹੋ ਸਕਦਾ, ਅਕਾਲ ਪੁਰਖ ਜਦੋਂ ਆਤਮਾ ਤੇ ਕ੍ਰਿਪਾ ਕਰਦਾ ਹੈ, ਤਾਂ ਇਸ ਆਵਰਨ ਨੂੰ ਨਸ਼ਟ ਕਰ ਦਿੰਦਾ ਹੈ ਅਤੇ ਉਸਨੂੰ ਮੁਕਤੀ ਦਾ ਅਧਿਕਾਰੀ ਬਣਾ ਦਿੰਦਾ ਹੈ। ਗੋਪੀ-ਰੂਪੀ ਆਤਮਾਵਾਂ ਦਾ ਇਹ ਸੰਪੂਰਨ ਇੱਕ ਉੱਚਾ ਸ਼ਿਖਰ ਹੈ, ਜਿੱਥੇ ਆਤਮਾ ਹਰ ਪ੍ਰਕਾਰ ਨਾਲ ਮੁਕਤ ਹੋ ਕੇ, ਬ੍ਰਹਮ-ਲੀਲਾਵਾਂ ਦੇ ਅਲੌਕਿਕ ਰਸ ਦਾ ਸੁਆਦ ਚਖਦੀ ਹੈ। ਚੀਰ-ਹਰਨ ਦੀ ਲੀਲਾ ਅਧਿਆਤਮ ਪੱਖ ਤੋਂ ਆਤਮਾ ਦਾ ਨੰਗਿਆਂ ਹੋ ਕੇ, ਮਾਇਆ ਦੇ ਪਰਦਿਆਂ, ਸੰਸਾਰਿਕ ਸੰਸਕਾਰਾਂ ਤੋਂ ਵਖੱਰੇ ਹੋ ਕੇ ਅਕਾਲ ਪੁਰਖ ਪ੍ਰਭੂ ਨਾਲ ਮਿਲਣਾ ਹੈ। ਇਸ ਵਿੱਚ ਸਮਰਪਣ ਦੀ ਸੰਪੂਰਨਤਾ ਹੈ, ਜਿਸ ਵਿੱਚ ਆਪਣਾ ਕੁਝ ਵੀ ਨਹੀਂ ਰਹਿੰਦਾ ਸਗੋਂ ਸਭ ਕੁਝ ਆਪਣੇ ਪ੍ਰਭੂ ਦੇ ਚਰਨਾਂ ਵਿੱਚ ਸਮਰਪਿਤ ਹੋ ਜਾਂਦਾ ਹੈ। ਗੋਪੀਆਂ ਦਾ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਅਨਿੰਨ ਅਤੇ ਅਟੁੱਟ ਪ੍ਰੇਮ ਸੀ। ਇਸ ਪ੍ਰੇਮ ਦੀ ਰੱਖਿਆ ਲਈ, ਉਹ ਵੱਡੇ ਤੋਂ ਵੱਡਾ ਤਿਆਗ ਕਰਨ ਲਈ ਹਮੇਸ਼ਾਂ ਤਿਆਰ-ਬਰ-ਤਿਆਰ ਰਹਿੰਦੀਆਂ ਹਨ।

ਗੋਪੀਆਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਇੱਕ ਤਾਂ ਉਹ ਹਨ ਜਿਹੜੀਆਂ ਕੁਵਾਰੀਆਂ ਹਨ, ਜਿਨ੍ਹਾਂ ਦਾ ਹਾਲੀ ਤਕ ਵਿਆਹ ਨਹੀਂ ਹੋਇਆ ਅਤੇ ਉਹ ਸ੍ਰੀ ਕ੍ਰਿਸ਼ਨ ਜੀ ਨੂੰ ਆਪਣੇ ਇਸ਼ਟ ਰੂਪ ਵਿੱਚ ਮੰਨਦੀਆਂ ਹਨ, ਅਤੇ ਦੂਸਰੀਆਂ ਸ੍ਰੀ ਕ੍ਰਿਸ਼ਨ ਜੀ ਦੀਆਂ ਉਹ ਗੋਪੀਆਂ ਹਨ ਜਿਹੜੀਆਂ ਵਿਆਹੀਆਂ ਹੋਈਆਂ ਸਨ, ਪਰ ਉਨ੍ਹਾਂ ਨੂੰ ਕਿਸੇ ਕਿਸਮ ਦੇ ਧਾਰਮਿਕ ਅਤੇ ਸਮਾਜਿਕ ਬੰਧਨਾਂ ਦੀ ਪਰਵਾਹ ਨਹੀਂ ਸੀ ਅਤੇ ਉਹ ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਨਾਲ ਅਥਾਹ ਪਿਆਰ ਕਰਦੀਆਂ ਸਨ। ਉਹ ਆਪਣਾ ਘਰ ਪਰਿਵਾਰ ਸਭ ਕੁਛ ਤਿਆਗ ਕੇ ਸ੍ਰੀ ਕ੍ਰਿਸ਼ਨ ਜੀ ਦੇ ਪਿਆਰ ਦਾ ਆਨੰਦ ਮਾਣਨ ਲਈ ਦੌੜ ਉਠਦੀਆਂ ਸਨ। ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਦੀਆਂ ਮਨੋ ਕਾਮਨਾਵਾਂ ਪੂਰਨ ਕਰਕੇ ਉਨ੍ਹਾਂ ਨੂੰ ਤ੍ਰਿਪਤ ਅਤੇ ਸੰਤੁਸ਼ਟ ਕਰਦੇ ਸਨ।

ਸ੍ਰੀ ਰਾਧਾ ਜੀ ਤਾਂ ਸ੍ਰੀ ਕ੍ਰਿਸ਼ਨ ਜੀ ਦੀ ਸਭ ਤੋਂ ਪਿਆਰੀ ਅਤੇ ਸਰੇਸ਼ਟ ਗੋਪੀ ਹੈ। ਉਹ ਬ੍ਰਿਖਭਾਨ ਦੀ ਸਪੁਤ੍ਰੀ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਖਿਨ ਪਲ ਲਈ ਵੀ ਨਹੀਂ ਰਹਿ ਸਕਦੀ। ਉਹ ਆਪਣੀਆਂ ਸਾਰੀਆਂ ਸਹੇਲੀਆਂ ਦੇ ਨਾਲ ਸ੍ਰੀ ਕ੍ਰਿਸ਼ਨ ਨਾਲ ਰਾਸ ਲੀਲਾਵਾਂ ਕਰਦੀ ਹੈ।

ਚੰਦ੍ਰਮੁਖੀ ਗੋਪੀ, ਚੰਦ੍ਰਭਗਾ ਗੋਪੀ ਦੇ ਨਾਲ ਮਿਲਕੇ ਰਾਧਾ ਜੀ ਦੀ ਸੁਰ ਨਾਲ ਸੁਰ ਮਿਲਾ ਕੇ ਮਧੁਰ ਗੀਤ ਗਾ ਕੇ ਸੋਭਦੀਆਂ ਹਨ। ਜਿਹੜਾ ਵੀ ਉਨ੍ਹਾਂ ਦੇ ਗੀਤ ਨੂੰ ਸੁਣਦਾ ਸੀ, ਮੰਤ੍ਰ-ਮੁਗਧ ਹੋ ਜਾਂਦਾ ਸੀ।

**ਸਵੈਯਾ।। ਭਾਗ ਕੋ ਭਾਲ ਹਰਯੋ ਸੁਨ ਗ੍ਵਾਰਨ**
**ਛੀਨ ਲਈ ਮੁਖ ਜੋਤ ਸਸੀ ਹੈ।।**
**ਨੈਨ ਮਨੋ ਸਰ ਤੀਛਨ ਹੈ**
**ਭ੍ਰਿਕੁਟੀ ਮਨੋ ਜਾਨ ਕਮਾਨ ਕਸੀ ਹੈ।।**
**ਕੋਕਿਲ ਬੈਨ ਕਪੋਤ ਸੋ ਕੰਠ**
**ਕਹੀ ਹਮਰੇ ਮਨ ਜੋਊ ਬਸੀ ਹੈ।।**
**ਏਤੇ ਪੈ ਚੋਰ ਲਯੋ ਹਮਰੋ ਚਿਤ**
**ਭਾਮਨ ਦਾਮਨ ਭਾਂਤ ਲਸੀ ਹੈ।।੬੨੭।।**

*– ਦਸਮ ਗ੍ਰੰਥ ਪੰਨਾ* **੩੩੬**

ਇਸ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਅਤੇ ਗੋਪੀਆਂ ਦਾ ਪਰਸਪਰ ਪ੍ਰੇਮ ਪਿਆਰ ਰਾਸ ਲੀਲਾਵਾਂ, ਕ੍ਰੀੜਾਵਾਂ, ਆਮੋਦ-ਪ੍ਰਮੋਦ, ਦੀ ਪ੍ਰਭਾ ਦਾ ਵਰਣਨ ਕਰਨਾ ਸ਼ਬਦਾਂ ਤੋਂ ਪਰ੍ਹੇ ਹੈ।

# ੬

**ਪਉਨ ਪ੍ਰਚੰਡ ਚਲੈ ਜਿਹ ਅਉਸਰ**
**ਅਉਰ ਬਘੂਲਨ ਧੂਰ ਉਡਾਈ।।**
**ਧੂਪ ਲਗੈ ਜਿਹ ਮਾਸ ਬੁਰੀ ਸੁ**
**ਲਗੈ ਸੁਖਦਾਇਕ ਸੀਤਲ ਜਾਈ।।**
**ਸਯਾਮ ਕੇ ਸੰਗ ਸਭੈ ਹਮ ਖੇਲਤ**
**ਸੀਤਲ ਪਾਟਕਕਾ ਬਿ ਛਟਾਈ।।**
**ਤਉਨ ਸਮੈ ਸੁਖਦਾਇਕ ਥੀ ਰਿਤ**
**ਅਉਸਰ ਯਾਹਿ ਭਈ ਦੁਖਦਾਈ।।੮੭੧।।**

*– ਦਸਮ ਗ੍ਰੰਥ ਪੰਨਾ* ***੩੬੯***

**ਸ਼ਬਦਾਰਥ :**

ਪਉਨ–ਹਵਾ ਤ੍ਰਿਖੀ ਵਗਦੀ ਹੈ। ਬਘੂਲਨ–ਵਾ ਵਰੋਲਿਆਂ ਨੇ। ਮਾਸ–ਜਿਸ ਮਹੀਨੇ ਵਿੱਚ। ਸੀਤਲਜਾਈ–ਠੰਢੀਆਂ ਥਾਂਵਾਂ। ਪਾਟਕਕਾ–ਫੁਹਾਰਾ, ਚਸ਼ਮਾ। ਬਿ–ਵਿੱਚ। ਛਟਾਈ–ਛਿਟਾਂ।

**ਵਿਆਖਿਆ :**

ਗੋਪੀਆਂ ਨੂੰ ਹਾੜ ਦੇ ਮਹੀਨੇ ਦਾ ਉਹ ਸਮਾਂ ਚੇਤੇ ਆਉਂਦਾ ਹੈ, ਜਦੋਂ ਬੜੀ ਜ਼ੋਰ ਦੀ ਹਨੇਰੀ ਵਗਦੀ ਸੀ, ਹਨੇਰੀ ਵਗਣ ਦੇ ਨਾਲ ਸਾਰੇ ਵਾਤਾਵਰਨ ਵਿੱਚ ਧੁੰਦਲਾਪਨ ਛਾ ਜਾਂਦਾ ਤੇ ਵਾ–ਵਰੋਲੇ ਬਣ ਬਣ ਕੇ ਘੱਟਾ ਮਿੱਟੀ ਉਡਾਉਂਦੇ। ਜਦੋਂ ਸੂਰਜ ਦੀਆਂ ਕਿਰਨਾਂ ਖੂਬ ਗਰਮ ਹੁੰਦੀਆਂ ਸਨ, ਲੋਅ ਦੀ ਤਪਸ਼ ਸਹਾਰਨੀ ਬੜੀ ਕਠਿਨ ਹੁੰਦੀ ਸੀ, ਇਹੋ ਜਿਹੇ ਮਹੀਨੇ ਵਿੱਚ ਉਸ ਤਪਸ਼ ਤੇ ਲੂ ਨੂੰ ਦੂਰ ਕਰਨ ਲਈ ਠੰਢੀਆਂ ਥਾਵਾਂ ਬਹੁਤ ਵਧੀਆ ਲਗਦੀਆਂ ਸਨ। ਠੰਢਕ, ਤਪਸ਼ ਨੂੰ ਖਤਮ ਕਰ ਦਿੰਦੀ। ਗੋਪੀਆਂ ਨੂੰ ਯਾਦ ਆਉਂਦਾ–ਇਹੋ ਜਿਹੇ ਮੌਸਮ ਵਿੱਚ ਸਾਰੀਆਂ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਮਿਲਕੇ ਠੰਢੀਆਂ ਥਾਵਾਂ ਤੇ ਜਾਂਦੀਆਂ ਸਨ, ਜਿੱਥੇ ਪਾਣੀ ਦੇ ਫੁਹਾਰੇ ਅਤੇ ਚਸ਼ਮੇ ਵਗਦੇ ਸਨ, ਉਨ੍ਹਾਂ ਦੀਆਂ ਦੂਰ ਤਕ ਜਾਂਦੀਆਂ ਛਿੱਟਾਂ ਦੀ ਠੰਢੀ–ਠੰਢੀ ਫੁਹਾਰ ਵਿੱਚ ਗੋਪੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਖੇਡਣਾ ਅਤਿ ਸੁਖਦਾਇਕ ਲਗਦਾ ਸੀ। ਠੰਢੇ ਪਾਣੀ ਦੀਆਂ ਛਿੱਟਾਂ ਤਪਸ਼ ਨੂੰ ਦੂਰ ਕਰਕੇ

ਸੀਤਲਤਾ ਪ੍ਰਦਾਨ ਕਰਦੀਆਂ, ਪਰ ਸਭ ਤੋਂ ਵਧ ਸੀਤਲਤਾ ਸ੍ਰੀ ਕ੍ਰਿਸ਼ਨ ਜੀ ਦਾ ਦਰਸ਼ਨ ਦਿੰਦਾ ਅਤੇ ਹੁਣ ਜਦੋਂ ਸ੍ਰੀ ਕ੍ਰਿਸ਼ਨ ਜੀ ਗੋਪੀਆਂ ਨੂੰ ਛੱਡਕੇ ਮਥਰਾ ਚਲੇ ਗਏ, ਇਹ ਸਾਰਾ ਕੁਝ ਅਤਿ ਦੁਖਦਾਈ ਬਣ ਗਿਆ।

**ਭਾਵ :**

ਸਾਰੀਆਂ ਗੋਪੀਆਂ ਆਪਣੇ ਆਪ ਨੂੰ ਅਤਿ ਦੀ ਤਪਸ਼ ਤੋਂ ਬਚਾਉਣ ਲਈ, ਸ੍ਰੀ ਕ੍ਰਿਸ਼ਨ ਜੀ ਦੇ ਨਾਲ ਠੰਡੇ ਚਸ਼ਮਿਆਂ ਵਿੱਚ ਪਾਣੀ ਦੀਆਂ ਛਿੱਟਾਂ ਮਾਰਕੇ ਕ੍ਰੀੜਾਵਾਂ ਕਰਕੇ ਸੁਖ ਦਾ ਅਨੁਭਵ ਕਰਦੀਆਂ ਸਨ।

# ਪਉਨ ਪ੍ਰਚੰਡ ਚਲੈ ਜਿਹ ਅਉਸਰ

ਜਦੋਂ-ਜਦੋਂ ਵੀ ਮੀਰਾ ਜੀ ਨੂੰ ਜ਼ੁਲਮ ਅਤਿਆਚਾਰ ਤਸੀਹੇ ਕਸ਼ਟ ਪੀੜਾ ਦਾ ਸਾਹਮਣਾ ਕਰਨਾ ਪਿਆ, ਉਨ੍ਹਾਂ ਦੇ ਜੀਵਨ ਵਿੱਚ ਹਨੇਰੀਆਂ, ਝੱਖੜ ਝੁੱਲੇ, ਹਵਾ ਦੇ ਤੇਜ ਝੌਂਕਿਆਂ ਨੇ ਆ ਕੇ ਮੀਰਾ ਬਾਈ ਦੇ ਜੀਵਨ ਵਿੱਚ ਖਲਬਲੀ ਮਚਾਉਣ ਦੀ ਕੋਸ਼ਿਸ਼ ਕੀਤੀ, ਉਸਦੇ ਪਰਿਵਾਰ ਦੇ ਮਨੁੱਖਾਂ ਨੇ ਉਨ੍ਹਾਂ ਨੂੰ ਹਰ ਕਦਮ ਤੇ ਸਤਾਉਣ ਦੇ ਉਪਰਾਲੇ ਕੀਤੇ, ਉਨ੍ਹਾਂ ਦੀ ਸੱਸ ਨੇ ਜ਼ਬਰਦਸਤੀ ਉਨ੍ਹਾਂ ਕੋਲੋਂ ਦੇਵ-ਪੂਜਾ, ਗੌਰੀ ਪੂਜਾ ਕਰਵਾਉਣ ਦੇ ਉਪਰਾਲੇ ਕੀਤੇ, ਉਨ੍ਹਾਂ ਦੇ ਦਿਉਰ ਵਿਕਰਮਜੀਤ ਨੇ ਅੰਮ੍ਰਿਤ ਦੇ ਨਾਮ ਤੇ ਵਿਸ਼ ਦਾ ਪਿਆਲਾ ਭੇਜਿਆ; ਪਿਟਾਰੀ ਵਿੱਚ ਨਾਗਣੀ ਭੇਜਕੇ ਉਨ੍ਹਾਂ ਦੇ ਜੀਵਨ ਦਾ ਅੰਤ ਕਰਨਾ ਚਾਹਿਆ, ਇਹੋ ਜਿਹੇ ਅਉਸਰਾਂ ਤੇ ਮੀਰਾ ਬਾਈ ਜੀ ਆਪਣੇ ਪਿਆਰੇ ਪ੍ਰਭੂ ਗਿਰਧਰ ਗੋਪਾਲ ਦਾ ਆਸਰਾ ਲੈਂਦੇ, ਉਨ੍ਹਾਂ ਦੀ ਓਟ ਲੈਂਦੇ, ਉਨ੍ਹਾਂ ਦੇ ਅਉਖੇ ਪਲ, ਸੌਖੇ ਬਣ ਜਾਂਦੇ, ਉਹ ਦੁਖਦਾਈ ਘੜੀਆਂ ਸੁਖਦਾਈ ਬਣ ਜਾਂਦੀਆਂ ਅਤੇ ਉਹ ਪ੍ਰਚੰਡ ਪਉਣ ਦੇ ਕਿਸੇ ਵੀ ਬੁਲ੍ਹੇ ਦੀ ਪਰਵਾਹ ਨਾ ਕਰਕੇ, ਆਪਣੇ ਪ੍ਰਭੂ ਪ੍ਰੀਤਮ ਗਿਰਧਰ ਗੋਪਾਲ ਦੀ ਪ੍ਰਸੰਸਾ ਵਿੱਚ ਗੀਤ ਗਾ ਕੇ, ਉਸਦੀ ਯਾਦ ਵਿੱਚ ਮਦਮਸਤ ਹੋ ਕੇ, ਆਪਣੇ ਜੀਵਨ ਦੇ ਪਲਾਂ ਨੂੰ ਸੁਖਮਈ ਅਤੇ ਸਾਰਥਕ ਬਣਾ ਲੈਂਦੇ।

ਮੀਰਾ ਬਾਈ ਜੀ ਸ੍ਰੀ ਕ੍ਰਿਸ਼ਨ ਜੀ ਦੇ ਚਰਨ-ਕੰਵਲਾਂ ਨਾਲ ਅਥਾਹ ਪਿਆਰ ਕਰਦੇ ਸਨ। ਉਨ੍ਹਾਂ ਨੂੰ ਹਰ ਵੇਲੇ ਆਪਣੇ ਅੰਗ ਸੰਗ ਸਮਝਦੇ ਅਤੇ ਉਹੀ ਮੀਰਾ ਬਾਈ ਜੀ ਦੇ ਜੀਵਨ-ਅਧਾਰ, ਪਾਰਬ੍ਰਹਮ ਪਰਮੇਸਰ, ਪ੍ਰਭੂ, ਕ੍ਰਿਪਾਲੂ, ਦਿਆਲੂ ਪਰਮਾਤਮਾ ਸਭ ਕੁਝ ਹੀ ਸਨ। ਇਸੇ ਕਰਕੇ ਮੀਰਾ ਬਾਈ ਜੀ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਪ੍ਰਭੂ-ਭਗਤਾਂ ਪਿਆਰਿਆਂ ਦੀ ਪਹਿਲੀ ਕਤਾਰ ਵਿੱਚ ਖੜੇ ਹੋਣ ਦਾ ਸੁਭਾਗ ਪ੍ਰਾਪਤ ਸੀ। ਇਹ ਭਗਤ ਸ਼ਿਰੋਮਣੀ ਰਾਜਪੂਤ, ਸ਼ਿਆਮ ਸੁੰਦਰ ਦੇ ਗੁਣਾਂ ਦੀ ਮਹਿਮਾ ਕਰਦੇ ਸਨ, ਇਸੇ ਲਈ ਇਸ ਪ੍ਰਭੂ ਦੀ ਮਹਿਮਾ ਨੂੰ ਪੜ੍ਹ ਕੇ ਅੱਜ ਲੱਖਾਂ

ਲੋਕਾਂ ਦੇ ਹਿਰਦਿਆਂ ਅੰਦਰ ਪ੍ਰਭੂ ਨਾਲ ਪਿਆਰ ਉਤਪੰਨ ਹੁੰਦਾ ਹੈ। ਇਨ੍ਹਾਂ ਦੇ ਰਚੇ ਹੋਏ ਭਜਨਾਂ, ਗੀਤਾਂ ਦਾ ਰਾਗ ਕਰਕੇ ਅਨੇਕਾਂ ਨਰ ਨਾਰੀਆਂ ਅੱਜ ਵੀ ਪ੍ਰਭੂ ਦੇ ਨਾਮ ਸਿਮਰਨ ਵਿੱਚ ਲਿਵ-ਲੀਨ ਹੋ ਕੇ ਇਸ ਭਵਸਾਗਰ ਤੋਂ ਪਾਰ ਉਤਾਰਾ ਕਰਕੇ ਆਪਣਾ ਜਨਮ ਸਾਰਥਕ ਕਰਦੇ ਹਨ। ਮੀਰਾ ਬਾਈ ਜੀ ਦੇ ਨਾਮ ਨੇ ਸਾਰੇ ਭਾਰਤ ਦੀਆਂ ਨਾਰੀਆਂ ਦੇ ਮਸਤਕ ਨੂੰ ਉੱਚਾ ਕੀਤਾ।

ਸ੍ਰੀ ਕ੍ਰਿਸ਼ਨ ਜੀ ਨੂੰ ਪਿਆਰ ਕਰਨ ਵਾਲੀ ਮੀਰਾ ਬਾਈ ਜੀ ਦਾ ਜਨਮ ਮਾਰਵਾੜ ਦੇ ਇੱਕ ਕੁੜਕੀ ਨਾਮੀ ਪਿੰਡ ਵਿੱਚ ੧੫੫੮ ਦੇ ਲਗਭਗ ਹੋਇਆ। ਮੀਰਾ ਜੀ ਦੇ ਪਿਤਾ ਸ੍ਰੀ ਰਤਾ ਸਿੰਘ ਜੀ ਰਾਠੌਰ ਸਨ। ਇਹ ਆਪਣੇ ਮਾਤਾ ਪਿਤਾ ਦੀ ਇੱਕੋ ਇੱਕ ਲਾਡਲੀ ਸੰਤਾਨ ਸਨ। ਇਸ ਕਰਕੇ ਮਾਪਿਆਂ ਨੇ ਮੀਰਾ ਜੀ ਨੂੰ ਬੜੇ ਲਾਡ, ਪਿਆਰ, ਚਾਅ ਨਾਲ ਪਾਲਿਆ। ਮੀਰਾ ਨੂੰ ਬਚਪਨ ਤੋਂ ਹੀ ਪ੍ਰਭੂ ਪ੍ਰਮਾਤਮਾ ਨਾਲ ਪਿਆਰ ਸੀ। ਇੱਕ ਦਿਨ ਇੱਕ ਸੰਤ ਜੀ ਮੀਰਾ ਜੀ ਦੇ ਘਰ ਆਏ। ਉਨ੍ਹਾਂ ਦੇ ਕੋਲ ਸ੍ਰੀ ਕ੍ਰਿਸ਼ਨ ਜੀ ਦੀ ਇੱਕ ਬੜੀ ਸੁੰਦਰ ਮੂਰਤੀ ਸੀ। ਮੀਰਾ ਨੇ ਉਹ ਮੂਰਤੀ ਸੰਤਾਂ ਕੋਲੋਂ ਲੈ ਲਈ। ਸੰਤਾਂ ਨੇ ਮੀਰਾ ਨੂੰ ਆਖਿਆ, ''ਇਹ ਮੂਰਤੀ ਭਗਵਾਨ ਦੀ ਹੈ, ਇਸ ਦਾ ਨਾਮ ਸ੍ਰੀ ਗਿਰਧਰ ਲਾਲ ਹੈ। ਤੁਸੀਂ ਹਰ ਰੋਜ਼ ਬੜੇ ਪਿਆਰ ਨਾਲ ਇਸਦੀ ਪੂਜਾ ਕਰਿਆ ਕਰਨੀ।''

ਮੀਰਾਂ ਜੀ ਉਸ ਵਕਤ ੧੦ ਸਾਲਾਂ ਦੇ ਸਨ। ਉਨ੍ਹਾਂ ਨੇ ਹਰ ਰੋਜ਼ ਮੂਰਤੀ ਦਾ ਇਸ਼ਨਾਨ ਕਰਾਉਣਾ, ਚੰਦਨ ਦੇ ਫੁੱਲ ਚੜ੍ਹਾਉਣੇ, ਭੋਗ ਲਗਾਉਣਾ ਆਰਤੀ ਉਤਾਰਨਾ। ਉਨ੍ਹਾਂ ਨੇ ਸੂਰਦਾਸ ਜੀ ਦਾ ਇੱਕ ਪਦ ਯਾਦ ਕਰ ਲਿਆ, ਸਾਰਾ ਦਿਨ ਉਸ ਨੂੰ ਪੜ੍ਹਨਾ ਅਤੇ ਕਈ ਵਾਰੀ ਪੜ੍ਹਦਿਆਂ-ਪੜ੍ਹਦਿਆਂ ਬੇਸੁੱਧ ਹੋ ਜਾਣਾ। ਹੁਣ ਉਹ ਆਪ ਵੀ ਸ੍ਰੀ ਕ੍ਰਿਸ਼ਨ ਜੀ ਦੀ ਮਹਿਮਾ ਵਿੱਚ ਆਪਣੇ ਬਣਾਏ ਹੋਏ ਪਦ ਗਾਉਂਦੇ, ਜੋ ਮੀਰਾ ਜੀ ਦੇ ਹਿਰਦੇ ਦੇ ਭਾਵਾਂ ਅਤੇ ਉਦਗਾਰਾਂ ਨਾਲ ਓਤ-ਪ੍ਰੋਤ ਸਨ। ਸੰਮਤ ੧੫੭੩ ਵਿੱਚ ਮੀਰਾ ਜੀ ਦਾ ਵਿਆਹ ਚਿੱਤੌੜ ਦੇ ਮਹਾਰਾਣਾ ਸਾਂਗਾ ਜੀ ਦੇ ਵੱਡੇ ਸੁਪੁਤ੍ਰ ਭੋਜਰਾਜ ਨਾਲ ਹੋਇਆ। ਉਸ ਸਮੇਂ ਇੱਕ ਅਸਚਰਜ ਘਟਨਾ ਵਾਪਰੀ। ਜਿਸ ਮੰਡਪ ਵਿੱਚ ਮੀਰਾ ਜੀ ਦਾ ਵਿਆਹ ਹੋਣਾ ਸੀ, ਉਸ ਮੰਡਪ ਵਿਚ ਮੀਰਾ ਜੀ ਨੇ ਸ੍ਰੀ ਕ੍ਰਿਸ਼ਨ ਜੀ ਦੀ ਮੂਰਤੀ ਨੂੰ ਸਜਾ ਸੰਵਾਰਕੇ ਰੱਖ ਦਿੱਤਾ। ਜਦੋਂ ਉਨ੍ਹਾਂ ਨੇ ਭੋਜਰਾਜ ਨਾਲ ਫੇਰੇ ਲਏ, ਨਾਲ ਹੀ ਸ੍ਰੀ ਕ੍ਰਿਸ਼ਨ ਜੀ ਦੀ ਮੂਰਤੀ ਨਾਲ ਵੀ ਫੇਰੇ ਲੈ ਲਏ ਅਤੇ ਆਪਣੇ ਮਨ ਵਿੱਚ ਇਹ ਧਾਰ ਲਿਆ ਕਿ ਉਨ੍ਹਾਂ ਦਾ ਵਿਆਹ ਸ਼ਿਆਮ ਸੁੰਦਰ ਸ੍ਰੀ ਕ੍ਰਿਸ਼ਨ ਜੀ ਨਾਲ ਹੋਇਆ ਹੈ।

ਮਾਤਾ ਪਿਤਾ ਨੇ ਵਿਆਹ ਵਿੱਚ ਖੂਬ ਦਾਜ ਦਹੇਜ ਦਿੱਤਾ। ਪਰ ਮੀਰਾ ਦਾ ਮਨ ਹਮੇਸ਼ਾ ਉਦਾਸ ਰਹਿੰਦਾ। ਕਾਰਨ ਪੁੱਛਣ ਤੇ ਮੀਰਾ ਨੇ ਆਪਣੀ ਮਾਤਾ ਨੂੰ ਕਿਹਾ:-

*ਦੇਹਰੀ ਮਾਈ ਅਬ ਹਮਾਂ ਕੋ ਗਿਰਧਰਲਾਲ।*
*ਪਿਆਰੇ ਚਰਨ ਕੀ ਆਨ ਕਰਤਿ ਹਉ, ਔਰ ਨਾਂ ਦੇ ਮਣਿ ਲਾਲ।*

ਪਿਆਰੇ ਭਗਤ ਨੂੰ ਆਪਣੇ ਪ੍ਰੀਤਮ ਤੋਂ ਸਿਵਾ ਹੋਰ ਕਿਸੇ ਚੀਜ਼ ਦੀ ਲੋੜ ਹੀ ਕਿੱਥੇ ਸੀ, ਮੀਰਾ ਦੀ ਮਾਤਾ ਨੇ ਬੜੇ ਪਿਆਰ ਨਾਲ ਸ੍ਰੀ ਗਿਰਧਰ ਜੀ ਦਾ ਸਿੰਘਾਸਨ ਪਾਲਕੀ ਵਿੱਚ ਰਖਵਾ ਦਿੱਤਾ। ਸਹੁਰੇ ਘਰ ਦੇ ਲੋਕ ਸੁੰਦਰੀ ਮੀਰਾ ਨੂੰ ਵੇਖਕੇ ਅਤਿਅੰਤ ਪ੍ਰਸੰਨ ਹੋਏ। ਨਵੀਂ ਵਿਆਹੀ ਵਹੁਟੀ ਮੀਰਾ ਨੂੰ, ਸੱਸ ਨੇ ਦੇਵ-ਪੂਜਾ ਕਰਨ ਲਈ ਆਖਿਆ ਪਰ ਮੀਰਾ ਜੀ ਲਈ ਤਾਂ ਸਿਰਫ ਗਿਰਧਰ ਗੋਪਾਲ ਹੀ ਪੂਜਣ ਯੋਗ ਸਨ। ਉਨ੍ਹਾਂ ਨੂੰ ਸੱਸ ਕੋਲੋਂ ਦੇਵ-ਪੂਜਾ ਨਾ ਕਰਨ ਤੇ ਕੌੜੀਆਂ ਕਸੈਲੀਆਂ ਸੁਣਨੀਆਂ ਪਈਆਂ। ਇਸ ਤੋਂ ਬਾਆਦ ਮੀਰਾ ਜੀ ਨੂੰ ਗੌਰੀ ਦੀ ਪੂਜਾ ਕਰਨ ਲਈ ਕਿਹਾ, ਮੀਰਾ ਜੀ ਨੇ ਫਿਰ ਇਨਕਾਰ ਕਰ ਦਿੱਤਾ ਉਨ੍ਹਾਂ ਨੇ ਸਾਫ ਕਿਹਾ ਕਿ ਉਨ੍ਹਾਂ ਦੇ ਪੂਜਣ ਯੋਗ ਤਾਂ ਸਿਰਫ ਗਿਰਧਰ ਗੋਪਾਲ ਹੀ ਹਨ, ਹੋਰ ਕੋਈ ਨਹੀਂ।

ਉਨ੍ਹਾਂ ਦੇ ਪਤੀ ਭੋਜਰਾਜ ਜੀ ਪਹਿਲਾਂ ਤਾਂ ਨਾਰਾਜ਼ ਹੋਏ ਪਰ ਫਿਰ ਮੀਰਾ ਜੀ ਦੇ ਹਿਰਦੇ ਦੀ ਸੱਚਾਈ ਤੇ ਸਰਲਤਾ ਵੇਖਕੇ ਉਨ੍ਹਾਂ ਲਈ ਇੱਕ ਸੁੰਦਰ ਮੰਦਿਰ ਬਣਵਾ ਦਿੱਤਾ। ਭੋਜਰਾਜ ਦਲੇਰ, ਵੀਰ, ਬਹਾਦਰ, ਅਤੇ ਸਾਹਿੱਤਯ ਪ੍ਰੇਮੀ ਸਨ। ਮੀਰਾ ਜੀ ਦੀਆਂ ਲਿਖੀਆਂ ਹੋਈਆਂ ਕਵਿਤਾਵਾਂ ਉੱਤੇ ਉਹ ਅਤਿਅੰਤ ਪ੍ਰਸੰਨ ਹੁੰਦੇ ਅਤੇ ਬੜੀ ਗੌਰਵ ਦੀ ਗੱਲ ਸਮਝਦੇ। ਮੀਰਾ ਹਮੇਸ਼ਾ ਆਪਣਾ ਪਤੀ ਗਿਰਧਰ ਨੂੰ ਹੀ ਮੰਨਦੀ ਪਰ ਆਪਣੇ ਦੁਨਿਆਵੀ ਪਤੀ ਨੂੰ ਕਦੇ ਨਾਰਾਜ਼ ਨਾ ਕਰਦੀ। ਮੀਰਾ ਆਪਣਾ ਸਮਾਂ ਭਜਨ-ਕੀਰਤਨ ਅਤੇ ਸਾਧੂਆਂ ਦੀ ਸੰਗਤ ਵਿੱਚ ਗੁਜ਼ਾਰਦੀ। ਕਦੇ ਵਿਰਹ ਦੀ ਤੀਵਰ ਅਗਨੀ ਉਨ੍ਹਾਂ ਨੂੰ ਰੁਲਾ ਦਿੰਦੀ। ਕਦੇ ਧਿਆਨ ਮਗਨ ਹੋ ਕੇ ਖੂਬ ਠਾਹਕੇ ਮਾਰਕੇ ਹੱਸਦੀ। ਕਈ-ਕਈ ਦਿਨ ਖਾਣਾ ਪੀਣਾ ਭੁੱਲ ਜਾਂਦਾ ਅਤੇ ਗਿਰਧਰ ਗੋਪਾਲ ਦੇ ਪਿਆਰ ਵਿੱਚ ਬੇਸੁੱਧ ਪਈ ਰਹਿੰਦੀ। ਸਰੀਰ ਨਿਰਬਲ ਹੋਣ ਲੱਗ ਪਿਆ। ਘਰ ਵਾਲਿਆਂ ਨੇ ਵੈਦ ਬੁਲਾਏ ਪਰ ਮੀਰਾ ਜੀ ਨੇ ਕਿਹਾ:-

*ਹੇ ਰੀ ਮੈਂ ਤੋ ਪ੍ਰੇਮ ਦਿਵਾਨੀ ਮੇਰੋ ਦਰਦ ਨਾ ਜਾਣੇ ਕੋਇ।।*
*ਸੂਲੀ ਉਪਰ ਸੇਜ ਹਮਾਰੀ, ਕਿਸ ਬਿਧ ਸੋਣਾ ਹੋਏ।।*

ਪਰ ਇਹੋ ਜਿਹੇ ਅਲੌਕਿਕ ਪ੍ਰੇਮ ਦੀਵਾਨਿਆਂ ਦੀ ਦਵਾ ਵੈਦ ਕੋਲ ਕਿੱਥੇ ? ਮੀਰਾ ਜੀ ਨੇ ਆਪਣਾ ਤਨ, ਮਨ, ਧਨ, ਆਪਣਾ ਸਾਰਾ ਕੁਲ, ਸਰਬੰਸ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਅਰਪਿਤ ਕੀਤਾ ਹੋਇਆ ਸੀ। ਇਸੇ ਲਈ ਉਹ ਕਹਿੰਦੇ-

*ਗੋਵਿੰਦ ਲੀਨੋ ਮੋਲ, ਮਾਈ ਮੈਂ ਗੋਵਿੰਦ ਲੀਨੋ ਮੋਲ।*
*ਕੋਈ ਕਹੇ ਸਸਤੋ, ਕੋਈ ਕਹੈ ਮਹੰਗੋ, ਲੀਨਹੁ ਤਰਾਜੂ ਤੋਲ।।*
*ਕੋਈ ਕਹੈ ਘਰ ਮੈਂ, ਕੋਈ ਕਹੈ ਵਨ ਮੈਂ, ਰਾਧਾ ਕੇ ਸੰਗ ਕਲੋਲ।।*
*ਮੀਰਾ ਕੇ ਪ੍ਰਭੂ ਗਿਰਧਰ ਨਾਗਰ ਆਵਤ ਪ੍ਰੇਮ ਕੇ ਮੋਲ।।*

ਮੀਰਾ ਜੀ ਦਾ ਮਨ ਤਾਂ ਸ੍ਰੀ ਕ੍ਰਿਸ਼ਨ ਜੀ ਦੇ ਚਰਨ-ਕੰਵਲਾਂ ਦਾ ਭੌਰਾ ਬਣ ਚੁੱਕਾ ਸੀ, ਉਸਨੂੰ ਕੋਈ ਹੋਰ ਚੀਜ਼ ਕਿਵੇਂ ਚੰਗੀ ਲੱਗ ਸਕਦੀ ਸੀ ? ਮੀਰਾ ਨੇ ਸ੍ਰੀ ਕ੍ਰਿਸ਼ਨ ਜੀ ਦੇ ਪ੍ਰੇਮ ਦਾ ਰਸ ਚਖ ਲਿਆ ਸੀ, ਫਿਰ ਭਲਾ ਦੁਨਿਆਵੀ ਰਸ ਉਨ੍ਹਾਂ ਨੂੰ ਕਿਵੇਂ ਚੰਗੇ ਲੱਗਦੇ ?

ਸੰਮਤ **੧੫੮੩** ਵਿੱਚ ਭੋਜਰਾਜ ਦਾ ਦੇਹਾਂਤ ਹੋ ਗਿਆ ਅਤੇ ਮੀਰਾ ਦੇ ਦੇਵਰ ਵਿਕਰਮਾਜੀਤ ਨੇ ਗੱਦੀ ਸੰਭਾਲੀ। ਮੀਰਾ ਜੀ ਦਾ ਸਾਧੂਆਂ, ਸੰਤਾ ਨਾਲ ਸੰਗ ਜ਼ੋਰ ਫੜਨ ਲਗ ਪਿਆ। ਵਿਕਰਮਾਜੀਤ ਨੂੰ ਮੀਰਾ ਜੀ ਦਾ ਰਹਿਨ-ਸਹਿਨ, ਹਰ ਵੇਲੇ ਸਾਧੂਆਂ ਸੰਤਾਂ ਦਾ ਸੰਗ, ਭਜਨ-ਬੰਦਗੀ ਕਰਨਾ ਚੰਗਾ ਨਾ ਲੱਗਿਆ। ਉਨ੍ਹਾਂ ਨੇ ਮੀਰਾ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਸਾਧੂਆਂ ਸੰਤਾਂ ਦਾ ਸੰਗ ਤਿਆਗ ਦੇਣ ਪਰ ਸਭ ਨਿਸ਼ਫਲ। ਮੀਰਾ ਦਾ ਆਪਣੇ ਗਿਰਧਰ ਗੋਪਾਲ ਦੇ ਚਰਨਾਂ ਤੇ ਅਟੱਲ ਭਰੋਸਾ, ਅਚੱਲ ਵਿਸ਼ਵਾਸ, ਨਿਰਭੈਤਾ, ਅਦਭੁਤ ਤਿਆਗ ਸੀ। ਅੰਤ ਰਾਣਾ ਜੀ ਨੇ ਮੀਰਾ ਜੀ ਨੂੰ ਚਰਨਾਮ੍ਰਿਤ ਦੇ ਬਹਾਨੇ ਜ਼ਹਿਰ ਪੀਣ ਲਈ ਭੇਜਿਆ। ਭਗਵਾਨ ਦਾ ਚਰਨਾਮ੍ਰਿਤ ਸਮਝਕੇ ਮੀਰਾ ਜੀ ਨੇ ਉਸ ਜ਼ਹਿਰ ਨੂੰ ਗਟ-ਗਟ ਕਰਕੇ ਪੀ ਲਿਆ। ਭਗਵਾਨ ਨੂੰ ਆਪਣੇ ਸੇਵਕ ਦੀ ਲਾਜ ਰਖਣੀ ਪਈ, ਵਿਸ਼ ਅੰਮ੍ਰਿਤ ਹੋ ਗਿਆ, ਮੀਰਾ ਦਾ ਵਾਲ ਵੀ ਵਿੰਗਾ ਨਾ ਹੋਇਆ।

ਇਸ ਘਟਨਾ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਮੀਰਾ ਜੀ ਸਾਰਾ ਦਿਨ ਆਪਣੇ ਪਿਆਰੇ ਗਿਰਧਰ ਗੋਪਾਲ ਦੀ ਯਾਦ ਵਿੱਚ ਨੱਚਦੇ ਗਾਉਂਦੇ ਰਹਿੰਦੇ। ਰਾਤ ਨੂੰ ਮੰਦਰ ਦੇ ਦਰਵਾਜ਼ੇ ਬੰਦ ਕਰਕੇ ਮੀਰਾ ਜੀ ਸ੍ਰੀ ਕ੍ਰਿਸ਼ਨ ਜੀ ਅੱਗੇ ਖੁੱਲ੍ਹ ਕੇ ਨੱਚਦੇ। ਕਈ ਵਾਰੀ ਲਗਦਾ ਕਿ ਭਗਵਾਨ ਸ੍ਰੀ ਕ੍ਰਿਸ਼ਨ ਜੀ ਵੀ ਮੀਰਾ ਨਾਲ ਸਾਖਿਆਤ ਰੂਪ ਵਿੱਚ ਬਚਨ ਬਿਲਾਸ ਕਰ ਰਹੇ ਹਨ। ਮੀਰਾ ਜੀ ਨੂੰ ਆਪਣੇ ਗਿਰਧਰ ਗੋਪਾਲ ਦੇ ਦਰਸ਼ਨਾਂ ਦੀ ਤਾਂਘ, ਲਾਲਸਾ ਹਰ ਵੇਲੇ ਬਣੀ ਰਹਿੰਦੀ।

*ਦਰਸ ਬਿਨ ਦੂਖਤ ਲਾਗੇ ਨੈਣ*
*ਜਬ ਤੇ ਤੁਮ ਬਿਛੁਰੇ ਮੇਰੇ ਪ੍ਰਭੂ ਜੀ*
*ਕਬਹੂੰ ਨਾ ਪਾਯੋ ਚੈਨ।*
*ਸ਼ਬਦ ਸੁਣਤ ਮੇਰੀ ਛਤਿਯਾ ਕੰਪੈ, ਮੀਠੇ ਲਾਗੈ ਬੈਨ।*
*ਇਕ ਟਕਟਕੀ ਪੰਥ ਨਿਹਾਰੂੰ, ਭਈ ਛੇ ਮਾਸੀ ਰੈਣ।*
*ਬਿਰਹ ਬਿਥਾ ਕਾ ਸੂੰ ਕਹੂੰ ਸਜਨੀ, ਵਹ ਗਈ ਕਰਵਤ ਨੈਣ।*
*ਮੀਰਾ ਕੇ ਪ੍ਰਭੂ ਕਬ ਰੇ ਮਿਲੋਗੇ, ਦੁਖ ਮੇਟਨ ਸੁਖ ਦੇਣ।*

ਕੁਝ ਲੋਕਾਂ ਨੇ ਜਾ ਕੇ ਰਾਣਾ ਜੀ ਅੱਗੇ ਸ਼ਿਕਾਇਤ ਲਾਈ ਕਿ ਮੀਰਾ ਰਾਤ ਨੂੰ ਕਿਸੇ ਨਾਲ ਗੱਲਾਂ ਕਰਦੀ ਹੈ, ਇਸ ਲਈ ਜ਼ਰੂਰ ਉਸ ਨੂੰ ਮਿਲਣ ਲਈ ਰਾਤ ਵੇਲੇ ਉੱਥੇ ਕੋਈ ਆਉਂਦਾ ਹੈ। ਉਸੇ ਵੇਲੇ ਰਾਣਾ ਜੀ ਕ੍ਰੋਧ ਵਿੱਚ ਨੰਗੀ ਤਲਵਾਰ ਲੈ ਕੇ ਮੀਰਾ ਜੀ ਦੇ ਮਹੱਲ ਵਿੱਚ ਪਹੁੰਚੇ। ਅੰਦਰੋਂ ਉਸਨੂੰ ਗੱਲਾਂ ਕਰਨ ਦੀ

ਆਵਾਜ਼ ਸੁਣਾਈ ਦਿੱਤੀ, ਦਰਵਾਜ਼ੇ ਖੁਲ੍ਹਵਾਏ ਗਏ। ਮੀਰਾ ਜੀ ਕੋਲੋਂ ਪੁੱਛਿਆ ਗਿਆ-ਅੰਦਰ ਕੌਣ ਸੀ ? ਉੱਤਰ ਵਿੱਚ ਮੀਰਾ ਜੀ ਨੇ ਆਖਿਆ-ਉਨ੍ਹਾਂ ਦੇ ਗਿਰਧਰ ਗੋਪਾਲ ਤੋਂ ਸਿਵਾ ਹੋਰ ਦੂਸਰਾ ਕੌਣ ਹੋ ਸਕਦਾ ਹੈ। ਸਾਰੇ ਸੰਸਾਰ ਵਿੱਚ ਉਸ ਛੈਲ-ਛਬੀਲੇ ਗਿਰਧਰ ਤੋਂ ਸਿਵਾ ਹੋਰ ਕੋਈ ਵੀ ਉੱਥੇ ਨਹੀਂ ਆ ਸਕਦਾ। ਮੀਰਾਂ ਨੇ ਆਪਣੇ ਪਿਆਰੇ ਦੀ ਮਹਿਮਾ ਦਾ ਗਾਣ ਕੀਤਾ-

*ਬਸੋ ਮੇਰੇ ਨੈਣਨ ਮੈਂ ਨੰਦ-ਲਾਲ।।*
*ਮੋਹਨੀ ਮੂਰਤ ਸਾਂਵਰੀ ਸੁਰਤਿ, ਨੈਣਾ ਬਣੇ ਵਿਸ਼ਾਲ।।*
*ਅਧਰ ਸੁਧਾ ਰਸ ਮੁਰਲੀ ਰਾਜਤ, ਉਰ ਵੈਜੰਤੀ ਮਾਲ।।*
*ਛੁਦਰ ਘੰਟਿਕਾ ਕਟਿ-ਤਟ ਸੋਭਿਤ, ਨੂਪੁਰ ਸ਼ਬਦ ਰਸਾਲ।।*
*ਮੀਰਾ ਪ੍ਰਭੂ ਸੰਤਨ ਸੁਖਦਾਈ, ਭਗਤ ਵਛਲ ਗੋਪਾਲ।।*

ਰਾਣਾ ਜੀ ਅਤਿ ਸ਼ਰਮਿੰਦਾ ਹੋ ਕੇ ਵਾਪਸ ਆ ਗਏ। ਇੱਕ ਦਿਨ ਇੱਕ ਪਾਖੰਡੀ ਸਾਧੂ ਨੇ ਮੀਰਾ ਜੀ ਨੂੰ ਆ ਕੇ ਆਖਿਆ,''ਮੈਨੂੰ ਗਿਰਧਰ ਗੋਪਾਲ ਨੇ ਤੁਹਾਡੇ ਕੋਲ ਅੰਗ ਸੰਗ ਕਰਨ ਲਈ ਭੇਜਿਆ ਹੈ।''ਮੀਰਾ ਨੇ ਉਨ੍ਹਾਂ ਦੀ ਸੇਵਾ ਕਰਕੇ, ਇੱਕ ਪਲੰਘ ਵਿਛਾ ਕੇ ਕਿਹਾ, ਆਉ ਮਹਾਰਾਜ ਅੰਗ ਸੰਗ ਕਰੋ।'' ਅਗੋਂ ਉਸ ਪਾਖੰਡੀ ਸਾਧੂ ਨੇ ਕਿਹਾ,''ਇਸਤ੍ਰੀ ਪੁਰਸ਼ ਦਾ ਸੰਗ ਸਾਰਿਆਂ ਸਾਹਮਣੇ ਕਿਵੇਂ ਹੋ ਸਕਦਾ ਹੈ ?''ਮੀਰਾ ਜੀ ਨੇ ਉੱਤਰ ਦਿੱਤਾ,''ਮਹਾਰਾਜ ਐਸੀ ਕਿਹੜੀ ਜਗ੍ਹਾ ਹੈ, ਜਿੱਥੇ ਮੇਰੇ ਗਿਰਧਰ ਲਾਲ ਜੀ ਨਹੀਂ ਬਿਰਾਜਦੇ। ਮੈਂ ਤਾਂ ਜਿੱਥੇ ਵੀ ਵੇਖਦੀ ਹਾਂ, ਉੱਥੇ ਹੀ ਖੜੇ ਦਿਸਦੇ ਹਨ। ਫਿਰ ਇਸ ਸਰੀਰ ਵਿੱਚ ਤਾਂ ਅਨੇਕ ਦੇਵਤਿਆਂ ਦਾ ਵਾਸਾ ਹੈ। ਚੰਦ੍ਰਮਾ, ਸੂਰਜ, ਤਾਰਾਗਣ, ਸਾਡੇ ਕਰਮਾਂ ਦੇ ਗਵਾਹ ਹਨ। ਯਮਰਾਜ ਦੇ ਦੂਤ ਤਾਂ ਠੀਕ ਹਿਸਾਬ ਰੱਖਣ ਲਈ ਹਮੇਸ਼ਾਂ ਘੁੰਮਦੇ ਰਹਿੰਦੇ ਹਨ। ਜਦੋਂ ਐਨੇ ਲੋਕ ਵੇਖ ਰਹੇ ਹਨ, ਫਿਰ ਸਾਧੂ ਮੰਡਲੀ ਕੋਲੋਂ ਕਾਹਦੀ ਸ਼ਰਮ"? ਮੀਰਾ ਦੇ ਚਰਨਾਂ ਤੇ ਡਿੱਗ ਕੇ ਪਾਖੰਡੀ ਸਾਧੂ ਨੇ ਮੁਆਫੀ ਮੰਗੀ।

*ਰਾਮ ਰਸ ਪੀਜੈ ਮਨੁਆਂ, ਰਾਮ ਨਾਮ ਰਸ ਪੀਜੈ।*
*ਤਜ ਕੁਸੰਗ ਸਤਸੰਗ ਬੈਠ ਨਿਤ, ਹਰਿ ਚਰਚਾ ਸੁਣ ਲੀਜੈ।*
*ਕਾਮ ਕਰੋਧ ਮਦ ਲੋਭ ਮੋਹ ਕੂੰ, ਬਹਾ ਚਿਤ ਸੇ ਦੀਜੈ।*
*ਮੀਰਾ ਕੇ ਪ੍ਰਭੂ ਗਿਰਧਰ ਨਾਗਰ, ਤਾਹਿਕੇ ਰੰਗ ਮੈਂ ਭੀਜੈ।*

ਰਾਣਾ ਜੀ ਮੀਰਾ ਜੀ ਨਾਲ ਖੁਸ਼ ਨਹੀਂ ਸਨ। ਇਸ ਲਈ ਉਨ੍ਹਾਂ ਨੂੰ ਮਾਰਨ ਵਾਸਤੇ ਇੱਕ ਜ਼ਹਿਰੀਲਾ ਸੱਪ ਟੋਕਰੀ ਵਿੱਚ ਪਾ ਕੇ ਮੀਰਾ ਲਈ ਭੇਜਿਆ ਅਤੇ ਆਖਿਆ ਕਿ ਮੀਰਾ ਜੀ ਨੂੰ ਸਾਲਗਰਾਮ ਦੀ ਇੱਕ ਮੂਰਤੀ ਭੇਟ ਕੀਤੀ ਗਈ ਹੈ। ਮੀਰਾ ਜੀ ਨੇ ਬੜੀ ਖੁਸ਼ੀ-ਖੁਸ਼ੀ ਉਸ ਪਿਟਾਰੇ ਦਾ ਮੂੰਹ ਖੋਲ੍ਹਿਆ ਤੇ ਕਾਲੀ ਨਾਗਿਨ ਦੀ ਥਾਂ ਸ੍ਰੀ ਸਾਲਗਰਾਮ ਜੀ ਦੀ ਸੁੰਦਰ ਮੂਰਤੀ ਅਤੇ ਇੱਕ ਫੁੱਲਾਂ ਦਾ ਸੁੰਦਰ ਹਾਰ ਸੀ। ਆਪਣੇ ਪ੍ਰਭੂ ਦੇ ਦਰਸ਼ਨ ਕਰਕੇ ਮੀਰਾ ਨੱਚ ਉਠੀ। ਅੰਤ ਵਿੱਚ

ਮੀਰਾ ਜੀ ਨੇ ਰਾਜ ਮਹਲ ਸਭ ਤਿਆਗ ਕੇ ਬਿੰਦਰਾਬਨ ਜਾਣ ਦਾ ਫੈਸਲਾ ਕਰ ਲਿਆ।

ਸ੍ਰੀ ਕ੍ਰਿਸ਼ਨ ਜੀ ਦੇ ਪ੍ਰੇਮ ਵਿੱਚ ਮਸਤਾਨੀ ਹੋਈ ਮੀਰਾ ਹਰ ਵੇਲੇ ਵਿਰਹ ਦੇ ਗੀਤ ਗਾਉਂਦੀ ਰਹਿੰਦੀ ਅਤੇ ਗਿਰਧਰ ਗੋਪਾਲ ਵੀ ਉਸਦੀ ਭਗਤੀ ਤੇ ਖੁਸ਼ ਹੋ ਕੇ ਦਰਸ਼ਨ ਦਿੰਦੇ ਰਹਿੰਦੇ। ਮੀਰਾ ਜੀ ਆਪਣੇ ਪਿਆਰੇ ਗਿਰਧਰ ਗੋਪਾਲ ਦੀ ਸੁੰਦਰਤਾ ਦਾ ਵਰਣਨ ਕਰਦੇ ਹਨঃ-

*ਮੇਰੇ ਤੋ ਗਿਰਧਰ ਗੋਪਾਲ ਦੂਸਰੋ ਨਾ ਕੋਈ।*
*ਜਾਕੇ ਸਿਰ ਮੋਰ ਮੁਕਟ ਮੇਰੋ ਪਤਿ ਸੋਈ।*
*ਤਾਤ, ਮਾਤ, ਭਗਤ, ਬੰਧੂ ਅਪਨੋ ਨਾ ਕੋਈ।*
*ਛਾਡ ਦਈ ਕੁਲ ਕੀ ਕਾਣ ਕਾ ਕਰਿ ਹੈਂ ਕੋਈ।*
*ਸੰਤਨ ਢਿਗ ਬੈਠਿ ਬੈਠਿ ਲੋਕ ਲਾਜ ਖੋਈ।*

ਕੁਝ ਚਿਰ ਬਿੰਦਰਾਬਨ ਰਹਿ ਕੇ ਮੀਰਾ ਜੀ ਦਵਾਰਿਕਾ ਚਲੇ ਗਏ। ਉੱਥੇ ਵੀ ਹਰ ਵੇਲੇ ਭਜਨ ਕੀਰਤਨ ਕਰਦੇ ਰਹਿੰਦੇ। **੧੬੦੨** ਵਿੱਚ ਮੀਰਾ ਜੀ ਨੇ ਆਪਣੇ ਗਿਰਧਰ ਦੇ ਗੀਤ ਗਾਉਂਦੇ-ਗਾਉਂਦੇ ਸਰੀਰ ਤਿਆਗ ਦਿੱਤਾ।

*ਮੀਰਾ ਕੋ ਨਿਜ ਲੀਨ ਕੀਯਾ, ਨਾਗਰ ਨੰਦ ਕਿਸ਼ੋਰ।।*
*ਜਗ ਪ੍ਰਤੀਤ ਹਿਤ-ਨਾਥ-ਸੁਖ ਰਹਯੋ ਚੁਨਰੀ ਛੋਰ।।*

## ੭

**ਸ੍ਵੈਯਾ।। ਜੋਰ ਘਟਾ ਘਨ ਆਏ ਜਹਾਂ ਸਖੀ**
**ਬੂੰਦਨ ਮੇਘ ਭਲੀ ਛਬਿ ਪਾਈ।।**
**ਬੋਲਤ ਚਾਤ੍ਰਿਕ ਦਾਦਰ ਅਉ ਘਨ**
**ਮੋਰਨ ਪੈ ਘਨਘੋਰ ਲਗਾਈ।।**
**ਤਾਹੀ ਸਮੈ ਹਮ ਕਾਨ੍ਹਰ ਕੇ ਸੰਗ**
**ਖੇਲਤ ਥੀ ਅਤਿ ਪ੍ਰੇਮ ਬਢਾਈ।।**
**ਤਉਨ ਸਮੈ ਸੁਖਦਾਇਕ ਥੀ ਰਿਤ**
**ਅਉਸਰ ਯਾਹਿ ਭਈ ਦੁਖਦਾਈ।।੮੭੨।।**

*– ਦਸਮ ਗ੍ਰੰਥ ਪੰਨਾ ੩੭੦*

**ਸ਼ਬਦਾਰਥ :**

ਜੋਰ-ਦੁਖਦਾਈ। ਘਟਾ ਘਨ-ਬੱਦਲ, ਮੇਘ। ਚਾਤ੍ਰਿਕ-ਬਬੀਹੇ। ਦਾਦਰ-ਡੱਡੂ, ਮੇਂਡਕ। ਮੋਰਨ ਪੈ-ਪਿੱਛੇ ਨਾਲ ਬੱਦਲ, ਘੋਰਨ ਦੇ ਮਗਰੋਂ ਨਾਲ ਹੀ ਮੋਰਾਂ ਦੇ ਵੀ। ਘਨਘੋਰ-ਮੇਘ ਵਰਗੀ ਗਰਜ ਗੂੰਜ ਮਚਾਈ।

**ਵਿਆਖਿਆ:**

ਗੋਪੀਆਂ ਨੂੰ ਸਾਉਣ ਦੇ ਮਹੀਨੇ ਉਸ ਵੇਲੇ ਦੀ ਯਾਦ ਸਤਾਉਂਦੀ ਹੈ, ਜਦੋਂ ਅਕਾਸ਼ ਵੱਡੇ ਵੱਡੇ ਕਾਲੇ-ਕਾਲੇ ਬੱਦਲਾਂ ਦੀਆਂ ਘਟਾਵਾਂ ਦੀ ਚੁੰਨੀ ਲੈ ਲੈਂਦਾ ਸੀ ਉਨ੍ਹਾਂ ਘਟਾਵਾਂ ਵਿੱਚੋਂ ਰਿਮਝਿਮ ਰਿਮਝਿਮ ਕਰਦੀਆਂ ਪਾਣੀ ਦੀਆਂ ਬੂੰਦਾਂ ਅਕਾਸ਼ ਤੋਂ ਟਪਕਦੀਆਂ ਸਨ, ਉਹ ਅਤਿ ਸੁੰਦਰ ਅਤੇ ਮਨ-ਮੋਹਕ ਲਗਦੀਆਂ ਸਨ। ਇਹੋ ਜਿਹੇ ਸਮੇਂ ਇੱਕ ਪਾਸੇ ਚਾਤ੍ਰਿਕ ਆਪਣੇ ਪਿਆਰੇ ਦੇ ਦਰਸ਼ਨਾਂ ਦੀ ਤਾਂਘ ਵਿੱਚ ਵਿਰਲਾਪ ਕਰਦਾ ਸੀ ਤੇ ਦੂਸਰੇ ਪਾਸੇ ਡੱਡੂ ਆਪਣੀਆਂ ਗੜੈਂ-ਗੜੈਂ ਦੀਆਂ ਅਵਾਜ਼ਾਂ ਕੱਢਦੇ ਸਨ, ਇਨ੍ਹਾਂ ਦੇ ਨਾਲ ਘਣੇ ਕਾਲੇ ਬੱਦਲਾਂ ਦੀ ਗਰਜਾਹਟ, ਅਤੇ ਮੋਰਾਂ ਨੇ ਵੀ ਆਪਣੇ ਰਾਗ ਦੀ ਘਨਘੋਰ ਲਗਾਈ ਹੁੰਦੀ ਸੀ। ਇਹੋ ਜਿਹੇ ਰਮਣੀਕ ਸਮੇਂ ਵਿੱਚ ਸਾਰੀਆਂ ਗੋਪੀਆਂ ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਆਪਣੇ ਹਿਰਦਿਆਂ ਅੰਦਰ ਪ੍ਰੇਮ ਦੇ ਜਵਾਰ-ਭਾਟੇ ਨੂੰ ਸੰਜੋਅ ਕੇ ਰਸ ਭਰੀਆਂ ਖੇਡਾਂ ਕਰਦੀਆਂ ਸਨ, ਅਨੂਠੇ ਰਸ ਦਾਇਕ ਖੇਲ ਖੇਡਦੀਆਂ ਸਨ, ਉਨ੍ਹਾਂ ਦੇ ਹਿਰਦਿਆਂ

ਅੰਦਰ ਖੁਸ਼ੀਆਂ ਦਾ ਅਥਾਹ ਸਮੁੰਦ੍ਰ ਠਾਠਾਂ ਮਾਰਦਾ ਸੀ, ਉਹ ਸਮਾਂ ਕਿੰਨਾ ਸੁਖਦਾਇਕ ਸੀ, ਉਹ ਮੌਸਮ ਕਿੰਨਾ ਸੁਹਾਵਨਾ ਅਤੇ ਪਿਆਰਾ ਸੀ, ਤੇ ਹੁਣ ਉਸਤੋਂ ਉਲਟ ਜਦੋਂ ਗੋਪੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਦਾ ਸੰਗ ਪ੍ਰਾਪਤ ਨਹੀਂ, ਉਨ੍ਹਾਂ ਦਾ ਸਾਥ ਛੁੱਟ ਗਿਆ ਹੋਇਆ ਹੈ, ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਹੁਣ ਗੋਪੀਆਂ ਨੂੰ ਬੜੇ ਦੁਖ ਦਾ ਅਨੁਭਵ ਹੋ ਰਿਹਾ ਹੈ, ਸੁਖ ਨਹੀਂ ਮਿਲਦਾ, ਸ਼ਾਂਤੀ ਨਹੀਂ ਪ੍ਰਾਪਤ ਅਤੇ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਸਾਰਾ ਕੁਝ ਸੁੰਨਾ ਲਗਦਾ ਹੈ।

**ਭਾਵ :**

ਬੱਦਲਾਂ ਦੀਆਂ ਉਮਡੀਆਂ ਘਟਾਵਾਂ ਵੇਖਕੇ, ਚਾਤ੍ਰਿਕ, ਡੱਡੂ, ਮੋਰ ਆਦਿ ਆਪਣੀਆਂ-ਆਪਣੀਆਂ ਅਵਾਜ਼ਾਂ ਰਾਹੀਂ ਪ੍ਰਸੰਨਤਾ ਦਾ ਪ੍ਰਗਟਾਵਾ ਕਰ ਰਹੇ ਸਨ। ਇਹੋ ਜਿਹੇ ਪ੍ਰਕ੍ਰਿਤਿਕ ਸੁੰਦਰਤਾ ਭਰਪੂਰ ਵਾਤਾਵਰਨ ਵਿੱਚ ਗੋਪੀਆਂ ਵੀ ਸ੍ਰੀ ਕ੍ਰਿਸ਼ਨ ਜੀ ਨਾਲ ਪ੍ਰੇਮ ਕ੍ਰੀੜਾਵਾਂ ਕਰਕੇ ਆਨੰਦਿਤ ਹੁੰਦੀਆਂ।

# ਕਾਨ੍ਹਰ ਕੇ ਸੰਗ ਖੇਲਤ ਥੀ

ਸ੍ਰੀ ਰਾਧਾ ਜੀ ਦਾ ਵਰਣਨ ਵੀ ਆਦਿਕਾਲ ਤੋਂ ਹੀ ਉਪਲੱਬਧ ਹੈ। ਵੈਦਿਕ ਸਾਹਿਤਯ ਵਿੱਚ ਰਾਧਾ ਜੀ ਦਾ ਉਲੇਖ ਮਿਲਦਾ ਹੈ ਅਤੇ ਅਨੇਕਾਂ ਹੀ ਇਸ ਤਰ੍ਹਾਂ ਦੇ ਮੰਤਰ ਮਿਲਦੇ ਹਨ ਜਿੰਨ੍ਹਾਂ ਵਿੱਚ ਰਾਧਾ ਜੀ ਨੂੰ ਵਿਸ਼ਨੂੰ ਜੀ ਦੀ ਪਤਨੀ ਦੱਸਿਆ ਗਿਆ ਹੈ। ਯਜੁਰਵੇਦ ਦੇ ਇੱਕ ਮੰਤਰ ਵਿੱਚ ਸ਼ਿਰੀ ਅਤੇ ਲਕਸ਼ਮੀ, ਇਨ੍ਹਾਂ ਦੋ ਪਤਨੀਆਂ ਦਾ ਸਪਸ਼ਟ ਵਰਣਨ ਮਿਲਦਾ ਹੈ। ਉਸ ਸਲੋਕ ਵਿੱਚ ਸ੍ਰੀ ਸ਼ਬਦ ਨਿਸ਼ਚਿਤ ਰੂਪ ਵਿੱਚ ਰਾਧਾ ਲਈ ਹੀ ਵਰਤਿਆ ਗਿਆ ਹੈ। ਉਪਨਿਸ਼ਦਾਂ ਵਿੱਚੋਂ ਰਾਧਿਕੋਪਨਿਸ਼ਦ ਤਾਂ ਮੁੱਖ ਰੂਪ ਵਿੱਚ ਰਾਧਾ ਨਾਲ ਹੀ ਸੰਬੰਧਿਤ ਹੈ, ਇਸ ਵਿੱਚ ਰਾਧਾ ਦੀ ਮਹਿਮਾ ਦਾ ਵਰਣਨ ਵਾਰਤਕ ਵਿੱਚ ਹੀ ਕੀਤਾ ਗਿਆ ਹੈ। ਰਾਧਾ ਸ਼ਬਦ ਦੀ ਉਤਪਤੀ ਰਾਸ ਧਾਤੂ ਤੋਂ ਹੈ। ਸ੍ਰੀ ਕ੍ਰਿਸ਼ਨ ਜੀ ਰਾਹੀਂ ਜੋ ਅਰਾਧਿਤ ਹੈ, ਉਹੀ ਰਾਧਾ ਹੈ। ਸ੍ਰੀ ਕ੍ਰਿਸ਼ਨ ਜੀ ਦੀ ਸਦਾ ਅਰਾਧਨਾ ਕਰਨ ਵਾਲੀ ਰਾਧਿਕਾ ਹੈ। ਸ੍ਰੀ ਕ੍ਰਿਸ਼ਨ ਜੀ ਇਨ੍ਹਾ ਦੀ ਅਰਾਧਨਾ ਕਰਦੇ ਹਨ।

ਰਾਧਾ ਜੀ ਨੂੰ ਵੈਦਿਕ, ਸਾਹਿਤਯ ਵਿੱਚ ਕਾਫੀ ਮਾਨ ਸਨਮਾਨ ਪ੍ਰਾਪਤ ਹੋ ਚੁੱਕਿਆ ਸੀ। ਇਸ ਤੋਂ ਵੱਧ ਸਥਾਨ ਅਤੇ ਸਨਮਾਨ ਰਾਧਾ ਜੀ ਨੂੰ ਪੁਰਾਣਾਂ ਵਿੱਚ ਮਿਲਿਆ। ਵਿਸ਼ਨੂੰ ਪੁਰਾਣ ਵਿੱਚ ਰਾਧਾ ਜੀ ਦਾ ਵਰਣਨ ਐਨਾ ਜ਼ਿਆਦਾ ਮਿਲਦਾ ਹੈ, ਕਿ ਇਸ ਅਧਾਰ ਤੇ ਉਸਦੀ ਪ੍ਰਾਚੀਨਤਾ ਤੇ ਸੰਦੇਹ ਹੋਣ ਲਗ ਪੈਂਦਾ ਹੈ। ਇਸ ਪੁਰਾਣ ਵਿੱਚ ਰਾਧਾ ਜੀ ਦਾ ਵਰਣਨ ਕਰਦਿਆਂ ਹੋਇਆਂ ਦੱਸਿਆ ਗਿਆ ਹੈ ਕਿ ਰਾਧਾ ਜੀ, ਪ੍ਰਕ੍ਰਿਤੀ ਅਤੇ ਸ੍ਰੀ ਕ੍ਰਿਸ਼ਨ ਜੀ ਦਾ ਸੁਮੇਲ ਹੈ। ਦੁਰਗਾ ਆਦਿ

ਤ੍ਰਿਗਣ ਮਈ ਦੇਵੀਆਂ ਇਸ ਦੀ ਕਲਾ ਦੇ ਕਰੋੜਵੇਂ ਅੰਸ਼ ਨੂੰ ਧਾਰਨ ਕਰਦੀਆਂ ਹਨ। ਬ੍ਰਹਮਵੈਵਰਤ ਪੁਰਾਣ ਵਿੱਚ ਰਾਧਾ ਜੀ ਦੇ ਸਰੂਪ ਦਾ ਵਰਣਨ ਹੋਰ ਵੀ ਵਿਸਤਾਰ ਵਿੱਚ ਕੀਤਾ ਗਿਆ ਹੈ। ਇਸ ਪੁਰਾਣ ਦੇ ਪੰਦਰਹਵੇਂ ਅਧਿਆਇ ਵਿੱਚ ਰਾਧਾ ਜੀ ਦੇ ਸਰੂਪ ਦਾ ਵਰਣਨ ਹੈ। ਉਸ ਵਿੱਚ ਰਾਧਾ ਅਤੇ ਸ੍ਰੀ ਕ੍ਰਿਸ਼ਨ ਜੀ ਦੇ ਸੰਬੰਧ ਇਸ ਤਰ੍ਹਾਂ ਹਨ ਜਿਸ ਤਰ੍ਹਾਂ ਦੁੱਧ ਦੀ ਉਜੱਲਤਾ, ਅਤੇ ਪਾਣੀ ਦੀ ਸੀਤਲਤਾ ਹੁੰਦੀ ਹੈ।

ਰਾਧਾ ਜੀ ਦੀ ਤੁਲਨਾ ਸਾਵਿਤ੍ਰੀ, ਦੁਰਗਾ, ਸਰਸਵਤੀ, ਸਤੀ ਅਰਪਣਾ ਗੌਰੀ ਆਦਿ ਨਾਲ ਕੀਤੀ ਜਾਂਦੀ ਹੈ। ਰਕਾਰ ਦਾ ਉਚਾਰਣ ਕਰੋੜਾਂ ਜਨਮਾਂ ਦੇ ਅੰਨ੍ਹਿਆਂ ਨੂੰ ਸੁਜਾਖਾ ਕਰਦਾ ਹੈ, ਆਕਾਰ, ਗਰਭ, ਮੌਤ ਅਤੇ ਰੋਗਾਂ ਤੋਂ ਛੁਡਾਉਂਦਾ ਹੈ, ਧਕਾਰ ਉਮਰ ਦੀ ਹਾਨੀ ਤੋਂ ਬਚਾਉਂਦਾ ਹੈ, ਅਕਾਰ ਸੰਸਾਰਿਕ ਬੰਧਨਾਂ ਤੋਂ ਮੁਕਤ ਕਰਾਉਂਦਾ ਹੈ। ਇੱਕ ਹੋਰ ਸਥਾਨ ਤੇ ਰਾਧਾ ਦੇ ਮਹੱਤਵ ਨੂੰ ਇਸ ਤਰ੍ਹਾਂ ਦੱਸਿਆ ਹੈ, ਰਾ ਸ਼ਬਦ ਮਹਾਂ ਵਿਸ਼ਨੂੰ ਦਾ ਵਾਚਕ ਹੈ, ਜਿਸਦੇ ਲੋਭ ਵਿੱਚ ਸਮੁੱਚਾ ਸੰਸਾਰ ਸਮਾਇਆ ਹੋਇਆ ਹੈ, ਧਾ ਸ਼ਬਦ ਵਿਸ਼ਵੰਭਰਾ ਦਾ ਵਾਚਕ ਹੈ। ਇਸ ਤਰ੍ਹਾਂ ਰਾਧਾ ਵਿਸ਼ਨੂੰ ਦੀ ਜਨਨੀ ਈਸ਼ਵਰੀ ਹੈ। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਜਿਸ ਸਮੇਂ ਬ੍ਰਹਮਵੈਵਰਤ ਪੁਰਾਣ ਦੀ ਰਚਨਾ ਹੋਈ ਸੀ, ਉਸ ਵੇਲੇ ਰਾਧਾ ਜੀ ਦੀ ਪ੍ਰਤਿਸ਼ਠਾ ਚਰਮ ਸ਼ਿਖਰਾਂ ਤੇ ਪਹੁੰਚ ਚੁੱਕੀ ਸੀ। ਹਿੰਦੀ ਦੇ ਮਹਾਂਕਵੀ ਵਿਦਿਆਪਤੀ ਨੇ ਵੀ ਰਾਧਾ ਦੀ ਅਪਾਰ ਸੁੰਦਰਤਾ, ਦਾ ਵਰਣਨ ਕੀਤਾ ਹੈ।

ਸੂਰਦਾਸ ਨੇ ਰਾਧਾ ਦਾ ਪ੍ਰਤੀਕਾਤਮਕ ਰੂਪ, ਰਾਧਾ ਦਾ ਬਾਲ ਸਹਚਰੀ ਰੂਪ ਅਤੇ ਰਾਧਾ ਦੇ ਬਲਭਾ ਰੂਪ ਦਾ ਵਰਣਨ ਕੀਤਾ ਹੈ। ਵੈਦਿਕ ਸਾਹਿਤਯ ਅਤੇ ਪੁਰਾਣ ਸਾਹਿੱਤ ਵਿੱਚ ਰਾਧਾ ਦੇ ਪ੍ਰਤੀਕਾਤਮਕ ਰੂਪ ਦਾ ਵਿਸਤਾਰ ਵਿੱਚ ਵਰਣਨ ਮਿਲਦਾ ਹੈ। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਰਾਧਾ ਅਤੇ ਸ੍ਰੀ ਕ੍ਰਿਸ਼ਨ ਜੀ ਵਿੱਚ ਅਟੁੱਟ ਅਭਿੰਨਤਾ ਸੀ ਰਾਧਾ, ਸਾਵਿਤ੍ਰੀ, ਦੁਰਗਾ, ਪਾਰਵਤੀ ਆਦਿ ਰਾਧਾ ਆਪਣੇ ਸ੍ਵਾਮੀ ਦਾ ਰੂਪ ਸੀ। ਰਾਧਾ ਅਤੇ ਸ੍ਰੀ ਕ੍ਰਿਸ਼ਨ ਦੋ ਨਹੀਂ ਸਨ, ਇਹ ਤਾਂ ਸਿਰਫ ਮਨੁੱਖਾ ਸਰੀਰ ਧਾਰਨ ਕਰਕੇ ਹੀ ਸੀ। ਰਾਧਾ ਅਤੇ ਸ੍ਰੀ ਕ੍ਰਿਸ਼ਨ ਜੀ ਦਾ ਸੰਬੰਧ ਜਨਮ-ਜਨਮਾਂਤ੍ਰਾਂ ਤੋਂ ਹੈ। ਸਮੁੰਦ੍ਰ ਦਾ ਮੰਥਨ, ਪੁਲ ਬੰਨ੍ਹ ਕੇ ਅਤੇ ਰਾਵਣ ਨੂੰ ਯੁੱਧ ਵਿੱਚ ਹਰਾ ਕੇ, ਰਾਧਾ ਨੂੰ ਸੀਤਾ ਦੇ ਰੂਪ ਵਿੱਚ ਵਰਿਆ ਤੇ ਹੁਣ ਰਾਧੇ ਦੇ ਰੂਪ ਵਿੱਚ ਸ੍ਰੀ ਕ੍ਰਿਸ਼ਨ ਜੀ ਪੁਰਖ ਹਨ ਅਤੇ ਰਾਧਾ ਪ੍ਰਕ੍ਰਿਤੀ ਹੈ, ਉਹ ਵਿਸ਼ਨੂੰ ਹਨ ਅਤੇ ਰਾਧਾ ਲਕਸ਼ਮੀ ਹੈ, ਉਹ ਰਾਮ ਹਨ, ਅਤੇ ਰਾਧਾ ਸੀਤਾ ਹੈ। ਉਨ੍ਹਾਂ ਦਾ ਨਾਂ, ਪ੍ਰੀਤ, ਪਿਆਰ ਜਨਮ-ਜਨਮਾਂਤ੍ਰਾਂ ਤੋਂ ਹੈ। ਰਾਧਾ ਦਾ ਸਥਾਨ ਸਾਰਿਆ ਨਾਲੋਂ ਸਰਵੋਤਮ ਹੈ। ਜਿਸ ਵੇਲੇ ਰਾਧਾ ਸ਼ਿੰਗਾਰ ਕਰਦੀ ਹੈ, ਉਸ ਵੇਲੇ ਲਕਸ਼ਮੀ ਪਾਰਵਤੀ, ਇੰਦਰਾਣੀ ਆਦਿ ਉਸਦੇ ਸ਼ਿੰਗਾਰ ਨੂੰ ਵੇਖਣ ਵਾਸਤੇ ਆਉਂਦੀਆਂ ਹਨ। ਉਹ ਰਾਧਾ ਦੇ ਅਪੂਰਵ ਸੁੰਦਰ ਰੂਪ ਨੂੰ ਵੇਖਕੇ ਫੁੱਲਾਂ ਦੀ ਵਰਖਾ ਕਰਦੀਆਂ

ਹਨ ਅਤੇ ਬੜੇ ਪ੍ਰੇਮ ਨਾਲ ਰਾਧਾ ਦੇ ਗੁਣਾਂ ਦਾ ਗਾਣ ਕਰਦੀਆਂ ਹਨ। ਰਾਧਾ ਰੂਪ ਰਾਸ਼ੀ, ਸੁਖ ਰਾਸ਼ੀ, ਗੁਣ ਰਾਸ਼ੀ ਹਨ। ਇਨ੍ਹਾਂ ਦੀ ਉਪਾਸਨਾ ਕਰਨ ਵਾਲਿਆਂ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਚਰਨ ਪ੍ਰਾਪਤ ਹੁੰਦੇ ਹਨ, ਇਹ ਸੰਸਾਰ ਦੇ ਸ੍ਵਾਮੀ ਜਗਦੀਸ਼ ਦੀ ਪ੍ਰਿਯਤਮਾ, ਜਗਤ ਜਨਨੀ ਅਤੇ ਜਗਮਨੀ ਹਨ, ਜਿਹੜੀ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਮਿਲਕੇ ਬਿੰਦਰਾਬਨ ਦੀਆਂ ਗਲੀਆਂ ਵਿੱਚ ਨਿੱਤ ਵਿਚਰਦੀ ਹੈ। ਇਹ ਨਿਰਆਸਰਿਆਂ ਦਾ ਆਸਰਾ, ਅਤੇ ਆਪਣੇ ਭਗਤਾਂ ਪਿਆਰਿਆਂ ਦੀ ਮਰਿਯਾਦਾ ਦਾ ਪਾਲਨ ਕਰਵਾ ਕੇ ਉਨ੍ਹਾਂ ਦਾ ਮੰਗਲ ਕਰਦੀ ਹੈ। ਇਹ ਨਿਓਟਿਆਂ ਦੀ ਓਟ ਅਤੇ ਸਾਰੇ ਸੰਸਾਰਿਕ ਕਸ਼ਟਾਂ ਦਾ ਨਿਵਾਰਨ ਕਰਨ ਵਾਲੀ ਹੈ। ਰਾਧਾ ਜੀ ਸੰਪੂਰਣ ਹਨ, ਉਨ੍ਹਾਂ ਦੀ ਤੁਲਨਾ ਕਰਨੀ ਅਸੰਭਵ ਹੈ।

ਬਿੰਦ੍ਰਾਬਨ ਵਿਖੇ ਰਹਿੰਦੇ ਬ੍ਰਿਖਭਾਨ ਦੀ ਸੁਪੁਤ੍ਰੀ ਦਾ ਨਾਮ ਰਾਧਿਕਾ ਸੀ। ਉਸਦਾ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਨਾਲ ਅਸੀਮ ਤੇ ਡੂੰਘਾ ਪਿਆਰ ਸੀ। ਜੇਕਰ ਇਹ ਕਹਿ ਦਿੱਤਾ ਜਾਵੇ ਕਿ ਉਹ ਸ੍ਰੀ ਕ੍ਰਿਸ਼ਨ ਜੀ ਦੇ ਸਰੀਰ ਦਾ ਇੱਕ ਅਨਿੱਖੜਵਾਂ ਅਭਿੰਨ ਅੰਗ ਸਨ, ਤਾਂ ਕੋਈ ਅਤਿਕਥਨੀ ਨਹੀਂ। ਸ੍ਰੀ ਕ੍ਰਿਸ਼ਨ ਜੀ ਉਸਦੇ ਜੀਵਨ, ਪ੍ਰਾਣ ਆਧਾਰ, ਸਖਾ, ਮੀਤ, ਬੰਧਪ, ਸਾਜਨ ਸਭ ਕੁਝ ਹੀ ਸਨ। ਉਹ ਸ੍ਰੀ ਕ੍ਰਿਸ਼ਨ ਜੀ ਨਾਲ ਅਨੇਕ ਤਰ੍ਹਾਂ ਦੀਆਂ ਰਾਸ ਲੀਲਾਵਾਂ ਰਚਾਉਂਦੀ ਅਤੇ ਕਈ ਤਰ੍ਹਾਂ ਦੀਆਂ ਖੇਡਾਂ ਖੇਡਕੇ ਆਪਣੇ ਮਨ ਨੂੰ ਖੇੜਾ ਖੁਸ਼ੀ ਅਤੇ ਪ੍ਰਸੰਨਤਾ ਪ੍ਰਦਾਨ ਕਰਦੀ।

ਜਦੋਂ ਵੀ ਰਾਧਾ ਜੀ ਨੂੰ ਸ੍ਰੀ ਕ੍ਰਿਸ਼ਨ ਜੀ ਦੀ ਰਾਸ ਲੀਲਾ ਕਰਨ ਦਾ ਪਤਾ ਲਗਦਾ, ਉਹ ਭੱਜਕੇ ਸ੍ਰੀ ਕ੍ਰਿਸ਼ਨ ਜੀ ਦੇ ਕੋਲ ਪਹੁੰਚਦੇ। ਰਾਧਾ ਜੀ ਅਤਿਅੰਤ ਸੁੰਦਰ ਸਨ। ਉਨ੍ਹਾਂ ਦਾ ਮੁਖ ਨਿਰੋਲ ਪੁੰਨਿਆ ਦੇ ਚੰਦ੍ਰਮਾ ਵਰਗਾ ਸੀ ਅਤੇ ਉਨ੍ਹਾਂ ਦੇ ਸਰੀਰ ਦੀ ਚਮਕ ਦਮਕ ਸੋਨੇ ਵਰਗੀ ਸੀ। ਅਨੇਕਾਂ ਕਵੀਆਂ ਨੇ ਰਾਧਾ ਜੀ ਦੀ ਸੋਭਾ ਦਾ ਵਰਣਨ ਕਰਨ ਦੇ ਪ੍ਰਯਤਨ ਕੀਤੇ ਪਰ ਉਹ ਵਰਣਨ ਕਰਨ ਤੋਂ ਅਸਮਰਥ ਰਹੇ। ਰਾਧਾ ਜੀ ਚੜ੍ਹਦੀ ਜੁਆਨੀ ਵਿੱਚ ਸਨ। ਸੁੰਦਰਤਾ ਵਿੱਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ। ਉਹ ਰੰਭਾ, ਉਰਵਸ਼ੀ, ਆਦਿਕ ਅਪੱਛਰਾਂ, ਸੱਚੀ ਅਤੇ ਮੰਦੋਦਰੀ ਨਾਲੋਂ ਵੀ ਸੁੰਦਰ ਸਨ, ਇਸ ਤਰ੍ਹਾਂ ਦੀ ਸੁੰਦਰੀ ਹੋਰ ਕੋਈ ਸਾਰੇ ਸੰਸਾਰ ਵਿੱਚ ਨਹੀਂ ਸੀ।

ਸਾਰੀਆਂ ਗੋਪੀਆਂ ਵਿੱਚੋਂ ਰਾਧਿਕਾ ਅਤਿ ਸੁੰਦਰ ਸੀ, ਬਾਕੀ ਦੀਆਂ ਗੋਪੀਆਂ ਜੇਕਰ ਕਾਲੇ ਬੱਦਲਾਂ ਦੀਆਂ ਘਟਾਵਾਂ ਹੋਣ ਤੇ ਰਾਧਾ ਜੀ ਉਨ੍ਹਾਂ ਸਾਰੀਆਂ ਵਿੱਚ ਬਿਜਲੀ ਰੂਪ ਹੋ ਕੇ ਚਮਕਦੇ ਸਨ। ਰਾਧਾ ਜੀ ਨੂੰ ਵੇਖਕੇ ਬ੍ਰਹਮਾ ਜੀ ਪ੍ਰਸੰਨ ਹੁੰਦੇ ਅਤੇ ਸ਼ਿਵਜੀ ਦੀ ਸਮਾਧੀ ਖੁਲ੍ਹ ਜਾਂਦੀ। ਉਨ੍ਹਾਂ ਨੂੰ ਵੇਖਕੇ ਰਤੀ ਮੋਹਿਤ ਹੋ ਜਾਂਦੀ ਅਤੇ ਰਤੀ ਦੇ ਪਤੀ ਕਾਮਦੇਵ ਦੇ ਮਨ ਵਿੱਚੋਂ ਆਪਣਾ ਸੁੰਦਰ ਹੋਣ ਦਾ ਹੰਕਾਰ ਟੁੱਟ ਜਾਂਦਾ। ਸੁੰਦਰਤਾ ਵੀ ਰਾਧਾ ਜੀ ਦੀ ਸੁੰਦਰਤਾ ਵੇਖਕੇ ਸ਼ਰਮਿੰਦਾ ਹੋ ਕੇ ਸਿਰ

ਨੀਵਾਂ ਕਰ ਲੈਂਦੀ। ਲੋਕ, ਕਮਲ ਦੀ ਸੋਭਾ ਅੱਖਾਂ ਨੂੰ ਦਿੰਦੇ ਹਨ, ਰਾਧਾ ਜੀ ਦੀਆਂ ਅੱਖਾਂ ਹੀ ਕਮਲ ਸਨ। ਉਨ੍ਹਾਂ ਦੀ ਪ੍ਰਭਾ ਦੇ ਸਾਹਮਣੇ ਚੰਦ੍ਰਮਾ ਅਤੇ ਚਾਂਦਨੀ ਵੀ ਲੱਜਾਵਾਨ ਹੁੰਦੇ। ਉਹ ਤਾਂ ਸਾਰੀਆਂ ਇਸਤ੍ਰੀਆਂ ਵਿੱਚੋਂ ਰਾਜਾ ਇਸਤ੍ਰੀ ਜਾਣੀ ਗਈ। ਰਾਧਾ ਦੀ ਸੁੰਦਰਤਾ ਦੇ ਬਰਾਬਰ ਘ੍ਰਿਤਾਚੀ ਅਪੱਛਰਾ ਭੀ ਨਹੀਂ ਹੈ। ਕਾਮ ਦੀ ਇਸਤ੍ਰੀ ਰਤੀ ਭੀ ਰਾਧਾ ਦੇ ਸਾਹਮਣੇ ਸੁਹਣੀ ਨਹੀਂ ਅਤੇ ਜਿਸ ਦੀ ਮਹਾਨਤਾ ਵਿੱਚ ਇੰਦ੍ਰ ਦੀ ਵਹੁਟੀ ਸੱਚੀ ਭੀ ਬਰਾਬਰੀ ਨਹੀਂ ਕਰ ਸਕਦੀ। ਇੰਝ ਲਗਦਾ ਜਿਵੇਂ ਬ੍ਰਹਮਾ ਨੇ ਚੰਦ੍ਰਮਾ ਦਾ ਸਾਰਾ ਭਾਗ ਲੈ ਕੇ ਉਹ ਸਾਰੀ ਸੁੰਦਰਤਾ ਇਨ੍ਹਾਂ ਦੇ ਵਿੱਚ ਭਰ ਦਿੱਤੀ ਹੋਵੇ। ਰਾਧਾ ਜੀ ਸ੍ਰੀ ਕ੍ਰਿਸ਼ਨ ਜੀ ਦੇ ਬਿਲਾਸ ਕਰਨ ਵਾਸਤੇ ਹੀ ਇੱਕ ਬੜੀ ਵਚਿਤ੍ਰ ਚਿਤ੍ਰਕਾਰੀ ਵਾਲੀ ਮੂਰਤੀ ਬਣਾ ਦਿੱਤੀ ਹੋਵੇ।

ਇੱਕ ਤਾਂ ਰਾਧਾ ਅਤਿ ਅਨੂਪ ਤੇ ਸੁੰਦਰ ਸੀ ਅਤੇ ਦੂਸਰਾ ਉਹ ਬੜੇ ਸੁਹਣੇ ਢੰਗ ਨਾਲ ਸੁਸੱਜਿਤ ਹੁੰਦੀ। ਰਾਧਾ ਸਫੈਦ ਸੁੰਦਰ ਸਾੜ੍ਹੀ ਪਹਿਨਕੇ ਹੋਰ ਸੁੰਦਰ ਪ੍ਰਤੀਤ ਹੁੰਦੀ। ਹਿਰਨ ਵਰਗੀਆਂ ਅੱਖਾਂ ਵਿੱਚ ਸੁਰਮਾ ਪਾ ਲਿਆ ਅਤੇ ਚੰਗੇ-ਚੰਗੇ ਗਹਿਣਿਆਂ ਨਾਲ ਆਪਣਾ ਹਾਰ ਸ਼ਿੰਗਾਰ ਕਰ ਲਿਆ। ਕੋਇਲ ਦੇ ਗਲੇ ਨੂੰ ਰਾਧਾ ਨੇ ਚੁਰਾ ਲਿਆ ਅਤੇ ਉਸ ਦੇ ਹਾਵ-ਭਾਵਾਂ ਨੂੰ ਵੇਖਕੇ ਸਾਰੇ ਭਾਵਾਂ ਦਾ ਭਾਵ ਲੁੱਟਿਆ ਗਿਆ। ਰਾਧਾ ਦੀ ਸ਼ਾਨ-ਸ਼ੌਕਤ ਬੜੀ ਅਨੋਖੀ ਤੇ ਨਿਰਾਲੀ ਸੀ, ਤੇ ਇੰਝ ਹਾਰ ਸ਼ਿੰਗਾਰ ਕਰਕੇ, ਸੁਸੱਜਿਤ ਹੋ ਕੇ, ਅਨੂਪ ਰੂਪ ਸਰੂਪ ਵਾਲੀ ਰਾਧਾ ਆਪਣੇ ਪਿਆਰੇ ਕਾਨ੍ਹਰ ਦੇ ਨਾਲ ਰਾਸ ਦੀ ਖੇਡ ਰਚਾਉਂਦੀ ਸੀ। ਹੋਰ ਗੋਪੀਆਂ ਨਾਲ ਮਿਲਕੇ ਰਾਧਾ ਕ੍ਰਿਸ਼ਨ ਜੀ ਦੇ ਨਾਲ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਖੇਡਦੀ ਕਿਉਂਕਿ ਸ੍ਰੀ ਕ੍ਰਿਸ਼ਨ ਜੀ ਵਾਸਤੇ ਹੀ ਗੋਪੀਆਂ ਨੇ ਲੋਕਾਂ ਦੇ ਹਾਸੇ ਮਖੌਲ ਸਹਿਣ ਕੀਤੇ। ਦੂਸਰੇ ਪਾਸੇ ਸ੍ਰੀ ਕ੍ਰਿਸ਼ਨ ਜੀ ਦੇ ਸੁੰਦਰ ਮੁਖੜੇ ਤੇ ਰਾਧਾ ਵੀ ਕੋਈ ਘੱਟ ਮੋਹਿਤ ਨਹੀਂ ਸੀ।

**ਸੋਵਤ ਥੀ ਜਨੁ ਲਾਜ ਕੀ ਨੀਦ ਮੈ**
**ਲਾਜ ਕੀ ਨੀਦ ਤਜੀ ਅਬ ਜਾਗੀ।।**
**ਜਾ ਕੋ ਮੁਨੀ ਨਹਿ ਅੰਤ ਲਹੈ ਇਹ**
**ਤਾਹੀ ਸੋ ਖੇਲ ਕਰੈ ਬਡਭਾਗੀ।।੫੫੩।।**

*- ਦਸਮ ਗ੍ਰੰਥ ਪੰਨਾ* ***੩੨੬***

ਰਾਧਾ ਅਤਿਅੰਤ ਭਾਗਾਂ ਵਾਲੀ ਸੀ, ਜਿਸਨੂੰ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਖੇਡਣ ਦਾ ਅਵਸਰ ਪ੍ਰਾਪਤ ਹੋਇਆ। ਸ੍ਰੀ ਕ੍ਰਿਸ਼ਨ ਜੀ ਬੜੇ ਖੁਲ੍ਹ ਕੇ ਹੱਸੇ ਅਤੇ ਕਿਹਾ-

**ਖੇਲਹੁ ਗਾਵਹੁ ਪ੍ਰੇਮ ਸੋ ਸੁਨ ਸਮ ਕੰਚਨ ਗਾਤ।।੫੫੪।।**

*- ਦਸਮ ਗ੍ਰੰਥ ਪੰਨਾ* ***੩੨੬***

ਇੱਕ ਸਮੇਂ ਤਾਂ ਰਾਧਾ ਆਪਣੇ ਕਾਨ੍ਹਰ ਕਾਲੇ ਨਾਲ ਖੇਡਾਂ ਕਰਦੀ ਤੇ ਦੂਜੇ

ਪਾਸੇ ਖੇਡਾਂ ਦੇ ਨਾਲ ਆਪਣੀਆਂ ਸੁੰਦਰ ਮਧੁਰ ਧੁਨਾਂ ਰਾਹੀਂ ਗੀਤ ਗਾ ਕੇ ਵਾਤਾਵਰਨ ਹੋਰ ਸੁਹਾਵਣਾ ਬਣਾ ਦਿੰਦੀ। ਚੰਦ ਦੀ ਚਾਂਦਨੀ ਵਿੱਚ ਜਦੋਂ ਸ੍ਰੀ ਕ੍ਰਿਸ਼ਨ ਜੀ ਰਾਸ ਨੂੰ ਖੇਡਣ ਲੱਗ ਪਏ, ਉਸ ਵੇਲੇ ਰਾਧਾ ਦਾ ਮੂੰਹ ਚੰਦ ਵਰਗਾ ਸੁੰਦਰ ਵੇਖਕੇ, ਉਸਦੇ ਵਿੱਚ ਹੀ ਉਨ੍ਹਾਂ ਦਾ ਮਨ ਮਿਲ ਗਿਆ। ਰਾਧਾ ਨੇ ਸ੍ਰੀ ਕ੍ਰਿਸ਼ਨ ਜੀ ਦੇ ਚਿਤ ਨੂੰ ਚੁਰਾ ਲਿਆ। ਰਾਧਾ ਨੇ ਠੱਗਣੀ ਬਣਕੇ ਕ੍ਰਿਸ਼ਨ ਦੀਆਂ ਅੱਖਾਂ ਨੂੰ ਰਸ ਦਾ ਭੁਲਾਵਾ ਦੇ ਕੇ ਠੱਗ ਲਿਆ। ਰਾਧਾ ਸੁੰਦਰ ਸ਼ਿੰਗਾਰ ਕਰਕੇ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਖੇਡਾਂ ਖੇਡ ਰਹੇ ਹੋਣ। ਜਿਸ ਤਰ੍ਹਾਂ ਮਾਲਾ ਦੇ ਵਿੱਚ ਮਣੀ ਸ਼ੋਭਾ ਪਾਉਂਦੀ ਹੈ, ਉਸੇ ਤਰ੍ਹਾਂ ਹੀ ਇਸਤ੍ਰੀਆਂ, ਤੇ ਇਸਤ੍ਰੀਆਂ ਦਾ ਰਾਜਾ ਰੂਪ ਰਾਧਿਕਾ ਸੋਭਾ ਪਾ ਰਹੀ ਹੈ। ਮਹਾਂ-ਸੁੰਦਰ ਸ੍ਰੀ ਕ੍ਰਿਸ਼ਨ ਜੀ ਦੇ ਮੁਖੜੇ ਨੂੰ ਵੇਖਕੇ ਰਾਧਾ ਅਤਿਅੰਤ ਪ੍ਰਸੰਨ ਹੁੰਦੀ ਹੈ, ਸ੍ਰੀ ਕ੍ਰਿਸ਼ਨ ਜੀ ਜਮਨਾ ਨਦੀ ਦੇ ਕੰਢੇ ਉੱਤੇ ਬੈਠੇ ਹੋਏ ਸਨ। ਫੁੱਲਾਂ ਵਾਲਾ ਜੰਗਲ ਸੋਭਾ ਪਾ ਰਿਹਾ ਸੀ।

**ਸਵੈਯਾ।। ਬ੍ਰਿਖਭਾਨ ਸੁਤਾ ਸੰਗ ਖੇਲਨ ਕੀ**
**ਹਸਿ ਕੈ ਹਰਿ ਸੁੰਦਰ ਬਾਤ ਕਹੈ।।**
**ਸੁਨ ਏ ਜਿਹ ਕੇ ਮਨ ਆਨੰਦ ਬਾਢਤ**
**ਜਾ ਸੁਨ ਕੈ ਸਭ ਸੋਕ ਦਹੈ।।**
**ਤਿਹ ਕਉਤਕ ਕੌ ਮਨ ਗੋਪਿਨ ਕੋ**
**ਕਬਿ ਸਯਾਮ ਕਹੈ ਦਿਖਬੋ ਈ ਚਹੈ।।**
**ਨਭਿ ਮੈ ਪਿਖਿ ਕੈ ਸੁਰ ਗੰਧ੍ਰਬ ਜਾਇ**
**ਚਲਯੋ ਨਹੀ ਜਾਇ ਸੁ ਰੀਝ ਰਹੈ।।੫੯੨।।**

*- ਦਸਮ ਗ੍ਰੰਥ ਪੰਨਾ ੩੩੦*

ਰਾਧਾ ਜੀ ਆਪਣੀਆਂ ਸਖੀਆਂ ਦਾ ਝੁੰਡ ਨਾਲ ਲੈਕੇ ਅਤੇ ਮਨ ਵਿੱਚ ਅਤਿ ਪ੍ਰਸੰਨ ਹੋ ਕੇ ਸ੍ਰੀ ਕ੍ਰਿਸ਼ਨ ਜੀ ਨਾਲ ਮਿਲਕੇ ਨੱਚਦੇ ਖੇਡਦੇ ਅਤੇ ਗਾਉਂਦੇ ਸਨ। ਸ੍ਰੀ ਰਾਧਾ ਜੀ ਰਸ ਕੇਲ ਵਿੱਚ ਬਿਹਬਲ ਹੋ ਕੇ ਸ੍ਰੀ ਕ੍ਰਿਸ਼ਨ ਜੀ ਨਾਲ ਰੰਗ ਰਲੀਆਂ ਮਨਾਉਂਦੇ। ਖੇਡਣ ਦੇ ਵਾਸਤੇ ਸ੍ਰੀ ਕ੍ਰਿਸ਼ਨ ਜੀ ਨੇ ਮਹਾ-ਸੁੰਦਰ ਮੂਰਤੀ ਦੇ ਵਾਂਗ ਹੀ ਗੋਪੀਆਂ ਦੀ ਸਭਾ ਬਣਾਈ, ਜਿਸ ਤਰ੍ਹਾਂ ਹੋਰ ਸਾਰੀਆਂ ਗੋਪੀਆਂ ਤਾਰਿਆਂ ਦੇ ਸਮਾਨ ਹੋਣ ਅਤੇ ਰਾਧਾ ਉਨ੍ਹਾਂ ਦੇ ਵਿੱਚ ਚੰਦ੍ਰਮਾ ਦੇ ਸਮਾਨ ਸਨ। ਸ੍ਰੀ ਕ੍ਰਿਸ਼ਨ ਜੀ ਦੀ ਆਗਿਆ ਅਨੁਸਾਰ ਰਾਧਾ ਜੀ ਖੇਡਣ ਲਗ ਪਏ। ਸੁੰਦਰ ਇਸਤ੍ਰੀਆਂ ਨੂੰ ਆਪਸ ਵਿੱਚ ਹੱਥਾਂ ਨਾਲ ਹੱਥ ਫੜਕੇ, ਗੋਲ ਘੇਰੇ ਜਿਹੇ ਵਿੱਚ ਹੋ ਕੇ ਗਾਉਂਦੀਆਂ ਵੇਖਕੇ ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਮਨ ਵਿੱਚ ਅਕਹਿ ਸੁਖ ਪ੍ਰਾਪਤ ਕੀਤਾ। ਸਾਰੀਆਂ ਗੋਪੀਆਂ ਦੇ ਝੁੰਡ ਵਿੱਚ ਰਾਧਾ ਜੀ ਸ੍ਰੀ ਕ੍ਰਿਸ਼ਨ ਜੀ ਨੂੰ ਖੁਸ਼ ਕਰਨ ਵਾਸਤੇ ਗਾਉਂਦੇ। ਘਣੇ ਬੱਦਲਾਂ ਵਿੱਚ ਬਿਜਲੀ ਦੇ ਲਿਸ਼ਕਣ ਵਾਂਗ ਪ੍ਰੇਮ-ਰੱਤੀ ਰਾਧਿਕਾ ਨਾਚ ਕਰਦੀ ਹੋਈ ਇੰਝ ਲਗਦੀ ਜਿਵੇਂ ਚੇਤ ਦੀ ਰੁੱਤ ਵਿੱਚ ਕੋਇਲ

ਆਪਣੇ ਮਨ ਵਿੱਚ ਆਨੰਦ ਪ੍ਰਾਪਤ ਕਰਕੇ ਬਨ ਵਿੱਚ ਕੂਕ ਰਹੀ ਹੋਵੇ। ਜਿਹੜੀ ਗੱਲ ਸ੍ਰੀ ਕ੍ਰਿਸ਼ਨ ਜੀ ਸੋਚਦੇ, ਰਾਧਾ ਜੀ ਉਸਨੂੰ ਆਪਣੇ ਆਪ ਜਾਣ ਲੈਂਦੇ।

ਸ੍ਰੀ ਕ੍ਰਿਸ਼ਨ ਜੀ ਨੇ ਕੁੰਜ ਗਲੀਆਂ ਵਿੱਚ ਛੁਹਣ-ਛੁਹਾਈ ਦਾ ਖੇਡ ਅਰੰਭ ਕੀਤਾ।

**ਸਵੈਯਾ।। ਕਾਨ੍ਹ ਛੁਹਯੋ ਚਹੈ ਗ੍ਵਾਰਨਿ ਕੌ**
**ਸੋਊ ਭਾਗ ਚਲੈ ਨਹੀ ਦੇਤ ਛੁਹਾਈ।।**
**ਜਿਉ ਮ੍ਰਿਗਨੀ ਅਪਨੇ ਪਤਿ ਕੋ ਰਤਿ**
**ਕੇਲ ਸਮੇ ਨਹੀ ਦੇਤ ਮਿਲਾਈ।।**
**ਕੁੰਜਨ ਭੀਤਰ ਤੀਰ ਨਦੀ**
**ਬ੍ਰਿਖਭਾਨ ਸੁਤਾ ਸੁ ਫਿਰੈ ਤਹ ਧਾਈ।।**
**ਠਉਰ ਤਹਾ ਕਬਿ ਸ੍ਯਾਮ ਕਹੈ**
**ਇਹ ਭਾਂਤ ਸੋ ਸ੍ਯਾਮ ਜੂ ਖੇਲ ਮਚਾਈ।।੬੫੮।।**

*- ਦਸਮ ਗ੍ਰੰਥ ਪੰਨਾ ੩੪੦*

ਰਾਧਾ ਜੀ ਕੁੰਜ ਗਲੀਆਂ ਵਿੱਚ ਨਦੀ ਦੇ ਕੰਢੇ ਉੱਤੇ ਭੱਜਦੇ ਫਿਰਦੇ ਸਨ। ਕ੍ਰਿਸ਼ਨ ਜੀ ਨੇ ਇਸ ਤਰ੍ਹਾਂ ਦੀ ਖੇਡ ਮਚਾਈ ਹੋਈ ਸੀ ਰਾਧਾ ਜੀ ਨੂੰ ਨੈਣਾਂ ਦੇ ਤੀਰਾਂ ਨਾਲ ਵਿੰਨ੍ਹ ਲਿਆ ਸੀ, ਮਾਨੋਂ ਭੌਹਾਂ ਦੀ ਕਮਾਨ ਚੜ੍ਹਾਕੇ ਸ਼ਿਕਾਰ ਮਾਰਿਆ ਹੈ। ਰਾਧਾ ਜੀ ਧਰਤੀ ਤੇ ਝੂਮਦੇ ਇੰਝ ਡਿੱਗ ਪਏ ਜਿਵੇਂ ਸ਼ਿਕਾਰੀ ਨੇ ਹਰਨੀ ਨੂੰ ਤੀਰ ਮਾਰਕੇ ਸੁੱਟ ਲਿਆ ਹੋਵੇ। ਜਦੋਂ ਰਾਧਾ ਜੀ ਧਰਤੀ ਉੱਤੇ ਬੇਸੁੱਧ ਹੋ ਕੇ ਡਿੱਗ ਪਏ, ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਦੀ ਸੁੱਧ ਲੈ ਕੇ ਅੱਗੇ ਵੱਲ ਨੂੰ ਉਠਕੇ ਭੱਜ ਪਏ। ਮਹਾ-ਰਸੀਏ ਸ੍ਰੀ ਕ੍ਰਿਸ਼ਨ ਜੀ ਰਾਧਾ ਜੀ ਦੇ ਪਿੱਛੇ-ਪਿੱਛੇ ਦੌੜੇ ਜਿਵੇਂ ਜ਼ਖਮੀ ਹੋ ਚੁੱਕੀ ਹਰਨੀ ਸਵਾਰ ਦੇ ਅੱਗੇ-ਅੱਗੇ ਭੱਜੀ ਜਾਂਦੀ ਹੋਈ ਕਦੇ ਪਿਛਾਂਹ ਭੀ ਪਰਤ ਕੇ ਵੇਖ ਲੈਂਦੀ ਹੈ, ਇਸ ਤਰ੍ਹਾਂ ਹੀ ਰਾਧਾ ਜੀ ਕਰਦੇ ਸਨ। ਇੰਝ ਲਗਦਾ ਸੀ ਸ੍ਰੀ ਕ੍ਰਿਸ਼ਨ ਜੀ ਨੇ ਰਾਧਾ ਨੂੰ ਬਹੁਤ ਦੂਰ ਤਕ ਭਜਾ ਭਜਾ ਕੇ ਹਾਰ ਮਨਾਉਣੀ ਹੋਵੇ।

ਸੁੰਦਰ ਮਨ ਵਾਲੀ ਰਾਧਿਕਾ ਸ੍ਰੀ ਕ੍ਰਿਸ਼ਨ ਦੇ ਪ੍ਰੇਮ ਨਾਲ ਮਸਤ ਹੋ ਰਹੀ ਸੀ ਅਤੇ ਦੀਵਾਨੀ ਹੋ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਢੂੰਢ ਰਹੀ ਸੀ। ਸ੍ਰੀ ਕ੍ਰਿਸ਼ਨ ਜੀ ਨਿਰਸੰਕੋਚ ਭਾਵ ਨਾਲ ਰਾਧਾ ਨਾਲ ਅਠਖੇਲੀਆਂ ਤੇ ਕ੍ਰੀੜਾਵਾਂ ਉਸ ਸਥਾਨ ਤੇ ਕਰਦੇ, ਜਿੱਥੇ ਚੰਦ੍ਰਮਾਂ ਦੀ ਚਾਂਦਨੀ ਫੈਲ ਰਹੀ ਸੀ; ਜਿੱਥੇ ਚੰਮੇਲੀ ਦੇ ਫੁੱਲ ਪੱਤ੍ਰਾਂ ਦੀ ਸੇਜ ਵਿਛੀ ਹੋਈ ਸੀ, ਜਿੱਥੇ ਚਿੱਟੇ-ਚਿੱਟੇ ਫੁੱਲ ਸੋਭਾ ਪਾ ਰਹੇ ਸਨ; ਜਿੱਥੇ ਕੋਲ ਹੀ ਜਮਨਾ ਨਦੀ ਹੰਸ ਵਰਗੀ ਚਾਲ ਚਲ ਰਹੀ ਸੀ। ਰਾਧਾ ਜੀ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਜਦੋਂ ਚੰਦ੍ਰਭਗਾ ਨਾਲ ਨੱਚਦਿਆਂ ਵੇਖਿਆ, ਉਨ੍ਹਾਂ ਦੇ ਮਨ ਵਿੱਚ ਇਹ ਭਰੋਸਾ ਹੋ ਗਿਆ ਕਿ ਹੁਣ ਕ੍ਰਿਸ਼ਨ ਜੀ ਰਾਧਾ ਨੂੰ ਪਿਆਰ ਨਹੀਂ ਕਰਦੇ। ਇਹ ਗੱਲ ਸੋਚਣ ਨਾਲ ਹੀ ਰਾਧਾ ਜੀ ਦੀਆਂ ਸਾਰੀਆਂ ਖੁਸ਼ੀਆਂ, ਗਮੀਆਂ ਵਿੱਚ

ਬਦਲ ਗਈਆਂ, ਤੇ ਰਾਧਾ ਜੀ ਨੇ ਮਨ ਵਿੱਚ ਪੂਰਨ ਰੂਪ ਵਿੱਚ ਸੋਚ ਲਿਆ ਕਿ ਸਾਰੀਆਂ ਗੋਪੀਆਂ ਰਾਧਾ ਜੀ ਨਾਲੋਂ ਅਤਿ ਸੁਹਣੀਆਂ ਹਨ। ਇਸ ਲਈ ਇਹ ਨਿਰਣਾ ਕਰ ਲਿਆ–

**ਕਹਿ ਕੈ ਇਹ ਭਾਂਤ ਸੋਊ ਤਬ ਹੀ**
**ਅਪਨੇ ਮਨ ਮੈ ਇਹ ਬਾਤ ਬਿਚਾਰੀ।।**
**ਪ੍ਰੀਤ ਕਰੀ ਹਰਿ ਆਨਹਿ ਸੋ ਤਜਿ**
**ਖੇਲ ਸਭੈ ਉਠਿ ਧਾਮ ਸਿਧਾਰੀ।।**
**ਐਸ ਕਰੀ ਗਨਤੀ ਮਨ ਮੈ**
**ਉਪਮਾ ਤਿਹ ਕੀ ਕਬਿ ਸਯਾਮ ਉਚਾਰੀ।।**
**ਤ੍ਰੀਯਨ ਬੀਚ ਚਲੈ ਗੀ ਕਥਾ**
**ਬ੍ਰਿਖਭਾਨ ਸੁਤਾ ਬ੍ਰਿਜ ਨਾਥ ਬਿਸਾਰੀ।।੬੭੬।।**

*– ਦਸਮ ਗ੍ਰੰਥ ਪੰਨਾ* ***੩੪੨***

ਇਸ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਅਤੇ ਰਾਧਾ ਜੀ ਆਪਸ ਵਿੱਚ ਪਿਆਰ ਨਾਲ ਖੇਲ-ਕ੍ਰੀੜਾਵਾਂ ਰਾਸ-ਲੀਲਾਵਾਂ ਕਰਦੇ ਅਤੇ ਆਪਸ ਵਿੱਚ ਰੁੱਸਣ ਤੇ ਮੰਨਣ ਮੰਨਾਉਣ ਦਾ ਸਿਲਸਿਲਾ ਕੁੰਜ ਗਲੀਆਂ ਵਿੱਚ ਚਲਦਾ ਰਿਹਾ।

## ੮

**ਮੇਘ ਪਰੈ ਕਬਹੂੰ ਉਘਰੈ ਸਖੀ**
**ਛਾਇ ਲਗੈ ਦ੍ਰੁਮ ਕੀ ਸੁਖਦਾਈ।।**
**ਸਯਾਮ ਕੇ ਸੰਗ ਫਿਰੈ ਸਜਨੀ**
**ਰੰਗ ਫੂਲਨ ਕੇ ਹਮ ਬਸਤ੍ਰ ਬਨਾਈ।।**
**ਖੇਲਤ ਕ੍ਰੀੜ ਕਰੈ ਰਸ ਕੀ**
**ਇਸ ਅਉਸਰ ਕਉ ਬਰਨਯੋ ਨਹੀ ਜਾਈ।।**
**ਸਯਾਮ ਸਮੈ ਸੁਖਦਾਇਕ ਥੀ ਰਿਤ**
**ਸਯਾਮ ਬਿਨਾ ਅਤਿ ਭੀ ਦੁਖਦਾਈ।।੮੭੩।।**

*- ਦਸਮ ਗ੍ਰੰਥ ਪੰਨਾ - ੩੭੦*

**ਸ਼ਬਦਾਰਥ :**

ਮੇਘ-ਬੱਦਲ, ਮੀਂਹ ਵਰਸਦਾ ਹੈ। ਦ੍ਰੁਮ-ਬ੍ਰਿਛਾਂ, ਦਰਖਤਾਂ ਦੀ। ਉਘਰੈ-ਖੁਲ੍ਹ ਜਾਂਦਾ ਹੈ, ਧੁਪ ਨਿਕਲਦੀ ਹੈ। ਕੀੜ-ਕ੍ਰੀੜਾਂ, ਕਲੋਲਾਂ, ਮੌਜ ਮੇਲਾ। ਸਨੈ-ਸਣ, ਸਮੇਤ ਕ੍ਰਿਸ਼ਨ ਜੀ ਦੇ ਨਾਲ ਹੁੰਦਿਆਂ। ਭਈ-ਹੋ ਗਈ ਹੈ।

**ਵਿਆਖਿਆ :**

ਗੋਪੀਆਂ ਨੂੰ ਉਨ੍ਹਾਂ ਦਿਨਾਂ ਦੀ ਯਾਦ ਸਤਾਉਂਦੀ ਹੈ, ਜਦੋਂ ਭਾਦਰੋਂ ਦੇ ਮਹੀਨੇ ਵਿੱਚ ਕਦੇ ਬੱਦਲ ਛਟ ਜਾਂਦੇ ਸਨ ਅਤੇ ਅਕਾਸ਼ ਬਿਲਕੁਲ ਨਿਰਮਲ ਸਵੱਛ ਹੋ ਜਾਂਦਾ ਸੀ। ਉਸ ਵੇਲੇ ਰੁੱਖਾਂ ਦੀ ਛਾਂ ਬੜੀ ਸੁਖਦਾਈ ਲਗਦੀ ਸੀ। ਉਸ ਵੇਲੇ ਸਾਰੀਆਂ ਗੋਪੀਆਂ ਸ੍ਰੀ ਕ੍ਰਿਸ਼ਨ ਜੀ ਦੇ ਨਾਲ-ਨਾਲ ਫਿਰਦੀਆਂ ਸਨ ਅਤੇ ਉਨ੍ਹਾਂ ਨੇ ਫੁੱਲਾਂ ਦੇ ਰੰਗਾਂ ਦੇ ਕਪੜੇ ਬਣਾਏ ਹੁੰਦੇ ਸਨ। ਜਦੋਂ ਗੋਪੀਆਂ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਖੇਡਦੀਆਂ ਹੋਈਆਂ ਪ੍ਰੇਮ ਰਸ ਦੀਆਂ ਕ੍ਰੀੜਾਵਾਂ ਕਰਦੀਆਂ ਸਨ, ਉਸ ਵੇਲੇ ਦਾ ਵਰਣਨ ਕੀਤਾ ਹੀ ਨਹੀਂ ਜਾ ਸਕਦਾ ਅਰਥਾਤ ਸੰਜੋਗ ਦੇ ਸਮੇਂ ਵਿੱਚ ਵਿਯੋਗ ਦੀ ਗੱਲ ਹੀ ਕਹਿਣੀ ਚੰਗੀ ਨਹੀਂ ਲਗਦੀ ਸੀ। ਉਸ ਵੇਲੇ ਸ੍ਰੀ ਕ੍ਰਿਸ਼ਨ ਜੀ ਦਾ ਸੰਗ ਹੋਣ ਕਰਕੇ, ਹਰ ਵਸਤੂ ਬੜੀ ਸੁਹਣੀ, ਸੁੰਦਰ ਅਤੇ ਸੁਖਦਾਈ ਲਗਦੀ ਸੀ, ਉਸ ਵੇਲੇ ਦੇ ਖਿੜੇ ਹੋਏ ਫੁੱਲ, ਫੁੱਲਾਂ ਦੇ ਰੰਗਾਂ ਅਨੁਸਾਰ ਪਹਿਨੇ ਹੋਏ ਬਸਤ੍ਰ ਅਤੇ ਸ੍ਰੀ ਕ੍ਰਿਸ਼ਨ ਜੀ ਨਾਲ ਕੀਤੀਆਂ ਹੋਈਆਂ ਰਾਸ ਕ੍ਰੀੜਾਵਾਂ ਕਰਕੇ ਉਹ ਸਮਾਂ

ਬੜਾ ਹੀ ਸੁਖਦਾਇਕ ਲਗਦਾ ਸੀ ਅਤੇ ਹੁਣ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਗੋਪੀਆਂ ਨੂੰ ਰਿਤੂ ਅਤੇ ਉਸ ਸਮੇਂ ਵਾਪਰ ਰਿਹਾ ਸਭ ਕੁਝ ਅਤਿ ਦੁਖਦਾਈ ਅਤੇ ਚੁਭਵਾਂ ਲਗਦਾ ਹੈ।

**ਭਾਵ :**

ਗੋਪੀਆਂ ਆਪਣੇ ਸਰੀਰ ਉੱਤੇ ਫੁੱਲਾਂ ਦੇ ਰੰਗਾਂ ਦੇ ਬਸਤਰ ਪਾ ਕੇ ਮੀਂਹ ਦੇ ਵਿੱਚ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਪ੍ਰੇਮ ਰਸ ਦੀਆਂ ਕ੍ਰੀੜਾਵਾਂ ਕਰਦੀਆਂ ਸਨ। ਉਹ ਸਮਾਂ ਗੋਪੀਆਂ ਲਈ ਅਤਿ ਸੁਖਦਾਈ ਸੀ।

# ਇਸ ਅਉਸਰ ਕਉ ਬਰਨਯੋ ਨਹੀ ਜਾਈ

ਸ੍ਰੀ ਕ੍ਰਿਸ਼ਨ ਜੀ ਦੇ ਬਾਲ ਰੂਪ ਦਾ ਵਰਣਨ ਅਨੇਕਾਂ ਹੀ ਕਵੀਆਂ ਨੇ ਕਰਨ ਦਾ ਪ੍ਰਯਾਸ ਕੀਤਾ ਹੈ, ਪਰ ਜਿਸ ਢੰਗ ਨਾਲ ਉਨ੍ਹਾਂ ਦੀਆਂ ਬਾਲ ਲੀਲਾਵਾਂ, ਬਾਲ ਕ੍ਰੀੜਾਵਾਂ ਦਾ ਵਰਣਨ ਸੂਰਦਾਸ ਨੇ ਕੀਤਾ ਹੈ, ਉਹ ਸਾਹਿੱਤਕ ਜਗਤ ਵਿੱਚ ਅਦੁੱਤੀ ਹੈ। ਪੁਰਾਣਾਂ ਦਾ ਅਧਿਐਨ ਕਰਨ ਤੋਂ ਪਤਾ ਲਗਦਾ ਹੈ, ਕਿ ਸ੍ਰੀ ਕ੍ਰਿਸ਼ਨ ਜੀ ਦੇ ਬਾਲ ਰੂਪ ਦਾ ਵਰਣਨ ਉਨ੍ਹਾਂ ਵਿੱਚ ਕਾਫੀ ਵਿਸਥਾਰ ਵਿੱਚ ਕੀਤਾ ਗਿਆ, ਪਰ ਉਸ ਵਿੱਚ ਅਲੌਕਿਕਤਾ ਦਾ ਐਨਾ ਡੂੰਘਾ ਅਸਰ ਹੈ, ਕਿ ਬਾਲਰੂਪ ਦੀ ਸੁਭਾਵਕਤਾ ਅਤੇ ਮਾਰਮਿਕਤਾ ਉਤਾਂਹ ਉੱਭਰ ਕੇ ਨਹੀਂ ਆ ਸਕੀ। ਸੂਰਦਾਸ ਜੀ ਨੇ ਜਿਸ ਢੰਗ ਨਾਲ, ਜਿਸ ਅਨੂਠੀ ਸ਼ੈਲੀ ਵਿੱਚ ਸ੍ਰੀ ਕ੍ਰਿਸ਼ਨ ਜੀ ਦੀਆਂ ਬਾਲ-ਲੀਲਾਵਾਂ ਦਾ ਵਰਣਨ ਕੀਤਾ ਹੈ, ਉਸ ਵਿੱਚ ਅਲੌਕਿਕਤਾ ਹੈ। ਸ੍ਰੀ ਕ੍ਰਿਸ਼ਨ ਜੀ ਦੇ ਅਵਤਾਰ ਬਾਰੇ ਜਿਹੜੀਆਂ ਪਰਸਥਿਤੀਆਂ ਦਾ ਵਰਣਨ ਕੀਤਾ ਹੈ, ਉਹ ਸਭ ਉਨ੍ਹਾਂ ਦੀ ਅਲੌਕਿਕਤਾ ਦਾ ਪ੍ਰਗਟਾਵਾ ਕਰਦੀਆਂ ਹਨ, ਅਵਤਾਰ ਧਾਰਨ ਕਰਨ ਤੋਂ ਪਹਿਲਾਂ, ਸ੍ਰੀ ਕ੍ਰਿਸ਼ਨ ਜੀ ਨੇ ਦੇਵਕੀ ਨੂੰ ਆਪਣੇ ਅਲੌਕਿਕ ਰੂਪ ਦੇ ਦਰਸ਼ਨ ਕਰਾਏ। ਹੱਥ ਵਿੱਚ ਗਦਾ ਅਤੇ ਤ੍ਰਿਸ਼ੂਲ ਧਾਰਿਆ ਹੋਇਆ ਸੀ, ਸਰੀਰ ਉੱਤੇ ਸੰਜੋਅ ਧਾਰਨ ਕੀਤਾ ਹੋਇਆ ਸੀ, ਚੌਥੇ ਹੱਥ ਵਿੱਚ ਖੜਗ, ਪੰਜਵੇਂ ਵਿੱਚ ਕਮਲ, ਛੇਵੇਂ ਵਿੱਚ ਧਨੁੱਖ ਸਤਵੇਂ ਵਿੱਚ ਤੀਰ ਅਤੇ ਅਠਵੇਂ ਨਾਲ ਧੀਰਜ ਦੇਣ ਦਾ ਇਸ਼ਾਰਾ ਕਰ ਰਹੇ ਸਨ। ਐਸੇ ਸ੍ਵਰੂਪ ਵਾਲੇ ਪ੍ਰੇਮ ਸਰੂਪ ਨੇ ਸਰੀਰ ਉੱਤੇ ਪੀਲੇ ਕਪੜੇ ਧਾਰਨ ਕੀਤੇ ਹੋਏ ਸਨ। ਜਿਸ ਵੇਲੇ ਦੇਵਕੀ ਸੁੱਤੀ ਪਈ ਸੀ, ਉਸ ਵੇਲੇ ਉਸ ਦੇ ਗ੍ਰਹਿ ਵਿਖੇ ਇਸ ਤਰ੍ਹਾਂ ਦੇ ਅਲੌਕਿਕ ਸਰੂਪ ਵਾਲੇ ਬਾਲਕ ਨੇ ਅਵਤਾਰ ਧਾਰਨ ਕੀਤਾ, ਇਸ ਲਈ ਦੇਵਕੀ ਮਨ ਵਿੱਚ ਡਰ ਕੇ, ਜਾਗ ਕੇ, ਉਠ ਬੈਠੀ। ਦੇਵਕੀ ਨੇ ਉਸਨੂੰ ਆਪਣਾ ਪੁੱਤਰ ਕਰਕੇ ਨਹੀਂ ਜਾਣਿਆ ਸਗੋਂ ਹਰੀ ਦਾ ਸਰੂਪ ਕਰਕੇ ਜਾਣਿਆ, ਅਤੇ ਪ੍ਰਨਾਮ ਕਰਕੇ ਚਰਨਾਂ ਉੱਤੇ ਡਿੱਗ ਪਈ। ਸ੍ਰੀ ਕ੍ਰਿਸ਼ਨ ਜੀ ਨੇ ਉਸ

ਵੇਲੇ ਮੋਹ ਦੀ ਕਨਾਤ ਖਿੱਚ ਕੇ ਤਾਨ ਦਿੱਤੀ ਕਿਉਂਕਿ ਦੇਵਕੀ ਨੇ ਉਨ੍ਹਾਂ ਨੂੰ ਹਰਿ ਕਰਕੇ ਜਾਣਿਆ ਪੁੱਤਰ ਕਰਕੇ ਨਹੀਂ।

ਸ੍ਰੀ ਕ੍ਰਿਸ਼ਨ ਜੀ ਆਨੰਦ ਵਿਭੋਰ ਹੋ ਗਏ, ਗੰਧਰਬ ਪੁਲਕਿਤ ਹੋ ਕੇ ਗਾਉਣ ਲੱਗ ਪਏ, ਅਕਾਸ਼ ਵਿੱਚੋਂ ਫੁੱਲਾਂ ਦੀ ਵਰਖਾ ਹੋਣ ਲੱਗ ਪਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਮ ਗ੍ਰੰਥ ਵਿੱਚ ਲਿਖਦੇ ਹਨ

**ਦੋਹਰਾ।।ਆਨੰਦ ਸੌ ਸਭ ਦੇਵਤਨ ਸੁਮਨ ਦੀਨ ਬਰਖਾਇ।।**
**ਸੋਕ ਹਰਨ ਦੁਸਟਨ ਦਲਨ ਪ੍ਰਗਟੇ ਜਗ ਮੋ ਆਇ।।੬੦।।**
**ਜੈ ਜੈ ਕਾਰ ਭਯੋ ਜਬੈ ਸੁਨੀ ਦੇਵਕੀ ਕਾਨ।।**
**ਤ੍ਰਾਸਤ ਹੁਇ ਮਨ ਮੈ ਕਹਿਯੋ ਸੋਰ ਕਰੈ ਕੋ ਆਨ।।੬੧।।**

*- ਦਸਮ ਗ੍ਰੰਥ ਪੰਨਾ ੨੬੧*

ਬ੍ਰਹਮਾ, ਵਿਸ਼ਨੂੰ, ਮਹੇਸ਼ ਦੀ ਖੁਸ਼ੀ ਦੀ ਕੋਈ ਸੀਮਾ ਨਾ ਰਹੀ। ਦੇਵਕੀ ਅਤੇ ਵਾਸੁਦੇਵ ਦੇ ਮਨ ਵਿੱਚ ਸ਼ੰਕਾ ਉਤਪੰਨ ਹੋ ਗਈ ਕਿ ਕਿਧਰੇ ਕੰਸ ਇਸ ਬੱਚੇ ਨੂੰ ਵੀ ਮਰਵਾ ਨਾ ਦੇਵੇ, ਕਿਉਂ ਨਾ ਇਸ ਨੂੰ ਨੰਦ ਬਾਬਾ ਦੇ ਘਰ ਪਹੁੰਚਾ ਦਿੱਤਾ ਜਾਏ। ਇਸ ਨਿਰਣੇ ਅਨੁਸਾਰ ਜਦੋਂ ਵਾਸੁਦੇਵ ਉਥੋਂ ਚਲਣ ਲਗੇ ਤਾਂ ਸ੍ਰੀ ਕ੍ਰਿਸ਼ਨ ਜੀ ਨੇ ਮਾਇਆ ਦੀ ਕਨਾਤ ਚਾਰੇ ਪਾਸੇ ਖਿੱਚ ਦਿੱਤੀ ਅਤੇ ਉਹਨਾਂ ਦੀ ਕਿਰਪਾ ਨਾਲ ਹੱਥਕੜੀਆਂ ਆਪਣੇ ਆਪ ਖੁਲ੍ਹ ਗਈਆਂ, ਜਿੰਨੇ ਦੈਂਤ ਪਹਿਰੇ ਤੇ ਬੈਠੇ ਹੋਏ ਸਨ ਉਹ ਸੌਂ ਗਏ, ਵਾਸੁਦੇਵ ਬਾਲ ਕ੍ਰਿਸ਼ਨ ਨੂੰ ਛੱਜ ਵਿੱਚ ਪਾ ਕੇ, ਸਿਰ ਉੱਤੇ ਰੱਖ ਕੇ, ਬ੍ਰਿਜ ਵਲ ਨੂੰ ਤੁਰ ਪਏ। ਜਿਉਂ ਹੀ ਜਮਨਾਂ ਵਿੱਚ ਵੜੇ ਤਾਂ ਪੁਰਾਣੀ ਪ੍ਰੀਤ ਨੂੰ ਯਾਦ ਕਰਕੇ ਸ੍ਰੀ ਕ੍ਰਿਸ਼ਨ ਜੀ ਦੇ ਚਰਨ ਪਰਸਨ ਲਈ ਜਮਨਾਂ ਦਾ ਜਲ ਉੱਚਾ ਹੋ ਗਿਆ।

ਦੂਸਰੇ ਪਾਸੇ ਯਸ਼ੋਧਾ ਦੇ ਗ੍ਰਹਿ ਵਿਖੇ ਇੱਕ ਲੜਕੀ ਨੇ ਜਨਮ ਲਿਆ। ਵਾਸੁਦੇਵ ਜੀ ਨੇ ਸੁੱਤੀ ਪਈ ਯਸ਼ੋਧਾਂ ਨਾਲ ਬਾਲ ਸ੍ਰੀ ਕ੍ਰਿਸ਼ਨ ਜੀ ਨੂੰ ਲਿਟਾ ਦਿੱਤਾ ਅਤੇ ਉਸਦੀ ਲੜਕੀ ਨੂੰ ਚੁੱਕ ਕੇ ਵਾਪਿਸ ਮਥਰਾ ਆ ਪਹੁੰਚੇ। ਸੂਰਦਾਸ ਜੀ ਨੇ ਇਹ ਗੱਲ ਸਪਸ਼ਟ ਕਰ ਦਿੱਤੀ ਕਿ ਸ੍ਰੀ ਕ੍ਰਿਸ਼ਨ ਜੀ ਕੋਈ ਆਮ ਸਧਾਰਨ ਬਾਲਕ ਨਹੀਂ, ਬਲਕਿ ਪਰਮ ਅਵਤਾਰ ਸਨ, ਜੋ ਦੇਵਤਿਆਂ ਦੀ ਰੱਖਿਆ ਦੇ ਲਈ, ਅਤੇ ਅਸੁਰਾਂ ਦਾ ਸੰਹਾਰ ਕਰਨ ਲਈ ਅਵਤਰਿਤ ਹੋਏ ਸਨ। ਧਰਤੀ ਤੇ ਸਭ ਇਸਤ੍ਰੀ ਪੁਰਖ ਪ੍ਰਸੰਨ ਹੋਏ, ਘਰ-ਘਰ ਵਿੱਚ ਖੁਸ਼ੀਆਂ ਹੋ ਰਹੀਆਂ ਸਨ ਕਿਉਂਕਿ ਅਵਤਾਰਾਂ ਦਾ ਅਵਤਾਰ ਸ੍ਰੀ ਕ੍ਰਿਸ਼ਨ ਜੀ ਨੇ ਅਵਤਾਰ ਧਾਰਨ ਕੀਤਾ ਸੀ।

**ਦੇਵ ਸਭੈ ਹਰਖੇ ਸੁਨ ਭੂਮਹਿ**
**ਅਉਰ ਮਨੈ ਹਰਖੈ ਨਰ ਨਾਰੀ।।**
**ਮੰਗਲ ਹੋਹਿ ਘਰਾ ਘਰ ਮੈ**
**ਉਤਰਯੋ ਅਵਤਾਰਨ ਕੋ ਅਵਤਾਰੀ।।੭੬।।**

*- ਦਸਮ ਗ੍ਰੰਥ ਪੰਨਾ - ੨੬੨*

ਯਸ਼ੋਧਾ ਆਪਣੇ ਬਾਲਕ ਦੇ ਸੁੰਦਰ ਮੁੱਖ ਨੂੰ ਵੇਖਕੇ ਅਤਿ ਪ੍ਰਸੰਨ ਹੋਈ ਅਤੇ ਦੁਲਾਰਨ ਲਗ ਪਈ। ਪੰਡਤਾਂ, ਗਵੱਈਆਂ, ਭੰਡਾਂ ਆਦਿ ਨੂੰ ਬਹੁਤ ਸਾਰਾ ਦਾਨ ਦਿੱਤਾ ਗਿਆ। ਨੰਦ ਦੇ ਘਰ ਪੁੱਤ੍ਰ ਦਾ ਹੋਣਾ ਸੁਣਕੇ ਬ੍ਰਿਜ ਦੀਆਂ ਸਾਰੀਆਂ ਇਸਤ੍ਰੀਆਂ ਸਿਰਾਂ ਉੱਤੇ ਲਾਲ ਦੁਪੱਟੇ ਲੈ ਕੇ ਨੰਦ ਦੇ ਘਰ ਵਧਾਈ ਦੇਣ ਟੁਰ ਪਈਆਂ।

ਸ੍ਰੀ ਕ੍ਰਿਸ਼ਨ ਜੀ ਲਈ ਰਤਨਾਂ ਅਤੇ ਮਣੀਆਂ ਨਾਲ ਜੜਿਆ ਹੋਇਆ ਪਾਲਣਾ ਬਣਵਾਇਆ ਗਿਆ। ਉਸ ਨਾਲ ਵੱਖ-ਵੱਖ ਤਰ੍ਹਾਂ ਦੇ ਖਿਡੌਣੇ ਲਟਕਾ ਦਿੱਤੇ ਅਤੇ ਚਾਰੇ ਪਾਸਿਉਂ ਲੜੀਆ ਨਾਲ ਸਜਾ ਦਿੱਤਾ। ਮਾਤਾ ਨੇ ਇਸ਼ਨਾਨ ਕਰਕੇ ਬਾਲਕ ਨੂੰ ਪੰਘੂੜੇ ਵਿੱਚ ਪਾ ਦਿੱਤਾ। ਸ੍ਰੀ ਕ੍ਰਿਸ਼ਨ ਜੀ ਅਜੇ ਸਿਰਫ ਸੱਤ ਦਿਨ ਦੇ ਸਨ, ਉਨ੍ਹਾਂ ਦੇ ਅਧਰ, ਚਰਨ ਅਤੇ ਹੱਥ ਲਾਲ ਸਨ। ਉਨ੍ਹਾਂ ਦੀ ਅਪਾਰ ਸੁੰਦਰਤਾ ਵੇਖਕੇ ਬ੍ਰਿਜ ਦੀਆਂ ਸਾਰੀਆਂ ਇਸਤ੍ਰੀਆਂ ਅਤਿ ਪ੍ਰਸੰਨ ਹੁੰਦੀਆਂ। ਯਸ਼ੋਧਾ ਆਪਣੇ ਪਿਆਰੇ ਪੁੱਤਰ ਨੂੰ ਹਰ ਤਰ੍ਹਾਂ ਦੇ ਲਾਡ ਲਡਾਉਂਦੀ ਹੈ। ਯਸ਼ੋਧਾ ਨੂੰ ਉਹ ਸੁੱਖ ਪ੍ਰਾਪਤ ਹੋ ਰਿਹਾ ਹੈ, ਜਿਹੜੇ ਸੁੱਖ ਲਈ ਦੇਵਤੇ ਅਤੇ ਮੁਨੀ ਤਰਸਦੇ ਰਹਿੰਦੇ ਹਨ। ਜਦੋਂ ਯਸ਼ੋਧਾ ਪਾਲਨੇ ਵਿੱਚ ਸ੍ਰੀ ਕ੍ਰਿਸ਼ਨ ਜੀ ਨੂੰ ਝੁਲਾਉਂਦੇ ਹਨ, ਗੰਧਰਵ, ਮੁਨੀ ਅਤੇ ਤੇਤੀ ਕਰੋੜ ਦੇਵਤੇ ਇਹ ਸਾਰੇ ਦ੍ਰਿਸ਼ ਦਾ ਆਨੰਦ ਮਾਣਨ ਲਈ ਅਕਾਸ਼ ਵਿੱਚ ਛਾਏ ਰਹਿੰਦੇ ਹਨ।

ਸੂਰਦਾਸ ਜੀ ਅਨੁਸਾਰ ਸ੍ਰੀ ਕ੍ਰਿਸ਼ਨ ਜੀ ਆਪਣੇ ਭਗਤਾਂ ਪਿਆਰਿਆਂ ਨੂੰ ਖੁਸ਼ ਕਰਨ ਲਈ ਅਨੇਕ ਪ੍ਰਕਾਰ ਦਾ ਰੂਪ ਬਣਾਉਂਦੇ ਹਨ। ਗੋਪੀਆਂ ਸ੍ਰੀ ਕ੍ਰਿਸ਼ਨ ਜੀ ਨੂੰ ਆਪਣੀ ਗੋਦ ਵਿੱਚ ਲੈਣ ਲਈ ਉਤਾਵਲੀਆਂ ਹੁੰਦੀਆਂ ਹਨ। ਸ੍ਰੀ ਕ੍ਰਿਸ਼ਨ ਜੀ ਦੇ ਚਰਨ ਕਮਲ ਦੇ ਸਮਾਨ ਅਤਿਅੰਤ ਕੋਮਲ ਹਨ, ਅਧਰ ਅਤੇ ਨੱਕ ਬਹੁਤ ਸੁੰਦਰ ਲਗਦਾ ਹੈ, ਇਹੋ ਜਿਹਾ ਸੁੰਦਰ ਮੁੱਖ ਵੇਖਣ ਦਾ ਸਾਰਿਆਂ ਨੂੰ ਬਹੁਤ ਸੁਭਾਗ ਪ੍ਰਾਪਤ ਹੋਇਆ। ਆਪਣੇ ਹੱਥ ਵਿੱਚ ਆਪਣੇ ਹੀ ਪੈਰ ਦਾ ਅੰਗੂਠਾ ਫੜਕੇ ਆਪਣੇ ਹੀ ਮੂੰਹ ਵਿੱਚ ਪਾ ਕੇ ਸਾਰਿਆਂ ਨੂੰ ਖੁਸ਼ ਕਰਦੇ ਹਨ। ਸੂਰਦਾਸ ਜੀ ਬੜੇ ਸੁੰਦਰ ਢੰਗ ਨਾਲ ਲਿਖਦੇ ਹਨ ਕਿ ਉਹ ਚਰਨ ਜਿਸ ਨੂੰ ਲਛਮੀ ਆਪਣਾ ਗਹਿਣਾ ਬਣਾਕੇ ਰਖਦੀ ਹੈ, ਆਪਣੇ ਹਿਰਦੇ ਤੋਂ ਇੱਕ ਖਿਨ ਭਰ ਲਈ ਵੀ ਨਹੀਂ ਹਟਾਉਂਦੀ, ਸ੍ਰੀ ਕ੍ਰਿਸ਼ਨ ਜੀ ਵੇਖਣਾ ਚਾਹੁੰਦੇ ਸਨ, ਕਿ ਉਸ ਵਿੱਚ ਕੀ ਰਸ ਹੈ ?

ਬ੍ਰਿਜ ਦੇ ਵਿੱਚ ਆਨੰਦ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੈ। ਸੂਰਦਾਸ ਜੀ ਲਿਖਦੇ ਹਨ:-

*ਜੋ ਸੁਖ ਬ੍ਰਜ ਮੈਂ ਇਕ ਘਰੀ*
*ਸੋ ਸੁਖ ਤੀਨ ਲੋਕ ਮੈਂ ਨਾਹੀ ਧਨਿ ਯਹ ਘੋਸ਼-ਪੁਰੀ।*
*ਅਸ਼ਟਸਿੰਧਿ ਨਵਨਿਧਿ ਕਰ ਜੋਰੇ, ਦਵਾਰੇ ਰਹਤ ਖਰੀ।*

*ਸਿਵ ਸਨਕਾਦਿਕ-ਸਨਾਦਿ-ਅਗੋਚਰ ਤੇ ਅਵਤਰੇ ਖਰੀ।*
*ਧੰਨਯ ਧੰਨਯ ਵਡਭਾਗਨ ਜਸੁਮਤਿ ਨਿਹਰਨਿ ਨਹੀ ਪਰੀ*
*ਏਸੈਂ ਸੂਰਦਾਸ ਕੇ ਪ੍ਰਭੂ ਕੈ, ਲੀਨਹੋ ਅੰਕ ਭਰੀ।*

ਮਾਤਾ ਯਸ਼ੋਧਾ ਆਪਣੇ ਬਾਲਕ ਦੇ ਸੁੰਦਰ ਮੁਖ-ਮੰਡਲ ਦੀ ਸ਼ੋਭਾ ਵੇਖਕੇ ਬਲਿਹਾਰੀ ਜਾਂਦੀ ਹੈ। ਜਿਸ ਤਰ੍ਹਾਂ ਨਿਰਧਨ ਨੂੰ ਧਨ ਪਿਆਰਾ ਹੋਣ ਕਰਕੇ ਰਾਤ ਦਿਨ ਆਨੰਦ ਪ੍ਰਾਪਤ ਹੁੰਦਾ ਹੈ, ਬ੍ਰਿਜ ਦੀਆਂ ਇਸਤ੍ਰੀਆਂ ਸ੍ਰੀ ਕ੍ਰਿਸ਼ਨ ਜੀ ਦੀ ਬਾਲ-ਲੀਲਾ ਵੇਖਕੇ ਧੰਨ ਧੰਨਯ ਹੋ ਰਹੀਆਂ ਸਨ। ਤਿਰਲੋਕੀਨਾਥ ਪ੍ਰਭੂ ਆਪਣੀ ਮਾਤਾ ਦਾ ਮੁਖ ਵੇਖਕੇ ਤਾਲੀ ਵਜਾਕੇ ਕਿਲਕਾਰੀ ਮਾਰਦੇ ਸਨ। ਸ੍ਰੀ ਨੰਦ ਜੀ ਧੰਨ ਧੰਨਯ ਹੋ ਗਏ, ਗੋਪੀਆਂ ਧੰਨ ਧੰਨਯ ਹੋ ਗਈਆਂ, ਸਾਰੇ ਬ੍ਰਿਜ ਵਾਸੀ ਧੰਨ ਧੰਨਯ ਹੋ ਗਏ, ਸੂਰਦਾਸ ਜੀ ਦੇ ਅਨੁਸਾਰ ਇਸ ਧਰਤੀ ਨੂੰ ਪਵਿਤ੍ਰ ਕਰਨ ਵਾਲਾ ਅਕਾਲ ਪੁਰਖ, ਪ੍ਰਭੂ ਦਾ ਅਵਤਾਰ ਵੀ ਧੰਨ ਧੰਨਯ ਹੈ।

ਗੋਪੀਆਂ ਸ੍ਰੀ ਕ੍ਰਿਸ਼ਨ ਜੀ ਦੀ ਉਸਤਤ ਕਰਦੀਆਂ ਅੱਕਦੀਆਂ ਨਹੀਂ, ਥੱਕਦੀਆਂ ਨਹੀਂ। ਇੱਕ ਗੋਪੀ ਨੂੰ ਆਕਰਸ਼ਕ ਲਗਦਾ ਹੈ, ਇਸ ਸੁਹਣੇ ਪਿਆਰੇ ਲਾਲ ਨੂੰ ਗੋਦ ਵਿੱਚ ਲੈ ਕੇ ਹੋਰ ਲੋਭ ਵੱਧਦਾ ਜਾਂਦਾ ਹੈ। ਆਪਣੀਆਂ ਪਲਕਾਂ ਨੂੰ ਨਿੰਦਦੀ ਹੈ ਕਿਉਂਕਿ ਉਹ ਬਾਰ-ਬਾਰ ਅੱਗੇ ਆ ਕੇ ਉਹਲਾ ਕਰ ਦਿੰਦੀਆਂ ਹਨ, ਤੇ ਓਨੀ ਦੇਰ ਉਹ ਆਪਣੇ ਸੁੰਦਰ ਮੋਹਨ ਦੇ ਦਰਸ਼ਨ ਨਹੀਂ ਕਰ ਸਕਦੀਆਂ। ਸੂਰਦਾਸ ਜੀ ਬੜੀ ਅਨੂਪਮ ਸ਼ੈਲੀ ਵਿੱਚ ਸ੍ਰੀ ਕ੍ਰਿਸ਼ਨ ਜੀ ਦੇ ਬਾਲਪਨ ਦੀ ਅਨੂਠੀ ਸੁੰਦਰਤਾ ਦੀ ਸੋਭਾ ਦਾ ਵਰਣਨ ਕਰਦੇ ਹਨ :-

*ਖੇਲਤ ਨੰਦ-ਆਂਗਨ ਗੋਬਿੰਦ*
*ਨਿਰਖਿ ਨਿਰਖਿ ਜਸੁਮਤਿ ਸੁਖ ਪਾਵਤ, ਬਦਨ ਮਨੋਹਰ ਇੰਦ।*
*ਕਟਿ ਕਿੰਕਨੀ ਚੰਦ੍ਰਿਕਾ ਮਾਨਿਕ, ਲਟਕਨ ਲਟਕਤ ਭਾਲ।*
*ਪਰਮ ਸੁਦੇਸ ਕੰਠ ਕੇਹਰਿ ਨਖ, ਬਿਚ ਬਿਚ ਬਜਰ ਪ੍ਰਵਾਲ।*
*ਕਰ ਪਹੁੰਚੀ, ਪਾਇਨ. ਮੈਂ ਨੂਪੁਰ, ਤਨ ਰਾਜਨ ਪਟ ਪੀਤ।*
*ਘੁਟਰਨਿ ਚਲਤ, ਅਜਿਰ ਮਹਿ ਬਿਹਰਤ, ਮੁਖ ਪੰਡਿਤ ਨਵਨੀਤ।*
*ਸੂਰ ਬਿਚਿਤ੍ਰ ਚਰਿਤ੍ਰ ਸਯਾਮ ਕੈ ਰਸਨਾ ਕਹਤ ਨਾ ਆਵੈਂ*
*ਬਾਲ ਦਸਾ ਅਵਲੋਕਿ ਸਕਲ ਪੁਨਿ, ਜੋਗ ਬਿਰਤਿ ਬਿਸਰਾਵੈ।*

ਸ੍ਰੀ ਕ੍ਰਿਸ਼ਨ ਜੀ ਜਦੋਂ ਦੁੱਧ ਨਹੀਂ ਪੀਂਦੇ, ਤਾਂ ਮਾਤਾ ਉਨ੍ਹਾਂ ਨੂੰ ਸਮਝਾਉਂਦੀ ਹੈ ਕਿ ਜੇਕਰ ਉਹ ਦੁੱਧ ਨਹੀਂ ਪੀਣਗੇ ਤਾਂ ਉਹ ਵੱਡੇ ਕਿਸ ਤਰ੍ਹਾਂ ਹੋਣਗੇ। ਸ੍ਰੀ ਕ੍ਰਿਸ਼ਨ ਜੀ ਬੜੇ ਸੁੰਦਰ ਸ਼ਬਦਾਂ ਵਿੱਚ ਆਪਣੀ ਮਾਤਾ ਨੂੰ ਪੁੱਛਦੇ ਹਨ, ''ਮਾਂ ਮੇਰੀ ਚੋਟੀ ਕਦੋਂ ਵਧੇਗੀ। ਮੈਨੂੰ ਦੁੱਧ ਪੀਂਦਿਆਂ ਕਿੰਨੀ ਦੇਰ ਹੋ ਗਈ ਹੈ, ਪਰ ਇਹ ਤਾਂ ਅਜੇ ਬਹੁਤ ਛੋਟੀ ਹੈ। ਮਾਂ ਮੈਨੂੰ ਜਲਦੀ-ਜਲਦੀ ਵੱਡਾ ਕਰ ਦੇ, ਤੇ ਖਾਣ ਵਾਸਤੇ ਦੁੱਧ, ਦਹੀਂ, ਘਿਓ, ਮੱਖਣ ਆਦਿ ਜੋ ਮੈਂ ਮੰਗਾਂ, ਉਹੀ ਮੈਨੂੰ ਦਿਆ

ਕਰ।'' ਫਿਰ ਸ੍ਰੀ ਕ੍ਰਿਸ਼ਨ ਜੀ ਕਦੇ ਜ਼ਿਦ ਕਰਦੇ ਹਨ ਕਿ ਉਨ੍ਹਾਂ ਨੂੰ ਚੰਦ੍ਰਮਾਂ ਦਾ ਖਿਡੌਣਾ ਚਾਹੀਦਾ ਹੈ, ਨਹੀਂ ਤੇ ਉਹ ਜ਼ਮੀਨ ਤੇ ਲੇਟ ਜਾਣਗੇ, ਤੇ ਯਸ਼ੋਧਾ ਦੀ ਗੋਦ ਵਿੱਚ ਨਹੀਂ ਆਉਣਗੇ। ਉਹ ਆਪਣੇ ਨੰਦ ਬਾਬਾ ਦਾ ਪੁੱਤਰ ਕਹਾਉਣਗੇ ਅਤੇ ਯਸ਼ੋਧਾ ਦਾ ਪੁੱਤਰ ਨਹੀਂ ਬਣਨਗੇ। ਮਾਤਾ ਯਸ਼ੋਧਾ ਸ੍ਰੀ ਕ੍ਰਿਸ਼ਨ ਜੀ ਨੂੰ ਖਿਡਾ ਰਹੇ ਸਨ ਤਾਂ, ਸ੍ਰੀ ਕ੍ਰਿਸ਼ਨ ਜੀ ਨੇ ਮੂੰਹ ਖੋਲ੍ਹ ਕੇ ਉਬਾਸੀ ਲਈ ਅਤੇ ਮਾਤਾ ਯਸ਼ੋਧਾ ਨੇ ਤਿੰਨੇ ਲੋਕਾਂ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਮੂੰਹ ਵਿੱਚ ਵੇਖਿਆ। ਯਸ਼ੋਧਾ ਹੈਰਾਨ ਹੋ ਗਈ ਅਤੇ ਬਹੁਤ ਦੁਚਿੱਤੀ ਵਿੱਚ ਪੈ ਗਈ। ਸ੍ਰੀ ਕ੍ਰਿਸ਼ਨ ਜੀ ਨੇ ਉਸੇ ਵੇਲੇ ਆਪਣੀ ਮਾਤਾ ਦੀ ਬੁੱਧੀ ਉੱਤੇ ਪਰਦਾ ਪਾ ਦਿੱਤਾ।

ਸ੍ਰੀ ਕ੍ਰਿਸ਼ਨ ਜੀ ਆਪਣੇ ਬਾਲ ਗੋਪਾਲਾਂ ਨਾਲ ਜਮਨਾ ਨਦੀ ਦੇ ਕਿਨਾਰੇ ਖੇਡਦੇ। ਸਾਰੀ ਜਮਨਾ ਨੂੰ ਤਰ ਕੇ ਪਾਰ ਕਰਦੇ ਹਨ ਅਤੇ ਬਰੇਤੀ ਵਿੱਚ ਜਾ ਕੇ ਲੇਟਣੀਆਂ ਲੈਂਦੇ, ਫਿਰ ਪਾਣੀ ਵਿੱਚ ਭਾਂਤ-ਭਾਂਤ ਦੇ ਖੇਲ ਖੇਲਦੇ। ਸ੍ਰੀ ਕ੍ਰਿਸ਼ਨ ਜੀ ਨੂੰ ਘਰ ਦੇ ਅੰਦਰ ਰਹਿਣਾ ਬਿਲਕੁਲ ਪਸੰਦ ਨਹੀਂ ਸੀ। ਬਾਹਰ ਜਾ ਕੇ ਬਾਲ-ਗੋਪਾਲਾਂ ਨਾਲ ਕ੍ਰੀੜਾਵਾਂ ਕਰਨੀਆਂ ਅਤਿ ਚੰਗੀਆਂ ਲਗਦੀਆਂ ਸਨ। ਖੇਡਣ ਦੇ ਬਹਾਨੇ ਸ੍ਰੀ ਕ੍ਰਿਸ਼ਨ ਜੀ ਗੁਵਾਲਿਆਂ ਦੇ ਘਰੀਂ ਵੜ ਕੇ ਮੱਖਣ ਖਾਂਦੇ ਅਤੇ ਅੱਖਾਂ ਦੀ ਸੈਨਤ ਨਾਲ ਸਾਥੀਆਂ ਨੂੰ ਵੀ ਬੁਲਾ ਲੈਂਦੇ। ਬਾਕੀ ਬਚੇ ਹੋਏ ਮੱਖਣ ਨੂੰ ਉਹ ਆਪਣੇ ਹੱਥਾਂ ਨਾਲ ਲੈ ਕੇ ਬਾਂਦਰਾਂ ਦੇ ਮੂੰਹ ਵਿੱਚ ਪਾ ਦਿੰਦੇ। ਜਦੋਂ ਸ੍ਰੀ ਕ੍ਰਿਸ਼ਨ ਜੀ ਮੱਖਣ ਖਾ ਕੇ ਚਲੇ ਗਏ, ਤਾਂ ਸਾਰੀਆਂ ਗੋਪੀਆਂ ਨੇ ਯਸ਼ੋਧਾ ਅੱਗੇ ਆ ਕੇ ਪੁਕਾਰ ਕੀਤੀ ਕਿ ਉਸਦੇ ਕ੍ਰਿਸ਼ਨ ਨੇ ਆ ਕੇ ਸਭ ਦੁੱਧ ਦੀਆਂ ਗਾਗਰਾਂ ਸੁੱਟ ਦਿੱਤੀਆਂ ਹਨ। ਉਹ ਸ੍ਰੀ ਕ੍ਰਿਸ਼ਨ ਜੀ ਤੋਂ ਡਰਕੇ ਤੇ ਮੱਖਣ ਉੱਚੀ ਅਟਾਰੀ ਉੱਤੇ ਰੱਖਦੀਆਂ, ਪਰ ਸ੍ਰੀ ਕ੍ਰਿਸ਼ਨ ਹੇਠਾਂ ਉਖਲ ਨੂੰ ਧਰ ਕੇ, ਮਞ੍ਹੇ ਉੱਤੇ ਚੜ੍ਹਕੇ, ਮੱਖਣ ਖਾ ਜਾਂਦੇ ਹਨ। ਜੇਕਰ ਕੋਈ ਗੁੱਸੇ ਹੁੰਦਾ ਹੈ ਤਾਂ ਸਾਰੇ ਬਾਲ ਗੁਆਲੇ ਮਿਲਕੇ ਸੋਟੀਆਂ ਨਾਲ ਮਾਰਦੇ ਹਨ। ਜੇ ਉਨ੍ਹਾਂ ਦੇ ਮੱਖਣ ਚੁਰਾਉਂਦਿਆਂ ਉੱਤੇ ਕੋਈ ਇਸਤ੍ਰੀ ਆ ਜਾਵੇ ਤਾਂ ਉਸਦੇ ਸਿਰ ਦੇ ਵਾਲ ਪੁੱਟ ਸੁੱਟਦੇ ਹਨ। ਯਸ਼ੋਧਾ ਨੂੰ ਗੋਪੀਆਂ ਉਲਾਂਭਾ ਦਿੰਦੀਆਂ ਹਨ ਕਿ ਸ੍ਰੀ ਕ੍ਰਿਸ਼ਨ ਜੀ ਉਪੱਦ੍ਰਵ ਮਚਾਉਣ ਤੋਂ ਸਿਵਾ ਕੋਈ ਕੰਮ ਨਹੀਂ ਕਰਦੇ। ਗੋਪੀਆਂ ਦੀ ਗੱਲ ਸੁਣਕੇ ਯਸ਼ੋਧਾ ਨੂੰ ਗੁੱਸਾ ਆ ਜਾਂਦਾ ਪਰ ਉਨ੍ਹਾਂ ਦਾ ਸੁੰਦਰ ਮੁੱਖੜਾ ਵੇਖਕੇ ਗੁੱਸਾ ਠੰਢਾ ਹੋ ਜਾਂਦਾ।

ਸ੍ਰੀ ਕ੍ਰਿਸ਼ਨ ਜੀ ਵੀ ਮਾਤਾ ਨੂੰ ਦੱਸਦੇ ਹਨ ਕਿ ਇਹ ਸਾਰੀ ਗੋਪੀਆਂ ਖਾਹ-ਮਖਾਹ ਉਨ੍ਹਾਂ ਨੂੰ ਖਿਝਾਉਂਦੀਆਂ ਹਨ। ਪਹਿਲਾਂ ਤਾਂ ਉਹ ਸ਼ਿਕਾਇਤ ਲਗਾਉਣ ਵਾਲੀ ਗੋਪੀ ਨੇ ਸ੍ਰੀ ਕ੍ਰਿਸ਼ਨ ਜੀ ਦੀ ਟੋਪੀ ਹੱਥ ਨਾਲ ਫੜਕੇ ਲਾਹ ਲਈ ਸੀ, ਫਿਰ ਉਨ੍ਹਾਂ ਦੀਆਂ ਨਾਸਾਂ ਵਿੱਚ ਉਂਗਲੀ ਪਾਉਂਦੀ ਸੀ, ਅਤੇ ਫਿਰ ਉਨ੍ਹਾਂ ਦੇ ਸਿਰ ਉੱਤੇ ਧੱਫਾ ਮਾਰਦੀ ਸੀ। ਇਹ ਸਭ ਕੁਝ ਕਰਨ ਤੋਂ ਉਪਰੰਤ ਫਿਰ ਉਨ੍ਹਾਂ ਕੋਲੋਂ ਨੱਕ ਨਾਲ ਲੀਕਾਂ ਕਢਵਾਉਂਦੀ ਸੀ, ਆਪਣੇ ਘਰ ਦੇ ਸੰਬੰਧੀਆਂ ਨੂੰ ਹਸਾਉਂਦੀ

ਸੀ, ਤੇ ਫਿਰ ਉਸਨੂੰ ਟੋਪੀ ਵਾਪਸ ਦਿੰਦੀ ਸੀ। ਸੱਚੇ ਪਾਤਸ਼ਾਹ ਜੀ ਇਸ ਮਾਰ ਪਿਟਾਈ ਦਾ ਵਰਣਨ ਬੜੇ ਸੁੰਦਰ ਸ਼ਬਦਾਂ ਵਿੱਚ ਕਰਦੇ ਹਨ–

**ਮਾਤ ਕਹਯੋ ਅਪਨੇ ਸੁਤ ਕੌ**
**ਕਹੁ ਕਿਉ ਕਰਿ ਤੋਹਿ ਖਿਝਾਵਤ ਗੋਪੀ।।**
**ਮਾਤ ਸੌਂ ਬਾਤ ਕਹੀ ਸੁਤ ਯੌ**
**ਕਰਿ ਸੋ ਗਹਿ ਭਾਗਤ ਹੈ ਮੁਹਿ ਟੋਪੀ।।**
**ਡਾਰਕੈ ਨਾਸ ਬਿਖੈ ਅੰਗੁਰੀ**
**ਸਿਰ ਮਾਰਤ ਹੈਂ ਮੁਝ ਕੌ ਵਹ ਥੋਪੀ।।**
**ਨਾਕ ਘਸਾਇ ਹਸਾਇ ਉਨੈ**
**ਫਿਰ ਲੇਤ ਤਬੈ ਵਹ ਦੇਤ ਹੈ ਟੋਪੀ ।।੧੨੭।।**

*– ਦਸਮ ਗ੍ਰੰਥ ਪੰਨਾ* ***੨੯੮***

ਉਹ ਸਭ ਕੁਝ ਸੁਣਕੇ ਮਾਤਾ ਯਸ਼ੋਧਾ ਗੋਪੀਆਂ ਨੂੰ ਗੁੱਸੇ ਹੋਈ ਅਤੇ ਕਿਹਾ, ਕਿ ਯਸ਼ੋਧਾ ਦੇ ਘਰ ਵਿੱਚ ਕਿਸੇ ਵਸਤੂ ਦੀ ਤੋਟ ਨਹੀਂ, ਫਿਰ ਭਲਾ ਕ੍ਰਿਸ਼ਨ ਕਿਉਂ ਉਨ੍ਹਾਂ ਦੇ ਘਰ ਜਾ ਕੇ ਚੋਰੀ ਕਰੇਗਾ। ਯਸ਼ੋਧਾ ਨੇ ਗੋਪੀਆਂ ਨੂੰ ਤਾੜਨਾ ਕਰਦਿਆਂ ਹੋਇਆਂ ਕਿਹਾ ਕਿ ਜੇਕਰ ਕਾਨ੍ਹ ਉਨ੍ਹਾਂ ਦਾ ਇੱਕ ਸੇਰ ਦਹੀਂ ਵਿਗਾੜੇਗਾ ਤੇ ਉਹ ਉਨ੍ਹਾਂ ਨੂੰ ਇੱਕ ਮਣ ਦੇਣ ਨੂੰ ਤਿਆਰ ਹੈ।

ਬਾਬਾ ਨੰਦ ਜੀ ਦੇ ਘਰ ਹਰ ਰੋਜ਼ ਨੌਂ ਲੱਖ ਗਊਆਂ ਦਾ ਦੁੱਧ ਚੋਇਆ ਜਾਂਦਾ ਸੀ, ਫਿਰ ਭਲਾ ਕਾਨ੍ਹ ਨੂੰ ਮੱਖਣ ਚੁਰਾਉਣ ਦੀ ਕੀ ਲੋੜ ? ਬਾਲਕ ਕਾਨ੍ਹ ਆਪਣੇ ਮੁਖ ਤੇ ਲਗੇ ਮੱਖਣ ਬਾਰੇ ਆਪਣੀ ਮਾਤਾ ਨੂੰ ਸਪਸ਼ਟੀਕਰਨ ਦਿੰਦੇ ਹਨ।

*ਮੈਯਾ ਮੈਂ ਨਹੀਂ ਮਾਖਨ ਖਾਇਓ।*
*ਖਿਆਲ ਪਰੈਂ ਯੇ ਸਖਾ ਸਬੈ ਮਿਲਿ, ਮੇਰੇ ਮੁਖ ਲਪਟਾਯੋ।*
*ਦੇਖਿ ਤੁਹੀ ਸੀਂਕੇ ਪਰ ਭਾਜਨ, ਉਚੇ ਧਰਿ ਲਟਕਾਯੋ।*
*ਹਊਂ ਜੋ ਕਹਤ ਨਾਨਹੇ ਕਰ ਅਪਣੈਂ ਮੈਂ ਕੈਸੇ ਕਰਿ ਪਾਯੋ।*
*ਮੁਖ ਦਧਿ ਪੂੰਛ ਬੁਧਿ ਇਕ ਕੀਨੀ ਦੋਨਾ ਪੀਠਿ ਦੁਰਾਯੋ।।*
*ਡਾਰਿ ਸਾਟਿ ਮੁਸਕਾਏ ਯਸੋਦਾ, ਸਯਾਮਹਿ ਕੰਠ ਲਗਾਯੋ।।*
*ਬਾਲ ਵਿਨੋਦ-ਮੋਦ ਮਨ ਮੋਹਯੋ, ਭਗਤੀ ਪ੍ਰਤਾਪ ਦਿਖਾਇਓ।*
*ਸੂਰਦਾਸ ਜਸੁਮਤਿ ਕੋ ਜਹ ਸੁਖ ਸਿਵ ਬਿਰੰਚਿ ਨਹੀਂ ਪਾਇਓ।।*

ਜਦੋਂ ਉਲਾਂਭਾਂ ਦੇ ਕੇ ਗੋਪੀਆਂ ਘਰ ਵਾਪਸ ਚਲੀਆਂ ਗਈਆਂ, ਤਦ ਸ੍ਰੀ ਕ੍ਰਿਸ਼ਨ ਜੀ ਨੇ ਇੱਕ ਹੋਰ ਖੇਡ ਮਚਾਈ, ਮਿੱਟੀ ਮੂੰਹ ਵਿੱਚ ਪਾ ਲਈ। ਜਦੋਂ ਮਾਤਾ ਯਸ਼ੋਧਾ ਨੂੰ ਪਤਾ ਲੱਗਾ, ਤਾਂ ਕ੍ਰੋਧ ਨਾਲ ਸੋਟੀ ਫੜਕੇ ਉਨ੍ਹਾਂ ਨੂੰ ਮਾਰੀ। ਤਦ ਸ੍ਰੀ ਕ੍ਰਿਸ਼ਨ ਜੀ ਡਰ ਦਾ ਬਹਾਨਾ ਕਰਦਿਆਂ ਹੋਇਆਂ ਆਪਣੀ ਮਾਤਾ ਨੂੰ ਪੁਕਾਰ ਕੇ ਕਹਿਣ ਲਗੇ,''ਆਉ ! ਸਾਰੇ ਜਣੇ ਆਕੇ ਮੇਰਾ ਮੂੰਹ ਵੇਖ ਲਵੋ।'' ਮਾਤਾ ਨੇ ਮੂੰਹ ਖੋਲਣ

ਨੂੰ ਕਿਹਾ। ਜਦੋਂ ਸ੍ਰੀ ਕ੍ਰਿਸ਼ਨ ਜੀ ਨੇ ਮੂੰਹ ਅੱਡਿਆ ਤਾਂ ਆਪਣੇ ਮੂੰਹ ਵਿੱਚ ਸਾਰੇ ਖੰਡ ਬ੍ਰਹਮੰਡ ਆਪਣੀ ਮਾਤਾ ਨੂੰ ਵਿਖਾ ਦਿੱਤੇ। ਸਮੁੰਦ੍ਰ, ਪਹਾੜ, ਧਰਤੀ, ਅਕਾਸ਼, ਪਾਤਾਲ, ਨਾਗ ਲੋਕ ਕਾਨ੍ਹ ਦੇ ਮੂੰਹ ਵਿੱਚ ਵੇਖ ਲਏ। ਕਾਨ੍ਹ ਨੂੰ ਅਕਾਲ ਪੁਰਖ ਜਾਣਕੇ ਉਸਦੇ ਚਰਨਾਂ ਤੇ ਜਾ ਡਿੱਗੀ। ਕਿੰਨੇ ਵੱਡੇ ਭਾਗਾਂ ਵਾਲੀ ਸੀ ਮਾਤਾ ਯਸ਼ੋਧਾ ਜਿਸਨੇ ਅੰਡਜ, ਜੇਰਜ, ਸੇਤਜ, ਉਤਭੁਜ ਤੋਂ ਪੈਦਾ ਹੋਣ ਵਾਲੇ ਜੀਵ ਜੰਤੂ ਸਭ ਨੂੰ ਇਕੱਠਿਆਂ ਹੀ ਇੱਕ ਸਥਾਨ ਤੇ ਵੇਖ ਲਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਦ੍ਰਿਸ਼ ਦਾ ਵਰਣਨ ਬੜੇ ਸੁੰਦਰ ਸ਼ਬਦਾਂ ਵਿੱਚ ਕਰਦੇ ਹਨ-

**ਮਾਤ ਗਹਯੋ ਰਿਸ ਕੈ ਸੁਤ ਕੌ**
**ਤਬ ਲੈ ਛਿਟੀਆ ਤਨ ਤਾਹਿ ਪ੍ਰਹਾਰਯੋ।।**
**ਤਉ ਮਨ ਮੱਧਿ ਡਰਯੋ ਹਰਿ ਜੀ**
**ਜਸੁਧਾ ਜਸੁਧਾ ਕਰਿਕੈ ਜੁ ਪੁਕਾਰਯੋ।।**
**ਦੇਖਹੁ ਆਇ ਸਭੈ ਮੁਹਿਕੋ**
**ਮੁਖ ਮਾਤ ਕਹਯੋ ਤਬ ਤਾਤ ਪਸਾਰਯੋ।।**
**ਸਯਾਮ ਕਹੈ ਤਿਨ ਆਨਨ ਮੈ**
**ਸਭਹੀ ਧਰ ਮੂਰਤ ਬਿਸ੍ਵ ਦਿਖਾਰਿਯੋ ।।੧੩੨।।**

*- ਦਸਮ ਗ੍ਰੰਥ ਪੰਨਾ ੨੬੯*

**ਦੋਹਰਾ।।ਜੇਰਜ ਸ੍ਵੇਤਜ ਉਤਭੁਜਾ ਦੇਖੇ ਤਿਨ ਤਿਹ ਜਾਇ।।**
**ਪੁਤ੍ਰ ਭਾਵ ਕੌ ਦੂਰ ਕਰਿ ਪਾਇਨ ਲਾਗੀ ਧਾਇ।।੧੩੪।।**

*- ਦਸਮ ਗ੍ਰੰਥ ਪੰਨਾ ੨੬੯*

ਸ੍ਰੀ ਕ੍ਰਿਸ਼ਨ ਜੀ ਆਪਣੇ ਬਾਲ ਸ੍ਵਰੂਪ ਦਾ ਪਰਿਚਯ ਦਿੰਦੇ ਹਨ। ਸਾਰੇ ਬਾਲ-ਗੁਵਾਲ ਸਖਾ ਉਨ੍ਹਾਂ ਨੂੰ ਤੰਗ ਕਰਦੇ ਹਨ, ਸ੍ਰੀ ਕ੍ਰਿਸ਼ਨ ਜੀ ਨੂੰ ਗੁੱਸਾ ਆ ਜਾਂਦਾ ਹੈ ਅਤੇ ਉਹ ਖੇਡਣ ਨਹੀਂ ਜਾਂਦੇ ਉਹ ਆ ਕੇ ਯਸ਼ੋਧਾ ਮਾਤਾ ਨੂੰ ਕਹਿੰਦੇ ਹਨ-

*ਮੈਯਾ ਮੋਹਿ ਦਾਊ ਬਹੁਤ ਖਿਝਾਯੋ।*
*ਮੋਸੇ ਕਹੌ ਇਹ ਰਿਮ ਰਿਮ ਸੇ ਮਾਰੇ, ਖੇਲਨ ਹਉ ਨਹੀਂ ਜਾਤ।*
*ਪੁਨਿ ਪੁਨਿ ਕਹਤ ਕਉਨ ਹੈ ਮਾਤਾ, ਕੋ ਹੈ ਤੇਰੋ ਤਾਤ।।*
*ਗੋਰੇ ਨੰਦ ਜਸੋਦਾ ਗੋਰੀ ਤੂ ਕਤ ਸਯਾਮਲ ਗਾਤ।*
*ਚੁਟਕੀ ਦੈ ਦੈ ਗਵਾਲ ਨਚਾਵਤ, ਹੰਸਤ ਸਭੈ ਮੁਸਕਾਤ।*
*ਤੂੰ ਮੋਹੀ ਕਉ ਮਾਰਨ ਸੀਖੀ, ਦਾਊਂ ਕਬਹੂੰ ਨ ਖੀਝੈ।*
*ਮੋਹਨ ਮੁਖ ਰਿਸ ਕੀ ਯੋ ਬਾਤੇਂ, ਜਸੁਮਤਿ ਸੁਨਿ ਸੁਨਿ ਰੀਝੈ।*

ਸ੍ਰੀ ਕ੍ਰਿਸ਼ਨ ਜੀ ਆਪਣੀ ਮਾਤਾ ਨੂੰ ਇਹ ਸ਼ਿਕਾਇਤ ਲਗਾਉਂਦੇ ਹਨ ਕਿ ਬਲਰਾਮ ਉਨ੍ਹਾਂ ਨੂੰ ਇਹ ਕਹਿ-ਕਹਿ ਕੇ ਬਹੁਤ ਤੰਗ ਕਰਦੇ ਹਨ ਕਿ ਉਹ

ਯਸ਼ੋਧਾ ਦੇ ਪੁੱਤਰ ਨਹੀਂ। ਜਦੋਂ ਵੀ ਉਹ ਖੇਡਣ ਲਈ ਜਾਂਦੇ ਹਨ, ਬਲਰਾਮ ਉਨ੍ਹਾਂ ਨੂੰ ਬਾਰ-ਬਾਰ ਆ ਕੇ ਪੁੱਛਦੇ ਹਨ ਕਿ ਉਨ੍ਹਾਂ ਦੇ ਮਾਤਾ ਪਿਤਾ ਕੌਣ ਹਨ ? ਸ੍ਰੀ ਕ੍ਰਿਸ਼ਨ ਜੀ, ਨੰਦ ਅਤੇ ਯਸ਼ੋਧਾ ਦੇ ਪੁੱਤਰ ਹੋ ਹੀ ਨਹੀ ਸਕਦੇ ਕਿਉਂਕਿ ਉਹ ਤਾਂ ਗੋਰੇ ਚਿੱਟੇ ਹਨ ਅਤੇ ਸ੍ਰੀ ਕ੍ਰਿਸ਼ਨ ਜੀ ਕਾਲੇ ਹਨ। ਭਲਾ ਕਦੇ ਗੋਰੇ ਮਾਤਾ ਪਿਤਾ ਦਾ ਕਾਲਾ ਬਾਲਕ ਵੀ ਹੋ ਸਕਦਾ ਹੈ ? ਇਹ ਸੁਣਕੇ ਸਾਰੇ ਬਾਲਕ ਚੁਟਕੀ ਵਜਾ ਕੇ ਹੱਸਦੇ ਅਤੇ ਉਨ੍ਹਾਂ ਨੂੰ ਸਤਾਉਂਦੇ ਹਨ, ਹੱਸਦੇ ਹਨ, ਉਨ੍ਹਾ ਉੱਤੇ ਟਿਚਕਰਾਂ ਕਰਦੇ ਹਨ। ਯਸ਼ੋਧਾ ਤਾਂ ਸਿਰਫ ਸ੍ਰੀ ਕ੍ਰਿਸ਼ਨ ਜੀ ਨੂੰ ਹੀ ਮਾਰਨਾ ਸਿੱਖੇ ਹਨ ਬਲਰਾਮ ਨੂੰ ਕਦੇ, ਕੁਝ ਨਹੀਂ ਕਹਿੰਦੇ। ਸ੍ਰੀ ਕ੍ਰਿਸ਼ਨ ਜੀ ਦੀਆਂ ਕ੍ਰੋਧ ਭਰੀਆਂ ਗੱਲਾਂ ਸੁਣਕੇ ਮਾਤਾ ਯਸ਼ੋਧਾ ਅਤਿ ਪ੍ਰਸੰਨ ਹੁੰਦੀ।

ਜੇਕਰ ਇਹ ਕਹਿ ਦਿੱਤਾ ਜਾਵੇ ਕਿ ਸੂਰਦਾਸ ਜੀ ਬਾਲ ਮਨੋਵਿਗਿਆਨ ਦੇ ਪੂਰਨ ਪੰਡਿਤ ਹਨ, ਤਾਂ ਇਹ ਕੋਈ ਅਤਿਕਥਨੀ ਨਹੀਂ। ਬਾਲ ਚਰਿਤ੍ਰ ਵਰਣਨ ਕਰਨ ਲੱਗਿਆਂ ਸੂਰਦਾਸ ਜੀ ਨੇ ਸ੍ਰੀ ਕ੍ਰਿਸ਼ਨ ਜੀ ਦੇ ਚਰਿਤ੍ਰ ਦਾ ਚਿਤ੍ਰਣ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਆਦਿ ਕਵੀ ਬਾਲਮੀਕ ਤੋਂ ਬਾਅਦ ਸੂਰਦਾਸ ਜੀ ਹੀ ਇੱਕ ਐਸੇ ਕਵੀ ਹੋਏ ਹਨ ਜਿਨ੍ਹਾਂ ਨੇ ਆਪਣੇ ਇਸ਼ਟ ਦੇ ਪਰਮ ਬ੍ਰਹਮਤਵ ਦੀ ਪ੍ਰਭਤਾ ਬਣਾਏ ਰੱਖਣ ਦੇ ਨਾਲ-ਨਾਲ ਉਨ੍ਹਾਂ ਦੇ ਬਾਲਰੂਪ ਦਾ ਬਹੁਪੱਖੀ, ਸ੍ਵਾਭਾਵਿਕ ਅਤੇ ਮਨੋਵਿਗਿਆਨਕ ਚਿਤ੍ਰਣ ਕੀਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਵਿੱਚ ਇਹੋ ਜਿਹੇ ਅਉਸਰ ਦਾ ਵਰਣਨ ਸ਼ਬਦਾਂ ਰਾਹੀਂ ਕਰਨਾ ਅਤਿ ਕਠਿਨ ਹੈ।

**ਖੇਲਤ ਕ੍ਰੀੜ ਕਰੈ ਰਸ ਕੀ ਇਹ**
**ਅਉਸਰ ਕਉ ਬਰਨਯੋ ਨਹੀਂ ਜਾਈ।**

ਸਾਰੀਆਂ ਕ੍ਰੀੜਾਵਾਂ ਦਾ ਵਰਣਨ ਸ਼ਬਦਾਂ ਰਾਹੀਂ ਕਰਨਾ ਅਤਿ ਕਠਿਨ ਹੈ, ਅਸੰਭਵ ਹੈ।

# ੯

**ਮਾਸ ਅਸੂ ਹਮ ਕਾਨ੍ਹਰ ਕੇ ਸੰਗ**
**ਖੇਲਤ ਚਿੱਤ ਹੁਲਾਸ ਬਢਾਈ।।**
**ਕਾਨ੍ਹ ਤਹਾਂ ਪੁਨ ਗਾਵਤ ਥੋ**
**ਅਤਿ ਸੁੰਦਰ ਰਾਗਨ ਤਾਨ ਬਸਾਈ।।**
**ਗਾਵਤ ਥੀ ਹਮਹੂੰ ਸੰਗ ਤਾਹੀ ਕੇ**
**ਤਾ ਛਬਿ ਕੋ ਬਰਨਯੋ ਨਹੀ ਜਾਈ।।**
**ਤਾ ਸੰਗ ਮੈ ਸੁਖਦਾਇਕ ਥੀ ਰਿਤ**
**ਸਯਾਮ ਬਿਨਾ ਅਬ ਭੀ ਦੁਖਦਾਈ।।੮੭੪।।**

*- ਦਸਮ ਗ੍ਰੰਥ ਪੰਨਾ ੩੭੦*

**ਸ਼ਬਦਾਰਥ :**

ਕਾਨ੍ਹਰ-ਸ੍ਰੀ ਕ੍ਰਿਸ਼ਨ ਜੀ। ਹੁਲਾਸ-ਖੁਸ਼ੀ, ਖੇੜਾ। ਪੁਨ-ਫਿਰ, ਦੁਬਾਰਾ। ਤਾ-ਸ੍ਰੀ ਕ੍ਰਿਸ਼ਨ ਜੀ ਨਾਲ ਹੁੰਦਿਆਂ।

**ਵਿਆਖਿਆ :**

ਸਾਰੀਆਂ ਗੋਪੀਆਂ ਨੂੰ ਅੱਸੂ ਦੇ ਮਹੀਨੇ ਦੀ ਯਾਦ ਤੜਪਾਉਂਦੀ ਹੈ, ਜਦੋਂ ਉਹ ਸਾਰੀਆਂ ਮਿਲਕੇ, ਚਿਤ ਵਿੱਚ ਉਤਸਾਹ ਵਧਾਕੇ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਖੇਡਦੀਆਂ ਸਨ। ਖੇਡਣ ਦੇ ਨਾਲ-ਨਾਲ ਸਾਰਾ ਵਾਤਾਵਰਣ ਹੋਰ ਵੀ ਸੁਹਾਵਣਾ ਹੋ ਜਾਂਦਾ, ਜਦੋਂ ਸ੍ਰੀ ਕ੍ਰਿਸ਼ਨ ਜੀ ਉਥੇ ਆਪਣੇ ਮਧੁਰ ਕੰਠ ਰਾਹੀਂ ਗਾਵਿਆ ਕਰਦੇ ਸਨ। ਉਨ੍ਹਾਂ ਦੇ ਸੁਰੀਲੇ ਕੰਠ, ਵਿੱਚੋਂ ਨਿਕਲੀਆਂ ਸੁੰਦਰ ਰਾਗਾਂ ਦੀਆਂ ਤਾਨਾਂ ਕੰਨਾਂ ਦੇ ਵਿੱਚ ਮਿੱਠਾ-ਮਿੱਠਾ ਰਸ ਘੋਲ ਦਿੰਦੀਆਂ। ਸਭ ਗੋਪੀਆਂ ਇਹ ਸਾਰਾ ਕੁਝ ਸੁਣਕੇ ਝੂਮ ਉਠਦੀਆਂ ਸਨ। ਸਿਰਫ ਐਨਾ ਹੀ ਨਹੀਂ, ਸ੍ਰੀ ਕ੍ਰਿਸ਼ਨ ਜੀ ਗਾਉਂਦੇ ਸਨ, ਤੇ ਗੋਪੀਆਂ ਵੀ ਉਨ੍ਹਾਂ ਦੀ ਸੁਰ ਦੇ ਅਨੁਸਾਰ ਉਨ੍ਹਾਂ ਦੇ ਨਾਲ ਮਿਲਕੇ ਗਾਉਂਦੀਆਂ ਸਨ। ਉਸ ਸੁੰਦਰਤਾ ਦੀ, ਉਸ ਰਮਣੀਕ ਦ੍ਰਿਸ਼ ਦੀ ਸੋਭਾ ਦਾ ਵਰਣਨ ਸ਼ਬਦਾਂ ਰਾਹੀਂ ਹੋ ਹੀ ਨਹੀਂ ਸਕਦਾ, ਉਨ੍ਹਾਂ ਦਾ ਕੇਵਲ ਅਨੁਭਵ ਹੀ ਹੋ ਸਕਦਾ ਹੈ। ਸ੍ਰੀ ਕ੍ਰਿਸ਼ਨ ਜੀ ਨਾਲ ਕੀਤੀਆਂ ਕ੍ਰੀੜਾਵਾਂ, ਉਨ੍ਹਾਂ ਦੇ ਸੁੰਦਰ ਗਲੇ

ਵਿੱਚੋਂ ਗਾਏ ਹੋਏ ਸੁਰੀਲੇ ਗੀਤ, ਸੁਰੀਲੀਆਂ ਤਾਨਾਂ, ਤੇ ਗੋਪੀਆਂ ਦਾ ਉਨ੍ਹਾਂ ਨਾਲ ਰਲ ਮਿਲਕੇ ਆਪ ਗਾਉਣਾ, ਕਿੰਨਾ ਸੁਖ-ਭਰਿਆ ਸੀ; ਉਹ ਸਮਾਂ ਕਿੰਨਾ ਸੁਹਾਵਣਾ ਰਮਣੀਯ ਸੀ, ਉਹ ਪਲ ਜਦੋਂ ਸ੍ਰੀ ਕ੍ਰਿਸ਼ਨ ਜੀ ਦਾ ਸੰਗ ਪਰਾਪਤ ਸੀ ਅਤੇ ਹੁਣ ਉਨ੍ਹਾਂ ਤੋਂ ਬਿਨਾਂ ਗੋਪੀਆਂ ਨੂੰ ਸਾਰਾ ਕੁਝ ਅਤਿ ਦੁਖਦਾਈ ਲਗ ਰਿਹਾ ਹੈ, ਸਾਰਾ ਕੁਝ ਚੁਭਵਾਂ ਅਤੇ ਅਣਸੁਖਾਵਾਂ ਲਗਦਾ ਹੈ।

**ਭਾਵ :**

ਗੋਪੀਆਂ ਸ੍ਰੀ ਕਿਸ਼ਨ ਜੀ ਨੂੰ ਤਾਂ ਅਸੀਮ ਪਿਆਰ ਕਰਦੀਆਂ ਹੀ ਸਨ, ਪਰ ਉਨ੍ਹਾਂ ਦੇ ਮਧੁਰ-ਕੰਠਾਂ ਰਾਹੀਂ ਗਾਏ ਹੋਏ ਗੀਤ, ਰਾਗ, ਰਾਗ ਦੀਆਂ ਸੁੰਦਰ ਤਾਨਾਂ ਤੇ ਵੀ ਅਤਿਅੰਤ ਮੋਹਿਤ ਹੁੰਦੀਆਂ ਸਨ। ਸ੍ਰੀ ਕ੍ਰਿਸ਼ਨ ਜੀ ਨਾਲ ਮਿਲਕੇ ਗੀਤ ਗਾ ਕੇ ਆਪਣੇ ਧੰਨ ਭਾਗ ਸਮਝਦੀਆਂ।

# ਤਾ ਛਬਿ ਕੋ ਬਰਨਯੋ ਨਹੀ ਜਾਈ।

ਭਾਰਤੀ ਸਾਹਿਤ ਦਾ ਵਿਵੇਚਨ ਕਰਨ ਤੇ ਇਹ ਸਪਸ਼ਟ ਹੁੰਦਾ ਹੈ ਕਿ ਸ੍ਰੀ ਕ੍ਰਿਸ਼ਨ ਜੀ ਦੇ ਸਰੂਪ ਦਾ ਵਰਣਨ ਬਹੁਤ ਪ੍ਰਾਚੀਨ ਕਾਲ ਤੋਂ ਹੁੰਦਾ ਆ ਰਿਹਾ ਹੈ। ਵੈਦਿਕ ਸਾਹਿੱਤ ਵਿੱਚ ਜਿਸ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਦਾ ਵਰਣਨ ਹੁੰਦਾ ਆ ਰਿਹਾ ਹੈ, ਉਨ੍ਹਾਂ ਨੂੰ ਨਾ ਤਾਂ ਅਵਤਾਰ ਦਾ ਸਰੂਪ ਹੀ ਕਿਹਾ ਜਾ ਸਕਦਾ ਹੈ ਅਤੇ ਨਾ ਹੀ ਦੇਵਤਾ ਦਾ। ਮਹਾਂਭਾਰਤ ਦੇ ਵਿੱਚ ਸ੍ਰੀ ਕ੍ਰਿਸ਼ਨ ਜੀ ਦੇ ਪੂਰਨ ਅਵਤਾਰ ਸਰੂਪ ਦਾ ਵਰਣਨ ਮਿਲਦਾ ਹੈ। ਗੋਪਾਲ ਰੂਪ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਉਪਾਸਨਾ ਪੁਰਾਣ ਕਾਲ ਦੀ ਹੀ ਦੇਣ ਹੈ। ਹਰਿਵੰਸ਼ ਪੁਰਾਣ ਵਿੱਚ ਸ੍ਰੀ ਕ੍ਰਿਸ਼ਨ ਜੀ ਦੇ ਸਰੂਪ ਦਾ ਸਭ ਤੋਂ ਵਿਸਥਾਰ ਵਿੱਚ ਵਰਣਨ ਮਿਲਦਾ ਹੈ। ਵਿਸ਼ਨੂੰ ਪੁਰਾਣ ਦੇ ੧੨੯ਵੇਂ ਅਧਿਆਏ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਜੀਵਨ-ਗਾਥਾ ਦਾ ਵਰਣਨ ਕੀਤਾ ਗਿਆ ਹੈ, ਜਿਸ ਵਿੱਚ ਸ੍ਰੀ ਕ੍ਰਿਸ਼ਨ ਜੀ ਦੇ ਅਨਗਿਣਤ ਪਹਿਲੂਆਂ ਤੇ ਚਾਨਣਾ ਪਾਇਆ ਗਿਆ ਹੈ, ਜਿਵੇਂ ਪੂਤਨਾ ਬੱਧ, ਸ਼ਕਟ ਬੱਧ, ਯਮੁਲਾਰਜਨ, ਮੱਖਣ ਚੋਰੀ ਕਰਨਾ, ਧੇਨੁਕ ਬੱਧ, ਪ੍ਰਲੰਬ ਬੱਧ, ਗੋਵਰਧਨ ਧਾਰਨ ਇਤਿਆਦਿ। ਸ੍ਰੀ ਕ੍ਰਿਸ਼ਨ ਜੀ ਦੀਆਂ ਲੀਲਾਵਾਂ ਦਾ ਵਰਣਨ ਕਰਦਿਆਂ ਹੋਇਆਂ ਪੁਰਾਣਕਾਰ ਨੇ ਪ੍ਰਕ੍ਰਿਤੀ ਦੀ ਸੁੰਦਰਤਾ ਦਾ ਬੜੇ ਮਨਮੋਹਕ ਸ਼ਬਦਾਂ ਵਿੱਚ ਵਰਣਨ ਕੀਤਾ ਹੈ। ਇਸ ਤੋਂ ਇਲਾਵਾ ਪਦਮ-ਪੁਰਾਣ, ਵਾਯੂ-ਪੁਰਾਣ, ਵਾਮਨ ਪੁਰਾਣ ਸੂਰਯ-ਪੁਰਾਣ ਅਤੇ ਵਿਸ਼ਨੂੰ ਪੁਰਾਣ ਵਿੱਚ ਵੀ ਸ੍ਰੀ ਕ੍ਰਿਸ਼ਨ ਜੀ ਨਾਲ ਸੰਬੰਧਿਤ ਅਨੇਕ ਗਾਥਾਵਾਂ ਦਾ ਵਰਣਨ ਕੀਤਾ ਗਿਆ ਹੈ। ਪਦਮ-ਪੁਰਾਣ ਦੇ ੬੯ ਤੋਂ ਲੈਕੇ ੭੨ ਵੇਂ ਅਧਿਆਇ ਵਿੱਚ ਸ੍ਰੀ ਕ੍ਰਿਸ਼ਨ ਜੀ ਦੇ ਮਹਾਤਮ ਦਾ ਵਰਣਨ ਕੀਤਾ ਗਿਆ ਹੈ, ਅਤੇ ਅਧਿਆਇ ੭੨ ਤੋਂ ਲੈ

ਕੇ ੬੩ ਤਕ ਬਿੰਦਰਾਬਨ ਆਦਿ ਦੇ ਮਹੱਤਵ ਅਤੇ ਸ੍ਰੀ ਕ੍ਰਿਸ਼ਨ ਜੀ ਦੀਆਂ ਲੀਲਾਵਾਂ ਦਾ ਵਿਵੇਚਨ ਕੀਤਾ ਗਿਆ ਹੈ। ਇਸੇ ਹੀ ਪੁਰਾਣ ਵਿੱਚ ਗੋਪੀਆਂ ਦੇ ਅਧਿਆਤਮਕ ਪੱਖ ਅਤੇ ਉਨ੍ਹਾਂ ਦੀ ਉਤਪਤੀ ਦੇ ਵਿਸ਼ੇ ਤੇ ਵਿਸਤਾਰ ਵਿੱਚ ਵਰਣਨ ਕੀਤਾ ਗਿਆ ਹੈ। ਦਵਾਰਿਕਾ, ਗੋਕੁਲ, ਮਥਰਾ, ਬਿੰਦਰਾਬਨ ਆਦਿ ਦਾ ਵੀ ਸੁੰਦਰ ਵਰਣਨ ਕੀਤਾ ਗਿਆ ਹੈ। ਇਸ ਅਧਿਆਇ ਦੇ ਸਲੋਕ ੯੯ ਤੋਂ ੧੦੨ ਤਕ ਸ੍ਰੀ ਕ੍ਰਿਸ਼ਨ ਜੀ ਦੀ ਸੁੰਦਰਤਾ ਦਾ ਅਤਿਅੰਤ ਮਨੋਰਮ ਚਿਤ੍ਰਣ ਮਿਲਦਾ ਹੈ। ਸ੍ਰੀ ਕ੍ਰਿਸ਼ਨ ਭਗਤ ਸਾਹਿੱਤਯ ਤੇ ਇਸ ਪੁਰਾਣ ਦਾ ਡੂੰਘਾ ਪ੍ਰਭਾਵ ਪਿਆ ਹੈ। ਪੁਸ਼ਟੀ ਮਾਰਗੀਯ ਜਿਉਂ ਦਾ ਤਿਉਂ ਹੀ ਅਪਣਾ ਲਿਆ ਹੈ। ਵਾਯੂਪੁਰਾਣ ਵਿੱਚ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਦਾ ਵਰਣਨ ਮਿਲਦਾ ਹੈ। ਇਸ ਤੋਂ ਉਪਰੰਤ ਸ੍ਰੀ ਕ੍ਰਿਸ਼ਨ ਜੀ ਦੀਆਂ ਸੋਲ੍ਹਾਂ ਹਜਾਰ ਰਾਣੀਆਂ ਅਤੇ ਉਨ੍ਹਾਂ ਦੇ ਪੁੱਤਰਾਂ ਆਦਿ ਦਾ ਵਰਣਨ ਹੈ। ਵਾਮਨ-ਪੁਰਾਣ ਵਿੱਚ ਸ੍ਰੀ ਕ੍ਰਿਸ਼ਨ ਜੀਵਨ ਨਾਲ ਸੰਬੰਧਿਤ ਕਥਾਵਾਂ ਦਾ ਵਰਣਨ ਹੈ। ਕੁਰਮ ਪੁਰਾਣ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਕਥਾ ਦਾ ਵਰਣਨ ਹੈ। ਪੁਰਾਣ ਦੇ ੧੪੪ਵੇਂ ਅਧਿਆਇ ਵਿੱਚ ਸ੍ਰੀ ਕ੍ਰਿਸ਼ਨ ਜੀ ਦੀਆਂ ਲੀਲਾਵਾਂ ਦਾ ਵਿਸਥਾਰ ਵਿੱਚ ਵਰਣਨ ਕੀਤਾ ਗਿਆ ਹੈ। ਵਿਸ਼ਨੂੰ ਪੁਰਾਣ ਦੇ ਪੰਦਰਹਵੇਂ ਅਧਿਆਇ ਵਿੱਚ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਦਾ ਵਰਣਨ ਹੈ। ਪੰਜਵੇਂ ਅੰਸੁ ਵਿੱਚ ਸ੍ਰੀ ਕ੍ਰਿਸ਼ਨ ਜੀ ਦੇ ਚਰਿਤ੍ਰ ਦਾ ਵੀ ਵਰਣਨ ਕੀਤਾ ਗਿਆ ਹੈ। ਸ੍ਰੀ ਕ੍ਰਿਸ਼ਨ ਜੀ ਦੇ ਚਰਿਤ੍ਰ ਦੇ ਸੰਬੰਧ ਵਿੱਚ ਸ੍ਰੀ ਮਦ ਭਾਗਵਤ ਪੁਰਾਣ ਸਭ ਤੋਂ ਅਧਿਕ ਮਹੱਤਵਪੂਰਨ ਹੈ। ਸ੍ਰੀ ਕ੍ਰਿਸ਼ਨ ਜੀ ਦੇ ਭਗਤਾਂ ਪਿਆਰਿਆਂ ਨੇ ਇਸ ਵਿੱਚ ਦਰਸਾਏ ਗਏ ਮਾਰਗ ਨੂੰ ਆਪਣਾ ਅਧਾਰ ਮੰਨਿਆ ਹੈ। ਮਹਾਭਾਰਤ ਤੋਂ ਲੈ ਕੇ ਪੁਰਾਣਕਾਲ ਤਕ ਜਿੰਨਾਂ ਵੀ ਸ੍ਰੀ ਕ੍ਰਿਸ਼ਨ ਜੀ ਦਾ ਵਿਵੇਚਨ ਹੋਇਆ ਹੈ, ਉਹ ਸਾਰਾ ਇਸ ਪੁਰਾਣ ਵਿੱਚ ਸੰਕਲਿਤ ਹੈ। ਭਾਵੇਂ ਇਸ ਪੁਰਾਣ ਵਿੱਚ ਸ੍ਰੀ ਕ੍ਰਿਸ਼ਨ ਜੀ ਦੇ ਸਾਰੇ ਰੂਪ ਆ ਗਏ ਹਨ, ਪਰ ਪ੍ਰਮੁੱਖਤਾ ਸ੍ਰੀ ਕ੍ਰਿਸ਼ਨ ਜੀ ਨੂੰ ਦਿੱਤੀ ਗਈ ਹੈ।

ਸ੍ਰੀ ਮਦ ਭਾਗਵਤ ਦੇ ਉਹ ਸਥਾਨ ਘਟਨਾ ਪ੍ਰਧਾਨ ਹਨ ਜਿਹੜੇ ਇਤਿਹਾਸਕ ਘਟਨਾਵਾਂ ਦਾ ਵਰਣਨ ਕਰਦੇ ਹਨ। ਜਿਸ ਤਰ੍ਹਾਂ ਗੋਸਵਾਮੀ ਤੁਲਸੀਦਾਸ ਜੀ ਮਰਯਾਦਾ ਪੁਰਸ਼ੋਤਮ ਰਾਮਚੰਦ੍ਰ ਜੀ ਦੇ ਚਰਿਤ੍ਰ ਦਾ ਚਿਤ੍ਰਨ ਕਰਦਿਆਂ ਹੋਇਆਂ ਭਗਤੀ ਭਾਵ ਨੂੰ ਨਹੀਂ ਤਿਆਗਦੇ ਅਤੇ ਅਣਜਾਣੇ ਵਿੱਚ ਸ੍ਰੀ ਰਾਮਚੰਦ੍ਰ ਜੀ ਦੇ ਚਰਿਤ੍ਰ ਵਿੱਚ ਅਲੌਕਿਕਤਾ ਦਾ ਸਮਾਵੇਸ਼ ਕਰ ਦਿੰਦੇ ਹਨ, ਇਸੇ ਤਰ੍ਹਾਂ ਭਾਗਵਤ ਕਾਰ ਨੇ ਸ੍ਰੀ ਕ੍ਰਿਸ਼ਨ ਜੀ ਦੇ ਘਟਨਾਤਮਕ ਸਥਾਨਾਂ ਤੇ ਵੀ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਮੰਗਲ ਸਰੂਪ ਦੀ ਕਈ ਵਾਰ ਸਿਫਤ ਕੀਤੀ ਹੈ, ਜਿਸ ਤਰ੍ਹਾਂ ਭਾਮਾਸੁਰ ਯੁੱਧ ਦੇ ਸਮੇ, ਬਾਨਾਸੁਰ ਸੰਗ੍ਰਾਮ ਦੇ ਸਮੇਂ ਅਤੇ ਵੇਦ-ਸਤੁਤੀ ਆਦਿ ਵਿੱਚ ਇਨ੍ਹਾਂ ਸਾਰੀਆਂ ਘਟਨਾਵਾਂ ਵਿੱਚ ਅਲੌਕਿਕਤਾ ਦਾ ਸੰਮਿਸ਼ਰਣ ਹੈ ਸੁਰਗ ਤੋਂ ਕਲਪਬ੍ਰਿਛ ਲਿਆਉਣਾ ਦੇਵਕੀ ਦੇ ਮਰੇ ਹੋਏ ਪੁੱਤਰਾਂ ਨੂੰ ਸੂਰਗਾਂ ਵਿੱਚੋਂ ਵਾਪਸ ਲਿਆਉਣਾ

ਵੀ ਭਾਗਵਤ ਕਾਰ ਦਾ ਉਦੇਸ਼ ਭਗਤੀ ਭਾਵ ਦ੍ਰਿੜਾਉਂਦਾ ਹੈ। ਸ੍ਰੀ ਮਦ ਭਾਗਵਤ ਦੇ ਵਿੱਚ ਸ੍ਰੀ ਕ੍ਰਿਸ਼ਨ ਜੀ ਦੇ ਇੱਕ ਗਿਆਨੀ ਦੇ ਰੂਪ ਵਿੱਚ ਦਰਸ਼ਨ ਹੁੰਦੇ ਹਨ। ਇੱਕ ਤਾਂ ਉਹ ਸਾਧਾਰਨ ਉਪਦੇਸ਼ ਹਨ, ਜਿਹੜੇ ਸ੍ਰੀ ਕ੍ਰਿਸ਼ਨ ਜੀ ਨੇ ਸਾਧੂਆਂ, ਮਹਾਤਮਾ, ਪਿਤ੍ਰਾਂ ਆਦਿ ਨੂੰ ਦਿੱਤੇ ਹਨ। ਇਨ੍ਹਾਂ ਉਪਦੇਸ਼ਾਂ ਤੋਂ ਭਾਵ-ਆਪਣਾ ਕਰਮ ਕਰਦਿਆਂ ਹੋਇਆਂ ਭਗਤੀ ਭਾਵ ਕਰਨਾ ਹੈ। ਕੁਝ ਸ੍ਰੀ ਕ੍ਰਿਸ਼ਨ ਜੀ ਦੇ ਉਹ ਵਿਸ਼ੇਸ਼ ਉਪਦੇਸ਼ ਹਨ, ਜਿਹੜੇ ਕਿਸੇ ਵਿਸ਼ੇਸ਼ ਪੁਰਖ ਨੂੰ ਵਿਸ਼ੇਸ਼ ਰੂਪ ਵਿੱਚ ਦਿੱਤੇ ਹਨ। ਜਿਸ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਊਧਵ ਪ੍ਰਤਿ ਉਪਦੇਸ਼, ਧਰੂਅ ਨੂੰ ਨਾਰਦ ਜੀ ਦਾ ਉਪਦੇਸ਼ ਪਰਮਤੱਤ ਅਤੇ ਗਿਆਨ-ਭਗਤੀ ਕਰਮ ਉੱਤੇ ਚਾਨਣਾ ਪਾਉਂਦੇ ਹਨ। ਸ੍ਰੀ ਕ੍ਰਿਸ਼ਨ ਜੀ ਨੇ ਸਿਫਤ ਸਲਾਹ ਭਰਪੂਰ ਉਪਦੇਸ਼ ਵੀ ਦਿੱਤੇ ਹਨ ਅਤੇ ਉਨ੍ਹਾਂ ਨੇ ਗੀਤਾਤਮਕ ਉਪਦੇਸ਼ ਵੀ ਦਿੱਤੇ ਹਨ।

ਸ੍ਰੀ ਕ੍ਰਿਸ਼ਨ ਜੀ ਦੇ ਦੋ ਰੂਪ ਹਨ, ਇੱਕ ਨਿਰਗੁਣ ਅਤੇ ਦੂਸਰਾ ਸਰਗੁਣ ਰੂਪ। ਸ੍ਰੀ ਕ੍ਰਿਸ਼ਨ ਜੀ ਦੀ ਸੁੰਦਰਤਾ ਅਦ੍ਵਿਤਯ ਹੈ। ਸ੍ਰੀ ਕ੍ਰਿਸ਼ਨ ਜੀ ਅਤੇ ਗੋਪੀਆਂ ਦਾ ਪਰਸਪਰ ਪ੍ਰੇਮ ਪਿਆਰ ਅਮਿੱਟ ਹੈ ਅਤੇ ਗਹਿਰਾ ਸੰਬੰਧ ਹੈ। ਸ੍ਰੀ ਕ੍ਰਿਸ਼ਨ ਜੀ ਅਨੇਕ ਭਾਂਤ ਦੀਆਂ ਲੀਲਾਵਾਂ ਕਰਦੇ ਹਨ। ਕਵੀਆਂ ਨੇ ਸ੍ਰੀ ਕ੍ਰਿਸ਼ਨ ਜੀ ਦੇ ਨਿਰਗੁਣ ਅਤੇ ਸਰਗੁਣ ਦੋਹਾਂ ਸਰੂਪਾਂ ਦਾ ਵਰਣਨ ਕੀਤਾ, ਸਰਗੁਣ ਸਰੂਪ ਵਿੱਚ ਸ੍ਰੀ ਕ੍ਰਿਸ਼ਨ ਜੀ ਦੀਆਂ ਅਨੇਕ ਲੀਲਾਵਾਂ ਆਨੰਦਿਤ ਕਰਦੀਆਂ ਹਨ। ਸ੍ਰੀ ਕ੍ਰਿਸ਼ਨ ਜੀ ਦੀ ਬਾਲ-ਲੀਲਾ, ਰਾਸ-ਲੀਲਾ, ਰਾਗ-ਲੀਲਾ, ਕੁੰਜ-ਲੀਲਾ, ਉਨ੍ਹਾਂ ਦੇ ਭਗਤਾਂ ਪਿਆਰਿਆਂ ਨੂੰ ਮੰਤਰ-ਮੁਗਧ ਕਰਦੀਆਂ ਹਨ। ਸ੍ਰੀ ਕ੍ਰਿਸ਼ਨ ਜੀ ਦਾ ਨਿਰਗੁਣ ਰੂਪ ਵੀ ਕੋਈ ਘੱਟ ਨਹੀ। ਕਵੀ ਜਨ ਉਨ੍ਹਾਂ ਦੇ ਸਾਕਾਰ ਰੂਪ ਦਾ ਵਰਣਨ ਕਰਦੇ-ਕਰਦੇ ਅਲੌਕਿਕ ਰੂਪ ਦਾ ਵੀ ਵਰਣਨ ਕਰਦੇ ਹਨ। ਸ੍ਰੀ ਕ੍ਰਿਸ਼ਨ ਜੀ ਦੀ ਅਲੌਕਿਕਤਾ ਦਾ ਵੀ ਕੀ ਕਹਿਣਾ। ਉਹ ਸ੍ਰੀ ਕ੍ਰਿਸ਼ਨ ਜਿਨ੍ਹਾਂ ਦਾ ਦੇਵਤੇ ਜਾਪ ਕਰਦੇ ਹਨ, ਬ੍ਰਹਮਾ ਜਿਨ੍ਹਾਂ ਦਾ ਧਿਆਨ ਕਰਕੇ ਆਪਨੇ ਧਰਮ ਵਿੱਚ ਵਾਧਾ ਕਰਦੇ ਹਨ, ਜਿਨ੍ਹਾਂ ਵਾਸਤੇ ਦੇਵਤੇ, ਕਿੰਨਰ, ਧਰਤੀ ਤੇ ਰਹਿਣ ਵਾਲੀਆਂ ਇਸਤ੍ਰੀਆਂ ਆਪਣੇ ਪ੍ਰਾਣ ਤਕ ਨਿਛਾਵਰ ਕਰਨ ਲਈ ਤਿਆਰ ਰਹਿੰਦੀਆਂ ਹਨ, ਉਸ ਸ੍ਰੀ ਕ੍ਰਿਸ਼ਨ ਜੀ ਨੂੰ ਅਹੀਰ ਦੀਆਂ ਲੜਕੀਆਂ ਥੋੜੀ ਜਿਹੀ ਛਾਛ-ਲੱਸੀ, ਦੀ ਖਾਤਿਰ ਕਰਨ ਲਈ ਨਾਚ ਨਚਾਉਂਦੀਆਂ ਹਨ। ਰਸਖਾਨ ਜੀ ਇਸ ਦ੍ਰਿਸ਼ ਦਾ ਅਤਿ ਸੁੰਦਰ ਵਰਣਨ ਕਰਦੇ ਹਨ :-

*ਸੇਸ ਗਨੇਸ ਦਿਨੇਸ ਸੁਰੇਸਹੁ ਜਾਹਿ ਨਿਰੰਤਰ ਗਾਵੈ।*
*ਜਾਹਿ ਅਨਾਦਿ ਅਨੰਦ ਅਖੰਡ ਅਛੇਦ ਸੁ ਵੇਦ ਬਤਾਵੈ।*
*ਨਾਰਦ ਸੌ ਸੁਕ ਵਿਆਸ ਰਟੈ ਪਚਿ ਹਾਰੇ ਤਊ ਪੁਨਿ ਪਾਰ ਨਾ ਪਾਵੈ।*
*ਤਾਹਿ ਅਹੀਰ ਕੀ ਛੋਹਰੀਯਾ ਛਛੀਯਾ ਭਰਿ ਛਾਛ ਪਰ ਨਾਚ ਨਚਾਵੈ।*

## ਅੱਸੂ

ਗੰਧਰਵ, ਸ਼ਾਰਦਾ, ਅਤੇ ਸ਼ੇਸ਼ਨਾਗ ਜਿਸਦੀ ਪ੍ਰਸੰਸਾ ਕਰਦੇ ਹਨ। ਗਨੇਸ਼ ਜਿਸਦੇ ਅਨੰਤ ਨਾਵਾਂ ਦਾ ਸਿਮਰਨ ਕਰਦੇ ਹਨ, ਬ੍ਰਹਮਾ ਅਤੇ ਸ਼ਿਵ ਜੀ ਜਿਸਦੇ ਸਰੂਪ ਨੂੰ ਨਹੀ ਜਾਣ ਸਕੇ; ਜਿਸਨੂੰ ਪ੍ਰਾਪਤ ਕਰਨ ਲਈ ਜੋਗੀ, ਜਤੀ, ਤਪੱਸਵੀ ਅਤੇ ਸਿੱਧ ਨਿਰੰਤਰ ਸਮਾਧੀ ਲਗਾ ਕੇ ਰਖਦੇ ਹਨ, ਫਿਰ ਵੀ ਉਨ੍ਹਾਂ ਦਾ ਭੇਦ ਨਹੀ ਜਾਣ ਸਕਦੇ, ਉਸ ਕ੍ਰਿਸ਼ਨ ਜੀ ਨੂੰ ਅਹੀਰ ਦੀਆਂ ਲੜਕੀਆਂ ਥੋੜੀ ਜਿਹੀ ਛਾਛ ਦੇ ਲਈ ਨਾਚ ਨਚਾਉਂਦੀਆਂ ਹਨ। ਸ਼ਿਵ ਜੀ ਜਿਨ੍ਹਾਂ ਦਾ ਧਿਆਨ ਧਰਕੇ ਅਰਾਧਨਾ ਕਰਦੇ ਹਨ, ਸਾਰਾ ਸੰਸਾਰ ਜਿਸਦੀ ਪੂਜਾ ਕਰਦਾ ਹੈ, ਜਿਨ੍ਹਾਂ ਤੋਂ ਮਹਾਨ ਅਤੇ ਵੱਡਾ ਕੋਈ ਹੋਰ ਦੇਵਤਾ ਹੈ ਹੀ ਨਹੀਂ, ਉਹੀ ਸ੍ਰੀ ਕ੍ਰਿਸ਼ਨ ਜੀ ਸਾਕਾਰ ਰੂਪ ਧਾਰਨ ਕਰਕੇ ਅਵਤਰਿਤ ਹੋਏ ਹਨ, ਜਿਹੜੇ ਆਪ ਵਿਰਾਟ ਪੁਰਖ ਹਨ, ਉਹ ਆਪਣੀ ਲੀਲਾ ਵਿਖਾਉਣ ਲਈ ਮਿੱਟੀ ਖਾਂਦੇ ਹਨ।

ਸ੍ਰੀ ਕ੍ਰਿਸ਼ਨ ਜੀ ਨੂੰ ਪ੍ਰਾਪਤ ਕਰਨ ਲਈ ਸਾਰੀ ਸ੍ਰਿਸ਼ਟੀ ਪ੍ਰਯਤਨਸ਼ੀਲ ਹੈ। ਸ੍ਰੀ ਕ੍ਰਿਸ਼ਨ ਜੀ ਦੀ ਅਰਾਧਨਾ ਬ੍ਰਹਮਾ ਦਿਨ ਰਾਤ ਕਰਦੇ ਹਨ। ਸ੍ਰੀ ਕ੍ਰਿਸ਼ਨ ਜੀ ਆਨੰਦ ਦੇ ਭੰਡਾਰ ਹਨ, ਪ੍ਰਾਣਾਂ ਦੇ ਪ੍ਰਾਣ ਹਨ, ਜਿਨ੍ਹਾਂ ਦੇ ਦਰਸ਼ਨ ਕਰਨ ਵਾਸਤੇ ਲੱਖਾਂ ਲੋਕ ਭਰਮਦੇ ਰਹਿੰਦੇ ਹਨ, ਸ੍ਰੀ ਕ੍ਰਿਸ਼ਨ ਜੀ ਧਰਤੀ ਤੇ ਵਿਚਰਨ ਵਾਲੇ ਲੋਕਾਂ ਦੇ ਅਹੰਕਾਰ, ਘਮੰਡ, ਚੂਰ ਕਰਦੇ ਹਨ, ਉਨ੍ਹਾਂ ਦੀ ਸੁੰਦਰਤਾ ਦਾ ਵਰਣਨ ਨਹੀ ਕੀਤਾ ਜਾ ਸਕਦਾ, ਜੋ ਅਤਿ ਮਨਮੋਹਕ ਰਮਣੀਯ ਹਨ, ਉਹ ਮਾਤਾ ਯਸ਼ੋਧਾ ਕੋਲੋ ਖੁਰਚਨੀ ਲੈਣ ਲਈ ਮਚਲਕੇ ਖਲੋਤੇ ਹੋਏ ਹਨ।

ਰਸਖਾਨ ਜੀ ਬੜੇ ਸੁੰਦਰ ਸ਼ਬਦਾਂ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਛਬਿ ਦਾ ਵਰਣਨ ਕਰਦੇ ਹਨ –

*ਵੋਹੀ ਬ੍ਰਹਮਾ ਜਾਹਿ ਸੋਵਤ ਹੈ ਰਾਤ ਦਿਨ*
*ਸਦਾ ਸ਼ਿਵ ਸਤਾ ਹੀ ਧਰਤ ਧਿਆਨ ਗਾੜੇ ਹੈ।*
*ਵੋਹੀ ਵਿਸ਼ਨੂੰ ਜਾਕੇ ਕਾਜ ਮਾਨੀ, ਮੂੜਾ ਰਾਜਾ ਰੰਕ*
*ਜੋਗੀ ਜਤੀ ਹ੍ਵੈ ਕੇ ਸੀਤ ਸਹਯੋ ਅੰਗ ਠਾਢੇ ਹੈ।*
*ਵੋਹੀ ਬ੍ਰਿਜਨੰਦ ਰਸਖਾਨਿ ਪ੍ਰਾਣ ਪ੍ਰਾਨਣ ਕੇ*
*ਜਾਕੇ ਅਭਿਲਾਖ ਲਾਖ ਲਾਖ ਭਾਂਤੀ ਬਾੜੈ ਹੈ।*
*ਯਸ਼ੋਧਾ ਕੇ ਆਗੇ ਵਸੁਧਾ ਕੇ ਮਾਨ ਮੋਚਨ ਯੇ*
*ਤਾਮਰਸ ਲੋਚਨ ਖਰੋਚਨ ਕੇ ਠਾਢੇ ਹੈ।*

ਸੂਰਦਾਸ ਦੀ ਤਰ੍ਹਾਂ ਰਸਖਾਨ ਸ੍ਰੀ ਕ੍ਰਿਸ਼ਨ ਜੀ ਦੀ ਛਬਿ ਤੋਂ ਵਾਰਣੇ ਬਲਿਹਾਰਣੇ ਜਾਂਦੇ ਹਨ। ਉਨ੍ਹਾਂ ਦਾ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਨਾਲ ਅਥਾਹ ਪ੍ਰੇਮ, ਅਤੁੱਟ ਪਿਆਰ ਹੈ। ਇਸ ਲਈ ਉਨ੍ਹਾਂ ਦੇ ਹਿਰਦੇ ਅੰਦਰ ਇਹ ਤੀਵਰ ਤਾਂਘ ਹੈ, ਕਿ ਉਹ, ਅਗਲੇ ਜਨਮ ਵਿੱਚ ਜੇਕਰ ਉਨ੍ਹਾਂ ਨੂੰ ਮਨੁੱਖ ਦੀ ਜੂਨੀ ਮਿਲੇ ਤਾ ਉਹ ਬ੍ਰਿਜ-ਭੂਮੀ ਵਿਖੇ ਹੀ ਪੈਦਾ ਹੋਣ ਤਾ ਕਿ ਉਨ੍ਹਾਂ ਨੂੰ ਗੋਪੀਆਂ ਦੀ

ਗਵਾਲਿਆਂ ਦੀ ਸੰਗਤ ਪ੍ਰਾਪਤ ਹੋਵੇ, ਜੇਕਰ ਉਨ੍ਹਾਂ ਨੂੰ ਪਸ਼ੂਆਂ ਦੀ ਜੂਨ ਵਿੱਚ ਪੈਣਾ ਪਵੇ ਤਾਂ ਵੀ ਉਨ੍ਹਾਂ ਦਾ ਜਨਮ ਬ੍ਰਿਜ ਵਿਖੇ ਹੋਵੇ, ਤਾਂ ਕਿ ਉਹ ਬਾਬਾ ਨੰਦ ਦੀਆਂ ਗਊਆਂ ਨਾਲ ਵਿਚਰ ਸਕਣ। ਜੇਕਰ ਉਹ ਪੱਥਰ ਬਣਨ ਤਾਂ ਉਸੇ ਪਰਬਤ ਦੇ ਬਣਨ ਜਿਸਨੂੰ ਇੰਦਰ ਦਾ ਅਭਿਮਾਨ ਖੰਡਨ ਕਰਨ ਲਈ ਸ੍ਰੀ ਕ੍ਰਿਸ਼ਨ ਜੀ ਨੇ ਆਪਣੀ ਉਂਗਲੀ ਤੇ ਧਾਰਨ ਕੀਤਾ ਸੀ ਅਤੇ ਜੇਕਰ ਉਹ ਪੰਖੀ ਬਣਨ ਤਾ ਹਮੇਸ਼ਾ ਜਮਨਾ ਨਦੀ ਦੇ ਕਿਨਾਰੇ ਲੱਗੇ ਰੁੱਖਾਂ ਉੱਤੇ ਬਹਿਕੇ ਚਹਿਚਹਾਉਣ। ਉਹ ਆਪਣੇ ਸਰੀਰ ਦੇ ਹਰੇਕ ਅੰਗ ਨੂੰ ਸ੍ਰੀ ਕ੍ਰਿਸ਼ਨ ਜੀ ਦੀ ਸੇਵਾ ਵਿੱਚ ਅਰਪਣ ਕਰਨਾ ਚਾਹੁੰਦੇ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਕ੍ਰਿਸ਼ਨ ਜੀ ਦੀ ਛਬਿ ਦਾ ਵਰਣਨ ਕਰ ਰਹੇ ਹਨ —

**ਕਬਿੱਤੁ।।ਕਮਲ ਸੋ ਆਨਨ ਕੁਰੰਗ ਤਾਕੇ ਬਾਕੇ ਨੈਨ**
**ਕਟ ਸਮ ਕੇਹਰਿ ਮ੍ਰਿਨਾਲ ਬਾਹੈ ਐਨ ਹੈ।।**
**ਕੋਕਲ ਸੋ ਕੰਠ ਕੀਰ ਨਾਸਕਾ ਧਨੁਖੁ ਭਉਹੈ**
**ਬਾਨੀ ਸੁਰ ਸਰ ਜਾਹਿ ਲਾਗੈ ਨਹਿ ਚੈਨ ਹੈ।।**
**ਤ੍ਰੀਅਨਿ ਕੋ ਮੋਹਤਿ ਫਿਰਤਿ ਗ੍ਰਾਮ ਆਸ ਪਾਸ**
**ਬਿਰਹਨ ਕੇ ਦਾਹਬੇ ਕੋ ਜੈਸੇ ਪਤ ਰੈਨ ਹੈ।।**
**ਪੁਨ ਮੰਦਿ ਮਤਿ ਲੋਕ ਕਛੁ ਜਾਨਤ ਨ ਭੇਦ ਯਾਕੋ**
**ਏਤੇ ਪਰ ਕਹੈ ਚਰਵਾਰੋ ਸਯਾਮ ਧੇਨ ਹੈ।।੧੯੦।।**

*– ਦਸਮ ਗ੍ਰੰਥ ਪੰਨਾ ੨੭੬*

ਇਸ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਦੀ ਛਬਿ ਦਾ ਵਰਣਨ ਸ਼ਬਦਾਂ ਵਿੱਚ ਕਰਨਾ ਅਤਿ ਕਠਿਨ ਹੈ।

## ੧੦

**ਕਾਤਕ ਕੀ ਸਖੀ ਰਾਸ ਬਿਖੈ**
**ਰੁਤ ਖੇਲਤ ਥੀ ਹਰਿ ਸੋ ਚਿਤਲਾਈ।।**
**ਸੇਤਹੁ ਗ੍ਵਾਰਨ ਕੇ ਪਟ ਛਾਜਤ**
**ਸੇਤ ਨਦੀ ਤਹ ਧਾਰ ਬਹਾਈ।।**
**ਭੂਖਨ ਸੇਤਹ ਗੋਪਨ ਕੇ ਅਰੁ**
**ਮੋਤਨਹਾਰ ਭਲੀ ਛਬਿ ਪਾਈ।।**
**ਤਉਨ ਸਮੈ ਸੁਖਦਾਇਕ ਥੀ ਰਿਤ**
**ਅਉਸਰ ਯਾਹਿ ਭਈ ਦੁਖਦਾਈ।।੮੭੫।।**

*- ਦਸਮ ਗ੍ਰੰਥ ਪੰਨਾ ੩੭੦*

**ਸ਼ਬਦਾਰਥ :**

ਰੁਤ-ਪ੍ਰੇਮ ਮਗਨ ਹੋ ਕੇ। ਸੇਤਹਿ-ਸਫੈਦ, ਉੱਜਲ, ਚਿੱਟੇ। ਪਟ-ਬਸਤ੍ਰ। ਬਹਾਈ-ਚਿੱਟੀ ਨਿਰਮਲ ਜਲ ਦੀ ਧਾਰ ਉੱਥੇ ਵਗਦੀ ਸੀ। ਹਾਰ-ਚਿੱਟੇ ਹੀ ਮੋਤੀਆਂ ਦੇ ਹਾਰ ਪਹਿਨੇ ਹੋਏ ਸਨ। ਭਲੀ-ਸਾਰੇ ਹੀ ਸਾਜ਼ ਸ਼ਿੰਗਾਰ ਸਫੈਦ ਹੋਣ ਕਰਕੇ ਬੜਾ ਹੀ ਸੁੰਦਰ ਨਜ਼ਾਰਾ ਬਣ ਜਾਂਦਾ ਸੀ।

**ਵਿਆਖਿਆ :**

ਗੋਪੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਕੱਤਕ ਦੇ ਮਹੀਨੇ ਵਿੱਚ ਬਿਤਾਏ ਹੋਏ ਪਲਾਂ ਦੀ ਯਾਦ ਸਤਾਉਂਦੀ ਹੈ। ਇਸ ਮਹੀਨੇ ਵਿੱਚ ਗੋਪੀਆਂ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਰਾਸ ਲੀਲਾ ਰਚਾਉਂਦੀਆਂ ਸਨ, ਤੇ ਬੜਾ ਚਿਤ ਲਗਾ ਕੇ ਆਪਣੇ ਪਿਆਰੇ ਹਰੀ ਨਾਲ ਰਾਸ ਕ੍ਰੀੜਾ ਖੇਡਦੀਆਂ ਹੁੰਦੀਆਂ ਸਨ। ਉਸ ਸਮੇਂ ਦੀ ਉਜੱਲਤਾ ਦਾ ਇੱਕ ਅਨੋਖਾ ਹੀ ਦ੍ਰਿਸ਼ ਸੀ। ਗੁਆਲਨੀਆਂ ਦੇ ਸੁੰਦਰ ਸਰੀਰਾਂ ਉੱਤੇ ਚਿੱਟੇ ਕਪੜੇ ਪਾਏ ਹੋਏ ਅਤਿਅੰਤ ਸੁੰਦਰ ਲਗਦੇ ਸਨ, ਅਤੇ ਵਗਦੀ ਹੋਈ ਨਦੀ ਦੀ ਧਾਰਾ ਦਾ ਰੰਗ ਵੀ ਚਿੱਟਾ ਸੀ। ਗੋਪੀਆਂ ਦੇ ਸਰੀਰਾਂ ਉੱਤੇ ਗਹਿਣੇ ਪਾਏ ਹੋਏ ਸਨ, ਉਹ ਵੀ ਚਿੱਟੇ ਸਨ ਅਤੇ ਗਲੇ ਵਿੱਚ ਚਿੱਟੇ ਮੋਤੀਆਂ ਦੇ ਪਾਏ ਹੋਏ ਹਾਰ ਵੀ ਅਤਿ ਸੁੰਦਰ ਲੱਗ ਰਹੇ ਸਨ। ਜਿਸ ਪਾਸੇ ਵੀ, ਜਿੱਥੇ ਤਕ ਦ੍ਰਿਸ਼ਟੀ ਪੈਂਦੀ, ਸਭ-ਕੁਝ ਸਫੈਦ,

ਉਜੂੱਲ ਦਿੱਸਦਾ। ਗਵਾਲਿਆਂ ਦੇ ਸਰੀਰਾਂ ਉੱਤੇ ਚਿੱਟੇ ਮੋਤੀਆਂ ਦੇ ਹਾਰ, ਇਹ ਵੀ ਅਤਿ ਸੁੰਦਰ ਪ੍ਰਤੀਤ ਹੁੰਦੇ। ਗੋਪੀਆਂ ਅਤੇ ਗੋਪ ਗਵਾਲਿਆਂ ਦਾ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਬਿਤਾਇਆ ਹੋਇਆ ਸਮਾਂ ਕਿੰਨਾ ਸੁਖਦਾਈ ਸੀ, ਤੇ ਹੁਣ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਉਹ ਅਤਿਅੰਤ ਦੁਖਦਾਈ ਹੋ ਗਿਆ ਹੈ।

ਗੋਪੀਆਂ ਆਪਣੇ ਸਰੀਰਾਂ ਉੱਤੇ ਸਫੈਦ ਬਸਤ੍ਰ ਧਾਰਨ ਕਰਕੇ, ਗਲਾਂ ਵਿੱਚ ਚਿੱਟੇ ਰੰਗ ਦੇ ਹਾਰ ਪਾ ਕੇ, ਚਿੱਟੇ ਰੰਗ ਦੀ ਨਦੀ ਦੀ ਧਾਰਾ ਦੇ ਕੋਲ ਸ੍ਰੀ ਕ੍ਰਿਸ਼ਨ ਜੀ ਨਾਲ ਰਾਸ ਲੀਲਾ ਕਰਕੇ ਆਨੰਦ ਮਗਨ ਹੁੰਦੀਆਂ।

## ਹਰਿ ਸੋ ਚਿਤ ਲਾਈ

ਮਛਲੀ ਬੰਦਰ ਵਿਖੇ ਇੱਕ ਭਾਗਾਂ ਵਾਲਾ ਰਾਜਾ ਦਰੁਪਦ ਰਹਿੰਦਾ ਸੀ। ਸੂਰਬੀਰ ਯੋਧੇ ਹਮੇਸ਼ਾ ਹੀ ਉਸਦੇ ਚਰਨਾਂ ਨਾਲ ਜੁੜੇ ਰਹਿੰਦੇ ਸਨ। ਰਾਜੇ ਨੇ ਇੱਕ ਯੱਗ ਕਰਨ ਬਾਰੇ ਸੋਚਕੇ ਸਾਰੇ ਬ੍ਰਾਹਮਣਾਂ ਨੂੰ ਬੁਲਾਇਆ। ਉਨ੍ਹਾਂ ਦਾ ਖੂਬ ਆਦਰ ਮਾਣ ਕੀਤਾ ਅਤੇ ਸਾਰਿਆਂ ਦੀ ਰੱਜ ਕੇ ਸੇਵਾ ਕੀਤੀ। ਉਸ ਯੱਗ ਦੀ ਅਗਨੀ ਵਿੱਚੋਂ ਇੱਕ ਕੰਨਿਆ ਨਿਕਲੀ। ਬ੍ਰਾਹਮਣਾਂ ਨੇ ਸੋਚ ਵਿਚਾਰ ਕਰਕੇ ਉਸਦਾ ਨਾਮ ਦ੍ਰੋਪਦੀ ਰੱਖਿਆ। ਜਦੋਂ ਉਹ ਜੁਆਨ ਹੋਈ ਤਾਂ ਇੱਕ ਫੈਸਲਾ ਕੀਤਾ ਗਿਆ ਕਿ ਇਸ ਪ੍ਰਕਾਰ ਦਾ ਸੁਅੰਬਰ ਰਚਿਆ ਜਾਵੇ ਕਿ ਉਸਨੂੰ ਇੱਕ ਸੂਰਬੀਰ ਵਰਿਆਮ ਪਤੀ ਪ੍ਰਾਪਤ ਹੋ ਸਕੇ। ਇੱਕ ਨਕਲੀ ਮੱਛੀ ਨੂੰ ਉਪਰ ਟੰਗ ਦਿੱਤਾ ਗਿਆ ਅਤੇ ਥੱਲੇ ਤੇਲ ਦਾ ਕੜ੍ਹਾਇਆ ਰੱਖ ਦਿੱਤਾ ਗਿਆ। ਜਿਹੜਾ ਵਿਅਕਤੀ ਤੇਲ ਵਿੱਚ ਪ੍ਰਛਾਵਾਂ ਵੇਖਕੇ, ਘੁੰਮ ਰਹੀ ਮੱਛੀ ਦੀ ਸੱਜੀ ਅੱਖ ਵਿਚ ਤੀਰ ਮਾਰੇ, ਉਹ ਹੀ ਦਰੋਪਦੀ ਨਾਲ ਵਿਆਹ ਕਰ ਸਕਦਾ ਹੈ। ਬੜੀ ਦੂਰ-ਦੂਰ ਤੋਂ ਵੱਡੇ ਵੱਡੇ ਰਾਜੇ ਉੱਥੇ ਪਹੁੰਚੇ ਪਰ ਕੋਈ ਵੀ ਮੱਛੀ ਦੀ ਅੱਖ ਵਿੱਚ ਤੀਰ ਮਾਰਨ ਵਿੱਚ ਸਫਲ ਨਾ ਹੋ ਸਕਿਆ। ਇਸ ਤਰ੍ਹਾਂ ਸ਼ਰਮਿੰਦੇ ਹੋ ਕੇ ਆਪਣੇ ਘਰਾਂ ਨੂੰ ਵਾਪਸ ਚਲੇ ਗਏ।

ਵੀਰ ਅਰਜਨ ਵੀ ਦ੍ਰੋਪਦੀ ਦੀ ਸਭਾ ਵਿੱਚ ਪਹੁੰਚੇ। ਉਨ੍ਹਾਂ ਨੇ ਬੜੇ ਗਹੁ ਨਾਲ ਮੱਛੀ ਦੇ ਦੱਖਣੀ ਭਾਗ ਨੂੰ ਵੇਖਿਆ ਤੇ ਤੀਰ ਠੀਕ ਨਿਸ਼ਾਨੇ ਜਾ ਲੱਗਾ। ਸਾਰੇ ਦੇਵਤੇ ਅਰਜਨ ਦੀ ਸਫਲਤਾ ਤੇ ਖੁਸ਼ ਹੋਏ, ਪਰ ਉੱਥੇ ਬੈਠੇ ਸੂਰਬੀਰਾਂ ਨੂੰ ਚੰਗਾ ਨਾ ਲਗਿਆ। ਖੂਬ ਲੜਾਈ ਹੋਈ। ਯੁੱਧ ਵਿੱਚ ਇੱਕ ਤੀਰ ਅਰਜਨ ਨੂੰ ਲਗਿਆ। ਉਹ ਆਪਣਾ ਆਪ ਸੰਭਾਲ ਨਾ ਸਕੇ ਤੇ ਬੇਹੋਸ਼ ਹੋ ਕੇ ਡਿੱਗ ਪਏ। ਦਰੋਪਦੀ ਅਤਿਅੰਤ ਸੂਰਬੀਰ ਸੀ। ਉਸ ਨੇ ਤੀਰ ਕਮਾਨ ਸੰਭਾਲ ਲਿਆ ਅਤੇ ਝੱਟ ਹੀ ਕਈ ਯੋਧਿਆਂ ਨੂੰ ਮਾਰ ਗਿਰਾਇਆ। ਇੱਕ ਬਾਣ ਕਰਣ ਨੂੰ

ਮਾਰਿਆ ਅਤੇ ਦੁਰਯੋਧਨ ਨੂੰ ਅਗਨੀ ਬਾਣ ਮਾਰਿਆ। ਭੀਸ਼ਮ, ਦਰੋਣ, ਆਦਿ ਨੂੰ ਜ਼ਖਮੀ ਕਰ ਦਿੱਤਾ। ਅਸ਼ਵਧਾਮਾ, ਕਿਰਪਾਚਾਰੀਆ ਅਤੇ ਦੁਸ਼ਾਸਨ ਆਦਿ ਦੇ ਘੋੜਿਆਂ ਨੂੰ ਮਾਰ ਦਿੱਤਾ। ਦ੍ਰੋਪਦੀ ਨੇ ਅਨੇਕ ਪ੍ਰਕਾਰ ਦੇ ਯੁੱਧ ਕਰਕੇ ਉਨ੍ਹਾਂ ਨੂੰ ਇੱਕ ਪਹਿਰ ਤਕ ਰੋਕੀ ਰੱਖਿਆ ਅਤੇ ਅੰਤ ਵਿੱਚ ਕੌਰਵਾਂ ਦੀ ਸਾਰੀ ਸੈਨਾ ਭੱਜ ਗਈ। ਅਰਜਨ ਦ੍ਰੋਪਦੀ ਦੇ ਯੁੱਧ ਨੂੰ ਵੇਖਕੇ ਅਤਿਅੰਤ ਪ੍ਰਸੰਨ ਹੋਏ ਅਤੇ ਕਹਿਣ ਲੱਗੇ,'ਹੇ ਦ੍ਰੋਪਦੀ ! ਮੈਂ ਤਾਂ ਅੱਜ ਧਰਤੀ ਤੇ ਧੰਨ ਹੋ ਗਿਆ ਹਾਂ। ਮੈਂ ਤਾਂ ਬਿਨਾ ਮੁੱਲ ਦੇ ਹੀ ਵਿਕ ਗਿਆ ਹਾਂ ! ਤੂੰ ਜੋ ਕਹੇਂਗੀ, ਮੈਂ ਉਹੀ ਕਾਰਜ ਕਰਾਂਗਾ ਅਤੇ ਆਪਣੇ ਪ੍ਰਾਣਾਂ ਦੀ ਰਤਾ ਭਰ ਵੀ ਪਰਵਾਹ ਨਹੀਂ ਕਰਾਂਗਾ।' ਦ੍ਰੋਪਦੀ ਨੂੰ ਜਿੱਤਕੇ ਖੁਸ਼ੀ-ਖੁਸ਼ੀ ਅਰਜਨ ਆਪਣੇ ਘਰ ਵਲ ਨੂੰ ਟੁਰ ਪਏ।

ਦ੍ਰੋਪਦੀ ਅਤਿਅੰਤ ਸੁੰਦਰੀ ਸੀ। ਜੇਕਰ ਇਹ ਕਹਿ ਦਿੱਤਾ ਜਾਵੇ ਕਿ ਸੁੰਦਰਤਾ ਵਿੱਚ ਉਸਦਾ ਸਾਨੀ ਕੋਈ ਸਾਰੀ ਪ੍ਰਿਥਵੀ ਤੇ ਨਹੀ ਸੀ, ਤਾਂ ਇਹ ਕੋਈ ਅਤਿਕਥਨੀ ਨਹੀਂ। ਕਿਹਾ ਜਾਂਦਾ ਹੈ, ਕਿ ਦ੍ਰੋਪਦੀ ਦੇ ਸੁੰਦਰ ਸਰੀਰ ਵਿੱਚੋਂ ਖਿਲੇ ਹੋਏ ਕਮਲ ਵਰਗੀ ਸੁਗੰਧ ਨਿਕਲਦੀ ਸੀ, ਜਿਸਦੀ ਮਹਿਕ ਇੱਕ ਕੋਹ ਤੱਕ ਫੈਲ ਜਾਂਦੀ ਸੀ। ਜਿਸ ਵਕਤ ਦ੍ਰੋਪਦੀ ਪੈਦਾ ਹੋਈ ਤਾਂ ਇੱਕ ਆਕਾਸ਼ਵਾਣੀ ਹੋਈ,'ਦੇਵਤਿਆਂ ਦਾ ਕੰਮ ਸਿੱਧ ਕਰਨ ਲਈ, ਖੱਤਰੀਆਂ ਦਾ ਮੰਗਲ ਕਰਨ ਲਈ, ਇਸ ਸੁੰਦਰ ਇਸਤ੍ਰੀ ਦਾ ਜਨਮ ਹੋਇਆ ਹੈ'। ਪਹਿਲੇ ਜਨਮ ਵਿੱਚ ਸੁੰਦਰ ਜੀ ਦੇ ਦਿੱਤੇ ਵਰਦਾਨ ਕਰਕੇ ਇਸਨੂੰ ਪੰਜਾਂ ਪਾਡਵਾਂ ਦੀ ਸੁਪੱਤਨੀ ਬਣਨ ਦਾ ਅਧਿਕਾਰ ਮਿਲਿਆ, ਸਵੰਬਰ ਵਿੱਚ ਭਾਵੇਂ ਇਸਨੂੰ ਅਰਜਨ ਨੇ ਹੀ ਜਿੱਤਿਆ ਸੀ।

ਦ੍ਰੋਪਦੀ ਉੱਚ ਕੋਟੀ ਦੀ ਪਤਿਬ੍ਰਤਾ ਇਸਤ੍ਰੀ ਅਤੇ ਅਕਾਲ-ਪੁਰਖ ਦੀ ਪਿਆਰੀ ਸੀ। ਇਸਦਾ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਨਾਲ ਅਥਾਹ ਪ੍ਰੇਮ, ਪਿਆਰ ਸੀ। ਇਹ ਸ੍ਰੀ ਕਿਸ਼ਨ ਜੀ ਨੂੰ ਆਪਣਾ ਰਖਿੱਅਕ, ਹਿਤੈਸ਼ੀ, ਸਰਵ ਵਿਆਪਕ ਅਤੇ ਸਰਵ ਸ਼ਕਤੀਮਾਨ ਮੰਨਦੀ ਸੀ। ਜਦੋਂ ਕੌਰਵਾਂ ਨੇ ਇਸਨੂੰ ਜੂਏ ਵਿੱਚ ਜਿੱਤ ਲਿਆ ਸੀ, ਅਤੇ ਦੁਸ਼ਟ ਦੁਸ਼ਾਸਨ ਨੇ ਉਸਨੂੰ ਵਾਲਾਂ ਤੋਂ ਖਿੱਚ ਕੇ ਸਭਾ ਵਿੱਚ ਲਿਆਂਦਾ ਸੀ, ਉਸ ਵੇਲੇ, ਉਸ ਅਉਖੇ ਪਲਾਂ ਵਿੱਚ ਦ੍ਰੋਪਦੀ ਨੇ ਆਪਣੇ ਪਿਆਰੇ ਇਸ਼ਟ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਦਾ ਧਿਆਨ ਆਪਣੇ ਮਨ ਵਿੱਚ ਧਾਰਨ ਕਰਕੇ ਪੁਕਾਰ ਕੀਤੀ। ਇਸਦਾ ਵਰਣਨ ਭਾਈ ਗੁਰਦਾਸ ਜੀ ਇਨ੍ਹਾਂ ਸ਼ਬਦਾਂ ਵਿੱਚ ਕਰਦੇ ਹਨ :-

*ਅੰਦਰਿ ਸਭਾ ਦੁਸਾਸਣੈ ਮਥੇ ਵਾਲਿ ਦ੍ਰੋਪਤੀ ਆਂਦੀ।*
*ਦੂਤਾ ਨੋ ਫੁਰਮਾਇਆ, ਨੰਗੀ ਕਰਹੁ ਪੰਚਾਲੀ ਬਾਂਦੀ।*
*ਪੰਜੇ ਪਾਂਡੋ ਵੇਖਦੇ, ਅਉਘਟਿ ਰੁਧੀ ਨਾਰਿ ਜਿਨਾ ਦੀ।*
*ਅਖੀ ਮੀਟ ਧਿਆਨੁ ਧਰਿ, ਹਾਹਾ ਕ੍ਰਿਸਨ ਕਰੈ ਬਿਲਲਾਂਦੀ।*
*ਕਪੜ ਕੋਟੁ ਉਸਾਰਿਓਨੁ, ਥਕੇ ਦੂਤ ਨ ਪਾਰਿ ਵਸਾਂਦੀ।*

*ਹਥ ਮਰੋੜਨਿ ਸਿਰੁ ਧੁਣਨਿ, ਪਛੋਤਾਨਿ ਕਰਨਿ ਜਾਹਿ ਜਾਂਦੀ।*
*ਘਰਿ ਆਈ ਠਾਕੁਰ ਮਿਲੇ, ਪੈਜ ਰਹੀ ਬੋਲੇ ਸ਼ਰਮਾਂਦੀ।*
*ਨਾਥ ਅਨਾਥਾਂ, ਬਾਣਿ ਧੁਰਾਂ ਦੀ ।*

*– ਵਾਰ ੧੦ ਪਉੜੀ ੮*

ਸੱਚੇ ਹਿਰਦੇ ਅੰਦਰੋਂ ਨਿਕਲੀ ਹੋਈ ਪੁਕਾਰ ਦੀ ਸੁਣਵਾਈ ਬਹੁਤ ਜਲਦੀ ਹੁੰਦੀ ਹੈ। ਸ੍ਰੀ ਕ੍ਰਿਸ਼ਨ ਜੀ ਉਸ ਵੇਲੇ ਦ੍ਵਾਰਕਾ ਨਗਰੀ ਵਿੱਚ ਸਨ। ਇਧਰ ਦ੍ਰੋਪਦੀ ਦ੍ਵਾਰਕਾਧੀਸ਼ ਕਹਿਕੇ ਪੁਕਾਰ ਰਹੀ ਸੀ, ਉਧਰ ਉਸਦੀ ਪੁਕਾਰ ਸ੍ਰੀ ਕ੍ਰਿਸ਼ਨ ਜੀ ਤਕ ਪਹੁੰਚ ਰਹੀ ਸੀ। ਖਿਨਾਂ ਵਿੱਚ ਸ੍ਰੀ ਕ੍ਰਿਸ਼ਨ ਜੀ ਸਭਾ ਅੰਦਰ ਵਿਰਲਾਪ ਕਰਦੀ ਹੋਈ ਦ੍ਰੋਪਦੀ ਦੇ ਸਹਾਇਕ ਬਣੇ। ਇੱਕ ਪਾਸੇ ਦੁਸ਼ਾਸਨ ਦ੍ਰੋਪਦੀ ਦੀ ਸਾੜੀ ਨੂੰ ਖਿੱਚ-ਖਿੱਚ ਦ੍ਰੋਪਦੀ ਨੂੰ ਨੰਗਿਆਂ ਕਰਨ ਦੇ ਉਪਰਾਲੇ ਕਰਦਾ, ਉਧਰ ਸ੍ਰੀ ਕ੍ਰਿਸ਼ਨ ਜੀ ਦੀ ਕ੍ਰਿਪਾ ਨਾਲ ਦ੍ਰੋਪਦੀ ਦੀ ਸਾੜੀ ਦੇ ਅੰਬਾਰ ਲੱਗ ਗਏ। ਅਨੇਕਾਂ ਪ੍ਰਯਤਨਾਂ ਦੇ ਬਾਵਜੂਦ ਵੀ ਉਹ ਉਸਨੂੰ ਨਗਨ ਨਾ ਕਰ ਸਕੇ। ਉੱਥੇ ਬੈਠੇ ਸਾਰੇ ਲੋਕਾਂ ਨੇ ਇਸ ਦ੍ਰਿਸ਼ ਨੂੰ ਵੇਖਿਆ, ਇਸ ਚਮਤਕਾਰ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਵੇਖਿਆ। ਦੁਸ਼ਾਸਨ ਸ਼ਰਮਿੰਦਾ ਹੋ ਕੇ, ਥੱਕ ਹਾਰ ਕੇ ਰਹਿ ਗਿਆ। ਆਪਣੇ ਪ੍ਰਭੂ-ਭਗਤਾਂ ਪਿਆਰਿਆਂ ਦੀ ਪ੍ਰਭੂ ਨੇ ਆਪ ਰੱਖਿਆ ਕੀਤੀ।

ਇੱਕ ਦਿਨ ਦੁਰਯੋਧਨ ਮਹਾਰਿਸ਼ੀ ਦੁਰਬਾਸ਼ਾ ਨੂੰ ਆਪਣੇ ਦਸ ਹਜ਼ਾਰ ਸ਼ਿਸ਼ ਨਾਲ ਲੈ ਕੇ ਉਸ ਜੰਗਲ ਵਿੱਚ ਪਹੁੰਚੇ ਜਿੱਥੇ ਪਾਂਡਵ ਦ੍ਰੋਪਦੀ ਦੇ ਨਾਲ ਰਹਿੰਦੇ ਸਨ। ਦੁਰਯੋਧਨ ਨੇ ਜਾਣ ਬੁੱਝ ਕੇ ਦੁਰਬਾਸ਼ਾ ਨੂੰ ਉਸ ਵੇਲੇ ਪਾਂਡਵਾਂ ਵਲ ਭੇਜਿਆ ਜਦੋਂ ਉਹ ਸਾਰੇ ਭੋਜਨ ਕਰ ਚੁੱਕੇ ਸਨ। ਮਹਾਰਾਜ ਯੁਧਿਸ਼ਟਰ ਨੇ ਸੂਰਜ ਦੇਵਤਾ ਕੋਲੋਂ ਇੱਕ ਐਸਾ ਚਮਤਕਾਰੀ ਬਰਤਨ ਪ੍ਰਾਪਤ ਕੀਤਾ ਹੋਇਆ ਸੀ, ਜਿਸ ਵਿੱਚ ਥੋੜੇ ਅੰਨ ਨਾਲ ਹੀ ਬਰਕਤ ਪੈ ਜਾਂਦੀ ਸੀ ਤੇ ਸਾਰੇ ਅਤਿਥੀ ਭੋਜਨ ਕਰਕੇ ਤ੍ਰਿਪਤ ਹੋ ਜਾਂਦੇ ਸਨ। ਪਰ ਉਹਦੇ ਵਿੱਚ ਇੱਕ ਸ਼ਰਤ ਰੱਖੀ ਹੋਈ ਸੀ ਕਿ ਜਦੋਂ ਤਕ ਦ੍ਰੋਪਦੀ ਭੋਜਨ ਨਾ ਗ੍ਰਹਿਣ ਕਰ ਲੈਂਦੀ, ਉਤਨੀ ਦੇਰ ਤਕ ਉਸ ਭਾਂਡੇ ਵਿੱਚ ਕਰਾਮਾਤ ਰਹਿੰਦੀ। ਯੁਧਿਸ਼ਟਰ ਨੇ ਰਿਖੀ ਨੂੰ ਆਪਣੇ ਬੰਦਿਆਂ ਸਹਿਤ ਪ੍ਰਸ਼ਾਦਾ-ਪਾਣੀ ਛਕਣ ਲਈ ਬੁਲਾਇਆ। ਪਰ ਦੁਰਬਾਸ਼ਾ ਰਿਖੀ ਆਪਣੇ ਨਿਤ-ਕਰਮ ਅਨੁਸਾਰ ਗੰਗਾ-ਤਟ ਇਸ਼ਨਾਨ ਕਰਨ ਚਲੇ ਗਏ। ਦੁਰਬਾਸ਼ਾ ਰਿਖੀ ਦੇ ਨਾਲ ਦਸ ਹਜ਼ਾਰ ਸ਼ਿਸ਼ਾਂ ਦਾ ਇੱਕ ਪੂਰੇ ਦਾ ਪੂਰਾ ਵਿਸ਼ਵ ਵਿਦਿਆਲਯ ਨਾਲ ਚਲ ਪੈਂਦਾ ਸੀ। ਧਰਮਰਾਜ ਨੇ ਉਨ੍ਹਾਂ ਸਾਰਿਆਂ ਨੂੰ ਭੋਜਨ ਕਰਨ ਦਾ ਨਿਉਤਾ ਭੇਜ ਦਿੱਤਾ, ਰਿਖੀ ਨੇ ਵੀ ਨਿਉਤਾ ਸਵੀਕਾਰ ਕਰ ਲਿਆ, ਪਰ ਕਿਸੇ ਨੇ ਇਹ ਨਾ ਸੋਚਿਆ ਕਿ ਦ੍ਰੋਪਦੀ ਭੋਜਨ ਕਰ ਚੁੱਕੀ ਹੈ, ਇਸ ਲਈ ਸੂਰਜ ਦੇਵਤਾ ਦੇ ਵਰਦਾਨ ਅਨੁਸਾਰ ਬਰਤਨ ਤੋਂ ਉਨ੍ਹਾਂ ਸਾਰਿਆਂ ਦੇ ਭੋਜਨ ਦੀ ਵਿਵਸਥਾ ਨਹੀਂ ਹੋ ਸਕਦੀ ਸੀ। ਦ੍ਰੋਪਦੀ ਚਿੰਤਾਤੁਰ ਹੋ ਗਈ। ਉਨ੍ਹਾਂ ਨੇ ਸੋਚਿਆ ਕਿ ਜੇਕਰ ਰਿਖੀ

ਭੋਜਨ ਕੀਤੇ ਬਿਨਾਂ ਚਲੇ ਗਏ ਤਾ ਉਹ ਦ੍ਰੋਪਦੀ ਨੂੰ ਜ਼ਰੂਰ ਸਰਾਪ ਦੇ ਦੇਣਗੇ। ਉਨ੍ਹਾਂ ਦੇ ਕਰੋਧੀ ਸੁਭਾਵ ਤੋਂ ਸਾਰੇ ਜਾਣੂੰ ਸਨ। ਉਸੇ ਵਕਤ, ਉਨ੍ਹਾਂ ਨੇ ਆਪਣੇ ਪਿਆਰੇ ਇਸ਼ਟ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਇਸ ਸੰਕਟ ਤੋਂ ਬਚਾਉਣ ਲਈ ਬੇਨਤੀਆਂ ਕੀਤੀਆਂ, ਅਰਜ਼ੋਈਆਂ ਕੀਤੀਆਂ।

ਸ੍ਰੀ ਕ੍ਰਿਸ਼ਨ ਜੀ ਘਟ-ਘਟ ਦੇ ਜਾਣਨਹਾਰ ਸਨ। ਉਹ ਦ੍ਰੋਪਦੀ ਦੇ ਅੰਤਹਕਰਨ ਦੀ ਪੁਕਾਰ ਸੁਣਕੇ ਉਸ ਕੋਲ ਪਹੁੰਚੇ। ਉਨ੍ਹਾਂ ਦੇ ਦਰਸ਼ਨ ਕਰਕੇ ਦ੍ਰੋਪਦੀ ਦੇ ਸਰੀਰ ਵਿੱਚ ਪ੍ਰਾਣ ਆ ਗਏ, ਡੁੱਬਦੇ ਹੋਏ ਨੂੰ ਤਿਨਕੇ ਦਾ ਸਹਾਰਾ ਮਿਲ ਗਿਆ। ਦ੍ਰੋਪਦੀ ਨੂੰ ਕਿਹਾ,''ਹੋਰ ਸਾਰੀਆਂ ਗੱਲਾਂ ਅਸੀਂ ਪਿਛੋਂ ਆਰਾਮ ਨਾਲ ਬਹਿਕੇ ਕਰਾਂਗੇ, ਪਰ ਸਭ ਤੋਂ ਪਹਿਲਾਂ ਜਲਦੀ ਮੈਨੂੰ ਕੁਝ ਖਾਣ ਨੂੰ ਦਿਉ, ਮੈਨੂੰ ਬੜੀ ਜ਼ੋਰ ਦੀ ਭੁੱਖ ਲਗੀ ਹੋਈ ਹੈ, ਮੈ ਕਿੰਨੀ ਦੂਰ ਤੋਂ ਥੱਕ ਹਾਰ ਕੇ ਤੇਰੇ ਕੋਲ ਆਇਆ ਹਾਂ''। ਦ੍ਰੋਪਦੀ ਸ਼ਰਮ ਦੇ ਮਾਰੇ ਹੈਰਾਨ, ਪਰੇਸ਼ਾਨ ਹੋ ਰਹੀ ਸੀ। ਦ੍ਰੋਪਦੀ ਨੇ ਝੁਕ ਕੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ,''ਹੇ ਮੇਰੇ ਪ੍ਰਭੂ, ਮੈਂ ਹੁਣੇ ਹੀ ਖਾ ਕੇ ਉੱਠੀ ਹਾਂ। ਹੁਣ ਤੇ ਉਸ ਵਲਟੋਹੀ ਵਿੱਚ ਕੁਝ ਵੀ ਨਹੀਂ ਬਚਿਆ"। ਸ੍ਰੀ ਕ੍ਰਿਸ਼ਨ ਜੀ ਨੇ ਉੱਤਰ ਦਿੱਤਾ,''ਜ਼ਰਾ ਆਪਣੀ ਵਲਟੋਹੀ ਮੈਨੂੰ ਤੇ ਵਿਖਾ"। ਸ੍ਰੀ ਕ੍ਰਿਸ਼ਨ ਜੀ ਨੇ ਜਦੋਂ ਉਸ ਵਲਟੋਹੀ ਦੇ ਮੂੰਹ ਦੇ ਅੰਦਰ ਆਪਣਾ ਹੱਥ ਫੇਰਿਆ ਤਾ ਉਨ੍ਹਾਂ ਨੂੰ ਇੱਕ ਸਾਗ ਦਾ ਪੱਤਾ ਅੰਦਰ ਲੱਗਿਆ ਹੋਇਆ ਦਿੱਸਿਆ। ਉਨ੍ਹਾਂ ਨੇ ਉਸ ਪੱਤੇ ਨੂੰ ਆਪਣੇ ਮੂੰਹ ਵਿੱਚ ਪਾ ਕੇ ਕਿਹਾ, ''ਇਸ ਸਾਗ ਦੇ ਪੱਤੇ ਤੋਂ ਸਾਰੇ ਸੰਸਾਰ ਦੀਆਂ ਆਤਮਾਵਾਂ ਤ੍ਰਿਪਤ ਹੋ ਜਾਣ''। ਇਸਤੋਂ ਬਾਅਦ ਸ੍ਰੀ ਕ੍ਰਿਸ਼ਨ ਜੀ ਨੇ ਸਹਦੇਵ ਨੂੰ ਆਗਿਆ ਦਿੱਤੀ ਕਿ ਉਹ ਗੰਗਾ ਤਟ ਤੋਂ ਸਾਰਿਆਂ ਨੂੰ ਭੋਜਨ ਕਰਨ ਲਈ ਬੁਲਾ ਕੇ ਲਿਆਉਣ। ਸਹਦੇਵ ਨੇ ਗੰਗਾ ਦੇ ਤਟ ਤੇ ਜਾ ਕੇ ਵੇਖਿਆ ਕਿ ਉੱਥੇ ਕੋਈ ਵੀ ਨਹੀ ਸੀ। ਇਹ ਇਸ ਕਰਕੇ ਸਾਰਾ ਕੁਝ ਹੋਇਆ ਜਦੋਂ ਸ੍ਰੀ ਕ੍ਰਿਸ਼ਨ ਜੀ ਨੇ ਸਾਗ ਦਾ ਪੱਤਾ ਆਪਣੇ ਮੂੰਹ ਵਿੱਚ, ਪਾਇਆ ਇਧਰ ਗੰਗਾ ਵਿੱਚ ਇਸ਼ਨਾਨ ਕਰਦੇ ਹੋਏ ਸਾਰਿਆਂ ਨੂੰ ਇਸ ਤਰ੍ਹਾਂ ਲੱਗਿਆ ਕਿ ਉਨ੍ਹਾਂ ਦੇ ਪੇਟ ਗਲੇ ਤਕ ਅੰਨ ਨਾਲ ਭਰ ਗਏ ਸਨ। ਉਨ੍ਹਾਂ ਨੇ ਸੋਚਿਆ ਜਦੋਂ ਉਨ੍ਹਾਂ ਸਾਰਿਆਂ ਦੇ ਪੇਟ ਨਕਾ-ਨਕ ਭਰ ਗਏ ਸਨ ਤਾਂ ਫਿਰ ਹੋਰ ਅੰਨ ਗ੍ਰਹਿਣ ਕਰਨ ਦੀ ਤਾਂ ਗੁੰਜਾਇਸ਼ ਹੀ ਨਹੀਂ ਸੀ। ਦੁਰਵਾਸ਼ਾ ਰਿਖੀ ਜੀ ਚੁਪ-ਚਾਪ ਆਪਣੇ ਸੇਵਕਾਂ ਸਮੇਤ ਉਥੋਂ ਚਲੇ ਗਏ। ਇਸ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਨੇ ਆਪਣੀ ਪਿਆਰੀ ਸੇਵਿਕਾ ਦੀ ਲਾਜ ਰੱਖੀ।

ਜਦੋਂ-ਜਦੋਂ ਵੀ ਦ੍ਰੋਪਦੀ ਨੇ ਆਪਣੇ ਪਿਆਰੇ ਹਰਿ ਜੀ ਦੇ ਚਰਨਾਂ ਵਿੱਚ ਚਿੱਤ ਜੋੜਿਆ, ਉਨ੍ਹਾਂ ਨੇ ਉਸੇ ਵੇਲੇ ਦ੍ਰੋਪਦੀ ਦੀ ਸਹਾਇਤਾ ਕਰਕੇ ਉਸਦੀ ਲਾਜ ਰੱਖੀ। ਦ੍ਰੋਪਦੀ ਉੱਚੇ ਸੁੱਚੇ ਪਤੀਵਰਤ ਆਦਰਸ਼ਾਂ ਦੀ ਮਲਿਕਾ ਸੀ। ਉਸਨੇ ਕਾਮ ਕਰੋਧ ਅਹੰਕਾਰ ਤੇ ਪੂਰਨ ਰੂਪ ਵਿੱਚ ਕਾਬੂ ਪਾਇਆ ਹੋਇਆ ਸੀ। ਉਹ ਈਰਖਾ, ਵੈਰ,

ਸਾੜੇ ਨੂੰ ਆਪਣੇ ਕੋਲੋਂ ਬਹੁਤ ਦੂਰ ਰੱਖਦੀ, ਉਹ ਸੇਵਾ, ਤਿਆਗ ਦੀ ਮੂਰਤੀ ਸੀ। ਉਹ ਹਮੇਸ਼ਾ ਮਿਠ-ਬੋਲੜੀ ਸੀ। ਜਦੋਂ ਉਹ ਬੋਲਦੀ ਸੀ, ਮੂੰਹ ਤੋਂ ਫੁੱਲ ਗਿਰਦੇ ਸਨ, ਕੌੜੇ ਬਚਨ ਤਾਂ ਉਹ ਕਦੇ ਵੀ ਨਹੀਂ ਸੀ ਬੋਲਦੀ। ਖੋਟੀਆਂ ਗੱਲਾਂ ਵਿੱਚ ਉਸ ਨੇ ਕਦੇ ਧਿਆਨ ਨਹੀ ਸੀ ਦਿੱਤਾ, ਬੁਰੇ ਸਥਾਨ ਤੇ ਕਦੇ ਉਹ ਬੈਠੀ ਨਹੀ ਸੀ, ਭੈੜੇ ਆਚਰਣ ਵਾਲਿਆਂ ਕੋਲੋਂ ਆਪਣੇ ਆਪ ਨੂੰ ਦੂਰ ਰੱਖਦੀ ਸੀ, ਆਪਣੇ ਮਨ ਤੇ ਪੂਰਨ ਰੂਪ ਵਿੱਚ ਕਾਬੂ ਸੀ। ਇਸੇ ਕਰਕੇ ਦੇਵਤੇ, ਮਨੁੱਖ, ਗੰਧਰਵ, ਨੌਜੁਆਨ, ਧਨੀ ਅਥਵਾ ਰੂਪਵਾਨ ਕਿਸੇ ਤਰ੍ਹਾਂ ਦੇ ਵੀ ਪੁਰਖ ਹੋਣ, ਉਸਨੂੰ ਪਾਂਡਵਾਂ ਤੋਂ ਸਿਵਾ ਕੁਝ ਨਹੀ ਸੀ ਦਿੱਸਦਾ, ਆਪਣੇ ਪਤੀਆਂ ਨੂੰ ਭੋਜਨ ਕਰਵਾਏ ਬਗੈਰ, ਉਹ ਭੋਜਨ ਨਹੀਂ ਸੀ ਕਰਦੀ। ਉਹ ਨਿਮ੍ਰਤਾ, ਸਦਾਚਾਰ, ਖਿਮਾ, ਤਿਆਗ ਦੀ ਸਾਕਾਰ ਪ੍ਰਤਿਮਾ ਸੀ। ਇਨ੍ਹਾਂ ਸਾਰੀਆਂ ਗੱਲਾਂ ਤੋਂ ਉਪਰ ਉਸ ਦਾ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਨਾਲ ਅਸੀਮ, ਅਥਾਹ ਪਿਆਰ ਸੀ ਤੇ ਉਹ ਸ੍ਰੀ ਕ੍ਰਿਸ਼ਨ ਜੀ ਦੀ ਅਸੀਮ ਕਿਰਪਾ ਬਖਸ਼ਸ਼ ਦੀ ਵਿਸ਼ੇਸ਼ ਪਾਤਰ ਸੀ।

## ੧੧

**ਮਘ੍ਰ ਸਮੈ ਸਭ ਸਯਾਮ ਕੇ ਸੰਗ ਹੁਇ**
**ਖੇਲਤ ਥੀ ਮਨ ਆਨੰਦ ਪਾਈ।।**
**ਸੀਤ ਲਗੈ ਤਬ ਦੂਰ ਕਰੈ ਹਮ**
**ਸਯਾਮ ਕੇ ਅੰਗ ਸੋ ਅੰਗ ਮਿਲਾਈ।।**
**ਫੂਲ ਚੰਬੇਲੀ ਕੇ ਫੂਲ ਰਹੇ**
**ਜਿਹਨੀਰ ਘਟਯੋ ਜਮੁਨਾ ਜੀਅ ਆਈ।।**
**ਤਉਨ ਸਮੈ ਸੁਖਦਾਇਕ ਥੀ ਰਿਤ**
**ਅਉਸਰ ਯਾਹਿ ਭਈ ਦੁਖਦਾਈ।।੮੭੬।।**

*– ਦਸਮ ਗ੍ਰੰਥ ਪੰਨਾ ੩੭੦*

**ਸ਼ਬਦਾਰਥ :**

ਸੀਤ–ਸਰਦੀ, ਠੰਢ, ਪਾਲਾ। ਅੰਗ–ਸਰੀਰ ਨਾਲ ਸਰੀਰ ਮਿਲਾਕੇ, ਗਲ ਮਿਲਕੇ ਲਗਦਾ ਸੀ। ਜਮੁਨਾ–ਜਮਨਾ ਜੀ ਦਾ।

**ਵਿਆਖਿਆ :**

ਮੱਘਰ ਦੇ ਮਹੀਨੇ ਵਿੱਚ ਸਾਰੀਆਂ ਗੋਪੀਆਂ ਇਕੱਠੀਆਂ ਹੋ ਕੇ ਖੇਡਦੀਆਂ ਸਨ ਤੇ ਆਪਣੇ ਦਿਲਾਂ ਅੰਦਰ ਅਕਹਿ ਸੁਖ ਮਾਣਦੀਆਂ ਸਨ। ਜਦੋਂ ਉਨ੍ਹਾਂ ਨੂੰ ਸੀਤ ਲਗਦਾ ਸੀ, ਉਹ ਠੰਢ ਦਾ ਅਨੁਭਵ ਕਰਦੀਆਂ ਸਨ, ਉਸ ਵੇਲੇ ਉਹ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਲੱਗ ਕੇ ਪਾਲੇ ਨੂੰ ਦੂਰ ਕਰ ਲੈਂਦੀਆਂ ਸਨ। ਗੋਪੀਆਂ ਸ੍ਰੀ ਕ੍ਰਿਸ਼ਨ ਜੀ ਨਾਲ ਉੱਥੇ ਅਠਖੇਲੀਆਂ ਕਰਦੀਆਂ ਸਨ ਜਿੱਥੇ ਚੰਬੇਲੀ ਦੇ ਫੁੱਲ ਖਿੜੇ ਹੋਏ ਸਨ। ਉੱਥੇ ਜਮਨਾ ਦਾ ਪਾਣੀ ਘਟ ਗਿਆ ਸੀ ਅਤੇ ਜਮਨਾ ਜੀ ਦੇ ਪਾਣੀ ਵਿੱਚ ਲਹਿਰਾਂ ਆਉਂਦੀਆਂ ਸਨ, ਉਸਦਾ ਵੇਗ ਸਧਾਰਨ ਹੋ ਗਿਆ ਸੀ। ਉਸ ਵੇਲੇ ਸ੍ਰੀ ਕ੍ਰਿਸ਼ਨ ਜੀ ਦਾ ਸੰਗ ਪ੍ਰਾਪਤ ਹੋਣ ਕਰਕੇ ਸਮਾਂ ਅਤਿ ਸੁਖਦਾਈ ਸੀ ਅਤੇ ਹੁਣ ਜਦੋਂ ਸ੍ਰੀ ਕ੍ਰਿਸ਼ਨ ਜੀ ਮਥਰਾ ਚਲੇ ਗਏ ਹਨ, ਸਮਾਂ ਬੜਾ ਦੁਖਦਾਈ ਬਣ ਗਿਆ ਹੈ। ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਗੋਪੀਆਂ ਨੂੰ ਸਮਾਂ ਬਿਤਾਉਣਾ ਹੀ ਮੁਸ਼ਕਿਲ ਹੋ ਗਿਆ ਹੈ।

**ਭਾਵ :**
ਅਤਿ ਠੰਢ ਦੇ ਮੌਸਮ ਵਿੱਚ ਗੋਪੀਆਂ ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਲੱਗ ਕੇ ਪਾਲੇ ਨੂੰ ਦੂਰ ਕਰ ਲੈਂਦੀਆਂ ਸਨ। ਉਹ ਉਨ੍ਹਾਂ ਦੇ ਹਿਰਦੇ ਅੰਦਰ ਸਮਾ ਜਾਂਦੀਆਂ ਸਨ ।

# ਮਨ ਆਨੰਦ ਪਾਈ

ਜਦੋਂ-ਜਦੋਂ ਵੀ ਨਰਾਯਣ ਜੀ ਨੇ ਸਰਗੁਣ ਰੂਪ ਧਾਰਨ ਕਰਕੇ ਇਸ ਧਰਤੀ ਤੇ ਅਵਤਾਰ ਧਾਰਨ ਕੀਤਾ, ਉਦੋਂ-ਉਦੋਂ ਹੀ ਉਨ੍ਹਾਂ ਦੇ ਨਾਲ ਲਛਮੀ ਨੇ ਵੀ ਅਵਤਾਰ ਧਾਰਨ ਕੀਤਾ। ਤ੍ਰੇਤੇ ਯੁੱਗ ਵਿੱਚ ਸ੍ਰੀ ਰਾਮ ਚੰਦ੍ਰ ਜੀ ਨੇ ਅਵਤਾਰ ਧਾਰਿਆ ਤੇ ਲਛਮੀ ਨੇ ਸੀਤਾ ਜੀ ਦਾ ਰੂਪ ਧਾਰਨ ਕਰਕੇ ਆਪਣੇ ਪਿਆਰੇ ਰਾਮ ਚੰਦ੍ਰ ਜੀ ਦੀ ਸੁਪਤਨੀ ਹੋਣ ਦਾ ਸੁਭਾਗ ਪ੍ਰਾਪਤ ਕੀਤਾ। ਇਸ ਤਰ੍ਹਾਂ ਹੀ ਦੁਆਪਰ ਯੁੱਗ ਵਿੱਚ ਕ੍ਰਿਸ਼ਨ ਮੁਰਾਰ ਜੀ ਨੇ ਪ੍ਰਿਥਵੀ ਦਾ ਭਾਰ ਉਤਾਰਨ ਵਾਸਤੇ ਅਤੇ ਉਸ ਤੋਂ ਜ਼ਾਲਮਾਂ, ਜ਼ਬਰਾਂ, ਅਤਿਆਚਾਰੀਆਂ ਦਾ ਵਿਨਾਸ਼ ਕਰਨ ਵਾਸਤੇ ਅਵਤਾਰ ਧਾਰਨ ਕੀਤਾ, ਤਾਂ ਲਛਮੀ ਨੇ ਰੁਕਮਨੀ ਦੇ ਰੂਪ ਵਿੱਚ ਆਪਣੇ ਪਤੀ ਪਰਮੇਸੂਰ ਸ੍ਰੀ ਕ੍ਰਿਸ਼ਨ ਜੀ ਦਾ ਸਾਥ ਨਿਭਾਉਣ ਲਈ ਇਸ ਧਰਤੀ, ਤੇ ਕੁੰਦਨ ਪੁਰ ਨਗਰ ਵਿੱਚ ਰਾਜਾ ਭੀਸ਼ਮਕ ਦੇ ਗ੍ਰਹਿ ਵਿਖੇ ਅਵਤਾਰ ਧਾਰਨ ਕੀਤਾ। ਰਾਜੇ ਨੇ ਉਸੇ ਵੇਲੇ ਜੋਤਸ਼ੀਆਂ ਨੂੰ ਬੁਲਾ ਭੇਜਿਆ ਅਤੇ ਉਨ੍ਹਾਂ ਨੇ ਉਸ ਕੰਨਿਆ ਦਾ ਨਾਮ ਰੁਕਮਨੀ ਰੱਖ ਕੇ ਭਵਿੱਖ ਬਾਣੀ ਕੀਤੀ,''ਇਹ ਕੰਨਿਆ ਅਤਿ ਸੁਸ਼ੀਲ, ਸੁੰਦਰ ਹੋਵੇਗੀ ਅਤੇ ਆਦਿ ਪੁਰਖ ਪਰਮੇਸ਼ੂਰ ਨਾਲ ਵਿਆਹੀ ਜਾਵੇਗੀ।'' ਮਾਤਾ ਪਿਤਾ ਅਤਿ ਪ੍ਰਸੰਨ ਹੋਏ ਅਤੇ ਉਨ੍ਹਾਂ ਦੀ ਛਤ੍ਰ ਛਾਂ ਹੇਠ ਰੁਕਮਨੀ ਆਪਣੀਆਂ ਸਹੇਲੀਆਂ ਨਾਲ ਅਠਖੇਲੀਆਂ ਕਰਦੀ ਹੋਈ ਨੌਜੁਵਾਨ ਹੋ ਗਈ। ਇੱਕ ਦਿਨ ਉਹ ਮ੍ਰਿਗ ਨੈਨੀ, ਪਿਕ ਬੈਨੀ ਅਤਿ ਸੁੰਦਰੀ ਆਪਣੀਆਂ ਸਹੇਲੀਆਂ ਨਾਲ ਛੁਪਣ-ਛੁਪਾਈ ਖੇਡਣ ਲਗੀ ਤਾਂ ਸਹੇਲੀਆਂ ਨੇ ਆਖਿਆ,''ਰੁਕਮਨੀ, ਤੂੰ ਸਾਡੇ ਨਾਲ ਖੇਡ ਖੇਡਣ ਆਈ ਹੈਂ, ਪਰ ਤੂੰ ਸਾਡੇ ਨਾਲ ਹਨੇਰੇ ਵਿੱਚ ਛੁਪਦੀ ਹੈਂ, ਤੇਰੇ ਅਨੂਪ ਮੁਖ ਮੰਡਲ ਦੀ ਆਭਾ ਅਤੇ ਪ੍ਰਕਾਸ਼ ਐਨਾ ਜ਼ਿਆਦਾ ਹੈ ਕਿ ਚਾਰ ਚੁਫੇਰੇ ਪ੍ਰਕਾਸ਼ ਹੋ ਜਾਂਦਾ ਹੈ, ਤੇ ਅਸੀਂ ਛੁਪ ਨਹੀਂ ਸਕਦੀਆਂ ।''

ਇਸ ਤਰ੍ਹਾਂ ਉਸਦੀ ਛਬਿ ਦਿਨ ਬ-ਦਿਨ ਵਧਣ ਲੱਗ ਪਈ। ਇੱਕ ਦਿਨ ਨਾਰਦ ਕੰਚਨ ਪੁਰ ਗਏ ਅਤੇ ਰੁਕਮਨੀ ਦੀ ਸੁੰਦਰਤਾ ਨੂੰ ਵੇਖਕੇ ਅਤਿ ਪ੍ਰਸੰਨ ਹੋਏ। ਨਾਰਦ ਨੇ ਦੁਆਰਕਾ ਪੁਰੀ ਜਾ ਕੇ ਸ੍ਰੀ ਕ੍ਰਿਸ਼ਨ ਜੀ ਅੱਗੇ ਰੁਕਮਨੀ ਦੀ ਸੁੰਦਰਤਾ ਦਾ ਵਰਣਨ ਕੀਤਾ ਅਤੇ ਕਿਹਾ ਕਿ ਰੂਪ ਅਤੇ ਗੁਣਾਂ ਦੀ ਖਾਣ ਰੁਕਮਨੀ

ਸਿਰਫ ਸ੍ਰੀ ਕ੍ਰਿਸ਼ਨ ਜੀ ਦੇ ਯੋਗ ਹੀ ਹੈ। ਇਧਰ ਰੁਕਮਨੀ ਨੇ ਸ੍ਰੀ ਕ੍ਰਿਸ਼ਨ ਜੀ ਬਾਰੇ ਖੂਬ ਪ੍ਰਸੰਸਾ ਸੁਣੀ ਹੋਈ ਸੀ। ਆਪਣੇ ਪਿਆਰੇ ਦਾ ਜੱਸ ਅਤੇ ਨਾਮ ਸੁਣ ਕੇ ਉਸ ਦਿਨ ਤੋਂ ਉਹ ਅੱਠੇ ਪਹਿਰ ਚੌਹਠ ਘੜੀਆਂ ਸੁੱਤਿਆਂ, ਜਾਗਦਿਆਂ, ਬੈਠਿਆਂ, ਖਲੋਤਿਆਂ, ਖਾਂਦਿਆਂ, ਪੀਂਦਿਆਂ ਉਨ੍ਹਾਂ ਦੇ ਧਿਆਨ ਵਿੱਚ ਮਗਨ ਰਹਿੰਦੀ।

ਸਪੁੱਤ੍ਰੀ ਦੇ ਸਰੂਪ ਨੂੰ ਵੇਖਕੇ ਭੀਸ਼ਮਕ ਦੇ ਮਨ ਵਿੱਚ ਵਿਆਹ ਕਰਨ ਦੀ ਚਿੰਤਾ ਉਤਪੰਨ ਹੋਈ। ਰੁਕਮਨੀ ਦੇ ਭਰਾ ਰੁਕਮੀ ਨੇ ਆਪਣੇ ਪਿਤਾ ਨੂੰ ਆਪਣੀ ਭੈਣ ਰੁਕਮਨੀ ਦਾ ਵਿਆਹ ਚੰਦੇਰ ਨਗਰ ਦੇ ਰਾਜਾ ਸ਼ਿਸ਼ੂਪਾਲ ਨਾਲ ਕਰਨ ਦੀ ਸਲਾਹ ਦਿੱਤੀ। ਇਸ ਕਰਕੇ ਰਾਜੇ ਨੇ ਬ੍ਾਹਮਣ ਨੂੰ ਬੁਲਾ ਕੇ ਸ਼ਿਸ਼ੂਪਾਲ ਨੂੰ ਲਿਆਉਣ ਵਾਸਤੇ ਭੇਜਿਆ। ਇਸ ਗੱਲ ਦਾ ਰੁਕਮਨੀ ਨੂੰ ਪਤਾ ਲੱਗ ਗਿਆ ਅਤੇ ਉਨ੍ਹਾਂ ਨੇ ਆਪਣੀਆਂ ਸਖੀਆਂ ਨੂੰ ਕਿਹਾ -

**ਸਵੈਯਾ।। ਸੰਗ ਸਹੇਲਨ ਬੋਲਤ ਭੀ**
**ਸਜਨੀ ਪ੍ਰਨ ਏਕ ਅਬੈ ਕਰਿ ਹਉ।।**
**ਕਿਤੋ ਜੋਗਨ ਭੇਸ ਕਰੋ ਤਜ ਦੈਸ**
**ਨਹੀ ਬਿਰਹਾਗਨ ਸੌ ਜਰਿ ਹਉ।।**
**ਮੋਰ ਪਿਤਾ ਹਠ ਜਿਉ ਕਰਿਹੈ**
**ਤੁ ਬਿਸੇਖ ਕਹਿਓ ਬਿਖ ਖਾ ਮਰਿ ਹਉ।।**
**ਦੁਹਿਤਾ ਨ੍ਰਿਪ ਕੀ ਕਹਿਓ ਨਾ ਤਿਹ ਕਉ**
**ਬਰਿਹੋ ਤੁ ਸਯਾਮ ਹੀ ਕੋ ਬਰਿ ਹਉ।।੧੯੭੨।।**

*- ਦਸਮ ਗ੍ਰੰਥ ਪੰਨਾ ੫੦੪*

ਰੁਕਮਨੀ ਨੇ ਪ੍ਰਣ ਕੀਤਾ, ਕਿ ਉਹ ਆਪਣਾ ਸਰੀਰ ਤਿਆਗ ਦੇਵੇਗੀ ਅਤੇ ਜੇਕਰ ਵਿਆਹ ਕਰੇਗੀ ਤਾਂ ਸਿਰਫ ਕ੍ਰਿਸ਼ਨ ਜੀ ਦੇ ਨਾਲ ਹੀ ਕਰੇਗੀ। ਇਧਰ ਸ਼ਿਸ਼ੂਪਾਲ ਆਪਣਾ ਬਰਾਤ ਦਲ ਲੈ ਕੇ ਜਰਾਸੰਧ ਅਤੇ ਹੋਰ ਰਾਜਿਆਂ ਨੂੰ ਨਾਲ ਲੈ ਕੇ ਰੁਕਮਨੀ ਨੂੰ ਵਿਆਹੁਣ ਵਾਸਤੇ ਉੱਥੇ ਪਹੁੰਚ ਗਿਆ। ਇਧਰ ਰੁਕਮਨੀ ਨੇ ਆਪਣੀਆਂ ਸਹੇਲੀਆਂ ਨਾਲ ਸਲਾਹ ਕੀਤੀ ਕਿ ਇੱਕ ਬ੍ਾਹਮਣ ਹੱਥ ਚਿੱਠੀ ਲਿਖਕੇ ਸ੍ਰੀ ਕ੍ਰਿਸ਼ਨ ਜੀ ਨੂੰ ਸਾਰੇ ਹਾਲਾਤਾਂ ਬਾਰੇ ਜਾਣਕਾਰੀ ਭੇਜੀ ਜਾਵੇ। ਰੁਕਮਨੀ ਨੇ ਬ੍ਾਹਮਣ ਦੇ ਹੱਥ ਇਹ ਚਿੱਠੀ ਭੇਜੀ -

**ਸਵੈਯਾ।। ਲੋਚਨ ਚਾਰ ਬਿਚਾਰ ਕਰੋ**
**ਜਿਨ ਬਾਚਤ ਹੀ ਪਤੀਆ ਉਠ ਧਾਵਹੁ।।**
**ਆਵਤ ਹੈ ਸਸਪਾਲ ਇਤੈ**
**ਮੁਹਿ ਬਯਾਹਨ ਕਉ ਪ੍ਰਭ ਢੀਲ ਨ ਲਾਵਹੁ।।**
**ਮਾਰ ਇਨੈ ਮੁਹਿ ਜੀਤ ਪ੍ਰਭੂ**

**ਚਲੋ ਦ੍ਵਾਰਵਤੀ ਜਗ ਮੈ ਜਸੁ ਪਾਵਹੁ।।**
**ਮੋਰੀ ਦਸਾ ਸੁਨਿਕੈ ਸਭ ਯੌ**
**ਕਬਿ ਸਯਾਮ ਕਹੈ ਕਰਿ ਪੰਖਨ ਆਵਹੁ।।੧੯੭੫।।**

*- ਦਸਮ ਗ੍ਰੰਥ ਪੰਨਾ ੫੦੪*

ਚਿੱਠੀ ਦੇ ਵਿੱਚ ਰੁਕਮਨੀ ਨੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਉਹ ਜਲਦੀ ਹੀ ਪੰਖ ਲਾ ਕੇ ਝਟਪਟ ਉੱਡ ਕੇ ਉੱਥੇ ਪਹੁੰਚ ਜਾਣ। ਵਿਆਹ ਵਿੱਚ ਸਿਰਫ ਤਿੰਨ ਦਿਨ ਰਹਿ ਗਏ ਸਨ। ਇਸ ਲਈ ਰੁਕਮਨੀ ਨੇ ਬੇਨਤੀ ਕੀਤੀ ਕਿ ਉਹ ਚਿੱਠੀ ਪੜ੍ਹਕੇ ਉਸ ਬ੍ਰਾਹਮਣ ਨਾਲ ਬਿਨਾਂ ਦੇਰ ਕੀਤੇ ਰੁਕਮਨੀ ਕੋਲ ਪਹੁੰਚ ਜਾਣ। ਰੁਕਮਨੀ ਨੇ ਪੰਡਿਤ ਨੂੰ ਪੱਕੀ ਕੀਤੀ ਕਿ ਉਹ ਸਿਆਮ-ਸੁੰਦਰ ਜੀ ਨੂੰ ਜਾ ਕੇ ਕਹਿਣ ਕਿ ਰੁਕਮਨੀ ਨੂੰ ਉਨ੍ਹਾਂ ਦੇ ਦਰਸ਼ਨਾਂ ਤੋ ਬਿਨਾਂ ਰਾਤ ਬੜੀ ਡਰਾਉਣੀ ਲਗਦੀ ਹੈ। ਬਾਰ-ਬਾਰ ਉਨ੍ਹਾਂ ਨੂੰ ਉਡੀਕਦਾ ਮਨ ਵਿਆਕੁਲ ਹੋ ਕੇ ਸਰੀਰ ਤਿਆਗ ਕੇ ਚਲਾ ਜਾਵੇਗਾ। ਪੂਰਨਮਾਸ਼ੀ ਦਾ ਚੰਦ ਆਕੇ ਰੁਕਮਨੀ ਨੂੰ ਬਹੁਤ ਸਾੜ ਰਿਹਾ ਹੈ, ਇੰਝ ਲਗਦਾ ਹੈ ਕਿ ਕਾਮਦੇਵ ਹੀ ਮੂੰਹ ਲਾਲ ਕਰਕੇ, ਸ਼ਿਆਮ ਸੁੰਦਰ ਜੀ ਤੋ ਬਿਨਾ ਹੋਣ ਕਰਕੇ ਉਨ੍ਹਾਂ ਨੂੰ ਬਹੁਤ ਹੀ ਡਰਾ ਰਿਹਾ ਹੈ। ਰੁਕਮਨੀ ਨੇ ਬ੍ਰਾਹਮਣ, ਨੂੰ ਬਹੁਤ ਸਾਰਾ ਧਨ ਦੇ ਕੇ ਸ੍ਰੀ ਕ੍ਰਿਸ਼ਨ ਜੀ ਵਲ ਟੋਰ ਦਿੱਤਾ। ਉਹ ਬ੍ਰਾਹਮਣ ਬੜੀ ਫੁਰਤੀ ਦੇ ਨਾਲ ਸ੍ਰੀ ਕ੍ਰਿਸ਼ਨ ਜੀ ਕੋਲ ਦੁਵਾਰਕਾ ਪਹੁੰਚਿਆ। ਇਸ ਸੁੰਦਰ ਸ਼ਹਿਰ ਵਿੱਚ ਹੀਰੇ, ਲਾਲ ਤੇ ਜਵਾਹਰ ਜੜੇ ਹੋਏ ਸਨ, ਜਿਨ੍ਹਾਂ ਦੀਆਂ ਮਣੀਆਂ ਦੀ ਚਮਕ ਐਸੀ ਸੀ, ਜਿਵੇਂ ਜੋਤਾਂ ਜਗਦੀਆਂ ਹੋਣ। ਸ਼ੇਸ਼ਨਾਗ, ਚੰਦ੍ਰਮਾ, ਵਰਨ ਦੇਵਤਾ ਅਤੇ ਇੰਦ੍ਰ ਦੇਵਤੇ ਦੀ ਪੁਰੀ ਭੀ ਉਸਦੇ ਸਾਹਮਣੇ ਬਹੁਤ ਫਿੱਕੀ ਲਗਦੀ ਸੀ। ਬ੍ਰਾਹਮਣ ਨੇ ਪੱਤ੍ਰਿਕਾ ਲੈ ਕੇ ਸ੍ਰੀ ਕ੍ਰਿਸ਼ਨ ਜੀ ਦੇ ਸਾਹਮਣੇ ਰੱਖ ਦਿੱਤੀ। ਚਿੱਠੀ ਨੂੰ ਪੜ੍ਹਕੇ ਸ੍ਰੀ ਕ੍ਰਿਸ਼ਨ ਜੀ ਅਤਿਅੰਤ ਪ੍ਰਸੰਨ ਹੋਏ। ਉਸੇ ਵੇਲੇ ਰੱਥ ਤਿਆਰ ਕਰਕੇ, ਉਸ ਬ੍ਰਾਹਮਣ ਨੂੰ ਲੈ ਕੇ ਬੜੀ ਫੁਰਤੀ ਨਾਲ ਹਵਾ ਰੂਪ ਹੋ ਕੇ ਰੱਥ ਭਜਾਇਆ। ਇਧਰੋਂ ਸ੍ਰੀ ਕ੍ਰਿਸ਼ਨ ਜੀ ਰੱਥ ਤੇ ਚੜ੍ਹਕੇ ਤੁਰ ਪਏ ਉਧਰੋਂ ਸ਼ਿਸ਼ੁਪਾਲ ਆਪਣੀ ਬਹੁਤ ਸਾਰੀ ਫੌਜ ਲੈ ਕੇ ਉਥੇ ਪਹੁੰਚ ਗਿਆ। ਸਾਰਾ ਸ਼ਹਿਰ ਖੂਬ ਸਜਾਇਆ ਗਿਆ ਸੀ। ਹੋਰ ਬਹੁਤ ਸਾਰੇ ਵੱਡੇ-ਵੱਡੇ ਰਾਜਾ ਰੁਕਮਨੀ ਦੇ ਵਿਆਹ ਵਿੱਚ ਸ਼ਾਮਿਲ ਹੋਣ ਲਈ ਬੜੇ ਆਨੰਦ ਅਤੇ ਉਤਸ਼ਾਹ ਭਰਪੂਰ ਹੋ ਕੇ ਸ਼ਹਿਰ ਵਲ ਜਾ ਰਹੇ ਸਨ। ਲਾਵਾਂ, ਫੇਰੇ ਲੈਣ ਦੀਆਂ ਸਾਰੀਆਂ ਤਿਆਰੀਆਂ ਪੂਰੀਆਂ ਹੋ ਚੁੱਕੀਆਂ ਸਨ। ਵਿਆਹ ਵਾਲੀ ਵੇਦੀ ਨੂੰ ਬੜੇ ਸੁੰਦਰ ਢੰਗ ਨਾਲ ਸਜਾਇਆ ਹੋਇਆ ਸੀ। ਪ੍ਰੋਹਤ ਦੇਵੀ ਪੂਜਾ ਲਈ ਚਲੇ ਗਏ। ਰੁਕਮੀ ਬੜਾ ਪ੍ਰਸੰਨ ਹੋ ਰਿਹਾ ਸੀ ਕਿ ਸਭ ਕੰਮ ਨਿਰਵਿਘਨ ਹੋ ਰਹੇ ਸਨ।

ਰੁਕਮਨੀ ਉਸ ਮੰਦਰ ਵਿੱਚ, ਦੇਵੀ ਪੂਜਾ ਲਈ ਚਲੀ ਗਈ, ਉੱਥੇ ਜਾ ਕੇ ਅਤਿਅੰਤ ਦੁਖੀ ਹੋਈ। ਉਸ ਨੇ ਰੋ-ਰੋ ਕੇ ਦੇਵੀ ਦੇ ਚਰਨਾਂ ਵਿੱਚ ਬੇਨਤੀਆਂ

ਕੀਤੀਆ,''ਹੇ ਮਾਂ ! ਤੇਰੇ ਕੋਲ ਮੇਰੇ ਲਈ ਇਹੋ ਜਿਹਾ ਹੀ ਵਰ ਸੀ, ਮੈਂ ਹੁਣ ਆਪਣੇ ਆਪ ਨੂੰ ਛੁਰੀ ਮਾਰ ਕੇ ਖਤਮ ਕਰ ਲੈਂਦੀ ਹਾਂ। ਹੇ ਮਾਂ ! ਮੈਂ ਤੇਰੀ ਬਹੁਤ ਸੇਵਾ ਕੀਤੀ ਹੈ, ਹੁਣ ਤੇਰੇ ਪਾਸੋਂ ਮੈਨੂੰ ਇਹੋ ਹੀ ਫਲ ਮਿਲਣਾ ਹੈ ? ਹੁਣ ਮੈਂ ਆਪਣੇ ਪ੍ਰਾਣਾਂ ਨੂੰ ਜਮ ਦੇ ਘਰ ਭੇਜ ਕੇ ਤੇਰੇ ਮੰਦਰ ਉੱਤੇ ਪਾਪ ਚੜ੍ਹਾਉਂਦੀ ਹਾਂ, ਜਾਂ ਮੈਂ ਤੈਨੂੰ ਪ੍ਰਸੰਨ ਕਰ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਵਰਨ ਦਾ ਵਰ ਪ੍ਰਾਪਤ ਕਰਦੀ ਹਾਂ।''

ਉਸਦੀ ਦ੍ਰਿੜ ਭਗਤੀ ਤੇ ਭਰੋਸਾ ਦੇਖ ਕੇ ਦੇਵੀ ਸਾਖਿਆਤ ਪ੍ਰਗਟ ਹੋਈ ਤੇ ਇੰਝ ਬਚਨ ਕੀਤਾ,''ਤੂੰ ਕ੍ਰਿਸ਼ਨ ਜੀ ਦੀ ਹੀ ਪਤਨੀ ਹੈਂ, ਤੂੰ ਆਪਣੇ ਮਨ ਵਿੱਚ ਰਤਾ ਭਰ ਵੀ ਦੁਚਿੱਤੀ ਨਾ ਲਿਆ। ਸ਼ਿਸ਼ੁਪਾਲ ਦੇ ਦਿਲ ਦੀ ਗੱਲ ਕਦੇ ਵੀ ਪੂਰੀ ਨਹੀਂ ਹੋਵੇਗੀ।''

ਇਹ ਸਭ ਸੁਣਕੇ, ਦੁਰਗਾ ਪਾਸੋਂ ਵਰ ਪ੍ਰਾਪਤ ਕਰਕੇ ਰੁਕਮਨੀ ਬਹੁਤ ਪ੍ਰਸੰਨ ਹੋਈ, ਬਹੁਤ ਆਨੰਦਿਤ ਹੋਈ। ਉਹ ਰੱਥ ਤੇ ਸਵਾਰ ਹੋ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਆਪਣੇ ਮਨ ਵਿੱਚ ਚੇਤੇ ਕਰ ਰਹੀ ਸੀ। ਉਹ ਵੈਰੀਆਂ ਦੀ ਭਾਰੀ ਫੌਜ ਵੇਖ ਕੇ ਰਤੀ ਭਰ ਵੀ ਭੈ ਭੀਤ ਨਹੀਂ ਹੋਈ। ਸ੍ਰੀ ਕ੍ਰਿਸ਼ਨ ਜੀ ਨੇ ਰੁਕਮਨੀ ਨੂੰ ਆਪਣੇ ਰੱਥ ਤੇ ਚੜ੍ਹਾ ਲਿਆ ਅਤੇ ਉਨ੍ਹਾਂ ਤੇ ਹੱਲਾ ਕਰਕੇ ਪੈ ਗਏ ਅਤੇ ਉੱਚੀ ਅਵਾਜ਼ ਵਿੱਚ ਆਖਿਆ,''ਓ ਸੂਰਮਿਓ ! ਮੈਂ ਇਸਨੂੰ ਲੈ ਚਲਿਆ ਹਾਂ। ਜਿਸ ਸੂਰਮੇ ਵਿੱਚ ਤਾਕਤ ਹੈ, ਉਹ ਲੜਾਈ ਕਰਕੇ ਮੇਰੇ ਕੋਲੋਂ ਛੁੜਾ ਲਵੇ। ਜੋ ਕੋਈ ਮੇਰੇ ਸਾਹਮਣੇ ਆਵੇ ਗਾ, ਮੈਂ ਅੱਜ ਉਸਨੂੰ ਮਾਰ ਸੁੱਟਾਂਗਾ ਅਤੇ ਕਦੇ ਵੀ ਪਿੱਛੇ ਨਹੀ ਹਟਾਂਗਾ।''

ਰੁਕਮਨੀ ਦਾ ਭਰਾ ਰੁਕਮਯਾ ਹੁਣ ਸਾਹਮਣੇ ਹੀ ਸਭ ਕੁਝ ਵੇਖ ਰਿਹਾ ਸੀ। ਫਿਰ ਸ੍ਰੀ ਕ੍ਰਿਸ਼ਨ ਜੀ ਨੇ ਰੁਕਮਨੀ ਨੂੰ ਬਾਂਹ ਤੋਂ ਫੜਕੇ ਰੱਥ ਵਿੱਚ ਚਾੜ੍ਹ ਲਿਆ। ਸੂਰਮਿਆਂ ਨੂੰ ਬਹੁਤ ਕ੍ਰੋਧ ਆਇਆ। ਭੇਰੀਆਂ, ਰਣਸਿੰਞੇ, ਧੌਂਸੇ, ਅਤੇ ਛੈਣੇ ਆਦਿਕ ਬਹੁਤ ਤਰ੍ਹਾਂ ਦੇ ਵਾਜੇ ਵਜਾਉਂਦੇ ਹੋਏ ਤੁਰ ਪਏ। ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਹੱਥ ਵਿੱਚ ਧਨੁੱਖ ਲੈ ਕੇ ਛਿਨ ਵਿੱਚ ਹੀ ਸਾਰਿਆਂ ਨੂੰ ਜਮ ਦੇ ਘਰ ਭੇਜ ਦਿੱਤਾ। ਫੌਜ ਦੀ ਅਜਿਹੀ ਹਾਲਤ ਵੇਖ ਕੇ ਸ਼ਿਸ਼ੁਪਾਲ ਕ੍ਰੋਧ ਕਰ ਕੇ ਆਪ ਹੀ ਯੁੱਧ ਕਰਨ ਲਈ ਆ ਗਿਆ। ਉਸਨੇ ਕ੍ਰੋਧ ਭਰੀ ਆਵਾਜ਼ ਵਿੱਚ ਆਖਿਆ, ''ਮੈਂ ਜਰਾਸਿੰਧ ਨਹੀ ਹਾਂ, ਜਿਸਨੂੰ ਤੂੰ ਭਜਾ ਦਿੱਤਾ ਸੀ।'' ਸ੍ਰੀ ਕ੍ਰਿਸ਼ਨ ਜੀ ਨੇ ਤੀਰ ਚਲਾ ਕੇ ਉਨ੍ਹਾਂ ਦਾ ਕ੍ਰੋਧ ਖਤਮ ਕਰ ਦਿਤਾ, ਰੱਥ ਤੋੜ ਦਿੱਤਾ, ਰਥਵਾਹੀ ਦਾ ਸਿਰ ਕੱਟ ਦਿੱਤਾ, ਅਤੇ ਚੋਹਾਂ ਘੋੜਿਆ ਦੇ ਸਿਰ ਵੱਢ ਦਿੱਤੇ। ਸ਼ਿਸ਼ੁਪਾਲ ਵੀ ਬੇਸੁੱਧ ਹੋ ਕੇ ਧਰਤੀ ਉੱਤੇ ਡਿੱਗ ਪਿਆ। ਸ਼ਿਸ਼ੁਪਾਲ ਦੇ ਸੂਰਮਿਆਂ ਨੇ ਸ੍ਰੀ ਕ੍ਰਿਸ਼ਨ ਜੀ ਤੇ ਵਾਰ ਕਰਨੇ ਚਾਹੇ, ਪਰ ਸਭ ਨਿਸਫਲ ਹੋ ਗਏ। ਸ੍ਰੀ ਕ੍ਰਿਸ਼ਨ ਜੀ ਨੇ ਸ਼ਿਸ਼ੁਪਾਲ ਨੂੰ ਕੇਸਾਂ ਤੋਂ ਫੜ ਲਿਆ, ਅਤੇ ਉਸਦਾ ਸਿਰ ਮੁੰਨ ਦਿੱਤਾ ਅਤੇ ਹੋਰ ਵੀ ਜਿਵੇਂ ਚੰਗਾ ਲਗਿਆ, ਮਖੌਲ ਕੀਤਾ।

ਆਪਣੇ ਭਰਾ ਦੀ ਦੁਰਦਸ਼ਾ ਵੇਖਕੇ ਰੁਕਮਨੀ ਨੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ

ਨੂੰ ਫੜ ਲਿਆ ਅਤੇ ਅਨੇਕ ਤੁਰ੍ਹਾਂ ਦੀਆਂ ਬੇਨਤੀਆਂ ਕਰਕੇ ਆਪਣੇ ਸੁਾਮੀ ਦੇ ਕ੍ਰੋਧ ਨੂੰ ਸ਼ਾਂਤ ਕੀਤਾ। ਸ੍ਰੀ ਕ੍ਰਿਸ਼ਨ ਜੀ ਰੁਕਮਨੀ ਨੂੰ ਨਾਲ ਲੈ ਕੇ ਦੁਆਰਕਾ ਨਗਰੀ ਚਲੇ ਗਏ। ਸ੍ਰੀ ਕ੍ਰਿਸ਼ਨ ਜੀ ਦੀ ਵਾਪਸੀ ਬਾਰੇ ਸੁਣਕੇ ਸਭ ਨਰ ਨਾਰੀ ਬਹੁਤ ਖੁਸ਼ ਹੋਏ। ਉਨ੍ਹਾਂ ਦੇ ਵਿਆਹ ਵਿੱਚ ਸ਼ਾਮਿਲ ਹੋਣ ਵਾਸਤੇ ਦੁਆਰਕਾ ਨਗਰੀ ਦੀਆਂ ਸਾਰੀਆਂ ਇਸਤ੍ਰੀਆਂ ਇਕੱਠੀਆਂ ਹੋ ਕੇ ਆਈਆਂ। ਉਨ੍ਹਾਂ ਨੇ ਗੀਤ ਗਾ-ਗਾ ਕੇ ਆਪਣੇ ਹਿਰਦਿਆਂ ਦੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਹ ਇਕੱਠੀਆਂ ਮਿਲਕੇ ਨੱਚਦੀਆਂ ਅਤੇ ਤਾਲੀ ਵਜਾਉਂਦੀਆਂ ਸਨ। ਹੋਰ ਤਾਂ ਕੀ ਕਹਿਣਾ ਦੇ ਵਤਿਆਂ ਦੀਆਂ ਇਸਤ੍ਰੀਆਂ ਵੀ ਇੱਕਠੀਆ ਹੋ ਕੇ ਇਹ ਸਭ ਕੁਝ ਵੇਖਣ ਵਾਸਤੇ ਦੁਆਰਕਾ ਪੁਰੀ ਪਹੁੰਚ ਗਈਆਂ।

**ਸਵੈਯਾ।। ਏਕ ਬਜਾਵਤ ਬੇਨ ਸਖੀ**
**ਇਕ ਹਾਥ ਲੀਏ ਸਖੀ ਤਾਲ ਬਜਾਵੈ।।**
**ਨਾਚਤ ਏਕ ਭਲੀ ਬਿਧ ਸੁੰਦਰ**
**ਸੁੰਦਰ ਏਕ ਭਲੀ ਬਿਧ ਗਾਵੈ।।**
**ਝਾਂਝਰ ਏਕ ਮ੍ਰਿਦੰਗ ਕੇ ਬਾਜਤ**
**ਆਇ ਭਲੇ ਇਕ ਹਾਵ ਦਿਖਾਵੈ।।**
**ਭਾਇ ਕਰੈ ਇਕ ਆਇ ਤਬੈ**
**ਚਿਤ ਕੇਰਨ ਵਾਰਨ ਮੋਦ ਬਢਾਵੈ।।੨੦੧੧।।**

*- ਦਸਮ ਗ੍ਰੰਥ ਪੰਨਾ ੫੦੯*

ਵੇਦਾਂ ਦੀ ਵਿਧਿ ਅਨੁਸਾਰ ਵਿਆਹ ਹੋਇਆ। ਸ੍ਰੀ ਕ੍ਰਿਸ਼ਨ ਜੀ ਦੀ ਮਾਤਾ ਨੇ ਪ੍ਰਸੰਨ ਚਿਤ ਹੋ ਕੇ ਨੂੰਹ ਪੁੱਤਰ ਦੇ ਸਿਰ ਤੋਂ ਵਾਰਕੇ ਪਾਣੀ ਪੀਤਾ ਅਤੇ ਬ੍ਰਾਹਮਣਾਂ ਨੂੰ ਦਾਨ ਦਿੱਤਾ। ਉਹ ਆਪਣੇ ਬੱਚਿਆਂ ਤੋਂ ਵਾਰਨੇ ਬਲਿਹਾਰਨੇ ਜਾਂਦੀ ਸੀ। ਸ੍ਰੀ ਕ੍ਰਿਸ਼ਨ ਜੀ ਅਤੇ ਰੁਕਮਨੀ ਜੀ ਵੀ ਅਤਿਅੰਤ ਪ੍ਰਸੰਨ ਚਿਤ ਸਨ।

## ੧੨

**ਬੀਚ ਸਰਦ ਰੁਤ ਕੇ ਸਜਨੀ ਹਮ**
**ਖੇਲਤ ਸਯਾਮ ਸੋ ਪ੍ਰੀਤ ਲਗਾਈ।।**
**ਆਨੰਦ ਕੈ ਅਤਿ ਹੀ ਮਨ ਮੈ ਤਜਕੈ**
**ਸਭਹੀ ਜੀਯ ਕੀ ਦੁਚਿਤਾਈ।।**
**ਨਰਿ ਸਭੈ ਬ੍ਰਿਜ ਕੀਨ ਬਿਖੈ**
**ਮਨ ਕੀ ਤਜਿ ਕੈ ਸਭ ਸੰਕ ਕਨ੍ਹਾਈ।।**
**ਤਾਂ ਸੰਗ ਸੋ ਸੁਖਦਾਇਕ ਥੀ ਰਿਤ**
**ਸਯਾਮ ਬਿਨਾ ਅਬ ਭੀ ਦੁਖਦਾਈ।।੮੭੭।।**

*- ਦਸਮ ਗ੍ਰੰਥ ਪੰਨਾ ੩੭੦*

**ਸ਼ਬਦਾਰਥ :**
ਸਰਦ-ਠੰਢੀ ਰੁੱਤਿ, ਪੋਹ ਦਾ ਮਹੀਨਾ। ਸੰਕ-ਝਿਜਕ, ਸ਼ਰਮ, ਹਯਾ। ਦੁਚਿਤਾਈ-ਦੁਬਿਧਾ-ਭਰਮ। ਕਨ੍ਹਾਈ-ਕਾਨ੍ਹ, ਕ੍ਰਿਸ਼ਨ। ਬ੍ਰਿਜ-ਬ੍ਰਿਜ ਦੀਆਂ ਸਾਰੀਆਂ ਨਾਰੀਆਂ।

**ਵਿਆਖਿਆ :**
ਸਾਰੀਆਂ ਗੋਪੀਆਂ ਨੂੰ ਉਹ ਦਿਨ ਯਾਦ ਆਉਂਦੇ ਹਨ, ਜਦੋਂ ਉਹ ਸਾਰੀਆਂ ਪੋਹ ਦੇ ਮਹੀਨੇ ਵਿੱਚ ਸ੍ਰੀ ਕ੍ਰਿਸ਼ਨ ਜੀ ਨਾਲ ਪ੍ਰੀਤ ਲਗਾ ਕੇ ਖੇਡਦੀਆਂ ਸਨ। ਪੋਹ ਦੇ ਮਹੀਨੇ ਦੀ ਅਤਿ ਠੰਢ ਸਰੀਰ ਨੂੰ ਵੱਢਦੀ ਪਰ ਉਸ ਸਮੇਂ ਗੋਪੀਆਂ ਦਾ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਪਿਆਰ ਅਤੇ ਆਪਸ ਵਿੱਚ ਮੇਲ ਮਿਲਾਪ, ਵਾਤਾਵਰਨ ਨੂੰ ਸੁਹਾਵਣਾ ਬਣਾਉਂਦਾ ਸੀ। ਗੋਪੀਆਂ ਮਨ ਵਿੱਚ ਅਤਿ ਆਨੰਦ ਪ੍ਰਾਪਤ ਕਰਦੀਆਂ ਸਨ, ਖੁਸ਼ੀ ਖੇੜੇ ਦੀ ਅਥਾਹ ਪ੍ਰਸੰਨਤਾ ਨਾਲ ਓਤ-ਪ੍ਰੋਤ ਸਨ, ਅਤੇ ਉਸ ਵੇਲੇ ਚਿਤ ਦੀ ਸਾਰੀ ਦੁਚਿਤਾਈ, ਦੁਬਿਧਾ, ਦੂਰ ਕਰ ਦਿੱਤੀ ਹੋਈ ਸੀ, ਲੋਕ-ਲਾਜ ਦਾ ਉਨ੍ਹਾਂ ਨੂੰ ਕੋਈ ਭੈਅ ਨਹੀ ਸੀ ਅਤੇ ਉਹ ਨਿਸੰਕ ਹੋ ਕੇ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਪ੍ਰੀਤ ਪਿਆਰ ਕਰਕੇ ਪੁਲਕਿਤ ਹੁੰਦੀਆਂ ਸਨ। ਹੁਣ ਤਾਂ ਉਨ੍ਹਾਂ ਪਾਸ ਕੁਝ ਵੀ ਨਹੀ ਰਹਿ ਗਿਆ, ਕਿਉਂਕਿ ਜਦੋਂ ਸ੍ਰੀ ਕ੍ਰਿਸ਼ਨ ਜੀ ਹੀ ਉੱਥੇ ਉਨ੍ਹਾਂ ਕੋਲ ਨਹੀ, ਉਨ੍ਹਾਂ ਕੋਲੋਂ ਦੂਰ ਚਲੇ ਗਏ, ਤਾਂ ਫਿਰ ਪ੍ਰੀਤ ਪਿਆਰ ਕੀਹਦੇ ਨਾਲ ? ਖੇਡ, ਰਾਸ-ਮਲਾਰ

ਕਿਵੇਂ ਤੇ ਕਿਸਦੇ ਨਾਲ ? ਇਹ ਸਾਰਾ ਕੁਝ ਚੇਤੇ ਕਰਕੇ ਗੋਪੀਆਂ ਨੂੰ ਪੋਹ ਦਾ ਮਹੀਨਾ ਅਤਿ ਦੁੱਖ ਭਰਿਆ ਪ੍ਰਤੀਤ ਹੋ ਰਿਹਾ ਹੈ, ਜਦੋਂ ਗੋਪੀਆਂ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਸਨ, ਉਸ ਵਕਤ ਸਭ-ਕੁਛ ਸੁਹਾਵਣਾ ਸੀ।

**ਭਾਵ :**

ਗੋਪੀਆਂ ਸਰਦ ਰਿਤੂ ਵਿੱਚ, ਆਪਣੇ ਮਨ ਦੇ ਸੰਸੇ ਤਿਆਗ ਕੇ, ਸ੍ਰੀ ਕ੍ਰਿਸ਼ਨ ਜੀ ਦੇ ਨਾਲ ਅਤਿ ਪ੍ਰਸੰਨ ਹੋ ਕੇ ਆਮੋਦ-ਪ੍ਰਮੋਦ ਕਰਦੀਆਂ।

# ਸਯਾਮ ਸੋ ਪ੍ਰੀਤ ਲਗਾਈ

ਜਿਹੜੀਆਂ ਜੀਵ ਆਤਮਾਵਾਂ ਦਾ ਮਨ ਉਸ ਅਕਾਲ-ਪੁਰਖ ਪਿਆਰੇ ਪ੍ਰਭੂ ਪ੍ਰੀਤਮ ਦੇ ਚਰਨਾਂ ਵਿੱਚ ਜੁੜ ਜਾਂਦਾ ਹੈ, ਉਸਦੀ ਪਿਆਰੀ ਮਨ-ਮੋਹਨੀ ਮੂਰਤ ਦਾ ਵਾਸਾ ਉਨ੍ਹਾਂ ਦੇ ਹਿਰਦੇ ਅੰਦਰ ਹੋ ਜਾਂਦਾ ਹੈ, ਉਹ ਹਮੇਸ਼ਾਂ-ਹਮੇਸ਼ਾਂ ਲਈ ਉਸ ਨਾਲ ਜੁੜੀਆਂ ਰਹਿੰਦੀਆਂ ਹਨ, ਉਹ ਇੱਕ ਖਿਨ ਭਰ ਨਈ ਵੀ ਉਸਤੋਂ ਦੂਰ ਨਹੀਂ ਰਹਿ ਸਕਦੀਆਂ, ਇੱਕ ਖਿਨ ਭਰ ਦਾ ਵਿਛੋੜਾ ਵੀ ਉਨਾਂ ਨੂੰ ਤੜਪਾ ਦਿੰਦਾ ਹੈ। ਦੁਨਿਆਵੀ ਪਦਾਰਥਕ ਵਸਤੂਆਂ ਉਨ੍ਹਾਂ ਨੂੰ ਫਿੱਕੀਆਂ ਲਗਦੀਆਂ ਹਨ, ਦੁਨਿਆਵੀ ਰੰਗ, ਖੇਡ, ਤਮਾਸ਼ਿਆਂ ਵਿੱਚ ਉਨ੍ਹਾਂ ਦਾ ਮਨ ਭਿੱਜਦਾ ਨਹੀ, ਇਹ ਸਭ ਕੁਝ ਉਨ੍ਹਾਂ ਲਈ ਨਿਰ-ਅਰਥਕ ਲੱਗਣ ਲੱਗ ਜਾਂਦਾ ਹੈ, ਦੁਨੀਆ ਦਾ ਪਸਾਰਾ ਸਭ ਕੂੜ ਹੋ ਜਾਂਦਾ ਹੈ, ਜੇਕਰ ਕੋਈ ਸੱਚ ਹੈ ਤਾਂ ਉਹ ਹੈ, ਉਨ੍ਹਾਂ ਦਾ ਪਿਆਰਾ, ਸਾਂਵਰਾ, ਸੁੰਦਰ ਕਾਨ੍ਹ-ਕਨ੍ਹੱਈਆ। ਸੰਸਾਰ ਦੇ ਪਦਾਰਥ ਜੇਕਰ ਉਨ੍ਹਾਂ ਦੇ ਪਿਆਰੇ ਦੀ ਪੂਜਾ ਸਾਮਗ੍ਰੀ ਬਣਕੇ ਰਹਿਣ, ਤਾਂ ਉਹ ਜ਼ਰੂਰ ਰਹਿਣ, ਉਨ੍ਹਾਂ ਦੇ ਇੰਝ ਰਹਿਣ ਨਾਲ ਪਰਮ-ਸੁਖ ਹੈ, ਕਿਉਂਕਿ ਉਹ ਆਪਣੇ ਪਿਆਰੇ ਪ੍ਰੀਤਮ ਦੇ ਪ੍ਰੇਮ ਵਿੱਚ ਰੁਕਾਵਟ ਨਹੀਂ ਪਾਉਂਦੇ, ਉਨ੍ਹਾਂ ਦੇ ਨਾਲ ਤੇ ਉਨ੍ਹਾਂ ਦੇ ਪਿਆਰੇ ਦੇ ਚਰਨ ਕੰਵਲਾਂ ਦੀ ਪੂਜਾ ਹੁੰਦੀ ਹੈ, ਪਰ ਜਿਹੜੇ ਪਦਾਰਥ ਉਨ੍ਹਾਂ ਦੇ ਪਿਆਰੇ ਪ੍ਰੀਤਮ ਦੇ ਮੇਲ-ਮਿਲਾਪ ਵਿੱਚ ਰੁਕਾਵਟ ਪਾਉਂਦੇ ਹਨ, ਉਨ੍ਹਾਂ ਦੇ ਤਿਆਗਣ ਵਿੱਚ ਹੀ ਉਹ ਆਪਣੀ ਭਲਾਈ ਸਮਝਦੇ ਹਨ। ਜਦੋਂ ਆਪਣੇ ਪਿਆਰੇ ਸਾਂਵਰੇ ਪ੍ਰੀਤਮ ਨਾਲ ਪਿਆਰ ਹੋ ਜਾਂਦਾ ਹੈ, ਫਿਰ ਤਾਂ ਆਪਣਾ ਕੁਝ ਰਹਿ ਹੀ ਨਹੀ ਜਾਂਦਾ, ਸਾਰਾ ਕੁਛ ਆਪਣੇ ਪਿਆਰੇ ਦੇ ਚਰਨਾਂ ਵਿੱਚ ਅਰਪਿਤ ਹੋ ਜਾਂਦਾ ਹੈ, ਸਾਰਾ ਕੁਝ ਉਸੇ ਦਾ ਹੀ ਹੋ ਜਾਂਦਾ ਹੈ, ਪ੍ਰੇਮੀ ਆਪਣੇ ਪਿਆਰੇ ਦਾ ਅਤੇ ਪਿਆਰਾ ਆਪਣੇ ਪ੍ਰੇਮੀ ਦਾ, ਇੱਕ ਅਟੁੱਟ ਰਿਸ਼ਤਾ ਬਣ ਜਾਂਦਾ, ਹੈ ਜਿਸ ਨੂੰ ਕੋਈ ਨਿਖੇੜ ਨਹੀਂ ਸਕਦਾ। ਜਿਹੜੀ ਚੀਜ਼ ਆਪਣੇ ਪਿਆਰੇ ਦੀ ਬਣਕੇ ਨਹੀ ਰਹਿੰਦੀ, ਜਿਹਦੇ ਕਰਕੇ ਆਪਣੇ ਪਿਆਰੇ ਪ੍ਰੀਤਮ ਦੇ ਚਰਨਾਂ ਵਿੱਚ ਆਤਮ ਸਮਰਪਣ ਕਰਨ ਵਿੱਚ

ਰੁਕਾਵਟਾਂ ਪੈਦਾ ਹੋਣ, ਉਸਨੂੰ ਤਿਆਗਣਾ ਹੀ ਉੱਚਿਤ ਹੁੰਦਾ ਹੈ। ਇਸੇ ਤਰ੍ਹਾਂ ਕਰਮੈਤੀ ਬਾਈ ਨੇ ਆਪਣਾ ਪਿਤਾ, ਮਾਤਾ, ਪਤੀ, ਘਰ-ਬਾਰ ਸਭ ਕੁਝ ਆਪਣੇ ਪਿਆਰੇ ਇਸ਼ਟ ਦੀ ਖਾਤਰ ਤਿਆਗ ਦਿੱਤਾ ਅਤੇ ਬਿੰਦਰਾਬਨ ਦੀਆਂ ਗਲੀਆਂ ਵੱਲ ਆਪਣੇ ਮਨ ਨੂੰ ਆਪਣੇ ਪਿਆਰੇ ਪ੍ਰੀਤਮ ਦੇ ਚਰਨਾਂ ਵਿੱਚ ਜੋੜਕੇ ਟੁਰ ਪਈ।

ਕਰਮੈਤੀ ਬਾਈ ਦੇ ਪਿਤਾ ਪੰਡਤ ਪਰਸ਼ੁਰਾਮ ਜੀ ਖੰਡੇਲਾ ਰਾਜ ਦੇ ਕੁਲ ਪੁਰੋਹਿਤ ਸਨ। ਕਰਮੈਤੀ ਸਦਗੁਣਾਂ ਦਾ ਅਥਾਹ ਭੰਡਾਰ ਸੀ। ਆਪਣੇ ਪੂਰਬਲੇ ਕਰਮਾਂ ਦੇ ਫਲ ਸਦਕਾ ਕਰਮੈਤੀ ਦਾ ਮਨ ਹਮੇਸ਼ਾਂ ਆਪਣੇ ਪਿਆਰੇ ਸ਼ਿਆਮ ਸੁੰਦਰ ਦੇ ਚਰਨਾਂ ਵਿੱਚ ਜੁੜਿਆਂ ਰਹਿੰਦਾ। ਉਹ ਹਮੇਸ਼ਾ ਆਪਣੇ ਪਿਆਰੇ ਦਾ ਨਾਮ ਸਿਮਰਨ ਕਰਦੀ ਰਹਿੰਦੀ। ਇਕਾਂਤ ਜਗ੍ਹਾ ਨੂੰ ਲੱਭਕੇ ਕਰਮੈਤੀ ਉਥੇ ਬੈਠੀ ਰਹਿੰਦੀ ਅਤੇ ਹਾਏ ਨਾਥ ! ਹਾਏ ਨਾਥ ! ਪੁਕਾਰਦੀ ਰਹਿੰਦੀ। ਆਪਣੇ ਪਿਆਰੇ ਦੀ ਯਾਦ ਵਿੱਚ ਉਸਦੀਆਂ ਅੱਖਾਂ ਵਿੱਚੋ ਹਮੇਸ਼ਾਂ ਨੀਰ ਵਹਿੰਦਾ ਰਹਿੰਦਾ। ਆਪਣੇ ਪਿਆਰੇ ਦੀ ਯਾਦ ਵਿੱਚ ਉਸ ਦੇ ਪ੍ਰੇਮ ਅਧੀਨ ਹੋ ਕੇ ਉਹ ਕਦੇ ਹੱਸਦੀ, ਕਦੇ ਰੋਂਦੀ ਅਤੇ ਕਦੇ ਉਚੀ ਸੁਰੀਲੀ ਆਵਾਜ਼ ਵਿੱਚ ਆਪਣੇ ਪਿਆਰੇ ਸਿਆਮ ਸੁੰਦਰ ਜੀ ਨੂੰ ਯਾਦ ਕਰਕੇ ਕੀਰਤਨ ਕਰਨ ਲੱਗ ਪੈਂਦੀ। ਛੋਟੀ ਜਿਹੀ ਬੱਚੀ ਨੂੰ ਕੀਰਤਨ ਕਰਦਿਆਂ ਵੇਖ ਕੇ ਘਰ ਤੇ ਬਾਹਰ ਦੇ ਲੋਕ ਅਤਿਅੰਤ ਪ੍ਰਸੰਨ ਹੁੰਦੇ।

ਹੁਣ ਕਰਮੈਤੀ ਨੌਜੁਆਨ ਹੋ ਗਈ, ਵਿਆਹ ਦੇ ਯੋਗ ਹੋ ਗਈ। ਮਾਤਾ ਪਿਤਾ ਨੇ ਉਨ੍ਹਾਂ ਲਈ ਸੁਯੋਗ ਵਰ ਲੱਭਣਾ ਸ਼ੁਰੂ ਕਰ ਦਿੱਤਾ ਪਰ ਕਰਮੈਤੀ ਨੂੰ ਇਹ ਸਭ ਬਿਲਕੁਲ ਚੰਗਾ ਨਾ ਲਗਦਾ। ਉਹ ਲੋਕ-ਲਾਜ ਕਰਕੇ ਉਨ੍ਹਾਂ ਨੂੰ ਆਪਣੇ ਮੂੰਹੋਂ ਨਾ ਕੁਝ ਕਹਿੰਦੀ ਪਰ ਇਹ ਸਾਰਾ ਕੁਝ ਉਸਨੂੰ ਵਿਸ਼ ਦੇ ਸਮਾਨ ਲਗਦਾ। ਇੱਛਾ ਨਾ ਹੋਣ ਤੇ ਵੀ ਉਸਦੇ ਪਿਤਾ ਨੇ ਉਸਦੀ ਮਰਜ਼ੀ ਦੇ ਖਿਲਾਫ ਉਸ ਦਾ ਵਿਆਹ ਕਰ ਦਿੱਤਾ। ਪਰ ਮਨ ਹੀ ਮਨ ਵਿੱਚ ਕਰਮੈਤੀ ਆਪਣੇ ਆਪਨੂੰ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਅਰਪਿਤ ਕਰ ਚੁੱਕੀ ਸੀ। ਸ਼ਿਆਮ ਸੁੰਦਰ ਜੀ ਦੀ ਵਸਤੂ ਤੇ ਕਿਸੇ ਹੋਰ ਦਾ ਅਧਿਕਾਰ, ਉਹ ਬਿਲਕੁਲ ਸਹਿਨ ਨਹੀਂ ਕਰ ਸਕਦੀ ਸੀ। ਉਸ ਦਾ ਤਾਂ ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਨਾਲ ਵਿਆਹ ਹੋ ਚੁੱਕਿਆ ਸੀ, ਇਸ ਲਈ ਉਨ੍ਹਾਂ ਦੇ ਧਿਆਨ ਵਿੱਚ ਮਗਨ ਰਹਿੰਦੀ। ਕੁਝ ਦਿਨ ਤਾਂ ਇਸ ਤਰ੍ਹਾਂ ਹੀ ਲੰਘ ਗਏ, ਪਰ ਇੱਕ ਦਿਨ ਸਸੁਰਾਲ ਵਾਲੇ ਕਰਮੈਤੀ ਨੂੰ ਲੈਣ ਵਾਸਤੇ ਆ ਗਏ, ਉਸਨੂੰ ਪਤਾ ਲਗਾ ਕਿ ਉਹਦੇ ਸਹੁਰੇ ਘਰ ਵਾਲੇ ਨਾਸਤਕ ਸਨ, ਅਤੇ ਰੱਬ ਦੇ ਪ੍ਰਤਿ ਉਨ੍ਹਾਂ ਦੀ ਰਤੀ ਭਰ ਵੀ ਸ਼ਰਧਾ ਨਹੀਂ ਸੀ। ਉਹ ਸਾਧੂਆਂ ਅਤੇ ਸੰਤਾਂ ਦੇ ਵਿਰੋਧੀ ਸਨ। ਉਥੇ ਉਹ ਆਪਣੇ ਪਿਆਰੇ ਸ਼ਿਆਮ ਸੁੰਦਰ ਜੀ ਨੂੰ ਯਾਦ ਨਹੀ ਕਰ ਸਕੇਗੀ। ਇਹ ਸਾਰਾ ਕੁਝ ਸੋਚ ਕੇ ਉਹ ਵਿਆਕੁਲ ਹੋ ਉਠੀ ਅਤੇ ਜ਼ੋਰ-ਜ਼ੋਰ ਦੀ ਰੋਣ ਲੱਗ ਪਈ। ਉਸਨੇ ਆਪਣੇ

ਪਿਆਰੇ ਨੂੰ ਯਾਦ ਕਰਦਿਆਂ ਹੋਇਆਂ ਬੇਨਤੀਆਂ ਕੀਤੀਆਂ,''ਹੇ ਮੇਰੇ ਪਿਆਰੇ ਨਾਥ ! ਮੇਰੀ ਇਸ ਮੁਸੀਬਤ ਤੋਂ ਰੱਖਿਆ ਕਰੋ, ਕੀ ਇਹ ਤੁਹਾਡੇ ਚਰਨਾਂ ਦੀ ਦਾਸੀ ਕਿਸੇ ਹੋਰ ਦੀ ਦਾਸੀ ਬਣੇਗੀ ? ਕੀ ਤੁਸੀਂ ਕੁਝ ਇਹੋ ਜਿਹਾ ਉਪਾਅ ਨਹੀਂ ਕਰ ਸਕੋਗੇ, ਜਿਸ ਨਾਲ ਤੁਹਾਡੀ ਇਹ ਦਾਸੀ ਤੁਹਾਡੇ ਚਰਨਾਂ ਦਾ ਹੀ ਧਿਆਨ ਕਰ ਸਕੇ ? ਕੀ ਕੁਝ ਇਹੋ ਜਿਹੀ ਕ੍ਰਿਪਾ ਨਹੀਂ ਹੋਵੇਗੀ ਜਿਸ ਨਾਲ ਉਹ ਬ੍ਰਿਜ ਭੂਮੀ ਵਿਖੇ ਪਹੁੰਚਕੇ ਉਥੇ ਦੀ ਪਵਿਤ੍ਰ ਪਾਵਨ ਧੂਲ ਨੂੰ ਆਪਣੇ ਮੱਥੇ ਉੱਤੇ ਲਗਾ ਸਕੇਗੀ''?

ਇਨ੍ਹਾਂ ਦੇ ਮਾਤਾ ਪਿਤਾ ਇਨ੍ਹਾਂ ਨੂੰ ਸਹੁਰੇ ਘਰ ਭੇਜਣ ਦੀਆਂ ਤਿਆਰੀਆਂ ਵਿੱਚ ਲਗੇ ਹੋਏ ਸਨ, ਉਧਰ ਕਰਮੈਤੀ ਬਾਈ ਆਪਣੇ ਪਿਆਰੇ ਦੀ ਧੁਨ ਵਿੱਚ ਮਦਮਸਤ ਸੀ। ਥੱਕ ਟੁੱਟ ਕੇ ਘਰ ਦਾ ਸਾਰਾ ਪਰਿਵਾਰ ਸਾਰੇ ਦਿਨ ਦੀ ਥਕਾਵਟ ਤੋਂ ਉਪਰੰਤ ਸੌਂ ਗਏ, ਪਰ ਕਰਮੈਤੀ ਆਪਣੇ ਪਿਆਰੇ ਪ੍ਰਭੂ ਦੇ ਚਰਨਾਂ ਵਿੱਚ ਇੱਕ ਟਕ ਸਮਾਧੀ ਵਿੱਚ ਲੀਨ ਸੀ। ਇੱਕ ਦਮ ਮਨ ਵਿੱਚ ਫੁਰਨਾ ਆਇਆ ਕਿ ਦੁਨਿਆਵੀ ਜੰਜਾਲ, ਝਮੇਲਿਆਂ ਵਿੱਚ ਫਸ ਕੇ, ਆਪਣੇ ਪਿਆਰੇ ਪ੍ਰਭੂ ਨੂੰ ਯਾਦ ਨਹੀਂ ਕੀਤਾ ਜਾ ਸਕਦਾ, ਇਹ ਸਭ ਉਸ ਤੋਂ ਵੇਮੁੱਖ ਕਰਦੇ ਹਨ।

ਇਸ ਤਰ੍ਹਾਂ ਸੋਚ ਕੇ, ਅੱਧੀ ਰਾਤ ਵੇਲੇ ਕਰਮੈਤੀ ਹਨੇਰਿਆਂ ਨੂੰ ਚੀਰਦੀ ਹੋਈ ਘਰ ਤੋਂ ਬਾਹਰ ਨਿਕਲ ਤੁਰੀ। ਕਰਮੈਤੀ ਕਦੇ ਵੀ ਘਰ ਤੋਂ ਬਾਹਰ ਇਕੱਲੀ ਨਹੀ ਸੀ ਨਿਕਲੀ, ਪਰ ਆਪਣੇ ਧਿਆਨ ਨੂੰ ਆਪਣੇ ਪਿਆਰੇ ਸਯਾਮ-ਸੁੰਦਰ ਦੇ ਚਰਨਾਂ ਵਿੱਚ ਜੋੜ ਕੇ, ਨਿਡਰ, ਨਿਝੱਕ, ਦਲੇਰ ਹੋ ਕੇ ਘਰ ਬਾਰ ਛੱਡ ਤੁਰੀ। ਉਸ ਵੇਲੇ ਉਸਦਾ ਪਿਆਰਾ ਇਸ਼ਟ, ਉਸਦੇ ਅੰਗ ਸੰਗ ਸੀ, ਫਿਰ ਉਸ ਨੂੰ ਕਿਸੇ ਦਾ ਕੀ ਡਰ ਸੀ। ਉਸ ਵੇਲੇ ਉਸਨੂੰ ਇਹ ਪਤਾ ਨਹੀਂ ਸੀ, ਕਿ ਉਹ ਕਿਸ ਪਾਸੇ ਜਾ ਰਹੀ ਹੈ, ਉਸਦੀ ਮੰਜ਼ਿਲ ਕਿਹੜੀ ਹੈ। ਉਸਦਾ ਟਿਕਾਣਾ ਕਿੱਥੇ ਹੈ ?

*ਦਿਸਿ ਅਰੁ ਬਦਿਸ ਪੰਥ ਨਹੀ ਸੁਝਾ।*
*ਕੋ ਮੈ ਕਹਾਂ ਨਹੀਂ ਬੁਝਾ।*

ਉਹ ਤਾਂ ਤੇਜ਼ ਕਦਮ ਪੁਟਦੀ-ਪੁਟਦੀ ਅਗਾਂਹ ਵੱਧਦੀ ਹੋਈ, ਦੌੜਦੀ ਹੋਈ ਜਾ ਰਹੀ ਸੀ। ਅੰਮ੍ਰਿਤ ਵੇਲਾ ਹੋ ਗਿਆ। ਪਰਿਵਾਰ ਦੇ ਲੋਕ ਜਦੋਂ ਨੀਂਦ ਪੂਰੀ ਕਰਕੇ ਜਾਗ ਉਠੇ, ਤਾਂ ਮਾਤਾ ਨੂੰ ਆਪਣੀ ਸਪੁੱਤਰੀ ਘਰ ਵਿੱਚ ਵਿਖਾਈ ਨਹੀਂ ਦਿੱਤੀ। ਮਾਤਾ ਪਿਤਾ ਦੋਹਾਂ ਨੂੰ ਬੜਾ ਦੁੱਖ ਹੋਇਆ, ਇੱਕ ਤਾਂ ਉਨਾਂ ਨੂੰ ਆਪਣੀ ਪਿਆਰੀ ਪੁੱਤਰੀ ਨਹੀ ਸੀ ਦਿੱਸ ਰਹੀ ਅਤੇ ਦੂਸਰਾ ਲੋਕ ਲਾਜ ਸਤਾ ਰਹੀ ਸੀ। ਉਨ੍ਹਾਂ ਨੂੰ ਤਾਂ ਆਪਣੀ ਪਿਆਰੀ, ਸੁਪੁਤਰੀ ਤੇ ਪੂਰਨ ਭਰੋਸਾ ਸੀ, ਪਰ ਪਿੰਡ ਦੇ ਲੋਕ ਤਾਂ ਜ਼ਰੂਰ ਉਸਨੂੰ ਕਲੰਕਿਤ ਸਮਝਣਗੇ। ਪਰਸ਼ੁਰਾਮ ਅਤਿਅੰਤ ਦੁਖੀ ਹੋ ਕੇ ਆਪਣੇ ਜਜਮਾਨ ਰਾਜਾ ਕੋਲ ਗਿਆ। ਰਾਜੇ ਨੇ ਉਸ ਦੀ ਸਹਾਇਤਾ ਕਰਨ ਲਈ ਚਾਰ-ਚੁਫੇਰੇ ਆਪਣੇ ਆਦਮੀ ਦੁੜਾਏ। ਦੋ ਘੋੜਸਵਾਰ ਉਸ ਰਸਤੇ ਵਲ ਨੂੰ ਤੁਰ

ਪਏ, ਜਿਧਰ ਕਰਮੈਤੀ ਬਾਈ ਜਾ ਰਹੀ ਸੀ। ਜਦੋਂ ਕਰਮੈਤੀ ਨੇ ਘੋੜਿਆਂ ਦੇ ਟਾਪਾਂ ਦੀ ਅਵਾਜ਼ ਸੁਣੀ ਤਾਂ ਹੋਸ਼ ਆਈ ਕਿ ਇਹ ਘੋੜਸਵਾਰ ਉਸਦਾ ਪਿੱਛਾ ਕਰਦੇ-ਕਰਦੇ ਉਸਦੇ ਨੇੜੇ ਆ ਪਹੁੰਚੇ ਹਨ। ਉਥੇ ਛੁਪਣ ਲਈ ਨੇੜੇ ਨਾ ਕੋਈ ਪਹਾੜ ਦੀ ਕੰਦਰਾ ਸੀ, ਨਾ ਕਿਸੇ ਰੁੱਖ ਦਾ ਨਾਮ ਨਿਸ਼ਾਨ, ਉਥੇ ਤਾਂ ਦੂਰ ਦੂਰ ਤਕ ਫੈਲਿਆ ਰੇਗਿਸਤਾਨ ਹੀ ਦਿੱਸ ਪੈ ਰਿਹਾ ਸੀ। ਕਰਮੈਤੀ ਨੇ ਚਾਰ-ਚੁਫੇਰੇ ਨਜ਼ਰ ਦੁੜਾਈ। ਉਨਾਂ ਨੂੰ ਉਥੇ ਇੱਕ ਮਰਿਆ ਹੋਇਆ ਊਠ ਦਿੱਸਿਆ। ਕਾਵਾਂ-ਇਲਾਂ ਨੇ ਊਠ ਦੇ ਪੇਟ ਵਿੱਚੋਂ ਮਾਸ ਖਾ-ਖਾ ਕੇ ਖੋਖਲਾ ਕਰ ਦਿੱਤਾ ਹੋਇਆ ਸੀ। ਕਰਮੈਤੀ ਦੌੜ ਕੇ ਉਸ ਦੁਰਗੰਧ ਭਰੇ ਊਠ ਦੇ ਖੋਖਲੇ ਹੋਏ ਪੇਟ ਵਿੱਚ ਜਾ ਛੁਪੀ। ਮਰੇ ਹੋਏ ਊਠ ਦੀ ਦੁਰਗੰਧ ਦੂਰ-ਦੂਰ ਤੱਕ ਫੈਲੀ ਹੋਈ ਸੀ, ਉਥੇ ਘੜੀ ਭਰ ਟਿਕਣਾ ਵੀ ਮੁਸ਼ਕਿਲ ਸੀ। ਘੋੜ ਸਵਾਰ ਦੁਰਗੰਧ ਕਰਕੇ ਉਥੋਂ ਵਾਪਸ ਚਲੇ ਗਏ।

ਕਰਮੈਤੀ ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਦੀ ਭਗਤੀ ਵਿੱਚ ਲਿਵ-ਜੋੜ ਕੇ ਊਠ ਦੇ ਖੋਖਲੇ ਪੇਟ ਅੰਦਰ ਤਿੰਨ ਦਿਨ ਲਗਾਤਾਰ ਰਹੀ। ਉਸਦੇ ਪਿਆਰੇ ਨੇ ਵੀ ਅਪਾਰ ਕ੍ਰਿਪਾ ਕੀਤੀ ਤੇ ਉਸ ਦੁਰਗੰਧ ਨੂੰ ਸੁਗੰਧ ਵਿੱਚ ਬਦਲ ਦਿੱਤਾ। ਚੌਥੇ ਦਿਨ ਉਹ ਬਾਹਰ ਨਿਕਲ ਕੇ ਆਪਣੀ ਮੰਜ਼ਿਲ ਵਲ ਤੁਰ ਪਈ। ਉਸਨੇ ਹਰਿਦਵਾਰ ਪਹੁੰਚ ਕੇ ਗੰਗਾ ਸਨਾਨ ਕੀਤਾ। ਉਥੋਂ ਚਲ ਕੇ ਆਪਣੇ ਸਾਂਵਰੇ ਦੀ ਲੀਲਾ ਭੂਮੀ ਬਿੰਦਰਾਬਨ ਵਿੱਚ ਪਹੁੰਚੀ। ਉਥੇ ਸੱਚੇ ਸਾਧੂ-ਸੰਤਾਂ, ਵੈਰਾਗੀਆਂ ਦੇ ਝੁੰਡ ਰਹਿੰਦੇ ਸਨ। ਹਰ ਪਾਸੇ ਸ੍ਰੀ ਕ੍ਰਿਸ਼ਨ ਜੀ ਦੀ ਅਪਾਰ ਮਹਿਮਾ ਦਾ ਵਰਣਨ ਹੁੰਦਾ ਰਹਿੰਦਾ। ਸਾਰਾ ਦਿਨ ਕਰਮੈਤੀ ਬਾਈ ਆਪਣੇ ਪਿਆਰੇ ਨੂੰ ਯਾਦ ਕਰਕੇ ਆਨੰਦ ਮਗਨ ਰਹਿੰਦੀ। ਉਸਦੇ ਪਿਤਾ ਉਸਨੂੰ ਲੱਭਦੇ-ਲੱਭਦੇ ਬਿੰਦਰਾਬਨ ਪਹੁੰਚੇ ਪਰ ਕਰਮੈਤੀ ਨੂੰ ਲੱਭਣਾ ਕੋਈ ਆਸਾਨ ਨਹੀ ਸੀ। ਉਨ੍ਹਾਂ ਨੇ ਖੂਬ ਭਾਲ ਕੀਤੀ। ਇੱਕ ਦਿਨ ਇੱਕ ਰੁੱਖ ਤੇ ਚੜ੍ਹ ਕੇ ਉਨ੍ਹਾਂ ਨੇ ਵੇਖਿਆ ਕਿ ਦੂਰ ਇੱਕ ਇਸਤ੍ਰੀ ਸਾਧੂਆਂ ਦੇ ਕਪੜੇ ਪਾ ਕੇ ਬੈਠੀ ਹੈ। ਕੋਲ ਜਾ ਕੇ ਵੇਖਿਆ ਤਾਂ ਉਹ ਤਪੱਸੂਨੀ ਉਨ੍ਹਾਂ ਦੀ ਆਪਣੀ ਪਿਆਰੀ ਸੁਪੁਤ੍ਰੀ ਸੀ। ਉਸਦੇ ਨੇਤਰ ਆਪਣੇ ਪਿਆਰੇ ਦੀ ਮਧੁਰ ਯਾਦ ਵਿੱਚ ਸਜਲ ਸਨ, ਅਤੇ ਧਿਆਨ ਚਰਨਾਂ ਵਿੱਚ ਲਿਵ-ਲੀਨ। ਪਿਤਾ ਆਪਣੀ ਪਿਆਰੀ ਭਗਤ ਸੁਪੁਤ੍ਰੀ ਨੂੰ ਵੇਖ ਕੇ ਕ੍ਰਿਤ ਕ੍ਰਿਤਯ ਹੋ ਗਿਆ। ਪਰਸ਼ੁਰਾਮ ਕਈ ਘੰਟੇ ਆਪਣੀ ਸੁਪੁਤ੍ਰੀ ਕੋਲ ਬੈਠੇ ਰਹੇ। ਪਰ ਉਸਨੇ ਆਪਣੇ ਨੇਤਰ ਨਹੀਂ ਖੋਲ੍ਹੇ ਕਿਉਂਕਿ ਉਹ ਤਾਂ ਸਮਾਧੀ ਵਿੱਚ ਆਪਣੇ ਪਿਆਰੇ ਸ਼ਿਆਮ ਸੁੰਦਰ ਜੀ ਨਾਲ ਜੁੜੇ ਹੋਏ ਸਨ। ਆਖਰ ਪਿਤਾ ਨੇ ਆਪਣੀ ਸੁਪੁਤ੍ਰੀ ਨੂੰ ਹਿਲਾ ਹਿਲਾ ਕੇ ਹੋਸ਼ ਵਿੱਚ ਲਿਆਂਦਾ ਅਤੇ ਘਰ ਜਾ ਕੇ ਭਜਨ ਕਰਨ ਲਈ ਤਰਲੇ ਕੀਤੇ। ਪੁਤਰੀ ਤੇ ਕੋਈ ਅਸਰ ਨਾ ਹੋਇਆ। ਉੱਤਰ ਵਿੱਚ ਉਸ ਨੇ ਕਿਹਾ,''ਪਿਤਾ ਜੀ ਇਥੇ ਆ ਕੇ ਕੌਣ ਵਾਪਸ ਜਾਂਦਾ ਹੈ। ਫਿਰ ਮੈਂ ਤੇ ਆਪਣੇ ਪ੍ਰੇਮੀ ਦੇ, ਪਿਆਰੇ ਦੇ ਪਿਆਰ ਸਮੁੰਦ੍ਰ ਵਿੱਚ ਡੁੱਬਕੇ ਆਪਣੇ ਆਪ ਨੂੰ ਗਵਾ ਬੈਠੀ ਹਾਂ, ਜੀਊਂਦੀ ਹੋਈ ਹੀ ਮਰ

ਚੁੱਕੀ ਹਾਂ। ਹੁਣ ਮੇਰੀ ਮਾਤਾ ਨੂੰ ਨਾਲ ਲੈ ਕੇ ਸ੍ਰੀ ਕ੍ਰਿਸ਼ਨ ਜੀ ਦਾ ਭਜਨ ਕਰਿਆ ਕਰੋ। ਇਸ ਤੋਂ ਬਿਨਾਂ ਹੋਰ ਕਿਧਰੇ ਸੁੱਖ ਨਹੀਂ ਮਿਲਦਾ"। ਆਪਣੇ ਸਾਂਵਰੇ ਦੇ ਗੁਣ ਗਾਉਂਦੀ-ਗਾਉਂਦੀ ਕਰਮੈਤੀ ਫਿਰ ਬੇਸੁੱਧ ਹੋ ਗਈ। ਪਿਤਾ ਆਪਣੀ ਸਪੁਤ੍ਰੀ ਦੀ ਡੂੰਘੀ ਪ੍ਰੀਤ ਨੂੰ ਵੇਖ ਕੇ ਧੰਨ ਧੰਨਯ ਹੋ ਗਿਆ। ਇਹੋ ਜਿਹੀ, ਸੁਪੁਤ੍ਰੀ ਪਾ ਕੇ ਉਹ ਵਡਭਾਗੀ ਹੋ ਗਿਆ।

ਰਾਜੇ ਨੇ ਪਰਸ਼ੁਰਾਮ ਕੋਲੋਂ ਕਰਮੈਤੀ ਬਾਈ ਦੀ ਕਥਾ ਸੁਣੀ, ਉਹ ਆਪ ਉਸਦੇ ਦਰਸ਼ਨ ਕਰਨ ਲਈ ਉੱਥੇ ਪਹੁੰਚਿਆ। ਰਾਜੇ ਦਾ ਸਿਰ ਕਰਮੈਤੀ ਦੇ ਸਾਹਮਣੇ ਸਨਮਾਨ ਵਜੋਂ ਝੁਕ ਗਿਆ। ਰਾਜਾ ਨੇ ਕਰਮੈਤੀ ਲਈ ਇੱਕ ਕੁਟੀਆ ਬਣਵਾ ਦਿੱਤੀ। ਕਰਮੈਤੀ ਉਥੇ ਬਹਿ ਕੇ ਭਜਨ ਕਰਦੀ। ਉਹਦਾ ਮਨ ਆਪਣੇ ਪਿਆਰੇ ਸ਼ਿਆਮ ਸੁੰਦਰ ਤੋਂ ਬਿਨਾਂ ਇੱਕ ਖਿਨ ਭਰ ਲਈ ਵੀ ਨਾ ਰਹਿ ਸਕਦਾ, ਉਸ ਦੀਆਂ ਅੱਖਾਂ ਵਿੱਚ ਹਮੇਸ਼ਾ ਹੀ ਵਰਖਾ-ਰੁੱਤ ਬਣੀ ਰਹਿੰਦੀ। ਉਹ ਤਾ ਇੱਕ ਬੜੀ ਮਹਾਨ ਤਪੱਸਵਨੀ ਬਣ ਚੁੱਕੀ ਸੀ।

# ੧੩

**ਸ੍ਵੈਯਾ।।ਮਾਘ ਬਿਖੈ ਮਿਲ ਕੈ ਹਰਿ ਸੋ**
**ਹਮ ਸੋ ਰਸ ਰਾਸ ਕੀ ਖੇਲ ਮਚਾਈ।।**
**ਕਾਨ੍ਹ ਬਜਾਵਤ ਥੋ ਮੁਰਲੀ**
**ਤਿਹ ਅਉਸਰ ਕੋ ਬਰਨਯੋ ਨਹੀ ਜਾਈ।।**
**ਫੂਲ ਰਹੇ ਤਿਹ ਫੂਲ ਭਲੇ**
**ਪਿਖਿਯੈ ਜਿਹ ਰੀਝ ਰਹੇ ਸੁਰ ਰਾਈ।।**
**ਤਉਨ ਸਮੈ ਸੁਖਦਾਇਕ ਥੀ ਰਿਤ**
**ਸਯਾਮ ਬਿਨਾ ਅਬ ਭੀ ਦੁਖਦਾਈ।।੮੭੮।।**

*– ਦਸਮ ਗ੍ਰੰਥ ਪੰਨਾ ੩੭੦*

**ਸ਼ਬਦਾਰਥ :**

ਰਸ-ਪਿਆਰ, ਪ੍ਰੀਤਿ। ਰਾਸ-ਖੁਸ਼ੀ ਦੀ ਖੇਡ, ਨਾਚ ਵਗੈਰਾ। ਪਿਖਿਯੈ-ਵੇਖ ਕੇ। ਸੁਰ ਰਾਈ-ਦੇਵਤਿਆਂ ਦਾ ਰਾਜਾ ਇੰਦਰ।

**ਵਿਆਖਿਆ :**

ਮਾਘ ਮਹੀਨੇ ਦੀ ਯਾਦ ਨੂੰ ਗੋਪੀਆਂ ਕਿਵੇਂ ਭੁਲਾ ਸਕਦੀਆਂ ਸਨ। ਇਸ ਮਹੀਨੇ ਵਿੱਚ ਸ੍ਰੀ ਕ੍ਰਿਸ਼ਨ ਨੇ ਆਪਣੀਆਂ ਪਿਆਰੀਆਂ ਗੋਪੀਆਂ ਨਾਲ ਮਿਲਕੇ ਰਸ ਭਰੀ ਰਾਸ ਲੀਲਾ ਦੀ ਖੇਡ ਮਚਾਈ ਸੀ। ਰਾਸ ਲੀਲਾ ਕਰਨ ਵੇਲੇ, ਵੱਖ-ਵੱਖ ਕ੍ਰੀੜਾਵਾਂ ਕੀਤੀਆਂ ਜਾਂਦੀਆਂ, ਇੱਕ ਦੂਜੇ ਨਾਲ ਹਾਸਯ-ਵਿਨੋਦ ਕਰਕੇ ਵਾਤਾਵਰਨ ਵਿੱਚ ਆਨੰਦ-ਹੁਲਾਸ ਖੇੜਾ ਅਤੇ ਖੁਸ਼ੀਆਂ ਦੇ ਫੁਹਾਰੇ ਚਲ ਪੈਂਦੇ, ਜਿਸ ਦੀ ਠੰਢੀ-ਠੰਢੀ ਸੀਤਲਤਾ ਗੋਪੀਆਂ ਦੇ ਤਨ-ਮਨ ਨੂੰ ਇੱਕ ਅਨੋਖੇ ਪਿਆਰ ਦਾ ਅਨੁਭਵ ਕਰਾਉਂਦੀ। ਵਾਤਾਵਰਨ ਹੋਰ ਵੀ ਸੁਹਾਵਣਾ ਅਤੇ ਰਮਣੀਯ ਹੋ ਜਾਂਦਾ, ਜਦੋਂ ਸ੍ਰੀ ਕ੍ਰਿਸ਼ਨ ਜੀ ਬੰਸਰੀ ਵਜਾਕੇ ਆਪਣੀਆਂ ਮਿੱਠੀਆਂ ਧੁਨਾਂ ਰਾਹੀਂ ਪ੍ਰਕ੍ਰਿਤੀ ਦੇ ਹਰ ਕਣ-ਕਣ ਦੇ ਵਿੱਚ ਅੰਮ੍ਰਿਤ ਤੇ ਮਹਿਕ ਦਾ ਛਿੜਕਾਅ ਕਰ ਦਿੰਦੇ। ਜਦੋਂ ਸ੍ਰੀ ਕ੍ਰਿਸ਼ਨ ਜੀ ਆਪਣੇ ਮਧੁਰ ਕੰਠ ਰਾਹੀਂ ਮੁਰਲੀ ਤੇ ਵੱਖ-ਵੱਖ ਧੁਨਾਂ ਰਾਹੀਂ, ਵੱਖ-ਵੱਖ ਰਾਗ ਅਲਾਪਦੇ, ਤਾਂ ਉਸ ਵੇਲੇ ਦਾ ਵਰਣਨ ਸ਼ਬਦਾਂ ਰਾਹੀ ਕਰਨਾ ਅਤਿ

ਕਠਿਨ ਹੋ ਜਾਂਦਾ। ਉਸਦੀ ਅਪਰੰਪਾਰ ਮਹਿਮਾ ਦਾ ਗੁਣ-ਗਾਣ ਕਰਨਾ ਅਤਿ ਅਸੰਭਵ ਸੀ। ਇੱਕ ਪਾਸੇ ਰਾਸ ਲੀਲਾ, ਦੂਸਰੇ ਪਾਸੇ ਬੰਸਰੀ ਉੱਤੇ ਸੁਰੀਲੀਆਂ ਧੁਨਾਂ ਤੇ ਖਿੜੇ ਹੋਏ ਫੁੱਲ, ਉਸ ਸ਼ੋਭਾ ਨੂੰ ਹੋਰ ਚਾਰ ਚੰਦ ਲਾ ਦਿੰਦੇ। ਹਰ ਕਿਆਰੀ ਵਿੱਚ ਭਾਂਤ-ਭਾਂਤ ਦੇ ਰੰਗ ਬਿਰੰਗੇ ਫੁੱਲ ਖਿੜੇ ਹੋਏ ਸਨ, ਉਨਾਂ ਫੁੱਲਾ ਦੀ ਸੁੰਦਰਤਾ ਅਤੇ ਮਹਿਕ ਉੱਤੇ ਇੰਦਰ ਵੀ ਰੀਝ ਰਿਹਾ ਸੀ। ਉਹ ਸਮਾਂ ਕਿੰਨਾ, ਸੁਹਾਵਣਾ ਸੀ, ਜਦੋਂ ਗੋਪੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਦਾ ਸੁਖਮਈ ਸੰਗ ਪ੍ਰਾਪਤ ਸੀ, ਆਨੰਦ ਦਾਇਕ ਦਰਸ਼ਨਾਂ ਦੀ ਦਾਤ ਉਪਲਬੱਧ ਸੀ, ਤੇ ਹੁਣ ਸਮਾਂ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਕਿੰਨਾ ਦੁਖ-ਦਾਈ ਹੋ ਗਿਆ ਸੀ। ਸ੍ਰੀ ਕ੍ਰਿਸ਼ਨ ਜੀ ਗੋਪੀਆਂ ਨੂੰ ਬਿਰਹੋਂ ਦੀ ਬਲਦੀ ਹੋਈ ਭੱਠੀ ਦੀ ਅੱਗ ਵਿੱਚ ਝੋਕ ਗਏ ਸਨ, ਦਿਨ ਰਾਤ ਗੋਪੀਆਂ ਤੜਪ ਤੜਪ ਕੇ ਹਾਉਕੇ ਲੈਂਦੀਆਂ ਅਤੇ ਉਨ੍ਹਾਂ ਦੀ ਮਿੱਠੀ-ਮਿੱਠੀ ਯਾਦ ਵਿੱਚ ਬਿਤਾਇਆ ਹੋਇਆ ਹਰ ਪਲ, ਹਰ ਖਿਨ ਗੋਪੀਆਂ ਨੂੰ ਯਾਦ ਆਉਂਦਾ ਹੈ, ਤੇ ਉਹ ਅਤਿ ਦੁੱਖ, ਵੇਦਨਾ, ਤੇ ਪੀੜਾ ਦੇ ਅਥਾਹ ਸਮੁੰਦ੍ਰ ਵਿੱਚ ਆਪਣੇ ਪਿਆਰੇ ਤੋਂ ਬਿਨਾਂ ਗੋਤੇ ਖਾ ਰਹੀਆਂ ਸਨ।

**ਭਾਵ :**

ਰਾਸ ਲੀਲਾ ਕਰਨ ਵੇਲੇ, ਮੁਰਲੀ ਦੀ ਮਨੋਹਰ ਧੁਨ ਸੁਣਕੇ ਗੋਪੀਆਂ ਦੇ ਹਿਰਦੇ ਨੂੰ ਜਿਹੜਾ ਆਨੰਦ ਮਿਲਦਾ, ਉਸਦਾ ਵਰਣਨ ਸ਼ਬਦ ਨਹੀਂ ਕਰ ਸਕਦੇ।

# ਰਸ ਰਾਸ ਕੀ ਖੇਲ ਮਚਾਈ

ਸ੍ਰੀ ਕ੍ਰਿਸ਼ਨ ਭਗਵਾਨ ਜੀ ਨੇ ਗੋਪੀਆਂ ਦੇ ਚੀਰ ਹਰਨ ਤੋਂ ਉਪਰੰਤ ਗੋਪੀਆਂ ਨਾਲ ਵਾਅਦਾ ਕੀਤਾ ਕਿ ਉਨ੍ਹਾਂ ਨਾਲ ਕੱਤਕ ਦੇ ਮਹੀਨੇ ਵਿੱਚ ਰਾਸ ਲੀਲਾ ਕਰਨਗੇ। ਉਸ ਵੇਲੇ ਤੋਂ ਹੀ ਸਾਰੀਆਂ ਗੋਪੀਆਂ ਦਿਨ-ਰਾਤ ਕੱਤਕ ਦੇ ਮਹੀਨ ਦੀਆਂ ਉਡੀਕਵਾਨ ਹੋ ਗਈਆਂ। ਉਡੀਕ ਖਤਮ ਹੋ ਗਈ ਅਤੇ ਕੱਤਕ ਦਾ ਮਹੀਨਾ ਆ ਗਿਆ। ਅਕਾਸ਼ ਬਿਲਕੁਲ ਸੂੱਛ ਅਤੇ ਨਿਰਮਲ ਹੋ ਗਿਆ, ਗਰਮੀ ਅਤੇ ਵਰਖਾ ਦਾ ਅੰਤ ਹੋ ਗਿਆ, ਹਲਕੀ-ਹਲਕੀ ਠੰਢ ਸੁਹਾਵਨੀ ਅਤੇ ਸੁਖਦਾਇਕ ਲੱਗਣ ਲੱਗ ਪਈ, ਸਰੋਵਰਾਂ ਦਾ ਜਲ ਨਿਰਮਲ ਹੋ ਗਿਆ, ਮੋਰ, ਚਕੋਰ, ਕਪੋਤ, ਹੰਸ ਆਦਿ ਪੰਛੀ ਆਨੰਦ ਨਾਲ ਰਹਿਣ ਲੱਗ ਪਏ। ਇਹੋ ਜਿਹੇ ਰਮਣੀਕ ਸੁਹਾਵਣੇ ਸਮੇਂ ਵਿੱਚ ਸ੍ਰੀ ਕ੍ਰਿਸ਼ਨ ਜੀ ਕੱਤਕ ਮਹੀਨੇ ਦੀ ਚੰਦ-ਚਾਂਦਨੀ ਰਾਤ ਵਿੱਚ ਘਰੋਂ ਬਾਹਰ ਨਿਕਲ ਕੇ ਵਣ-ਵਲ ਨੂੰ ਤੁਰ ਪਏ। ਨਿਰਮਲ ਅਕਾਸ਼ ਵਿੱਚ ਤਾਰੇ ਝਿਲਮਿਲ ਕਰਦੇ ਸਨ, ਚੰਦ੍ਰਮਾ ਦੀ ਚਾਂਦਨੀ ਹਰ ਕਣ-ਕਣ ਨੂੰ ਪ੍ਰਕਾਸ਼ਿਤ ਕਰ ਰਹੀ ਸੀ, ਮੰਦ-ਮੰਦ ਸੀਤਲ ਸਮੀਰ ਚਲ ਰਹੀ ਸੀ। ਇਹੋ ਜਿਹੇ

ਸਮੇ ਵਿੱਚ ਸ੍ਰੀ ਕ੍ਰਿਸ਼ਨ ਜੀ ਨੂੰ ਗੋਪੀਆਂ ਨਾਲ ਕੀਤਾ ਹੋਇਆ ਰਾਸ ਰਚਾਉਣ ਦਾ ਆਪਣਾ ਵਾਅਦਾ ਯਾਦ ਆ ਗਿਆ।

ਸ੍ਰੀ ਕ੍ਰਿਸ਼ਨ ਜੀ ਨੇ ਹੱਸ ਕੇ ਗੋਪੀਆਂ ਨੂੰ ਕਿਹਾ ਚੰਦ੍ਰਮਾ ਚਿੱਟਾ ਹੈ, ਗੋਪੀਆਂ ਦੇ ਸੁੰਦਰ ਮੂੰਹ ਵੀ ਚਿੱਟੇ ਸਨ ਅਤੇ ਚਿੱਟੇ ਹੀ ਹਾਰ ਗਲਾਂ ਵਿੱਚ ਪਾਏ ਹੋਏ ਸਨ। ਬ੍ਰਿਜ ਭੂਮੀ ਵਿੱਚ ਸਾਰੇ ਹੀ ਪ੍ਰੇਮ ਨਾਲ ਇੱਕ ਦੂਜੇ ਦੇ ਗਲ ਵਿੱਚ ਹੱਥ ਪਾਕੇ ਰਸ ਭਰੀਆਂ ਖੇਡਾਂ ਕਰਨ ਲਈ ਲਲਾਇਤ ਹੋ ਰਹੇ ਸਨ। ਸ੍ਰੀ ਕ੍ਰਿਸ਼ਨ ਜੀ ਨੇ ਗੋਪੀਆਂ ਨੂੰ ਸਾਂਤਵਨਾ ਦਿੱਤੀ ਕਿ ਬਿਰਹ ਕਰਕੇ ਜਿਹੜੀ ਪੀੜਾ, ਕਸਕ ਗੋਪੀਆਂ ਦੇ ਹਿਰਦੇ ਅੰਦਰ ਉਤਪੰਨ ਹੋ ਗਈ ਸੀ, ਉਸਨੂੰ ਖੇਲ, ਕ੍ਰੀੜਾਵਾਂ ਕਰਕੇ ਖਤਮ ਕਰਨਗੇ। ਸ੍ਰੀ ਕ੍ਰਿਸ਼ਨ ਜੀ ਨੇ ਸੋਚਿਆ ਕਿ ਗੋਪੀਆਂ ਤਾਂ ਅਨੇਕ ਹਨ, ਇਹ ਸੋਚ ਕੇ ਸ੍ਰੀ ਕ੍ਰਿਸ਼ਨ ਜੀ ਨੇ ਜੋਗ ਮਾਇਆ ਰਚ ਲਈ। ਜਿੰਨੀਆਂ ਗੋਪੀਆਂ ਸਨ, ਓਨੇ ਹੀ ਸਰੀਰ ਧਾਰਨ ਕਰ ਲਏ ਅਤੇ ਰਾਸ ਮੰਡਲ ਦੇ ਚੌਤਰੇ ਤੇ ਗੋਪੀਆਂ ਨੂੰ ਨਾਲ ਲੈ ਕੇ ਰਾਸ ਬਿਲਾਸ ਆਰੰਭ ਕੀਤਾ।

ਸ੍ਰੀ ਕ੍ਰਿਸ਼ਨ ਜੀ ਨੇ ਗੋਪੀਆਂ ਨੂੰ ਕਿਹਾ ਕਿ ਉਹ ਇੱਕ ਦੂਜੀ ਦਾ ਹੱਥ ਨਾਲ ਹੱਥ ਫੜ ਕੇ ਗੋਲ ਘੇਰਾ ਬਣਾ ਲੈਣ। ਸ੍ਰੀ ਕ੍ਰਿਸ਼ਨ ਜੀ ਤੇ ਬਲਰਾਮ ਜੀ ਦੋਵੇਂ ਭਰਾ ਗੋਪੀਆਂ ਨਾਲ ਮਿਲ ਕੇ ਨ੍ਰਿਤਕਾਰੀ ਕਰਨਗੇ। ਗੋਪੀਆਂ ਨੇ ਸ੍ਰੀ ਕ੍ਰਿਸ਼ਨ ਜੀ ਦੇ ਬਚਨਾਂ ਨੂੰ ਸੁਣਕੇ ਸਾਂਤਵਨਾ ਪ੍ਰਾਪਤ ਕੀਤੀ, ਅਤੇ ਜਿੰਨੇ ਵੀ ਉਨ੍ਹਾਂ ਦੇ ਮਨ ਵਿੱਚ ਕੋਪ ਸਨ, ਉਹ ਸਾਰੇ ਹੀ 'ਰਸ' ਦੀ ਅੱਗ ਵਿੱਚ ਕੱਖ ਵਾਂਗੂੰ ਸੜ ਗਏ। ਸਾਰਿਆਂ ਨੇ ਆਪਸ ਵਿੱਚ ਮਿਲ ਜੁਲਕੇ ਰਾਸ ਲੀਲਾ ਅਰੰਭ ਕੀਤੀ। ਬ੍ਰਿਜ ਭੂਮੀ ਤੇ ਹੋ ਰਹੀ ਰਾਸ ਲੀਲਾ ਨੂੰ ਵੇਖਕੇ ਧਰਤੀ ਤੇ ਰਹਿਣ ਵਾਲੇ ਲੋਕ ਖੁਸ਼ ਹੋ ਰਹੇ ਸਨ ਅਤੇ ਅਕਾਸ਼ ਵਿੱਚ ਤਾਰਾ ਮੰਡਲ ਆਦਿਕ ਖੁਸ਼ੀ ਦਾ ਪ੍ਰਗਟਾਵਾ ਕਰ ਰਹੇ ਸਨ। ਬ੍ਰਿਜ ਦੀਆਂ ਇਸਤ੍ਰੀਆਂ ਬੜੇ ਪਿਆਰ ਨਾਲ ਗਾਉਂਦੀਆਂ ਸਨ ਅਤੇ ਕਈ ਤਾਲੀਆਂ ਵਜਾਉਂਦੀਆਂ ਸਨ। ਸ੍ਰੀ ਕ੍ਰਿਸ਼ਨ ਜੀ ਵੀ ਉਨ੍ਹਾਂ ਦੀ ਸੁਰ ਦੇ ਨਾਲ ਸੁਰ ਮਿਲਾ ਕੇ ਮਧੁਰ ਆਵਾਜ਼ ਵਿੱਚ ਗਾਉਂਦੇ ਸਨ। ਉਸ ਸੁਰ ਨੂੰ ਸੁਣਕੇ ਸਾਰੀਆਂ ਗੋਪੀਆਂ ਖੁਸ਼ੀ ਨਾਲ ਪਾਗਲ ਹੋ ਰਹੀਆਂ ਸਨ।

ਰਾਸ ਦੇ ਵਿੱਚ ਸਾਰੀਆਂ ਗੋਪੀਆਂ ਬੜੇ ਰਸ ਨਾਲ ਆਪਣੇ ਮਨ ਭਾਵਨ ਨੂੰ ਰਿਝਾਉਣ ਵਿੱਚ ਰੁੱਝ ਗਈਆਂ। ਇੱਕ ਗੋਪੀ ਨੱਚਦੀ ਹੈ, ਇੱਕ ਗੀਤ ਗਾਉਂਦੀ ਹੈ, ਅਤੇ ਇੱਕ ਤਾੜੀ ਵਜਾਉਂਦੀ ਹੋਈ ਗੀਤ ਦੇ ਭਾਵਾਂ ਨੂੰ ਪ੍ਰਗਟ ਕਰਦੀ ਹੈ। ਸਾਵਣ ਰੁੱਤ ਦੀ ਸੁੰਦਰ ਚਾਂਦਨੀ ਰਾਤ ਵਿੱਚ ਗੋਪੀਆਂ ਘਰਾਂ ਨੂੰ ਛੱਡ ਕੇ ਇਕੱਠੀਆਂ ਹੋ ਕੇ ਸੁਹਾਵਨੇ ਸੁੰਦਰ ਸਥਾਨ ਤੇ ਰਾਸ ਖੇਲ ਕਰਦੀਆਂ ਸਨ। ਇਸ ਸਾਰੇ ਮਨਮੋਹਕ ਦ੍ਰਿਸ਼ ਨੂੰ ਵੇਖਕੇ ਪੰਛੀ ਰੀਝ ਰਹੇ ਸਨ ਸ੍ਰੀ ਕ੍ਰਿਸ਼ਨ ਜੀ ਲੜਕਿਆਂ ਨਾਲ ਮਿਲਕੇ ਗਾਉਂਦੇ ਸਨ, ਤੇ ਦੂਸਰੇ ਪਾਸੇ ਸਾਰੀਆਂ ਗੋਪੀਆਂ, ਮਿਲਕੇ ਗਾਉਂਦੀਆਂ ਸਨ। ਇੰਝ ਲਗਦਾ ਜਿਵੇ ਅੰਬਾਂ ਦੇ ਰੁੱਖਾਂ ਉੱਤੇ ਕੋਇਲਾਂ ਕੂਕ ਰਹੀਆਂ ਹੋਣ। ਜਮਨਾ ਨਦੀ ਦਾ ਕਿਨਾਰਾ

ਇਸ ਖੇਲ ਕ੍ਰੀੜਾ ਦਾ ਸੁਹਾਵਨਾ ਸਥਾਨ ਸੀ। ਦੇਵਤੇ ਇਸ ਕੌਤਕ ਨੂੰ ਵੇਖਕੇ ਪ੍ਰਸੰਨ ਹੋ ਰਹੇ ਸਨ ਤੇ ਦੇਵਤਿਆਂ ਦੀਆਂ ਇਸਤ੍ਰੀਆਂ ਭੀ ਇਕੱਠੀਆਂ ਹੋ ਕੇ ਸਾਰਾ ਦ੍ਰਿਸ਼ ਵੇਖਣ ਲਈ ਉਸ ਰਮਣੀਯ ਸਥਾਨ ਤੇ ਪਹੁੰਚਦੀਆਂ। ਸ੍ਰੀ ਕ੍ਰਿਸ਼ਨ ਜੀ ਨੇ ਬੜਾ ਹੀ ਬਚਿਤ੍ਰ ਮੰਡਲ ਰਚਿਆ।

**ਮੰਡਲ ਰਾਸ ਬਚਿਤ੍ਰ ਮਹਾ ਸਮ**
**ਜੇ ਹਰਿ ਕੀ ਭਗਵਾਨ ਰਚਯੋ ਹੈ।।**
**ਤਾਹੀ ਕੇ ਬੀਚ ਕਹੈ ਕਬਿ ਇਉ ਰਸ**
**ਕੰਚਨ ਕੀ ਸਮ ਤੁਲਿ ਮਚਯੋ ਹੈ।।**
**ਤਾ ਸੀ ਬਨਾਇਬੇ ਕੋ ਬ੍ਰਹਮਾ ਨ ਬਨੀ**
**ਕਰਿ ਕੈ ਜੁਗ ਕੋਟਿ ਪਚਯੋ ਹੈ।।**
**ਕੰਚਨ ਕੈ ਤਨ ਗੋਪਨਿ ਕੇ ਤਿਹ**
**ਮੱਧਿ ਮਨੀ ਮਨ ਤੁਲਿ ਗਚਯੋ ਹੈ।।੫੨੬।।**

*– ਦਸਮ ਗ੍ਰੰਥ ਪੰਨਾ ੩੨੨*

ਜਿਸ ਤਰਾਂ ਪਾਣੀ ਵਿੱਚ ਮੱਛੀ ਕੇਲ ਕਰਦੀ ਹੈ, ਉਸੇ ਤਰ੍ਹਾਂ ਸਾਰੀਆਂ ਗੋਪੀਆਂ ਸ੍ਰੀ ਕ੍ਰਿਸ਼ਨ ਜੀ ਨਾਲ ਫਿਰਦੀਆਂ ਸਨ, ਰਸ ਦਾ ਭੋਗ ਕਰਦੀਆਂ ਸਨ। ਸਾਰੀਆਂ ਗੋਪੀਆਂ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਬੇਨਤੀਆਂ ਕਰਦੀਆਂ ਹਨ –

**ਸ੍ਵੈਯਾ।।ਐਹੋ ਲਲਾ ਨੰਦ ਲਾਲ ਕਹੈ**
**ਸਭ ਗ੍ਵਾਰਨੀਯਾ ਅਤਿ ਮੈਨ ਭਰੀ।।**
**ਹਮਰੇ ਸੰਗ ਆਵਹੁ ਖੇਲ ਕਰੋ**
**ਨ ਕਛੂ ਮਨ ਭੀਤਰਿ ਸੰਕ ਕਰੀ।।**
**ਨੈਨ ਨਚਾਇ ਕਛੂ ਮੁਸਕਾਇ ਕੈ ਭਉਹ,**
**ਦੋਊ ਕਰਿ ਟੇਢ ਧਰੀ।।**
**ਮਨ ਯੌ ਉਪਜੀ ਉਪਮਾ ਰਸ ਕੀ**
**ਮਨੋ ਕਾਨ੍ਹ ਕੇ ਕੰਠਹਿ ਫਾਂਸ ਡਰੀ।।੫੨੯।।**

*– ਦਸਮ ਗ੍ਰੰਥ ਪੰਨਾ ੩੨੨*

ਬ੍ਰਿਜ ਭੂਮੀ ਵਿੱਚ ਜਮਨਾ ਨਦੀ ਦੇ ਕੰਢੇ ਉੱਤੇ ਬੜਾ ਹੀ ਸੁੰਦਰ ਅਖਾੜਾ ਰਚਿਆ ਹੋਇਆ ਸੀ। ਉਸ ਵੇਲੇ ਦੇ ਗਾਉਣ ਨੂੰ ਵੇਖਕੇ ਗੰਧਰਬਾਂ ਦੇ ਝੁੰਡ ਈਰਖਾ ਕਰ ਰਹੇ ਸਨ ਅਤੇ ਅਪੱਛਰਾਂ ਸੁੰਦਰ ਨ੍ਰਿਤਕਾਰੀ ਵੇਖਕੇ ਸ਼ਰਮਿੰਦੀਆਂ ਹੋ ਰਹੀਆਂ ਸਨ। ਰਸ ਲੈਣ ਦੇ ਵਾਸਤੇ ਹੀ ਸ੍ਰੀ ਕ੍ਰਿਸ਼ਨ ਜੀ ਨੇ ਰਾਸ ਮੰਡਲ ਬਣਾਇਆ ਤੇ ਉੱਥੇ ਰਾਸ ਖੇਲ ਕੀਤਾ। ਗੋਪੀਆਂ ਦੀਆਂ ਕੇਲ-ਕ੍ਰੀੜਾਵਾਂ ਨੂੰ ਵੇਖਕੇ ਦੇਵਤਿਆਂ ਨੇ ਅਪੱਛਰਾਂ ਨੂੰ ਲਿਜਾ ਕੇ ਪਹਾੜ ਦੀਆਂ ਕੰਦ੍ਰਾਂ ਵਿੱਚ ਲੁਕਾ ਦਿੱਤਾ ਕਿਧਰੇ ਉਹ ਵੀ ਸ੍ਰੀ ਕ੍ਰਿਸ਼ਨ ਜੀ ਕੋਲ ਨਾ ਚਲੀਆਂ ਜਾਣ। ਸਾਰੀਆਂ

ਗੋਪੀਆਂ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਹੀ ਨਾਲ ਫਿਰਦੀਆਂ ਸਨ। ਇੱਕ ਗਾਉਂਦੀ ਸੀ, ਇੱਕ ਨੱਚਦੀ ਸੀ, ਤੇ ਇੱਕ ਰਾਸ ਰੰਗ ਵਿੱਚ ਮਦਮਸਤ ਹੋ ਕੇ ਚੁਪ-ਚਾਪ ਆਨੰਦ ਲੈ ਰਹੀ ਸੀ। ਕੁਝ ਕਹਿ ਰਹੀਆਂ ਸਨ, ਕਿ ਸ੍ਰੀ ਕ੍ਰਿਸ਼ਨ ਜੀ ਪ੍ਰਤੱਖ ਹਰੀ ਦਾ ਸ੍ਵਰੂਪ ਹਨ, ਤੇ ਕੁਝ ਹਰੀ ਦਾ ਨਾਮ ਲੈਂਦੇ ਹੀ ਧਰਤੀ ਉੱਤੇ ਡਿੱਗ ਪੈਂਦੀਆਂ ਸਨ। ਇੰਝ ਲੱਗ ਰਿਹਾ ਸੀ, ਸ੍ਰੀ ਕ੍ਰਿਸ਼ਨ ਜੀ ਚੁੰਬਕ ਹੋਣ ਤੇ ਗੋਪੀਆਂ ਰੂਪ ਸੂਈਆਂ ਉਸ ਦੇ ਨਾਲ ਲੱਗੀਆਂ ਹੋਣ। ਸ੍ਰੀ ਕ੍ਰਿਸ਼ਨ ਜੀ ਗਊਆਂ ਨੂੰ ਸੱਦਣ ਦੇ ਬਹਾਨੇ ਨਾਲ ਗੋਪੀਆਂ ਨੂੰ ਸੱਦਣ ਵਾਸਤੇ ਬੰਸਰੀ ਵਜਾਉਂਦੇ ਸਨ। ਬੰਸਰੀ ਦੀ ਸੁਰੀਲੀ ਧੁਨ ਨੂੰ ਸੁਣ ਕੇ ਰਾਧਾ ਜਿਸ ਦਾ ਮੁਖ-ਮੰਡਲ ਪੁੰਨਿਆਂ ਦੇ ਚੰਦ੍ਰਮਾ ਵਰਗਾ ਸੀ, ਜਿਸਦੇ ਸਰੀਰ ਦੀ ਚਮਕ ਸੋਨੇ ਵਰਗੀ ਸੀ, ਹਰਨੀ ਵਾਂਗੂੰ ਦੌੜਦੀ-ਦੌੜਦੀ ਆਈ। ਰਾਧਾ ਰੰਭਾ, ਉਰਵਸ਼ੀ, ਮੰਦੋਦਰੀ ਆਦਿ ਨਾਲੋਂ ਭੀ ਅਤਿ ਸੁੰਦਰ ਸੀ। ਪੂਰਨ ਰੂਪ ਵਿੱਚ ਆਪਣੇ ਹਾਰ ਸ਼ਿੰਗਾਰ ਕਰਕੇ ਰਾਧਾ ਜੀ ਸ੍ਰੀ ਕ੍ਰਿਸ਼ਨ ਜੀ ਨਾਲ ਰਾਸ ਲੀਲਾ ਕਰਨ ਵਾਸਤੇ ਪਹੁੰਚੇ। ਰਾਧਾ ਜੀ ਚੰਦ੍ਰਮਾਂ ਦੀ ਚਾਂਦਨੀ ਸਨ ਅਤੇ ਉਨ੍ਹਾਂ ਦੇ ਸਾਹਮਣੇ ਬਾਕੀ ਸਾਰੀਆਂ ਗੋਪੀਆਂ ਦੀਵਿਆਂ ਦੇ ਸਮਾਨ ਸਨ। ਜੇਕਰ ਹੋਰ ਗੋਪੀਆਂ ਕਾਲੇ ਬੱਦਲਾਂ ਦੀਆਂ ਘਟਾਵਾਂ ਸਨ ਤੇ ਰਾਧਾ ਜੀ ਬਿਜਲੀ ਰੂਪ ਹੋ ਕੇ ਚਮਕ ਰਹੇ ਸਨ। ਰਾਧਾ ਜੀ ਦੀ ਸੁੰਦਰਤਾ ਨੂੰ ਵੇਖ ਕੇ ਸ਼ਿਵਜੀ ਦੀ ਸਮਾਧੀ ਖੁਲ੍ਹ ਗਈ ਸੀ, ਰਤੀ ਦੇ ਪਤੀ ਕਾਮਦੇਵ ਦੇ ਮਨ ਵਿੱਚੋਂ ਆਪਣੇ ਸੁੰਦਰ ਹੋਣ ਦਾ ਹੰਕਾਰ ਟੁੱਟ ਗਿਆ। ਰਾਧਾ ਜੀ ਨੂੰ ਸਾਰੀਆਂ ਇਸਤ੍ਰੀਆਂ ਵਿੱਚੋਂ ਰਾਜ-ਇਸਤ੍ਰੀ ਮੰਨਿਆ ਗਿਆ ਹੈ।

ਹਾਰ ਸ਼ਿੰਗਾਰ ਨਾਲ ਸੁਸੱਜਿਤ ਹੋ ਕੇ ਰਾਧਾ ਸ੍ਰੀ ਕ੍ਰਿਸ਼ਨ ਜੀ ਨਾਲ ਰਾਸ ਲੀਲਾ ਕਰਦੀ ਸੀ। ਰਾਧਾ ਚੰਦ੍ਰਭਗਾ ਅਤੇ ਹੋਰ ਗੋਪੀਆਂ ਨਾਲ ਵੀ ਹਾਸ ਉਪਹਾਸ ਕਰਦੀ ਸਨ। ਰਾਧਾ ਨੇ ਕਿਹਾ :-

**ਯਾਹੀ ਕੇ ਹੇਤ ਸੁਨੋ ਸਜਨੀ**
**ਹਮ ਲੋਕਨ ਕੋ ਉਪਹਾਸ ਸਹਯੋ ਹੈ।।**
**ਸ੍ਰਉਨਨ ਮੈ ਸੁਨਿ ਰਾਸ ਕਥਾ**
**ਤਬ ਹੀ ਮਨ ਮੈ ਹਮ ਧਯਾਨ ਗਹਯੋ ਹੈ।।**
**ਸਯਾਮ ਕਹੈ ਅਖੀਆ ਪਿਖਕੈ**
**ਹਮਰੇ ਮਨ ਕੋ ਤਨ ਮੋਹਿ ਰਹਯੋ ਹੈ।।੫੪੯।।**

*- ਦਸਮ ਗ੍ਰੰਥ ਪੰਨਾ* **੩੨੫**

ਰਾਧਾ ਵੀ ਸ੍ਰੀ ਕ੍ਰਿਸ਼ਨ ਜੀ ਦੇ ਚਰਨ ਸਪਰਸ਼ ਕਰਨ ਲਈ ਉਸ ਥਾਂ ਤੇ ਪਹੁੰਚਦੀ ਹੈ, ਜਿੱਥੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਰਾਸ ਮੰਡਲ ਦੀ ਬੜੀ ਅਸਚਰਜ ਰਚਨਾਂ ਕੀਤੀ ਹੋਈ ਸੀ। ਹੇਠਲੇ ਪਾਸੇ ਵੱਲ ਜਮਨਾ ਸੋਭਾ ਪਾ ਰਹੀ ਸੀ, ਅਤੇ ਚੰਦ੍ਰਮਾ ਨੇ ਬਹੁਤ ਭਾਰੀ ਚਾਂਦਨੀ ਫੈਲਾਈ ਹੋਈ ਸੀ। ਸਫੈਦ ਵਸਤ੍ਰਾਂ

ਨਾਲ ਗੋਪੀਆਂ ਇਸ ਤਰ੍ਹਾਂ ਸੋਭਾ ਪਾ ਰਹੀਆਂ ਸਨ, ਮਾਨੋ ਰਾਸ ਮੰਡਲ ਰੂਪੀ ਉਪਵਨ ਵਿੱਚ ਇਹ ਫੁੱਲਾਂ ਦੀ ਫੁਲਵਾੜੀ ਖਿੜੀ ਹੋਵੇ। ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਨਾਲ ਰਾਧਾ ਚੰਬੜ ਗਈ, ਉਨ੍ਹਾਂ ਦੇ ਦਰਸ਼ਨਾਂ ਦੀ ਪ੍ਰੇਮਣ ਹੋ ਗਈ, ਸ਼ਰਮ ਅਤੇ ਹਯਾ ਦੀ ਨੀਂਦ ਨੂੰ ਤਿਆਗ ਦਿੱਤਾ, ਤੇ ਇਹ ਵਡਭਾਗਣ ਹੋ ਕੇ ਸ੍ਰੀ ਕ੍ਰਿਸ਼ਨ ਜੀ ਨਾਲ ਕ੍ਰੀੜਾਵਾਂ ਕਰਨ ਲਗੀ।

**ਦੋਹਰਾ।।ਕ੍ਰਿਸਨ ਰਾਧਕਾ ਸੰਗ ਕਹਯੋ ਅਤਿ ਹੀ ਬਿਹਸਿ ਕੈ ਬਾਤ।।**
**ਖੇਲਹੁ ਗਾਵਹੁ ਪ੍ਰੇਮ ਸੋ ਸੁਨ ਸਮ ਕੰਚਨ ਗਾਤ।।੫੫੪।।**

*- ਦਸਮ ਗ੍ਰੰਥ ਪੰਨਾ* ***੩੨੬***

ਸ੍ਰੀ ਕ੍ਰਿਸ਼ਨ ਜੀ ਖੁਲ੍ਹ ਕੇ ਹੱਸੇ ਤੇ ਰਾਧਾ ਨੂੰ ਆਖਿਆ ਕਿ ਉਹ ਪ੍ਰੇਮ ਨਾਲ ਖੇਡ ਖੇਡਣ ਅਤੇ ਰਾਸ ਵਿੱਚ ਗੀਤ ਗਾਉਣ। ਰਾਧਾ ਆਪਣੇ ਹਿਰਦੇ ਵਿੱਚ ਅਤਿ ਪ੍ਰਸੰਨ ਹੋਈ ਅਤੇ ਫਿਰ ਗੋਪੀਆਂ ਨਾਲ ਮਿਲਕੇ ਰਾਸ ਵਿੱਚ ਗੀਤ ਗਾਉਣ, ਲੱਗ ਪਈ। ਰਸ ਦੇ ਨਾਲ ਉਨ੍ਹਾਂ ਦਾ ਮਨ ਬੜਾ ਭਿੱਜ ਗਿਆ। ਰਾਧਾ ਨੇ ਇੱਕ ਠੱਗਣੀ ਵਾਂਗ ਸ੍ਰੀ ਕ੍ਰਿਸ਼ਨ ਜੀ ਦੀਆਂ ਅੱਖਾਂ ਨੂੰ ਰਸ ਦਾ ਭੁਲਾਵਾ ਦੇ ਕੇ ਠੱਗ ਲਿਆ।

ਰਾਸ ਲੀਲਾ ਕਰਨ ਵੇਲੇ ਬੜੇ ਸੁੰਦਰ ਤਰੀਕੇ ਨਾਲ ਗੀਤ ਗਾਏ ਜਾਂਦੇ ਸਨ। ਰਾਧਾ ਪ੍ਰਸੰਨਚਿਤ ਹੋ ਕੇ ਤਾੜੀਆਂ ਮਾਰਦੀ। ਜਿਹੜੀਆਂ ਸਖੀਆਂ ਰਾਸ ਦੇ ਵਿੱਚ ਸੋਭਾ ਪਾ ਰਹੀਆਂ ਸਨ, ਉਨ੍ਹਾਂ ਦੇ ਮੂੰਹ ਦੀ ਉਪਮਾ ਚੰਦ੍ਰਮਾਂ ਦੀ ਚਮਕ ਦਮਕ ਦੇ ਸਮਾਨ ਸੀ ਅਤੇ ਅੱਖੀਆਂ ਕੌਲ ਫੁੱਲਾਂ ਦੇ ਸਮਾਨ ਸਨ। ਉਹ ਸਾਰੀਆਂ ਗੋਪੀਆਂ ਲੋਕਾਂ ਦੇ ਮਨਾਂ ਨੂੰ ਚੁਰਾਉਂਦੀਆਂ ਸਨ। ਚੰਦ੍ਰਪ੍ਰਭਾ ਦਾ ਰੂਪ ਸੱਚੀ ਦੇ ਸਮਾਨ ਸੀ। ਬ੍ਰਿਜਛਟਾ ਦੇ ਦੰਦ ਅਨਾਰ ਦੇ ਦਾਣਿਆਂ ਵਰਗੇ ਸਨ। ਬਿਜਲੀ ਅਤੇ ਹਿਰਨੀਆਂ ਉਨ੍ਹਾਂ ਦੀ ਸੁੰਦਰਤਾ ਨੂੰ ਵੇਖਕੇ ਸ਼ਰਮਿੰਦਾ ਹੁੰਦੀਆਂ ਸਨ। ਉਹ ਸਾਰੀਆਂ ਸ੍ਰੀ ਕ੍ਰਿਸ਼ਨ ਜੀ ਦੇ ਸਰੂਪ ਨੂੰ ਵੇਖਕੇ ਅਤਿ ਪ੍ਰਸੰਨ ਹੁੰਦੀਆ, ਸੂਰਨ ਪ੍ਰਭਾ ਅਤੇ ਚੰਦ੍ਰਪ੍ਰਭਾ ਦੀ ਸੁੰਦਰਤਾ ਦੇ ਸਾਹਮਣੇ ਸਭ ਦੀ ਸੁੰਦਰਤਾ ਫਿੱਕੀ ਪੈ ਰਹੀ ਸੀ। ਸ੍ਰੀ ਕ੍ਰਿਸ਼ਨ ਜੀ ਦੇ ਸੁੰਦਰ ਸਰੂਪ ਨੂੰ ਵੇਖਦਿਆਂ ਸਾਰ ਹੀ ਗੋਪੀਆਂ, ਉਨ੍ਹਾਂ ਨੂੰ ਆਪਣੇ ਨਾਲੋ ਵੱਧ ਸੁੰਦਰ ਜਾਣਕੇ ਰਸ ਦੇ ਵੱਸ ਵਿੱਚ ਹੋ ਗਈਆਂ। ਸਾਰੀਆਂ ਗੋਪੀਆਂ ਨੇ ਮਨ ਦੀ ਸਾਰੀ ਲੱਜਿਆਂ ਨੂੰ ਤਿਆਗ ਦਿੱਤਾ ਅਤੇ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਖੇਡਣ ਲਈ ਉਤਸਾਹਿਤ ਹੋਈਆਂ। ਮਹਾ ਸੁੰਦਰ ਇਸਤ੍ਰੀਆਂ ਸ੍ਰੀ ਕ੍ਰਿਸ਼ਨ ਜੀ ਦੇ ਮਹਾ ਸੁੰਦਰ ਸਰੂਪ ਵਿੱਚ ਰਮ ਰਹੀਆਂ ਇੰਝ ਲਗਦੀਆਂ ਸਨ ਜਿਵੇ ਸ੍ਰੀ ਕ੍ਰਿਸ਼ਨ ਜੀ ਦੇ ਸੁੰਦਰ ਸਰੂਪ ਨੂੰ ਵੇਖਕੇ ਸਾਰੀਆਂ ਗੋਪੀਆਂ ਆਪਣੇ ਸਰੀਰ ਵਿੱਚ ਸ੍ਰੀ ਕ੍ਰਿਸ਼ਨ ਜੀ ਦਾ ਹੀ ਰੂਪ ਹੋ ਗਈਆਂ ਹੋਣ।

ਸਾਰੀਆਂ ਗੋਪੀਆਂ ਨੂੰ ਅਕਾਲ ਪੁਰਖ ਨੇ ਬੜੀ ਰੀਝ ਨਾਲ ਬਣਾਇਆ ਹੋਇਆ ਸੀ। ਬ੍ਰਹਮਾ ਜੀ ਦੀ ਵੀ ਉਨ੍ਹਾ ਉੱਤੇ ਵਿਸ਼ੇਸ਼ ਕ੍ਰਿਪਾ ਸੀ, ਇਸ ਕਰਕੇ ਉਨ੍ਹਾਂ ਦੇ ਲੱਕ, ਸ਼ੇਰ ਵਰਗੇ ਪਤਲੇ ਸੁੰਦਰ ਬਣਾਏ। ਉਨ੍ਹਾਂ ਸਾਰੀਆਂ

ਗੋਪੀਆਂ ਦੀ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਡੂੰਘੀ ਸੱਚੀ ਪ੍ਰੀਤ ਸੀ।

ਸ੍ਰੀ ਕ੍ਰਿਸ਼ਨ ਜੀ ਦੀ ਆਗਿਆ ਪ੍ਰਾਪਤ ਕਰਕੇ ਸਾਰੀਆਂ ਗੋਪੀਆਂ ਰਾਸ ਵਿੱਚ ਬੜੇ ਸੁੰਦਰ ਢੰਗ ਨਾਲ ਖੇਡਾਂ ਖੇਡਦੀਆਂ ਸਨ, ਜਿਸ ਤਰ੍ਹਾਂ ਇੰਦ੍ਰ ਦੀ ਸਭਾ ਵਿੱਚ ਰੰਭਾ ਨਾਚ ਕਰਦੀ ਹੈ ਅਤੇ ਜਿਸ ਤਰ੍ਹਾਂ ਖੇਡਾਂ ਕਰਨ ਦੇ ਵਾਸਤੇ ਉਹ ਸ੍ਵਾਂਗ ਬਣ ਕੇ ਆਉਂਦੀ ਹੈ। ਇਹ ਕਿੰਨ੍ਹਰਾਂ ਦੀ ਲੜਕੀ ਹੈ ਜਾਂ ਇਹ ਨਾਗਾਂ ਦੀ ਲੜਕੀ ਹੈ ? ਜਾਂ ਇਹ ਤੱਛਕ ਦੀ ਲੜਕੀ ਹੈ ? ਰਾਸ ਦੇ ਵਿੱਚ ਇਸ ਤਰ੍ਹਾਂ ਨਾਚ ਕਰਦੀ ਹੈ ਜਿਸ ਤਰ੍ਹਾਂ ਪਾਣੀ ਵਿੱਚ ਰਹਿੰਦੀ ਮਛਲੀ ਨਾਚ ਕਰਦੀ ਹੈ, ਕੇਲ ਕਰਦੀ ਹੈ। ਸਾਰੀਆਂ ਗੋਪੀਆਂ ਕ੍ਰਿਸ਼ਨ ਜੀ ਨਾਲ ਮਿਲਕੇ ਰਾਸ ਲੀਲਾ ਕਰਦੀਆਂ ਸਨ। ਉਸ ਵੇਲੇ ਨਾ ਤਾਂ ਉਨ੍ਹਾਂ ਨੂੰ ਆਪਣੇ ਸਰੀਰ ਦੀ ਹੋਸ਼ ਸੀ, ਅਤੇ ਨਾ ਹੀ ਉਹਨਾਂ ਨੂੰ ਆਪਣੇ ਕਪੜਿਆਂ ਦੀ ਪਰਵਾਹ।

ਸ੍ਰੀ ਕ੍ਰਿਸ਼ਨ ਦੇ ਜੀ ਹੁਕਮ ਅਨੁਸਾਰ ਗੋਪੀਆਂ ਸੁਹਣੇ-ਸੁਹਣੇ ਰਸੀਲੇ ਗੀਤ ਗਾਉਂਦੀਆਂ ਅਤੇ ਨੱਚਦੀਆਂ। ਇਨ੍ਹਾਂ ਦੇ ਸੁੰਦਰ ਨਾਚ ਨੂੰ ਵੇਖਣ ਲਈ ਦੇਵਤੇ ਅਕਾਸ਼ ਨੂੰ ਤਿਆਗ ਕੇ ਬ੍ਰਿਜ ਭੂਮੀ ਵਿਖੇ ਆ ਪਹੁੰਚੇ। ਅਕਾਸ਼ ਵਿੱਚ ਜਾਂਦੇ ਹੋਏ ਦੇਵਤੇ ਅਤੇ ਗੰਧਰਬ ਸ੍ਰੀ ਕ੍ਰਿਸ਼ਨ ਜੀ ਅਤੇ ਗੋਪੀਆਂ ਦੀ ਰਾਸ ਕ੍ਰੀੜਾਵਾਂ ਨੂੰ ਵੇਖਕੇ ਤੁਰਨੌਂ ਅਸਮਰਥ ਹੋ ਗਏ, ਉਹ ਉੱਥੇ ਹੀ ਖੜੇ ਹੋ ਕੇ ਪ੍ਰਸੰਨ ਹੋ ਰਹੇ ਸਨ। ਸੁੰਦਰ ਇਸਤ੍ਰੀਆਂ ਆਪਸ ਵਿੱਚ ਹੱਥ ਨਾਲ ਹੱਥ ਫੜ ਕੇ ਅਤੇ ਗੋਲ ਘੇਰੇ ਜਿਹੇ ਵਿੱਚ ਹੋ ਕੇ ਨੱਚਣ ਲੱਗ ਪਈਆਂ। ਹੋਰ ਤਾਂ ਕਿਸੇ ਦਾ ਕੀ ਕਹਿਣਾ? ਇਸ ਰਾਸ ਲੀਲਾ ਦਾ ਆਨੰਦ ਮਾਨਣ ਲਈ ਸਾਰੀ ਇੰਦਰ ਸਭਾ ਆਪਣੇ ਇੰਦਰ ਲੋਕ ਨੂੰ ਛੱਡਕੇ ਬ੍ਰਿਜ ਦੀ ਭੂਮੀ ਵਿੱਚ ਆ ਗਈ।

ਸ੍ਰੀ ਕ੍ਰਿਸ਼ਨ ਜੀ ਦਾ ਆਦੇਸ਼ ਮੰਨਕੇ ਰਾਸ ਵਿੱਚ ਚੰਦ੍ਰਭਗਾ, ਚੰਦ੍ਰਮੁਖੀ ਅਤੇ ਰਾਧਾ ਮਿਲਕੇ ਬੜੇ ਹੀ ਰਸ ਰੰਗ ਵਿੱਚ ਭਰਕੇ ਖੇਡਦੀਆਂ ਸਨ। ਉਹ ਤਾਲੀਆਂ ਮਾਰ ਮਾਰ ਕੇ ਸ੍ਰੀ ਕ੍ਰਿਸ਼ਨ ਜੀ ਨਾਲ ਗਾਉਂਦੀਆਂ ਅਤੇ ਜਿਸ ਵੇਲੇ ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਨੂੰ ਪਿਆਰ ਭਰੀ ਦ੍ਰਿਸ਼ਟੀ ਨਾਲ ਵੇਖਦੇ ਉਹ ਧਰਤੀ ਤੇ ਬੇਸੁੱਧ ਹੋ ਕੇ ਡਿੱਗ ਪੈਂਦੀਆਂ। ਗੋਪੀਆਂ ਬੜੀ ਮਹੀਨ ਆਵਾਜ਼ ਵਿੱਚ ਗਾਉਂਦੀਆਂ ਸਨ, ਉਨ੍ਹਾਂ ਦੇ ਪੈਰਾਂ ਦੀਆਂ ਝਾਂਜਰਾਂ ਦੀ ਆਵਾਜ਼ ਇੰਝ ਲੱਗਦੀ, ਜਿਸ ਤਰ੍ਹਾਂ ਢੋਲਕ ਦੇ ਨਾਲ ਤੰਬੂਰਾ ਵੱਜਦਾ ਹੈ ਜਾਂ ਨਗਾਰੇ ਦੇ ਨਾਲ ਨਰਮ ਨਰਮ ਮ੍ਰਿਦੰਗ ਦੀ ਧੁਨੀ ਉਠਦੀ ਹੈ ਅਥਵਾ ਗੋਪੀਆਂ ਦੇ ਪੈਰਾਂ ਦੀ ਆਵਾਜ਼ ਢੋਲਕ ਵਰਗੀ ਤੇ ਝਾਂਜਰਾਂ ਦੀ ਆਵਾਜ਼ ਤੰਬੂਰੇ ਵਾਂਗ ਪ੍ਰਤੀਤ ਹੁੰਦੀ। ਰਾਸ ਲੀਲਾ ਦਾ ਸਿਲਸਿਲਾ ਦਿਨ ਰਾਤ ਅਣਥੱਕ ਚਲਦਾ ਰਹਿੰਦਾ।

ਜੋ ਵੀ ਇਸਤ੍ਰੀ ਰਾਸ ਵਿੱਚ ਖੇਡਣ ਲਈ ਗਈ, ਉਸਨੇ ਆਪਣੇ ਸਰੀਰ ਉੱਤੇ ਸੁੰਦਰ ਪੁਸ਼ਾਕ ਸਜਾਈ ਹੋਈ ਸੀ। ਕਿਸੇ ਨੇ ਪੀਲੇ, ਕਿਸੇ ਨੇ ਕਸੁੰਭ ਦੇ ਰੰਗ ਵਾਲੇ, ਕਿਸੇ ਨੇ ਹਰੇ ਅਤੇ ਕਿਸੇ ਨੇ ਕੇਸਰ ਭਿੰਨੇ ਬਸਤ੍ਰ ਪਹਿਨੇ ਹੋਏ ਸਨ। ਇੰਝ

ਲਗਦਾ ਜਿਵੇਂ ਧਰਤੀ ਰੂਪੀ ਗੋਪੀ ਨੱਚਦੀ-ਨੱਚਦੀ ਧਰਤੀ ਉੱਤੇ ਡਿੱਗ ਪਈ ਹੋਵੇ ਅਤੇ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਦਾ ਸੁਭਾਗ ਪ੍ਰਾਪਤ ਕਰ ਰਹੀ ਹੋਵੇ, ਕਿਉਂਕਿ ਦਰਸ਼ਨ ਵਲੋਂ ਨੈਣ ਤਾਂ ਰੱਜਦੇ ਹੀ ਨਹੀਂ ਸਨ। ਧਰਤੀ ਵੀ ਗੋਪੀ ਹੈ, ਜੋ ਥੱਕ ਕੇ ਡਿੱਗੀ ਪਈ ਹੋਵੇ, ਰੰਗਾਂ ਰੰਗਾਂ ਦੀ ਬਨਾਸਪਤੀ ਦੇ ਫੁੱਲ ਹੀ ਉਸਦੇ ਰੰਗ ਬਰੰਗੇ ਕਪੜੇ ਹੋਣ, ਅਤੇ ਸੂਰਜ ਤੇ ਚੰਦ ਰੂਪ ਅੱਖਾਂ ਨਾਲ ਧਰਤੀ ਰੂਪ ਗੋਪੀ ਹਰੀ ਦੇ ਦਰਸ਼ਨ ਕਰ ਰਹੀ ਹੋਵੇ। ਸ੍ਰੀ ਕ੍ਰਿਸ਼ਨ ਜੀ ਦਾ ਗੋਪੀਆਂ ਨਾਲ ਅਥਾਹ ਪਿਆਰ ਦਿਨੋ-ਦਿਨ ਵਧਣ ਲੱਗਾ।

ਜਮਨਾ ਨਦੀ ਦੇ ਕਿਨਾਰੇ ਰਾਸ ਲੀਲਾ ਉਪਰੰਤ ਸ੍ਰੀ ਕ੍ਰਿਸ਼ਨ ਨੇ ਗੋਪੀਆਂ ਦੇ ਨਾਲ ਕੁੰਜ ਗਲੀਆਂ ਵਿੱਚ ਰਾਸ ਲੀਲਾ ਕਰਨ ਦਾ ਪ੍ਰੋਗ੍ਰਾਮ ਬਣਾਇਆ। ਸ੍ਰੀ ਕ੍ਰਿਸ਼ਨ ਜੀ ਦੀ ਆਗਿਆ ਦਾ ਪਾਲਨ ਕਰਕੇ ਗੋਪੀਆਂ ਨੇ ਕੁੰਜ ਗਲੀਆਂ ਵਿੱਚ ਆਪਣੀ ਰਾਸ ਲੀਲਾ ਅਰੰਭ ਕਰ ਦਿੱਤੀ। ਸੁਹਣੇ ਸੁਰੀਲੇ ਗੀਤ ਜੋ ਸ੍ਰੀ ਕ੍ਰਿਸ਼ਨ ਜੀ ਨੂੰ ਪਸੰਦ ਸਨ ਗਾਉਣੇ ਸ਼ੁਰੂ ਕਰ ਦਿੱਤੇ। ਸਾਰੀਆਂ ਗੋਪੀਆਂ ਖੇਡ ਦੇ ਰਸ ਵਿੱਚ ਮਤਵਾਲੀਆਂ ਹੋ ਕੇ ਸ੍ਰੀ ਕ੍ਰਿਸ਼ਨ ਜੀ ਦੇ ਅੱਗੇ ਭੱਜੀਆਂ ਫਿਰਦੀਆਂ ਸਨ, ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਨੂੰ ਛੂਹਣਾ ਚਾਹੁੰਦੇ ਸਨ, ਪਰ ਉਹ ਪਕੜ ਵਿੱਚ ਨਹੀਂ ਆ ਰਹੀਆਂ ਸਨ। ਸ੍ਰੀ ਕ੍ਰਿਸ਼ਨ ਜੀ ਨੇ ਉਹ ਰਾਤ ਛੇ ਮਹੀਨਿਆਂ ਦੀ ਕਰ ਲਈ। ਉਸ ਰਾਤ ਦੇ ਹਨੇਰੇ ਵਿੱਚ ਸ੍ਰੀ ਕ੍ਰਿਸ਼ਨ ਜੀ ਨੇ ਗੋਪੀਆਂ ਨੂੰ ਘੇਰ ਲਿਆ। ਅੱਖਾਂ ਦੀਆਂ ਪਲਕਾਂ ਦੇ ਇਸ਼ਾਰਿਆਂ ਨਾਲ ਵੇਖਦਿਆਂ ਹੀ ਉਹ ਧਰਤੀ ਉੱਤੇ ਡਿੱਗ ਪਈਆਂ। ਸ੍ਰੀ ਕ੍ਰਿਸ਼ਨ ਜੀ ਰਸ ਵਿੱਚ ਮਹਾਂ ਰਸੀਆ ਸਨ। ਸ੍ਰੀ ਕ੍ਰਿਸ਼ਨ ਜੀ ਨੇ ਜਦੋਂ ਚੰਦ੍ਰਭਗਾ ਦੀ ਉਸਤਤ ਕੀਤੀ ਤਾਂ ਰਾਧਾ ਇਹ ਸਹਾਰ ਨਾ ਸਕੀ ਤੇ ਮਨ ਵਿੱਚ ਸੋਚ ਲਿਆ ਕਿ ਸ੍ਰੀ ਕ੍ਰਿਸ਼ਨ ਜੀ ਨੂੰ ਛੱਡ ਕੇ ਜਾਣ ਵਿੱਚ ਹੀ ਭਲਾਈ ਹੈ।

ਸ੍ਰੀ ਕ੍ਰਿਸ਼ਨ ਜੀ ਨੇ ਰਾਧਾ ਜੀ ਦੀ ਭਾਲ ਸ਼ੁਰੂ ਕਰ ਦਿੱਤੀ ਪਰ ਰਾਧਾ ਜੀ ਨਾ ਲੱਭੇ। ਫਿਰ ਬਿਜਛਟਾ ਨੂੰ ਰਾਧਾ ਨੂੰ ਲਿਆਉਣ ਲਈ ਭੇਜਿਆ ਗਿਆ ਪਰ ਬਿਲਕੁਲ ਵਿਅਰਥ। ਬਿਜਛਟਾ ਨੇ ਬਾਰ-ਬਾਰ ਰਾਧਾ ਨੂੰ ਮੁਰਲੀ ਦੀ ਮਹਿਮਾ ਬਾਰੇ ਦੱਸਿਆ:-

**ਸਵੈਯਾ।।ਮੁਰਲੀ ਜਦੁਬੀਰ ਬਜਾਵਤ ਹੈ**
**ਕਬਿ ਸਯਾਮ ਕਹੈ ਅਤਿ ਸੁੰਦਰ ਠਉਰੈਂ।।**
**ਤਾਹੀ ਤੇ ਤੋਰੇ ਹਉ ਪਾਸ ਪਠੀ ਸੁ**
**ਕਹਯੋ ਤਿਹ ਲਿਆਵ ਸੁ ਜਾਇਕੈ ਦਉਰੈਂ।।**
**ਨਾਚਤ ਹੈ ਜਹ ਚੰਦ੍ਰਭਗਾ ਅਰੁ**
**ਗਾਇਕੈ ਗ੍ਵਾਰਨਿ ਲੇਤ ਹੈ ਭਉਰੈਂ।।**
**ਤਾਹੀ ਤੇ ਬੇਗ ਚਲੋ ਸਜਨੀ**
**ਤੁਮਰੇ ਬਿਨ ਹੀ ਰਸ ਲੂਟਤ ਅਉਰੈਂ।।੬੮੫।।**

*- ਦਸਮ ਗ੍ਰੰਥ ਪੰਨਾ* ***੩੪੩***

ਰਾਧਾ ਸ੍ਰੀ ਕ੍ਰਿਸ਼ਨ ਜੀ ਕੋਲ ਜਾਣ ਨੂੰ ਬਿਲਕੁਲ ਤਿਆਰ ਨਾ ਹੋਈ। ਫਿਰ ਸੈਨਪ੍ਰਭਾ ਨੇ ਰਾਧਾ ਨੂੰ ਲਿਆਉਣ ਵਾਸਤੇ ਵਾਅਦਾ ਕੀਤਾ ਪਰ ਉਸਦਾ ਵੀ ਕੋਈ ਲਾਭ ਨਾ ਹੋਇਆ। ਫਿਰ ਚੰਦ੍ਰਮੁਖੀ ਨੇ ਵੀ ਰਾਧਾ ਨੂੰ ਮਨਾਉਣ ਦਾ ਪ੍ਰਯਤਨ ਕੀਤਾ।

**ਜਿਹ ਘੋਰ ਘਟਾ ਘਨ ਆਏ ਘਨੈ**
**ਚਹੂ ਓਰਨ ਮੈ ਜਹ ਮੋਰ ਪੁਕਾਰੈ।।**
**ਨਾਚਤ ਹੈ ਜਹ ਗ੍ਵਾਰਨੀਯਾ**
**ਤਿਹ ਪੇਖਿ ਘਨੋ ਬਿਰਹੀ ਤਨ ਵਾਰੈ।।**
**ਤਉਨ ਸਮੈ ਜਦੁਰਾਇ ਸੁਨੋ**
**ਮੁਰਲੀ ਕੋ ਬਜਾਇ ਕੈ ਤੋਹਿ ਚਿਤਾਰੈ।।**
**ਤਾਹੀ ਤੇ ਬੇਗ ਚਲੋ ਸਜਨੀ**
**ਤਿਹ ਕਉਤਕ ਕੋ ਹਮ ਜਾਇ ਨਿਹਾਰੈ।।੬੯੮।।**

*– ਦਸਮ ਗ੍ਰੰਥ ਪੰਨਾ ੩੪੫*

ਚੰਦ੍ਰਮੁਖੀ ਦੇ ਪ੍ਰਯਤਨ ਵੀ ਨਿਸ਼ਫਲ ਗਏ। ਉਨ੍ਹਾਂ ਨੇ ਬਥੇਰਾ ਰਾਧਾ ਨੂੰ ਸਮਝਾਇਆ –

**ਸਵੈਯਾ।।ਕੁੰਜਨ ਮੈ ਸਖੀ ਰਾਸ ਸਮੈ**
**ਹਰਿ ਕੇਲ ਕਰੇ ਤੁਮ ਸੋ ਬਨ ਮੈ।।**
**ਜਿਤਨੋ ਉਨਕੋ ਹਿਤ ਹੈ ਤੁਹਿ ਸੋ**
**ਹਿਤ ਤੇ ਨਹੀ ਆਧਿਕ ਹੈ ਉਨ ਮੈ।।**
**ਮੁਰਝਾਇ ਗਏ ਬਿਨ ਤ੍ਵੈ ਹਰਿ ਜੂ**
**ਨਹਿ ਖੇਲਤ ਹੈ ਫੁਨ ਗ੍ਵਾਰਨਿ ਮੈ।।**
**ਤਿਹ ਤੇ ਸੁਨ ਬੇਗ ਨਿਸੰਕ ਚਲੋ**
**ਕਰਕੈ ਸੁਧ ਪੈ ਬਨ ਕੀ ਮਨ ਮੈ।।੭੧੮।।**

*– ਦਸਮ ਗ੍ਰੰਥ ਪੰਨਾ ੩੪੮*

ਲੱਖਾਂ ਪ੍ਰਯਤਨਾਂ ਦੇ ਬਾਵਜੂਦ ਵੀ ਜਦੋਂ ਰਾਧਾ ਸ੍ਰੀ ਕ੍ਰਿਸ਼ਨ ਜੀ ਕੋਲ ਨਾ ਗਈ ਤਾਂ ਫਿਰ ਸ੍ਰੀ ਕ੍ਰਿਸ਼ਨ ਜੀ ਆਪ ਰਾਧਾ ਨੂੰ ਲੈਣ ਲਈ ਗਏ। ਉੱਥੇ ਪਹੁੰਚਕੇ ਉਨਾਂ ਨੇ ਰਾਧਾ ਨੂੰ ਦੱਸਿਆ ਕਿ ਉਹ ਉਨਾਂ ਦੀ ਸਭ ਤੋਂ ਪਿਆਰੀ, ਅਤਿ ਪਿਆਰੀ ਹੈ। ਉਹ ਤਾਂ ਉਸਤੋਂ ਬਿਨਾਂ ਇੱਕ ਖਿਨ ਪਲ ਵੀ ਨਹੀ ਰਹਿ ਸਕਦੇ।

**ਸਵੈਯਾ।।ਮੇਰੇ ਘਨੋ ਹਿਤੁ ਹੈ ਤੁਮ ਸੋਂ**
**ਸਖੀ ਅਉਰ ਕਿਸੀ ਨਹਿ ਗ੍ਵਾਰਨਿ ਮਾਹੀ।।**
**ਤੇਰੇ ਖਰੇ ਤੁਹਿ ਦੇਖਤ ਹੋਂ**
**ਬਿਨਾ ਤ੍ਵੈ ਤੁਹਿ ਮੂਰਤ ਕੀ ਪਰਛਾਹੀ।।**

**ਯੌਂ ਕਹਿ ਕਾਨ੍ਹ ਗਹੀ ਬਹੀਯਾਂ**
**ਚਲੀਯੈ ਹਮਸੋਂ ਬਨ ਮੈ ਸੁਖ ਪਾਹੀ।।**
**ਹਹਾ ਚਲੁ ਮੇਰੀ ਸੌ ਮੇਰੀ ਸੌ ਮੇਰੀ**
**ਸੌ ਤੇਰੀ ਸੌ ਤੇਰੀ ਸੌ ਨਾਹੀ ਜੂ ਨਾਹੀ।।੭੩੩।।**

*– ਦਸਮ ਗ੍ਰੰਥ ਪੰਨਾ ੩੫੦*

ਆਪਣੇ ਬਾਰੇ ਉਸਤਤ ਸੁਣ ਕੇ ਰਾਧਾ ਨਿਹਾਲ ਹੋ ਗਈ, ਅਤਿ ਪ੍ਰਸੰਨਚਿਤ ਹੋ ਗਈ, ਜਦੋਂ ਸ੍ਰੀ ਕ੍ਰਿਸ਼ਨ ਜੀ ਕੋਲੋਂ ਪਾਣੀ ਵਿੱਚ ਵੜਨ ਦੀ ਗੱਲ ਸੁਣੀ ਤਾਂ ਰਾਧਾ ਭੱਜਕੇ ਨਦੀ ਵਿੱਚ ਜਾ ਵੜੀ। ਸ੍ਰੀ ਕ੍ਰਿਸ਼ਨ ਜੀ ਵੀ ਪਿੱਛੇ ਪਾਣੀ ਵਿੱਚ ਕੁੱਦ ਗਏ, ਅਤੇ ਰਾਧਾ ਨੂੰ ਫੜ ਲਿਆ। ਉਨਾਂ ਨੂੰ ਰਾਸ ਲੀਲਾ ਕਰਦਿਆਂ ਵੇਖ ਕੇ ਜਮਨਾ ਨਦੀ ਵੀ ਰੀਝ ਗਈ ਤੇ ਫਿਰ :-

**ਜਲ ਤੇ ਕਢਿ ਕੈ ਫਿਰ ਗ੍ਵਾਰਨ ਸੋ**
**ਕਬਿ ਸਯਾਮ ਕਹੈ ਫਿਰ ਰਾਸ ਮਚਾਯੋ।।**
**ਗਾਵਤ ਭੀ ਬ੍ਰਿਖਭਾਨ ਸੁਤਾ**
**ਅਤ ਹੀ ਮਨ ਭੀਤਰ ਆਨੰਦ ਪਾਯੋ।।**
**ਬ੍ਰਿਜ ਨਾਰਿਨ ਸੋ ਮਿਲ ਕੈ ਬ੍ਰਿਜਨਾਥ**
**ਜੂ ਸਾਰੰਗ ਮੈ ਇਕ ਤਾਨ ਬਸਾਯੋ।।**
**ਸੌ ਸੁਨਕੈ ਮ੍ਰਿਗ ਆਵਤ ਧਾਵਤ**
**ਗ੍ਵਾਰਨੀਯਾ ਸੁਨਕੈ ਸੁਖੁ ਪਾਯੋ।।੭੫੪।।**

*– ਦਸਮ ਗ੍ਰੰਥ ਪੰਨਾ ੩੫੩*

ਸ੍ਰੀ ਕ੍ਰਿਸ਼ਨ ਜੀ ਨੇ ਰਾਧਾ ਜੀ ਨੂੰ ਪਾਣੀ ਵਿੱਚੋ ਕੱਢ ਕੇ ਫਿਰ ਰਾਸ ਮਚਾਈ। ਰਾਧਾ ਅਤਿਅੰਤ ਪ੍ਰਸੰਨ ਹੋਈ, ਰਾਸ ਵਿੱਚ ਫਿਰ ਗਾਉਣ ਲੱਗ ਪਈ। ਸ੍ਰੀ ਕ੍ਰਿਸ਼ਨ ਜੀ ਨੇ ਗੋਪੀਆਂ ਨਾਲ ਮਿਲਕੇ ਸਾਰੰਗ ਵਿੱਚ ਇੱਕ ਤਾਨ ਛੇੜ ਦਿੱਤੀ। ਉਸਨੂੰ ਸੁਣ ਕੇ ਬਨ ਵਿੱਚੋਂ ਹਰਨੀਆਂ ਭੱਜ ਕੇ ਉੱਥੇ ਪਹੁੰਚ ਗਈਆਂ, ਅਤੇ ਸਾਰੀਆਂ ਗੋਪੀਆਂ ਸੁਣ ਕੇ ਬਹੁਤ ਆਨੰਦਿਤ ਹੋਈਆਂ।

ਇਸ ਤਰ੍ਹਾਂ, ਸ੍ਰੀ ਕ੍ਰਿਸ਼ਨ ਜੀ ਦੀ ਗੋਪੀਆਂ ਨਾਲ ਰਚਾਈ ਰਾਸ ਲੀਲਾ ਨਾਲ ਜਮਨਾ ਤਟ ਅਤੇ ਬ੍ਰਿਜ ਦੀਆਂ ਕੁੰਜ ਗਲੀਆਂ ਹੁਲਾਸ ਅਤੇ ਆਨੰਦ ਨਾਲ ਗੂੰਜ ਉੱਠੀਆਂ, ਅਤੇ ਇਹ ਸਿਲਸਿਲਾ ਉਦੋਂ ਤਕ ਚਲਦਾ ਰਿਹਾ, ਜਦੋਂ ਤਕ ਸ੍ਰੀ ਕ੍ਰਿਸ਼ਨ ਜੀ ਬ੍ਰਿਜ ਦੀਆਂ ਗਲੀਆਂ ਤਿਆਗ ਕੇ ਮਥਰਾ ਨਾ ਚਲੇ ਗਏ।

# ੧੪

**ਸਵੈਯਾ।।ਸਯਾਮ ਚਿਤਾਰ ਸਭੈ ਤਹ ਗ੍ਵਾਰਨ**
**ਸਯਾਮ ਕਹੈ ਜੁ ਹੁਤੀ ਬਡਭਾਗੀ।।**
**ਤਯਾਗ ਦਈ ਸੁਧ ਅਉਰ ਸਭੈ**
**ਹਰਿ ਬਾਤਨ ਕੇ ਰਸ ਭੀਤਰ ਪਾਗੀ।।**
**ਏਕ ਗਿਰੀ ਧਰ ਹ੍ਵੈ ਬਿਸੁਧੀ**
**ਇਕ ਪੈ ਕਰੁਨਾ ਹੀ ਬਿਖੈ ਅਨੁਰਾਗੀ।।**
**ਕੈ ਸੁਧ ਸਾਯਮ ਕੇ ਖੇਲਨ ਕੀ**
**ਮਿਲਕੈ ਸਭ ਗ੍ਵਾਰਨ ਰੋਵਨ ਲਾਗੀ।।੮੭੯।।**

*- ਦਸਮ ਗ੍ਰੰਥ ਪੰਨਾ ੩੭੧*

**ਸ਼ਬਦਾਰਥ :**

ਚਿਤਾਰ-ਚੇਤੇ ਯਾਦ ਕਰਕੇ। ਬਾਤਨ- ਸ੍ਰੀ ਕ੍ਰਿਸ਼ਨ ਜੀ ਦੀਆਂ ਗੱਲਾਂ ਦੇ ਸੁਆਦ ਵਿੱਚ। ਪਾਗੀ-ਭਿੱਜ ਗਈਆਂ, ਮਗਨ ਹੋ ਗਈਆਂ। ਬਿਸੁਧੀ-ਬੇ-ਸੁਰਤਿ, ਬੇ-ਹੋਸ਼ ਹੋ ਕੇ। ਪੈ-ਐਪਰ, ਮਗਰ, ਲੇਕਿਨ। ਕਰੁਨਾ-ਗੋਪੀਆਂ ਦੀ ਹਾਲਤ ਉੱਤੇ ਤਰਸ ਕਰਨ ਵਿੱਚ ਹੀ। ਅਨੁਰਾਗੀ-ਪ੍ਰੇਮ ਸਹਿਤ, ਆਸ਼ਿਕ ਭਾਵ-ਮਸਤ ਹੋ ਗਈਆਂ। ਸੁਧ-ਸ੍ਰੀ ਕ੍ਰਿਸ਼ਨ ਜੀ ਦੀਆਂ ਖੇਡਾਂ ਦੀ ਯਾਦ ਕਰਕੇ।

**ਵਿਆਖਿਆ :**

ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫ਼ਰਮਾਉਂਦੇ ਹਨ, ਜਿਹੜੀਆਂ ਗੋਪੀਆਂ ਬੜੇ ਵੱਡੇ ਭਾਗਾਂ ਵਾਲੀਆਂ ਹਨ, ਉਹ ਸਾਰੀਆਂ ਹੀ ਸ੍ਰੀ ਕ੍ਰਿਸ਼ਨ ਜੀ ਨੂੰ ਚੇਤੇ ਕਰਦੀਆਂ ਹਨ। ਸਿਰਫ ਚੰਗੇ ਭਾਗਾਂ ਵਾਲੀਆਂ ਨੂੰ ਹੀ ਸ੍ਰੀ ਕ੍ਰਿਸ਼ਨ ਜੀ ਨੂੰ ਯਾਦ ਕਰਨ ਦਾ ਸੁਭਾਗ ਪ੍ਰਾਪਤ ਹੈ। ਇਹ ਵੀ ਉਸਦੀ ਅਪਾਰ ਮਿਹਰ ਅਤੇ ਬਖਸ਼ਸ਼ ਸਦਕਾ ਹੀ ਹੈ ? ਉਨ੍ਹਾਂ ਗੋਪੀਆਂ ਨੂੰ ਹੋਰ ਕਿਸੇ ਚੀਜ਼ ਦੀ ਸੁੱਧ ਬੁੱਧ ਨਾ ਰਹੀ, ਕਿਸੇ ਵੀ ਹੋਰ ਕੰਮ ਵਿੱਚ ਉਨ੍ਹਾਂ ਦਾ ਧਿਆਨ ਨਾ ਲਗਦਾ, ਉਹ ਤਾਂ ਸਿਰਫ ਆਪਣੇ ਪਿਆਰੇ ਦੇ ਧਿਆਨ ਵਿੱਚ ਹੀ ਮਦਮਸਤ ਤੇ ਬੇਸੁੱਧ ਸਨ। ਉਨ੍ਹਾਂ ਦਾ ਮਨ ਤਾਂ ਸਿਰਫ ਆਪਣੇ ਪਿਆਰੇ ਦੀਆਂ ਰਸ ਭਰੀਆਂ ਗੱਲਾਂ ਦੇ ਰਸ ਵਿੱਚ

ਭਿੱਜਿਆ ਹੋਇਆ ਸੀ, ਹੋਰ ਕਿਸੇ ਵਸਤੂ ਜਾਂ ਗੱਲ ਦਾ ਰਸ ਉਨ੍ਹਾਂ ਨੂੰ ਆ ਹੀ ਨਹੀਂ ਸੀ ਸਕਦਾ। ਇੱਕ ਗੋਪੀ ਤਾਂ ਆਪਣੇ ਪਿਆਰੇ ਕ੍ਰਿਸ਼ਨ ਭਗਵਾਨ ਜੀ ਦੀ ਯਾਦ ਵਿੱਚ ਬੇਸੁੱਧ ਹੋ ਕੇ ਡਿੱਗ ਪਈ, ਉਸਨੂੰ ਆਪਣੇ ਸਰੀਰ ਦੀ ਕੋਈ ਹੋਸ਼ ਨਾ ਰਹੀ, ਇੱਕ ਪ੍ਰੇਮ ਮਗਨ ਹੋ ਕੇ ਵਿਰਲਾਪ ਕਰਨ ਲਗੀ। ਉਨ੍ਹਾਂ ਨੂੰ ਤਾਂ ਸ੍ਰੀ ਕ੍ਰਿਸ਼ਨ ਜੀ ਨਾਲ ਮਿਲਕੇ ਖੇਡਣ ਦੇ ਦ੍ਰਿਸ਼ ਭੁੱਲਦੇ ਹੀ ਨਹੀਂ, ਲੱਖਾਂ ਪ੍ਰਯਤਨਾਂ ਦੇ ਬਾਵਜੂਦ ਵੀ ਉਨ੍ਹਾਂ ਦਾ ਮਨ ਉਨਾਂ ਪ੍ਰੇਮ ਭਰੀਆਂ ਕ੍ਰੀੜਾਵਾਂ ਤੋਂ ਮੁਕਤ ਨਹੀਂ ਹੁੰਦਾ, ਬਾਰ ਬਾਰ ਉਨ੍ਹਾਂ ਦੀ ਯਾਦ ਆ ਕੇ ਉਨ੍ਹਾਂ ਨੂੰ ਸਤਾਉਂਦੀ ਹੈ, ਤੜਪਾਉਂਦੀ ਹੈ, ਅਤੇ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਬੀਤੇ ਹੋਏ ਪਲਾਂ ਨੂੰ ਚੇਤੇ ਕਰਕੇ ਸਾਰੀਆਂ ਗੋਪੀਆਂ ਜ਼ੋਰ-ਜ਼ੋਰ ਦੀ ਵਿਰਲਾਪ ਕਰਦੀਆਂ ਹਨ, ਕਿਉਂਕਿ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਇਹ ਸਮਾਂ, ਇਹ ਪਲ, ਇਹ ਘੜੀਆਂ ਅਤਿ ਦੁਖ-ਭਰੀਆਂ ਹਨ।

**ਭਾਵ :**

ਗੋਪੀਆਂ ਹਰ ਵੇਲੇ ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਦੇ ਰਸ ਵਿੱਚ ਭਿੱਜੀਆਂ ਰਹਿੰਦੀਆਂ। ਉਨ੍ਹਾਂ ਨੂੰ ਹੋਰ ਕਿਸੇ ਗੱਲ ਦੀ ਸੁੱਧ ਹੀ ਕਿੱਥੇ ? ਉਹ ਆਪਣੇ ਪਿਆਰੇ ਦੀ ਯਾਦ ਵਿੱਚ ਬੇਹੋਸ਼ ਅਤੇ ਬੇਸੁੱਧ ਸਨ।

# ਤਯਾਗ ਦਈ ਸੁਧ ਅਉਰ ਸਭੈ

ਸ੍ਰੀ ਮਦ ਭਗਵਤ ਪੁਰਾਣ ਦੇ ਪੰਨਿਆਂ ਉੱਤੇ ਬਿਦਰ ਦਾ ਨਾਮ ਇੱਕ ਆਪਣੀ ਹੀ ਵਿਸ਼ੇਸ਼ ਹੋਂਦ ਅਤੇ ਅਸਿਤਤਵ ਰੱਖਦਾ ਹੈ। ਪੁਰਾਨ ਦਾ ਹਰ ਪਾਤਰ ਬਿਦਰ ਤੋਂ ਜਾਣੂ ਹੈ। ਉਸਦੀ ਨੀਤੀ ਵਿਸ਼ਵ ਵਿਖਿਆਤ ਹੈ, ਤੇ ਉਸ ਕੋਲੋਂ ਧ੍ਰਿਤਰਾਸ਼ਟਰ ਵਰਗੇ ਹਮੇਸ਼ਾ ਸਲਾਹ ਲੈਂਦੇ ਸਨ। ਬਿਦਰ ਜੀ ਵਿਦਵਤਾ, ਸਿਆਣਪ, ਚਤੁਰਾਈ ਦੀ ਪ੍ਰਤੱਖ ਮੂਰਤੀ ਸਨ। ਉਹ ਸ੍ਰੀ ਕ੍ਰਿਸ਼ਨ ਜੀ ਦੇ ਅਥਾਹ ਪਿਆਰ, ਅਤੇ ਡੂੰਘੀ ਪ੍ਰੀਤਿ ਦੇ ਪਾਤਰ ਵੀ ਸਨ। ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਨੂੰ ਉਹਨਾਂ ਦੇ ਸਦ-ਗੁਣਾਂ ਕਰਕੇ ਬਹੁਤ ਪਿਆਰ ਕਰਦੇ ਸਨ। ਦੂਜੇ ਪਾਸੇ ਬਿਦਰ ਦੀ ਪਤਨੀ, ਲਕਸ਼ਮੀ ਕਾਨਤਾ ਦੇਵੀ ਦਾਸੀ, ਸ੍ਰੀ ਕ੍ਰਿਸ਼ਨ ਜੀ ਨੂੰ ਅਤਿਅੰਤ ਪਿਆਰ ਕਰਦੀ ਸੀ। ਉਸਦੇ ਅੰਤਹ-ਕਰਨ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਮੋਹਣੀ ਮੂਰਤ ਦਾ ਵਾਸ ਸੀ। ਉਸ ਮੋਹਣੀ ਮੂਰਤ ਦੇ ਦਰਸ਼ਨ ਕਰਨ ਦੀ ਅਭਿਲਾਸ਼ਾ ਹਮੇਸ਼ਾਂ ਹੀ ਉਸਦੇ ਅੰਤਹ-ਕਰਨ ਵਿੱਚ ਬਣੀ ਰਹਿੰਦੀ।

ਸ੍ਰੀ ਕ੍ਰਿਸ਼ਨ ਜੀ ਪਾਡਵਾਂ ਦੇ ਸ਼ਾਂਤੀ ਦੂਤ ਬਣਕੇ ਹਸਤਨਾਪੁਰ ਪਹੁੰਚੇ। ਉਹਨਾਂ ਦੇ ਆਗਮਨ ਦੀ ਖਬਰ ਸੁਣਕੇ ਦੁਰਜੋਧਨ ਨੇ ਸ੍ਰੀ ਕ੍ਰਿਸ਼ਨ ਜੀ ਦੇ ਸੁਆਗਤ ਲਈ ਭਾਂਤ ਭਾਂਤ ਦੀ ਸਮਗੱਰੀ ਜੁਟਾਈ ਅਤੇ ਭਾਂਤ ਭਾਂਤ ਦੇ ਪਕਵਾਨਾਂ ਲਈ ਦੂਰੋਂ-

ਦੂਰੋਂ ਰਸੋਈਏ ਬੁਲਾ ਭੇਜੇ। ਉਹ ਕਈ ਦਿਨ ਰਾਤ ਸੁਆਦਲੀਆਂ ਮਿਠਿਆਈਆਂ ਅਤੇ ਅਨੇਕ ਤਰ੍ਹਾਂ ਦੇ ਪਕਵਾਨ ਬਣਾਉਣ ਵਿੱਚ ਜੁੱਟ ਗਏ। ਦੁਰਜੋਧਨ ਨੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਭੋਜਨ ਕਰਨ ਲਈ ਬੇਨਤੀ ਕੀਤੀ, ਪਰ ਉਹ ਪਰਵਾਨ ਨਾ ਹੋਈ, ਕਿਉਂਕਿ ਸ੍ਰੀ ਕ੍ਰਿਸ਼ਨ ਜੀ ਤਾਂ ਪਿਆਰ ਦੇ ਭੁੱਖੇ ਸਨ, ਅਤੇ ਉਸ ਪਿਆਰ ਦੇ ਸਾਹਮਣੇ ਇਹ ਸਭ ਪਦਾਰਥ ਤੁੱਛ ਸਨ। ਉਸਨੂੰ ਇਹ ਨਹੀਂ ਸੀ ਪਤਾ ਕਿ ਸ਼ਿਆਮ ਸੁੰਦਰ ਜੀ ਦੇ ਹਿਰਦੇ ਅੰਦਰ ਕਿਸੇ ਦਾ ਪ੍ਰੇਮ, ਕਿਸੇ ਦਾ ਪਿਆਰ ਖਿੱਚ ਪਾ ਰਿਹਾ ਹੈ, ਕੋਈ ਬਾਵਲਾ ਉਤਾਵਲਾ ਹੋ ਕੇ ਆਪਣੇ ਪ੍ਰੀਤਮ ਪਿਆਰੇ ਦੇ ਦਰਸ਼ਨਾਂ ਨੂੰ ਲੋਚ ਰਿਹਾ ਹੈ। ਉਹ ਦਰਸ਼ਨ ਅਭਿਲਾਸ਼ੀ ਸੀ, ਬਿਦਰ ਦੀ ਪਤਨੀ। ਜਦੋਂ ਤੋਂ ਬਿਦਰ ਦੀ ਪਤਨੀ ਨੇ ਸ੍ਰੀ ਕ੍ਰਿਸ਼ਨ ਜੀ ਦਾ ਆਗਮਨ ਹਸਤਨਾਪੁਰ ਵਿਖੇ ਸੁਣਿਆ, ਤਾਂ ਉਸਦਾ ਤਨ, ਮਨ, ਪ੍ਰਾਣ, ਹਿਰਦਾ, ਇੱਕ ਹੀ ਸ੍ਰੀ ਕ੍ਰਿਸ਼ਨ ਜੀ ਦੇ ਨਾਮ ਦਾ ਸਿਮਰਨ ਕਰ ਰਿਹਾ ਸੀ, ਅਤੇ ਉਸ ਮੋਰ ਮੁਕਟ ਵਾਲੇ ਸਾਹਿਬ ਦੇ ਦਰਸ਼ਨਾ ਦੀ ਲੋਚਾ ਕਰ ਰਿਹਾ ਸੀ। ਉਸਦੀਆਂ ਅੱਖਾਂ ਇੱਕ ਟਕ ਉਡੀਕ ਵਿੱਚ ਲੱਗੀਆਂ ਹੋਈਆਂ ਸਨ, ਕਿ ਕਦੋਂ ਉਹ ਸੁੰਦਰ ਸੂਰਤ ਉਸਨੂੰ ਦਰਸ਼ਨ ਦੇ ਕੇ ਨਿਹਾਲ ਕਰੇਗੀ। ਫਿਰ ਉਸਦਾ ਮਨ ਕਈ ਤਰ੍ਹਾਂ ਦੀ ਉਧੇੜ ਬੁਣ ਵਿੱਚ ਲੱਗ ਜਾਂਦਾ, ਕਿ ਰਾਜ ਸਦਨ ਨੂੰ ਤਿਆਗ ਕੇ, ਉਹ ਉਸਦੀ ਕੁਟੀਆ ਅੰਦਰ ਕਿਉਂ ਆਉਂਣਗੇ ? ਵੱਡੇ-ਵੱਡੇ ਮਹਾਰਥੀ ਉਨ੍ਹਾਂ ਨੂੰ ਆਉਣ ਹੀ ਨਹੀਂ ਦੇਣਗੇ। ਇਹ ਸਾਰਾ ਕੁਝ ਸੋਚ ਕੇ ਉਹ ਠੰਢੇ ਹਉਕੇ, ਆਹਾਂ ਲੈ ਕੇ ਰਹਿ ਜਾਂਦੀ ਅਤੇ ਸਾਰੀ ਰਾਤ ਜਾਗ ਕੇ ਅੱਖਾਂ ਵਿੱਚ ਹੀ ਕੱਟ ਲੈਂਦੀ।

ਆਖਿਰ ਉਹ ਸੁਭਾਗਾ ਦਿਨ ਆ ਹੀ ਪਹੁੰਚਿਆਂ ਜਦੋਂ ਉਸਨੂੰ ਦਰਵਾਜ਼ੇ ਤੇ ਕਿਸੇ ਦੇ ਪੈਰਾਂ ਦੀ ਆਹਟ ਸੁਣਾਈ ਦਿੱਤੀ, ਦਰਵਾਜ਼ੇ ਤੇ ਕਿਸੇ ਦੇ ਕੋਮਲ ਹੱਥਾਂ ਦੀ ਖਟ-ਖਟ ਸੁਣਾਈ ਦਿੱਤੀ। ਇਹ ਸ੍ਰੀ ਕ੍ਰਿਸ਼ਨ ਜੀ ਸਨ। ਉਹ ਆਪਣਾ ਰੱਥ ਤੇ ਸਾਰਥੀ ਬਿਦਰ ਦੇ ਘਰ ਤੋਂ ਥੋੜੀ ਦੂਰ ਖੜਾ ਕਰਕੇ ਆਏ ਸਨ।

ਬਿਦਰਾਨੀ ਨੇ ਜਦੋਂ ਸ੍ਰੀ ਕ੍ਰਿਸ਼ਨ ਜੀ ਦੀ ਮਿੱਠੀ ਮਿੱਠੀ ਆਵਾਜ਼, 'ਦਰਵਾਜ਼ਾ ਖੋਹਲੋ', ਸੁਣੀ ਅਤੇ ਉਸਨੂੰ ਇੰਝ ਲੱਗ ਰਿਹਾ ਸੀ ਜਿਵੇਂ ਕਿਸੇ ਨੇ ਉਸਦੇ ਕੰਨਾਂ ਵਿੱਚ ਅੰਮ੍ਰਿਤ ਘੋਲ ਦਿੱਤਾ ਹੋਵੇ, ਅਤੇ ਉਹ ਅੰਮ੍ਰਿਤ ਉਸਦੇ ਰੋਮ ਰੋਮ ਵਿੱਚ ਪ੍ਰਵੇਸ਼ ਕਰ ਗਿਆ ਹੋਵੇ। ਉਸਨੂੰ ਆਪਣੀ ਕੋਈ ਸੁੱਧ ਬੁੱਧ ਹੀ ਨਾ ਰਹੀ। ਉਹ ਉਸ ਵੇਲੇ ਇਸ਼ਨਾਨ ਕਰ ਰਹੀ ਸੀ। ਘਰ ਵਿੱਚ ਕੋਈ ਹੋਰ ਨਹੀਂ ਸੀ ਜਿਹੜਾ ਦਰਵਾਜ਼ਾ ਖੋਹਲ ਸਕੇ। ਬਿਦਰ ਜੀ ਉਸ ਵੇਲੇ ਘਰ ਨਹੀਂ ਸਨ। ਉਸਦੇ ਤਨ ਤੇ ਕੋਈ ਬਸਤ੍ਰ ਵੀ ਨਹੀਂ ਸੀ। ਉਸੇ ਤਰ੍ਹਾਂ ਹੀ ਵਾਹੋ-ਦਾਹੀ ਦਰਵਾਜ਼ਾ ਖੋਹਲਦੀ ਹੈ, ਸਾਹਮਣੇ ਸ੍ਰੀ ਕ੍ਰਿਸ਼ਨ ਜੀ ਦੇ ਸਾਖਿਆਤ ਦਰਸ਼ਨ ਕਰਕੇ, ਬਿਦਰਾਨੀ ਉਨ੍ਹਾਂ ਦੇ ਚਰਨਾਂ ਤੇ ਡਿੱਗ ਪਈ। ਸ੍ਰੀ ਕ੍ਰਿਸ਼ਨ ਜੀ ਨੇ ਉਸੇ ਵੇਲੇ ਆਪਣੇ ਸਰੀਰ ਤੋਂ ਪੀਤਾਂਬਰ ਉਤਾਰ ਕੇ ਝੱਟ-ਪੱਟ ਉਸਦੇ ਸਰੀਰ ਉੱਤੇ ਦੇ ਕੇ ਉਸਦਾ ਨੰਗੇਜ ਢੱਕ

ਦਿਤਾ। ਉਸਨੂੰ ਤਾਂ ਕੋਈ ਹੋਸ਼ ਹੀ ਨਹੀ ਸੀ ਉਹ ਦਰਸ਼ਨਾਂ ਦੇ ਵਿੱਚ ਗੁਆਚ ਗਈ ਸੀ, ਉਸਦੀਆਂ ਅੱਖਾਂ ਇੱਕ ਟੱਕ ਹੋ ਕੇ ਦਰਸ਼ਨਾ ਦੀ ਦਾਤ ਪ੍ਰਾਪਤ ਕਰਕੇ ਤ੍ਰਿਪਤ ਹੋ ਰਹੀਆਂ ਸਨ।

ਸ੍ਰੀ ਕ੍ਰਿਸ਼ਨ ਜੀ ਉਸਦੇ ਗ੍ਰਿਹਿ ਨੂੰ ਪਵਿਤਰ ਕਰਨ ਲਈ ਅੰਦਰ ਗਏ ਅਤੇ ਪਿੱਛੇ-ਪਿੱਛੇ ਬਿਦਰਾਨੀ ਜਾ ਰਹੀ ਸੀ। ਸ੍ਰੀ ਕ੍ਰਿਸ਼ਨ ਜੀ ਨੇ ਬਿਦਰਾਨੀ ਕੋਲੋਂ ਕੁਝ ਖਾਣ ਵਾਸਤੇ ਮੰਗਿਆਂ ਤਾਂ ਉਹ ਦੌੜ ਕੇ ਇੱਕ ਕੋਠੜੀ ਦੇ ਅੰਦਰ ਗਈ ਅਤੇ ਇੱਕ ਕੇਲਿਆਂ ਦਾ ਗੁੱਛਾ ਲੈ ਆਈ।

''ਬੜੇ ਮਿੱਠੇ ਫਲ ਹਨ, ਬੜੇ ਸਵਾਦਿਸ਼ਟ ਹਨ, ਇਹਨਾਂ ਫਲਾਂ ਦਾ ਤਾਂ ਬਹੁਤ ਹੀ ਸੁਆਦ ਆ ਰਿਹਾ ਹੈ; ਬੜੇ ਦਿਨਾਂ ਬਾਅਦ ਇਹ ਫਲ ਖਾਣ ਨੂੰ ਮਿਲੇ ਹਨ।'' ਸ੍ਰੀ ਕ੍ਰਿਸ਼ਨ ਜੀ ਬਿਦਰਾਨੀ ਦੁਆਰਾ ਪਿਆਰ ਨਾਲ ਭੇਟ ਕੀਤੇ ਹੋਏ ਫਲਾਂ ਦੀ ਪ੍ਰਸ਼ੰਸਾ ਕਰ ਰਹੇ ਸਨ ਅਤੇ ਬਿਦਰਾਨੀ ਮਸਤਾਨੀ ਹੋ ਕੇ, ਅਨੰਦ ਵਿਭੋਰ ਹੋ ਕੇ, ਕੇਲੇ ਛਿਲ ਛਿਲ ਕੇ, ਉਹਨਾਂ ਦਾ ਛਿਲਕਾ ਆਪਣੇ ਪਿਆਰੇ ਸ੍ਰੀ ਸ਼ਿਆਮ ਸੁੰਦਰ ਜੀ ਨੂੰ ਛਕਾ ਰਹੀ ਸੀ ਅਤੇ ਉਸਦੀਆਂ ਛੱਲੀਆਂ, ਗੁਲੀਆਂ ਸੁੱਟਦੀ ਜਾ ਰਹੀ ਸੀ। ਉਸਨੂੰ ਤਾਂ ਸੁੱਧ ਬੁੱਧ ਹੀ ਨਹੀ ਸੀ ਕਿ ਉਹ ਕੀ ਕਰ ਰਹੀ ਸੀ, ਅਤੇ ਦੂਸਰੇ ਪਾਸੇ ਮੁਰਲੀ ਮਨੋਹਰ ਵੀ ਪ੍ਰੀਤਿ ਮਗਨ ਹੋ ਕੇ ਛਿਲਕੇ ਹੀ ਛਕੀ ਜਾ ਰਹੇ ਸਨ। ਉਸ ਮੋਰ ਮੁਕਟ ਵਾਲੇ ਨੂੰ ਤਾਂ ਕੁਝ ਨਹੀ ਚਾਹੀਦਾ, ਬਸ ਭਗਤਾਂ, ਪਿਆਰਿਆਂ ਦਾ ਪ੍ਰੇਮ ਹੀ ਉਸ ਲਈ ਸਭ ਕੁਝ ਹੈ। ਉਹ ਪਿਆਰਾ ਤਾਂ ਪਿਆਰ ਅੰਦਰ ਵਿਕ ਜਾਂਦਾ ਹੈ। ਉਸ ਲਈ ਤਾਂ ਪ੍ਰੇਮ ਪਿਆਰ ਹੀ ਸਰਵ-ਸਰੇਸ਼ਟ ਹੈ। ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਮ ਗ੍ਰੰਥ ਵਿੱਚ ਫ਼ਰਮਾਉਂਦੇ ਹਨ :-

**ਸਾਚੁ ਕਹੌ ਸੁਨ ਲੇਹੁ ਸਭੈ**
**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ।**

*- ਦਸਮ ਗ੍ਰੰਥ ਪੰਨਾ-੧੪*

ਬਿਦਰ ਜੀ ਬਾਅਦ ਵਿੱਚ ਘਰ ਆਏ ਤੇ ਜਦੋਂ ਇਹ ਸਾਰਾ ਦ੍ਰਿਸ਼ ਵੇਖਿਆ ਤਾਂ ਆਪਣੀ ਪਤਨੀ ਨੂੰ ਕਿਹਾ,''ਓ ਕਮਲੀਏ ! ਤੂੰ ਤੇ ਛਿੱਲਾਂ ਖਵਾਉਂਦੀ ਪਈ ਹੈ।''ਉਸਨੇ ਕਿਹਾ,''ਭੁੱਲ ਗਈ ਹਾਂ ਮਹਾਰਾਜ''।

ਫਿਰ ਬਿਦਰ ਜੀ ਲੱਗੇ ਸ੍ਰੀ ਕ੍ਰਿਸ਼ਨ ਜੀ ਨੂੰ ਕੇਲੇ ਛਕਾਉਣ। ਸ੍ਰੀ ਕ੍ਰਿਸ਼ਨ ਜੀ ਨੇ ਕਿਹਾ,''ਬਿਦਰ ਜੀ ! ਕੇਲੇ ਤਾਂ ਮਿੱਠੇ ਹਨ, ਪਰ ਇਹਨਾਂ ਵਿੱਚ ਉਹ ਸੁਆਦ ਨਹੀਂ ਆਇਆ।''

# ਭਾਗ ਦੂਜਾ

ਜਦੋਂ ਪ੍ਰੀਤਮ ਆਪਣੀ ਪ੍ਰਿਯਤਮਾਂ ਦੇ ਕੋਲ ਹੁੰਦਾ ਹੈ, ਉਸ ਵੇਲੇ ਪ੍ਰਿਯਤਮਾ ਨੂੰ ਸਾਰਾ ਕੁਝ ਚੰਗਾ ਲਗਦਾ ਹੈ, ਮਨ ਪ੍ਰੀਤਮ ਦਾ ਸੰਗ ਸਾਥ ਹੋਣ ਕਰਕੇ ਖਿੜਿਆ ਰਹਿੰਦਾ ਹੈ, ਪੁਲਕਿਤ ਹੁੰਦਾ ਹੈ, ਹਰ ਪਾਸੇ ਖੁਸ਼ੀ ਹੀ ਖੁਸ਼ੀ ਨਜ਼ਰ ਆਉਂਦੀ ਹੈ, ਵਾਤਾਵਰਨ ਸੁਹਾਵਣਾ ਪ੍ਰਤੀਤ ਹੁੰਦਾ ਹੈ, ਪ੍ਰਕ੍ਰਿਤੀ ਸੋਭਨੀਯ ਹੋ ਜਾਂਦੀ ਹੈ।

ਕਣ-ਕਣ ਵਿੱਚ ਖੇੜਾ ਦਿਸਦਾ ਹੈ ਪਰ ਜਦੋਂ ਪ੍ਰੀਤਮ ਪ੍ਰੇਮਿਕਾ ਕੋਲੋਂ ਦੂਰ ਚਲਾ ਜਾਂਦਾ ਹੈ, ਅੱਖੋਂ ਪਰੋਖੇ ਹੋ ਜਾਂਦਾ ਹੈ, ਸੰਜੋਗ ਵਿਜੋਗ ਬਣ ਜਾਂਦਾ ਹੈ, ਅਤੇ ਸਾਰਾ ਇਸਦੇ ਉਲਟ ਹੋ ਜਾਂਦਾ ਹੈ, ਵਿਪਰੀਤ ਹੋ ਜਾਂਦਾ ਹੈ, ਪ੍ਰੀਤਮਾ ਆਪਣੇ ਪ੍ਰੇਮੀ ਤੋਂ ਬਿਨਾਂ ਉਦਾਸੀਨ ਹੋ ਜਾਂਦੀ ਹੈ, ਗਮਗੀਨ ਹੋ ਜਾਂਦੀ ਹੈ, ਖੁਸ਼ੀ, ਹੁਲਾਸ, ਖੇੜੇ ਦੀ ਥਾਂ ਸੋਗ, ਉਦਾਸੀਨਤਾ ਛਾ ਜਾਂਦੀ ਹੈ, ਪ੍ਰੀਤਮਾ ਨੂੰ ਆਪਣਾ ਆਲਾ ਦੁਆਲਾ ਬਿਲਕੁਲ ਚੰਗਾ ਨਹੀਂ ਲਗਦਾ, ਵਿਯੋਗ ਦੀ ਪੀੜਾ ਵਿੱਚ ਉਹ ਸੜਦੀ ਹੈ, ਲੁਸਦੀ ਹੈ, ਤੜਪਦੀ ਹੈ, ਠੰਢੇ ਹਾਉਕੇ ਲੈਂਦੀ ਹੈ, ਆਪਣੇ ਪਿਆਰੇ ਕੰਤ ਤੋਂ ਬਿਨਾਂ ਕੁਝ ਵੀ ਸ਼ੋਭਨੀਯ ਨਹੀਂ ਲਗਦਾ।

ਸ੍ਰੀ ਕ੍ਰਿਸ਼ਨ ਜੀ ਗੋਪੀਆਂ ਨੂੰ ਬ੍ਰਿਜ ਵਿਖੇ ਰੋਂਦੀਆਂ ਕੁਰਲਾਉਂਦੀਆਂ ਨੂੰ ਤਿਆਗ ਕੇ ਮਥਰਾ ਵਿਖੇ ਚਲੇ ਗਏ ਸਨ। ਇੱਕ ਦਿਨ ਗੋਪੀਆਂ ਨੂੰ ਸਾਂਤਵਣਾ ਦੇਣ ਲਈ ਸ੍ਰੀ ਕ੍ਰਿਸ਼ਨ ਜੀ ਨੇ ਊਧਵ ਨੂੰ ਬ੍ਰਿਜ ਵਿਖੇ ਭੇਜਿਆ। ਊਧੋ ਨੇ ਆਪਣੇ ਤਰਕ ਵਿਤਰਕ ਰਾਹੀਂ ਗੋਪੀਆਂ ਨੂੰ ਬਹੁਤ ਸਮਝਾਉਣ ਦੇ ਪ੍ਰਯਤਨ ਕੀਤੇ। ਆਪਣੇ ਗਿਆਨ ਦੀ ਚਰਚਾ ਕਰਦਿਆਂ ਹੋਇਆਂ ਗੋਪੀਆਂ ਨੂੰ ਕਿਹਾ ਕਿ ਉਹ ਸਾਰੀਆਂ ਆਪਣੇ ਘਰਾਂ ਦੇ ਕੰਮਾਂ ਨੂੰ ਛੱਡ ਕੇ, ਊਧਵ ਦੇ ਗਿਆਨ ਵਿੱਚ ਰੰਗ ਜਾਣ। ਪਰ ਊਧਵ ਦਾ ਗਿਆਨ ਗੋਪੀਆਂ ਦੇ ਡੂੰਘੇ ਪਿਆਰ ਦੇ ਸਾਹਮਣੇ ਕਿਵੇਂ ਟਿਕ ਸਕਦਾ ਸੀ। ਗਿਆਨ ਨੂੰ ਅਸੀਮ ਪਿਆਰ ਦੇ ਸਾਹਮਣੇ ਗੋਡੇ ਟੇਕਣੇ ਪਏ, ਕਿਉਂਕਿ ਗੋਪੀਆਂ ਸ੍ਰੀ ਕ੍ਰਿਸ਼ਨ ਜੀ ਦੇ ਵਿਯੋਗ ਵਿੱਚ ਖਿਨ-ਖਿਨ, ਪਲ-ਪਲ, ਧੁਖ-ਧੁਖ ਕੇ, ਸੜ ਰਹੀਆਂ ਸਨ। ਸ੍ਰੀ ਰਾਧਾ ਜੀ ਆਪਣੇ ਪਿਆਰ ਦੀ ਵਿਆਕੁਲਤਾ, ਅਤੇ ਬਿਹਬਲਤਾ ਊਧਵ ਨੂੰ ਪ੍ਰਗਟ ਕਰ ਰਹੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਮ ਗ੍ਰੰਥ ਵਿੱਚ ਸੰਕਲਿਤ ਬਾਣੀ ਕ੍ਰਿਸ਼ਨਾਵਤਾਰ ਵਿੱਚ ਗੋਪੀਆਂ ਦੀ ਸ੍ਰੀ ਕ੍ਰਿਸ਼ਨ ਜੀ ਦੇ ਵਿਰਹ, ਵਿਯੋਗ ਦੀ ਕਸਕ, ਪੀੜਾ ਦਾ ਵਰਣਨ ਬੜੀ ਸੁੰਦਰ ਸ਼ੈਲੀ ਰਾਹੀ ਬ੍ਰਿਹ-ਨਾਟਕ ਬਾਰਾਮਾਹ ਵਿੱਚ ਕਰਦੇ ਹਨ।

# ੧੫

## ਬ੍ਰਿਹ ਨਾਟਕ ਬਾਰਹ ਮਾਹ ਦਾ ਆਰੰਭ

**।।ਰਾਧੇ ਬਾਚ ਊਧਵ ਸੋ।।**

**ਸਵੈਯਾ।। ਪ੍ਰੇਮ ਛਕੀ ਆਪਨੇ ਮੁਖ ਤੇ**
**ਇਹ ਭਾਤ ਕਹਯੋ ਬ੍ਰਿਖਭਾਨ ਕੀ ਜਾਈ।।**
**ਸਯਾਮ ਗਏ ਮਥਰਾ ਤਜਿ ਕੈ ਬ੍ਰਿਜ**
**ਹੋ ਅਬ ਧੋ ਹਮਰੀ ਗਤਿ ਕਾਈ।।**
**ਦੇਖਤ ਹੀ ਪੁਰਕੀ ਤ੍ਰੀਯ ਕੋ ਸੁ**
**ਛਕੇ ਤਿਨ ਕੇ ਰਸ ਮੈ ਜੀਯ ਆਈ।।**
**ਕਾਨ੍ਹ ਲਯੋ ਕੁਬਜਾ ਬਸਿ ਕੈ**
**ਟਸਕਯੋ ਨ ਹੀਯੋ ਕਸਕਯੋ ਨ ਕਸਾਈ।।੯੧੧।।**

*– ਦਸਮ ਗ੍ਰੰਥ ਪੰਨਾ ੩੭੫*

**ਸ਼ਬਦਾਰਥ** :
ਪ੍ਰੇਮ-ਪ੍ਰੇਮ ਦੇ ਰੰਗ ਵਿੱਚ ਰੰਗੀ ਹੋਈ, ਪ੍ਰੇਮ ਨਾਲ ਸਜੀ ਹੋਈ (ਰਾਧਿਕਾ)। ਬ੍ਰਿਖਭਾਨ ਕੀ-ਬ੍ਰਿਖਭਾਨ ਗੋਪ ਦੀ ਧੀ-ਰਾਧਿਕਾ ਨੇ। ਹੋ-ਦੁੱਖ ਨਾਲ ਹਾਉਕਾ ਭਰ ਕੇ ਆਖਿਆ, ਓਹੋ। ਧੋ-ਹਾਇ ਰੱਬਾ। ਗਤਿ-ਹੁਣ ਸਾਡਾ ਕੀ ਹਾਲ। ਟਸਕਯੋ-ਟੱਸ ਟੱਸ ਨਹੀਂ ਕੀਤਾ, ਦੁਖਿਆ ਨਹੀਂ, ਚੋਭ ਦੀ ਪੀੜ ਨਹੀਂ ਮੰਨੀ। ਹੀਯੋ-ਹੀਆ, ਦਿਲ। ਕਸਕਯੋ-ਪੀੜ ਦੀ ਖਿੱਚ ਨਹੀਂ ਖਾਧੀ, ਚੀਸ ਨਹੀਂ ਵੱਟੀ। ਕਸਾਈ-ਬੇ-ਦਰਦ, ਪਾਪੀ।

**ਵਿਆਖਿਆ :**
ਰਾਧਾ ਜੀ ਜੋ ਬ੍ਰਿਖਭਾਨ ਦੀ ਸੁਪੁਤ੍ਰੀ ਸੀ, ਜਿਨ੍ਹਾਂ ਦਾ ਹਿਰਦਾ ਹਰ ਵੇਲੇ ਸ੍ਰੀ ਕ੍ਰਿਸ਼ਨ ਜੀ ਦੇ ਅਥਾਹ ਪਿਆਰ ਨਾਲ ਭਰਪੂਰ ਰਹਿੰਦਾ ਸੀ, ਸ੍ਰੀ ਕ੍ਰਿਸ਼ਨ ਦੇ ਮਥਰਾ ਚਲੇ ਜਾਣ ਤੇ ਉਹ ਬਹੁਤ ਵਿਆਕੁਲ ਹੋ ਗਏ। ਉਨ੍ਹਾਂ ਨੇ ਆਪਣੇ ਸੁੰਦਰ ਮੁੱਖ ਤੋਂ ਇਹ ਉਚਾਰਣ ਕੀਤਾ – ਸ੍ਰੀ ਕ੍ਰਿਸ਼ਨ ਜੀ ਸਾਨੂੰ ਸਾਰੀਆਂ ਨੂੰ ਰੋਂਦਿਆਂ ਕੁਰਲਾਂਦਿਆਂ ਛੱਡ

ਕੇ, ਸਾਡੀ ਕੋਈ ਪਰਵਾਹ ਨਾ ਕਰਦੇ ਹੋਏ ਮਥਰਾ ਚਲੇ ਗਏ ਹਨ, ਮੇਰੇ ਦਿਲ ਵਿੱਚ ਇਹ ਵਿਚਾਰ ਬਾਰ-ਬਾਰ ਆਉਂਦਾ ਹੈ, ਕਿ ਸ੍ਰੀ ਕ੍ਰਿਸ਼ਨ ਜੀ ਦੇ ਵਿਯੋਗ ਵਿੱਚ ਅਸੀਂ ਕੀ ਕਰਾਂਗੀਆਂ ? ਉਨ੍ਹਾਂ ਬਿਨਾਂ ਕਿਸ ਤਰ੍ਹਾਂ ਜੀਵਤ ਰਹਾਂਗੀਆਂ ? ਸਾਡੀ ਕੀ ਹਾਲਤ ਹੋਵੇਗੀ ? ਸ੍ਰੀ ਕ੍ਰਿਸ਼ਨ ਜੀ ਤਾਂ ਮਥਰਾ ਵਾਸਣੀਆਂ ਨੂੰ ਵੇਖਦਿਆਂ ਸਾਰ ਹੀ ਉਨ੍ਹਾਂ ਦੇ ਪਿਆਰ ਰਸ ਵਿੱਚ ਭਿੱਜ ਗਏ ਹੋਣਗੇ। ਸ੍ਰੀ ਕ੍ਰਿਸ਼ਨ ਜੀ ਨੂੰ ਕੁਬਜਾ ਨੇ ਜ਼ਰੂਰ ਆਪਣੇ ਵੱਸ ਵਿੱਚ ਕਰ ਲਿਆ ਹੋਵੇਗਾ, ਇਹ ਗੱਲ ਸੁਣਕੇ ਵੀ ਮੇਰਾ ਹਿਰਦਾ ਫਟਿਆ ਨਹੀਂ ਅਤੇ ਨਾ ਹੀ ਸੁਦੈਣ ਹੋਈ ਹਾਂ, ਇਹ ਸਭ ਮੇਰੇ ਪਾਪੀ ਹਿਰਦੇ ਦੀ ਕੁਟਿਲਤਾ ਦਾ ਹੀ ਨਤੀਜਾ ਹੈ।

**ਭਾਵ :**

ਗੋਪੀਆਂ ਨੂੰ ਇਹ ਸ਼ਿਕਾਇਤ ਹੈ ਕਿ ਸ੍ਰੀ ਕ੍ਰਿਸ਼ਨ ਜੀ ਮਥਰਾ ਵਿਖੇ ਜਾ ਕੇ ਉੱਥੋਂ ਦੇ ਹੀ ਹੋ ਗਏ ਹਨ ਅਤੇ ਬ੍ਰਿਜਵਾਸੀਆਂ ਦੇ ਪਿਆਰ ਨੂੰ ਬਿਲਕੁਲ ਵਿਸਾਰ ਦਿੱਤਾ ਹੈ।

# ਸਯਾਮ ਗਏ ਮਥਰਾ ਤਜਿਕੈ

ਸ੍ਰੀ ਕ੍ਰਿਸ਼ਨ ਜੀ ਨੂੰ ਲੈਣ ਵਾਸਤੇ ਕੰਸ ਨੇ ਅਕਰੂਰ ਨੂੰ ਬ੍ਰਿਜ ਭੂਮੀ ਵਿਖੇ ਭੇਜਿਆ। ਅਕਰੂਰ ਜੀ ਮਨ ਹੀ ਮਨ ਵਿੱਚ ਸੋਚਦੇ ਕਿ ਉਨ੍ਹਾਂ ਨੇ ਜ਼ਰੂਰ ਕੋਈ ਜਪ, ਤਪ, ਦਾਨ, ਪੁੰਨ, ਤੀਰਥ, ਬਰਤ ਕੀਤੇ ਹੋਏ ਹਨ, ਜਿਨ੍ਹਾ ਦਾ ਸਦਕਾ ਕੰਸ ਨੇ ਉਨ੍ਹਾਂ ਨੂੰ ਸ੍ਰੀ ਕ੍ਰਿਸ਼ਨ ਜੀ ਨੂੰ ਲੈਣ ਵਾਸਤੇ ਭੇਜਿਆ ਹੈ। ਅਕਰੂਰ ਜੀ ਆਪਣੇ ਮਨ ਦੀਆਂ ਉਲਝਣਾਂ ਵਿੱਚ ਫਸੇ ਹੋਏ ਸੋਚਦੇ ਹਨ ਕਿ ਕਿਧਰੇ ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਨੂੰ ਕੰਸ ਦਾ ਦੂਤ ਨਾ ਸਮਝ ਲੈਣ, ਫਿਰ ਆਪਣੇ ਹੀ ਮਨ ਵਿੱਚ ਸੋਚਦੇ ਹਨ ਕਿ ਜਿਨ੍ਹਾਂ ਦਾ ਨਾਮ ਅੰਤਰਯਾਮੀ ਹੈ, ਉਹ ਤਾਂ ਮਨ ਦੀ ਪ੍ਰੀਤ ਸਮਝਦੇ ਹਨ, ਸਾਰੇ ਮਿੱਤਰਾਂ, ਦੁਸ਼ਮਣਾਂ ਨੂੰ ਪਛਾਣਦੇ ਹਨ। ਆਪਣੇ ਮਨ ਨੂੰ ਭਰੋਸਾ ਦਿਵਾਉਂਦੇ ਹਨ ਕਿ ਉਹ ਆਪਣੀ ਕ੍ਰਿਪਾ-ਦ੍ਰਿਸ਼ਟੀ ਅਕਰੂਰ ਜੀ ਉੱਤੇ ਕਰਨਗੇ ਅਤੇ ਕੋਮਲ ਹੱਥ ਉਨ੍ਹਾਂ ਦੇ ਸਿਰ ਉੱਤੇ ਰੱਖਣਗੇ। ਇਹ ਸੋਚਦੇ-ਸੋਚਦੇ ਅਕਰੂਰ ਜੀ ਬਿੰਦਰਾਬਨ ਦੇ ਨੇੜੇ ਪਹੁੰਚੇ ਤੇ ਬਾਹਰ ਹੀ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਹੋ ਗਏ ਬੜੇ ਪਿਆਰ ਸਹਿਤ ਅਕਰੂਰ ਜੀ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਉੱਤੇ ਡਿੱਗ ਕੇ ਨਿਹਾਲ ਹੋਏ। ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਨੂੰ ਬੜੇ ਪਿਆਰ ਨਾਲ, ਹੱਥ ਫੜ ਕੇ ਆਪਣੇ ਘਰ ਲੈ ਗਏ। ਘਰ ਪਹੁੰਚਕੇ ਖੂਬ ਆਦਰ ਮਾਣ ਕੀਤਾ। ਅਕਰੂਰ ਜੀ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਦੱਸਿਆ ਕਿ ਮਥਰਾ ਦੀ ਪਰਜਾ ਰਾਤ ਦਿਨ ਕੰਸ ਦੇ ਜ਼ੁਲਮਾਂ ਕਰਕੇ ਅਤਿਅੰਤ ਦੁਖੀ ਹੋ ਰਹੀ ਹੈ।

**ਸੁਨਿ ਕੈ ਬਤੀਯਾ ਤਿਹ ਕੀ ਹਰਿ ਜੂ**
**ਪਿਤ ਧਾਮ ਗਏ ਇਹ ਬਾਤ ਸੁਨਾਈ।।**
**ਮੋਹਿ ਅਬੈ ਅਕ੍ਰੂਰ ਕੇ ਹਾਥ**
**ਬੁਲਾਇ ਪਠਿਓ ਮਥੁਰਾ ਹੂ ਕੇ ਰਾਈ।।**
**ਪੇਖਤ ਹੀ ਤਿਹ ਮੂਰਤ ਨੰਦ**
**ਕਹੀ ਤੁਮਰੇ ਤਨ ਹੈ ਕੁਸਰਾਈ।।**
**ਕਾਹੇ ਕੀ ਹੈ ਕੁਸਰਾਤ ਕਹਯੋ**
**ਇਹ ਭਾਂਤ ਬੁਲਯੋ ਮੁਸਲੀਧਰ ਭਾਈ।।੭੯੧।।**

*– ਦਸਮ ਗ੍ਰੰਥ ਪੰਨਾ ੩੫੯*

ਅਕਰੂਰ ਦੀਆਂ ਗੱਲਾਂ ਸੁਣਕੇ ਗੁਆਲਿਆਂ ਨੂੰ ਨਾਲ ਲੈਕੇ ਸ੍ਰੀ ਕ੍ਰਿਸ਼ਨ ਜੀ ਉਸੇ ਵੇਲੇ ਹੀ ਮਥਰਾ ਨੂੰ ਤੁਰ ਪਏ। ਕੰਸ ਨੂੰ ਭੇਟ ਕਰਨ ਵਾਸਤੇ ਬਹੁਤ ਸਾਰਾ ਦੁੱਧ ਲੈ ਕੇ, ਬਲਭੱਦ੍ਰ ਨੂੰ ਸ੍ਰੀ ਕ੍ਰਿਸ਼ਨ ਜੀ ਨੇ ਅੱਗੇ-ਅੱਗੇ ਤੋਰ ਲਿਆ। ਜਿਨ੍ਹਾਂ ਨੂੰ ਵੇਖਦਿਆਂ ਹੀ ਬੜਾ ਸੁਖ ਹੁੰਦਾ ਹੈ, ਸਾਰੇ ਸਰੀਰ ਦੇ ਪਾਪ ਭੱਜ ਜਾਂਦੇ ਹਨ, ਉਹ ਸ੍ਰੀ ਕ੍ਰਿਸ਼ਨ ਜੀ ਗੁਆਲਿਆਂ ਦਾ ਰੂਪ ਬਣਾਕੇ ਸੁੰਦਰ ਮੋਰ ਵਾਂਗ ਲੱਗ ਰਹੇ ਸਨ। ਸ੍ਰੀ ਕ੍ਰਿਸ਼ਨ ਜੀ ਦਾ ਇੱਕ ਦਮ ਜਾਣਾਂ ਸੁਣਕੇ ਬ੍ਰਿਜ ਦੀਆਂ ਗੋਪੀਆਂ ਅਤਿ ਵਿਆਕੁਲ ਹੋ ਕੇ ਘਰ ਛੱਡਕੇ ਉਨ੍ਹਾਂ ਦੇ ਪਿੱਛੇ-ਪਿੱਛੇ ਦੌੜ ਪਈਆਂ ਅਤੇ ਰੋਂਦੀਆਂ, ਕੁਰਲਾਉਂਦੀਆਂ ਸ੍ਰੀ ਕ੍ਰਿਸ਼ਨ ਜੀ ਦੇ ਰੱਥ ਦੇ ਨੇੜੇ ਪਹੁੰਚ ਗਈਆਂ। ਉਨ੍ਹਾਂ ਗੋਪੀਆਂ ਨੂੰ ਇਸ ਗੱਲ ਦੀ ਸਮਝ ਨਹੀਂ ਸੀ ਆ ਰਹੀ ਕਿ ਉਨ੍ਹਾਂ ਨੇ ਕੀ ਅਪਰਾਧ ਕੀਤਾ ਹੈ, ਕੀ ਕਸੂਰ ਕੀਤੇ ਹਨ, ਜਿਸ ਕਰਕੇ ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਨੂੰ ਛੱਡ ਕੇ ਮਥਰਾ ਜਾ ਰਹੇ ਸਨ। ਸਾਰੀਆਂ ਗੋਪੀਆਂ ਨੇ ਆ ਕੇ ਸ੍ਰੀ ਕ੍ਰਿਸ਼ਨ ਜੀ ਦੇ ਰੱਥ ਨੂੰ ਚਾਰੇ ਪਾਸਿਓਂ ਘੇਰਾ ਪਾ ਲਿਆ ਅਤੇ ਹੱਥ ਜੋੜ ਕੇ ਬੇਨਤੀ ਕਰਨ ਲਗੀਆਂ,''ਹੇ ਬ੍ਰਿਜਨਾਥ ! ਅਸਾਂ ਕੀ ਅਪਰਾਧ ਕੀਤਾ ਹੈ, ਤੁਸੀਂ ਸਾਨੂੰ ਤਿਆਗ ਕੇ ਜਾ ਰਹੇ ਹੋ। ਅਸੀਂ ਤਾਂ ਤੁਹਾਡੇ ਲਈ ਆਪਣਾ ਸਭ ਕੁਝ ਵਾਰ ਚੁੱਕੀਆਂ ਹਾਂ; ਸਾਧੂ ਮਹਾਤਮਾ ਦੀ ਪ੍ਰੀਤ ਕਦੇ ਵੀ ਘਟਦੀ ਨਹੀਂ; ਹੱਥਾਂ ਦੀਆਂ ਰੇਖਾਵਾਂ ਕਦੇ ਮਿਲਦੀਆਂ ਨਹੀਂ ; ਇਸੇ ਤਰ੍ਹਾਂ ਸੰਤਾਂ ਸਾਧੂਆਂ ਦੀ ਪ੍ਰੀਤ ਕਦੇ ਘਟਦੀ ਨਹੀਂ ਅਤੇ ਮੂਰਖ ਦੀ ਪ੍ਰੀਤ ਰੇਤ ਦੀ ਕੰਧ ਵਾਂਗ ਕਦੇ ਠਹਿਰਦੀ ਨਹੀਂ। ਤੁਸੀਂ ਸਾਨੂੰ ਦੱਸੋ ਅਸੀਂ ਤੁਹਾਡਾ ਕੀ ਵਿਗਾੜਿਆ ਹੈ, ਕਿ ਸਾਡੇ ਵੱਲ ਪਿੱਠ ਕਰਕੇ ਮਥਰਾ ਜਾ ਰਹੇ ਹੋ'' ? ਇਸ ਤੋਂ ਉਪਰੰਤ ਗੋਪੀਆਂ ਅਕਰੂਰ ਜੀ ਨੂੰ ਕੌੜੀਆਂ ਕਸੈਲੀਆਂ ਗੱਲਾਂ ਕਰਨ ਲਗੀਆਂ। ਇਹ ਅਕਰੂਰ ਤਾਂ ਬਹੁਤ ਕਰੂਰ ਹੈ, ਇਸਨੂੰ ਗੋਪੀਆਂ ਦੀ ਪੀੜਾ ਦਾ ਕੀ ਪਤਾ ? ਜਿਸ ਤੋਂ ਬਿਨਾਂ ਗੋਪੀਆਂ ਅਨਾਥ ਹੋ ਜਾਂਦੀਆਂ ਹਨ, ਉਨ੍ਹਾਂ ਨੂੰ ਆਪਣੇ ਨਾਲ ਲੈ ਕੇ ਟੁਰ ਚਲਿਆ ਹੈ। ਅਕਰੂਰ ਕੁਟਿਲ ਅਤੇ ਮਤ ਤੋਂ ਹੀਨ ਹੈ, ਇਸ ਲਈ ਵਿਚਾਰੀਆਂ ਅਬਲਾਵਾਂ ਨੂੰ ਦੁੱਖ ਦੇ ਰਿਹਾ ਹੈ।''ਕੌੜੇ ਕਸੈਲੇ ਬਚਨ ਬੋਲ

ਕੇ ਗੋਪੀਆਂ ਫਿਰ ਸ੍ਰੀ ਕ੍ਰਿਸ਼ਨ ਜੀ ਦੇ ਰੱਥ ਦੇ ਆਲੇ ਦੁਆਲੇ ਖਲੋ ਕੇ ਬੋਲਣ ਲੱਗ ਪਈਆਂ,''ਮਥਰਾ ਦੀਆਂ ਇਸਤ੍ਰੀਆਂ ਅਤਿ ਚੰਚਲ, ਚਤੁਰ, ਰੂਪ ਅਤੇ ਗੁਣ ਭਰਪੂਰ ਹਨ, ਉਨ੍ਹਾਂ ਦੇ ਅਸੀਮ ਪਿਆਰ ਦੇ ਵੱਸ ਵਿੱਚ ਹੋ ਕੇ ਸ੍ਰੀ ਕ੍ਰਿਸ਼ਨ ਜੀ ਮਥਰਾ ਹੀ ਰਹਿ ਜਾਣਗੇ ਅਤੇ ਬ੍ਰਿਜ ਦੀਆਂ ਗੋਪੀਆਂ ਨੂੰ ਵਿਸਾਰ ਦੇਣਗੇ। ਉਨ੍ਹਾਂ ਨੂੰ ਇਹ ਸਮਝ ਨਹੀਂ ਆ ਰਹੀ ਕਿ ਉਨ੍ਹਾਂ ਕੋਲੋਂ ਜਪ ਤਪ ਕਰਦਿਆਂ ਕਿਹੜੀ ਭੁੱਲ ਹੋ ਗਈ ਹੈ, ਜਿਸ ਕਰਕੇ ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਕੋਲੋਂ ਵਿਛੱੜ ਰਹੇ ਹਨ"। ਫਿਰ ਸ੍ਰੀ ਕ੍ਰਿਸ਼ਨ ਜੀ ਨੂੰ ਸੰਬੋਧਿਤ ਕਰਕੇ ਕਹਿਣ ਲਗੀਆਂ,''ਤੁਹਾਡਾ ਤਾਂ ਨਾਮ ਹੀ ਹੈ ਗੋਪੀ-ਨਾਥ, ਫਿਰ ਭਲਾ ਤੁਸੀਂ ਸਾਨੂੰ ਆਪਣੇ ਨਾਲ ਕਿਉਂ ਨਹੀ ਲੈ ਚਲਦੇ ? ਤੁਹਾਡੇ ਬਿਨ੍ਹਾਂ ਤਾਂ ਇੱਕ ਛਿਨ ਭਰ ਵੀ ਲੰਘਣਾ ਮੁਸ਼ਕਿਲ ਹੈ। ਸਾਡੀ ਛਾਤੀ ਫਟ ਰਹੀ ਹੈ। ਚਿਤ ਲਗਾ ਕੇ ਵਿਛੋੜਾ ਕਿਉਂ ਦੇ ਰਹੇ ਹੋ ? ਤੁਸੀਂ ਨਿਸ਼ਠੁਰ, ਨਿਰਦਈ ਹੋ''? ਯਸ਼ੋਧਾ ਮਾਤਾ ਆਪਣੇ ਪਿਆਰੇ ਪੁੱਤਰ ਨੂੰ ਗਲ ਨਾਲ ਲਾ ਕੇ ਜ਼ੋਰ-ਜ਼ੋਰ ਦੀ ਰੋ ਉੱਠੀ ਅਤੇ ਆਪਣੇ ਪੁੱਤਰ ਨੂੰ ਸਮਝਾ ਰਹੀ ਸੀ, ਕਿ ਉਹ ਮਥਰਾ ਜਾ ਕੇ ਨਾ ਬੈਠ ਜਾਣ ਤੇ ਜਲਦੀ ਉੱਥੋਂ ਵਾਪਸ ਆ ਜਾਣ। ਹਰ ਪਾਸਿਉਂ 'ਸ੍ਰੀ ਕ੍ਰਿਸ਼ਨ ! ਸ੍ਰੀ ਕ੍ਰਿਸ਼ਨ' ! ਜੀ ਦੀਆਂ ਆਵਾਜ਼ਾਂ ਆ ਰਹੀਆਂ ਸਨ।

ਸ੍ਰੀ ਕ੍ਰਿਸ਼ਨ ਜੀ ਰੱਥ ਤੇ ਖੜੇ ਹੋ ਕੇ ਪੁਕਾਰ ਪੁਕਾਰ ਕੇ ਕਹਿ ਰਹੇ ਸਨ,''ਤੁਸੀਂ ਸਾਰੇ ਆਪੋ ਆਪਣੇ ਘਰੀਂ ਜਾਵੋ, ਕਿਸੇ ਗੱਲ ਦੀ ਚਿੰਤਾ ਨਾ ਕਰੋ, ਮੈਂ ਚਾਰ ਦਿਨਾਂ ਵਿੱਚ ਜਲਦੀ ਹੀ ਵਾਪਸ ਆ ਜਾਵਾਂਗਾ।'' ਇਸ ਤਰ੍ਹਾਂ ਦੀਆਂ ਗੱਲਾਂ ਕਰਦੇ-ਕਰਦੇ ਰੱਥ ਅੱਖਾਂ ਤੋਂ ਉਹਲੇ ਹੋ ਗਿਆ। ਸਭ ਬ੍ਰਿਜਵਾਸੀ ਨਿਰਾਸ ਹੋ ਕੇ ਮੱਛੀ ਵਾਂਗ ਤੜਫ ਉੱਠੇ। ਕਈ ਗੋਪੀਆਂ ਤਾਂ ਬੇਸੁੱਧ ਹੋ ਗਈਆਂ ਅਤੇ ਫਿਰ ਮਨ ਵਿੱਚ ਧੀਰਜ ਧਾਰਨ ਕਰਕੇ ਯਸ਼ੋਧਾ ਸਭ ਗੋਪੀਆਂ ਨੂੰ ਨਾਲ ਲੈ ਕੇ ਬਿੰਦ੍ਰਾਬਨ ਵਾਪਸ ਆ ਗਏ। ਯਸ਼ੋਧਾ ਰੋ-ਰੋ ਕੇ ਕਹਿ ਰਹੀ ਸੀ :-

**ਸਵੈਯਾ।।ਬਾਰਹ ਮਾਸ ਰਖਿਯੋ ਉਦਰੇ ਮਹਿ**
**ਤੇਰਹਿ ਮਾਸ ਭਏ ਜੋਊ ਜੱਈਯਾ।।**
**ਪਾਲ ਬਡੋ ਜੁ ਕਰਯੋ ਤਬਹੀ**
**ਹਰਿ ਕੋ ਸੁਨ ਮੈ ਮੁਸਲੀਧਰ ਭੱਯਾ।।**
**ਤਾਹੀ ਕੇ ਕਾਜ ਕਿਧੌ ਨ੍ਰਿਪਵਾ**
**ਬਸੁਦੇਵ ਕੋ ਕੈ ਸੁਤ ਬੋਲ ਪਠੱਈਯਾ।।**
**ਪੈ ਹਮਰੇ ਘਟ ਭਾਗਨ ਕੇ ਘਰ**
**ਭੀਤਰ ਪੈ ਨਹੀ ਸਯਾਮ ਰਹੱਈਯਾ।।੭੯੫।।**

*- ਦਸਮ ਗ੍ਰੰਥ ਪੰਨਾ ੩੫੯*

ਸ੍ਰੀ ਕ੍ਰਿਸ਼ਨ ਜੀ ਸਾਰਿਆਂ ਗੁਆਲਿਆਂ ਸਮੇਤ ਜਮਨਾ ਦੇ ਕਿਨਾਰੇ ਆਣ ਪਹੁੰਚੇ। ਸ੍ਰੀ ਕ੍ਰਿਸ਼ਨ ਜੀ ਬੋਹੜ ਦੀ ਛਾਂ ਹੇਠ ਅਰਾਮ ਕਰਨ ਲੱਗ ਪਏ। ਅਕਰੂਰ

ਜੀ ਜਮਨਾ ਵਿੱਚ ਇਸ਼ਨਾਨ ਕਰਨ ਵਾਸਤੇ ਜਲ ਦੇ ਅੰਦਰ ਚਲੇ ਗਏ। ਸ੍ਰੀ ਕ੍ਰਿਸ਼ਨ ਜੀ ਨੇ ਹੁਕਮ ਕੀਤਾ ਕਿ ਸਾਰੇ ਗਵਾਲੇ ਬਾਬਾ ਨੰਦ ਦੀ ਅਗਵਾਈ ਹੇਠ ਅਗਾਂਹ ਮਥਰਾ ਵਲ ਵਧਣ, ਉਹ ਅਕਰੂਰ ਜੀ ਦੇ ਇਸ਼ਨਾਨ ਕਰਨ ਤੇ ਪਿੱਛੇ ਪਿੱਛੇ ਆਉਂਦੇ ਹਨ। ਜਦੋਂ ਅਕਰੂਰ ਜੀ ਨੇ ਜਮਨਾ ਵਿੱਚ ਚੁੱਭੀ ਮਾਰੀ ਤੇ ਜਲ ਵਿੱਚ ਨੇਤ੍ਰ ਖੋਲ੍ਹ ਕੇ ਵੇਖੇ, ਰੱਥ ਸਮੇਤ ਸ੍ਰੀ ਕ੍ਰਿਸ਼ਨ ਜੀ ਜਮਨਾ ਵਿੱਚ ਨਜ਼ਰ ਆਏ, ਫਿਰ ਜਦੋਂ ਜਲ ਤੋਂ ਬਾਹਰ ਨਿਕਲ ਕੇ ਵੇਖਿਆ ਸ੍ਰੀ ਕ੍ਰਿਸ਼ਨ ਜੀ ਬੋਹੜ ਦੇ ਹੇਠਾਂ ਬਿਰਾਜਮਾਨ ਸਨ। ਅਕਰੂਰ ਜੀ ਵੇਖਕੇ ਹੈਰਾਨ ਹੋਏ। ਫਿਰ ਜਲ ਵਿੱਚ ਚੁੱਭੀ ਮਾਰੀ ਉੱਥੇ ਵੀ ਭਗਵਾਨ ਦੇ ਸੰਖ, ਚਕ੍ਰ, ਗਦਾ, ਪਦਮ ਧਾਰਨ ਕੀਤੇ ਹੋਏ ਅਤਿ ਮਨੋਹਰ ਰੂਪ ਦੇ ਦਰਸ਼ਨ ਹੋਏ ਤੇ ਬਾਹਰ ਆ ਕੇ ਵੀ ਉਸੇ ਸਰੂਪ ਦੇ ਦਰਸ਼ਨ। ਅਕਰੂਰ ਜੀ ਨੂੰ ਪਹਿਲਾਂ ਸ੍ਰੀ ਕ੍ਰਿਸ਼ਨ ਜੀ ਦੇ ਚਤੁਰਭੁਜ ਰੂਪ ਦੇ ਦਰਸ਼ਨ ਹੋਏ; ਫਿਰ ਬੈਕੁੰਠ ਦੀ ਰਚਨਾ-ਸੁਰ, ਮੁਨੀ, ਕਿੰਨਰ, ਗਣ, ਗੰਧਰਬਾਂ, ਸਮੇਤ ਜਲ ਵਿੱਚ ਦਰਸ਼ਨ ਹੋਏ; ਫਿਰ ਸ਼ੇਸ਼ਨਾਗ ਦੀ ਸੇਜਾ ਤੇ ਬਿਰਾਜਮਾਨ ਲਛਮੀ ਚਰਨ ਝੱਸ ਰਹੀ ਦੇ ਦਰਸ਼ਨ ਹੋਏ, ਇਹੋ ਜਿਹੇ ਦਰਸ਼ਨ ਕਰਕੇ ਅਕਰੂਰ ਜੀ ਬਾਹਰ ਆਉਣ ਦੀ ਸੁੱਧ ਹੀ ਭੁੱਲ ਗਏ।

ਅਕਰੂਰ ਜੀ ਇਹੋ ਜਿਹੇ ਸੁੰਦਰ ਸਰੂਪ ਦਾ ਦਰਸ਼ਨ ਕਰਕੇ ਹੱਥ ਜੋੜ ਕੇ ਸ੍ਰੀ ਕ੍ਰਿਸ਼ਨ ਜੀ ਦੀ ਮਹਿਮਾ ਦਾ ਗੁਣ-ਗਾਣ ਕਰਨ ਲੱਗੇ ''ਤੁਸੀਂ ਹੀ ਸ੍ਰਿਸ਼ਟੀ ਦੇ ਕਰਤਾ ਹਰਤਾ ਹੋ, ਤੁਸੀਂ ਹੀ ਭਗਤਾਂ ਦੇ ਵਾਸਤੇ ਸੰਸਾਰ ਵਿੱਚ ਅਵਤਾਰ ਧਾਰ ਕੇ ਆਏ ਹੋ। ਸੰਪੂਰਣ ਸੁਰ, ਨਰ ਤੁਹਾਡੀ ਅੰਸ ਹਨ ਅਤੇ ਸਾਰੇ ਤੁਹਾਡੇ ਵਿੱਚ ਹੀ ਸਮਾ ਜਾਂਦੇ ਹਨ। ਤੁਹਾਡੀ ਮਹਿਮਾ ਅਪਰੰਪਾਰ ਹੈ। ਐਸੀ ਸ਼ਕਤੀ ਕਿਸ ਕੋਲ ਹੈ, ਜਿਹੜਾ ਤੁਹਾਡੇ ਸਰੂਪ ਨੂੰ ਵੇਖ ਸਕੇ। ਤੁਸੀਂ ਹੀ ਵਿਰਾਟ ਸਰੂਪ ਹੋ। ਸੂਰਗ ਤੁਹਾਡਾ ਸੀਸ ਹੈ, ਪ੍ਰਿਥਵੀ ਤੁਹਾਡੇ ਚਰਨ ਹਨ, ਸੱਤ ਸਮੁੰਦਰ ਤੁਹਾਡਾ ਪੇਟ ਹਨ, ਨਦੀਆਂ ਨਾੜੀਆਂ ਹਨ, ਚੰਦ੍ਰਮਾ ਸੂਰਜ ਤੁਹਾਡੇ ਨੇਤਰ ਹਨ, ਦਸੇ ਦਿਸ਼ਾਵਾਂ ਤੁਹਾਡੇ ਕੰਨ ਹਨ, ਜਲ ਬੀਰਜ ਹੈ, ਬੱਦਲ ਕੇਸ ਹਨ। ਧਰਮ ਛਾਤੀ ਤੇ ਨਿਵਾਸ ਕਰਦਾ ਹੈ, ਤੁਹਾਡੇ ਭੇਦ ਕੌਣ ਜਾਣ ਸਕਦਾ ਹੈ—ਇਸ ਤਰ੍ਹਾਂ ਦੇ ਸਰੂਪ ਨੂੰ ਨਮਸਕਾਰ''। ਇਸ ਤਰ੍ਹਾਂ ਨਮਸਕਾਰ ਕਰਦੇ-ਕਰਦੇ ਅਕਰੂਰ ਜੀ ਜਲ ਤੋਂ ਬਾਹਰ ਨਿਕਲੇ ਤੇ ਫਿਰ ਮਥਰਾ ਵਲ ਨੂੰ ਟੁਰ ਪਏ। ਅਕਰੂਰ ਜੀ ਨੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਹ ਉਨ੍ਹਾਂ ਦਾ ਗ੍ਰਹਿ ਪਵਿਤਰ ਕਰਨ। ਸ੍ਰੀ ਕ੍ਰਿਸ਼ਨ ਜੀ ਨੇ ਕਿਹਾ ਕਿ ਪਹਿਲਾਂ ਕੰਸ ਨੂੰ ਉਨ੍ਹਾਂ ਦੇ ਮਥਰਾ ਪਹੁੰਚਣ ਦੀ ਖਬਰ ਦਿੱਤੀ ਜਾਵੇ। ਕੰਸ ਨੇ ਅਕਰੂਰ ਜੀ ਦਾ ਸੁਆਗਤ ਕੀਤਾ ਅਤੇ ਸਾਰੇ ਹਾਲਾਤਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਸ੍ਰੀ ਕ੍ਰਿਸ਼ਨ ਜੀ ਦਾ ਰੂਪ ਦੇਖਣ ਦੇ ਵਾਸਤੇ ਮਥਰਾ ਸ਼ਹਿਰ ਦੀ ਸਾਰੀ ਲੋਕਾਈ ਇਕੱਠੀ ਹੋ ਕੇ ਆ ਗਈ। ਜਿਸ ਦੇ ਸਰੀਰ ਵਿੱਚ ਕੋਈ ਦੁੱਖ ਦਰਦ ਪੀੜਾ ਹੋ ਰਹੀ ਸੀ, ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ

ਕਰਦਿਆਂ ਹੀ ਸਾਰਾ ਦੁੱਖ ਦਰਦ ਦੂਰ ਹੋ ਗਿਆ।

**ਹਰਿ ਆਗਮ ਕੀ ਸੁਨ ਕੈ ਬਤੀਯਾ**
**ਉਠ ਕੈ ਮਥੁਰਾ ਕੀ ਸਭੈ ਤ੍ਰੀਯ ਧਾਈ।।**
**ਆਵਤ ਥੋ ਰਥ ਬੀਚ ਚੜਯੋ ਚਲਿ ਕੈ**
**ਤਿਹ ਠਉਰ ਬਿਖੈ ਸੋਊ ਆਈ।।**
**ਮੂਰਤ ਦੇਖਕੈ ਰੀਝ ਰਹੀ**
**ਹਰਿ ਆਨਨ ਓਰ ਰਹੀ ਲਿਵਲਾਈ।।**
**ਸੋਕ ਕਥਾ ਜਿਤਨੀ ਮਨ ਥੀ**
**ਇਹ ਓਰ ਨਿਹਾਰ ਦਈ ਬਿਸਰਾਈ।।੮੧੭।।**

– *ਦਸਮ ਗ੍ਰੰਥ ਪੰਨਾ* **੩੬੨**

ਸ੍ਰੀ ਕ੍ਰਿਸ਼ਨ ਜੀ ਦੀਆਂ ਆਉਣ ਦੀਆਂ ਗੱਲਾਂ ਸੁਣ ਕੇ ਮਥਰਾ ਦੀਆਂ ਸਾਰੀਆਂ ਇਸਤ੍ਰੀਆਂ ਘਰਾਂ ਤੋਂ ਉਠ ਕੇ ਦਰਸ਼ਨਾਂ ਨੂੰ ਉੱਠ ਦੌੜੀਆਂ। ਜਿਸ ਰਸਤੇ ਵਿੱਚ ਸ੍ਰੀ ਕ੍ਰਿਸ਼ਨ ਜੀ ਰੱਥ ਤੇ ਚੜ੍ਹ ਕੇ ਆ ਰਹੇ ਸਨ, ਮਥਰਾ ਦੀਆਂ ਇਸਤ੍ਰੀਆਂ ਘਰਾਂ ਤੋਂ ਚਲ ਕੇ ਉਸ ਜਗ੍ਹਾ ਤੇ ਆ ਗਈਆਂ। ਉਹ ਸ੍ਰੀ ਕ੍ਰਿਸ਼ਨ ਜੀ ਦੀ ਮੋਹਨੀ ਮੂਰਤ ਨੂੰ ਵੇਖ ਕੇ ਅਤਿ ਪ੍ਰਸੰਨ ਹੋ ਰਹੀਆਂ ਸਨ ਅਤੇ ਉਨ੍ਹਾ ਦੇ ਸੁੰਦਰ ਮੁਖੜੇ ਨੂੰ ਹੀ ਨਿਹਾਰ ਰਹੀਆਂ ਸਨ। ਮਥਰਾ ਪੁਰ ਵਾਸੀਆਂ ਦੇ ਮਨ ਵਿੱਚ ਜਿੰਨੀ ਭੀ ਸ਼ੋਕ ਦੀ ਗੱਲ ਬਾਤ ਸੀ, ਸ੍ਰੀ ਕ੍ਰਿਸ਼ਨ ਜੀ ਦੇ ਸੁੰਦਰ ਰੂਪ ਵਲ ਵੇਖਦਿਆਂ ਹੀ ਉਨ੍ਹਾਂ ਨੇ ਸਾਰੀ ਉਹ ਭੁਲਾ ਦਿੱਤੀ। ਮਥਰਾ ਸ਼ਹਿਰ ਦੀ ਸੁੰਦਰਤਾ ਦਾ ਤਾਂ ਕਥਨ ਹੀ ਨਹੀਂ ਕੀਤਾ ਜਾ ਸਕਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਸ ਸੁੰਦਰਤਾ ਬਾਰੇ ਲਿਖਦੇ ਹਨ –

**ਸਵੈਯਾ।।ਜਿਹ ਕੇ ਜਟ ਤੇ ਨਗ ਭੀਤਰ ਹੈ**
**ਦਮਕੈ ਦੁਤ ਮਾਨਹੁ ਬਿੱਜ ਛਟਾ।।**
**ਜਮੁਨਾ ਜਿਹ ਸੁੰਦਰ ਤੀਰ ਬਹੈ**
**ਸੁ ਬਿਰਾਜਤ ਹੈ ਜਿਹ ਭਾਂਤ ਅਟਾ।।**
**ਬ੍ਰਹਮਾ ਜਿਹ ਦੇਖਤ ਰੀਝ ਰਹੈ**
**ਰਿਝਵੈ ਤਿਖ ਤਾ ਧਰ ਸੀਸ ਜਟਾ।।**
**ਇਹ ਭਾਂਤ ਪ੍ਰਭਾ ਧਰ ਹੈ ਪੁਰ ਧਾਮ**
**ਸੁ ਬਾਤ ਕਰੈ ਸੰਗ ਮੇਘ ਘਟਾ।।੮੧੯।।**

– *ਦਸਮ ਗ੍ਰੰਥ ਪੰਨਾ* **੩੬੨**

ਮਕਾਨਾਂ ਦੇ ਵਿੱਚ ਜਿਹੜੇ ਨਗ ਜੜੇ ਹੋਏ ਹਨ, ਉਨ੍ਹਾਂ ਦੀ ਚਮਕ-ਦਮਕ ਦੀ ਸੋਭਾ ਇਸ ਤਰ੍ਹਾਂ ਲੱਗ ਰਹੀ ਸੀ ਮਾਨੋ ਬਿਜਲੀ ਦੀ ਚਮਕ ਹੈ। ਜਿਨ੍ਹਾਂ ਦੇ ਨਾਲ-ਨਾਲ ਸੁੰਦਰ ਜਮਨਾ ਵਗ ਰਹੀ ਹੈ, ਮਥਰਾ ਸ਼ਹਿਰ ਦੀਆਂ ਅਟਾਰੀਆਂ ਸੋਭਾ ਪਾ

ਰਹੀਆਂ ਹਨ, ਜਿਸਨੂੰ ਵੇਖਦਿਆਂ ਹੀ ਬ੍ਰਹਮਾ ਜੀ ਅਤਿ ਪ੍ਰਸੰਨ ਰਹਿੰਦੇ ਹਨ ਅਤੇ ਸ਼ਿਵਜੀ ਭੀ ਖੁਸ਼ ਹੋ ਜਾਂਦੇ ਹਨ। ਸ਼ਹਿਰ ਦੇ ਘਰ ਇਸ ਤਰ੍ਹਾਂ ਦੀ ਸੁੰਦਰਤਾ ਨੂੰ ਧਾਰ ਰਹੇ ਹਨ ਮਾਨੋ ਬੱਦਲਾਂ ਦੀਆਂ ਘਟਾਵਾਂ ਨਾਲ ਗੱਲਾਂ ਕਰ ਰਹੇ ਹੋਣ। ਨਗਰ ਦੇ ਚਾਰੇ ਪਾਸੇ ਸੁੰਦਰ ਬਗੀਚੇ ਫੁੱਲਾਂ ਨਾਲ ਲਹਿ ਲਹਾ ਰਹੇ ਸਨ ਉਨ੍ਹਾਂ ਤੇ ਬੈਠੇ ਪੰਛੀ ਭਾਂਤ-ਭਾਂਤ ਦੀਆਂ ਬੋਲੀਆਂ ਬੋਲ ਰਹੇ ਸਨ। ਫੁੱਲਾਂ ਤੇ ਭੌਰੇ ਗੁੰਜਾਰ ਕਰ ਰਹੇ ਸਨ ਅਤੇ ਜਲ ਵਿੱਚ ਹੰਸ, ਸਾਰਸ ਅਤੇ ਚਕੋਰ ਆਦਿ ਅਨੇਕ ਪੰਛੀ ਅਤਿ ਪ੍ਰਸੰਨ ਹੋ ਰਹੇ ਸਨ, ਰੰਗਾ-ਰੰਗ ਦੀਆਂ ਫੁਲਵਾੜੀਆਂ ਖਿਲ ਰਹੀਆਂ ਸਨ, ਫੁਹਾਰੇ ਸੀਤਲਤਾ ਪ੍ਰਦਾਨ ਕਰ ਰਹੇ ਸਨ। ਮਥਰਾ ਪੁਰੀ ਦੇ ਚਾਰੇ ਪਾਸੇ ਤਾਂਬੇ ਦਾ ਕੋਟ ਅਤੇ ਪੱਕੀ ਖਾਈ ਬਣੀ ਹੋਈ ਸੀ। ਐਸੀ ਸੁੰਦਰ ਨਗਰੀ ਵਿੱਚ ਸ੍ਰੀ ਕ੍ਰਿਸ਼ਨ ਜੀ ਬ੍ਰਿਜਵਾਸੀਆਂ ਨੂੰ ਛੱਡ ਕੇ ਬੇਪਰਵਾਹ ਘੁੰਮ ਫਿਰ ਰਹੇ ਸਨ ਤੇ ਇਧਰ ਗੋਪੀਆਂ ਉਨ੍ਹਾਂ ਦੀ ਯਾਦ ਵਿੱਚ ਤੜਪ ਰਹੀਆਂ ਸਨ, ਉਨ੍ਹਾਂ ਦੇ ਦਰਸ਼ਨਾਂ ਲਈ ਲਾਲਾਇਤ ਹੋ ਰਹੀਆਂ ਸਨ, ਉਨ੍ਹਾਂ ਦਾ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਘੜੀ ਪਲ ਬਿਤਾਉਣਾ ਵੀ ਮੁਸ਼ਕਿਲ ਹੋ ਰਿਹਾ ਸੀ ਅਤੇ ਤੜਪਦੀਆਂ ਹੋਈਆਂ ਕਹਿ ਉਠੀਆਂ :-

**ਸਯਾਮ ਗਏ ਮਥਰਾ ਤਜਿ ਕੈ ਬ੍ਰਿਜ**
**ਹੋ ਅਬ ਧੋ ਹਮਰੀ ਗਤਿ ਕਾਈ।**

# ੧੯

**ਸਵੈਯਾ।।ਸੇਜ ਬਨੀ ਸੰਗ ਫੂਲਨ ਸੁੰਦਰ,**
**ਚਾਂਦਨੀ ਰਾਤ ਭਲੀ ਛਬਿ ਪਾਈ।**
**ਸੇਤ ਬਹੇ ਜਮੁਨਾ ਪਟ ਹੈ,**
**ਸਿਤ ਮੋਤਨਹਾਰ ਗਰੇ ਛਬਿ ਛਾਈ।**
**ਮੈਨ ਚੜ੍ਹਯੋ ਸਰਿ ਲੈ ਬਰਕੈ,**
**ਬਧਬੇ ਹਮਕੋ ਬਿਨ ਜਾਨ ਕਨ੍ਹਾਈ।**
**ਸੋਊ ਲਯੋ ਕੁਬਜਾ ਬਸ ਕੈ,**
**ਟਸਕਯੋ ਨ ਹੀਯੋ ਕਸਕਯੋ ਨ ਕਸਾਈ।।੯੧੨।।**

*- ਦਸਮ ਗ੍ਰੰਥ ਪੰਨਾ ੩੭੬*

**ਸ਼ਬਦਾਰਥ :**

ਛਬਿ-ਸੁਹਾਉ, ਫੱਬਣ, ਸੁੰਦਰਤਾ, ਸੋਭਾ। ਸੇਤ-ਚਿੱਟੀ, ਉਜੱਲ। ਪਟ -ਕਪੜੇ, ਲੀੜੇ ਭੀ (ਚਿੱਟੇ ਹੀ ਪਹਿਨੇ ਹਨ)। ਗਰੇ-ਗਲ, ਵਿੱਚ (ਮੋਤੀਆਂ ਦੇ ਹਾਰਾਂ ਨੇ ਭੀ ਸੋਭਾ ਪਸਾਰੀ ਹੋਈ ਹੈ। ਛਾਈ-(ਸਫੈਦ ਹੀ ਹਾਰ) ਸਜ ਰਹੇ ਹਨ। ਮੈਨ-ਕਾਮਦੇਵ, ਮਦਨ। ਸਰ-ਤੀਰ ਲੈ ਕੇ। ਕੈ-ਪੂਰੇ ਤਾਣ ਨਾਲ। ਬਧਬੇ-(ਅਸਾਂ ਨੂੰ) ਮਾਰਨ ਵਾਸਤੇ। ਬਿਨੁ-ਕਾਨ੍ਹ ਜੀ ਤੋਂ ਬਿਨ੍ਹਾਂ (ਬਗੈਰ) ਜਾਣ ਕੇ, ਯਾਨੀ-ਕ੍ਰਿਸ਼ਨ ਜੀ ਤੋਂ ਵਿੱਛੜੀਆਂ ਹੋਈਆਂ ਸਮਝਕੇ। ਸੋਊ-ਸੋ, ਉਹ ਕਾਨ੍ਹ (ਕੁਬਜਾ ਨੇ ਕਾਬੂ ਕਰ ਲਿਆ ਹੈ)।

**ਵਿਆਖਿਆ :**

ਰਾਧਾ ਬ੍ਰਿਖਭਾਨ ਦੀ ਸੁਪੁੱਤ੍ਰੀ, ਸ੍ਰੀ ਕ੍ਰਿਸ਼ਨ ਜੀ ਦੀ ਪਰਮ ਸੇਵਿਕਾ ਆਪਣੇ ਮਨ ਵਿੱਚ ਸੋਚਦੀ ਹੈ-ਮੇਰੀ ਸੇਜਾ ਫੁੱਲਾਂ ਨਾਲ ਬੜੀ ਸੁਹਣੀ ਬਣੀ ਹੋਈ ਹੈ ਅਤੇ ਚਾਂਦਨੀ ਰਾਤ ਭੀ ਬੜੀ ਚੰਗੀ ਸੋਭਾ ਪਾ ਰਹੀ ਹੈ, ਇਸ ਚੰਦ ਚਾਂਦਨੀ ਰਾਤ ਵਿੱਚ ਸਾਰੀਆਂ ਵਸਤੂਆਂ ਚਾਂਦਨੀ ਵਿੱਚ ਭਿੱਜੀਆਂ ਹੋਈਆਂ ਚਮਕਦੀਆਂ ਹਨ। ਚਿੱਟੀ-ਚਿੱਟੀ ਜਮਨਾ ਵਗਦੀ ਹੈ, ਮੇਰੇ ਸਰੀਰ ਤੇ ਧਾਰਨ ਕੀਤੇ ਹੋਏ ਬਸਤ੍ਰ ਭੀ ਸਫੈਦ, ਸੂਛ ਲੱਗ ਰਹੇ ਹਨ, ਤੇ ਹਰ ਵਸਤੂ ਚੰਦ ਦੀ ਚਾਂਦਨੀ ਵਿੱਚ ਧੋਤੀ ਹੋਈ ਨਿਖਰੀ ਹੋਈ ਲਗਦੀ ਹੈ। ਸ੍ਰੀ ਕ੍ਰਿਸ਼ਨ ਜੀ ਤਾਂ ਸਾਡੇ ਕੋਲ ਨਹੀ, ਉਹ ਤਾਂ ਸਾਡੇ ਕੋਲੋਂ ਦੂਰ ਚਲੇ ਗਏ ਹਨ, ਸਾਨੂੰ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਜਾਣ ਕੇ

ਕਾਮਦੇਵ ਧਨੁਖ ਬਾਣ ਲੈ ਕੇ, ਬਹੁਤ ਸਤਾ ਰਿਹਾ ਹੈ। ਸ੍ਰੀ ਕ੍ਰਿਸ਼ਨ ਜੀ ਨੂੰ ਕੁਬਜਾ ਨੇ ਪੂਰਨ ਰੂਪ ਵਿੱਚ ਆਪਣੇ ਵੱਸ ਵਿੱਚ ਕਰ ਲਿਆ ਹੈ। ਇਸੇ ਕਰਕੇ ਸ੍ਰੀ ਕ੍ਰਿਸ਼ਨ ਜੀ ਦਾ ਹਿਰਦਾ ਰਤੀ ਭਰ ਵੀ ਸਾਡੇ ਵਲ ਨਹੀਂ ਝੁਕਿਆ ਅਤੇ ਨਾ ਹੀ ਉਸਨੂੰ ਸਾਡੇ ਪ੍ਰੇਮ, ਕਸਕ ਦੀ ਕੋਈ ਖਿੱਚ ਹੀ ਪਹੁੰਚੀ ਹੈ। ਉਨ੍ਹਾਂ ਕੋਲ ਤਾਂ ਸਾਡੇ ਬਾਰੇ ਸੋਚਣ ਲਈ ਫੁਰਸਤ ਦੇ ਪਲ ਵੀ ਨਹੀਂ। ਉਨ੍ਹਾਂ ਨੂੰ ਕੀ ਪਤਾ ਕਿ ਇੱਥੇ ਸਾਡੀ ਕੀ ਦਸ਼ਾ ਹੋ ਰਹੀ ਹੈ, ਅਸੀਂ ਕਿਸ ਤਰ੍ਹਾਂ ਆਪਣਾ ਸਮਾਂ ਬਿਤਾ ਰਹੀਆਂ ਹਾਂ, ਕਿਸ ਤਰ੍ਹਾਂ ਪਲ-ਪਲ ਹਉਕੇ ਭਰ ਭਰ ਕੇ ਗੁਜ਼ਾਰ ਰਹੀਆਂ ਹਾਂ, ਉਸ ਬੇਪਰਵਾਹ ਨੇ ਤਾਂ ਸਾਨੂੰ ਸਾਰੀਆਂ ਨੂੰ ਵਿਸਾਰ ਹੀ ਦਿੱਤਾ ਹੈ।

**ਭਾਵ :**

ਸੁੰਦਰ ਸੁਹਾਵਣੀ ਚਾਂਦਨੀ ਰਾਤ ਵਿੱਚ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਗੋਪੀਆਂ ਨੂੰ ਕਾਮਦੇਵ ਸਤਾ ਰਿਹਾ ਹੈ। ਸ੍ਰੀ ਕ੍ਰਿਸ਼ਨ ਜੀ ਦੀ ਅਣਹੋਂਦ ਅਤੇ ਗੈਰ ਉਪਸਥਿਤੀ, ਉਨ੍ਹਾਂ ਨੂੰ ਬਹੁਤ ਦੁੱਖ ਦੇ ਰਹੀ ਹੈ।

# ਸੋਊ ਲਯੋ ਕੁਬਜਾ ਬਸ ਕੈ

ਕੁਬਜਾ ਕੰਸ ਦੀ ਦਾਸੀ ਸੀ ਅਤੇ ਉਸ ਦਾ ਕੰਮ ਹਰ ਰੋਜ਼ ਰਾਜਾ ਕੰਸ ਨੂੰ ਚੰਦਨ ਲਗਾਉਣ ਦਾ ਸੀ। ਸ੍ਰੀ ਕ੍ਰਿਸ਼ਨ ਜੀ ਜਦੋਂ ਮਥਰਾ ਦੀਆਂ ਗਲੀਆਂ ਵਿੱਚੋਂ ਲੰਘ ਰਹੇ ਸਨ, ਉੱਥੇ ਰਸਤੇ ਵਿੱਚ ਖਲੋਤੇ ਹੋਏ ਮਾਲੀ ਦੀ ਕੰਸ ਲਈ ਪ੍ਰੀਤ ਵੇਖ ਕੇ ਉਹ ਪਰਮ ਪਰਸੰਨ ਹੋਏ ਅਤੇ ਉਸ ਨੂੰ ਸਾਧ ਸੰਗਤ ਦੀ ਸੇਵਾ ਕਰਨ ਦਾ ਵਰ ਦਿੱਤਾ।

ਉੱਥੋਂ ਅਗਾਂਹ ਚਲੇ ਤੇ ਸਾਹਮਣੇ ਗਲੀ ਵਿੱਚ ਕੁਬਰੀ ਚੰਦਨ, ਕੇਸਰ, ਅਤਰ, ਫੁਲੇਲ ਦੀਆਂ ਕਟੋਰੀਆਂ ਭਰਕੇ ਥਾਲ ਵਿੱਚ ਰੱਖ ਕੇ ਰਾਹ ਵਿੱਚ ਖਲੋਤੀ ਹੋਈ ਸੀ। ਸ੍ਰੀ ਕ੍ਰਿਸ਼ਨ ਜੀ ਜਦੋਂ ਉਸਦੇ ਕੋਲੋਂ ਦੀ ਲੰਘੇ ਤਾਂ ਉਸ ਤੋਂ ਪੁੱਛਿਆ,''ਤੂੰ ਕੌਣ ਹੈਂ''? ਉਹ ਨਿਮ੍ਰਤਾ ਭਾਵ ਵਿੱਚ ਬੋਲੀ,''ਦੀਨ ਦਿਆਲ ਮੈਂ ਕੰਸ ਦੀ ਦਾਸੀ ਹਾਂ, ਮੇਰਾ ਨਾਮ ਕੁਬਜਾ ਹੈ, ਮੈਂ ਰਾਜੇ ਨੂੰ ਨਿੱਤ ਚੰਦਨ ਲਗਾਉਂਦੀ ਹਾਂ ਅਤੇ ਮਨ ਵਿੱਚ ਤੁਹਾਡੇ ਗੁਣਾਂ ਦਾ ਗਾਣ ਕਰਦੀ ਹਾਂ, ਜਿਸਦੇ ਪਰਤਾਪ ਨਾਲ ਅੱਜ ਤੁਹਾਡੇ ਦਰਸ਼ਨ ਕਰਕੇ ਜਨਮ ਸਕਾਰਥ ਹੋਇਆ ਹੈ ਅਤੇ ਨੇਤਰ ਦਰਸ਼ਨ ਕਰ ਕੇ ਸਫਲ ਹੋਏ ਹਨ। ਹੁਣ ਦਾਸੀ ਦਾ ਮਨੋਰਥ ਇਹ ਹੈ ਕਿ ਆਪ ਜੀ ਦੀ ਆਗਿਆ ਅਨੁਸਾਰ ਆਪ ਜੀ ਨੂੰ ਆਪਣੇ ਹੱਥ ਨਾਲ ਚੰਦਨ ਲਗਾਵਾਂ।''

**ਸਵੈਯਾ।।ਹਰਿ ਆਵਤ ਅੱਗ੍ਰ ਮਿਲੀ ਕੁਬਜਾ,**
**ਹਰਿ ਕੋ ਤਿਨ ਸੁੰਦਰ ਰੂਪ ਨਿਹਾਰਯੋ।**

**ਗੰਧ ਲਏ ਨ੍ਰਿਪ ਲਾਵਨ ਕੋ,**
**ਸੁ-ਲਗਾਊਂ ਹਉ ਯਾ ਮਨ ਬੀਚ ਬਿਚਾਰਯੋ।**
**ਪ੍ਰੀਤ ਲਖੀ ਹਰਿ ਸੰਗਿ ਲਗੀ,**
**ਹਮਰੇ ਤਬ ਹੀ ਇਹ ਭਾਂਤ ਉਚਾਰਯੋ।**
**ਲਯਾਵਹੁ ਲਾਵਹੁ ਰੀ ਹਮਕੋ ਕਬਿ ਨੈ**
**ਜਸੁ ਤਾ ਛਬਿ ਕੋ ਇਮ ਸਾਰਯੋ।।੮੨੮।।**

*– ਦਸਮ ਗ੍ਰੰਥ ਪੰਨਾ* **੩੬੩**

ਸ੍ਰੀ ਕ੍ਰਿਸ਼ਨ ਜੀ ਨੇ ਕੁਬਜਾ ਦੇ ਪ੍ਰੇਮ ਨੂੰ ਜਾਣ ਲਿਆ, ਉਸਦੇ ਅੰਤਹਕਰਣ ਦੇ ਭਾਵਾਂ ਦਾ ਪਰਿਚਯ ਪ੍ਰਾਪਤ ਕਰ ਲਿਆ, ਉਸਦੀ ਭਗਤੀ ਦੀ ਪਛਾਣ ਕਰ ਲਈ ਅਤੇ ਸ੍ਰੀ ਕ੍ਰਿਸ਼ਨ ਜੀ ਨੇ ਹੁਕਮ ਕੀਤਾ ਕਿ ਕੁਬਜਾ ਦੇ ਜੀਅ ਅੰਦਰ ਜੋ ਆਉਂਦਾ ਹੈ, ਉਹੀ ਕਰੇ, ਜੇਕਰ ਉਸਦਾ ਦਿਲ ਸ੍ਰੀ ਕ੍ਰਿਸ਼ਨ ਜੀ ਨੂੰ ਚੰਦਨ ਲਗਾ ਕੇ ਪ੍ਰਸੰਨ ਹੁੰਦਾ ਹੈ, ਤੇ ਉਹ ਜ਼ਰੂਰ ਲਗਾ ਲਵੇ। ਸ੍ਰੀ ਕ੍ਰਿਸ਼ਨ ਜੀ ਦੀ ਆਗਿਆ ਨੂੰ ਮੰਨ ਕੇ, ਉਸ ਕੁਬਜਾ ਨੇ ਰਾਜੇ ਦੀ ਦੇਹ ਨੂੰ ਲਗਾਇਆ ਜਾਣ ਵਾਲਾ ਚੰਦਨ ਸ੍ਰੀ ਕ੍ਰਿਸ਼ਨ ਜੀ ਨੂੰ ਲਗਾ ਦਿੱਤਾ। ਇਸ ਤਰ੍ਹਾਂ ਕਰਕੇ ਕੁਬਜਾ ਨੇ ਆਪਣੇ ਮਨ ਅੰਦਰ ਅਤਿਅੰਤ ਸੁਖ ਪ੍ਰਾਪਤ ਕੀਤਾ। ਬ੍ਰਹਮਾ ਜੀ ਨੇ ਮਨ ਵਿੱਚ ਪ੍ਰੇਮ ਕਰਕੇ ਜਿਸ ਦੇ ਜੱਸ ਨੂੰ ਕਈ ਦਿਨਾਂ ਤਕ ਗਾਵਿਆ ਸੀ, ਅਤੇ ਫਿਰ ਵੀ ਉਸਦੇ ਅੰਤ ਨੂੰ ਨਹੀ ਜਾਣ ਸਕੇ, ਕਿੰਨੀ ਭਾਗਸ਼ਾਲੀ ਹੈ ਇਹ ਕੁੱਬੀ ਮਾਲਣ, ਜਿਸ ਨੇ ਉਸ ਹਰੀ ਦੇ ਸਰੀਰ ਨੂੰ ਆਪਣੇ ਹੱਥਾਂ ਨਾਲ ਛੁਹ ਲਿਆ ਸੀ।

**ਹਰਿ ਏਕ ਧਰਯੋ ਪਗ ਪਾਇਨ ਪੈ**
**ਅਰੁ ਹਾਥ ਸੋ ਹਥ ਗਹਯੋ ਕੁਬਜਾ ਕੋ।**
**ਸੀਧੀ ਕਰੀ ਕੁਬਰੀ ਤੇ ਸੋਊ**
**ਇਤਨੋ ਬਲ ਹੈ ਜਗ ਮੈ ਕਹੁ ਕਾ ਕੋ।**
**ਜਾਹਿ ਮਰਯੋ ਬਕ ਬੀਰ ਅਬੈ ਕਰਿ ਹੈ**
**ਬਧ ਸੋ ਪਤਿ ਪੈ ਮਥਰਾ ਕੋ।**
**ਭਾਗ ਬਡੇ ਇਹ ਕੇ ਜਿਹ ਕੋ**
**ਉਪਚਾਰ ਕਰਯੋ ਹਰਿ ਬੈਦ ਹ੍ਵੈ ਤਾ ਕੋ।।੮੩੦।।**

*– ਦਸਮ ਗ੍ਰੰਥ ਪੰਨਾ* **੩੬੪**

ਸ੍ਰੀ ਕ੍ਰਿਸ਼ਨ ਜੀ ਨੇ ਆਪਣਾ ਇੱਕ ਪੈਰ ਉਸਦੇ ਪੈਰਾਂ ਉੱਤੇ ਧਰ ਦਿੱਤਾ, ਆਪਣੇ ਹੱਥਾਂ ਨਾਲ ਕੁਬਜਾ ਦੇ ਹੱਥਾਂ ਨੂੰ ਫੜ ਲਿਆ, ਇਸ ਤਰ੍ਹਾਂ ਚੁੱਕ ਕੇ ਕੁੱਬੀ ਨੂੰ ਸਿੱਧੀ ਕਰ ਦਿੱਤਾ। ਸੰਸਾਰ ਦੇ ਕਿਸੇ ਹੋਰ ਵਿਅਕਤੀ ਕੋਲ ਐਨੀ ਸਮਰਥਾ ਹੈ ਕਿ ਉਹ ਕਿਸੇ ਕੁੱਬੇ ਦਾ ਕੁੱਬ ਇੰਞ ਸਿੱਧਾ ਕਰ ਸਕੇ ? ਕਿੰਨੀ ਵਡਭਾਗਣ ਹੈ ਇਹ ਕੁਬਜਾ ਜਿਸਦਾ ਵੈਦ, ਹਰਿ ਆਪ ਬਣਿਆ, ਤੇ ਉਸਦਾ ਇਲਾਜ ਬਿਨਾਂ

ਕਿਸੇ ਔਸ਼ਧੀ ਤੋਂ ਕਰ ਵਿਖਾਇਆ। ਕੁਬਜਾ ਦੀ ਪ੍ਰਸੰਨਤਾ ਦੀ ਹੱਦ ਨਾ ਰਹੀ, ਸ੍ਰੀ ਕ੍ਰਿਸ਼ਨ ਜੀ ਦਾ ਹੱਥ ਲਗਦਿਆਂ ਸਾਰ ਹੀ ਉਹ ਮਹਾਂ ਸੁੰਦਰੀ ਬਣ ਗਈ। ਦੋਵੇਂ ਹੱਥ ਜੋੜ ਕੇ ਬੇਨਤੀ ਕਰਨ ਲੱਗੀ,''ਹੇ ਪ੍ਰਭੂ, ਹੁਣੇ ਹੀ ਮੇਰੇ ਘਰ ਨੂੰ ਚਲੋ ਅਤੇ ਮੇਰੇ ਗ੍ਰਹਿ ਨੂੰ ਪਵਿਤਰ ਕਰੋ।''ਸ੍ਰੀ ਕ੍ਰਿਸ਼ਨ ਜੀ ਦੇ ਸੁੰਦਰ ਮੁਖੜੇ ਨੂੰ ਵੇਖ ਕੇ ਉਹ ਅਤਿਅੰਤ ਪ੍ਰਸੰਨ ਹੋਈ। ਉਸਨੇ ਨਿਸੰਗ ਹੋ ਕੇ, ਰਾਜੇ ਦੇ ਡਰ ਤੋਂ ਬਿਨਾਂ ਸ੍ਰੀ ਕ੍ਰਿਸ਼ਨ ਜੀ ਨੂੰ ਆਪਣੇ ਗ੍ਰਹਿ ਵਿਖੇ ਜਾਣ ਲਈ ਬੇਨਤੀ ਕੀਤੀ। ਸ੍ਰੀ ਕ੍ਰਿਸ਼ਨ ਜੀ ਨੇ ਵੀ ਜਾਣ ਲਿਆ ਕਿ ਕੁਬਜਾ ਉਨ੍ਹਾਂ ਦੇ ਪ੍ਰੇਮ ਦੇ ਵੱਸ ਵਿੱਚ ਹੋ ਰਹੀ ਹੈ। ਇਸ ਲਈ ਉਸਨੂੰ ਕਿਹਾ,''ਮੈ ਪਹਿਲਾਂ ਕੰਸ ਨੂੰ ਮਾਰ ਲਵਾਂ ਅਤੇ ਫਿਰ ਮੈਂ ਤੇਰਾ ਮਨੋਰਥ ਪੂਰਨ ਕਰਾਂਗਾ।''

**ਪ੍ਰਭ ਧਾਮ ਅਬੈ ਚਲੀਯੈ ਹਮਰੇ**
**ਇਹ ਭਾਂਤ ਕਹਯੋ ਕੁਬਜਾ ਹਰਿ ਸੌਂ।**
**ਅਤਿ ਹੀ ਮੁਖ ਦੇਖ ਕੈ ਰੀਝ ਰਹੀ,**
**ਸੁ ਕਹਯੋ ਨ੍ਰਿਪਕੇ ਬਿਨਤੀ ਡਰ ਸੌਂ।**
**ਹਰਿ ਜਾਨਯੋ ਕਿ ਮੋ ਮੈ ਰਹੀ ਬਸ ਹ੍ਵੈ,**
**ਇਹ ਭਾਂਤਿ ਕਹਯੋ ਤਿਹ ਸੋ ਛਰ ਸੌਂ।**
**ਕਰਿਹੌ ਤੁਮਰੋ ਸੁ ਮਨੋਰਥ ਪੂਰਨ,**
**ਕੰਸ ਕੋ ਕੈ ਬਧ ਹਉ ਬਰ ਸੌਂ।।੮੩੧।।**

*- ਦਸਮ ਗ੍ਰੰਥ ਪੰਨਾ* **੩੬੪**

ਫਿਰ ਕੁਬਜਾ ਆਪਣੇ ਘਰ ਜਾ ਕੇ ਕੇਸਰ ਚੰਦਨ ਲਗਾ ਕੇ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨਾਂ ਦੀ ਇੱਛਾ ਕਰਕੇ ਮੰਗਲਾਚਾਰ ਕਰਨ ਲੱਗੀ।

*ਆਵੈਂ ਤਹਾਂ ਮਥਰਾ ਕੀ ਨਾਰੀ।।ਕਰੈਂ ਅਚੰਭਾ ਕਹੈ ਨਿਹਾਰੀ।।*
*ਧੰਨ ਧੰਨ ਕੁਬਜਾਂ ਤੇਰੇ ਭਾਗ।।ਜਾਂ ਕੋ ਬਿਧ ਨੇ ਦੀਓ ਸੁਹਾਗ।।*
*ਐਸਾ ਕਹਾ ਕਠਨ ਤਪ ਕੀਓ।।ਗੋਪੀ ਨਾਥ ਭੇਟ ਤੁਝ ਲੀਓ।।*
*ਹਮ ਨੀਚੇ ਨਹਿ ਦੇਖੇ ਹਰੀ।।ਤੁਮ ਸੇ ਮਿਲੇ ਪ੍ਰੀਤ ਅਤਿ ਕਰੀ।।*
*ਐਸ ਤਹਾਂ ਕਹਤ ਸਭ ਨਾਰ।।ਮਥੁਰਾ ਦੇਖਤ ਫਿਰਤ ਮੁਰਾਰ।।*

ਕੰਸ ਨੂੰ ਮਾਰਨ ਤੋਂ ਉਪਰੰਤ ਸ੍ਰੀ ਕ੍ਰਿਸ਼ਨ ਜੀ ਇੱਕ ਦਿਨ ਕੁਬਜਾ ਨੂੰ ਦਿੱਤਾ ਹੋਇਆਂ ਆਪਣਾ ਬਚਨ ਪਾਲਨ ਲਈ ਕੁਬਜਾ ਦੇ ਗ੍ਰਹਿ ਵਿਖੇ ਊਧੋ ਨੂੰ ਨਾਲ ਲੈ ਕੇ ਗਏ। ਜਦੋਂ ਕੁਬਜਾ ਨੇ ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਦੇ ਆਗਮਨ ਦੀ ਖਬਰ ਸੁਣੀ ਤਾਂ ਚਿਤ੍ਰਸ਼ਾਲਾ ਵਿੱਚ ਇੱਕ ਬੜਾ ਸੁੰਦਰ ਉੱਜਲ ਬਿਛਾਉਣਾ ਬਿਛਾ ਦਿੱਤਾ, ਉਸਦੇ ਉੱਤੇ ਸੁੰਦਰ ਫੁੱਲਾਂ ਨਾਲ ਸਜਾ ਕੇ ਇੱਕ ਸੇਜ ਵਿਛਾ ਦਿੱਤੀ। ਉਸ ਉੱਤੇ ਸ੍ਰੀ ਕ੍ਰਿਸ਼ਨ ਜੀ ਬਿਰਾਜੇ ਅਤੇ ਕੁਬਜਾ ਆਪਣੇ ਸਰੀਰ ਤੇ ਸੋਲ੍ਹਾਂ ਤਰ੍ਹਾਂ ਦੇ ਸ਼ਿੰਗਾਰ ਕਰਕੇ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਕਰਨ ਗਈ।

**ਸ੍ਵੈਯਾ।।ਊਚ ਅਵਾਸ ਬਨਯੋ ਅਤਿ ਸੁਭ੍ਰ ਮਈ**
**ਗਰ ਰੰਗ ਕੇ ਚਿਤ੍ਰ ਬਨਾਏ।।**
**ਚੰਦਨ ਧੂਪ ਕਦੰਬ ਕਲੰਬਕ**
**ਦੀਪਕ ਦੀਪ ਤਹਾ ਦਰਸਾਏ।।**
**ਲੈ ਪਰਜੰਕ ਤਹਾਂ ਅਤਿ ਸੁੰਦਰ ਸ੍ਵੱਛ**
**ਸੁ ਮਉਰ ਸੁਗੰਧ ਬਿਛਾਏ।।**
**ਦੋ ਕਰ ਜੋਰ ਪ੍ਰਨਾਮ ਕਰਯੋ**
**ਤਬ ਕੇਸਵ ਤਾ ਪਰ ਆਨ ਬੈਠਾਏ।।੯੮੭।।**

*– ਦਸਮ ਗ੍ਰੰਥ ਪੰਨਾ* **੩੮੬**

ਊਧਵ ਨੂੰ ਵੀ ਰਤਨਾਂ ਨਾਲ ਜੜੇ ਹੋਏ ਪੀੜ੍ਹੇ ਉੱਤੇ ਬੈਠਣ ਲਈ ਕੁਬਜਾ ਨੇ ਕਿਹਾ, ਪਰ ਊਧਵ ਨੇ ਇਹ ਕਹਿੰਦਿਆਂ ਹੋਇਆਂ ਉਸ ਉੱਤੇ ਬੈਠਣ ਲਈ ਸਾਫ ਇਨਕਾਰ ਕਰ ਦਿੱਤਾ–ਪ੍ਰਭੂ ਨਾਲ ਤੇਰੀ ਬੇਹੱਦ ਪ੍ਰੀਤੀ ਹੈ, ਇਹ ਮੈਂ ਸਮਝ ਗਿਆ ਹਾਂ, ਪਰ ਮੈ ਮਹਾ ਕੰਗਾਲ, ਆਗਿਆ ਵਿੱਚ ਰਹਿਣ ਵਾਲਾ ਯਤੀਮ, ਪ੍ਰਭੂ ਦੇ ਸਾਹਮਣੇ ਇਸ ਪੀੜ੍ਹੇ ਉੱਤੇ ਨਹੀਂ ਬੈਠ ਸਕਦਾ ਹਾਂ। ਤਦ ਫਿਰ ਉਸਨੇ ਸ੍ਰੀ ਕ੍ਰਿਸ਼ਨ ਜੀ ਦੇ ਪ੍ਰਤਾਪ ਨੂੰ ਜਤਾਉਣ ਵਾਸਤੇ, ਉਸੇ ਹੀ ਘੜੀ ਉਸ ਪੀੜ੍ਹੇ ਨੂੰ ਉਸ ਥਾਂ ਤੋਂ ਉਠਵਾ ਦਿੱਤਾ। ਏਨਾਂ ਕੁਝ ਕਰਕੇ ਧਰਤੀ ਉੱਤੇ ਬੈਠ ਗਿਆ, ਕਿਉਂਕਿ ਉਸਦਾ ਤਨ ਮਨ ਸ੍ਰੀ ਕ੍ਰਿਸ਼ਨ ਜੀ ਦੇ ਪਿਆਰ ਦੇ ਰੰਗ ਵਿੱਚ ਰੰਗਿਆ ਹੋਇਆ ਸੀ।

**ਜੇ ਪਦ ਪੰਕਜ ਸੇਸ ਮਹੇਸ**
**ਸੁਰੇਸ ਦਿਨੇਸ ਨਿਸੇਸ ਨ ਪਾਏ।**
**ਜੇ ਪਦ ਪੰਕਜ ਬੇਦ ਪੁਰਾਨ ਬਖਾਨ**
**ਪ੍ਰਮਾਨ ਕੈ ਗਯਾਨਨ ਗਾਏ।**
**ਜੇ ਪਦ ਪੰਕਜ ਸਿੱਧ ਸਮਾਧ ਮੈ**
**ਸਾਧਤ ਹੈ ਮੁਨ ਮੋਨ ਲਗਾਏ।**
**ਤੇ ਪਦ ਪੰਕਜ ਕੇਸਵ ਕੇ ਅਬ**
**ਊਧਵ ਲੈ ਕਰ ਮੈ ਸਹਰਾਏ।।੯੯੦।।**

*– ਦਸਮ ਗ੍ਰੰਥ ਪੰਨਾ* **੩੮੬**

ਜਿਹੜੇ ਚਰਨ-ਕਮਲ ਸ਼ੇਸ਼ਨਾਗ ਸ਼ਿਵਜੀ ਇੰਦ੍ਰ ਸੂਰਜ ਤੇ ਚੰਦ੍ਰਮਾਂ ਨੇ ਨਹੀਂ ਪ੍ਰਾਪਤ ਕੀਤੇ, ਜਿਹੜੇ ਚਰਨ ਕਮਲਾਂ ਦਾ ਵੇਦ ਤੇ ਪੁਰਾਣ ਵਰਣਨ ਕਰਦੇ ਹਨ, ਜਿਹੜੇ ਚਰਨ ਕਮਲਾਂ ਨੂੰ ਸਿੱਧ ਲੋਕ ਸਮਾਧੀਆਂ ਵਿੱਚ ਸਾਧਦੇ ਹਨ, ਜਿਹੜੇ ਚਰਨਾਂ ਦਾ ਧਿਆਨ ਕਰਦਿਆਂ ਹੋਇਆਂ ਮੁਨੀਆਂ ਨੇ ਮਨ ਵਿੱਚ ਚੁੱਪ ਧਾਰ ਲਈ ਹੈ ਅਤੇ ਉਨ੍ਹਾਂ ਦੇ ਫੁਰਨੇ ਮਿਟ ਗਏ ਹਨ, ਉਨ੍ਹਾਂ ਚਰਨ-ਕੰਵਲਾਂ ਨੂੰ ਹੁਣ ਊਧਵ ਆਪਣੇ ਹੱਥਾਂ ਵਿੱਚ ਲੈ ਕੇ ਸੇਵਾ ਕਰ ਰਿਹਾ ਸੀ। ਜੋ ਚਰਨ ਜੋਗੀਆਂ ਦੇ ਧਿਆਨ

ਵਿੱਚ ਨਹੀਂ ਆਉਂਦੇ, ਉਨ੍ਹਾਂ ਦੇ ਦਰਸ਼ਨਾਂ ਲਈ ਜੋਗੀ ਜਨ ਬੜੇ ਵਿਆਕੁਲ ਹੁੰਦੇ ਹਨ, ਜਿਨ੍ਹਾਂ ਚਰਨਾਂ ਨੂੰ ਬ੍ਰਹਮਾ ਵਰਗੇ ਵੇਦ ਪਾਠੀ, ਸ਼ੇਸ਼ਨਾਗ ਵਰਗੇ ਸਿਮਰਨ ਕਰਤਾ, ਇੰਦ੍ਰ ਵਰਗੇ ਪੁੰਨਾਤਮਾ ਖੋਜ ਥੱਕੇ ਹਨ ਪਰ ਕਿਸੇ ਨੇ ਭੀ ਅੰਤ ਨਹੀਂ ਪਾਇਆ, ਉਨ੍ਹਾਂ ਚਰਨ-ਕੰਵਲਾਂ ਨੂੰ ਊਧੋ ਆਪਣੇ ਦੋਹਾਂ ਹੱਥਾਂ ਵਿੱਚ ਲੈ ਕੇ ਪਿਆਰ ਨਾਲ ਮਲ ਰਿਹਾ ਸੀ।

ਇਧਰ ਕੁਬਜਾ ਹਾਰ ਸ਼ਿੰਗਾਰ ਕਰਕੇ ਆਪਣੇ ਮੱਥੇ ਉੱਤੇ ਲਾਲ ਰੰਗ ਦੀ ਬਿੰਦੀ ਲਗਾ ਕੇ ਸ੍ਰੀ ਕ੍ਰਿਸ਼ਨ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਯਤਨ ਕਰ ਰਹੀ ਹੈ। ਉਹ ਅਤਿਅੰਤ ਸੁੰਦਰ ਲੱਗ ਰਹੀ ਸੀ ਮਾਨੋ ਦੂਜੀ ਚੰਦ੍ਰਮਾ ਦੀ ਸ਼ਕਲ ਪ੍ਰਗਟ ਹੋ ਗਈ ਹੋਵੇ। ਅੰਤਰਯਾਮੀ ਸ੍ਰੀ ਕ੍ਰਿਸ਼ਨ ਜੀ ਨੇ ਕੁਬਜਾ ਦੇ ਮਨ ਦੀ ਅਵਸਥਾ ਨੂੰ ਜਾਣ ਲਿਆ ਤੇ ਉਸਨੂੰ ਆਪਣੇ ਕੋਲ ਬਿਠਾ ਲਿਆ। ਉਨ੍ਹਾਂ ਦੇ ਨਾਲ ਸੇਜਾਂ ਉੱਤੇ ਬੈਠਕੇ ਉਹ ਅਸੰਗ ਹੋ ਗਈ ਕਿਉਂਕਿ ਉਸਦੇ ਮਨ ਦੀਆਂ ਸਾਰੀਆਂ ਸ਼ੰਕਾਵਾਂ ਦੂਰ ਹੋ ਗਈਆਂ ਸਨ :-

**ਸਵੈਯਾ।।ਬਹੀਯਾਂ ਜਬ ਹੀ ਗਹਿ ਸਯਾਮ ਲਈ,**
**ਕੁਬਜਾ ਅਤਿ ਹੀ ਮਨ ਮੈ ਸੁਖ ਪਾਯੋ।**
**ਸਯਾਮ ਮਿਲੇ ਬਹੁਤੇ ਦਿਨ ਮੈ,**
**ਹਮ ਕਉ ਕਹਿ ਕੈ ਇਹ ਭਾਂਤ ਸੁਨਾਯੋ।**
**ਚੰਦਨ ਜਿਉ ਤੁਹਿ ਅੰਗ ਮਲਯੋ**
**ਤਿਹ ਤੇ ਹਮ ਹੂੰ ਜਦੁਬੀਰ ਰਿਝਾਯੋ।**
**ਜੋਊ ਮਨੋਰਥ ਥੋ ਜੀਯ ਮੈ**
**ਤੁਮਰੇ ਮਿਲਏ ਸੋਊ ਮੋ ਕਰਿ ਆਯੋ।।੯੯੪।।**

*- ਦਸਮ ਗ੍ਰੰਥ ਪੰਨਾ ੩੮੭*

ਕੁਬਜਾ ਦੇ ਸਾਰੇ ਮਨੋਰਥ ਪੂਰਨ ਕਰਕੇ ਸ੍ਰੀ ਕ੍ਰਿਸ਼ਨ ਜੀ ਅਕਰੂਰ ਜੀ ਨੂੰ ਦਰਸ਼ਨ ਦੇਣ ਵਾਸਤੇ ਉਨ੍ਹਾਂ ਦੇ ਗ੍ਰਹਿ ਵਿਖੇ ਪਧਾਰੇ। ਕੁਬਜਾ ਆਪਣੇ ਭਾਗਾਂ ਦੀ ਸਰਾਹੁਣਾ ਕਰਦੀ ਹੋਈ ਅਤਿ ਪ੍ਰਸੰਨ ਹੋ ਰਹੀ ਸੀ, ਅਤੇ ਆਪਣੇ ਅੰਤਹਕਰਣ ਵਿੱਚ ਸ੍ਰੀ ਕ੍ਰਿਸ਼ਨ ਜੀ ਦੇ ਪ੍ਰੇਮ ਪਿਆਰ ਦੇ ਰਸ ਵਿੱਚ ਕਿੰਨਾ ਚਿਰ ਮਦਮਸਤ ਰਹੀ।

## ੧੭

**ਰਾਤ ਬਨੀ ਘਨ ਕੀ ਅਤਿ ਸੁੰਦਰ**
**ਸਯਾਮ ਸੀਂਗਰ ਭਲੀ ਛਬਿ ਪਾਈ।**
**ਸਯਾਮ ਬਹੈ ਜਮੁਨਾ ਤਰਏ**
**ਇਹ ਜਾ ਬਿਨ ਕੋ ਨਹੀ ਸਯਾਮ ਸਹਾਈ।**
**ਸਯਾਮਹਿ ਮੈਨ ਲਗਯੋ ਦੁਖ ਦੇਵਨ**
**ਐਸੇ ਕਹਯੋ ਬ੍ਰਿਖਭਾਨਹਿ ਜਾਈ।**
**ਸਯਾਮ ਲਯੋ ਕੁਬਜਾ ਬਸਿ ਕੈ**
**ਟਸਕਯੋ ਨ ਹੀਯੋ ਕਸਕਯੋ ਨ ਕਸਾਈ।।੯੧੩।।**

*- ਦਸਮ ਗ੍ਰੰਥ ਪੰਨਾ ੩੭੬*

**ਸ਼ਬਦਾਰਥ :**

ਘਨ ਕੀ-ਬੱਦਲਾਂ ਵਾਲੀ, ਵਰਖਾ ਰੁਤਿ ਦੀ (ਰਾਤ)। ਸਯਾਮ-ਕਾਲੇ ਰੰਗ ਦੇ ਜਲ ਵਾਲੀ ਜਮਨਾ (ਵਗਦੀ ਹੈ)। ਤਰਏ-ਤਲੇ, ਨੀਂਵੇ ਪਾਸੇ।ਇਹ ਜਾ- ਇਸ ਥਾਂ (ਐਸੇ ਦੁਖਦਾਈ ਵਿਛੋੜੇ ਦੀ ਹਾਲਤ ਵਿੱਚ), ਸਯਾਮ ਤੋਂ ਬਗੈਰ ਕੋਈ ਸਹਾਇਕ (ਮਦਦਗਾਰ) ਨਹੀਂ। ਸਯਾਮ-ਕ੍ਰਿਸ਼ਨ। ਸਯਾਮਹਿ-(ਤਾਂਹੀਓ) ਸਾਂਵਲਾ ਹੀ ਕਾਮਦੇਵ (ਸਾਨੂੰ ਦੁੱਖ ਦੇਣ ਲੱਗਾ ਹੋਇਆ ਹੈ।)। ਬ੍ਰਿਖਭਾਨਹਿ-ਬ੍ਰਿਖਭਾਨ ਦੀ ਜਣੀ ਹੋਈ-ਗਾਧਿਕਾ ਨੇ ਆਖਿਆ। ਟਸਕਯੋ-ਫਟਿਆ, ਦੁਖੀ ਨਹੀਂ ਹੋਇਆ। ਕਸਕਯੋ-ਚੁਭਵੀਂ ਪੀੜ ਨਾਲ ਦੁਖਿਤ ਨਹੀਂ ਹੋਇਆ।

**ਵਿਆਖਿਆ :**

ਜਿਸ ਤਰ੍ਹਾਂ ਘੋਰ ਕਾਲੇ ਬੱਦਲ ਅਕਾਸ਼ ਤੇ ਮੰਡਰਾਕੇ ਸਾਰੇ ਅਕਾਸ਼-ਮੰਡਲ ਤੇ ਵਾਤਾਵਰਨ ਨੂੰ ਕਾਲਾ ਬਣਾ ਦਿੰਦੇ ਹਨ ਉਸੇ ਤਰ੍ਹਾਂ ਹੀ ਰਾਤ ਵੀ ਖੂਬ ਹਨੇਰੀ ਸੀ, ਹਨੇਰੀ ਰਾਤ ਹੋਣ ਕਰਕੇ ਹਰ ਪਾਸੇ ਹਨੇਰਾ ਹੀ ਛਾਇਆ ਹੋਇਆ ਸੀ। ਕਾਲੀ ਰਾਤ ਬੜੀ ਸੁੰਦਰ ਬਣੀ ਹੋਈ ਸੀ। ਸ੍ਰੀ ਕ੍ਰਿਸ਼ਨ ਜੀ ਦਾ ਰੂਪ ਰੰਗ ਤੇ ਸਾਂਵਰਾ ਹੈ ਹੀ ਸੀ, ਪਰ ਸ੍ਰੀ ਕ੍ਰਿਸ਼ਨ ਜੀ ਨੇ ਕਾਲੇ ਸ਼ਿੰਗਾਰ ਕਰਕੇ ਹੋਰ ਭੀ ਚੰਗੀ ਸੁੰਦਰਤਾ ਧਾਰੀ ਹੋਈ ਸੀ। ਹੇਠਾਂ ਜਮਨਾ ਵਗ ਰਹੀ ਸੀ ਅਤੇ ਉਸ ਜਮਨਾ ਦਾ

ਜਲ ਵੀ ਕਾਲਾ ਹੀ ਲੱਗ ਰਿਹਾ ਸੀ। ਇਸ ਸਮੇਂ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਹੋਰ ਕੋਈ ਵੀ ਸਹਾਇਕ ਨਹੀਂ ਸੀ ਹੋ ਸਕਦਾ। ਬ੍ਰਿਖਭਾਨ ਦੀ ਸੁਪੁਤ੍ਰੀ ਰਾਧਾ ਨੇ ਇਸ ਤਰ੍ਹਾਂ ਕਿਹਾ ਕਿ ਸ੍ਰੀ ਕ੍ਰਿਸ਼ਨ ਜੀ ਨੂੰ ਕਾਮਦੇਵ ਦੁੱਖ ਦੇਣ ਲੱਗਾ ਹੈ, ਇਸ ਕਰਕੇ ਸ੍ਰੀ ਕ੍ਰਿਸ਼ਨ ਜੀ ਨੂੰ ਕੁਬਜਾ ਨੇ ਆਪਣੇ ਵੱਸ ਕਰ ਲਿਆ ਹੈ। ਗੋਪੀਆਂ ਨੂੰ ਕੁਬਜਾ ਤੇ ਇਹ ਰੋਸ ਹੈ ਕਿ ਉਸਨੇ ਬ੍ਰਿਜ ਦੀਆਂ ਗੋਪੀਆਂ ਦੀ ਰਤਾ ਭਰ ਵੀ ਪਰਵਾਹ ਨਹੀਂ ਕੀਤੀ - ਉਨ੍ਹਾਂ ਤੇ ਕੀ ਵਾਪਰ ਰਹੀ ਹੈ, ਇਸਦੀ ਚਿੰਤਾ ਸ੍ਰੀ ਕ੍ਰਿਸ਼ਨ ਜੀ ਨੂੰ ਵੀ ਬਿਲਕੁਲ ਹੀ ਨਹੀਂ। ਉਹ ਤਾਂ ਡਾਢਾ ਬੇਪਰਵਾਹ ਹੈ। ਕੁਬਜਾ ਨੂੰ ਸ੍ਰੀ ਕ੍ਰਿਸ਼ਨ ਜੀ ਨੂੰ ਖੋਹ ਲੈਣ ਦਾ ਪਾਪ ਲਗੇਗਾ, ਉਹ ਪਾਪਣ ਬਣ ਗਈ ਹੈ। ਪਾਪ ਕਰਕੇ ਵੀ ਕੁਬਜਾ ਦਾ ਹਿਰਦਾ ਫੱਟ ਨਹੀਂ ਗਿਆ ਅਤੇ ਨਾ ਹੀ ਉਸਨੇ ਬ੍ਰਿਜ ਦੀਆਂ ਗੋਪੀਆਂ ਦੇ ਹਾਵੇ, ਤੇ ਰਤਾ ਭਰ ਵੀ ਤਰਸ ਕੀਤਾ ਹੈ, ਉਸਦਾ ਹਿਰਦਾ ਗੋਪੀਆਂ ਦੀ ਚੁਭਵੀਂ ਪੀੜ ਨਾਲ ਦੁਖਿਤ ਨਹੀਂ ਹੋਇਆ।

**ਭਾਵ :**

ਰਾਧਾ ਜੀ ਸ੍ਰੀ ਕ੍ਰਿਸ਼ਨ ਜੀ ਦੇ ਵਿਯੋਗ ਵਿੱਚ ਤੜਪਦੇ ਹਨ, ਉਨ੍ਹਾਂ ਦੀ ਅਤਿਅੰਤ ਬੇਵੱਸੀ ਅਤੇ ਵਿਵਸ਼ਤਾ ਹੈ। ਰਾਧਾ ਜੀ ਨੂੰ ਗਿਲਾ ਹੈ ਕਿ ਕੁਬਜਾ ਨੇ ਪੂਰੀ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਨੂੰ ਕਾਬੂ ਕਰ ਲਿਆ ਹੈ।

# ਬਿਨ ਕੋ ਨਹੀ ਸਯਾਮ ਸਹਾਈ

ਮਨੁੱਖ ਦੇ ਜੀਵਨ ਵਿੱਚ ਜਦੋਂ ਅਉਖੇ ਪਲ, ਅਉਖੀਆਂ ਘੜੀਆਂ ਆਉਂਦੀਆਂ ਹਨ, ਉਹ ਬੇਵੱਸ ਹੋ ਜਾਂਦਾ ਹੈ, ਉਹ ਲਾਚਾਰ ਹੋ ਜਾਂਦਾ ਹੈ, ਉਸ ਵਕਤ ਉਹ ਆਪਣੇ ਸੰਬੰਧੀਆਂ, ਸਾਕਾਂ ਵਲ ਨਿਗਾਹ ਮਾਰਦਾ ਹੈ, ਪਰ ਜਦੋਂ ਉਹ ਵੀ ਉਨ੍ਹਾਂ ਦੇ ਸਹਾਇਕ ਨਹੀਂ ਬਣਦੇ, ਤੇ ਫਿਰ ਉਨ੍ਹਾਂ ਦਾ ਇੱਕੋ ਹੀ ਆਸਰਾ ਰਹਿ ਜਾਂਦਾ ਹੈ, ਇੱਕੋ ਹੀ ਸਕਾ ਸੰਬੰਧੀ ਦਿੱਸ ਪੈਂਦਾ ਹੈ, ਜਿਹੜਾ ਸਾਰੇ ਸੰਸਾਰ ਦਾ ਮਾਲਕ ਹੈ, ਸਾਰਿਆਂ ਦਾ ਸਖਾ ਹੈ, ਸਾਰਿਆਂ ਦਾ ਮੀਤ ਹੈ, ਸਾਰਿਆਂ ਦੀ ਲੋੜਾਂ ਪੂਰੀਆਂ ਕਰਨ ਵਾਲਾ ਹੈ, ਸਾਰਿਆਂ ਸ਼ਰਣਾਗਤਾਂ ਦਾ ਆਸਰਾ ਹੈ। ਸੁਦਾਮਾ ਜੀ ਦੇ ਨਾਮ ਤੋਂ ਕੌਣ ਪਰਿਚਿਤ ਨਹੀਂ, ਉਨ੍ਹਾਂ ਦਾ ਨਾਮ ਤਾਂ ਸ੍ਰੀ ਕ੍ਰਿਸ਼ਨ ਜੀ ਦੇ ਨਾਮ ਨਾਲ ਜੋੜਿਆ ਜਾਂਦਾ ਹੈ ਕ੍ਰਿਸ਼ਨ ਅਤੇ ਸੁਦਾਮਾ।

ਸੁਦਾਮਾ ਜੀ ਸ੍ਰੀ ਕ੍ਰਿਸ਼ਨ ਜੀ ਦੇ ਗੁਰ-ਭਾਈ, ਬਾਲਪਨ ਦੇ ਮਿਤ੍ਰ ਅਤੇ ਸਖਾ ਸਨ। ਉਹ ਅਤਿਅੰਤ ਗਰੀਬ ਤੇ ਦਰਿਦਰੀ ਸਨ। ਘਰ ਵਿੱਚ ਖਾਣ ਪੀਣ ਨੂੰ ਉਪਲੱਬਧ ਨਹੀਂ ਸੀ। ਜੇਕਰ ਕੋਈ ਖਾਣ ਨੂੰ ਦੇ ਜਾਂਦਾ ਤਾਂ ਉਹ ਲੈ ਲੈਦੇਂ, ਨਹੀਂ ਤੇ ਉਨ੍ਹਾਂ ਕਦੇ ਵੀ ਕਿਸੇ ਕੋਲੋਂ ਕਿਸੇ ਚੀਜ਼ ਦੀ ਮੰਗ ਨਹੀਂ ਕਰਨੀ। ਸੁਦਾਮਾ ਜੀ

ਦੀ ਇਸਤ੍ਰੀ ਬਹੁਤ ਤੰਗ ਅਤੇ ਦੁਖਿਆਰੀ ਸੀ। ਇੱਕ ਦਿਨ ਉਹ ਗਰੀਬੀ ਅਤੇ ਦਰਿਦ੍ਰਤਾ ਤੋਂ ਘਬਰਾਈ ਹੋਈ ਆਪਣੇ ਪਤੀ ਸੁਦਾਮਾ ਦੇ ਕੋਲ ਗਈ ਅਤੇ ਜਾ ਕੇ ਉਨ੍ਹਾਂ ਅੱਗੇ ਬੇਨਤੀ ਕੀਤੀ,''ਅਸੀਂ ਇਸ ਦਰਿਦ੍ਰਤਾ, ਗਰੀਬੀ, ਭੁੱਖ ਕਰਕੇ ਬਹੁਤ ਤੰਗੀ ਦੇ ਦਿਨ ਕੱਟ ਰਹੇ ਹਾਂ, ਮੈਂ ਤੁਹਾਨੂੰ ਇਸਦਾ ਇੱਕ ਉਪਾਅ ਦੱਸਦੀ ਹਾਂ। ਤੁਸੀਂ ਚੇਤੇ ਕਰੋ, ਤੁਹਾਡੇ ਇੱਕ ਪਰਮ ਮਿੱਤਰ ਤਿਰਲੋਕੀ ਨਾਥ ਦੁਆਰਕਾਧੀਸ਼ ਸ੍ਰੀ ਕ੍ਰਿਸ਼ਨ ਜੀ ਆਨੰਦ ਕੰਦ ਹਨ, ਤੁਸੀਂ ਉਨ੍ਹਾਂ ਦੇ ਕੋਲ ਜਾਓ, ਉਹ ਤੁਹਾਡੇ ਸਾਰੇ ਦੁੱਖ ਦਰਿਦ੍ਰ ਦੂਰ ਕਰ ਸਕਦੇ ਹਨ।''

ਸੁਦਾਮਾ ਜੀ ਦੁਚਿੱਤੀ ਵਿੱਚ ਪੈ ਗਏ ਅਤੇ ਕਹਿਣ ਲੱਗੇ,''ਮੈਂ ਕਦੇ ਕਿਸੇ ਨੂੰ ਕੁਝ ਨਹੀਂ ਦਿੱਤਾ। ਸ੍ਰੀ ਕ੍ਰਿਸ਼ਨ ਜੀ ਦੇ ਅੱਗੇ ਵੀ ਕਦੇ ਕੁਝ ਭੇਟਾ ਨਹੀਂ ਕੀਤੀ, ਮੈਨੂੰ ਉਹ ਕਿਵੇਂ ਕੁਝ ਦੇਣਗੇ। ਪਰ ਫਿਰ ਵੀ ਹਰਜ਼ ਕੋਈ ਨਹੀਂ, ਮੈਂ ਜਾ ਕੇ ਦਰਸ਼ਨ ਹੀ ਕਰ ਆਵਾਂਗਾ। ਉਨ੍ਹਾਂ ਦੇ ਚਰਨਾਂ ਵਿੱਚ ਕੁਝ ਭੇਟਾ ਕਰਨ ਲਈ ਪ੍ਰਬੰਧ ਕਰ ਦੇ।''ਇਹ ਸੁਣਕੇ ਸੁਸ਼ੀਲਾ ਨੇ ਕਿਸੇ ਦੇ ਘਰੋਂ ਚੌਲ ਮੰਗਵਾ ਲਏ ਅਤੇ ਪੁਰਾਣੇ ਬਸਤਰ ਵਿੱਚ ਬੰਨ੍ਹਕੇ ਆਪਣੇ ਪਤੀ ਨੂੰ ਲਿਆ ਦਿੱਤੇ। ਸੁਦਾਮਾ ਜੀ ਲੋਟਾ ਅਤੇ ਡੋਰੀ ਆਪਣੇ ਮੋਢੇ ਤੇ ਪਾ ਕੇ, ਚੌਲਾਂ ਦੀ ਪੋਟਲੀ ਕੱਛ ਵਿੱਚ ਮਾਰ ਕੇ, ਹੱਥ ਵਿੱਚ ਲਾਠੀ ਫੜ ਕੇ ਸ੍ਰੀ ਕ੍ਰਿਸ਼ਨ ਜੀ ਦਾ ਧਿਆਨ ਧਰਕੇ ਦੁਆਰਕਾ ਵੱਲ ਟੁਰ ਪਏ। ਰਸਤੇ ਵਿੱਚ ਅਨੇਕ ਤਰ੍ਹਾਂ ਦੇ ਵਿਚਾਰਾਂ ਦੀ ਉਧੇੜ ਬੁਣ ਵਿੱਚ ਪੈ ਕੇ, ਦੁਆਰਕਾ ਦੇ ਰਾਹਾਂ ਉੱਤੇ ਚਲਦੇ ਰਹੇ –

**ਦਿਜ ਬਾਚ।।ਹਉ ਅਰੁ ਸਯਾਮ ਸੰਦੀਪਨ ਕੇ ਗ੍ਰਿਹਿ**
**ਬੀਚ ਪੜੇ ਹਿਤ ਹੈ ਅਤਿ ਹੀ ਕਰਿ ।**
**ਹਉ ਚਿਤ ਮੈ ਧਰਿ ਸਯਾਮ ਰਹਿਓ**
**ਰਹੈ ਹ੍ਵੈ ਹੈ ਸੁ ਸਯਾਮਹਿ ਮੋ ਚਿਤ ਮੈ ਧਰਿ।**
**ਦੈ ਧਨ ਪਾਇ ਘਨੋ ਘਰਿ ਮੈ**
**ਕਛੁ ਦੀਨਨ ਦੇਤਨ ਨੈਕ ਕ੍ਰਿਪਾ ਕਰਿ।**
**ਈਸ ਲਹੈ ਕਿਧੋ ਮੋਹ ਨਿਹਾਰਕੈ**
**ਕੈਸੀ ਕ੍ਰਿਪਾ ਕਰਿ ਹੈ ਹਮ ਪੈ ਹਰਿ।।੨੪੦੬।।**

*– ਦਸਮ ਗ੍ਰੰਥ ਪੰਨਾ ੫੫੯*

ਉਨ੍ਹਾਂ ਨੂੰ ਯਾਦ ਆ ਗਿਆ ਕਿ ਉਹ ਤੇ ਸ੍ਰੀ ਕ੍ਰਿਸ਼ਨ ਜੀ ਸੰਦੀਪਨ ਗੁਰੂ ਘਰ ਪੜ੍ਹਦੇ ਸਨ ਅਤੇ ਆਪਸ ਵਿੱਚ ਬਹੁਤ ਹੀ ਗਹਿਰਾ ਪਿਆਰ ਸੀ। ਸੁਦਾਮਾ ਨੂੰ ਤਾਂ ਸ੍ਰੀ ਕ੍ਰਿਸ਼ਨ ਜੀ ਬਹੁਤ ਯਾਦ ਆ ਰਹੇ ਸਨ ਪਤਾ ਨਹੀਂ ਸ੍ਰੀ ਕ੍ਰਿਸ਼ਨ ਜੀ ਉਸਨੂੰ ਪਛਾਣਨਗੇ ਕਿ ਨਹੀਂ। ਫਿਰ ਸੋਚ ਕੇ ਕਿ ਉਹ ਤਾਂ ਸਰਬ ਸ੍ਰਿਸ਼ਟੀ ਦੇ ਮਾਲਕ ਹਨ, ਉਸ ਨੂੰ ਥੋੜਾ ਜਿਹਾ ਧਨ ਤੇ ਦੇ ਹੀ ਦੇਣਗੇ, ਉਹ ਸੁਦਾਮਾ ਜੀ ਨੂੰ ਵੇਖ ਕੇ ਪਛਾਣ ਤਾਂ ਜ਼ਰੂਰ ਲੈਣਗੇ, ਅਤੇ ਉਸ ਤੇ ਕ੍ਰਿਪਾ ਦ੍ਰਿਸ਼ਟੀ ਕਰਕੇ ਨਿਹਾਲ

ਵੀ ਕਰਨਗੇ। ਫਿਰ ਸੋਚਦੇ-ਸੋਚਦੇ ਸੁਦਾਮਾ ਦੁਆਰਕਾ ਪੁਰੀ ਆਣ ਪਹੁੰਚੇ। ਉਨ੍ਹਾਂ ਨੇ ਵੇਖਿਆ ਕਿ ਸ਼ਹਿਰ ਦੇ ਚਾਰੇ ਪਾਸੇ ਸਮੁੰਦ੍ਰ ਹੈ ਅਤੇ ਉਸਦੇ ਵਿੱਚ ਪੁਰੀ ਹੈ। ਪੁਰੀ ਦੇ ਚਾਰੇ ਪਾਸੇ ਬਨ, ਉਪਵਨ, ਖਿੜ ਰਹੇ ਹਨ ਅਤੇ ਤਲਾਬ, ਬਉਲੀਆਂ ਵੀ ਬਣੀਆਂ ਹੋਈਆਂ ਹਨ। ਗਾਵਾਂ ਦੇ ਝੁੰਡ ਇਧਰ ਉਧਰ ਫਿਰ ਰਹੇ ਸਨ, ਗਵਾਲੇ ਗਾਵਾਂ ਨਾਲ ਖੇਡਕੇ ਅਤਿ ਖੁਸ਼ ਹੋ ਰਹੇ ਸਨ। ਸੁਦਾਮਾ ਜਦੋਂ ਪੁਰੀ ਦੇ ਅੰਦਰ ਜਾਂਦਾ ਹੈ, ਤੇ ਕੰਚਨ ਦੇ ਮੰਦਰ ਮਣੀਆਂ ਦੇ ਨਾਲ ਜਗ-ਮਗ ਜਗ-ਮਗ ਕਰ ਰਹੇ ਸਨ, ਜਗ੍ਹਾ-ਜਗ੍ਹਾ ਯਦੁਵੰਸੀ ਆਪਣੀਆਂ ਸਭਾਵਾਂ ਸਜਾ ਕੇ ਬੈਠੇ ਸਨ, ਅਨੇਕ ਭਾਂਤ ਦੀਆਂ ਵਸਤੂਆਂ ਵਿਕ ਰਹੀਆਂ ਸਨ। ਪੁੱਛਦਾ ਪੁੱਛਦਾ ਸੁਦਾਮਾ ਸ੍ਰੀ ਕ੍ਰਿਸ਼ਨ ਜੀ ਦੀ ਡਿਉੜੀ ਤੇ ਜਾ ਖੜਾ ਹੋਇਆ। ਦੁਆਰਪਾਲ ਕੋਲੋਂ ਸ੍ਰੀ ਕ੍ਰਿਸ਼ਨ ਜੀ ਬਾਰੇ ਪੁੱਛਿਆ ਅਤੇ ਸੰਦੇਸ਼ ਦਿੱਤਾ ਕਿ ਅੰਦਰ ਜਾ ਕੇ ਉਹ ਸ੍ਰੀ ਕ੍ਰਿਸ਼ਨ ਜੀ ਦੇ ਦਰਬਾਰ ਵਿੱਚ ਬੇਨਤੀ ਕਰੇ ਕਿ ਉਨ੍ਹਾਂ ਦਾ ਇੱਕ ਪੁਰਾਣਾ ਮਿੱਤਰ ਸੁਦਾਮਾ ਉਨ੍ਹਾਂ ਨੂੰ ਮਿਲਣ ਲਈ ਆਇਆ ਹੈ। ਗਰੀਬੀ ਦਰਿਦਰੀ ਪਹਿਰਾਵੇ ਨੂੰ ਵੇਖ ਕੇ ਦੁਆਰਪਾਲ ਦੇ ਮਨ ਵਿਚ ਸ਼ੰਕਾ ਉਤਪੰਨ ਹੋਈ ਕਿ ਐਨਾ ਗਰੀਬ ਦਰਿਦ੍ਰੀ ਪੁਰਖ ਸ੍ਰੀ ਕ੍ਰਿਸ਼ਨ ਜੀ ਦਾ ਮਿੱਤਰ ਕਿਵੇਂ ਹੋ ਸਕਦਾ ਹੈ ? ਸੁਦਾਮਾ ਦੇ ਬਾਰ ਬਾਰ ਕਹਿਣ ਤੇ ਦੁਆਰਪਾਲ ਨੇ ਅੰਦਰ ਜਾ ਕੇ ਸ੍ਰੀ ਕ੍ਰਿਸ਼ਨ ਜੀ ਦੇ ਦਰਬਾਰ ਵਿੱਚ ਬੇਨਤੀ ਕੀਤੀ ਕਿ ਉਨ੍ਹਾਂ ਦਾ ਇੱਕ ਪੁਰਾਣਾ ਮਿੱਤਰ ਸੁਦਾਮਾ ਉਨ੍ਹਾਂ ਨੂੰ ਮਿਲਣ ਲਈ ਆਇਆ ਹੈ। ਸੁਦਾਮਾ ਦਾ ਨਾਮ ਸੁਣਦਿਆਂ ਹੀ ਸ੍ਰੀ ਕ੍ਰਿਸ਼ਨ ਜੀ, ਉਸੇ ਵੇਲੇ ਬੜੀ ਛੇਤੀ ਆਸਣ ਤੋਂ ਉੱਠ ਕੇ ਪਿਆਰ ਨਾਲ ਅੱਗੋਂ ਦੀ ਉਸਨੂੰ ਲੈਣ ਵਾਸਤੇ ਗਏ। ਸ੍ਰੀ ਕ੍ਰਿਸ਼ਨ ਜੀ ਨੇ ਸੁਦਾਮਾ ਦੇ ਚਰਨ ਪਰਸੇ ਤੇ ਫਿਰ ਘੁੱਟਕੇ ਉਸਨੂੰ ਆਪਣੇ ਗਲ ਨਾਲ ਲਾ ਲਿਆ।

**ਲੈ ਤਿਹ ਮੰਦਰ ਮਾਹਿ ਗਯੋ**
**ਤਿਹ ਕੌ ਅਤਿ ਹੀ ਕਰਿ ਆਦਰੁ ਕੀਨੋ।**
**ਬਾਰੁ ਮੰਗਾਇ ਤਹੀ ਦਿਜ ਕੇ**
**ਦੋਊ ਪਾਇਨ ਧ੍ਵੈ ਚਰਨਾ ਮ੍ਰਿਤ ਲੀਨੋ।**
**ਝੌਪਰੀ ਤੇ ਤਿਹ ਠਾਂ ਹਰਿ ਜੂ**
**ਸੁਭ ਕੰਚਨ ਕੋ ਪੁਨ ਮੰਦਰ ਕੀਨੋ।**
**ਤਉਨ ਸਕਿਓ ਸੁ ਬਿਦਾ ਕਰਿ ਬਿੱਪਹਿ**
**ਸਯਾਮ ਭਨੈ ਤਿਹ ਰੰਚ ਨ ਦੀਨੋ।। ੨੪੦੮।।**

– ਦਸਮ ਗ੍ਰੰਥ *ਪੰਨਾ ੫੬੦*

ਉਸਨੂੰ ਲੈ ਕੇ ਮੰਦਰ ਦੇ ਵਿੱਚ ਚਲੇ ਗਏ। ਉਸਨੂੰ ਮੰਦਰ ਅੰਦਰ ਲਿਜਾ ਕੇ ਬੜਾ ਹੀ ਆਦਰ ਸਤਿਕਾਰ ਸਨਮਾਨ ਕੀਤਾ। ਪਾਣੀ ਮੰਗਵਾ ਕੇ ਉਸ ਬ੍ਰਾਹਮਣ ਦੇ ਦੋਹਾਂ ਚਰਨਾਂ ਨੂੰ ਧੋ ਕੇ ਚਰਨਾਮ੍ਰਿਤ ਲਿਆ ਫਿਰ ਉਸਨੂੰ ਚੰਦਨ, ਧੂਪ, ਦੀਪ

ਲਗਾ ਕੇ ਸੁਦਾਮਾ ਦੀ ਪੂਜਾ ਕੀਤੀ ਤੇ ਫਿਰ ਉਸਦਾ ਮੰਗਲ ਸਮਾਚਾਰ ਪੁੱਛਿਆ। ਇਹ ਸਾਰਾ ਦ੍ਰਿਸ਼ ਵੇਖਕੇ ਸ੍ਰੀ ਰੁਕਮਣੀ ਜੀ, ਅੱਠ ਪਟਰਾਣੀਆਂ ਅਤੇ ਸੋਲ੍ਹਾਂ ਹਜ਼ਾਰ ਇੱਕ ਸੌ ਰਾਣੀਆਂ ਅਤੇ ਹੋਰ ਯਦੁਵੰਸ਼ੀ ਜਿਹੜੇ ਉਥੇ ਹਾਜ਼ਿਰ ਸਨ, ਵੇਖ ਕੇ ਸੁਦਾਮਾ ਦੇ ਭਾਗਾਂ ਦੀ ਸਰਾਹੁਣਾ ਕਰਨ ਲੱਗੇ ਕਿ ਇਸ ਦਰਿਦਰੀ ਦੁਰਬਲ, ਮਲੀਨ, ਬਸਤਰਹੀਨ, ਬ੍ਰਾਹਮਣ ਦਾ ਐਡਾ ਸਨਮਾਨ ਕੀਤਾ ਹੈ। ਅੰਤਰਜਾਮੀ ਸ੍ਰੀ ਕ੍ਰਿਸ਼ਨ ਜੀ ਨੇ ਸਭ ਦਾ ਸ਼ੰਕਾ ਨਵਿਰਤ ਕਰਨ ਲਈ ਗੁਰੂ ਘਰ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਸ੍ਰੀ ਕ੍ਰਿਸ਼ਨ ਜੀ ਨੇ ਕਿਹਾ, ''ਭਾਈ ਤੈਨੂੰ ਉਹ ਦਿਨ ਯਾਦ ਹੈ ਜਦੋਂ ਇੱਕ ਦਿਨ ਗੁਰੂ ਪਤਨੀ ਨੇ ਸਾਨੂੰ ਦੋਹਾਂ ਨੂੰ ਬਾਲਣ ਲਈ, ਲੱਕੜੀਆਂ ਇਕੱਠੀਆਂ ਕਰਨ ਲਈ ਭੇਜਿਆ ਸੀ। ਜਦੋਂ ਤੂੰ ਤੇ ਮੈਂ ਲੱਕੜੀਆਂ ਇਕੱਠੀਆਂ ਕਰਕੇ ਸਿਰਾਂ ਉੱਤੇ ਧਰ ਕੇ ਟੁਰਨ ਲੱਗੇ ਤੇ ਉਸ ਵੇਲੇ ਐਨੀ ਜ਼ੋਰ ਦਾ ਤੂਫਾਨ ਆਇਆ ਕਿ ਸਭ ਜਲ ਥਲ ਇੱਕ ਬਰਾਬਰ ਹੋ ਗਿਆ। ਬਾਰਸ਼ ਕਰਕੇ ਅਸੀਂ ਐਨੇ ਜ਼ਿਆਦਾ ਗਿੱਲੇ ਹੋ ਗਏ ਕਿ ਮੈਂ ਤੇ ਤੂੰ ਠੰਢ ਕਰਕੇ ਕੰਬਣ ਲੱਗ ਪਏ। ਰਾਤ ਪੈ ਗਈ ਅਤੇ ਸਾਰੀ ਰਾਤ ਬਾਹਰ ਇੱਕ ਰੁੱਖ ਦੇ ਥੱਲੇ ਬੈਠੇ ਰਹੇ। ਸਵੇਰ ਹੁੰਦਿਆਂ ਸਾਰ ਹੀ ਗੁਰਦੇਵ ਸਾਨੂੰ ਜੰਗਲ ਵਿੱਚ ਲੱਭਣ ਆਏ ਤੇ ਸਾਨੂੰ ਆਸ਼ੀਰਵਾਦ ਦੇ ਕੇ ਆਪਣੇ ਨਾਲ ਘਰ ਲੈ ਗਏ। ਹੇ ਭਾਈ ! ਜਦੋਂ ਤੋਂ ਅਸੀਂ ਗੁਰੂ ਘਰ ਤੋਂ ਵਿੱਛੜੇ ਹਾਂ, ਤਦ ਤੋਂ ਹੀ ਸਾਨੂੰ ਤੇਰੇ ਬਾਰੇ ਕੋਈ ਸਮਾਚਾਰ ਨਹੀਂ ਮਿਲਿਆ, ਕਿ ਤੂੰ ਕਿੱਥੇ ਹੈਂ ? ਹੁਣ ਤੂੰ ਮੈਨੂੰ ਦਰਸ਼ਨ ਦਿੱਤਾ ਹੈ ਅਤੇ ਮੈਂ ਅਤਿਅੰਤ ਸੁਖ ਦੀ ਪ੍ਰਾਪਤੀ ਕੀਤੀ ਹੈ।''ਸੁਦਾਮਾ ਜੀ ਨੇ ਉੱਤਰ ਦਿੱਤਾ,''ਹੇ ਕ੍ਰਿਪਾ ਨਿਧਾਨ, ਦੀਨ ਬੰਧੂ ਮੇਰੇ ਸੁਆਮੀ, ਅੰਤਰਜਾਮੀ ਆਪ ਜੀ ਸਭ ਕੁਛ ਜਾਣਦੇ ਹੋ, ਸੰਸਾਰ ਵਿੱਚ ਕੋਈ ਵੀ ਚੀਜ਼ ਇਸ ਤਰ੍ਹਾਂ ਦੀ ਨਹੀਂ ਜਿਹੜੀ ਤੁਹਾਡੇ ਕੋਲੋਂ ਛਿਪੀ ਰਹਿ ਗਈ ਹੋਵੇ।''

ਇਸ ਤਰ੍ਹਾਂ ਦੀ ਵਾਰਤਾਲਾਪ ਕਰਨ ਤੋਂ ਉਪਰੰਤ ਸ੍ਰੀ ਕ੍ਰਿਸ਼ਨ ਜੀ ਨੇ ਸੁਦਾਮਾ ਕੋਲੋ ਪੁੱਛਿਆ,''ਭਾਈ, ਮੇਰੀ ਭਾਬੀ ਨੇ ਮੇਰੇ ਲਈ ਕੁਛ ਭੇਟਾ ਭੇਜੀ ਹੈ, ਤੁਸੀਂ ਮੈਨੂੰ ਦਿੰਦੇ ਕਿਉਂ ਨਹੀਂ, ਬਗਲ ਵਿੱਚ ਕਿਉਂ ਛਿਪਾ ਕੇ ਰੱਖੀ ਹੈ ? ਸੁਦਾਮਾ ਜੀ ਦੇ ਦਿਲ ਵਿੱਚ ਹਿਚਕਿਚਾਹਟ ਆ ਗਈ ਅਤੇ ਸ੍ਰੀ ਕ੍ਰਿਸ਼ਨ ਜੀ ਨੇ ਝਟ-ਪਟ ਉਨ੍ਹਾਂ ਦੀ ਬਗਲ ਵਿੱਚੋਂ ਚੌਲਾਂ ਦੀ ਪੋਟਲੀ ਖੋਹ ਕੇ ਖੋਲ ਲਈ ਅਤੇ ਅਤਿਅੰਤ ਖੁਸ਼ ਹੋ ਕੇ ਦੋ ਮੁੱਠੀਆਂ ਭਰਕੇ ਚੌਲ ਖਾ ਲਏ। ਜਦੋਂ ਤੀਸਰੀ ਮੁੱਠੀ ਭਰੀ ਤਾਂ ਰੁਕਮਣੀ ਨੇ ਹੱਥ ਫੜ ਲਿਆ ਤੇ ਕਿਹਾ, ''ਮਹਾਰਾਜ ! ਆਪਜੀ ਨੇ ਦੋ ਲੋਕ ਤਾਂ ਇਸਨੂੰ ਦੇ ਹੀ ਦਿੱਤੇ ਹਨ, ਹੁਣ ਆਪਣੇ ਰਹਿਣ ਵਾਸਤੇ ਵੀ ਕੋਈ ਸਥਾਨ ਰਖਣਾ ਹੈ ਕਿ ਨਹੀਂ। ਇਹ ਬ੍ਰਾਹਮਣ ਤਾਂ ਸੁਸ਼ੀਲ, ਕੁਲੀਨ, ਵੈਰਾਗੀ ਅਤੇ ਮਹਾਂ ਤਿਆਗੀ ਜਿਹਾ ਨਜ਼ਰ ਆਉਂਦਾ ਹੈ, ਕਿਉਂਕਿ ਇਨ੍ਹਾਂ ਨੂੰ ਨਾ ਆਉਣ ਦਾ ਹਰਖ ਹੈ ਅਤੇ ਨਾ ਜਾਣ ਦਾ ਗਮ।'' ਰੁਕਮਣੀ ਦੇ ਮੂੰਹ ਤੋਂ ਇਹ ਗੱਲ ਸੁਣ ਕੇ ਸ੍ਰੀ ਕ੍ਰਿਸ਼ਨ

ਜੀ ਨੇ ਉੱਤਰ ਦਿੱਤਾ, ''ਹੇ ਮੇਰੀ ਪਿਆਰੀ, ਇਹ ਮੇਰਾ ਪਰਮ ਪਿਆਰਾ ਮਿੱਤਰ ਹੈ, ਇਸਦੇ ਗੁਣ ਮੈਂ ਕਿੱਥੇ ਤੱਕ ਕਹਾਂ। ਇਹ ਹਮੇਸ਼ਾ ਮੇਰੇ ਪਿਆਰ ਵਿੱਚ ਮਗਨ ਰਹਿੰਦਾ ਸੀ, ਇਸ ਦੇ ਅੱਗੇ ਸੰਸਾਰ ਦੇ ਸੁਖ ਤਿਣਕੇ ਦੇ ਸਮਾਨ ਹਨ।'' ਸ੍ਰੀ ਕ੍ਰਿਸ਼ਨ ਜੀ ਨੇ ਸੁਦਾਮਾ ਨੂੰ ਭਾਂਤ-ਭਾਂਤ ਦੇ ਪਕਵਾਨ ਛਕਾਏ, ਬੜੀ ਸੁੰਦਰ ਸੇਜ ਵਿਛਾ ਦਿੱਤੀ। ਸੁਦਾਮਾ ਰਸਤੇ ਦੀ ਥਕਾਵਟ ਕਰਕੇ ਖ਼ੂਬ ਥੱਕੇ ਹੋਏ ਸਨ, ਇਸ ਲਈ ਬੜੇ ਆਰਾਮ ਨਾਲ ਸੁੰਦਰ ਬਿਸਤਰ ਤੇ ਸੌਂ ਗਏ।

ਸ੍ਰੀ ਕ੍ਰਿਸ਼ਨ ਜੀ ਨੇ ਅੱਧੀ ਰਾਤ ਨੂੰ ਵਿਸ਼ਵਕਰਮਾ ਨੂੰ ਬੁਲਾਕੇ ਕਿਹਾ, ''ਤੁਸੀਂ ਹੁਣੇ ਹੀ ਸੁਦਾਮਾ ਦੇ ਮੰਦਰ ਕੰਚਨ ਮਣੀਆਂ ਦੇ ਨਾਲ ਸੁਸਜਿਤ ਕਰਕੇ ਬਣਾ ਦਿਓ ਤੇ ਉਸਦੇ ਅੰਦਰ ਅੱਠ ਸਿੱਧੀਆਂ ਅਤੇ ਨੌ ਨਿਧੀਆਂ ਰੱਖ ਦਿਓ ਤਾਂ ਕਿ ਸੁਦਾਮਾਂ ਨੂੰ ਕਿਸੀ ਤਰ੍ਹਾਂ ਦੀ ਹੋਰ ਇੱਛਾ ਨਾ ਰਹਿ ਜਾਏ।''ਸੁਦਾਮਾ ਜੀ ਨੇ ਤਿੰਨ ਦਿਨ ਉੱਥੇ ਰਹਿ ਕੇ ਚੌਥੇ ਦਿਨ ਸਵੇਰੇ-ਸਵੇਰੇ ਸ੍ਰੀ ਕ੍ਰਿਸ਼ਨ ਜੀ ਤੋਂ ਵਿਦਾਇਗੀ ਲਈ। ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਨੂੰ ਡਿਉਢੀ ਤੱਕ ਛੱਡਣ ਗਏ ਅਤੇ ਅੱਖਾਂ ਵਿੱਚ ਹੰਝੂ ਭਰਕੇ ਕਹਿਣ ਲੱਗੇ, ''ਭਾਈ, ਤੁਸੀਂ ਬੜੀ ਦਇਆ ਕੀਤੀ ਹੈ, ਜੋ ਮੈਨੂੰ ਆਣ ਕੇ ਦਰਸ਼ਨ ਦਿੱਤੇ ਹਨ। ਹੁਣ ਮੇਰੀ ਇਹੀ ਬੇਨਤੀ ਹੈ ਕਿ ਮੈਨੂੰ ਹੁਣ ਨਾ ਭੁਲਾ ਦੇਣਾ ਅਤੇ ਫਿਰ ਵੀ ਦਰਸ਼ਨ ਦੇਣ ਦੀ ਕ੍ਰਿਪਾ ਕਰਨੀ।''

ਇਸ ਤਰ੍ਹਾਂ ਸੁਦਾਮਾ ਜੀ ਸ੍ਰੀ ਕ੍ਰਿਸ਼ਨ ਜੀ ਤੋਂ ਵਿਦਾ ਹੋਏ ਅਤੇ ਮਨ ਵਿੱਚ ਖ਼ੂਬ ਵਿਚਾਰ ਕੀਤਾ ਕਿ ਸ੍ਰੀ ਕ੍ਰਿਸ਼ਨ ਜੀ ਨੇ ਤੇ ਉਨ੍ਹਾਂ ਨੂੰ ਕੁਝ ਦਿੱਤਾ ਨਹੀਂ। ਜਿਸ ਤਰ੍ਹਾਂ ਕੰਗਾਲ ਰੂਪ ਵਿੱਚ ਉਹ ਉਥੇ ਆਇਆ ਸੀ, ਉਸੇ ਤਰ੍ਹਾਂ ਹੀ ਵਾਪਸ ਜਾ ਰਿਹਾ ਸੀ। ਉਹ, ਇਹ ਵੀ ਚੰਗਾ ਹੋਇਆ ਉਨ੍ਹਾਂ ਨੇ ਸ੍ਰੀ ਕ੍ਰਿਸ਼ਨ ਜੀ ਕੋਲੋਂ ਕੁਝ ਮੰਗਿਆ ਹੀ ਨਹੀਂ। ਹੁਣ ਉਹ ਘਰ ਜਾ ਕੇ ਬ੍ਰਾਹਮਣੀ ਸੁਸ਼ੀਲਾ ਨੂੰ ਕੀ ਮੂੰਹ ਵਿਖਾਵੇਗਾ। ਜਦੋਂ ਉਹ ਆਪਣੇ ਘਰ ਦੇ ਕੋਲ ਪਹੁੰਚਿਆ ਤਾਂ ਉੱਥੇ ਆਪਣੀ ਝੌਂਪੜੀ ਨਾ ਵੇਖਕੇ ਅਤਿ ਪਰੇਸ਼ਾਨ ਹੋਇਆ। ਆਪਣੇ ਆਪ ਨੂੰ ਕੋਸਣ ਲੱਗਾ, ''ਸੁਦਾਮਾ ਤੂੰ ਇਹ ਕੀ ਕੀਤਾ ? ਇੱਕ ਦੁੱਖ ਦੂਸਰੀ ਦਰਿਦ੍ਰਤਾ, ਅਤੇ ਤੀਸਰਾ ਇੱਥੋਂ ਮੇਰੀ ਝੌਂਪੜੀ ਤਕ ਵੀ ਗਾਇਬ ਹੋ ਗਈ ਹੈ, ਮੇਰੀ ਬ੍ਰਾਹਮਣੀ ਕਿੱਥੇ ਗਈ ਹੈ, ਮੈਂ ਹੁਣ ਉਸਨੂੰ ਕਿੱਥੇ ਲੱਭਾਂ। ਕਿਸ ਕੋਲੋਂ ਪੁੱਛਾਂ, ਕਿੱਥੇ ਜਾਵਾਂ। ਮੈਂ ਕਿਧਰੇ ਰਾਹ ਭੁੱਲਕੇ, ਕਿਧਰੇ ਹੋਰ ਤਾਂ ਨਹੀਂ ਭਟਕ ਗਿਆ।'' ਇਸ ਤਰ੍ਹਾਂ ਸੋਚਦਾ-ਸੋਚਦਾ ਦੁਆਰ ਦੇ ਨੇੜੇ ਜਾ ਕੇ ਦੁਆਰ ਪਾਲ ਕੋਲੋਂ ਪੁੱਛਿਆ, ''ਇਹ ਅਤਿ ਸੁੰਦਰ ਮੰਦਰ ਕਿਸ ਦੇ ਹਨ ?'' ਦੁਆਰ ਪਾਲ ਨੇ ਉੱਤਰ ਦਿੱਤਾ, ''ਇਹ ਸ੍ਰੀ ਕ੍ਰਿਸ਼ਨ ਜੀ ਦੇ ਪਰਮ ਮਿੱਤਰ ਸੁਦਾਮਾ ਜੀ ਦੇ ਹਨ।''

ਸੁਦਾਮਾ ਜੀ ਖੜੇ ਹੋ ਕੇ ਸੋਚਦੇ ਹਨ ਕਿ ਉਹ ਉਸ ਨਾਲ ਹਾਸਾ ਮਜ਼ਾਕ ਕਰ ਰਹੇ ਹਨ। ਐਨੇ ਨੂੰ ਉਨ੍ਹਾਂ ਦੀ ਸੁਪਤੱਨੀ ਸੁਸ਼ੀਲਾ ਕੋਠੇ ਤੇ ਚੜ੍ਹਕੇ ਆਪਣੇ ਪਤੀ ਨੂੰ ਵੇਖਣ ਗਈ ਅਤੇ ਸੁੰਦਰ ਕਪੜਿਆਂ ਵਿੱਚ ਹਾਰ ਸ਼ਿੰਗਾਰ ਕਰਕੇ,

ਸਹੇਲੀਆਂ ਨੂੰ ਨਾਲ ਲੈ ਕੇ ਆਪਣੇ ਪਤੀ ਦੇ ਕੋਲ ਆਈ ਅਤੇ ਸੁਹਣੇ ਮੰਦਰ ਦੀ ਕਥਾ ਸੁਦਾਮਾ ਨੂੰ ਕਹਿ ਸੁਣਾਈ। ਸੁਦਾਮੇ ਦਾ ਚਿਤ ਉਦਾਸ ਹੋ ਗਿਆ, ਕਿਉਂਕਿ ਉਨ੍ਹਾਂ ਦੇ ਖਿਆਲ ਅਨੁਸਾਰ ਮਾਇਆ ਬੜੀ ਠੱਗਣੀ ਹੈ, ਇਸਨੇ ਸਾਰੇ ਸੰਸਾਰ ਨੂੰ ਠੱਗਿਆ ਹੋਇਆ ਹੈ। ਬ੍ਰਾਹਮਣੀ ਨੇ ਸਮਝਾਇਆ ਕਿ ਸ੍ਰੀ ਕ੍ਰਿਸ਼ਨ ਜੀ ਦਾ ਅਤਿ ਅਤਿ ਧੰਨਵਾਦ ਕਰਨਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਨੇ ਉਨ੍ਹਾਂ ਦੀਆਂ ਸਾਰੀਆਂ ਇੱਛਾਵਾਂ ਨੂੰ ਪੂਰਨ ਕੀਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੇ ਸੁੰਦਰ ਸ਼ਬਦਾਂ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਮਹਿਮਾ ਦਾ ਗਾਣ ਇਸ ਤਰ੍ਹਾਂ ਕੀਤਾ ਹੈ :–

**ਸਵੈਯਾ।।ਜੋ ਬ੍ਰਿਜਨਾਥ ਕੀ ਸੇਵ ਕਰੈ**
**ਪੁਨ ਪਾਵਤ ਹੈ ਬਹੁਤੋ ਧਨ ਸੋਊ।**
**ਲੋਗ ਕਹਾ ਤਿਹ ਭੇਦਹਿ ਪਾਵਤ**
**ਆਪਨੀ ਜਾਨਤ ਹੈ ਪੁਨ ਓਊ।**
**ਸਾਧਨ ਕੇ ਬਰਤਾ ਹਰਿਤਾ ਦੁਖ**
**ਬੈਰਨ ਕੇ ਸੁ ਬਡੇ ਘਰ ਖੋਊ।**
**ਦੀਨਨ ਕੇ ਜਗ ਪਾਲਬੇ ਕਾਜ**
**ਗਰੀਬ ਨਿਵਾਜ ਨ ਦੂਸਰ ਕੋਊ ।।੨੪੧੦।।**

*– ਦਸਮ ਗ੍ਰੰਥ ਪੰਨਾ ੫੬੦*

# ੧੮

**ਸਵੈਯਾ।।ਫੂਲ ਰਹੇ ਸਿਗਰੇ ਬ੍ਰਿਜ ਕੇ ਤਰ**
**ਫੂਲਿ ਲਤਾ ਤਿਨ ਸੋ ਲਪਟਾਈ।**
**ਫੂਲਿ ਰਹੇ ਸਰ ਸਾਰਸ ਸੁੰਦਰ,**
**ਸੋਭ ਸਮੂਹ ਬਢੀ ਅਧਿਕਾਈ।**
**ਚੇਤ ਚੜ੍ਯੋ ਸੁਕ ਸੁੰਦਰ ਕੋਕਿਲ**
**ਕਾ ਜੁਤ ਕੰਤ ਬਿਨਾ ਨ ਸੁਹਾਈ।**
**ਦਾਸੀ ਕੇ ਸੰਗਿ ਰਹਯੋ ਗਹਿ ਹੋ,**
**ਟਸਕਯੋ ਨ ਹੀਯੋ ਕਸਕਯੋ ਨ ਕਸਾਈ।।੬੧੪।।**

*- ਦਸਮ ਗ੍ਰੰਥ ਪੰਨਾ ੩੭੬*

**ਸ਼ਬਦਾਰਥ :**

ਤਰ-(ਤਰੁ ਦਾ ਬਹੁ ਬਚਨ) ਬ੍ਰਿਛ, ਦਰਖਤ, ਬੂਟੇ। ਫੂਲਿ - ਲਤਾ-ਫੁੱਲਾਂ ਦੀਆਂ ਵੇਲਾਂ। ਸਰਿ-ਸਰੋਵਰ, ਤਾਲ ਵਿੱਚ। ਸਾਰਸ-ਕਮਲ, ਕਉਲ। ਸੁਕ-ਤੋਤੇ। ਕੋਕਿਲ-ਕੋਇਲਾਂ। ਜੁਤ-ਸਮੇਤ, ਸਣੇ, ਨਾਲ ਕੰਤ- (ਇਹ ਸੁਹਾਵਣੀ ਬਸੰਤ ਰੁਤਿ) ਕੰਤ-ਪ੍ਰੀਤਮ ਬਿਨਾਂ ਨਹੀ ਸ਼ੋਭਦੀ। ਦਾਸੀ-ਟਹਿਲਣ। ਗੋਲੀ-ਕੁਬਜਾ ਨਾਲ। ਗਹਯੋ-ਫੜ ਕੇ ਬੈਠ ਰਹੇ ਹਨ, ਖਚਿਤ (ਮੋਹਿਤ) ਹੋ ਰਹੇ ਹਨ। ਟਸਕਯੋ-ਚੁਭਵੀਂ ਪੀੜਾ ਨਾਲ ਦੁਖੀ ਨਹੀਂ ਹੋਏ। ਕਸਕਯੋ-ਖਿਚਿਆ ਨਹੀਂ ਗਿਆ, ਚੀਸ ਨਹੀਂ ਵੱਟੀ।

**ਵਿਆਖਿਆ :**

ਚੇਤ ਦਾ ਮਹੀਨਾ ਆ ਪਹੁੰਚਿਆ। ਚਾਰੇ ਪਾਸੇ ਪ੍ਰਕ੍ਰਿਤੀ ਵਿੱਚ ਖੇੜਾ ਛਾਇਆ ਹੈ। ਬ੍ਰਿਜ ਭੂਮੀ ਵਿਖੇ ਉੱਗੇ ਹੋਏ ਸਾਰੇ ਰੁੱਖ ਖਿੜ ਰਹੇ ਹਨ, ਅਤੇ ਫੁੱਲਾਂ ਵਾਲੀਆਂ ਵੇਲਾਂ ਉਨ੍ਹਾਂ ਰੁੱਖਾਂ ਦੇ ਨਾਲ ਲਿਪਟ ਰਹੀਆਂ ਹਨ। ਤਲਾਅ ਪਾਣੀ ਨਾਲ ਭਰੇ ਹੋਏ ਹਨ ਅਤੇ ਉਨ੍ਹਾਂ ਪਾਣੀ ਨਾਲ ਭਰੇ ਹੋਏ ਤਲਾਵਾਂ ਵਿੱਚ ਕਮਲ ਫੁੱਲਾਂ ਦੀ ਸੋਭਾ ਬਹੁਤ ਜ਼ਿਆਦਾ ਨਜ਼ਰ ਆ ਰਹੀ ਹੈ। ਚੇਤ੍ਰ ਦੇ ਮਹੀਨੇ ਵਿੱਚ ਸੁੰਦਰ ਤੋਤੇ ਅਤੇ ਕੋਇਲਾਂ ਆਪਣਾ ਮਿੱਠਾ ਰਾਗ ਅਲਾਪਦੀਆਂ ਹਨ, ਅਤੇ ਗੋਪੀਆਂ ਵਿਚਾਰੀਆਂ ਦੇ ਕੋਲ ਸ੍ਰੀ ਕ੍ਰਿਸ਼ਨ ਜੀ ਨਹੀਂ, ਉਹ ਤਾਂ ਦੂਰ ਮਥਰਾ ਵਿਖੇ ਚਲੇ ਗਏ ਹਨ, ਆਪਣੇ ਪਿਆਰੇ ਇਸ਼ਟ ਦੀ ਗੈਰਹਾਜ਼ਰੀ ਵਿੱਚ ਗੋਪੀਆਂ ਨੂੰ ਕੁਝ ਨਹੀਂ

ਚੰਗਾ ਲਗਦਾ। ਬਸੰਤ ਰਿਤੂ ਦਾ ਸੁਹਾਵਨਾਪਣ ਸ਼ਿਖਰਾਂ ਤੇ ਹੈ, ਹਰ ਪਾਸੇ ਸੁੰਦਰਤਾ ਬਿਖਰ ਰਹੀ ਹੈ ਪਰ ਗੋਪੀਆਂ ਨੂੰ ਇਹ ਸਾਰਾ ਕੁਝ ਹੋਰ ਤੜਫਾਉਂਦਾ ਹੈ, ਸਤਾਉਂਦਾ ਹੈ, ਕਿਉਂਕਿ ਪਿਆਰੇ ਪ੍ਰੀਤਮ ਤੋਂ ਬਿਨਾਂ ਸਭ ਕੁਝ ਫਿੱਕਾ ਲਗਦਾ ਹੈ। ਸ੍ਰੀ ਕ੍ਰਿਸ਼ਨ ਜੀ ਨੂੰ ਤਾਂ ਦਾਸੀ ਦਾ ਸੰਗ ਪ੍ਰਾਪਤ ਹੈ, ਉਸ ਕਸਾਈ ਹਿਰਦੇ ਨੂੰ ਨਾ ਵਿਛੋੜੇ ਦਾ ਦੁੱਖ ਹੋਇਆ ਹੈ ਅਤੇ ਨਾ ਹੀ ਪ੍ਰੇਮ ਦੀ ਖਿੱਚ ਪਈ ਹੈ।

**ਭਾਵ :**

ਹਰ ਪਾਸੇ ਪ੍ਰਕ੍ਰਿਤੀ ਦੀ ਛਬਿ ਅਤਿ ਸੁੰਦਰ ਭਾਸਦੀ ਹੈ। ਪਸ਼ੂ ਪੰਛੀ ਵੀ ਆਪਣੀ ਸੁਰੀਲੀਆਂ ਸੁਰਾਂ ਰਾਹੀਂ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਪਰ ਇਹ ਸੁਹਾਵਣੀ ਬਸੰਤ ਰੁੱਤ ਗੋਪੀਆਂ ਲਈ ਅਤਿ ਦੁਖਦਾਇਕ ਹੈ।

# ਕੰਤ ਬਿਨਾ ਨ ਸੁਹਾਈ

ਸ੍ਰੀ ਕ੍ਰਿਸ਼ਨ ਜੀ ਨੂੰ ਅਕਰੂਰ ਬ੍ਰਿਜ ਤੋਂ ਮਥਰਾ ਲੈ ਗਿਆ। ਸ੍ਰੀ ਕ੍ਰਿਸ਼ਨ ਜੀ ਨੇ ਇਸ ਧਰਤੀ ਤੇ ਦੁਸ਼ਟਾਂ ਦਾ ਸੰਹਾਰ ਅਤੇ ਸੰਤ ਜਨਾ ਦਾ ਉੱਧਾਰ ਕਰਨ ਲਈ ਅਵਤਾਰ ਧਾਰਨ ਕੀਤਾ ਸੀ। ਆਪਣੇ ਇਸ ਮੰਤਵ ਦੀ ਪੂਰਤੀ ਕਰਨ ਲਈ ਸ੍ਰੀ ਕ੍ਰਿਸ਼ਨ ਜੀ ਮਥਰਾ ਪਹੁੰਚੇ। ਪਰ ਬ੍ਰਿਜ ਦੇ ਵਾਸੀਆਂ ਨੇ ਸ੍ਰੀ ਕ੍ਰਿਸ਼ਨ ਜੀ ਦੇ ਅਥਾਹ ਪਿਆਰ ਦਾ ਰੱਜ ਕੇ ਆਨੰਦ ਮਾਣਿਆ ਹੋਇਆ ਸੀ। ਉਹ ਸ੍ਰੀ ਕ੍ਰਿਸ਼ਨ ਜੀ ਦੇ ਸਰੀਰ ਦਾ ਹੀ ਇੱਕ ਅਟੁੱਟ ਅੰਗ ਬਣ ਚੁੱਕੇ ਸਨ। ਉਹ ਤਾਂ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਇੱਕ ਘੜੀ ਭਰ ਵੀ ਨਹੀਂ ਸਨ ਰਹਿ ਸਕਦੇ, ਸ੍ਰੀ ਕ੍ਰਿਸ਼ਨ ਜੀ ਤਾਂ ਉਹਨਾਂ ਦਾ ਤਨ, ਮਨ, ਧਨ, ਬਣ ਚੁੱਕੇ ਸਨ। ਜਦੋਂ ਬ੍ਰਿਜ ਵਾਸੀਆਂ ਦੇ ਪ੍ਰਾਣ ਦਾਤਾ ਉਨ੍ਹਾਂ ਨੂੰ ਛੱਡ ਕੇ, ਉਨ੍ਹਾਂ ਕੋਲੋਂ ਦੂਰ ਚਲੇ ਗਏ, ਫਿਰ ਭਲਾ ਉਹ ਆਪਣੇ ਪਿਆਰੇ ਪ੍ਰੀਤਮ ਤੋਂ ਬਿਨਾਂ ਕਿਸ ਤਰ੍ਹਾਂ ਜੀਵਿਤ ਰਹਿ ਸਕਦੇ ਸਨ ? ਸ੍ਰੀ ਕ੍ਰਿਸ਼ਨ ਜੀ ਦੇ ਮਥਰਾ ਜਾਣ ਨਾਲ ਉਨ੍ਹਾਂ ਦਾ ਸਾਰਾ ਸੁਖ, ਸ਼ਾਂਤੀ, ਸਭ ਕੁਝ ਉਨ੍ਹਾਂ ਦੇ ਨਾਲ ਹੀ ਚਲਾ ਗਿਆ, ਉਨ੍ਹਾਂ ਦਾ ਜੀਵਨ ਦੁੱਖ ਮਈ ਬਣ ਗਿਆ ਸੁਖ ਖੰਭ ਲਾ ਕੇ ਉੱਡ ਗਿਆ। ਬ੍ਰਿਜ ਦੇ ਗਵਾਲੇ, ਗੋਪੀਆਂ, ਗੋਪਾਲ, ਗਊਆਂ, ਪਸ਼ੂ, ਪੰਛੀ, ਜਾਨਵਰ ਸਭ ਆਪਣੇ ਪਿਆਰੇ ਦੀ ਗੈਰ-ਹਾਜ਼ਰੀ ਵਿੱਚ ਦੁਖੀ ਹੋ ਗਏ, ਵਿਆਕੁਲ ਹੋ ਗਏ ਪੀੜਿਤ ਹੋ ਗਏ, ਅਤਿ ਅਸਹਾਯ, ਬੇਬਸ, ਅਨਾਥ ਹੋ ਗਏ ਸਨ। ਉਹਨਾਂ ਨੂੰ ਆਪਣੇ ਪਿਆਰੇ ਕੰਤ ਤੋਂ ਬਿਨਾ ਕੁਝ ਵੀ ਚੰਗਾ ਨਹੀਂ ਸੀ ਲੱਗਦਾ।

ਸ੍ਰੀ ਕ੍ਰਿਸ਼ਨ ਜੀ ਮਥਰਾ ਪਹੁੰਚ ਕੇ ਆਪਣੇ ਰੁਝੇਵਿਆਂ ਵਿੱਚ ਲੱਗ ਗਏ। ਇਧਰ ਬ੍ਰਿਜਵਾਸੀਆਂ ਦੀ ਬਿਹਬਲਤਾ ਵੱਧਦੀ ਗਈ ਅਤੇ ਇੱਕ ਦਿਨ ਸ੍ਰੀ ਕ੍ਰਿਸ਼ਨ ਜੀ ਨੇ ਰਾਤ ਵੇਲੇ ਸੌਣ ਲਗਿਆਂ ਬਲਰਾਮ ਜੀ ਨੂੰ ਕਿਹਾ ਕਿ ਸਾਰੇ ਬਿੰਦਰਾਬਨ

ਦੇ ਵਾਸੀਆਂ ਨੂੰ ਉਨ੍ਹਾਂ ਦੀ ਯਾਦ ਸਤਾ ਰਹੀ ਹੋਵੇਗੀ, ਅਤੇ ਉਹ ਅਤਿਅੰਤ ਦੁਖੀ ਹੋ ਰਹੇ ਹੋਣਗੇ, ਸ੍ਰੀ ਕ੍ਰਿਸ਼ਨ ਜੀ ਲਈ ਵਾਪਸ ਬ੍ਰਿਜ ਜਾਣਾ ਅਜੇ ਅਸੰਭਵ ਹੋ ਰਿਹਾ ਸੀ, ਇਸ ਲਈ ਗੋਪੀਆਂ, ਗੁਆਲਿਆਂ, ਮਾਤਾ ਯਸ਼ੋਧਾ, ਪਿਤਾ ਨੰਦ ਬਾਬਾ ਨੂੰ ਸਾਂਤਵਨਾ ਦੇਣ ਲਈ ਕਿਸੇ ਨੂੰ ਬ੍ਰਿਜ ਵਿਖੇ ਭੇਜਿਆ ਜਾਵੇ, ਉਹ ਉੱਥੇ ਪਹੁੰਚਕੇ ਉਨ੍ਹਾਂ ਨੂੰ ਮਿਲ-ਜੁਲਕੇ ਧੀਰਜ ਅਤੇ ਦ੍ਰਿੜਤਾ ਦੇ ਆਉਣਗੇ। ਇਸ ਲਈ ਸ੍ਰੀ ਕ੍ਰਿਸ਼ਨ ਜੀ ਨੇ ਊਧੋ ਨੂੰ ਬੁਲਾਇਆ ਅਤੇ ਕਿਹਾ,''ਅਸੀਂ ਤੁਹਾਨੂੰ ਬਿੰਦਰਾਬਨ ਭੇਜਣਾ-ਚਾਹੁੰਦੇ ਹਾਂ, ਤਾਂ ਕਿ ਤੁਸੀਂ ਬ੍ਰਿਜ ਵਿਖੇ ਜਾ ਕੇ ਨੰਦ, ਯਸ਼ੋਧਾ ਅਤੇ ਗੋਪੀਆਂ, ਗੁਆਲਿਆਂ ਨੂੰ ਸਾਵਧਾਨ ਕਰਕੇ ਆਵੋ ਅਤੇ ਮਾਤਾ ਰੋਹਣੀ ਨੂੰ ਲੈ ਆਉ। ਪਹਿਲਾਂ ਨੰਦ ਬਾਬਾ ਅਤੇ ਫਿਰ ਮਾਤਾ ਯਸ਼ੋਧਾ ਜੀ ਦੇ ਮਨ ਵਿੱਚ ਗਿਆਨ ਪੈਦਾ ਕਰੋ ਅਤੇ ਉਨ੍ਹਾਂ ਦੇ ਮਨ ਦਾ ਮੋਹ ਮਿਟਾ ਦੇਵੋ। ਉਨ੍ਹਾਂ ਨੂੰ ਇਹ ਕਹਿਣਾ ਕਿ ਉਹ ਸਾਰੇ ਸਦਾ ਮੇਰੇ ਨੇੜੇ ਹਨ। ਯਸ਼ੋਧਾ ਅਤੇ ਨੰਦ ਬਾਬਾ ਇਸ ਗੱਲ ਨੂੰ ਚੇਤੇ ਕਰਕੇ ਸਾਰੇ ਦੁੱਖਾਂ ਦਾ ਤਿਆਗ ਕਰ ਦੇਣ ਅਤੇ ਪੁੱਤਰ ਭਾਵ ਛੱਡ ਕੇ, ਈਸ਼ਵਰ ਭਾਵ ਕਰਕੇ, ਮੇਰੇ ਨਾਮ ਨੂੰ ਜਪਣ।'' ਫਿਰ ਗੋਪੀਆਂ ਨੂੰ ਕਹਿਣਾ, ''ਜਿੰਨ੍ਹਾਂ ਨੇ ਮੇਰੇ ਵਾਸਤੇ ਲੋਕ ਲਾਜ, ਘਰ ਤਿਆਗ ਦਿੱਤੇ ਹਨ, ਰਾਤ ਦਿਨ ਮੇ ਰੇ ਹੀ ਜੱਸ ਨੂੰ ਗਾਉਂਦੀਆਂ ਹਨ, ਉਹ ਭਗਵਾਨ ਦੇ ਨਾਮ ਦਾ ਜਾਪ ਕਰਨ।'' ਫਿਰ ਦੋਹਾਂ ਭਰਾਵਾਂ ਨੇ ਮਿਲਕੇ ਇੱਕ ਚਿੱਠੀ ਲਿਖੀ ਜਿਸ ਵਿੱਚ ਬਾਬਾ ਨੰਦ, ਮਾਤਾ ਯਸ਼ੋਧਾ ਸਮੇਤ ਸਾਰੇ ਬਾਲ ਗੁਆਲਿਆਂ ਨੂੰ ਯਥਾ ਯੋਗ ਡੰਡੌਤ ਪਰਣਾਮ ਕਰਕੇ ਆਸ਼ੀਰਵਾਦ ਲਿਖਿਆ ਅਤੇ ਸਾਰੀਆਂ ਬ੍ਰਿਜ ਦੀਆਂ ਗੋਪੀਆਂ ਨੂੰ ਯੋਗ ਦਾ ਉਪਦੇਸ਼ ਲਿਖਿਆ ਅਤੇ ਊਧੋ ਨੂੰ ਸਮਝਾਇਆ ਕਿ ਇਹ ਚਿੱਠੀ ਊਧੋ ਆਪ ਗੋਪੀਆਂ ਨੂੰ ਪੜ੍ਹਕੇ ਸੁਣਾਉਣ। ਐਨਾ ਕਹਿ ਕੇ ਸ੍ਰੀ ਕ੍ਰਿਸ਼ਨ ਜੀ ਨੇ ਨਵੇਂ ਬਸਤਰ, ਗਹਿਣੇ ਪਵਾ ਕੇ ਆਪਣੇ ਰੱਥ ਉੱਤੇ ਬਿਠਾਕੇ, ਊਧੋ ਨੂੰ ਬਿੰਦਰਾਬਨ ਵਿਦਾ ਕੀਤਾ। ਊਧੋ ਜੀ ਰੱਥ ਉੱਤੇ ਮਥਰਾ ਪੁਰੀ ਵੱਲ ਟੁਰ ਪਏ।

**ਸਵੈਯਾ।।ਪ੍ਰਾਤ ਭਏ ਤੇ ਬੁਲਾਇ ਕੈ ਊਧਵ**
**ਪੈ ਬ੍ਰਿਜ ਭੂਮਹਿ ਭੇਜ ਦਯੋ ਹੈ।**
**ਸੋ ਚਲਿ ਨੰਦ ਕੇ ਧਾਮ ਗਯੋ**
**ਬਤੀਯਾਂ ਕਹਿ ਸੋਕ ਅਸੋਕ ਭਯੋ ਹੈ।**
**ਨੰਦ ਕਹਯੋ ਸੰਗਿ ਊਧਵ ਕੇ**
**ਕਬ ਹੂੰ ਹਰਿ ਜੀ ਮੁਹਿ ਚਿੱਤ ਕਯੋ ਹੈ।**
**ਯੋ ਕਹਿ ਕੈ ਸੁਧਿ-ਸਯਾਮਹਿ ਕੈ**
**ਧਰਨੀ ਪਰ ਸੋ ਮੁਰਝਾਇ ਪਯੋ ਹੈ।।੮੯੪।।**

*- ਦਸਮ ਗ੍ਰੰਥ ਪੰਨਾ ੩੭੩*

ਬਿੰਦਰਾਬਨ ਪਹੁੰਚ ਕੇ ਊਧੋ ਜੀ ਨੇ ਵੇਖਿਆ ਕਿ ਸੰਘਣੇ ਸੰਘਣੇ ਰੁੱਖਾਂ ਦੀਆਂ

ਟਹਿਣੀਆਂ ਉੱਤੇ ਭਾਂਤ ਭਾਂਤ ਦੇ ਪੰਛੀ ਮਨ ਭਾਉਂਦੀਆਂ ਬੋਲੀਆਂ ਬੋਲ ਰਹੇ ਸਨ। ਜਿੱਥੋਂ ਤਕ ਨਜ਼ਰ ਜਾਂਦੀ, ਖੋਲੀ, ਪੀਲੀ, ਭੂਰੀ, ਕਾਲੀ, ਲਾਖੀ, ਸਾਵੀਆਂ ਗਾਈਆਂ ਏਧਰ ਓਧਰ ਫਿਰ ਰਹੀਆਂ ਹਨ, ਥਾਂ ਥਾਂ ਤੇ ਗੋਪੀਆਂ ਗੁਆਲੇ ਸ੍ਰੀ ਕ੍ਰਿਸ਼ਨ ਜੀ ਦੀ ਯਾਦ ਵਿੱਚ ਉਦਾਸੀ ਦੇ ਗੀਤ ਗਾ ਕੇ ਆਪਣੇ ਮਨ ਦੀ ਵਿਆਕੁਲਤਾ ਨੂੰ ਸ਼ਾਂਤ ਕਰਨ ਦੇ ਪ੍ਰਯਾਸ ਵਿੱਚ ਲੱਗੇ ਹੋਏ ਸਨ। ਊਧੋ ਜੀ ਨੇ ਸ੍ਰੀ ਕ੍ਰਿਸ਼ਨ ਜੀ ਦਾ ਪੂਜਨੀਕ ਸਥਾਨ ਸਮਝਕੇ ਪਰਣਾਮ ਕੀਤਾ ਅਤੇ ਜਿਉਂ ਹੀ ਬ੍ਰਿਜ ਦੇ ਨੇੜੇ ਪਹੁੰਚੇ, ਦੂਰੋਂ ਹੀ ਕਿਸੇ ਨੇ ਸ੍ਰੀ ਕ੍ਰਿਸ਼ਨ ਜੀ ਦੇ ਰੱਥ ਦੀ ਪਛਾਣ ਕਰ ਲਈ ਅਤੇ ਉਸੇ ਵੇਲੇ ਦੌੜ ਕੇ ਨੰਦ ਬਾਬਾ ਕੋਲ ਜਾ ਕੇ ਕਿਹਾ, ''ਮਹਾਰਾਜ ! ਸ੍ਰੀ ਕ੍ਰਿਸ਼ਨ ਜੀ ਦਾ ਭੇਸ ਧਾਰਨ ਕਰਕੇ, ਉਨ੍ਹਾਂ ਦਾ ਰੱਥ ਲੈਕੇ, ਕੋਈ ਊਧੋ ਨਾਮ ਦਾ ਆਦਮੀ ਮਥਰਾ ਤੋਂ ਆਇਆ ਹੈ''। ਇਹ ਗੱਲ ਸੁਣਦਿਆਂ ਸਾਰ ਹੀ ਨੰਦ ਰਾਇ ਅਤੇ ਗੋਪ ਮੰਡਲੀ ਸਾਰੀ ਦੀ ਸਾਰੀ ਦੌੜ ਕੇ ਰੱਥ ਦੇ ਨੇੜੇ ਪਹੁੰਚੀ। ਊਧੋ ਦੇ ਕੋਲ ਪਹੁੰਚ ਕੇ, ਸ੍ਰੀ ਕ੍ਰਿਸ਼ਨ ਜੀ ਦਾ ਸੰਗੀ ਸਾਥੀ ਜਾਣਕੇ ਬਹੁਤ ਹੀ ਪਿਆਰ ਅਤੇ ਹਿੱਤ ਨਾਲ ਮਿਲੇ। ਸਾਰਿਆਂ ਦਾ ਹਾਲ ਪੁੱਛਿਆ ਅਤੇ ਬੜੇ ਆਦਰ ਮਾਣ ਨਾਲ ਉਸਨੂੰ ਆਪਣੇ ਘਰ ਲੈ ਆਏ। ਪਹਿਲਾਂ ਚਰਨ ਧੁਆ ਕੇ ਆਸਣ ਤੇ ਬੈਠਾਇਆ ਅਤੇ ਫਿਰ ਖਟ ਰਸ ਭੋਜਨ ਬਣਵਾਕ, ਊਧੋ ਜੀ ਦੀ ਸੇਵਾ ਕੀਤੀ ਗਈ। ਅਰਾਮ ਕਰਨ ਤੋਂ ਉਪਰੰਤ ਨੰਦ ਬਾਬਾ ਜੀ ਊਧੋ ਕੋਲ ਬੈਠਕੇ ਸਾਰਿਆਂ ਦਾ ਕੁਸ਼ਲ ਮੰਗਲ ਪੁਛਿਆ ਤੇ ਕਿਹਾ,''ਸ੍ਰੀ ਕ੍ਰਿਸ਼ਨ ਜੀ ਨੇ ਮੈਨੂੰ ਕਦੇ ਯਾਦ ਵੀ ਕੀਤਾ ਹੈ ਕਿ ਨਹੀਂ''? ਇਹ ਕਹਿੰਦਿਆਂ ਸਾਰ ਹੀ ਬੇਸੁਰਤ ਹੋ ਕੇ ਧਰਤੀ ਉੱਤੇ ਡਿੱਗ ਪਏ। ਊਧੋ ਜੀ ਨੇ ਕਿਹਾ, ਉਹ ਸ੍ਰੀ ਕ੍ਰਿਸ਼ਨ ਜੀ ਆ ਗਏ। ਊਧੋ ਦੇ ਮੂੰਹ ਤੋਂ ਸ੍ਰੀ ਕ੍ਰਿਸ਼ਨ ਜੀ ਦਾ ਨਾਮ ਸੁਣਦਿਆਂ ਨੰਦ ਬਾਬਾ ਉੱਠਕੇ ਬੈਠ ਗਏ ਅਤੇ ਉਸਦੇ ਮਨ ਦੇ ਸਾਰੇ ਸੰਤਾਪ ਦੂਰ ਹੋ ਗਏ। ਜਦੋਂ ਸਾਵਧਾਨ ਹੋ ਕੇ ਨੰਦ ਬਾਬਾ ਉਠ ਬੈਠੇ ਤਾਂ ਸ੍ਰੀ ਕ੍ਰਿਸ਼ਨ ਜੀ ਨਾ ਦਿੱਸੇ। ਉਸ ਵੇਲੇ ਉਨ੍ਹਾਂ ਨੇ ਕਿਹਾ,''ਮੈਨੂੰ ਪਤਾ ਹੈ ਕਿ ਊਧੋ ਨੇ ਮੇਰੇ ਨਾਲ ਧੋਖਾ ਕੀਤਾ ਹੈ, ਸ੍ਰੀ ਕ੍ਰਿਸ਼ਨ ਜੀ ਬ੍ਰਿਜ ਛੱਡਕੇ ਚਲੇ ਗਏ ਹਨ, ਜਿਹੜੇ ਮੁੜਕੇ ਵਾਪਸ ਬ੍ਰਿਜ ਅਜੇ ਨਹੀਂ ਆਏ''।

**ਜਬ ਨੰਦ ਪਰਯੋ ਗਿਰ ਭੂਮ ਬਿਖੈ,**
**ਤਬ ਯਾਹਿ ਕਹਯੋ ਜਦੁਬੀਰ ਅਏ।**
**ਸੁਨਿ ਕੈ ਬਤੀਯਾਂ ਉਠ ਠਾਢ ਭਯੋ**
**ਮਨ ਕੇ ਸਭ ਸੋਕ ਪਰਾਇ ਗਏ।**
**ਉਠਿ ਕੈ ਸੁਧਿ ਸੋ ਇਹ ਭਾਂਤਿ ਕਹਯੋ**
**ਹਮ ਜਾਨਤ ਊਧਵ ਪੇਚ ਕਏ।**
**ਤਜਕੈ ਬ੍ਰਿਜਕੋ ਪੁਰ ਬੀਚ ਗਏ**
**ਫਿਰਕੈ ਬ੍ਰਿਜ ਮੈ ਨਹੀ ਸਯਾਮ ਅਏ।।੮੯੫।।**

*– ਦਸਮ ਗ੍ਰੰਥ ਪੰਨਾ ੩੭੩*

ਬਾਬਾ ਨੰਦ ਨੇ ਕਿਹਾ,''ਬ੍ਰਿਜ ਨੂੰ ਛੱਡ ਕੇ ਮਥਰਾ ਨੂੰ ਚਲੇ ਗਏ ਹਨ ਅਤੇ ਬ੍ਰਿਜ ਦੇ ਲੋਕਾਂ ਨੂੰ ਬੜਾ ਭਾਰਾ ਦੁੱਖ ਦਿੱਤਾ ਹੈ, ਊਧੋ ਮੇਰੀ ਗੱਲ ਸੁਣੋ, ਉਨ੍ਹਾਂ ਤੋਂ ਬਿਨਾਂ ਸਾਡਾ ਸ਼ਹਿਰ ਸੁੰਞਾ ਹੋ ਗਿਆ ਹੈ। ਬਿਧਾਤਾ ਨੇ ਸਾਡੇ ਘਰ ਵਿੱਚ ਬਾਲਕ ਦੇ ਕੇ, ਕਿਸੇ ਅਪਰਾਧ ਤੋਂ ਬਿਨਾਂ ਹੀ ਸਾਡੇ ਪਾਸੋਂ ਖੋਹ ਲਿਆ ਹੈ।''ਇਸ ਤਰ੍ਹਾਂ ਕਹਿਕੇ, ਸਿਰ ਨਿਵਾ ਕੇ ਬਹਿ ਰਹੇ ਅਤੇ ਉਨ੍ਹਾਂ ਨੇ ਬੜਾ ਹੀ ਸੋਗ ਅਤੇ ਵਿਰਲਾਪ ਕੀਤਾ। ਇਹ ਗੱਲ ਕਹਿਕੇ ਫਿਰ ਬਾਬਾ ਨੰਦ ਜੀ ਧਰਤੀ ਉੱਤੇ ਡਿੱਗ ਪਏ। ਜਦੋਂ ਉਨ੍ਹਾਂ ਨੂੰ ਹੋਸ਼ ਆਈ ਤੇ ਫਿਰ ਊਧਵ ਨੂੰ ਪੁੱਛਣ ਲੱਗੇ, ''ਸ੍ਰੀ ਕ੍ਰਿਸ਼ਨ ਜੀ ਬ੍ਰਿਜ ਨੂੰ ਛੱਡ ਕੇ ਮਥਰਾ ਚਲੇ ਗਏ ਹਨ, ਤੁਸੀਂ ਹੁਣ ਸਾਨੂੰ ਇਹ ਗੱਲ ਦੱਸੋ ਕਿ ਸਾਡਾ ਕੀ ਕਸੂਰ ਹੈ ਅਤੇ ਇਸਦਾ ਕੀ ਕਾਰਨ ਹੈ ? ਮੈਂ ਹੁਣ ਉੱਠ ਕੇ ਤੇਰੇ ਚਰਨੀਂ ਪੈਂਦਾ ਹਾਂ, ਹੇ ਊਧਵ ਜੋ ਗੱਲ ਹੋਈ ਹੈ, ਉਹ ਸਾਰੀ ਦੀ ਸਾਰੀ ਜਿਉਂ ਦੀ ਤਿਉਂ ਕਹਿ ਦੇਹ, ਮੈਨੂੰ ਪਾਪੀ ਜਾਣਕੇ ਮੇਰੇ ਨਾਲ ਗੁੱਸੇ ਅਤੇ ਰੁੱਸੇ ਹੋਏ ਹਨ, ਕੀ ਇਸੇ ਕਰਕੇ ਮੇਰੀ ਖਬਰ ਨਹੀਂ ਲੈਂਦੇ ?"

**ਸਵੈਯਾ।।ਕਹਿ ਕੈ ਇਹ ਬਾਤ ਪਰਯੋ ਧਰਿ ਪੈ**
**ਉਠ ਫੇਰ ਕਹਯੋ ਸੰਗ ਊਧਵ ਇਉ।**
**ਤਜਿ ਕੈ ਬ੍ਰਿਜ ਸਯਾਮ ਗਏ ਮਥੁਰਾ**
**ਹਮ ਸੰਗ ਕਹੋ ਅਬ ਕਾਰਨਿ ਕਿਉ**
**ਤੁਮਰੇ ਅਬ ਪਾਇ ਲਗੋ ਉਠਿਕੈ**
**ਸੁ ਭਈ ਬਿਰਥਾ ਸੁ ਕਹੋ ਸਭ ਜਿਉ।**
**ਤਿਹਤੇ ਨਹੀਂ ਲੇਤ ਕਛੂ ਸੁਧਿ ਹੈ,**
**ਮੁਹਿ ਪਾਪ ਪਛਾਨ ਕਛੂ ਰਿਸ ਸਿਉ।।੮੯੭।।**

*- ਦਸਮ ਗ੍ਰੰਥ ਪੰਨਾ ੩੭੩*

ਊਧੋ ਨੇ ਉਨ੍ਹਾਂ ਨੂੰ ਸਾਂਤਵਨਾ ਦੇਣ ਦਾ ਪ੍ਰਯਤਨ ਕੀਤਾ, ਰੋਂਦਿਆਂ ਹੋਇਆਂ ਦੇ ਅੱਥਰੂ ਪੂੰਝਣ ਦਾ ਪ੍ਰਯਾਸ ਕੀਤਾ। ਨੰਦ ਬਾਬਾ ਨੂੰ ਧੀਰਜ ਦਿੰਦਿਆਂ ਹੋਇਆਂ ਊਧਵ ਜੀ ਨੇ ਕਿਹਾ,''ਤੁਸੀਂ ਰਤਾ ਜਿੰਨਾਂ ਭੀ ਸ਼ੋਕ ਨਾ ਕਰੋ। ਸ੍ਰੀ ਕ੍ਰਿਸ਼ਨ ਜੀ ਨੇ ਮੈਨੂੰ ਜੋ ਗੱਲ ਕਹੀ ਹੈ, ਉਸਦੀ ਸਾਰੀ ਬਿਰਥਾ ਸੁਣ ਲਵੋ, ਉਸਦੀ ਕਥਾ ਸੁਣ ਕੇ ਮਨ ਨੂੰ ਖੁਸ਼ੀ ਹੁੰਦੀ ਹੈ ਅਤੇ ਉਸਦੇ ਸੁੰਦਰ ਮੁਖੜੇ ਨੂੰ ਵੇਖਕੇ ਜੀਵਨ ਮਿਲਦਾ ਹੈ। ਉਨ੍ਹਾਂ ਨੇ ਕਿਹਾ ਹੈ ਤੁਸੀਂ ਰਤਾ ਭਰ ਵੀ ਚਿੰਤਾ ਨਹੀਂ ਕਰਨੀ, ਇਸ ਕਰਕੇ ਤੁਹਾਡਾ ਜ਼ਰਾ ਵੀ ਨੁਕਸਾਨ ਨਹੀਂ ਹੋਵੇਗਾ।''

ਸ੍ਰੀ ਕ੍ਰਿਸ਼ਨ ਜੀ ਦੀਆਂ ਗੱਲਾਂ ਸੁਣਕੇ ਬਾਬਾ ਨੰਦ ਜੀ ਦੇ ਮਨ ਵਿੱਚ ਧੀਰਜ ਆ ਗਿਆ, ਹੌਸਲਾ ਵੱਧ ਗਿਆ, ਉਨ੍ਹਾਂ ਦੇ ਸਾਰੇ ਕਸ਼ਟ ਦੂਰ ਹੋ ਗਏ, ਉਨ੍ਹਾਂ ਨੇ ਸਾਰੀਆਂ ਗੱਲਾਂ ਛੱਡ ਦਿੱਤੀਆਂ ਤੇ ਉਨ੍ਹਾਂ ਦਾ ਸਾਰਾ ਧਿਆਨ ਸ੍ਰੀ ਕ੍ਰਿਸ਼ਨ ਜੀ ਦੀ ਕਥਾ ਸੁਣਨ ਵਿੱਚ ਲੱਗ ਗਿਆ ਅਤੇ ਉਹ ਸ੍ਰੀ ਕ੍ਰਿਸ਼ਨ ਜੀ ਦੇ ਧਿਆਨ ਵਿੱਚ ਮਸਤ ਹੋ ਗਏ।

**ਸਵੈਯਾ।।ਸੁਨਿ ਕੈ ਇਮ ਊਧਵ ਤੇ ਬਤੀਯਾ**
**ਫਿਰ ਊਧਵ ਕੋ ਸੋਊ ਪੂਛਨ ਲਾਗਯੋ।**
**ਕਾਨ੍ਹ ਕਥਾ ਸੁਨਿ ਚਿੱਤ ਕੇ ਬੀਚ**
**ਹੁਲਾਸ ਬਢਿਯੋ ਸਭ ਹੀ ਦੁਖ ਭਾਗਯੋ।**
**ਅਉਰ ਦਈ ਸਭ ਛੋਰ ਕਥਾ,**
**ਹਰਿ ਬਾਤ ਸੁਨੈਬੇ ਬਿਖੈ ਅਨੁਰਾਗਯੋ।**
**ਧਯਾਨ ਲਗਾਵਤ ਜਿਓਂ ਜੁਗੀਯਾ ਇਹ**
**ਤਿਉ ਹਰਿ ਧਯਾਨ ਕੇ ਭੀਤਰ ਪਾਗਯੋ।।੯੦੦।।**

– *ਦਸਮ ਗ੍ਰੰਥ ਪੰਨਾ* **੩੭੪**

ਇਧਰ ਬ੍ਰਿਜ ਦੀ ਰਾਣੀ ਯਸ਼ੋਧਾ ਮਾਤਾ ਆਪਣੇ ਪਿਆਰੇ ਪੁੱਤਰ ਲਈ ਅਤਿ ਬਿਹਬਲ ਵਿਆਕੁਲ ਹੋ ਰਹੀ ਸੀ। ਉਨ੍ਹਾਂ ਨੇ ਊਧੋ ਨੂੰ ਕਿਹਾ,''ਊਧੋ ਮੇਰੇ ਪੁੱਤਰ ਸ੍ਰੀ ਕ੍ਰਿਸ਼ਨ ਜੀ ਨੂੰ ਇਹ ਬੇਨਤੀ ਕਰ ਦੇਣੀ, ਫਿਰ ਇੱਧਰ ਆਵੇ ਅਤੇ ਇੱਥੇ ਆ ਕੇ ਮੱਖਣ ਖਾਵੇ। ਹੇ ਬ੍ਰਿਜ ਨਾਥ ! ਤੁਸੀਂ ਸਾਨੂੰ ਸਾਰਿਆਂ ਨੂੰ ਬਹੁਤ ਹੀ ਪਿਆਰੇ ਲਗਦੇ ਹੋ। ਤੁਸੀਂ ਸਾਡੇ ਪ੍ਰੇਮ ਦੀ ਵੀਚਾਰ ਕਰੋ। ਹੇ ਪੁਤੱਰ, ਤੁਸੀਂ ਛੇਤੀ ਮਥਰਾ ਛੱਡ ਕੇ, ਬ੍ਰਿਜ ਵਿੱਚ ਆ ਜਾਵੋ। ਜਦੋਂ ਇਵਾਣੇ ਬਾਲ ਸਓ, ਉਸ ਵੇਲੇ ਤਾਂ ਤੁਸੀ ਸਾਰੀਆਂ ਗੱਲਾਂ ਮੰਨਦੇ ਸਓ, ਹੁਣ ਸਿਆਣੇ ਹੋ ਗਏ ਹੋ ਤੁਸੀਂ ਮੇਰੀ ਇੱਕ ਗੱਲ ਭੀ ਨਹੀਂ ਮੰਨਦੇ। ਮੇਰਾ ਕਹਿਣਾ ਮੰਨਕੇ ਤੁਸੀ ਇੱਕ ਖਿਨ ਵਿੱਚ ਬ੍ਰਿਜ ਵਿੱਚ ਆ ਜਾਓ, ਬ੍ਰਿਜ ਦੇ ਵਿੱਚ ਰਹਿਣ ਵਾਲਿਆਂ ਨੂੰ ਸੁਖ ਦਿਉ। ਤੁਹਾਨੂੰ ਉਹ ਦਿਨ ਭੁੱਲ ਗਏ ਹਨ, ਜਿਸ ਵੇਲੇ ਸਾਡੇ ਪੈਰੀ ਪੈਂਦੇ ਸੀ''।

**ਮਾਤ ਕਰੀ ਬਿਨਤੀ ਤੁਮ ਪੈ ਕਬਿ**
**ਸਯਾਮ ਕਹੈ ਜੋਊ ਹੈ ਬ੍ਰਿਜ ਰਾਨੀ।**
**ਤਾ ਹੀ ਕੋ ਪ੍ਰੇਮ ਘਨੋ ਤੁਮ ਸੋਂ ਹਮ**
**ਆਪਨੇ ਜੀ ਮਹਿ ਪ੍ਰੀਤਿ ਪਛਾਨੀ।**
**ਤਾ ਤੇ ਕਹਿਓ ਤਜਿ ਕੈ ਮਥੁਰਾ**
**ਬ੍ਰਿਜ ਆਵਹੁ ਯਾ ਬਿਧਿ ਬਾਤ ਬਖਾਨੀ।**
**ਇਯਾਨੇ ਹੁਤੇ ਤਬ ਮਾਨਤ ਥੇ ਅਬ**
**ਸਯਾਨੇ ਭਏ ਤਬ ਏਕ ਨ ਮਾਨੀ।।੯੬੧।।**

– *ਦਸਮ ਗ੍ਰੰਥ ਪੰਨਾ* **੩੯੩**

ਇਸ ਤਰ੍ਹਾਂ ਬ੍ਰਿਜ ਦੇ ਦੁਖਦਾਈ ਲੋਕਾਂ ਨੂੰ, ਬਾਬਾ ਨੰਦ ਮਾਤਾ ਯਸ਼ੋਧਾ ਨੂੰ ਸਾਂਤਵਨਾ ਦੇ ਕੇ, ਸ੍ਰੀ ਕ੍ਰਿਸ਼ਨ ਜੀ ਦਾ ਸੰਦੇਸਾ ਦੇ, ਲੈ ਕੇ, ਊਧੋ ਆਪਣੇ ਗਿਆਨ ਦੀ ਚਰਚਾ ਕਰਨ ਲਈ ਗੋਪੀਆਂ ਦੀ ਵਿਆਕੁਲਤਾ ਦੁੱਖ, ਪੀੜਾ ਜਾਣਨ ਲਈ ਉਨ੍ਹਾਂ ਕੋਲ ਪਹੁੰਚੇ।

ਊਧੋ ਨੂੰ ਵੇਖਕੇ ਸਾਰੀਆਂ ਗੋਪੀਆਂ ਤੜਫੜਾ ਉਠੀਆਂ ਅਤੇ ਸਾਰੀਆਂ ਗੋਪੀਆਂ ਤੋਂ ਵੱਧ ਤੜਪ ਉੱਠੀ ਬ੍ਰਿਖਭਾਨ ਦੀ ਲੜਕੀ ਰਾਧਾ। ਉਹ ਅਤਿਅੰਤ ਦੁਖੀ ਹੋ ਕੇ ਊਧਵ ਨੂੰ ਕਹਿਣ ਲੱਗੀ ਕਿ ਉਸਨੂੰ ਗਹਿਣੇ, ਭੋਜਨ, ਬਸਤ੍ਰ ਤੇ ਘਰ ਆਦਿਕ ਜੋ ਕੁਝ ਵੀ ਹੈ, ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਚੰਗਾ ਨਹੀਂ ਲਗਦਾ। ਇਸ ਤਰ੍ਹਾਂ ਦੇ ਬਚਨ ਕਰਨ ਨਾਲ ਉਨ੍ਹਾਂ ਦੇ ਨੈਣ ਸ੍ਰੀ ਕ੍ਰਿਸ਼ਨ ਜੀ ਦੇ ਵਿਯੋਗ ਦੇ ਵੱਸ ਵਿੱਚ ਹੋ ਗਏ, ਅਤੇ ਰਾਧਾ ਜੀ ਦੇ ਨੇਤਰਾਂ ਵਿੱਚ ਦੁੱਖ ਕਰਕੇ ਜਲ ਵੱਗਣ ਲਗ ਪਿਆ। ਉਹ ਪ੍ਰੇਮ ਰਸ ਵਿੱਚ ਮਸਤ ਹੋ ਗਏ, ਅਤੇ ਸ੍ਰੀ ਕ੍ਰਿਸ਼ਨ ਜੀ ਨੂੰ ਯਾਦ ਕਰ ਕਰਕੇ ਰੋਣ ਲਗ ਪਏ। ਅੱਖਾਂ ਵਿੱਚੋਂ ਜਲ ਨਿਕਲਣ ਨਾਲ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਕੱਜਲ ਨਿਕਲਕੇ ਅੱਖਾਂ ਦੇ ਜਲ ਰਾਹੀਂ ਬਾਹਰ ਨਿਕਲਣ ਲੱਗ ਪਿਆ। ਚੰਦ੍ਰਮਾਂ ਨੂੰ ਜੋ ਕਲੰਕ ਲੱਗਾ ਹੋਇਆ ਸੀ, ਉਹ ਕਲੰਕ ਹੀ ਰਾਧਾ ਜੀ ਦੀਆਂ ਅੱਖਾਂ ਰਾਹੀਂ ਨੁਚੱੜ ਕੇ ਨਿਕਲ ਰਿਹਾ ਸੀ। ਰਾਧਾ ਜੀ ਨੇ ਆਪਣੇ ਮਨ ਵਿੱਚ ਧੀਰਜ ਧਾਰਨ ਕੀਤਾ ਅਤੇ ਊਧੋ ਜੀ ਨਾਲ ਬਚਨ ਕਰਨੇ ਸ਼ੁਰੂ ਕਰ ਦਿੱਤੇ, ਸ਼੍ਰੀ ਕ੍ਰਿਸ਼ਨ ਜੀ ਨੇ ਬ੍ਰਿਜ ਵਿੱਚ ਵੱਸਣ ਵਾਲਿਆਂ ਨਾਲੋਂ ਇੱਕ ਦਮ ਹੀ ਪ੍ਰੇਮ ਤਿਆਗ ਦਿੱਤਾ ਹੈ, ਸਾਡੇ ਵਿੱਚ ਹੀ ਕੋਈ ਘਾਟ ਹੋਵੇਗੀ, ਕੋਈ ਖੋਟ ਹੋਵੇਗਾ ਜਿਸਨੂੰ ਸ੍ਰੀ ਕ੍ਰਿਸ਼ਨ ਜੀ ਨੇ ਜਾਣ ਲਿਆ ਹੈ। ਜਿਸ ਵੇਲੇ ਸ੍ਰੀ ਕ੍ਰਿਸ਼ਨ ਜੀ ਰੱਥ ਵਿੱਚ ਬੈਠੇ ਸਨ, ਉਨ੍ਹਾਂ ਨੇ ਸਾਡੇ ਵੱਲ ਵੇਖਿਆ ਤਕ ਨਹੀਂ ਸੀ। ਬ੍ਰਿਜ ਨੂੰ ਤਿਆਗ ਕੇ ਮਥਰਾਪੁਰੀ ਚਲੇ ਗਏ ਹਨ, ਇਸ ਤੋਂ ਸਪਸ਼ਟ ਹੈ, ਸਾਡੇ ਭਾਗ ਹੀ ਮੰਦੇ ਹਨ।

**ਸਵੈਯਾ।।ਗਹਿ ਧੀਰਜ ਊਧਵ ਸੋ ਬਚਨਾ**
**ਬ੍ਰਿਖਭਾਨ ਸੁਤਾ ਇਹ ਭਾਂਤਿ ਉਚਾਰੇ।**
**ਨੇਹੁ ਤਜਯੋ ਬ੍ਰਿਜਬਾਸਨ ਸੋ,**
**ਤਿਹ ਤੇ ਕਛੂ ਜਾਨਤ ਦੋਖ ਬਿਚਾਰੇ।**
**ਬੈਠ ਗਏ ਰਥ ਭੀਤਰ ਆਪ**
**ਨਹੀ ਇਨ ਕੀ ਸੋਊ ਓਰ ਨਿਹਾਰੇ।**
**ਤਯਾਗਿ ਗਏ ਬ੍ਰਿਜ ਕੋ ਮਥਰਾ**
**ਹਮ ਜਾਨਤ ਹੈ ਘਟ ਭਾਗ ਹਮਾਰੇ।।੯੪੧।।**

*– ਦਸਮ ਗ੍ਰੰਥ ਪੰਨਾ* **੩੮੦**

ਊਧੋ ਰਾਹੀਂ ਰਾਧਾ ਜੀ ਨੇ ਆਪਣੇ ਪਿਆਰੇ ਕੰਤ ਲਈ ਸੁਨੇਹਾ ਭੇਜਿਆ, ‘‘ਹੇ ਊਧੋ ਜਦੋਂ ਤੁਸੀਂ ਮਥਰਾ ਵਿੱਚ ਜਾਵੋ, ਮੇਰੇ ਵੱਲੋਂ ਇਹ ਬੇਨਤੀ ਕਰਨੀ, ਸਭ ਤੋਂ ਪਹਿਲਾਂ ਦਸ ਘੜੀਆਂ ਤਕ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਨੂੰ ਫੜ ਰੱਖੀ ਤੇ ਫਿਰ ਉਹਨਾ ਨੂੰ ਮੇਰੇ ਨਾਮ ਦਾ ਚੇਤਾ ਕਰਾਉਣਾ। ਉਸ ਤੋਂ ਬਾਅਦ ਫਿਰ ਸ੍ਰੀ ਕ੍ਰਿਸ਼ਨ ਜੀ ਨੂੰ ਕਹਿਣਾਂ ਕਿ ਤੁਸੀ ਸਾਡੇ ਨਾਲ ਹਿਤ ਜੋੜ ਗਏ ਹੋ ਪਰ ਕਦੇ ਤੇ ਸਾਡੇ ਹਿਤ ਨੂੰ ਯਾਦ ਕਰ ਲਵੋ। ਜਦੋਂ ਤੋਂ ਮੇਰਾ ਮਨ ਸ੍ਰੀ ਕ੍ਰਿਸ਼ਨ ਜੀ ਦੇ ਪ੍ਰੇਮ ਨਾਲ ਭਰਿਆ ਹੈ, ਉਸ ਵੇਲੇ ਤੋਂ ਹੀ ਸਾਰੀਆਂ ਗੱਲਾਂ ਛੱਡ ਦਿੱਤੀਆਂ ਸਨ। ਉਨ੍ਹਾਂ ਨੂੰ ਯਾਦ ਕਰਾਉਣਾ, ਜਦੋਂ ਉਹ ਬਨ ਵਿੱਚ

ਮੇਰੇ ਨਾਲ ਅੜ ਖਲੋਤੇ ਸਨ, ਮੇਰੇ ਨਾਲ ਰੁੱਸ ਗਏ ਸਨ, ਉਦੋਂ ਮੈਂ ਮਾਣ ਕੀਤਾ ਸੀ, ਉਹਨਾਂ ਨੇ ਮੇਰੇ ਨਾਲ ਜੋ ਖੇਲ ਕੀਤੇ ਸਨ, ਉਹਨਾਂ ਨੂੰ ਮਨ ਵਿੱਚ ਚੇਤੇ ਕਰੋ, ਮੇਰੇ ਨਾਲ ਜੋ ਪ੍ਰੇਮ ਪਿਆਰ ਦੀਆਂ ਗੱਲਾਂ ਕੀਤੀਆਂ ਸਨ, ਉਨ੍ਹਾਂ ਨੂੰ ਆਪਣੇ ਚਿਤ ਵਿੱਚ ਚੇਤੇ ਕਰੋ, ਬ੍ਰਿਜ ਨੂੰ ਕਿਸ ਕਰਕੇ ਤਿਆਗ ਦਿੱਤਾ ਹੈ ਅਤੇ ਮਥਰਾ ਕਿਉਂ ਚਲੇ ਗਏ ਹੋ ? ਸਾਨੂੰ ਪਤਾ ਹੈ, ਇਸ ਵਿੱਚ ਤੁਹਾਡਾ ਕੋਈ ਦੋਸ਼ ਨਹੀਂ, ਸਾਡੇ ਭਾਗ ਹੀ ਮੰਦੇ ਹਨ ? ਅਸੀ ਜ਼ਰੂਰ ਕੋਈ ਭੈੜੇ ਕਰਮ ਕੀਤੇ ਹਨ।''

ਰਾਧਾ ਜੀ ਦੇ ਵਿਯੋਗ ਭਰਪੂਰ ਬਚਨ ਸੁਣ ਕੇ ਊਧੋ ਨੇ ਰਾਧਾ ਜੀ ਨੂੰ ਭਰੋਸਾ ਦਿਵਾਇਆ ਕਿ ਸ੍ਰੀ ਕ੍ਰਿਸ਼ਨ ਜੀ ਦੀ ਪ੍ਰੀਤ ਰਾਧਾ ਨਾਲ ਤਾਂ ਸਭ ਤੋਂ ਜ਼ਿਆਦਾ ਹੈ। ਪਰ ਊਧਵ ਨੂੰ ਇਹ ਪਤਾ ਨਹੀਂ ਲੱਗ ਰਿਹਾ ਸੀ ਕਿ ਸ੍ਰੀ ਕ੍ਰਿਸ਼ਨ ਜੀ ਹੁਣ ਮਥਰਾ ਨੂੰ ਛੱਡਕੇ ਕਿਵੇਂ ਆ ਸਕਦੇ ਸਨ, ਕਿਉਂਕਿ ਸ੍ਰੀ ਕ੍ਰਿਸ਼ਨ ਜੀ ਤਾਂ ਗੋਪੀਆਂ ਦੇ ਮੋੜਨ ਤੇ ਵੀ ਨਹੀਂ ਰੁਕੇ। ਰਾਧਾ ਜੀ ਤਾਂ ਕਿਸੇ ਨੂੰ ਵੀ ਦੋਸ਼ ਨਹੀਂ ਦਿੰਦੇ ਉਹ ਤਾਂ ਸਿਰਫ ਇਹ ਜਾਣਦੇ ਹਨ :-

**ਜਾਨਤ ਹੈ ਹਮਰੇ ਘਟਿ ਭਾਗਨ**
**ਆਵਤ ਹੈ ਹਰਿ ਜੂ ਫਿਰ ਡੇਰੈ।।੯੪੫।।**

*- ਦਸਮ ਗ੍ਰੰਥ ਪੰਨਾ ੩੮੦*

ਇਹ ਯਾਦ ਕਰਕੇ ਰਾਧਾ ਜੀ ਫਿਰ ਰੋਣ ਲੱਗ ਪਏ ਤੇ ਉਨ੍ਹਾਂ ਦਾ ਮਨ ਅਤਿਅੰਤ ਸ਼ੋਕ ਨਾਲ ਭਰਪੂਰ ਹੋ ਗਿਆ। ਮਨ ਦੀਆਂ ਸਾਰੀਆਂ ਖੁਸ਼ੀਆਂ ਖਤਮ ਹੋ ਗਈਆਂ ਅਤੇ ਉਹ ਚੱਕਰ ਖਾ ਕੇ ਬੇਸੁੱਧ ਹੋ ਕੇ ਧਰਤੀ ਉੱਤੇ ਡਿੱਗ ਪਏ। ਸਾਰੀ ਸੁੱਧ ਭੁੱਲ ਗਈ ਅਤੇ ਰਾਧਾ ਜੀ ਨੇ ਮਨ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਧਿਆਨ ਵਿੱਚ ਲਗਾ ਦਿੱਤਾ, ਅਤੇ,

**ਯੌਂ ਕਹਿ ਊਧਵ ਸੋ ਤਿਨ ਟੇਰ**
**ਹਹਾ ਹਮਰੇ ਗ੍ਰਹ ਸਯਾਮ ਨ ਆਯੋ।।੯੪੬।।**

*- ਦਸਮ ਗ੍ਰੰਥ ਪੰਨਾ ੩੮੧*

ਰਾਧਾ ਜੀ ਨੂੰ ਉਨ੍ਹਾਂ ਦਿਨਾਂ ਦੀ ਯਾਦ ਆ ਗਈ ਜਦੋਂ ਉਹ ਗੋਪੀਆਂ ਨਾਲ ਮਿਲਕੇ ਬ੍ਰਿਜ ਦੀਆਂ ਗਲੀਆਂ ਵਿੱਚ ਖੇਡਾਂ ਮਚਾਉਂਦੇ ਸਨ। ਉਸ ਵੇਲੇ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਮੰਗਲਮਈ ਗੀਤ ਗਾਉਂਦੇ ਸਨ। ਸ੍ਰੀ ਕ੍ਰਿਸ਼ਨ ਜੀ ਦਾ ਮਨ ਗੋਪੀਆਂ ਤੋਂ ਉਚਾਟ ਹੋ ਗਿਆ ਹੈ, ਇਸ ਲਈ ਬ੍ਰਿਜ ਤਿਆਗ ਕੇ ਮਥਰਾ ਚਲੇ ਗਏ ਹਨ ਤੇ ਅਜੇ ਤਕ ਵਾਪਸ ਪਰਤਣ ਦਾ ਪ੍ਰੋਗ੍ਰਾਮ ਨਹੀਂ ਬਣਾਇਆ। ਬ੍ਰਿਜਨਾਥ ਨੇ ਸਾਰੀਆਂ ਗੋਪੀਆਂ ਨੂੰ ਭੁਲਾ ਦਿੱਤਾ ਹੈ। ਸ੍ਰੀ ਕ੍ਰਿਸ਼ਨ ਜੀ ਉਥੋਂ ਦੀਆਂ ਵਾਸਣੀਆਂ ਨਾਲ ਰਚ ਮਿਚ ਗਏ ਹਨ ਅਤੇ ਉਨ੍ਹਾਂ ਨੂੰ ਉਹ ਬਹੁਤ ਪਿਆਰੀਆਂ ਲਗਦੀਆਂ ਹਨ। ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਸਾਰੀਆਂ ਗੋਪੀਆਂ ਅਤਿ ਵਿਆਕੁਲ ਹੋ ਰਹੀਆਂ ਸਨ ਤੇ ਸ੍ਰੀ ਕ੍ਰਿਸ਼ਨ ਜੀ ਨੇ ਇਨ੍ਹਾਂ ਗੋਪੀਆਂ ਨੂੰ ਇੰਝ ਤਿਆਗ ਦਿੱਤਾ ਹੈ, ਜਿਸ ਤਰ੍ਹਾਂ ਸੱਪ ਆਪਣੀ ਕੁੰਜ

ਤਿਆਗ ਦਿੰਦਾ ਹੈ। ਸ੍ਰੀ ਕ੍ਰਿਸ਼ਨ ਜੀ ਦੇ ਚਿਹਰੇ ਦੀ ਚਮਕ ਚੰਦ੍ਰਮਾ ਦੇ ਸਮਾਨ ਹੈ, ਉਹ ਤਿੰਨਾਂ ਲੋਕਾਂ ਵਿੱਚ ਪ੍ਰਭਾ-ਰੂਪ ਹੋ ਕੇ ਚਮਕ ਰਹੀ ਹੈ। ਸ੍ਰੀ ਕ੍ਰਿਸ਼ਨ ਜੀ ਮਥਰਾ ਪੁਰੀ, ਬ੍ਰਿਜ ਨੂੰ ਤਿਆਗ ਕੇ ਚਲੇ ਗਏ ਹਨ ਇਸ ਲਈ ਰਾਧਾ ਜੀ ਆਪਣੇ ਪਿਆਰੇ ਕੰਤ ਬਿਨਾਂ ਅਤਿ ਵਿਆਕੁਲ ਹੋ ਉੱਠੇ। ਜਿਸ ਦਿਨ ਤੋਂ ਸ੍ਰੀ ਕ੍ਰਿਸ਼ਨ ਜੀ ਮਥਰਾ ਚਲੇ ਗਏ ਹਨ, ਉਸ ਦਿਨ ਤੋਂ ਲੈ ਕੇ ਕਿਸੇ ਨੇ ਵੀ ਆ ਕੇ ਰਾਧਾ ਜੀ ਅਤੇ ਹੋਰ ਗੋਪੀਆਂ ਦੀ ਖ਼ਬਰ ਨਹੀਂ ਲਈ ਹੈ। ਜਿਸ ਦਿਨ ਦੇ ਸ੍ਰੀ ਕ੍ਰਿਸ਼ਨ ਜੀ ਗਏ ਹਨ ਉਹਨਾਂ ਨੇ ਕਿਸੇ ਹੋਰ ਮਨੁੱਖ ਨੂੰ ਵੀ ਉਨ੍ਹਾਂ ਦੀ ਖਬਰ ਲੈਣ ਨਹੀਂ ਭੇਜਿਆ। ਸ੍ਰੀ ਕ੍ਰਿਸ਼ਨ ਜੀ ਨੇ ਗੋਪੀਆਂ ਨਾਲ ਸਾਰਾ ਹੀ ਪ੍ਰੇਮ ਵਿਸਾਰ ਦਿੱਤਾ ਹੈ।

ਉਹ ਆਪ ਤਾਂ ਸ਼ਹਿਰ ਵਾਸਣੀਆਂ ਨਾਲ ਰਚ ਮਿਚ ਗਏ ਹਨ, ਬ੍ਰਿਜ ਦੀਆਂ ਵਿਚਾਰੀਆਂ ਗੋਪੀਆਂ ਨੂੰ ਉਨ੍ਹਾਂ ਨੇ ਸਾਰੇ ਦਾ ਸਾਰਾ ਭੁਲਾ ਦਿੱਤਾ ਹੈ, ਉਨ੍ਹਾਂ ਨੂੰ ਪੀੜਾ ਅਤੇ ਦੁੱਖ ਦੇ ਰਹੇ ਹਨ, ਅਤੇ ਮਥਰਾ ਵਾਸਨੀਆਂ ਨੂੰ ਖੁਸ਼ੀਆਂ ਅਤੇ ਖੇੜਾ ਪ੍ਰਦਾਨ ਕਰ ਰਹੇ ਹਨ। ਪਤਾ ਨਹੀਂ ਸ੍ਰੀ ਕ੍ਰਿਸ਼ਨ ਜੀ ਦੇ ਮਨ ਵਿੱਚ ਕੀ ਆ ਗਿਆ ਹੈ। ਜਦੋਂ ਦੇ ਸ੍ਰੀ ਕ੍ਰਿਸ਼ਨ ਜੀ ਮਥਰਾ ਗਏ ਹਨ, ਉਦੋਂ ਤੋਂ ਇੱਕ ਵਾਰੀ ਵੀ ਮੁੜਕੇ ਵਾਪਸ ਬ੍ਰਿਜ ਨਹੀਂ ਆਏ। ਉਹ ਆਪ ਵੀ ਮਥਰਾ ਵਾਸਨੀਆਂ ਉੱਤੇ ਖੁਸ਼ ਹਨ, ਅਤੇ ਉਨ੍ਹਾਂ ਦੇ ਨਾਲ ਰਚ ਮਿਚ ਗਏ ਹਨ। ਸ੍ਰੀ ਕ੍ਰਿਸ਼ਨ ਜੀ ਨੇ ਐਨੀ ਪੀੜਾ ਦਿੱਤੀ ਹੈ, ਕਿ ਉਨ੍ਹਾਂ ਦਾ ਜਨਮ ਜਿਵੇ ਬ੍ਰਿਜ ਵਿਖੇ ਨਹੀਂ ਸੀ ਹੋਇਆ ਇਸ ਲਈ ਉਹ ਇੱਕ ਖਿਨ ਵਿੱਚ ਹੀ ਪਰਾਏ ਹੋ ਗਏ ਹਨ, ਬੇਗਾਨੇ ਹੋ ਗਏ ਹਨ।

**ਸਵੈਯਾ।।ਤਯਾਗ ਗਏ ਨ ਲਈ ਇਨ ਕੀ ਸੁਧ**
**ਹੋਤ ਕਛੂ ਮਨ ਮੋਹ ਤੁਹਾਰੇ।**
**ਆਪ ਰਚੇ ਪੁਰ ਬਾਸਨ ਸੌਂ ਇਨ**
**ਕੇ ਸਭ ਪ੍ਰੇਮ ਬਿਦਾ ਕਰਿ ਡਾਰੇ।**
**ਤਾਤੇ ਨਾ ਮਾਨ ਕਰੋ ਫਿਰਿ ਆਵਹੁ**
**ਜੀਤਤ ਭੇ ਤੁਮਹੂ ਹਮ ਹਾਰੇ।**
**ਤਾਤੇ ਤਜੋ ਮਥੁਰਾ ਫਿਰ ਆਵਹੁ**
**ਹੇ ਸਭ ਗਊਅਨਿ ਕੈ ਰਖਵਾਰੇ।।੯੫੨।।**

*- ਦਸਮ ਗ੍ਰੰਥ ਪੰਨਾ ੩੮੧*

ਸ੍ਰੀ ਕ੍ਰਿਸ਼ਨ ਜੀ ਗੋਪੀਆਂ ਨੂੰ ਤਿਆਗ ਕੇ ਮਥਰਾ ਗਏ ਹਨ, ਉਨ੍ਹਾਂ ਨੇ ਕਦੇ ਵੀ ਆ ਕੇ ਇਨ੍ਹਾਂ ਵਿਚਾਰੀਆਂ ਗੋਪੀਆਂ ਦੀ ਖਬਰ ਨਹੀਂ ਲਈ, ਸ੍ਰੀ ਕ੍ਰਿਸ਼ਨ ਜੀ ਨੇ ਮਨ ਵਿੱਚ ਮੋਹ ਬਿਲਕੁਲ ਹੀ ਖਤਮ ਕਰ ਦਿੱਤਾ ਲਗਦਾ ਹੈ, ਇਸੇ ਕਰਕੇ ਗੋਪੀਆਂ ਨੂੰ ਵਿਸਾਰ ਦਿੱਤਾ ਹੈ। ਗੋਪੀਆਂ ਆਪਣੀ ਹਾਰ ਮੰਨਦੀਆਂ ਹਨ ਅਤੇ ਸ੍ਰੀ ਕ੍ਰਿਸ਼ਨ ਜੀ ਦੀ ਜਿੱਤ ਹੋ ਗਈ ਹੈ, ਇਸ ਕਰਕੇ ਸ੍ਰੀ ਕ੍ਰਿਸ਼ਨ ਜੀ ਗੋਪੀਆਂ ਤੇ ਕ੍ਰਿਪਾ ਕਰਨ ਤੇ ਜਲਦੀ ਹੀ ਮੁੜ ਕੇ ਵਾਪਸ ਬ੍ਰਿਜ ਆਉਣ। ਗਊਆਂ ਦੇ ਰਖਵਾਲੇ ਸ੍ਰੀ ਕ੍ਰਿਸ਼ਨ ਜੀ ਜਲਦੀ

ਹੀ ਮਥਰਾ ਨੂੰ ਛੱਡ ਕੇ ਬ੍ਰਿਜ ਵਾਪਸ ਆ ਕੇ ਗੋਪੀਆਂ ਨੂੰ ਨਿਵਾਜਣ। ਰਾਧਾ ਜੀ ਤਾਂ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਨਹੀਂ ਰਹਿ ਸਕਦੇ ਸਨ, ਨਾਲ ਸਾਰੀਆਂ ਗੋਪੀਆਂ ਵੀ ਸ੍ਰੀ ਕ੍ਰਿਸ਼ਨ ਜੀ ਨੂੰ ਚੇਤੇ ਕਰਕੇ ਆਪਣੇ ਮਨਾਂ ਵਿੱਚ ਅਤਿਅੰਤ ਦੁਖੀ ਹੋ ਰਹੀਆਂ ਸਨ। ਇੱਕ ਤਾਂ ਬੇਹੋਸ਼ ਹੋ ਕੇ ਧਰਤੀ ਉੱਤੇ ਡਿੱਗ ਪਈ ਅਤੇ ਇੱਕ ਵਿਜੋਗ ਦੇ ਦੁੱਖ ਦੀ ਭਰੀ ਹੋਈ ਵਿਛੋੜੇ ਦੇ ਗੀਤ ਗਾ ਰਹੀ ਸੀ। ਕਿਸੇ ਇੱਕ ਗੋਪੀ ਦੇ ਮੁਖ ਤੋਂ 'ਹਾਏ ਸ੍ਰੀ ਕ੍ਰਿਸ਼ਨ' ਨਿਕਲਿਆ, ਦੂਸਰੀ ਗੋਪੀ ਸ੍ਰੀ ਕ੍ਰਿਸ਼ਨ ਜੀ ਦਾ ਨਾਮ ਸੁਣਕੇ ਉੱਠ ਦੌੜਦੀ ਹੈ। ਜਦੋਂ ਉਸਨੂੰ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਨਹੀਂ ਹੁੰਦੇ ਹਨ ਤਾਂ ਉਹ ਵਿਰਲਾਪ ਕਰਨ ਲਗਦੀ ਹੈ ਕਿ ਸ੍ਰੀ ਕ੍ਰਿਸ਼ਨ ਜੀ ਹੁਣ ਉਨ੍ਹਾਂ ਦੇ ਹੱਥ ਵਿੱਚ ਨਹੀਂ ਆਉਣਗੇ। ਜਦੋਂ ਗੋਪੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਆਉਣ ਦੀ ਕੋਈ ਖਬਰ ਨਾ ਮਿਲੀ ਤਾਂ ਉਹ ਆਪਣੇ ਪਿਆਰੇ ਇਸ਼ਟ ਤੋਂ ਬਿਨਾਂ ਅਤਿ ਵਿਆਕੁਲ ਚਿਤ ਹੋ ਗਈਆਂ। ਰਾਧਾ ਜੀ ਅਧੀਰ ਹੋ ਗਏ ਅਤੇ ਉਨ੍ਹਾਂ ਦਾ ਮਨ ਅਤਿ ਵਿਆਕੁਲ ਹੋ ਗਿਆ, ਮੁਰਝਾ ਗਿਆ, ਕੁਮਲਾ ਗਿਆ, ਅਤੇ ਮਨ ਦੀ ਸਾਰੀ ਖੁਸ਼ੀ ਮਾਰੀ ਗਈ। ਰਾਧਾ ਜੀ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਨਾ ਆਉਣ ਦਾ ਅਤਿਅੰਤ ਦੁੱਖ ਹੋ ਰਿਹਾ ਸੀ, ਜਿਸਦਾ ਵਰਣਨ ਕਰਨਾ ਅਤਿ ਕਠਿਨ ਸੀ। ਊਧੋ ਨੇ ਗੋਪੀਆਂ ਨੂੰ ਸਾਂਤਵਨਾ ਦਿੱਤੀ ਤੇ ਕਿਹਾ :-

**ਜੋਗਨਿ ਹੋਇ ਜਪੋ ਹਰਿ ਕੋ ਮੁਖ**
**ਮਾਂਗਹੁ ਗੀ ਤੁਮ ਸੋ ਬਰ ਦੈਹੈ।।੯੫੫।।**

– *ਦਸਮ ਗ੍ਰੰਥ ਪੰਨਾ* ੩੮੨

ਊਧਵ ਨੇ ਗੋਪੀਆਂ ਨੂੰ ਸਿੱਖਿਆ ਦਿੱਤੀ ਕਿ ਉਹ ਜੋਗਨੀਆਂ ਹੋ ਜਾਣ ਅਤੇ ਸ੍ਰੀ ਕ੍ਰਿਸ਼ਨ ਜੀ ਨੂੰ ਯਾਦ ਕਰਨ, ਅਤੇ ਜੋ ਵੀ ਉਹ ਆਪਣੇ ਮੂੰਹੋ ਮੰਗਣਗੀਆਂ, ਉਹ ਵਰ ਉਹਨਾਂ ਨੂੰ ਸ੍ਰੀ ਕ੍ਰਿਸ਼ਨ ਜੀ ਕੋਲੋਂ ਮਿਲੇਗਾ। ਇਸ ਤਰ੍ਹਾਂ ਆਪਣੇ ਪਿਆਰੇ ਕੰਤ ਦਾ ਸੁਨੇਹਾ ਊਧੋ ਨੂੰ ਦੇ ਕੇ ਗੋਪੀਆਂ ਦੀਆਂ ਅੱਖਾਂ ਇੱਕ ਟਕ ਆਪਣੇ ਪਿਆਰੇ ਦੇ ਰਾਹਾਂ ਤੇ ਲੱਗ ਗਈਆਂ, ਤੇ ਉਨ੍ਹਾਂ ਦਾ ਹਰ ਪਲ, ਹਰ ਘੜੀ ਆਪਣੇ ਪਿਆਰੇ ਕੰਤ ਦੀ ਉਡੀਕ ਵਿੱਚ ਲੰਘਣ ਲੱਗਿਆ।

**ਸਵੈਯਾ।।ਉਨ ਦੈ ਇਮ ਊਧਵ ਗਯਾਨ ਚਲਯੋ**
**ਚਲਿਕੈ ਜਸੁਦਾ ਪਤਿ ਪੈ ਸੋਊ ਆਯੋ।**
**ਆਵਤ ਹੀ ਜਸੁਦਾ, ਜਸੁਦਾ ਪਤਿ**
**ਪਾਇਨ ਊਪਰ ਸੀਸ ਝੁਕਾਯੋ।**
**ਸਯਾਮ ਹੀ ਸਯਾਮ ਸਦਾ ਕਹੀਯੋ**
**ਕਹਿ ਕੈ ਇਹ ਮੋ ਪਹਿ ਕਾਨ੍ਹ ਪਠਾਯੋ।**
**ਯੌਂ ਕਹਿ ਕੈ ਰਥ ਪੈ ਚੜ੍ਹ ਕੈ**
**ਰਥ ਕੋ ਮਥੁਰਾ ਹੀ ਕੀ ਓਰ ਚਲਾਯੋ।।੯੫੬।।**

– *ਦਸਮ ਗ੍ਰੰਥ ਪੰਨਾ ੯੫੬*

## ੧੯

**ਬਾਸ ਸੁਬਾਸ ਅਕਾਸ ਮਿਲੀ ਅਰ**
**ਬਾਸਤ ਭੂਮਿ ਮਹਾਂ ਛਬਿ ਪਾਈ।।**
**ਸੀਤਲ ਮੰਦ ਸੁਗੰਧ ਸਮੀਰ**
**ਬਹੈ ਮਕਰੰਦ ਨਿਸੰਕ ਮਿਲਾਈ।।**
**ਪੈਰ ਪਰਾਗ ਰਹੀ ਹੈ ਬੈਸਾਖ**
**ਸਭੈ ਬ੍ਰਿਜ ਲੋਗਨਿ ਕੀ ਦੁਖਦਾਈ।।**
**ਮਾਲਨ ਲੈਬ ਕਰੋ ਰਸ ਕੋ**
**ਟਸਕਯੋ ਨ ਹੀਯੋ ਕਸਕਯੋ ਨ ਕਸਾਈ।।੯੧੫।।**

*– ਦਸਮ ਗ੍ਰੰਥ ਪੰਨਾ ੩੭੬*

**ਸ਼ਬਦਾਰਥ :**

ਬਾਸ–ਵਾਸ਼ਨਾ, ਸੁਗੰਧੀ, ਗੰਧ। ਸੁਬਾਸ–ਵਾਸ਼ਨਾਂ ਵਾਲੇ ਫੁੱਲ। ਬਾਸਤ–ਵੱਸਣ ਵਾਲੇ। ਸੀਤਲ–ਠੰਡੀ। ਮੰਦ–ਧੀਰੇ ਧੀਰੇ ਚੱਲਣਾ। ਸਮੀਰ–ਹਵਾ। ਮਕੰਰਦ–ਧੂੜੀ, ਜੋ ਗੁਲਾਬਾਂ ਦੇ ਫੁੱਲਾਂ ਦੀ ਪੱਤੀਆਂ ਉੱਤੇ ਚਿੱਟੇ ਜਿਹੇ ਰੰਗ ਦੀ ਹੁੰਦੀ ਹੈ। ਨਿਸੰਕ– ਬਿਨਾ ਸ਼ੱਕ। ਪੈਰ–ਫੈਲ, ਖਿੱਲਰ ਜਾਣਾ, ਫੈਲਣਾ। ਪਰਾਗ–ਪੁਸ਼ਪ ਧੂੜੀ, ਜਿਸਦੇ ਸਬੰਧ ਕਰ ਕੇ ਹਵਾ ਸੁਗੰਧੀ ਵਾਲੀ ਹੋ ਜਾਂਦੀ ਹੈ। ਮਾਲਿਨ–ਬਾਗਬਾਨ ਦੀ ਵਹੁਟੀ, ਇਸਤ੍ਰੀ ਕੁਬਿਜਾ। ਲੈਬ ਕਰੋ–ਖੋਹ ਲਿਆ। ਟਸਕਯੋ–ਝੁਕਿਆ ਦੁਖੀ ਨਹੀਂ ਹੋਇਆ। ਕਸਕਯੋ–ਖਿੱਚ।

**ਵਿਆਖਿਆ :**

ਵੈਸਾਖ ਦਾ ਮਹੀਨਾ ਆ ਗਿਆ ਪਰ ਸ੍ਰੀ ਕ੍ਰਿਸ਼ਨ ਜੀ ਮਥਰਾ ਤੋਂ ਵਾਪਸ ਨਹੀਂ ਪਰਤੇ, ਨਾ ਹੀ ਕੋਈ ਸੰਦੇਸਾ ਭੇਜਿਆ ਅਤੇ ਨਾ ਹੀ ਗੋਪੀਆਂ ਨੂੰ ਯਾਦ ਕੀਤਾ। ਇਸ ਮਹੀਨੇ ਵਿੱਚ ਫੁੱਲ ਖਿਲੇ ਹੋਏ ਸੁੰਦਰ ਲਗਦੇ ਹਨ ਅਤੇ ਉਨ੍ਹਾਂ ਦੀ ਸੁਗੰਧੀ ਸਾਰੇ ਵਾਤਾਵਰਨ ਨੂੰ ਸੁਗੰਧਿਤ ਕਰਦੀ ਹੈ। ਸੁੰਦਰ ਵਾਸ਼ਨਾ ਵਾਲੇ ਫੁੱਲਾਂ ਦੀ ਵਾਸ਼ਨਾ ਅਕਾਸ਼ ਵਿੱਚ ਹਰ ਪਾਸੇ ਠੰਢੀ–ਠੰਢੀ, ਮੰਦ–ਮੰਦ ਹਵਾ ਹੌਲੀ–ਹੌਲੀ ਚਲ ਰਹੀ ਹੈ ਅਤੇ ਹਰ ਪਾਸੇ, ਹਰ ਕਣ–ਕਣ ਵਿੱਚ ਸੁਗੰਧੀ ਬਿਖੇਰ ਰਹੀ ਹੈ ਅਤੇ ਉਸ ਸੀਤਲ ਮੰਦ ਹਵਾ ਵਿੱਚ ਫੁੱਲਾਂ ਦੀ ਧੂੜੀ ਮਿਲਾਈ ਹੋਈ ਹੈ। ਵਿਸਾਖ ਵਿੱਚ

ਹਰ ਪਾਸੇ ਪੁਸ਼ਪ ਧੂੜ ਫੈਲ ਰਹੀ ਹੈ, ਜਿਸ ਕਰਕੇ ਹਵਾ ਸੁਗੰਧਮਈ ਹੋ ਗਈ ਹੈ, ਕਿਉਂਕਿ ਗੋਪੀਆਂ ਦਾ ਆਪਣਾ ਪਿਆਰਾ ਪ੍ਰੀਤਮ ਗੋਪਾਲ ਉਨ੍ਹਾਂ ਦੇ ਕੋਲ ਨਹੀਂ। ਇਸ ਲਈ ਗੋਪੀਆਂ ਨੂੰ ਖਿਲੇ ਹੋਏ ਫੁੱਲ, ਫੁੱਲਾਂ ਦੀ ਮਹਿਕ, ਸੁਗੰਧ, ਹੋਰ ਦੁਖੀ ਕਰਦੀ ਹੈ ਅਤੇ ਉਹਨਾ ਦੇ ਬਿਰਹਾ ਨੂੰ ਹੋਰ ਵਧਾਉਂਦੀ ਹੈ। ਉਨ੍ਹਾ ਦੇ ਹਿਰਦੇ ਅੰਦਰ ਆਪਣੇ ਪਿਆਰੇ ਗੋਪਾਲ ਦੀ ਤੜਪ ਹੋਰ ਵਧ ਜਾਂਦੀ ਹੈ, ਵਾਤਾਵਰਣ ਸੁਖਦ ਨਾ ਹੋ ਕੇ ਦੁਖਦ ਬਣ ਗਿਆ, ਕਿਉਂਕਿ ਸ੍ਰੀ ਕ੍ਰਿਸ਼ਨ ਜੀ ਨੇ ਬ੍ਰਿਜਵਾਸੀਆਂ ਨੂੰ ਭੁਲਾ ਦਿੱਤਾ ਹੈ। ਸ੍ਰੀ ਕ੍ਰਿਸ਼ਨ ਜੀ ਦਾ ਹਿਰਦਾ ਗੋਪੀਆਂ ਵਲ ਝੁਕਿਆ ਨਹੀਂ, ਉਸ ਜ਼ਾਲਮ ਦੇ ਹਿਰਦੇ ਵਿੱਚ ਗੋਪੀਆਂ ਵਾਸਤੇ ਰਤਾ ਭਰ ਵੀ ਖਿੱਚ ਨਹੀਂ ਪਈ।

**ਭਾਵ :**

ਸੁੰਦਰ ਵਾਸ਼ਨਾ ਵਾਲੇ ਫੁੱਲ, ਸੁਗੰਧੀ ਭਰਪੂਰ ਠੰਢੀ ਠੰਢੀ ਹਵਾ ਸਾਰੇ ਵਾਤਾਵਰਣ ਨੂੰ ਅਤਿਅੰਤ ਸੁਖਦਾਈ ਬਣਾ ਰਹੇ ਸਨ, ਪਰ ਬ੍ਰਿਜਵਾਸੀਆਂ ਲਈ ਕ੍ਰਿਸ਼ਨ ਜੀ ਤੋਂ ਬਿਨਾ ਇਹ ਅਤਿ ਦੁਖਦਾਈ ਸੀ।

# ਬ੍ਰਿਜ ਲੋਗਨਿ ਕੀ ਦੁਖਦਾਈ

ਸ੍ਰੀ ਕ੍ਰਿਸ਼ਨ ਜੀ ਦਾ ਅਵਤਾਰ ਭਾਵੇਂ ਮਥਰਾ ਦੀ ਜੇਲ੍ਹ ਦੀਆਂ ਸਲਾਖਾਂ ਅੰਦਰ ਹੋਇਆ, ਪਰ ਮਥਰਾ ਵਾਸੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਦੀਆਂ ਬਾਲ ਲੀਲਾਵਾਂ ਦਾ ਰਸ ਮਾਣਨ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ। ਬ੍ਰਿਜਵਾਸੀ ਆਪਣੇ ਆਪ ਨੂੰ ਬਹੁਤ ਵਡਭਾਗੀ ਸਮਝਦੇ ਸਨ, ਕਿਉਂਕਿ ਉਨ੍ਹਾ ਨੇ ਸ੍ਰੀ ਕ੍ਰਿਸ਼ਨ ਜੀ ਦੀਆਂ ਬਾਲ ਲੀਲਾਵਾਂ ਦਾ ਰੱਜ ਕੇ ਆਨੰਦ ਮਾਣਿਆ। ਉਹ ਆਪਣੇ ਆਪ ਨੂੰ ਗੌਰਵਮਈ ਸਮਝਦੇ ਸਨ, ਕਿਉਂਕਿ ਬ੍ਰਿਜ ਦਾ ਕਣ ਕਣ ਸ੍ਰੀ ਕ੍ਰਿਸ਼ਨ ਜੀ ਦੇ ਚਰਨ ਕੰਵਲਾਂ ਦੀ ਰਜ ਪ੍ਰਾਪਤ ਕਰਕੇ ਧੰਨ ਧੰਨਯ ਹੋ ਗਿਆ ਸੀ। ਬ੍ਰਿਜ ਦੀਆਂ ਗਲੀਆਂ ਮੌਜ ਮੇਲਿਆਂ ਦੀ ਗੁੰਜਾਰ ਨਾਲ ਗੂੰਜ ਰਹੀਆਂ ਸਨ।

ਜਦੋਂ ਕਦੇ ਬ੍ਰਿਜ ਵਾਸੀਆਂ ਨੂੰ ਔਕੜਾਂ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਵੀ ਤਾਂ ਸ੍ਰੀ ਕ੍ਰਿਸ਼ਨ ਜੀ ਹਮੇਸ਼ਾਂ ਹੀ ਉਨ੍ਹਾ ਦੇ ਸਹਾਇਕ, ਰੱਖਿਅਕ ਬਣਦੇ, ਜਦੋਂ ਕਦੇ ਬ੍ਰਿਜ ਦੇ ਆਕਾਸ਼ ਤੇ ਕਾਲੇ ਬੱਦਲ ਮੰਡਰਾਉਂਦੇ ਵੀ ਤਾਂ ਸ੍ਰੀ ਕ੍ਰਿਸ਼ਨ ਜੀ ਬਿਜਲੀ ਦਾ ਰੂਪ ਹੋ ਕੇ, ਉਨ੍ਹਾ ਦੇ ਮਾਰਗ ਦਰਸ਼ਕ ਬਣਕੇ ਪਥ ਪ੍ਰਦਰਸ਼ਿਤ ਕਰਦੇ।

ਬ੍ਰਿਜ ਜਮਨਾ ਦੇ ਕੰਢੇ ਤੇ ਹੀ ਸਥਿਤ ਹੈ। ਉਸ ਜਮਨਾ ਨਦੀ ਦੇ ਅੰਦਰ ਇੱਕ ਬੜੇ ਵਿਸ਼ੈਲੇ ਨਾਗ ਦਾ ਵਾਸ ਸੀ। ਉਸਦਾ ਵਿਸ਼ ਇਤਨਾਂ ਭਿਅੰਕਰ ਸੀ,

ਕਿ ਜਮਨਾ ਦੇ ਚਾਰ ਕੋਹਾਂ ਤਕ ਵਿਸ਼ ਦੇ ਕਾਰਣ ਪਾਣੀ ਉਬਾਲੇ ਮਾਰਦਾ ਸੀ। ਕੋਈ ਵੀ ਪਸ਼ੂ, ਪੰਖੀ ਜਾਂ ਮਨੁੱਖ ਜਮਨਾ ਨਦੀ ਦੇ ਅੰਦਰ ਜਾ ਹੀ ਨਹੀਂ ਸਕਦਾ ਸੀ। ਜੇ ਕੋਈ ਭੁੱਲ ਕੇ, ਉਸ ਪਾਸੇ ਆ ਹੀ ਜਾਵੇ, ਤਾਂ ਉਹ ਜੀਊਂਦਾ ਵਾਪਸ ਨਹੀਂ ਸੀ ਜਾ ਸਕਦਾ। ਇੰਨਾ ਸਭ ਕੁਝ ਹੋਣ ਦੇ ਬਾਵਜੂਦ ਵੀ ਜਮਨਾ ਦੇ ਕੰਢੇ ਇੱਕ ਬੜਾ ਵੱਡਾ ਕਦੰਬ ਦਾ ਰੁੱਖ ਸੀ। ਉਹ ਇਸ ਕਰਕੇ ਉੱਥੇ ਉੱਗ ਸਕਿਆ, ਕਿਉਂਕਿ ਕਿਸੇ ਸਮੇਂ ਗਰੁੜ ਜੀ ਜਦੋਂ ਅੰਮ੍ਰਿਤ ਲੈ ਕੇ ਜਾ ਰਹੇ ਸਨ, ਤਾਂ ਉਹ ਕਦੰਬ ਦੇ ਰੁੱਖ ਉੱਤੇ ਆ ਬੈਠੇ, ਅਤੇ ਅੰਮ੍ਰਿਤ ਦੀ ਇੱਕ ਬੂੰਦ ਉਸ ਰੁੱਖ ਉੱਤੇ ਪੈ ਗਈ, ਅਤੇ ਇਸ ਕਰਕੇ ਉਹ ਵਿਸ਼ ਦੇ ਪ੍ਰਭਾਵ ਤੋਂ ਬਚ ਗਿਆ, ਅਤੇ ਅਵਿਨਾਸ਼ੀ ਬਣ ਗਿਆ।

ਬ੍ਰਿਜ ਦੇ ਸਾਰੇ ਲੋਗ ਦੁਖੀ ਸਨ। ਉਹ ਉਸ ਪਾਸੇ, ਨੇੜੇ ਤੇੜੇ ਵੀ ਨਹੀਂ ਸਨ ਜਾ ਸਕਦੇ। ਇਸ ਲਈ ਸ੍ਰੀ ਕ੍ਰਿਸ਼ਨ ਜੀ ਨੇ ਇਹ ਫ਼ੈਸਲਾ ਕੀਤਾ, ਕਿ ਇਸ ਵਿਸ਼ੈਲੇ ਨਾਗ ਨੂੰ ਜਮਨਾ ਵਿੱਚੋਂ ਬਾਹਰ ਕੱਢ ਦੇਣਾ ਚਾਹੀਦਾ ਹੈ। ਉਹ ਆਪਣੇ ਬਾਲ ਗੋਪਾਲਾਂ ਨਾਲ, ਗੇਂਦ ਖੇਡਣ ਦੇ ਬਹਾਨੇ, ਜਮਨਾ ਕੋਲ ਜਾ ਪਹੁੰਚੇ, ਅਤੇ ਉਸ ਕਦੰਬ ਦੇ ਰੁੱਖ ਉਪਰ ਚੜ੍ਹ ਗਏ। ਹੇਠੋਂ ਸਾਥੀਆਂ ਨੇ ਗੇਂਦ ਉੱਪਰ ਨੂੰ ਉਛਾਲਿਆ, ਅਤੇ ਸ੍ਰੀ ਕ੍ਰਿਸ਼ਨ ਜੀ ਨੇ ਉੱਤੋਂ ਦੀ ਗੇਂਦ ਥੱਲੇ ਸੁੱਟ ਦਿੱਤਾ, ਅਤੇ ਗੇਂਦ ਸਿੱਧਾ ਜਮਨਾ ਦੇ ਅੰਦਰ ਜਾ ਪਿਆ। ਗੇਂਦ ਦੇ ਨਾਲ ਹੀ ਸ੍ਰੀ ਕ੍ਰਿਸ਼ਨ ਜੀ ਵੀ ਜਮਨਾ ਦੇ ਅੰਦਰ ਕੁੱਦ ਗਏ। ਕੁੱਦਣ ਦਾ ਸ਼ਬਦ ਸੁਣਦੇ ਹੀ ਕਾਲੀ ਨਾਗ ਨੇ ਜ਼ੋਰ ਜ਼ੋਰ ਦੀ ਫੁੰਕਾਰੇ ਮਾਰੇ, ਅਤੇ ਆਪਣਾ ਵਿਸ਼ ਘੋਲਣ ਲਗਾ। ਸ੍ਰੀ ਕ੍ਰਿਸ਼ਨ ਜੀ ਆਰਾਮ ਨਾਲ ਪਾਣੀ ਉੱਤੇ ਤਰਦੇ ਰਹੇ, ਅਤੇ ਬਾਹਰ ਉਨ੍ਹਾ ਦੇ ਬਾਲ, ਗੋਪਾਲ, ਸਖਾ ਉਨ੍ਹਾ ਨੂੰ ਜ਼ੋਰ ਜ਼ੋਰ ਦੀ ਆਵਾਜ਼ਾਂ ਮਾਰਕੇ ਬਾਹਰ ਸੱਦਦੇ ਰਹੇ। ਜਦੋਂ ਸ੍ਰੀ ਕ੍ਰਿਸ਼ਨ ਜੀ ਨੂੰ ਬਾਹਰ ਨਿਕਲਣ ਵਿੱਚ ਦੇਰੀ ਹੋ ਗਈ, ਤਾਂ ਸਭ ਬਾਲ ਗੋਪਾਲਾਂ ਨੇ ਉੱਚੀ ਉੱਚੀ ਰੋਣਾਂ ਸ਼ੁਰੂ ਕਰ ਦਿੱਤਾ। ਕਿਸੇ ਨੇ ਘਰ ਆ ਸ੍ਰੀ ਕ੍ਰਿਸ਼ਨ ਜੀ ਦੀ ਜਲ ਵਿੱਚ ਕੁੱਦਣ ਦੀ ਖ਼ਬਰ ਉਨ੍ਹਾ ਦੇ ਘਰ ਵਾਲਿਆਂ ਨੂੰ ਦਿੱਤੀ, ਇਹ ਸੁਣਦਿਆਂ ਸਾਰ ਹੀ ਨੰਦ ਬਾਬਾ, ਮਾਤਾ ਯਸ਼ੋਧਾ, ਰੋਹਿਣੀ ਅਤੇ ਪਿੰਡ ਦੇ ਸਾਰੇ ਬਾਲ ਗੋਪਾਲ ਦੌੜਕੇ ਉੱਥੇ ਪਹੁੰਚ ਗਏ। ਜਦੋਂ ਉਨ੍ਹਾ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਉੱਥੇ ਨਾ ਵੇਖਿਆ, ਤਾਂ ਉਹ ਸਾਰੇ ਆਪਣਾ ਧੀਰਜ ਗਵ ਬੈਠੇ, ਅਤੇ ਅਤਿ ਅਧੀਰ ਹੋ ਉੱਠੇ,ਪਰਮ ਵਿਆਕੁਲ ਹੋ ਉੱਠੇ। ਅੰਤ ਵਿੱਚ ਸ੍ਰੀ ਬਲਰਾਮ ਨੇ ਸ੍ਰੀ ਕ੍ਰਿਸ਼ਨ ਜੀ ਦੀ ਮਹਿਮਾ ਦਾ ਗੁਣ ਗਾਣ ਕਰਕੇ ਸਭ ਨੂੰ ਸਾਂਤਵਨਾ ਅਤੇ ਧੀਰਜ ਦਿੱਤਾ।

**ਸਵੈਯਾ।।ਕਾਨ ਲਪੇਟ ਬਡੋ ਵਹ ਪੰਨਗ**
**ਫੂਕਤ ਹੈ ਕਰ ਕ੍ਰੁੱਧਹਿ ਕੈਸੇ।।**
**ਜਿਉ ਧਨ ਪਾਤ੍ਰ ਗਏ ਧਨ ਤੇ**
**ਅਤਿ ਝੂਰਤ ਲੇਤ ਉਸਾਸਨ ਤੈਸੇ।।**

**ਬੋਲਤ ਜਿਉ ਧਮੀਆ ਹਰਿ ਮੈ**
**ਸੁਰਕੇ ਮਧਿ ਸ੍ਵਾਸ ਭਰੇ ਵਹ ਐਸੇ।।**
**ਭੂਭਰ ਬੀਚ ਪਰੇ ਜਲ ਜਿਉ**
**ਤਿਹ ਤੇ ਫੁਨਿ ਹੋਤ ਮਹਾ ਧੁਨ ਜੈਸੇ।।੨੧੦।।**

*– ਦਸਮ ਗ੍ਰੰਥ ਪੰਨਾ ੨੭੯*

ਕਾਲੀ ਨਾਗ ਨੇ ਸ੍ਰੀ ਕ੍ਰਿਸ਼ਨ ਜੀ ਦੇ ਆਲੇ ਦੁਆਲੇ ਲਪੇਟੇ ਮਾਰ ਲਏ। ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਸਰੀਰ ਨੂੰ ਵਧਾਇਆ ਜਿਸ ਕਰਕੇ ਕਾਲੀ ਨਾਗ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਛੱਡ ਦਿੱਤਾ, ਅਤੇ ਜ਼ੋਰ ਜ਼ੋਰ ਦੀ ਫੁੰਕਾਰੇ ਮਾਰਨ ਲਗਾ। ਅੰਤ ਵਿੱਚ ਸ੍ਰੀ ਕ੍ਰਿਸ਼ਨ ਜੀ ਉਸਦੇ ਸਿਰ ਉੱਤੇ ਚੜ੍ਹਕੇ ਸਾਰੀ ਤਿਰਲੋਕੀ ਦਾ ਭਾਰ ਉਸਦੇ ਸਿਰ ਉੱਤੇ ਪਾ ਦਿੱਤਾ ਅਤੇ ਨਿਰਤਕਾਰੀ ਕਰਨੀ ਅਰੰਭ ਕਰ ਦਿੱਤੀ। ਉਸਦੀਆਂ ਨਾਸਾਂ ਅਤੇ ਮੂੰਹ ਵਿੱਚੋ ਖ਼ੂਨ ਦੀ ਧਾਰ ਵਗ ਟੁਰੀ। ਕਾਲੀ ਨਾਗ ਨੂੰ ਮਨ ਵਿੱਚ ਨਿਸਚਾ ਹੋ ਗਿਆ, ਕਿ ਕੋਈ ਵਿਸ਼ੇਸ਼ ਸ਼ਕਤੀ ਹੀ ਉਸਦੇ ਵਿਸ਼ ਨੂੰ ਨਾਸ ਕਰਕੇ ਉਸਦਾ ਅਭਿਮਾਨ ਨਸ਼ਟ ਕਰ ਸਕਦੀ ਹੈ। ਇਹ ਅਕਾਲ ਪੁਰਖ ਆਪ ਹੀ ਹੋ ਸਕਦੇ ਹਨ। ਐਨੀ ਦੇਰ ਵਿੱਚ ਕਾਲੀ ਨਾਗ ਦੀ ਪਤਨੀ ਰਤਨ, ਮੋਤੀਆਂ, ਮਣੀਆਂ ਦੇ ਥਾਲ ਭਰ ਕੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਆ ਪਹੁੰਚੀ, ਅਤੇ ਬੇਨਤੀ ਕੀਤੀ, ਹੇ ਨਾਥ; ਤੁਸੀਂ ਬੜੀ ਅਪਾਰ ਕ੍ਰਿਪਾ ਕੀਤੀ ਹੈ, ਕਿ ਇਸਦੇ ਅਭਿਮਾਨ ਨੂੰ ਚੂਰ ਚੂਰ ਕਰ ਦਿੱਤਾ ਹੈ। ਹੁਣ ਇਸਦੇ ਭਾਗ ਉਦੈ ਹੋਏ ਹਨ, ਕਿ ਆਪ ਜੀ ਜੈਸੇ ਮਹਾਂ ਪੁਰਖ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਆਪ ਜੀ ਦੇ ਚਰਨਾਂ ਨੂੰ ਪਰਸਣ ਲਈ ਤਾਂ ਬ੍ਰਹਮਾ, ਵਿਸ਼ਨੂ, ਮਹੇਸ਼, ਸਾਰਾ ਜਗਤ ਲੋਚਦਾ ਹੈ, ਉਹੀ ਪਵਿਤ੍ਰ ਪਾਵਨ ਚਰਨ ਕਾਲੀ ਨਾਗ ਦੇ ਸਿਰ ਤੇ ਸੁਸ਼ੋਭਿਤ ਹੋਏ ਹਨ। ਮਹਾਰਾਜ ਮੇਰੇ ਉੱਤੇ ਦਇਆ ਕਰੋ ਅਤੇ ਇਸਨੂੰ ਬਖ਼ਸ਼ ਦਿਓ, ਨਹੀਂ ਤੇ ਮੇਰੇ ਉੱਤੇ ਕ੍ਰਿਪਾ ਕਰੋ ਅਤੇ ਮੈਨੂੰ ਵੀ ਮਾਰ ਦਿਓ, ਕਿਉਂਕਿ ਪਤੀ ਤੋਂ ਬਿਨਾ ਮੇਰਾ ਜੀਊਣਾ ਵਿਅਰਥ ਹੈ। ਇਸਦਾ ਵੀ ਕੋਈ ਦੋਸ਼ ਨਹੀਂ, ਜੇਕਰ ਆਪ ਇਸਦੇ ਮੂੰਹ ਵਿੱਚ ਅੰਮ੍ਰਿਤ ਪਾਉਂਦੇ ਤਾਂ ਅੰਮ੍ਰਿਤ ਹੀ ਨਿਕਲਣਾ ਸੀ। ਹੁਣ ਇਸਦੇ ਮੁੱਖ ਵਿੱਚ ਜ਼ਹਿਰ ਭਰੀ ਹੈ ਤੇ ਇਹ ਜ਼ਹਿਰ ਹੀ ਉਗਲੇਗਾ।

**।।ਕਾਲੀ ਨਾਗ ਕੀ ਤ੍ਰਿਸੋ ਬਾਚ।।**

**ਸਵੈਯਾ।।ਤਉ ਤਿਹਕੀ ਤਿਰਿਯਾ ਸਭਹੀ ਸੁਤ**
**ਅੰਜਲ ਜੋਰਕੈ ਯੌ ਘਿਘਯਾਵੈ।।**
**ਰੱਛ ਕਰੋ ਇਹਕੀ ਹਰਿ ਜੀ**
**ਤੁਮ ਪੈ ਬਰਦਾਨ ਇਹੈ ਹਮ ਪਾਵੈ।।**
**ਅੰਮ੍ਰਿਤ ਦੇਤ ਵਹੈ ਹਮ ਲਿਆਵਤ**
**ਬਿੱਖ ਦਈ ਵਹ ਹੀ ਹਮ ਲਿਆਵੈ।।**

**ਦੋਸ ਨਹੀ ਹਮਰੇ ਪਤਿ ਕੋ**
**ਕਛੁ ਬਾਤ ਕਹੈ ਅਰੁ ਸੀਸ ਝੁਕਾਵੈ।।੨੧੫।।**

*- ਦਸਮ ਗ੍ਰੰਥ ਪੰਨਾ ੨੮੦*

ਕਾਲੀ ਨਾਗ ਦੀ ਇਸਤ੍ਰੀ ਦੀਆਂ ਅਰਜ਼ੋਈਆਂ ਸੁਣ ਕੇ ਸ੍ਰੀ ਕ੍ਰਿਸ਼ਨ ਜੀ ਉਸਦੇ ਸਿਰ ਤੋਂ ਹੇਠਾਂ ਉਤਰ ਗਏ, ਅਤੇ ਕਾਲੀ ਨਾਗ ਨੇ ਹੱਥ ਜੋੜ ਕੇ ਪ੍ਰਭੂ ਦੇ ਚਰਨਾਂ ਵਿੱਚ ਬੇਨਤੀ ਕੀਤੀ,''ਹੇ ਨਾਥ; ਮੇਰੇ ਅਪਰਾਧਾਂ ਨੂੰ ਬਖਸ਼ ਦਿਓ, ਮੈਂ ਆਪ ਜੀ ਦੇ ਸਰੂਪ ਨੂੰ ਨਹੀਂ ਸਮਝ ਸਕਿਆ''। ਸ੍ਰੀ ਕ੍ਰਿਸ਼ਨ ਜੀ ਨੇ ਕਾਲੀ ਨਾਗ ਨੂੰ ਹੁਕਮ ਦਿੱਤਾ, ਕਿ ਉਹ ਜਲਦੀ ਹੀ ਉਸ ਜਗ੍ਹਾ ਨੂੰ ਛੱਡ ਦੇਵੇ, ਅਤੇ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਰਮਣਕ ਖੰਡ ਵਿੱਚ ਜਾ ਵੱਸੇ।

**।।ਕਾਨ ਬਾਚ ਕਾਲੀ ਸੋ।।**
**ਸਵੈਯਾ।।ਬੋਲ ਉਠਿਯੋ ਤਬ ਯੌ ਹਰਿ ਜੀ**
**ਅਬ ਛਾਡਤ ਹਉ ਤੁਮ ਦੱਛਨ ਜੱਈਯੋ।।**
**ਰੰਚਕ ਨਾ ਬਸੀਯੋ ਸਰ ਮੈ ਸਭ ਹੀ**
**ਸੁਤ ਲੈ ਸੰਗ ਬਾਟਹਿ ਪੱਈਯੋ।।**
**ਸੀਘ੍ਰਤਾ ਐਸੀ ਕਰੋ ਤੁਮ ਹੂ**
**ਤ੍ਰਿਯਾ ਲਈਯੋ ਅਰ ਨਾਮ ਸੁ ਲੱਈਯੋ।।**
**ਛੋਡ ਦਯੋ ਹਰਿ ਨਾਗ ਬਡੋ ਥਕ**
**ਜਾਇਕੇ ਮੱਧ ਬਰੇਤਨ ਪੱਈਯੋ।।੨੧੭।।**

*- ਦਸਮ ਗ੍ਰੰਥ ਪੰਨਾ ੨੮੦*

ਕਾਲੀ ਨਾਗ ਨੇ ਡਰਦਿਆਂ ਡਰਦਿਆਂ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਅਗਰ ਉਹ ਉੱਥੇ ਜਾਵੇਗਾ ਤਾਂ ਗਰੁੜ ਉਸਨੂੰ ਖਾ ਜਾਵੇਗਾ। ਸ੍ਰੀ ਕ੍ਰਿਸ਼ਨ ਜੀ ਨੇ ਉਸਨੂੰ ਹੌਸਲਾ ਦਿੱਤਾ ਅਤੇ ਉਸਨੂੰ ਨਿਝੱਕ ਹੋ ਕੇ ਉੱਥੇ ਜਾਣ ਲਈ ਕਿਹਾ, ਅਤੇ ਸਮਝਾਇਆ ਕਿ ਸ੍ਰੀ ਕ੍ਰਿਸ਼ਨ ਜੀ ਦੇ ਚਰਨ ਚਿੰਨ੍ਹ ਵੇਖਕੇ ਗਰੜ ਉਸਨੂੰ ਕੁਝ ਨਹੀਂ ਕਹੇਗਾ। ਸ੍ਰੀ ਕ੍ਰਿਸ਼ਨ ਜੀ ਉਸੇ ਵੇਲੇ ਗਰੁੜ ਨੂੰ ਬੁਲਾਇਆ, ਅਤੇ ਕਾਲੀ ਨਾਗ ਦਾ ਡਰ ਦੂਰ ਕਰ ਦਿੱਤਾ। ਕਾਲੀ ਨਾਗ ਆਪਣੇ ਸਾਰੇ ਸਰਬੰਸ ਸਮੇਤ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਨਮਸਕਾਰ ਕਰਕੇ ਰਮਣਕ ਖੰਡ ਜਾ ਵੱਸਿਆ।

ਇਸ ਤਰ੍ਹਾਂ ਕਾਲੀ ਨਾਗ ਨੂੰ ਉੱਥੋਂ ਭਜਾ ਕੇ ਸ੍ਰੀ ਕ੍ਰਿਸ਼ਨ ਜੀ ਨੇ ਬ੍ਰਿਜ ਵਾਸੀਆਂ ਦੇ ਦੁੱਖ ਨੂੰ ਹਮੇਸ਼ਾਂ ਹਮੇਸ਼ਾਂ ਲਈ ਦੂਰ ਕਰ ਦਿੱਤਾ, ਅਤੇ ਸਾਰੇ ਬ੍ਰਿਜ ਵਾਸੀਆਂ ਨੇ ਸੁਖ ਦਾ ਸਾਹ ਲਿਆ।

## ੨੦

**ਸਵੈਯਾ।।ਨੀਰ ਸਮੀਰ ਹੁਤਾਸਨ ਕੇ ਸਮ !**
**ਅਉਰ ਆਕਾਸ ਧਰਾ ਤਪਤਾਈ।**
**ਪੰਥ ਨ ਪੰਥੀ ਚਲੈ ਕੋਊ ਓਤਰੁ**
**ਤਾਕ ਤਰੈ ਤਨ ਤਾਪ ਸਿਰਾਈ।**
**ਜੇਠ ਮਹਾ ਬਲਵੰਤ ਭਯੋ ਅਤਿ**
**ਬਿਆਕੁਲ ਜੀਯ ਮਹਾ ਰਿਤ ਪਾਈ।**
**ਐਸੇ ਸਕਯੋ ਧਸਕਯੋ ਸਸਿਕਯੋ**
**ਟਸਕਯੋ ਨ ਹੀਯੋ ਕਸਕਯੋ ਨ ਕਸਾਈ।।੯੧੬।।**

*– ਦਸਮ ਗ੍ਰੰਥ ਪੰਨਾ ੩੭੬*

**ਸ਼ਬਦਾਰਥ :**

ਨੀਰ-ਪਾਣੀ, ਜਲ। ਸਮੀਰ-ਹਵਾ ਹੁਤਾਸਨ-ਅਗਨਿ (ਸਮਾਨ ਜਾਪਦੇ ਹਨ) ਤਪਤਾਈ- (ਗਰਮੀ ਨੇ ਧਰਤੀ ਅਸਮਾਨ) ਤਪਾ ਦਿੱਤੇ ਹਨ। ਪੱਥ-ਰਸਤਾ। ਪੰਥੀ-ਰਾਹੀ, ਮੁਸਾਫਿਰ। ਕੋਉ-ਕੋਈ ਭੀ (ਨਹੀਂ ਤੁਰਦਾ) ਤਾਕ-ਬ੍ਰਿਛ ਤਕ ਕੇ ਵੇਖ ਕੇ। ਤਰੈ- (ਉਸਦੇ) ਹੇਠ ਬਹਿ ਕੇ। ਸਿਰਾਈ-ਠੰਡਿਆਂ ਕਰਦਾ ਹੈ। ਸਰੀਰ ਦੀ ਤਪਸ਼-ਗਰਮੀ ਮਿਟਾਉਂਦੇ ਹਨ। ਰਿਤ-ਰੁਤ। ਧਸਕਯੋ-(ਦਿਲ) ਬਹਿੰਦਾ ਜਾਂਦਾ ਹੈ। ਸਸਕਯੋ- ਸਹਿਕਿਆ ਦੁੱਖ ਨਾਲ। ਸਕਯੋ-ਇਉਂ ਤਾਕਤ ਵਾਲਾ ਬਨਿਆ।

**ਵਿਆਖਿਆ :**

ਸ੍ਰੀ ਕ੍ਰਿਸ਼ਨ ਜੀ ਨੇ ਮਥਰਾਪੁਰੀ ਵਿਖੇ ਜਾ ਕੇ ਬ੍ਰਿਜ ਦੀਆਂ ਗੋਪੀਆਂ ਨੂੰ ਬਿਲਕੁਲ ਵਿਸਾਰ ਦਿੱਤਾ ਪਰ ਗੋਪੀਆਂ ਆਪਣੇ ਪਿਆਰੇ ਪ੍ਰੀਤਮ ਸ੍ਰੀ ਕ੍ਰਿਸ਼ਨ ਜੀ ਨੂੰ ਨਾ ਵਿਸਾਰ ਸਕੀਆਂ। ਉਹ ਉਨ੍ਹਾਂ ਦੇ ਪਿਆਰ ਦੀ ਯਾਦ ਨੂੰ ਆਪਣੇ ਦਿਲ ਨਾਲ ਲਗਾ ਕੇ ਦਿਨ ਰਾਤ ਸਿਮਰਦੀਆਂ ਰਹਿੰਦੀਆਂ। ਉਹ ਹਰ ਪਲ, ਹਰ ਘੜੀ ਹਰ ਮਹੀਨਾ ਗਿਣ-ਗਿਣ ਕੇ ਗੁਜ਼ਾਰਦੀਆਂ, ਸ਼ਾਇਦ ਸ੍ਰੀ ਕ੍ਰਿਸ਼ਨ ਜੀ ਦਾ ਕੋਈ ਸੁਨੇਹਾ ਉਨ੍ਹਾਂ ਨੂੰ ਮਿਲ ਜਾਵੇ, ਯਾ ਉਹ ਕਿਸੇ ਦੂਤ ਨੂੰ ਹੀ ਭੇਜ ਦੇਣ, ਯਾ ਉਹ ਆਪ ਹੀ ਆ ਕੇ ਉਨ੍ਹਾਂ ਦੇ ਲੁੱਛਦੇ ਤੜਪਦੇ ਮਨਾਂ ਨੂੰ ਦਰਸ਼ਨਾਂ ਦੀ ਦਾਤ ਬਖਸ਼ ਕੇ ਨਿਹਾਲ ਕਰਨ।

ਹਰ ਮਹੀਨੇ ਦੀ ਆਪਣੀ ਇੱਕ ਖਾਸ ਵਿਸ਼ੇਸ਼ਤਾ ਹੈ, ਹਰ ਮਹੀਨੇ ਦਾ ਆਪਣਾ ਹੀ ਇੱਕ ਵਿਸ਼ੇਸ਼ ਮੌਸਮ ਹੈ। ਹੁਣ ਜੇਠ ਦਾ ਮਹੀਨਾ ਆ ਗਿਆ ਹੈ। ਇਸ ਮਹੀਨੇ ਵਿੱਚ ਕੜਾਕੇ ਦੀ ਗਰਮੀ ਪੈਂਦੀ ਹੈ, ਗਰਮੀ ਪੈਣ ਨਾਲ ਸਾਰੇ ਵਾਤਾਵਰਣ ਵਿੱਚ ਤਪਸ਼ ਪੈਦਾ ਹੋ ਜਾਂਦੀ ਹੈ। ਉਸ ਤਪਸ਼ ਕਰਕੇ ਪਾਣੀ ਬਹੁਤ ਗਰਮ ਹੋ ਜਾਂਦਾ ਹੈ, ਤੇ ਉਸ ਕਰਕੇ ਹਵਾ ਵੀ ਬਹੁਤ ਜ਼ਿਆਦਾ ਗਰਮ ਹੋ ਜਾਂਦੀ ਹੈ, ਹਵਾ ਅਤੇ ਪਾਣੀ ਅੱਗ ਦੇ ਸਮਾਨ ਹੋ ਜਾਂਦੇ ਹਨ, ਆਕਾਸ਼ ਤੇ ਧਰਤੀ ਖੂਬ ਤਪ ਜਾਂਦੇ ਹਨ। ਕੋਈ ਵੀ ਰਾਹੀ ਰਾਹੇ ਨਹੀਂ ਤੁਰਦਾ। ਇਸ ਤੀਵਰ ਤਪਸ਼ ਨਾਲ ਪਸ਼ੂ ਪੰਛੀ ਅਤਿ ਵਿਆਕੁਲ ਹੋ ਜਾਂਦੇ ਹਨ, ਤੜਪ ਜਾਂਦੇ ਹਨ ਤੇ ਉਹ ਦਰੱਖਤਾਂ ਦੀ ਛਾਂ ਲੱਭਕੇ ਆਪਣੇ ਸਰੀਰ ਨੂੰ ਤਪਸ਼ ਕੋਲੋਂ ਬਚਾ ਕੇ ਠੰਢਿਆਂ ਕਰਦੇ ਹਨ। ਜੇਠ ਦਾ ਮਹੀਨਾ ਬੜਾ ਬਲਵਾਨ-ਜ਼ਾਲਮ ਬਣਿਆ ਹੋਇਆ ਹੈ। ਇਸ ਗ੍ਰੀਸ਼ਮ ਰੁੱਤ ਵਿੱਚ ਦਿਲ ਬੜਾ ਵਿਆਕੁਲ ਰਹਿੰਦਾ ਹੈ, ਕਿਉਂਕਿ ਮੌਸਮ ਸੁਹਾਵਣਾ ਹੋਣ ਦੀ ਬਜਾਇ ਅਤਿ ਦੁਖਦਾਈ ਬਣ ਜਾਂਦਾ ਹੈ। ਐਸੇ ਸਮੇਂ ਵਿੱਚ ਦਿਲ ਧੜਕਦਾ ਹੈ ਤੇ ਧੜਕੇ ਨਾਲ ਸਹਕਦਾ ਹੋਇਆ ਸਕੁਚ ਜਾਂਦਾ ਹੈ, ਜੋ ਮੁੜ ਕੇ ਅਜੇ ਤਕ ਟਹਿਕਿਆ ਨਹੀਂ, ਕਿਉਂਕਿ ਪ੍ਰੀਤਮ ਨੂੰ ਪ੍ਰੇਮ ਦੀ ਖਿੱਚ ਰਤਾ ਜਿੰਨੀ ਭੀ ਨਹੀਂ ਪਈ ਹੈ। ਇੱਕ ਪਾਸੇ ਸ੍ਰੀ ਕ੍ਰਿਸ਼ਨ ਜੀ ਦੇ ਵਿਯੋਗ ਵਿੱਚ ਬਿਹਬਲਤਾ ਵਿਆਕੁਲਤਾ, ਦੂਸਰੇ ਪਾਸੇ ਅਤਿ ਦੀ ਤਪਸ਼, ਗਰਮੀ ਹਿਰਦੇ ਨੂੰ ਝੁਲਸਾਉਂਦੀ ਹੈ। ਗੋਪੀਆਂ ਦਾ ਕੋਈ ਵੱਸ ਨਹੀਂ ਚਲਦਾ, ਉਹ ਵਿਚਾਰੀਆਂ ਤਾਂ ਸਿਰਫ ਆਪਣੇ ਪਿਆਰੇ ਪ੍ਰੀਤਮ ਦੀ ਯਾਦ ਵਿੱਚ ਤੜਪ ਹੀ ਸਕਦੀਆਂ ਸਨ।

**ਭਾਵ :**

ਵਾਤਾਵਰਨ ਵਿੱਚ ਅਤਿਅੰਤ ਤਪਸ਼ ਹੋਣ ਕਰਕੇ ਸਭ ਪਸ਼ੂ, ਪੰਛੀ, ਵਿਆਕੁਲ ਹੋ ਰਹੇ ਸਨ ਪਰ ਇਸ ਦੀ ਤੁਲਨਾ ਵਿੱਚ ਗੋਪੀਆਂ ਦੀ ਅੰਦਰਲੀ ਤਪਸ਼ ਇਸ ਤੋਂ ਕਈ ਗੁਣਾਂ ਅਧਿਕ ਸੀ।

# ਅਤਿ ਬਿਆਕੁਲ ਜੀਯ

ਗੋਪੀਆਂ ਆਪਣੇ ਪਿਆਰੇ ਇਸ਼ਟ ਨਾਲ ਰਾਸ ਲੀਲਾ ਵਿੱਚ ਅਤਿ ਮਸਤ ਸਨ ਬੀਨ, ਬੰਸਰੀ, ਮ੍ਰਿਦੰਗ, ਢੋਲਕ ਵੱਜ ਰਹੇ ਸਨ ਅਤੇ ਨਾਲ ਹੀ ਗੋਪੀਆਂ ਆਪਣੇ ਪੈਰਾਂ ਵਿੱਚ ਘੁੰਗਰੂ ਬੰਨ੍ਹਕੇ ਸ੍ਰੀ ਕ੍ਰਿਸ਼ਨ ਜੀ ਨਾਲ ਨ੍ਰਿਤਕਾਰੀ ਕਰ ਰਹੀਆਂ ਸਨ। ਇਸ ਤਰ੍ਹਾਂ ਕਰਦਿਆਂ-ਕਰਦਿਆਂ ਗੋਪੀਆਂ ਨੇ ਸੋਚਿਆ ਕਿ ਸ੍ਰੀ ਕ੍ਰਿਸ਼ਨ ਜੀ ਉਹਨਾ ਦੇ ਵੱਸ ਵਿੱਚ ਹੋ ਗਏ ਹਨ।

*ਅਬ ਮੋਹਿ ਇਨ ਆਪਣੇ ਬਸ ਜਾਨਯੋ।।*

*ਪਤੀ ਬਿਖਈ ਸਮ ਮਨ ਮੈਂ ਮਾਨਯੋ।।*
*ਭਈ ਅਗਯਾਨ ਲਾਜ ਤਜ ਏਹ।।*
*ਲਪਟਹਿ ਪਕਰਹਿ ਕੰਤ ਸਨੇਹ ।।*
*ਗਿਆਨ ਧਿਆਨ ਮਿਲ ਕੇ ਬਿਸਾਰਯੋ।।*
*ਛਾਡ ਜਾਓ ਇੱਕ ਗਰਬ ਬਢਾਰਯੋ।।*

ਇਹ ਸੋਚਦਿਆਂ ਸਾਰ ਹੀ ਸ੍ਰੀ ਕ੍ਰਿਸ਼ਨ ਜੀ ਉਥੋਂ ਰਾਧਾ ਜੀ ਨੂੰ ਨਾਲ ਲੈ ਕੇ ਰਾਸ ਲੀਲਾ ਕਰਦੇ-ਕਰਦੇ ਇੱਕ ਦਮ ਅਲੋਪ ਹੋ ਗਏ, ਉਸ ਵੇਲੇ ਗੋਪੀਆਂ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ, ਉਹ ਅਤਿ ਵਿਆਕੁਲ ਹੋ ਗਈਆਂ, ਉਹ ਅਤਿਅੰਤ ਦੁਖੀ ਹੋ ਗਈਆਂ ਜਿਸ ਤਰ੍ਹਾਂ ਮਣੀ ਤੋਂ ਬਿਨਾਂ ਸੱਪ ਦੁਖੀ ਹੁੰਦਾ ਹੈ। ਸ੍ਰੀ ਕ੍ਰਿਸ਼ਨ ਜੀ ਗੋਪੀਆਂ ਕੋਲੋਂ ਗੁਪਤ ਹੋ ਗਏ, ਅਕਾਸ਼ ਵਿੱਚ ਚਲੇ ਗਏ, ਜਾਂ ਧਰਤੀ ਵਿੱਚ ਧੱਸ ਗਏ ਜਾਂ ਉਨ੍ਹਾਂ ਦੇ ਵਿੱਚ ਹੀ ਅਭੇਦ ਹੋ ਗਏ, ਉਨ੍ਹਾਂ ਨੂੰ ਕੁਝ ਸਮਝ ਹੀ ਨਹੀਂ ਸੀ ਆ ਰਹੀ। ਉਹ ਸਰੀਰ ਦੀ ਸੁੱਧ ਭੁੱਲ ਗਈਆਂ ਅਤੇ ਪਾਗਲ ਹੋ ਕੇ ਬਨ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਭਾਲ ਵਿੱਚ ਭੱਜਣ ਫਿਰਨ ਲੱਗ ਪਈਆਂ। ਇੱਕ ਉੱਠ ਕੇ ਬੈਠਦੀ ਹੈ, ਦੂਜੀ ਗਸ਼ ਖਾ ਕੇ ਡਿੱਗ ਪੈਂਦੀ ਹੈ ਅਤੇ ਕਿਧਰੇ ਕੋਈ ਬ੍ਰਿਜ ਦੀ ਇਸਤ੍ਰੀ ਭੱਜੀ-ਭੱਜੀ ਆਉਂਦੀ ਹੈ। ਸਾਰੀਆਂ ਮਹਾਂ ਦੁੱਖੀ ਹੋ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਢੂੰਡਦੀਆਂ ਹਨ। ਉਨ੍ਹਾਂ ਦੇ ਦੁਪੱਟੇ ਸਿਰਾਂ ਤੋ ਡਿੱਗ ਪਏ। ਸ੍ਰੀ ਕ੍ਰਿਸ਼ਨ ਜੀ ਦਾ ਧਿਆਨ ਉਨ੍ਹਾਂ ਗੋਪੀਆਂ ਦੇ ਮਨ ਵਿੱਚ ਵੱਸ ਗਿਆ ਹੈ, ਇਸ ਲਈ ਦਰੱਖਤਾਂ ਨੂੰ ਸ੍ਰੀ ਕ੍ਰਿਸ਼ਨ ਜੀ ਦਾ ਰੂਪ ਜਾਣ ਕੇ, ਬ੍ਰਿਛਾ ਨੂੰ ਫੜ ਕੇ ਜੱਫੀ ਭਰ ਲੈਂਦੀਆਂ ਹਨ। ਫਿਰ ਜਦੋਂ ਉਨ੍ਹਾਂ ਨੂੰ ਥੋੜੀ ਜਿਹੀ ਸੁਰਤ ਆਉਂਦੀ ਹੈ, ਤਾਂ ਉਹ ਰੁੱਖਾਂ ਨੂੰ ਛੱਡ ਦਿੰਦੀਆ ਹਨ ਅਤੇ ਇਸ ਤਰ੍ਹਾਂ ਕਹਿੰਦੀਆਂ ਹਨ- ਹੇ ਸਖੀ, ਨੰਦ ਲਾਲ ਕਿੱਥੇ ਚਲੇ ਗਏ ਹਨ ? ਚੰਬਾ, ਮੋਲਾਸਿਰੀ, ਬੋਹੜ, ਤਾਲ, ਲੋਂਗ, ਵੇਲਾਂ ਤੇ ਕਚਨਾਰ ਵਰਗੇ ਛਾਂ ਵਾਲੇ ਰੁੱਖ ਇੱਥੇ ਹਨ, ਪਰ ਜਿਸ ਦੇ ਬਦਲੇ ਅਸੀਂ ਪੈਰਾਂ ਵਿੱਚ ਕੰਡੇ ਅਤੇ ਸਿਰ ਉੱਤੇ ਧੁੱਪ ਸਹਾਰੀ ਹੈ ਉਹ ਕਿੱਥੇ ਹਨ ? ਹੇ ਬ੍ਰਿਛੋ, ਤੁਸੀ ਸਾਨੂੰ ਦੱਸ ਦਿਓ, ਅਸੀਂ ਤੁਹਾਡੇ ਪੈਰੀਂ ਪੈਂਦੀਆਂ ਹਾਂ ਅਤੇ ਤੁਹਾਡੇ ਤੋਂ ਵਾਰਨੇ ਜਾਂਦੀਆਂ ਹਾਂ।'' ਜਿਥੇ ਹਰ ਤਰ੍ਹਾਂ ਦੀਆਂ ਵੇਲਾਂ ਬਿਰਾਜ ਰਹੀਆਂ ਹਨ ਅਤੇ ਚੰਬੇ ਦੇ ਫੁੱਲਾਂ ਨੇ ਬੜੀ ਭਾਰੀ ਸੋਭਾ ਪਾਈ ਹੈ। ਭੋਲਸਿਰੀ ਤੇ ਗੁਲਾਬ, ਉਨ੍ਹਾਂ ਦੇ ਫੁੱਲਾਂ ਦੀ ਸੁੰਦਰਤਾ ਨਾਲ ਧਰਤੀ ਭਰੀ ਪਈ ਹੈ, ਚੰਬਾ ਮੋਲਸਿਰੀ, ਬੋੜ੍ਹ, ਤਾਲ, ਲੌਂਗ, ਵੇਲਾਂ ਤੇ ਕਚਨਾਰ ਆਦਿ ਨਾਲ ਧਰਤੀ ਅਤਿ ਸੁਹਾਵਣੀ ਲਗਦੀ ਰਹੀ ਹੈ, ਜਿੱਥੇ ਪਹਾੜਾਂ ਦੇ ਝਰਨੇ ਝਰਦੇ ਹਨ ਜਿੱਥੇ ਇਹ ਸਭ ਕੁਝ ਹੋਣ ਕਰਕੇ ਧਰਤੀ ਅਤਿ ਸੁਖਦਾਈ ਹੋ ਰਹੀ ਹੈ, ਇਹੋ ਜਿਹੀ ਧਰਤੀ ਤੇ ਸੁਸ਼ੋਭਿਤ ਜੰਗਲ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਪਿਆਰ ਵੱਸ ਹੋ ਕੇ ਬ੍ਰਿਜ ਦੀਆਂ ਗੋਪੀਆਂ ਇਸ ਤਰ੍ਹਾਂ ਕਹਿੰਦੀਆਂ ਹਨ, ''ਆਪਣੇ ਪਤੀ ਤੋਂ ਵੀ ਅਧਿਕ ਪਿਆਰੇ ਸ੍ਰੀ ਕ੍ਰਿਸ਼ਨ ਜੀ ਨੂੰ

ਮਿਲਣ ਲਈ, ਅਸੀਂ ਸਿਰਾਂ ਤੇ ਧੁੱਪ ਸਹਾਰੀ ਹੈ, ਪਰ ਉਹ ਸਾਨੂੰ ਇੱਥੇ ਕਿਧਰੇ ਵੀ ਦਿਖਾਈ ਨਹੀਂ ਦੇ ਰਹੇ। ਹੈਰਾਨੀ ਹੈ, ਆਪਣੇ ਘਰਾਂ ਨੂੰ ਛੱਡਕੇ ਅਸੀਂ ਸ੍ਰੀ ਕ੍ਰਿਸ਼ਨ ਜੀ ਕੋਲ ਕਿਉਂ ਭੱਜੀਆਂ ਆ ਜਾਂਦੀਆਂ ਹਾਂ। ਸ੍ਰੀ ਕ੍ਰਿਸ਼ਨ ਜੀ ਨੂੰ ਵੇਖੇ ਬਿਨਾਂ ਸਾਡੇ ਕੋਲੋਂ ਰਿਹਾ ਨਹੀਂ ਜਾਂਦਾ।'' ਇਹੋ ਜਿਹੀਆਂ ਗੱਲਾਂ ਕਹਿ ਕੇ ਬ੍ਰਿਛਾਂ ਨੂੰ ਸ੍ਰੀ ਕ੍ਰਿਸ਼ਨ ਜੀ ਦਾ ਰੂਪ ਜਾਣ ਕੇ ਭੱਜਕੇ ਜੱਫੀ ਪਾ ਲੈਦੀਆਂ ਹਨ।

**ਸਵੈਯਾ।।ਕਾਨ੍ਹ ਬਿਯੋਗ ਕੋ ਮਾਨ ਬਧੂ**
**ਬ੍ਰਿਜ ਡੋਲਤ ਹੈ ਬਨ ਬੀਚ ਦਿਵਾਨੀ।।**
**ਕੂੰਜਨ ਜਯੋਂ ਕੁਰਲਾਤ ਫਿਰੈ ਤਿਹ**
**ਜਾ ਜਿਹ ਜਾ ਕਛੁ ਖਾਨ ਨ ਪਾਨੀ।।**
**ਏਕ ਗਿਰੈ ਮੁਰਝਾਇ ਧਰਾ ਪਰ**
**ਏਕ ਉਠੈ ਕਹਿ ਕੈ ਇਹ ਬਾਨੀ।।**
**ਨੇਹ ਬਡਾਇ ਮਹਾ ਹਮ ਸੋ**
**ਕਤ ਜਾਤ ਭਯੋ ਭਗਵਾਨ ਗੁਮਾਨੀ।।੪੮੫।।**

*- ਦਸਮ ਗ੍ਰੰਥ ਪੰਨਾ* ***੩੧੬***

ਸ੍ਰੀ ਕ੍ਰਿਸ਼ਨ ਜੀ ਦੇ ਵਿਛੋੜੇ ਨੂੰ ਮੰਨ ਕੇ ਬ੍ਰਿਜ ਦੀਆਂ ਇਸਤ੍ਰੀਆਂ ਬਨ ਵਿੱਚ ਸੁਦੈਣਾਂ ਹੋਈਆਂ ਫਿਰਦੀਆਂ ਹਨ। ਉਸ ਜਗ੍ਹਾ ਉੱਤੇ ਕੂੰਜਾਂ ਵਾਂਗੂੰ ਕੁਰਲਾਉਂਦੀਆਂ ਹਨ, ਜਿੱਥੇ ਖਾਣ ਪੀਣ ਨੂੰ ਕੁਝ ਭੀ ਨਹੀਂ ਹੈ। ਇੱਕ ਤਾਂ ਮੁਰਛਾ ਖਾ ਕੇ ਧਰਤੀ ਉੱਪਰ ਡਿੱਗ ਪੈਂਦੀ ਹੈ, ਅਤੇ ਇੱਕ ਮੂਰਛਾ ਤੋਂ ਉੱਠ ਕੇ ਇਹ ਗੱਲ ਆਖਦੀ ਹੈ, ''ਸਾਡੇ ਨਾਲ ਬਹੁਤਾ ਮੋਹ ਪਾ ਕੇ, ਗੁਮਾਨੀ ਭਗਵਾਨ ਕਿੱਥੇ ਚਲਾ ਗਿਆ ਹੈ ?''

ਜਿਸ ਸ੍ਰੀ ਕ੍ਰਿਸ਼ਨ ਜੀ ਨੇ ਹਿਰਨ ਵਰਗੀਆਂ ਅੱਖਾਂ ਨੂੰ ਨਚਾ ਨਚਾ ਕੇ ਸਾਰੀਆਂ ਗੋਪੀਆਂ ਦੇ ਮਨਾਂ ਨੂੰ ਚੁਰਾ ਲਿਆ ਸੀ, ਉਸਦੇ ਵਿੱਚ ਹੀ ਗੋਪੀਆਂ ਦਾ ਮਨ ਗੱਡਿਆ ਗਿਆ ਸੀ, ਰਤੀ ਜਿੰਨਾ ਵੀ ਉਸ ਤੋਂ ਛੁਟਕਾਰਾ ਨਹੀਂ ਹੋਇਆ ਸੀ, ਉਨ੍ਹਾਂ ਨੂੰ ਮਿਲਣ ਵਾਸਤੇ, ਘਰਾਂ ਨੂੰ ਛੱਡ ਕੇ ਉਹ ਬਨ ਵਿੱਚ ਫਿਰ ਰਹੀਆਂ ਸਨ। ਸ੍ਰੀ ਕ੍ਰਿਸ਼ਨ ਜੀ ਬਾਰੇ ਗੱਲਾਂ ਕਰ ਕਰਕੇ ਗੋਪੀਆਂ ਹਾਉਕੇ ਲੈ ਰਹੀਆਂ ਸਨ। ਫਿਰ ਗੋਪੀਆਂ ਨੇ ਬਨ ਨੂੰ ਸੰਬੋਧਨ ਕਰਕੇ ਕਿਹਾ,''ਹੇ ਵੀਰ ਜੰਗਲ ! ਉਹ ਸਾਰੀ ਵਾਰਤਾ ਸਾਨੂੰ ਦੱਸ ਕਿ ਸ੍ਰੀ ਕ੍ਰਿਸ਼ਨ ਜੀ ਕਿਸ ਕਾਰਣ ਕਰਕੇ ਸਾਨੂੰ ਇੱਥੇ ਇਕੱਲਿਆਂ ਛੱਡ ਗਏ ਹਨ ਅਤੇ ਕਿਸ ਪਾਸੇ ਨੂੰ ਗਏ ਹਨ ?''

ਜਿਸਨੇ ਬਨ ਵਿੱਚ ਮਰੀਚ ਨੂੰ ਮਾਰਿਆ ਸੀ, ਅਤੇ ਜਿਸਦੇ ਸੇਵਕ ਹਨੂਮਾਨ ਨੇ ਰਾਵਣ ਦੇ ਸ਼ਹਿਰ ਨੂੰ ਸਾੜ ਦਿੱਤਾ ਸੀ, ਉਸੇ ਨਾਲ ਹੀ ਗੋਪੀਆਂ ਨੇ ਪਿਆਰ ਕੀਤਾ ਸੀ, ਉਨ੍ਹਾਂ ਦੇ ਕਰਕੇ ਲੋਕਾਂ ਦਾ ਹਾਸਾ ਠੱਠਾ ਸਿਰ ਉੱਤੇ ਸਹਾਰਿਆ ਸੀ। ਸੁੰਦਰ ਗੋਪੀਆਂ ਆਪਸ ਵਿੱਚ ਕਹਿ ਰਹਿਆਂ ਸਨ,''ਉਨ੍ਹਾਂ ਦੇ ਨੈਣ ਰੂਪ, ਤੀਰਾਂ ਦੀ ਮਾਰ ਤੋਂ ਨਾ ਬਚ ਕੇ ਸਾਡਾ ਮਨ ਰੂਪੀ ਹਿਰਨ ਥਾਂ ਹੀ ਰਹਿ ਗਿਆ ਹੈ, ਭਾਵ

ਸ੍ਰੀ ਕ੍ਰਿਸ਼ਨ ਜੀ ਦੇ ਨੈਣਾਂ ਦੇ ਕਟਾਖਯ ਨਾਲ ਸਾਡਾ ਮਨ ਮੋਹਿਤ ਹੋ ਗਿਆ ਹੈ।''

**ਸ੍ਵੈਯਾ।।ਬੇਦ ਪੜੈ ਸਮ ਕੋ ਫਲ ਹੋ ਬਹੁ**
**ਮੰਗਨ ਕੋ ਜੋਊ ਦਾਨ ਦਿਵਾਵੈ।।**
**ਕੀਨ ਅਕੀਨ ਲਖੈ ਫਲ ਹੋ ਜੋਊ**
**ਆਥਿਤ ਲੋਗਨ ਅੰਨੁ ਜਿਵਾਵੈ।।**
**ਦਾਨ ਲਹੈ ਹਮਰੇ ਜੀਅ ਕੋ ਇਹ**
**ਕੇ ਸਮ ਕੋ ਨ ਸੋਊ ਫਲ ਪਾਵੈ।।**
**ਜੋ ਬਨ ਮੈ ਹਮਕੋ ਜਰਰਾ ਇਕ**
**ਏਕ ਘਰੀ ਭਗਵਾਨ ਦਿਖਾਵੈ।।੪੮੮।।**

*– ਦਸਮ ਗ੍ਰੰਥ ਪੰਨਾ ੩੧੭*

ਗੋਪੀਆਂ ਅਤਿ ਵਿਆਕੁਲ ਹੋ ਕੇ ਸਾਰਿਆਂ ਅੱਗੇ ਤਰਲੇ ਮਿੰਨਤਾਂ ਅਰਜ਼ੋਈਆਂ ਕਰਦੀਆਂ ਹਨ, ਜੋ ਪੁਰਖ ਰਤੀ ਜਿੰਨਾਂ ਵੀ ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਦਰਸ਼ਨ ਕਰਾਏਗਾ, ਉਸਨੂੰ ਮੁਰਦਾ ਜੀਵਾਉਣ ਜਿਤਨੇ ਪੁੰਨ ਦਾ ਫਲ ਮਿਲੇਗਾ। ਇਸਦੇ ਬਰਾਬਰ ਹੀ ਉਹ ਫਲ ਪਾਵੇਗਾ, ਜਿਹੜਾ ਪੁਰਖ ਇਸ ਬਨ ਵਿੱਚ ਗੋਪੀਆਂ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਦਰਸ਼ਨ ਇੱਕ ਘੜੀ ਭਰ ਲਈ ਦਿਖਾ ਦੇਵੇਗਾ। ਗੋਪੀਆਂ ਦੀ ਵਿਆਕੁਲਤਾ ਉਨੀ ਦੇਰ ਖਤਮ ਨਹੀਂ ਹੋਣੀ, ਜਿੰਨਾ ਚਿਰ ਉਨ੍ਹਾਂ ਨੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਨਹੀਂ ਕਰ ਲੈਣੇ। ਉਨ੍ਹਾਂ ਨੂੰ ਯਾਦ ਆਉਂਦਾ ਹੈ ਕਿ ਜਿਸਨੇ ਬਭੀਖਨ ਨੂੰ ਲੰਕਾ ਦਾ ਰਾਜ ਬਖਸ਼ ਦਿੱਤਾ ਸੀ, ਜਿਸਨੇ ਕ੍ਰੋਧ ਕਰਕੇ ਦੈਂਤਾਂ ਦੇ ਝੁੰਡ ਮਾਰ ਦਿੱਤੇ ਸਨ, ਜਿਸਨੇ ਸਾਧਾਂ ਦੀ ਰੱਖਿਆ ਵਾਸਤੇ ਦੈਂਤਾਂ ਦਾ ਨਾਸ ਕੀਤਾ ਸੀ, ਉਹ ਇਸ ਜਗ੍ਹਾ ਉੱਤੇ ਗੋਪੀਆਂ ਨਾਲ ਬੜੀ ਭਾਰੀ ਪ੍ਰੀਤ ਕਰਕੇ ਇਸੇ ਹੀ ਬਨ ਵਿੱਚ ਲੁਕ ਗਏ ਹਨ। ਗੋਪੀਆਂ ਜੰਗਲਾਂ ਨੂੰ ਸੰਬੋਧਨ ਕਰਕੇ ਕਹਿੰਦੀਆਂ ਹਨ, ਗੋਪੀਆਂ ਉਨ੍ਹਾਂ ਦੇ ਪੈਰੀ ਪੈਂਦੀਆਂ ਹਨ, ਉਹ ਉਨ੍ਹਾਂ ਨੂੰ ਦੱਸ ਦੇਣ ਸ੍ਰੀ ਕ੍ਰਿਸ਼ਨ ਜੀ ਕਿਧਰ ਗਏ ਹਨ।

ਸਾਰੀਆਂ ਗੁਆਲਨੀਆਂ ਅਤਿ ਵਿਆਕੁਲ ਹੋ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਢੂੰਡ ਰਹੀਆਂ ਹਨ, ਪਰ ਇਨ੍ਹਾਂ ਪ੍ਰਯਤਨਾਂ ਦੇ ਬਾਵਜੂਦ ਵੀ ਉਨ੍ਹਾਂ ਨੂੰ ਸ੍ਰੀ ਕ੍ਰਿਸ਼ਨ ਜੀ ਨਹੀਂ ਲੱਭੇ। ਸਾਰੀਆਂ ਗੋਪੀਆਂ ਨੇ ਇਹ ਸੋਚ ਲਿਆ ਕਿ ਸ੍ਰੀ ਕ੍ਰਿਸ਼ਨ ਜੀ ਜਿੱਥੋਂ ਦੀ ਅਲੋਪ ਹੋ ਗਏ ਸਨ, ਉਸੇ ਜਗ੍ਹਾ ਤੇ ਹੀ ਦੁਬਾਰਾ ਵਾਪਸ ਨਾ ਆ ਗਏ ਹੋਣ। ਇਸ ਲਈ ਸਾਰੀਆਂ ਗੋਪੀਆਂ ਵਾਪਸ ਉਸੇ ਜਗ੍ਹਾ ਤੇ ਪਰਤ ਆਈਆਂ। ਉੱਥੇ ਭੀ ਦਰਸ਼ਨ ਨਾ ਹੋਇਆ ਤਾਂ ਫਿਰ ਉੱਥੋਂ ਸੋਚਾਂ ਕਰਦੀਆਂ ਹੋਈਆਂ ਲੱਭਣ ਲਈ ਟੁਰ ਪਈਆਂ ਉਨ੍ਹਾਂ ਦੀ ਸੁਰਤ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਨਾਲ ਜੁੜੀ ਹੋਈ ਸੀ। ਜਦੋਂ ਚਾਰ ਚੁਫੇਰੇ ਲੱਭਣ ਤੇ ਵੀ ਭਗਵਾਨ ਸ੍ਰੀ ਕ੍ਰਿਸ਼ਨ ਜੀ ਨਾ ਲੱਭੇ ਤਾਂ ਗੋਪੀਆਂ ਹੈਰਾਨ, ਪਰੇਸ਼ਾਨ ਹੋ ਕੇ ਖੜੀਆਂ ਹੋ ਗਈਆਂ। ਉਹ ਇੰਝ ਲੱਗ

ਰਹੀਆਂ ਸਨ ਜਿਵੇਂ ਕੰਧ ਉੱਤੇ ਮੂਰਤੀ ਬਣੀ ਹੋਵੇ, ਜਾਂ ਜਿਵੇਂ ਪੱਥਰ ਦੀ ਮੂਰਤੀ ਖਲੋਤੀ ਹੋਈ ਸੁੰਦਰ ਲਗਦੀ ਹੈ। ਉਨ੍ਹਾਂ ਨੇ ਇੱਕ ਵਾਰੀ ਫੇਰ ਇਹ ਉਪਰਾਲਾ ਕੀਤਾ ਤੇ ਆਪਣੇ ਧਿਆਨ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਜੋੜ ਲਿਆ। ਇੱਕ ਗੋਪੀ ਖੜੀ ਹੋ ਕੇ ਸ੍ਰੀ ਕ੍ਰਿਸ਼ਨ ਜੀ ਦੀ ਯਾਦ ਵਿੱਚ ਉਨ੍ਹਾਂ ਦੀ ਮਹਿਮਾ ਕਰਨ ਲਗ ਪਈ, ਇੱਕ ਮੁਰਲੀ ਵਜਾਉਣ ਲਗ ਪਈ ਅਤੇ ਇੱਕ ਨੇ ਸ੍ਵਾਂਗ ਧਾਰ ਕੇ ਖੇਲ ਕਰਨੇ ਸ਼ੁਰੂ ਕਰ ਦਿੱਤੇ। ਭਗਵਾਨ ਸ੍ਰੀ ਕ੍ਰਿਸ਼ਨ ਜੀ ਨੂੰ ਲੱਭਣ ਲੱਗ ਪਈਆਂ ਅਤੇ ਰੋ ਰੋ ਕੇ ਆਪਣੇ ਪ੍ਰੀਤਮ ਨੂੰ ਯਾਦ ਕਰਨ ਲੱਗੀਆਂ।

*ਹਮ ਕੋ ਕਿਉ ਛਾਡਯੋ ਬ੍ਰਿਜ ਨਾਥ।*
*ਸਰਬੰਸ ਦੀਆ ਤੁਮਾਰੇ ਹਾਥ।*

ਸ੍ਰੀ ਕ੍ਰਿਸ਼ਨ ਜੀ ਕਿਧਰੇ ਨਾ ਲੱਭੇ, ਗੋਪੀਆਂ ਆਪਸ ਵਿੱਚ ਲੱਗੀਆ ਗੱਲਾਂ ਕਰਨ, ''ਹੇ ਸਖੀ ! ਇੱਥੇ ਤੇ ਹੋਰ ਕੋਈ ਨਜ਼ਰ ਨਹੀਂ ਆਉਂਦਾ, ਅਸੀਂ ਕਿਸ ਕੋਲੋਂ ਪੁੱਛੀਏ, ਸਾਡੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਕਿਸ ਪਾਸੇ ਨੂੰ ਗਏ ਹਨ।''ਇਸਦੇ ਉੱਤਰ ਵਿੱਚ ਇੱਕ ਸਖੀ ਨੇ ਕਿਹਾ,''ਸੁਣ ਮੇਰੀ ਸਹੇਲੀ ! ਮੇਰੇ ਜੀਅ ਵਿੱਚ ਇੱਕ ਗੱਲ ਆਈ ਹੈ, ਕਿ ਇਹ ਜਿੰਨੇ ਵੀ ਬਨ ਵਿੱਚ ਪਸ਼ੂ, ਪੰਛੀ ਅਤੇ ਰੁੱਖ ਹਨ, ਇਨ੍ਹਾਂ ਸਾਰਿਆਂ ਨੂੰ ਸਭ ਕੁਛ ਨਜ਼ਰ ਆਉਂਦਾ ਹੈ, ਇਨ੍ਹਾਂ ਨੇ ਸ੍ਰੀ ਕ੍ਰਿਸ਼ਨ ਜੀ ਦੀ ਲੀਲਾ ਵੇਖਣ ਵਾਸਤੇ ਅਵਤਾਰ ਧਾਰਨ ਕੀਤਾ ਹੈ, ਜਿਹੜੇ ਪਾਸੇ ਹਰਿ ਜੁ ਗਏ ਹਨ, ਇਨ੍ਹਾਂ ਨੂੰ ਪਤਾ ਹੈ।'' ਇਸ ਤਰ੍ਹਾਂ ਅਧੀਰ ਤੇ ਅਤਿ ਵਿਆਕੁਲ ਹੋ ਕੇ ਗੋਪੀਆਂ ਰੁੱਖਾਂ, ਬ੍ਰਿਛਾਂ ਨੂੰ ਜੜ੍ਹ ਚੇਤੰਨ ਕੋਲੋਂ ਆਪਣੇ ਪ੍ਰਭੂ ਪ੍ਰੀਤਮ ਬਾਰੇ ਪੁੱਛਣ ਲੱਗ ਪਈਆਂ :-

ਚੋਪਈ।।ਏ ਬੜ ਪੀਪਲ ਪਾਗੜ ਬੀਰ।।ਲਹਾ ਯਤਨ ਕਰ ਉਚ ਸਰੀਰ।।
ਪਰ ਉਪਕਾਰੀ ਤੁਮ ਹੀ ਭਏ।।ਬ੍ਰਿਛ ਰੂਪ ਪ੍ਰਿਥਵੀ ਪਰ ਲਏ।।
ਘਾਮ ਸੀਤ ਬਰਖਾ ਦੁਖ ਸਹੇ।।ਕਾਜ ਪਰਾਏ ਠਾਢੇ ਰਹੇ।।
ਹੇ ਬਿਗਸਾ ਫੂਲ ਮੂਲ ਫਲ ਡਾਰ।।ਤਿਨ ਸੇ ਕਰਤ ਪਰਾਈ ਸਾਰ।।
ਸਭ ਕਾ ਮਨ ਧਨ ਹਰ ਨੰਦ ਲਾਲ।।ਗਏ ਇਧਰ ਕੋ ਕਹੀ ਦਯਾਰ।।
ਹੇ ਕਦਲੀ ਅੰਬ ਔਰ ਕਦ ਲਾਲ।।ਤੁਮ ਕਹੁ ਦੇਖੇ ਜਾਤ ਮੁਰਾਰ।।
ਹੇ ਅਸੋਕ ਚੰਪਾ ਕਰ ਬੀਰ।।ਜਾਤ ਲਖੇ ਤੁਮ ਨੇ ਬਲਬੀਰ।।
ਹੇ ਤੁਲਸੀ ਅਤਿ ਹਰਿ ਪਯਾਰੀ।।ਤੁਮ ਨੇ ਹਰਿ ਨਹੀ ਦੇਖੇ ਪਯਾਰੀ।।
ਫੂਲੀ ਆਜ ਮਿਲੈ ਹਰਿ ਆਇ।। ਹਮ ਹੀ ਕੋ ਕਿਨ ਦੇਤ ਬਤਾਇ।।
ਜਾਤੀ ਜੂਹੀ ਮਾਲਤੀ ਖਾਈ।। ਇਤ ਹੈ ਨਿਕਸੇ ਕੁਵਰ ਘਨਾਈ।।
*ਮ੍ਰਿਗਨ ਪੁਕਾਰ ਕਹੈ ਬ੍ਰਿਜਨਾਰੀ।। ਇਤ ਤੁਮ ਜਾਤ ਲਖੋ ਬਨਵਾਰੀ।।*

*- ਭਾਗਵਤ ਪੁਰਾਣ ਪੰਨਾ* ***੩੨੨***

ਇਹ ਸਭ ਕਰਦੀਆਂ ਗੋਪੀਆਂ ਪਸ਼ੂ ਪੰਖੀ ਬ੍ਰਿਛ ਵੇਲਾਂ ਤੋਂ ਪੁੱਛਦੀਆਂ

ਪੁੱਛਦੀਆਂ ਆਪ ਹੀ ਸ੍ਰੀ ਕ੍ਰਿਸ਼ਨ ਜੀ ਰੂਪ ਹੋ ਗਈਆਂ। ਇੱਕ ਗੋਪੀ ਪੂਤਨਾ ਬਣ ਗਈ, ਇਕ ਤ੍ਰਿਣਾਵਰਤ ਬਣ ਗਈ ਅਤੇ ਇੱਕ ਅਘਾਸੁਰ ਬਣਕੇ ਆ ਗਈ। ਇੱਕ ਗੋਪੀ ਸ੍ਰੀ ਕ੍ਰਿਸ਼ਨ ਜੀ ਦਾ ਰੂਪ ਬਣ ਗਈ ਅਤੇ ਉਨ੍ਹਾਂ ਦੈਂਤਾਂ ਵਿੱਚ ਜਾ ਕੇ ਉਨ੍ਹਾਂ ਨੂੰ ਮਾਰ ਕੇ ਧਰਤੀ ਉੱਤੇ ਸੁੱਟ ਦਿੱਤਾ। ਉਨ੍ਹਾਂ ਦਾ ਮਨ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਨਾਲ ਜੁੜ ਗਿਆ ਤੇ ਪਲ ਭਰ ਵੀ ਦੂਰ ਹੋਣਾ ਨਹੀਂ ਸੀ ਚਾਹੁੰਦਾ। ਗਵਾਲਨੀਆਂ ਬ੍ਰਿਹਾ ਭਾਵ ਪ੍ਰਗਟ ਕਰਕੇ ਹੋਰ ਬਿਰਹਾ ਭਾਵ ਪੈਦਾ ਕਰਦੀਆਂ। ਇਸ ਤਰ੍ਹਾਂ ਦੇ ਕੌਤਕ ਹੋਰਨਾਂ ਲੋਕਾਂ ਦੇ ਮਨਾਂ ਵਿੱਚ ਡਰ ਪੈਦਾ ਕਰ ਰਹੇ ਸਨ। ਗੋਪੀਆਂ ਆਪਣੇ ਪ੍ਰੀਤਮ ਦੇ ਵਿਛੋੜੇ ਦਾ ਦੁੱਖ ਵਰਣਨ ਕਰਕੇ ਸਭ ਨੂੰ ਸਿੱਖਿਆ ਦੇ ਰਹੀਆਂ ਸੀ ਕਿ ਉਨ੍ਹਾਂ ਨੇ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਪ੍ਰੀਤਿ ਪਿਆਰ ਕਰਕੇ ਬਹੁਤ ਦੁੱਖ ਪ੍ਰਾਪਤ ਕੀਤਾ ਹੈ, ਕੋਈ ਹੋਰ ਵੀ ਜਿਹੜਾ ਉਨ੍ਹਾਂ ਨਾਲ ਪ੍ਰੀਤਿ ਪਿਆਰ ਕਰੇਗਾ, ਉਹ ਵੀ ਇਸ ਤਰ੍ਹਾਂ ਦਾ ਦੁੱਖ ਉਠਾਏਗਾ। ਫਿਰ ਜਦੋਂ ਸ੍ਰੀ ਕ੍ਰਿਸ਼ਨ ਜੀ ਦੇ ਵਿਛੋੜੇ ਵਿੱਚ ਉਹ ਅਤਿਅੰਤ ਦੁੱਖ ਪਾ ਰਹੀਆਂ ਸਨ ਪਰ ਕਲਪਿਤ ਰੂਪ ਵਿੱਚ ਉਨ੍ਹਾਂ ਦੇ ਦਰਸ਼ਨ ਕਰਕੇ, ਉਨ੍ਹਾਂ ਦੇ ਕੌਤਕਾਂ ਨੂੰ ਧਿਆਨ ਵਿੱਚ ਲਿਆ ਕੇ ਆਪਣੇ ਮਨ ਨੂੰ ਧੀਰਜ ਦੇ ਰਹੀਆਂ ਸਨ।

ਇੱਕ ਗੁਆਲਨੀ ਬ੍ਰਿਖਭਾਸੁਰ ਦਾ ਰੂਪ ਬਣਦੀ ਹੈ ਅਤੇ ਇੱਕ ਗੋਪੀ ਬਛਰਾਸੁਰ ਦੀ ਸ਼ਕਲ ਬਣਦੀ ਹੈ। ਇਕ ਗੁਆਲਨੀ ਚਾਰ ਮੂੰਹਾਂ ਵਾਲਾ ਬ੍ਰਹਮਾ ਬਣਕੇ ਗੁਆਲ ਬਾਲਾਂ ਨੂੰ ਚੁਰਾ ਲਿਜਾਂਦੀ ਹੈ ਅਤੇ ਫਿਰ ਇੱਕ ਬ੍ਰਹਮਾ ਰੂਪ ਗੋਪੀ ਬਗਲਾ ਬਣਕੇ ਤੇ ਮਨ ਵਿੱਚ ਬੜਾ ਕ੍ਰੋਧ ਕਰਕੇ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਲੜਾਈ ਕਰਦੀ ਹੈ। ਇਸ ਤਰ੍ਹਾਂ ਬ੍ਰਿਜ ਦੀਆਂ ਇਸਤ੍ਰੀਆਂ ਖੇਡਾਂ ਕਰਦੀਆਂ ਸਨ, ਜਿਸ ਤਰ੍ਹਾਂ ਉਹਨਾਂ ਦੇ ਨਾਲ ਕਦੇ ਸ੍ਰੀ ਕ੍ਰਿਸ਼ਨ ਜੀ ਕਰਦੇ ਹੁੰਦੇ ਸਨ। ਇਸ ਤਰ੍ਹਾਂ ਨਾਟਕੀ ਅੰਦਾਜ਼ ਦੇ ਨਾਲ ਸ੍ਰੀ ਕ੍ਰਿਸ਼ਨ ਜੀ ਨੂੰ ਯਾਦ ਕਰਕੇ ਸਾਰੀਆਂ ਗੁਆਲਨੀਆਂ ਸ੍ਰੀ ਕ੍ਰਿਸ਼ਨ ਜੀ ਦੇ ਗੁਣ ਗਾਉਣ ਲੱਗੀਆਂ। ਗੋਪੀਆਂ ਬੜੇ ਜ਼ੋਰ ਨਾਲ ਤਾੜੀਆਂ ਮਾਰਦੀਆਂ ਸਨ ਅਤੇ ਬੰਸਰੀ ਵਜਾਉਂਦੀਆਂ ਸਨ। ਉਨ੍ਹਾਂ ਨੂੰ ਸ੍ਰੀ ਕ੍ਰਿਸ਼ਨ ਜੀ ਨਾਲ ਕੀਤੇ ਹੋਏ ਖੇਡਾਂ ਦੀ ਯਾਦ ਸਤਾਉਣ ਲੱਗ ਪਈ ਤੇ ਸ੍ਰੀ ਕ੍ਰਿਸ਼ਨ ਜੀ ਦੀ ਯਾਦ ਵਿੱਚ ਸੁੱਧ ਭੁੱਲ ਗਈ ਅਤੇ ਉਹ ਉਨ੍ਹਾਂ ਦੇ ਵਿਯੋਗ ਵਿਚ ਅਤਿਅੰਤ ਦੁਖੀ ਹੋਣ ਲਗੀਆਂ। ਲੱਭਦੀਆਂ ਲੱਭਦੀਆਂ ਜਦੋਂ ਬਹੁਤ ਦੂਰ ਨਿਕਲ ਗਈਆਂ ਤਾਂ ਅੱਗੇ ਜਾ ਕੇ ਉਨ੍ਹਾਂ ਨੇ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਦੇ ਚਰਨ ਚਿੰਨ੍ਹ ਕਮਲ ਪੁੰਜ ਅੰਕੁਸ਼ ਸਮੇਤ ਰੇਤ ਉੱਤੇ ਜਗਮਗ ਕਰਦੇ ਵੇਖੇ। ਵੇਖਦਿਆਂ ਸਾਰ ਹੀ ਗੋਪੀਆਂ ਇੱਕ ਦੂਜੇ ਨੂੰ ਕਹਿਣ ਲੱਗੀਆਂ, ''ਇਸ ਚਰਨ ਧੂੜ ਨੂੰ ਆਪਣੇ ਸਿਰਾਂ ਉੱਤੇ ਧਰ ਲਵੋ। ਇਸ ਤਰ੍ਹਾਂ ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਦੀ ਚਰਨ-ਚਿਨ੍ਹਾਂ ਦੇ ਨਾਲ ਇੱਕ ਨਾਰੀ ਦੇ ਚਰਨ ਚਿਨ੍ਹ ਵੀ ਪਰਗਟ ਹੋ ਰਹੇ ਸਨ। ਉਸਨੂੰ ਵੇਖਕੇ ਸੱਜੇ ਖੱਬੇ ਦੋਹਾਂ ਪਾਸਿਆਂ ਵੱਲ ਵੇਖਿਆ, ਤੇ ਇੱਕ ਪਾਸੇ ਕੋਮਲ ਪੱਤਿਆਂ

ਦੇ ਵਿਛੌਣੇ ਤੇ ਸੁੰਦਰ ਜੜਾਊ ਦਰਪਣ ਪਿਆ ਹੋਇਆ ਹੈ। ਫਿਰ ਦਰਪਣ ਨੂੰ ਪੁੱਛਣ ਲਗ ਪਈਆਂ। ਭਲਾ ਕਦੇ ਸ਼ੀਸ਼ਾ ਵੀ ਬੋਲ ਸਕਦਾ ਹੈ ? ਫਿਰ ਉਨ੍ਹਾਂ ਵਿੱਚੋਂ ਇੱਕ ਗੋਪੀ ਨੇ ਕਿਹਾ, ''ਇਸਦੀ ਕੀ ਲੋੜ ਪੈ ਗਈ ਸੀ ?'' ਉਸਦੇ ਉੱਤਰ ਵਿੱਚ ਇੱਕ ਸਖੀ ਨੇ ਕਿਹਾ, ''ਹੇ ਸਖੀ ! ਇੱਥੇ ਸ੍ਰੀ ਕ੍ਰਿਸ਼ਨ ਜੀ ਦੀ ਪਿਆਰੀ ਨੇ ਆਪਣਾਂ ਸੁੰਦਰ ਮੁੱਖ ਵੇਖਣ ਵਾਸਤੇ ਇਹ ਸ਼ੀਸ਼ਾ ਹੱਥ ਵਿੱਚ ਲਿਆ ਸੀ। ਇਹ ਗੱਲ ਸੁਣਕੇ ਇੱਕ ਗੋਪੀ ਅਤਿ ਕ੍ਰੋਧਿਤ ਹੋ ਕੇ ਬੋਲੀ,''ਇਸ ਕਰਕੇ ਸ਼ੀਸ਼ੇ ਨੇ ਵੀ ਬਹੁਤ ਤਪ ਕੀਤਾ ਹੋਣਾ ਹੈ। ਇਸਦੇ ਉੱਤੇ ਸਾਰੀਆਂ ਗੋਪੀਆਂ ਪਰਮ ਵਿਆਕੁਲ ਹੋ ਉਠੀਆਂ ਅਤੇ ਸ੍ਰੀ ਕ੍ਰਿਸ਼ਨ ਜੀ ਦੀ ਭਾਲ ਹੋਰ ਅਧਿਕ ਤੇਜ਼ੀ ਨਾਲ ਕਰਨ ਲੱਗ ਪਈਆਂ।

ਉਧਰ ਸ੍ਰੀ ਰਾਧਾ ਜੀ ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਅਨੇਕ ਤਰ੍ਹਾਂ ਦੇ ਸੁਖ ਮਾਣਕੇ ਆਪਣੇ ਮਨ ਵਿੱਚ ਸੋਚਿਆ ਕਿ ਸ੍ਰੀ ਕ੍ਰਿਸ਼ਨ ਜੀ ਨੇ ਉਹਨਾਂ ਨੂੰ ਸਾਰੀਆਂ ਸਖੀਆਂ ਤੋਂ ਅਧਿਕ ਪਿਆਰ ਕੀਤਾ ਹੈ, ਅਤੇ ਮੰਨਿਆ ਹੈ, ਇਹੀ ਸੋਚ ਕੇ ਮਨ ਵਿੱਚ ਅਤਿ ਅਭਿਮਾਨ ਹੋ ਗਿਆ। ਰਾਧਾ ਜੀ ਨੇ ਆਪਣੇ ਪਿਆਰੇ ਹਰਿ ਜੂ ਨੂੰ ਕਿਹਾ,''ਹੇ ਪਿਆਰੇ ਹੁਣ ਮੇਰੇ ਕੋਲੋਂ ਚੱਲਿਆ ਨਹੀਂ ਜਾਂਦਾ, ਮੈਨੂੰ ਆਪਣੇ ਮੋਢਿਆਂ ਉੱਤੇ ਚੁੱਕ ਲਵੋ"। ਇੰਨੀ ਗੱਲ ਸੁਣਦਿਆਂ ਸਾਰ ਹੀ ਅੰਤਰਯਾਮੀ ਸ੍ਰੀ ਕ੍ਰਿਸ਼ਨ ਜੀ ਨੇ ਮੁਸਕੁਰਾਉਂਦਿਆਂ ਹੋਇਆਂ ਕਿਹਾ,''ਆਓ ਮੇਰੇ ਮੋਢਿਆਂ ਉੱਤੇ ਚੜ੍ਹ ਕੇ ਬੈਠ ਜਾਵੋ"। ਰਾਧਾ ਜੀ ਹੱਥ ਪਸਾਰ ਕੇ ਖਲੋਤੇ ਹੀ ਰਹਿ ਗਏ, ਅਤੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਅੰਤਰ ਧਿਆਨ ਹੋ ਗਏ। ਜਦੋਂ ਰਾਧਾ ਜੀ ਕੋਲੋਂ ਸ੍ਰੀ ਕ੍ਰਿਸ਼ਨ ਜੀ ਅਲੋਪ ਹੋ ਗਏ ਤਾਂ ਰਾਧਾ ਜੀ ਨੇ ਉੱਚੀ ਉੱਚੀ ਰੋਣਾਂ ਸ਼ੁਰੂ ਕਰ ਦਿੱਤਾ। ਉਹਨਾਂ ਦੇ ਰੋਣੇ ਨੂੰ ਸੁਣ ਕੇ ਪਸ਼ੂ, ਪੰਛੀ, ਜੜ੍ਹ, ਚੇਤੰਨ ਸਭ ਰੋਣ ਲੱਗ ਪਏ।

*ਹਾਹਾ ਨਾਥ ਪਰਮ ਹਿਤਕਾਰੀ।। ਕਹਾ ਗਏ ਸ੍ਵੈ ਛੰਦ ਬਿਹਾਰੀ।।*
*ਚਰਨ ਸਰਨ ਦਾਸੀ ਮੈ ਤੋਰੀ।। ਕ੍ਰਿਪਾ ਸਿੰਧ ਲੀਜੈ ਸੁਧ ਮੋਰੀ।।*

ਰਾਧਾ ਜੀ ਸ੍ਰੀ ਕ੍ਰਿਸ਼ਨ ਜੀ ਨੂੰ ਪੁਕਾਰ ਪੁਕਾਰ ਕੇ ਰੋ ਰਹੇ ਸਨ। ਉਧਰੋਂ ਸਾਰੀਆਂ ਗੋਪੀਆਂ ਸ੍ਰੀ ਕ੍ਰਿਸ਼ਨ ਜੀ ਨੂੰ ਢੂੰਡਦੀਆਂ-ਢੂੰਡਦੀਆਂ ਰਾਧਾ ਜੀ ਕੋਲ ਆਣ ਪਹੁੰਚੀਆਂ ਅਤੇ ਰਾਧਾ ਜੀ ਦੇ ਗਲ ਨਾਲ ਲੱਗ ਕੇ ਖੂਬ ਜ਼ੋਰ-ਜ਼ੋਰ ਦੀ ਉੱਚੀ-ਉੱਚੀ ਰੋਣ ਲੱਗ ਪਈਆਂ। ਉਨ੍ਹਾਂ ਗੁਆਲਨੀਆਂ ਦਾ ਬੜਾ ਗੂੜ੍ਹਾ ਪ੍ਰੇਮ ਵੇਖਕੇ, ਛੇਤੀ ਨਾਲ ਸ੍ਰੀ ਕ੍ਰਿਸ਼ਨ ਭਗਵਾਨ ਨੇ ਆ ਕੇ ਉਨ੍ਹਾਂ ਨੂੰ ਦਰਸ਼ਨ ਦੇ ਕੇ ਤ੍ਰਿਪਤ ਕੀਤਾ। ਧਰਤੀ ਉੱਤੇ ਇਸ ਤਰ੍ਹਾਂ ਰੋਸ਼ਨੀ ਹੋਈ ਜਿਵੇਂ ਰਾਤ ਦੇ ਸਮੇਂ ਆਤਸ਼ਬਾਜ਼ੀ ਦੇ ਫਟਣ ਨਾਲ ਰੋਸ਼ਨੀ ਹੁੰਦੀ ਹੈ। ਇਹ ਸਾਰੀਆਂ ਗੋਪੀਆਂ ਉਸ ਰੋਸ਼ਨੀ ਨੂੰ ਵੇਖਕੇ ਇਸ ਤਰ੍ਹਾਂ ਚੌਂਕ ਪਈਆਂ ਜਿਵੇਂ ਸੁੱਤਾ ਹੋਇਆ ਆਦਮੀ ਸੁਪਨੇ ਵਿੱਚ ਡਰ ਕੇ ਚੌਂਕ ਪੈਂਦਾ ਹੈ। ਗੋਪੀਆਂ ਦਾ ਮਨ ਸਰੀਰ ਨੂੰ ਛੱਡ ਕੇ ਸ੍ਰੀ ਕ੍ਰਿਸ਼ਨ ਜੀ ਵੱਲ ਇਸ ਤਰ੍ਹਾਂ ਉੱਠ ਭੱਜਿਆ, ਜਿਵੇਂ ਸ਼ਰਾਬੀ ਪੁਰਖ ਘਰ ਨੂੰ ਛੱਡ ਕੇ ਭੱਜ ਉੱਠਦਾ

ਹੈ। ਗੁਮਾਨ ਭਰੇ ਭਗਵਾਨ ਨੂੰ ਵੇਖਦਿਆਂ ਹੀ ਗੁਆਲਨੀਆਂ ਉਨ੍ਹਾਂ ਨੂੰ ਮਿਲਣ ਦੇ ਵਾਸਤੇ ਹੱਲਾ ਕਰਕੇ ਚੱਲ ਪਈਆਂ। ਜੋ ਗੁਆਲਨੀਆਂ ਆਪਣੇ ਵੱਡੇ ਸੁੰਦਰ ਰੂਪ ਦੇ ਅਭਿਮਾਨ ਵਾਲੀਆਂ ਸਨ, ਉਹ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਨੂੰ ਇਸ ਤਰ੍ਹਾਂ ਉੱਠ ਤੁਰੀਆਂ ਜਿਵੇਂ ਹਰਨੀਆਂ ਹਰਨ ਨੂੰ ਵੇਖਣ ਵਾਸਤੇ ਚੱਲ ਪਈਆ ਹੋਣ। ਸ੍ਰੀ ਕ੍ਰਿਸ਼ਨ ਜੀ ਗੋਪੀਆਂ ਨੂੰ ਮਿਲ ਕੇ ਅਤਿ ਪ੍ਰਸੰਨ ਹੋਏ। ਜਿਵੇਂ ਪਪੀਹਾ ਸਵਾਂਤੀ ਬੂੰਦ ਮਿਲਣ ਤੇ ਪ੍ਰਸੰਨ ਹੁੰਦਾ ਹੈ, ਅਤੇ ਜਿਵੇਂ ਪਾਣੀ ਤੋਂ ਵਿਛੜੀ ਹੋਈ ਮੱਛੀ ਪਾਣੀ ਨੂੰ ਵੇਖਦਿਆਂ ਹੀ ਉੱਛਲ ਕੇ ਉਸ ਵਿੱਚ ਜਾ ਪੈਂਦੀ ਹੈ, ਇਸ ਤਰ੍ਹਾਂ ਹੀ ਗੋਪੀਆਂ ਸ੍ਰੀ ਕ੍ਰਿਸ਼ਨ ਜੀ ਨੂੰ ਵੇਖਦਿਆਂ ਹੀ ਉਨ੍ਹਾਂ ਦੇ ਗਲ ਨਾਲ ਲਿਪਟ ਗਈਆਂ। ਸ੍ਰੀ ਕ੍ਰਿਸ਼ਨ ਜੀ ਦੇ ਮੋਢੇ ਉੱਤੇ ਪੀਲੇ ਰੰਗ ਦਾ ਦੁਪੱਟਾ ਬਿਰਾਜਦਾ ਹੈ, ਅਤੇ ਉਨ੍ਹਾਂ ਦੀਆਂ ਦੋਵੇ ਅੱਖਾਂ ਹਰਨ ਦੀਆਂ ਅੱਖਾਂ ਵਾਂਗੂੰ ਸੋਭਾ ਪਾ ਰਹੀਆਂ ਸਨ। ਸ੍ਰੀ ਕ੍ਰਿਸ਼ਨ ਜੀ ਦੇ ਗਲੇ ਵਿੱਚ ਉਹ ਮਣੀ ਸੋਭਾ ਪਾ ਰਹੀ ਸੀ, ਜੋ ਸਮੁੰਦਰ ਦੇ ਪਾਸੋਂ ਉਨ੍ਹਾਂ ਨੇ ਭੇਟ ਲਈ ਸੀ। ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਗੋਪੀਆਂ ਦੇ ਵਿਚਾਲੇ ਫਿਰਦੇ ਹਨ ਜਿਨ੍ਹਾਂ ਗੋਪੀਆਂ ਦੇ ਸਮਾਨ ਸਾਰੇ ਜਗਤ ਵਿੱਚ ਕੋਈ ਵੀ ਸੁੰਦਰ ਨਹੀਂ। ਬ੍ਰਿਜ ਦੀਆਂ ਗੁਆਲਨੀਆਂ ਮਨ ਵਿੱਚ ਅਤਿਅੰਤ ਖੁਸ਼ ਹੋ ਰਹੀਆਂ ਸਨ।

**ਕਬਿੱਤੁ॥ਕਉਲ ਜਿਉ ਪ੍ਰਭਾਤ ਤੈ ਬਿਛਰਯੋ ਮਿਲੀ ਬਾਤ ਤੈ**
**ਗੁਨੀ ਜਿਉ ਸੁਤ ਸਾਤ ਤੈ ਬਚਾਯੋ ਚੋਰ ਗਾਤ ਤੈ॥**
**ਜੈਸੇ ਧਨੀ ਧਨ ਤੈ ਅਉ ਰਿਨੀ ਲੋਕ ਮਨ ਤੈ**
**ਲਰਈਯਾ ਜੈਸੇ ਰਨ ਤੈ ਤਜਈਯਾ ਜਿਉ ਨਸਾਤ ਤੈ॥**
**ਜੈਸੇ ਦੁਖੀ ਸੂਖ ਤੈ ਅਭੂਖੀ ਜੈਸੇ ਭੂਖ ਤੈ**
**ਸੁ ਰਾਜਾ ਸਤ੍ਰ ਆਪਨੇ ਕੋ ਸੁਨੇ ਜੈਸੇ ਘਾਤ ਤੈ॥**
**ਹੋਤ ਹੈ ਪ੍ਰਸੰਨ ਜੇਤੇ ਏਤੇ ਏਤੀ ਬਾਤਨ ਤੈ**
**ਹੋਤ ਹੈ ਪ੍ਰਸੰਨਯ ਗੋਪੀ ਤੈਸੇ ਕਾਨ੍ਹ ਬਾਤ ਤੈ॥੫੦੨॥**

*- ਦਸਮ ਗ੍ਰੰਥ ਪੰਨਾ ੩੧੯*

ਗੋਪੀਆਂ ਆਪਣੀ ਵਿਆਕੁਲਤਾ ਨੂੰ ਖਤਮ ਕਰਕੇ, ਸ੍ਰੀ ਕ੍ਰਿਸ਼ਨ ਜੀ ਦੇ ਪਿਆਰ ਵਿੱਚ ਆਨੰਦ ਮਗਨ ਹੋ ਕੇ ਦਰਸ਼ਨਾਂ ਦਾ ਸੁੱਖ ਪ੍ਰਾਪਤ ਕਰਕੇ ਝੂੰਮ ਉੱਠੀਆਂ।



## ਪ੍ਰਿੰ: ਬੇਅੰਤ ਕੌਰ

ਪ੍ਰਿੰ: ਬੇਅੰਤ ਕੌਰ ਜੀ ਦਾ ਸਾਹਿਤਕ ਅਤੇ ਵਿਦਿਅਕ ਖੇਤਰ ਵਿੱਚ ਇੱਕ ਵਿਸ਼ੇਸ਼ ਸਥਾਨ ਹੈ। ਪ੍ਰਿੰ: ਜੀ ਨੇ ਆਪਣੀ ਮੁੱਢਲੀ ਵਿਦਿਆ ਪ੍ਰਾਪਤ ਕਰਕੇ, ਪੰਜਾਬੀ, ਅੰਗ੍ਰੇਜ਼ੀ ਵਿਸ਼ਿਆਂ ਵਿੱਚ ਐਮ. ਏ. ਕੀਤੀ ਅਤੇ ਹਿੰਦੀ ਵਿੱਚ ਸਾਹਿਤ ਰਤਨ ਅਤੇ ਬੀ. ਟੀ. ਦੀ ਡਿਗਰੀ ਪ੍ਰਾਪਤ ਕੀਤੀ ਹੋਈ ਹੈ।

ਪ੍ਰਿੰ: ਬੇਅੰਤ ਕੌਰ ਜੀ ਨੂੰ ਵੱਖ ਵੱਖ ਸੰਸਥਾਵਾਂ ਵਿੱਚ ਪੜ੍ਹਾਉਣ ਦਾ ਅਤੇ ਸੀਨੀਅਰ ਸੈਕੰਡਰੀ ਸਕੂਲ ਦਾ ਇੱਕ ਸਯੋਗ ਅਤੇ ਅਨੁਭਵੀ ਪ੍ਰਬੰਧਕ ਹੋਣ ਦਾ ਵਿਸ਼ਾਲ ਅਨੁਭਵ ਪ੍ਰਾਪਤ ਹੈ। ਸਾਹਿੱਤਕ ਰੁਚੀ ਹੋਣ ਕਰਕੇ ਬਚਪਨ ਤੋਂ ਹੀ ਲੇਖ ਲਿਖਣ ਦਾ ਸ਼ੌਕ ਹੈ ਅਤੇ ਇਹ ਲੇਖ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਦੇ ਮੈਗਜ਼ੀਨਾਂ ਵਿੱਚ ਪ੍ਰਕਾਸ਼ਿਤ ਹੋ ਰਹੇ ਹਨ। ਆਪ ਦੀਆਂ ਲਿਖੀਆਂ ਹੋਈਆਂ ਕਈ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਵਿਦਿਅਕ ਅਤੇ ਸਾਹਿੱਤਕ ਯੋਗਦਾਨ ਕਰਕੇ ਬੀਬੀ ਜੀ ਨੂੰ ਕਈ ਮਾਨ ਅਤੇ ਸਨਮਾਨ ਪ੍ਰਾਪਤ ਹੋ ਚੁੱਕੇ ਹਨ।